*ਸਾਹਿਤ, ਸਭਿਆਚਾਰ ਅਤੇ ਕਲਾ ਦਾ ਤ੍ਰੈਮਾਸਿਕ ਪ੍ਰਕਾਸ਼ਨ*

# ਸ਼ਬਦ

**ਸਾਲ : ਗਿਆਰਵਾਂ ਪੁ : ਲੜੀ : ਤਿਰਤਾਲੀ ਜੁਲਾਈ-ਸਤੰਬਰ, 2008**

*ਸਰਪ੍ਰਸਤ*
**ਹਰੀਸ਼ ਜੈਨ**

ਸੰਪਾਦਕ
**ਜਿੰਦਰ (ਆਨਰੇਰੀ)**

*ਸਲਾਹਕਾਰ*
**ਨ੍ਰਿਪਇੰਦਰ ਰਤਨ**

*ਮੁੱਖ ਸੰਪਾਦਕ*
**ਹਰਜੀਤ ਅਟਵਾਲ**
67, HILLSIDE ROAD, SOUTHALL
MIDDLESEX , ENGLAND. UB1 2PE
Ph. : 020-85780393 MOBILE : 07782-265726
e mail address shabad_atwal @ hotmail.com.

**ਗੁਰਪਾਲ ਸਿੰਘ ਸੰਧੂ**
2229, Sector 38-C, Chandigarh
Mobile : 98882-82084
gurpal_nakai@yahoo.co.uk

*Managing Editor*
**Shiv, Vinod Kumar**
984, Near Bindu Sharma Depot,
Model House, Jalandhar-144003
Mobile No.98148-03254 Ph.: 0181-2440191
**e mail address saifsm20 @ yahoo.com.**

**ਡਿਸਟ੍ਰੀਬਿਊਟਰ** : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
***ਚੰਦਾ* :** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 80 ਰੁ: ਸਾਲਾਨਾ
***ਲਾਈਫ ਮੈਂਬਰਸ਼ਿਪ* :** ਪੰਜ ਹਜ਼ਾਰ ਰੁਪਏ
ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

ਦਰਸ਼ਨ ਸਿੰਘ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਸੈਫ ਡਿਜ਼ਾਇਨਰ ਇਨ ਪ੍ਰਿੰਟਰ ਤੋਂ ਕੰਪੋਜ਼ ਕਰਵਾ ਕੇ ਸਵਿੱਤਰ ਪ੍ਰੈਸ, ਚੰਡੀਗੜ੍ਹ ਤੋਂ ਛਪਵਾ ਕੇ ਪਿੰਡ ਤੇ ਡਾਕ. ਫਰਾਲਾ (ਨਵਾਂਸ਼ਹਿਰ) ਤੋਂ ਜਾਰੀ ਕੀਤਾ

## ਮੇਰਾ ਪੰਨਾ

ਪੰਜਾਬੀ ਦਾ ਇਕ ਲੇਖਕ ਅਚਾਨਕ ਪੂਰਾ ਹੋ ਗਿਆ। ਪਤਾ ਚਲਣ 'ਤੇ ਅਸੀਂ ਕੁਝ ਦੋਸਤ ਉਸ ਦੇ ਘਰ ਅਫਸੋਸ ਕਰਨ ਗਏ। ਉਸ ਦੀ ਪਤਨੀ ਤੇ ਬੱਚੇ ਲੇਖਕ ਦੀਆਂ ਕਿਤਾਬਾਂ, ਹੱਥ ਲਿਖਤਾਂ ਦਾ ਢੇਰ ਪਿਛਲੇ ਬਗੀਚੇ ਵਿਚ ਲਗਾ ਰਹੇ ਸਨ। ਸਾਡੇ ਪੁੱਛਣ 'ਤੇ ਕਹਿਣ ਲਗੇ ਕਿ ਉਹ ਇਸ ਸਭ ਕਾਸੇ ਨੂੰ ਅੱਗ ਲਗਾਉਣ ਜਾ ਰਹੇ ਹਨ। ਲੇਖਕ ਤਾਂ ਮਰ ਗਿਆ, ਹੁਣ ਇਹਨਾਂ ਚੀਜ਼ਾਂ ਦਾ ਕੀ ਕੰਮ ਹੈ। ਇਹ ਕਿਤਾਬਾਂ ਆਦਿ ਖਾਹਮਖਾਹ ਘਰ ਵਿਚ ਥਾਂ ਘੇਰ ਰਹੀਆਂ ਹਨ। ਇਹ ਹਕੀਕਤ ਬਹੁਤ ਸਾਰੇ ਲੇਖਕਾਂ ਦੇ ਮਰਨ ਤੋਂ ਬਾਅਦ ਵਾਪਰਦੀ ਹੈ। ਡਾਕਟਰ ਦੇ ਧੀ ਪੁੱਤਰ ਡਾਕਟਰ ਬਣ ਜਾਣਗੇ, ਮਾਸਟਰ ਦੇ ਮਾਸਟਰ ਬਣ ਜਾਣਗੇ ਪਰ ਲੇਖਕ ਦੀ ਔਲਾਦ ਆਮ ਕਰਕੇ ਲੇਖਕ ਨਹੀਂ ਬਣਦੀ। ਸੋ ਲੇਖਕ ਦੀਆਂ ਪਿਆਰੀਆਂ ਕਿਤਾਬਾਂ, ਖਰੜੇ ਜਾਂ ਅਣਛਪੀਆਂ ਲਿਖਤਾਂ ਐਵੇਂ ਹੀ ਰੁਲ਼ ਜਾਂਦੀਆਂ ਹਨ। ਪੰਜਾਬੀ ਲੇਖਕਾਂ ਦੀਆਂ ਕੁਝ ਵੱਡੀਆਂ ਜਥੇਬੰਦੀਆਂ ਹਨ ਜਿਵੇਂ ਕਿ ਸਾਹਿਤਯ ਅਕਾਦਮੀ ਦਿੱਲੀ, ਪੰਜਾਬੀ ਅਕੈਡਮੀ ਲੁਧਿਆਣਾ ਜਾਂ ਫਿਰ ਕੇਂਦਰੀ ਲੇਖਕ ਸਭਾ ਆਦਿ, ਇਹਨਾਂ ਨੂੰ ਇਸ ਦੁਨੀਆਂ ਤੋਂ ਜਾ ਚੁੱਕੇ ਲੇਖਕਾਂ ਦਾ ਕੰਮ ਸੰਭਾਲਣ ਲਈ ਕੋਈ ਵਿਵਸਥਾ ਕਾਇਮ ਕਰਨੀ ਚਾਹੀਦੀ ਹੈ। ਮਹਿਰੂਮ ਲੇਖਕ ਦੀ ਨਿੱਜੀ ਲਾਇਬਰੇਰੀ ਦੀਆਂ ਕਿਤਾਬਾਂ ਸੰਭਾਲਣ ਵੱਡੀ ਲਾਇਬਰੇਰੀ ਚਾਹੀਦੀ ਹੈ ਤਾਂ ਜੋ ਇਹਨਾਂ ਕਿਤਾਬਾਂ ਨੂੰ ਸਾੜਨ ਦੀ ਲੋੜ ਨਾ ਪਵੇ। ਜੇਕਰ ਕੋਈ ਅਜਿਹੀ ਵਿਵਸਥਾ ਹੋ ਸਕੇ ਤਾਂ ਲੇਖਕ ਆਪਣੇ ਕੀਤੇ ਕੰਮ ਤੇ ਕਿਤਾਬਾਂ ਬਾਰੇ ਕੋਈ ਵਸੀਅਤ ਕਰਕੇ ਜਾ ਸਕਦਾ ਹੈ।

ਅੱਜਕਲ੍ਹ ਇੰਟਰਨੈੱਟ ਉਪਰ ਨਿਤ ਨਵੇਂ ਬਲੌਗ ਦੇਖਣ ਨੂੰ ਮਿਲ ਰਹੇ ਹਨ। ਕਈ ਪਰਚੇ ਹੁਣ 'ਔਨ ਦਾ ਲਾਈਨ' ਨਿਕਲਣ ਲਗੇ ਹਨ। ਹਿੰਦੀ ਵਿਚ ਛਪਦੇ ਪਰਚਿਆਂ ਦਾ ਮਿਆਰ ਠੀਕ ਹੈ ਪਰ ਪੰਜਾਬੀ ਵਿਚ ਨੈੱਟ 'ਤੇ ਛਪਦੇ ਪਰਚਿਆਂ ਦਾ ਪੱਧਰ ਨੀਵਾਂ ਹੈ (ਦੋ ਕੁ ਨੂੰ ਛੱਡ ਕੇ)। ਇਹ ਪਰਚੇ ਨਵੀਂ ਕਿਸਮ ਦੇ ਲੇਖਕ ਪੈਦਾ ਕਰ ਰਹੇ ਹਨ। ਅਜਿਹੇ ਪਰਚੇ ਲੇਖਕ ਦੀਆਂ ਕੱਚੀਆਂ ਰਚਨਾਵਾਂ ਨੂੰ ਇਵੇਂ ਹਲਾਸ਼ੇਰੀ ਦੇ ਰਹੇ ਹਨ ਕਿ ਲੇਖਕ ਦਾ ਪੱਧਰ ਉਪਰ ਨਹੀਂ ਉੱਠਣ ਦਿੰਦੇ। ਇਹਨਾਂ ਪਰਚਿਆਂ ਲਈ ਆਲੋਚਨਾ ਦਾ ਕੋਈ ਮਹੱਤਵ ਨਹੀਂ ਹੈ। ਇਕ ਹੋਰ ਗੱਲ ਵੀ ਦੇਖਣ ਵਿਚ ਆਉਂਦੀ ਹੈ ਕਿ ਇਕੋ ਰਚਨਾ ਕਈ ਕਈ ਪਰਚਿਆਂ ਵਿਚ ਛਪੀ ਹੁੰਦੀ ਹੈ। ਹੋ ਸਕਦਾ ਹੈ ਕਿ ਇਸ ਵਿਚ ਸੰਪਾਦਕ ਦੀ ਬੌਧਿਕ ਮਜਬੂਰੀ ਹੋਵੇ ਪਰ ਇਹ ਸੱਚ ਹੈ ਕਿ ਇਸ ਸਮੇਂ 'ਔਨ ਦਾ ਲਾਈਨ' ਨਿਰੋਲ ਸਾਹਿਤਕ ਪਰਚਿਆਂ ਦੀ ਸਖ਼ਤ ਜ਼ਰੂਰਤ ਹੈ। ਇਕ ਨਵਾਂ ਪੰਜਾਬੀ ਆਲੋਚਨਾ ਦਾ ਪਰਚਾ ਡਾਕਟਰ ਜਗਬੀਰ ਸਿੰਘ, ਡਾ. ਗੁਰਪਾਲ ਸੰਧੂ ਤੇ ਡਾ. ਰਵਿੰਦਰ ਸਿੰਘ ਨੇ ਅਰੰਭਿਆ ਹੈ। punjabi alochna.com ਲਈ ਸਾਡੀਆਂ ਸ਼ੁਭ ਇੱਛਾਵਾਂ।

ਇਸ ਅੰਕ ਤੋਂ ਡਾ. ਗੁਰਪਾਲ ਸੰਧੂ 'ਸ਼ਬਦ' ਪਰਿਵਾਰ ਨਾਲ ਜੁੜ ਗਏ ਹਨ। ਉਹ 'ਸ਼ਬਦ' ਦੇ ਆਲੋਚਨਾ-ਭਾਗ ਨੂੰ ਵਿਸ਼ੇਸ਼ ਤੌਰ 'ਤੇ ਸੰਪਾਦਕ ਕਰਿਆ ਕਰਨਗੇ। ਆਲੋਚਕ-ਮਿੱਤਰ ਆਪਣੀਆਂ ਰਚਨਾਵਾਂ ਸਿਧੀਆਂ ਵੀ ਉਨ੍ਹਾਂ ਨੂੰ ਭੇਜ ਸਕਦੇ ਹਨ।

ਇਸ ਅੰਕ 'ਚ ਅਸੀਂ ਪਾਕਿਸਤਾਨੀ ਕਹਾਣੀਕਾਰ ਖ਼ਾਲਿਦ ਫਰਹਾਦ ਧਾਲੀਵਾਲ ਦੀ ਕਹਾਣੀ 'ਘਰ' ਛਾਪ ਰਹੇ ਹਾਂ। ਇਸ ਕਹਾਣੀ ਦੇ ਵਿਸ਼ੇ, ਸ਼ੈਲੀ ਤੇ ਸਹਿਜਤਾ ਬਾਰੇ ਗੱਲਾਂ ਕਰਨੀਆਂ ਬਣਦੀਆਂ ਹਨ ਕਿਉਂਕਿ ਸਾਡੇ ਬਹੁਤੇ ਨਵੇਂ ਕਹਾਣੀਕਾਰ ਬਹੁਤੀ ਵਾਰ ਐਵੇਂ ਹੀ ਫਜ਼ੂਲ ਜਿਹੇ ਵੇਰਵਿਆਂ ਨਾਲ ਕਹਾਣੀ ਨੂੰ ਲੰਬਿਆਂ ਕਰੀ ਜਾ ਰਹੇ ਹਨ।

**-ਹਰਜੀਤ ਅਟਵਾਲ**

# ਦਾਰਸ਼ਨਿਕਤਾ ਵਾਲੀ ਕਹਾਣੀ ਹੀ ਕਲਾਸਿਕ ਬਣਦੀ ਹੈ
## -ਡਾ. ਜੋਗਿੰਦਰ ਸਿੰਘ ਰਾਹੀ
### ਮੁਲਾਕਾਤੀ : ਡਾ. ਰਮਿੰਦਰ ਕੌਰ

? ਡਾ. ਸਾਹਿਬ, ਪੰਜਾਬੀ ਦੀ ਆਧੁਨਿਕ ਨਿੱਕੀ ਕਹਾਣੀ ਦੇ ਉਦਭਵ ਦੇ ਕੀ ਆਧਾਰ ਸਨ।

– ਨਿੱਕੀ ਕਹਾਣੀ ਇਕ ਆਧੁਨਿਕ ਵਿਧਾ ਹੈ । ਇਹ ਅਠਾਰਵੀਂ ਸਦੀ ਵਿਚ ਯੂਰਪ ਦੀ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਪੈਦਾ ਹੋਈ। ਫਿਰ ਬਾਕੀ ਦੁਨੀਆਂ ਵਿਚ ਫੈਲੀ। ਅੰਗਰੇਜ਼ੀ ਰਾਜ ਦੇ ਆਉਣ ਨਾਲ ਪੰਜਾਬ ਵਿਚ ਅਜੇਹੇ ਨਵੇਂ ਸਾਹਿਤ ਰੂਪਾਂ ਦੇ ਉਪਜਣ ਦਾ ਆਧਾਰ ਬਣਿਆ । ਨਿੱਕੀ ਕਹਾਣੀ ਨਵੇਂ ਪਦਾਰਥਕ ਵਰਤਾਰੇ ਦੀ ਪੈਦਾਵਾਰ ਹੈ । ਇਸ ਨੂੰ ਤੁਸੀਂ ਪੂੰਜੀਵਾਦੀ ਯੁੱਗ ਕਹਿ ਲਓ ਜਾਂ ਉਦਯੋਗਿਕ ਯੁੱਗ । ਇਸ ਯੁੱਗ ਵਿਚ ਨਵੀਂ ਪੜ੍ਹੀ-ਲਿਖੀ ਸ਼੍ਰੇਣੀ, ਇਸ ਦੇ ਨਵੇਂ ਸਾਹਿਤਕ ਸੁਆਦ, ਛਾਪਾਖਾਨਾ ਵਗੈਰਾ ਕਈ ਕੁਝ ਸਾਹਮਣੇ ਆਉਂਦਾ ਹੈ । ਇਸ ਦੇ ਉਪਜਣ ਦਾ ਇਕ ਕਾਰਣ ਅਖਬਾਰ, ਰਸਾਲੇ ਜਾਂ ਟ੍ਰੈਕਟਾਂ ਦੀਆਂ ਲੋੜਾਂ ਸਨ । ਇਨ੍ਹਾਂ ਨੂੰ ਛੋਟੀਆਂ ਲਿਖਤਾਂ ਦੀ ਜ਼ਰੂਰਤ ਸੀ । ਇਸ ਕਰਕੇ ਨਿੱਕੀ ਕਹਾਣੀ ਲਿਖੇ ਜਾਣ ਨੂੰ ਕਾਫੀ ਉਤਸ਼ਾਹ ਮਿਲਿਆ ।

? ਰਾਹੀ ਸਾਹਿਬ, ਨਿੱਕੀ ਕਹਾਣੀ ਦਾ ਪਿਛੋਕੜ ਸ਼ਿਲਪਕਾਰੀ ਦੇ ਪੱਖ ਤੋਂ ਸਾਡੀ ਭਾਰਤੀ ਕਥਾ-ਪਰੰਪਰਾ ਨਾਲ ਕਿਵੇਂ ਜੁੜਦਾ ਹੈ

– ਅਸੀਂ ਕਥਾ-ਪਰੰਪਰਾ ਨੂੰ ਦੋ ਤਰ੍ਹਾਂ ਵੇਖ ਸਕਦੇ ਹਾਂ । ਇਕ ਪਰੰਪਰਾ ਮੂੰਹੋਂ-ਮੂੰਹ ਚੱਲਣ ਵਾਲੀ ਕਥਾ ਦੀ ਹੈ ਤੇ ਦੂਜੀ ਲਿਖਤ ਰੂਪ ਦੀ । ਬਹੁਤ ਸਾਰੀਆਂ ਕਥਾਵਾਂ ਐਸੀਆਂ ਹਨ ਜੋ ਸੈਂਟਰਲ ਏਸ਼ੀਆ ਵੱਲ ਇਰਾਨ, ਈਰਾਕ ਤੇ ਅਰਬ ਦੇਸ਼ਾਂ ਤੋਂ ਆਈਆਂ ਤੇ ਫੈਲੀਆਂ । ਕੁਝ ਇਧਰੋਂ ਵੀ ਉੱਧਰ ਵੱਲ ਗਈਆਂ । ਇਸ ਆਦਾਨ-ਪ੍ਰਦਾਨ ਜਾਂ ਫੈਲਾਅ ਦਾ ਆਧਾਰ ਫੌਜ ਤੇ ਵਪਾਰ ਸੀ । ਨਿੱਕੀ ਕਹਾਣੀਆਂ ਦੀਆਂ ਕੁਝ ਐਸੀਆਂ ਰੂੜ੍ਹੀਆਂ ਹਨ, ਜੋ ਪੰਚਤੰਤਰ ਤੇ ਹਿੱਤ ਉਪਦੇਸ਼ ਦੀਆਂ ਕਹਾਣੀਆਂ ਵਿਚ ਵੀ ਮਿਲ ਜਾਣਗੀਆਂ । ਮਿੰਨੀ ਕਹਾਣੀ ਭਾਵੇਂ ਨਿੱਕੀ ਕਹਾਣੀ ਤੋਂ ਬਾਅਦ ਪੈਦਾ ਹੋਈ ਪਰ ਮਿੰਨੀ ਕਹਾਣੀ ਦਾ ਪਿਛੋਕੜ ਸਾਡੀ ਲਤੀਫ਼ਿਆਂ ਦੀ ਪਰੰਪਰਾ ਨਾਲ ਵਧੇਰੇ ਜੁੜਦਾ ਹੈ । ਇਹ ਲਤੀਫੇ, ਜੋ ਮਰਾਸੀ ਬੋਲਦੇ ਸਨ । ਇਨ੍ਹਾਂ ਕਈ ਲਤੀਫਿਆਂ ਵਿਚ ਵਿਅੰਗ ਵੀ ਹੁੰਦਾ ਸੀ ਤੇ ਕਰੁਣਾ ਵੀ । ਮਿੰਨੀ ਕਹਾਣੀ ਅਜੇਹੇ ਬੀਜ ਨੂੰ ਸਮੋਅ ਕੇ ਚੱਲਦੀ ਹੈ । ਅਜੇਹੇ ਬੀਜ ਹੀ ਨਿੱਕੀ ਕਹਾਣੀ ਵਿਚ ਵੀ ਮਿਲਦੇ ਹਨ ।

? ਕੀ ਇਸ ਦਾ ਸੰਬੰਧ ਪੰਜਾਬੀ ਦੀ ਕਿਸੇ ਵਿਸ਼ੇਸ਼ ਕਥਾ-ਪਰੰਪਰਾ ਨਾਲ ਵੀ ਬਣਦਾ ਹੈ

– ਨਿੱਕੀ ਕਹਾਣੀ ਦਾ ਸਾਖੀਆਂ ਤੇ ਜਨਮ ਸਾਖੀਆਂ ਦੀ ਕਥਾ-ਪਰੰਪਰਾ ਨਾਲ ਸੰਬੰਧ ਵੀ ਜੁੜਦਾ ਹੈ । ਇਨ੍ਹਾਂ ਦੀਆਂ ਕਈ ਰੂੜ੍ਹੀਆਂ ਤੇ ਮੋਟਿਫ ਕਹਾਣੀ ਵਿਚ ਮਿਲ ਜਾਣਗੇ । ਮਿਸਾਲ ਵਜੋਂ ਬਾਬੇ ਨਾਨਕ ਤੇ ਮਰਦਾਨਾ ਦੀ ਕਥਾ ਵੇਖੋ । ਬਾਬਾ ਨਾਨਕ ਆਪਣੀ ਮਾਤਾ ਨੂੰ ਮਿਲਣਾ ਚਾਹੁੰਦਾ ਹੈ। ਪਰ ਉਹ ਆਪ ਨਹੀਂ ਮਿਲਣ ਜਾਂਦਾ ਤੇ ਪਿੰਡ ਤੋਂ ਬਾਹਰ ਰੁਕ ਜਾਂਦਾ ਹੈ । ਉਹ ਮਰਦਾਨੇ ਨੂੰ ਮਾਂ ਕੋਲ ਮਿਲਣ ਲਈ ਭੇਜਦਾ ਹੈ । ਮਰਦਾਨਾ ਮਾਂ ਦਾ ਹਾਲ-ਚਾਲ ਪੁੱਛ ਕੇ ਝੱਟ ਹੀ ਮੁੜਨ ਦੀ ਕਾਹਲ ਕਰਦਾ ਹੈ । ਇਸ ਵਤੀਰੇ ਤੋਂ ਮਾਂ ਕਹਿੰਦੀ ਹੈ, 'ਇਹ ਜੋ ਏਨੀ ਛੇਤੀ ਵਾਪਿਸ ਗਿਆ ਇਹ ਖਾਲੀ ਨਹੀਂ ।' ਅਜੇਹੇ ਅੰਤ ਵਿਚ ਗੱਲ ਸਪੱਸ਼ਟ ਨਹੀਂ ਸਿਰਫ ਸੁਝਾਈ ਗਈ ਹੈ । ਮਰਦਾਨੇ ਦੀ ਕਾਹਲ ਬਾਰੇ ਮਾਂ ਨੂੰ ਕਿਸੇ ਹੋਰ (ਭਾਵ ਗੁਰੂ ਨਾਨਕ) ਦੇ ਨਾਲ ਹੋਣ ਦਾ ਸ਼ੱਕ ਪੈਂਦਾ ਹੈ । ਕਹਾਣੀ ਦਾ ਅੰਤ ਵੀ ਅਜੇਹੇ ਸੁਝਾਅ ਵਾਲਾ ਹੀ ਹੁੰਦਾ ਹੈ । ਇਸ ਵਿਚ ਗੱਲ ਦੱਸੀ ਨਹੀਂ ਜਾਂਦੀ ਬਲਕਿ ਸੰਕੇਤ ਵਿਚ ਹੁੰਦੀ ਹੈ । ਜ਼ਿਕਰਯੋਗ ਹੈ ਕਿ ਬਹੁਤੀ ਪੰਜਾਬੀ ਕਥਾ-ਪਰੰਪਰਾ ਵੀ ਸਾਡੀ ਭਾਰਤੀ ਕਥਾ-ਪ੍ਰੰਪਰਾ ਤੋਂ ਹੀ ਪ੍ਰਭਾਵਿਤ ਹੈ । ਇਸ ਕਰਕੇ ਨਿੱਕੀ ਕਹਾਣੀ ਦਾ ਬਹੁਤਾ ਸੰਬੰਧ ਭਾਰਤੀ ਕਥਾ ਪਰੰਪਰਾ ਬਾਤਾਂ, ਕਥਾਵਾਂ ਜਾਂ



ਲਤੀਫ਼ਿਆ ਨਾਲ ਜੁੜਦਾ ਹੈ ।

? ਸ਼ੁਰੂ ਵਿਚ ਨਿੱਕੀ ਕਹਾਣੀ ਕਿਸ ਕਿਸਮ ਦੇ ਵਿਸ਼ੇ ਨੂੰ ਲੈ ਕੇ ਜਨਮੀ ਸੀ।

– ਰਮਿੰਦਰ, ਨਿੱਕੀ ਕਹਾਣੀ ਕਰਮ-ਪ੍ਰਤਿਕਰਮ ਵਿਚੋਂ ਪੈਦਾ ਹੋਈ ਸੀ । ਸ਼ੁਰੂ ਵਿਚ ਈਸਾਈ ਮਿਸ਼ਨਰੀਆਂ ਨੇ ਆਪਣੇ ਰਾਜ ਦੀ ਹਿੱਤ ਪੂਰਤੀ ਲਈ ਐਸੀਆਂ ਕਹਾਣੀਆਂ ਲਿਖੀਆਂ, ਜੋ ਆਪਣੇ ਸਾਮਰਾਜ ਦੀ ਉੱਚਤਾ ਸਿੱਧ ਕਰਦੀਆਂ ਸਨ । ਇਸ ਦੇ ਪ੍ਰਤੀਕਰਮ ਵਜੋਂ 'ਸਿੰਘ ਸਭਾ ਲਹਿਰ' ਜਾਂ 'ਚੀਫ਼ ਖਾਲਸਾ ਦੀਵਾਨ' ਵਲੋਂ ਛਪਦੇ ਟ੍ਰੈਕਟਾਂ ਵਗੈਰਾ ਵਿਚ ਸਿੱਖੀ ਦੀ ਉੱਚਤਾ ਦੇ ਪ੍ਰਚਾਰ ਲਈ ਕਹਾਣੀਆਂ ਲਿਖੀਆਂ ਜਾਣ ਲੱਗੀਆਂ । ਇਹ ਆਪੋ ਆਪਣੀ ਧਾਰਮਿਕ-ਸਾਂਸਕ੍ਰਿਤਿਕ ਉੱਚਤਾ ਸਿੱਧ ਕਰਨ ਵਾਲਾ ਮਾਹੌਲ ਸੀ । ਨਾਨਕ ਸਿੰਘ ਦੇ ਹੱਥਾਂ ਵਿਚ ਇਹ ਪੈਂਤੜਾ ਮਾਨਵਵਾਦੀ ਸ਼ਕਲ ਅਖਤਿਆਰ ਕਰਦਾ ਹੈ । ਇਹ ਮਾਨਵਵਾਦ ਇਕ ਤਰ੍ਹਾਂ ਨਾਲ ਧਾਰਮਿਕ ਮਾਨਵਵਾਦ ਵਰਗਾ ਹੀ ਸੀ । ਪਰ ਇਹ ਕਿਸੇ ਵਿਸ਼ੇਸ਼ ਜਾਤ ਜਾਂ ਧਰਮ ਦੇ ਪੈਂਤੜੇ ਤੋਂ ਹੱਟ ਕੇ ਸੀ । ਸ਼ੁਰੂ ਵਿਚ ਕਹਾਣੀ ਦੇ ਥੀਮ ਆਪੋ-ਆਪਣੇ ਵਿਸ਼ੇਸ਼ ਪੈਂਤੜਿਆਂ ਦੇ ਫਰੇਮ-ਵਰਕ ਮੁਤਾਬਕ ਹੀ ਸਨ ।

? ਆਪਣੇ ਉਦਭਵ ਸਮੇਂ ਇਸ ਦੀ ਸ਼ਿਲਪ ਕਿਵੇਂ ਦੀ ਸੀ ।

– ਆਪਣੇ ਉਦਭਵ ਸਮੇਂ ਦੀ ਨਿੱਕੀ ਕਹਾਣੀ ਸ਼ਿਲਪ ਪੱਖੋਂ ਨਿਸ਼ਚਤ ਫਾਰਮੂਲੇ ਵਾਲੀ ਸੀ। ਕਹਾਣੀ ਦੇ ਥੀਮ ਸ਼ਿਲਪ ਨੂੰ ਨਿਰਧਾਰਤ ਕਰਦੇ ਹਨ । ਜੇ ਤੁਹਾਡਾ ਮਕਸਦ ਨਿਸ਼ਚਤ ਹੈ ਤਾਂ ਕਹਾਣੀ ਦਾ ਫਰੇਮ ਵਰਕ ਵੀ ਉਸ ਤਰ੍ਹਾਂ ਦਾ ਹੀ ਨਿਸ਼ਚਤ ਹੋਵੇਗਾ । ਨਾਨਕ ਸਿੰਘ ਤੋਂ ਅੱਗੇ ਜਦ ਗੱਲ ਤੁਰੀ ਤਾਂ ਸੋਚਿਆ ਕਿ ਜੇਕਰ ਧਰਮ ਸ਼ਾਸਤਰ ਵਿਚ ਹੀ ਪਏ ਰਹੇ ਤਾਂ ਬੰਦੇ ਦਾ ਅਸਤਿਤਵ ਜਾਂ ਉਸ ਦੀ ਜ਼ਿੰਦਗੀ ਦੇ ਅਰਥਾਂ ਦੀ ਸਮਝ ਨਹੀਂ ਆਵੇਗੀ । ਪਰ ਨਿੱਕੀ ਕਹਾਣੀ ਦਾ ਆਪਣੇ ਉਦਭਵ ਸਮੇਂ ਨਿਸ਼ਚਤ ਉਦੇਸ਼ ਸੀ । ਇਸ ਕਰਕੇ ਇਸ ਦੀ ਬਣਤਰ ਵੀ ਨਿਸ਼ਚਤ ਸੀ । ਕਹਿਣਾ ਕੀ ਚਾਹੁੰਦੇ ਹੋ ? ਜੋ ਕਹਿਣਾ ਚਾਹੁੰਦੇ ਹੋ, ਉਸ ਨੇ ਤੁਹਾਡੀ ਤਕਨੀਕ ਨਿਰਧਾਰਤ ਕਰਨੀ ਹੈ । ਲੇਖਕ ਆਪ ਜਾਂ ਆਪਣੇ ਪਾਤਰਾਂ ਰਾਹੀਂ ਆਪਣੇ ਉਦੇਸ਼ ਲਈ ਭਾਵੁਕ ਪ੍ਰੇਰਣਾ ਦੇ ਰਹੇ ਸਨ । ਇਸ ਕਰਕੇ ਕਹਾਣੀ ਦੀ ਬਣਤਰ ਜਾਣੇ-ਪਹਿਚਾਣੇ ਨਿਸ਼ਚਤ ਫਰੇਮ ਵਾਲੀ ਸੀ ।

? ਰਾਹੀ ਸਾਹਿਬ, ਪੰਜਾਬੀ ਕਹਾਣੀ ਦੀਆਂ ਕਿਹੜੀਆਂ ਮੁੱਖ ਪ੍ਰਵਿਰਤੀਆਂ ਹਨ ।

– ਪੰਜਾਬੀ ਕਹਾਣੀ ਦਾ ਪਿਛਲਾ ਇਤਿਹਾਸ ਲਹਿਰਾਂ ਤੋਂ ਪ੍ਰਭਾਵਿਤ ਰਿਹਾ ਹੈ । ਧਰਮ ਸੁਧਾਰ, ਸਮਾਜ ਸੁਧਾਰ, ਪ੍ਰਗਤੀ ਜਾਂ ਕ੍ਰਾਂਤੀ ਦੇ ਸੂਤਰ ਸਮੇਂ-ਸਮੇਂ ਪ੍ਰਭਾਵੀ ਰਹੇ ਹਨ । ਸਾਡੀਆਂ ਲਹਿਰਾਂ ਦੀਆਂ ਵੱਖ-ਵੱਖ ਵਿਚਾਰ-ਪੱਧਤੀਆਂ ਰਹੀਆਂ ਹਨ । ਲਹਿਰਾਂ ਲਈ ਉਦੇਸ਼ ਮੁਖ ਰਚਨਾਵਾਂ ਦਾ ਆਪਣਾ ਵਿਸ਼ੇਸ਼ ਮਕਸਦ ਤੇ ਚੌਖਟਾ ਹੁੰਦਾ ਹੈ । ਪਰ ਇਨ੍ਹਾਂ ਦੀ ਉਮਰ ਲਹਿਰਾਂ ਦੇ ਪ੍ਰਭਾਵ ਤੱਕ ਸੀਮਤ ਹੁੰਦੀ ਹੈ । ਜਿਵੇਂ ਪਹਿਲਾਂ ਧਰਮ ਸ਼ਾਸਤਰੀ ਪੈਂਤੜੇ ਦੀ ਪ੍ਰਵਿਰਤੀ, ਫਿਰ ਧਾਰਮਿਕ ਸੁਧਾਰਵਾਦ ਦੀ ਪ੍ਰਵਿਰਤੀ । ਅੱਗੇ ਹੋਰ ਵੀ ਕਈ ਪ੍ਰਵਿਰਤੀਆਂ, ਜਿਵੇਂ ਸਮਾਜ ਸੁਧਾਰ ਤੇ ਪ੍ਰਗਤੀਵਾਦ ਨੂੰ ਵੇਖ ਸਕਦੇ ਹਾਂ । ਪਰ ਇਹ ਮੋਟੀ ਵੰਡ ਹੈ, ਸਮੁੱਚੀ ਵੰਡ ਨਹੀਂ । ਕਿਉਂਕਿ, ਪਿਛਾਂਹ ਵੇਖ ਕੇ ਪਤਾ ਚਲਦਾ ਹੈ ਕਿ ਜਿਸ ਸਮੇਂ ਪ੍ਰਗਤੀਵਾਦੀ ਕਹਾਣੀ ਲਿਖੀ ਜਾਂਦੀ ਸੀ, ਓਦੋਂ 'ਰਾਸ-ਲੀਲਾ' ਤੇ 'ਪ੍ਰੇਮੀ ਦੇ ਨਿਆਣੇ' ਵਰਗੀਆਂ ਕਹਾਣੀਆਂ ਵੀ ਲਿਖੀਆਂ ਗਈਆਂ । ਇਸ ਕਰਕੇ ਚਲੀ ਆ ਰਹੀ ਪ੍ਰਵਿਰਤੀ ਦੇ ਨਾਲ-ਨਾਲ ਨਵੀਂ ਪ੍ਰਵਿਰਤੀ ਵੀ ਆਰੰਭ ਹੋ ਗਈ । ਇਕ ਪੱਖ ਆਪਣੇ ਵੇਲੇ ਦੀਆਂ ਲਹਿਰਾਂ ਨਾਲ ਸੰਬੰਧਿਤ ਹੋ ਸਕਦਾ ਹੈ । ਦੂਜਾ ਪੱਖ, ਕਿਸੇ ਲੇਖਕ ਦੀ ਆਪਣੇ ਨਿੱਜੀ ਅਨੁਭਵ ਤੇ ਸੋਚ ਦਾ ਹੈ। ਸੋਚ ਤੇ ਅਨੁਭਵ ਦਾ ਦਾਇਰਾ ਜੇ ਲਹਿਰਾਂ-ਬਾਹਰਾ ਜਾਂ ਵਿਸ਼ਾਲ ਹੋਵੇਗਾ ਤਾਂ ਕਿਸੇ ਵਿਸ਼ੇਸ਼ ਵਿਚਾਰ-ਪੱਧਤੀ ਦੇ ਮੌਸਮ ਦੇ ਬਾਵਜੂਦ ਨਾਲ ਹੋਰ ਤਰ੍ਹਾਂ ਦੀ ਨਵੀਂ-ਪ੍ਰਵਿਰਤੀ ਦੀਆਂ ਕਹਾਣੀਆਂ ਵੀ ਲਿਖੀਆਂ ਜਾ ਸਕਦੀਆਂ ਹਨ । ਇਹ ਸਾਰਾ ਕੁਝ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਵੇਖਿਆ ਜਾ ਸਕਦਾ ਹੈ । ਲਹਿਰਾਂ ਨਾਲ ਸੰਬੰਧਿਤ ਵੀ ਤੇ ਲਹਿਰਾਂ ਤੋਂ ਮੁਕਤ ਵੀ । ਹਾਂ, ਵੱਖ-ਵੱਖ ਵਿਚਾਰ-ਪੱਧਤੀਆਂ ਕਰਕੇ ਮੋਟੀ ਵੰਡ ਲਹਿਰਾਂ ਦੀਆਂ ਪ੍ਰਵਿਰਤੀਆਂ ਮੁਤਾਬਕ ਕੀਤੀ ਜਾ ਸਕਦੀ ਹੈ। ਪਰ

ਇਸ ਨਾਲ ਲਹਿਰਾਂ ਮੁਕਤ ਪ੍ਰਵਿਰਤੀ ਨੂੰ ਵੀ ਪਛਾਣਨਾ ਜ਼ਰੂਰ ਹੋਵੇਗਾ । ਅੱਜ ਲਹਿਰਾਂ ਮੁਕਤ ਪ੍ਰਵਿਰਤੀ ਵਾਲੀਆਂ ਕਲਾ-ਕ੍ਰਿਤਾਂ ਤਾਂ ਜ਼ਿੰਦਾ ਹਨ ਪਰ ਲਹਿਰਾਂ ਵਾਲੀਆਂ ਨਹੀਂ । ਇਹ ਮਾਮਲਾ ਸ਼ਿਲਪ ਨਾਲ ਸੰਬੰਧਿਤ ਹੈ ।

? ਕੀ ਇਨ੍ਹਾਂ ਪ੍ਰਵਿਰਤੀਆਂ ਵਿਚ ਸ਼ਿਲਪ ਨਾਲੋਂ ਵਿਸ਼ੇ ਜਾਂ ਵਿਚਾਰ ਨੂੰ ਪਹਿਲ ਸੀ ।

– ਜਦੋਂ ਕਿਸੇ ਲਹਿਰ ਨਾਲ ਸੰਬੰਧਤ ਉਦੇਸ਼ ਮੁੱਖ ਰਚਨਾ ਹੋਵੇਗੀ ਤਾਂ ਉਹ ਪਾਠਕ ਨੂੰ ਜਜ਼ਬਾਤੀ ਤੌਰ 'ਤੇ ਨਾਲ ਜੋੜਨ ਦੀ ਕੋਸ਼ਿਸ਼ ਕਰੇਗੀ । ਇਸ ਭਾਵੁਕ ਪ੍ਰੇਰਨਾ ਲਈ ਵਿਸ਼ੇਸ਼, ਸਪਾਟ ਤੇ ਸਪਸ਼ਟ ਸ਼ਬਦਾਵਲੀ ਵਾਲਾ ਵਿਸ਼ੇਸ਼ ਚੌਖਟਾ ਹੋਵੇਗਾ । ਇਸ ਦੀ ਸੁਰ ਭਾਸ਼ਨੀ ਹੋਵੇਗੀ । ਪਰ ਜਦੋਂ ਗੱਲ ਉਦੇਸ਼ ਤੋਂ ਹੱਟ ਕੇ ਸਥਿਤੀ ਮੁੱਖ ਹੋਵੇਗੀ, ਤਾਂ ਫਿਰ ਗੱਲ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ । ਪਾਠਕਾਂ ਵਿਚ ਦਰਿਆਫ਼ਤ ਦੀ ਰੁਚੀ ਨੂੰ ਤਿੱਖਿਆਂ ਕਰਨ ਦੀ ਨੀਤੀ ਅਪਨਾਈ ਜਾਵੇਗੀ । ਪਾਠਕ ਨੂੰ ਕੁਝ ਗੱਲ ਦੱਸੀ ਜਾਵੇਗੀ ਤੇ ਕੁਝ ਲੁਕਾਈ ਜਾਵੇਗੀ । ਇਸ ਲੁਕਾ ਵਿਚ ਹੀ ਸੁਝਾਅ ਹੋਵੇਗਾ । ਜਿਵੇਂ ਗੁਰਦਿਆਲ ਸਿੰਘ ਦੀ 'ਸਾਂਝ' ਕਹਾਣੀ ਹੈ । ਇਸ ਵਿਚ ਬੰਤੂ ਜੈ ਕੌਰ ਨੂੰ ਕਹਿੰਦਾ 'ਤੂੰ ਫਿਰਨੀ ਵੱਲ ਦੀ ਆ ਤੇ ਮੈਂ ਸਿੱਧਾ ਜਾਂਦਾ ਹਾਂ' । ਇਸ ਦਾ ਮਤਲਬ ਇਹ ਹੈ ਕਿ ਦੋਹਾਂ ਦੇ ਪਿੰਡ ਵਿਚ ਇੱਕਠੇ ਜਾਣ ਵਿਚ ਖਤਰਾ ਹੈ । ਜਿਹੜੀ ਗੱਲ ਵਿਚ ਵਾਧੂ ਦਾ ਖਤਰਾ ਲੱਗੇ ਤਾਂ ਵਲ ਕੇ ਨਿਕਲ ਜਾਉ । ਇਹ ਖ਼ਤਰਾ ਸਿੱਧਾ ਦੱਸਿਆ ਨਹੀਂ ਜਾ ਰਿਹਾ, ਕਹਾਣੀ ਵਿਚ ਸੁਝਾਇਆ ਜਾ ਰਿਹਾ ਹੈ । ਇਕ ਮਸਲਾ ਵਿਚਾਰਧਾਰਾ ਦਾ ਹੈ । ਇਸ ਨੇ ਰਹਿਣਾ ਹੀ ਰਹਿਣਾ ਹੈ । ਵਿਚਾਰਧਾਰਾ, ਭਾਵ ਵਿਚਾਰਾਂ ਦੀ ਧਾਰਾ ਸਦਾ ਚੱਲਦੀ ਹੀ ਹੈ । ਮੈਂ ਇਸ ਸੰਬੰਧੀ ਸੁਚੇਤ ਹੋ ਕੇ ਬਿਲਕੁਲ ਵੱਖਰੀ ਜਾਂ ਨਵੀਂ ਵਿਆਖਿਆ ਦੇ ਰਿਹਾ ਹਾਂ । ਇਸ ਨੂੰ ਧਿਆਨ ਨਾਲ ਸੁਣੋ । ਅਸੀਂ ਵਿਚਾਰਧਾਰਾ ਨੂੰ ਵਾਦ ਸ਼ਬਦ ਜਾਂ ਵਿਚਾਰ-ਪੱਧਤੀ ਤੱਕ ਘਟਾ ਲਿਆ ਹੈ । ਵਾਦ ਭਾਵ ਵਿਚਾਰ-ਪੱਧਤੀਆਂ ਕਾਲ ਖੰਡਾਂ ਮੁਤਾਬਕ ਹਨ । ਸਾਡੀਆਂ ਅਸਲ ਵਿਚ ਉਦੇਸ਼ ਪੂਰਵਕ ਲਹਿਰਾਂ ਵੱਖ-ਵੱਖ ਕਾਲ ਖੰਡਾਂ ਦੀਆਂ ਵਿਚਾਰ- ਪੱਧਤੀਆਂ ਹਨ । ਇਨ੍ਹਾਂ ਦੇ ਸੱਚ ਵਿਸ਼ੇਸ਼ ਕਾਲ ਖੰਡਾਂ ਮੁਤਾਬਕ ਹਨ । ਨਿਸ਼ਚਿਤ ਮਕਸਦ ਵਾਲੇ ਥੀਮ ਦੀ ਸ਼ਿਲਪ ਫਿਕਸ ਹੁੰਦੀ ਹੈ । ਸ਼ਿਲਪ ਬਿਨਾਂ ਕੋਈ ਥੀਮ ਕਲਾਕਾਰੀ ਜਾਂ ਸਾਹਿਤਕਾਰੀ ਬਣਦਾ ਹੀ ਨਹੀਂ ਹੈ । ਮਸਲਾ ਹੀ ਇਹ ਰਿਹਾ ਕਿ ਵੱਖ-ਵੱਖ ਵਿਚਾਰ-ਪੱਧਤੀਆਂ ਹੇਠ ਸ਼ਿਲਪ ਦੱਬ ਕੇ ਰਹਿ ਗਈ ਵਿਖਾਈ ਦੇਂਦੀ ਹੈ । ਜਦ ਕਹਾਣੀ ਦੀ ਸ਼ਿਲਪ ਵਿਚ ਪਹਿਲਾਂ ਹੀ ਜਾਨ ਨਹੀਂ ਸੀ, ਫਿਰ ਵਿਚਾਰ- ਪੱਧਤੀ ਬਦਲਣ ਨਾਲ ਅਜੇਹੀ ਪਹਿਲੀ ਪੱਧਤੀ ਵਾਲੀ ਕਹਾਣੀ ਮਰ ਮੁੱਕ ਹੀ ਗਈ । ਇਹ ਹੋਣੀ ਪ੍ਰਵਿਰਤੀਆਂ ਮੂਲਕ ਕਹਾਣੀ ਨਾਲ ਵਾਪਰੀ ਹੈ । ਅਜੇਹੀ ਕਹਾਣੀ ਵਿਚ ਵਿਚਾਰ ਜਾਂ ਉਦੇਸ਼ ਪ੍ਰਮੁੱਖ ਸੀ । ਸ਼ਿਲਪ ਨੂੰ ਉਦੇਸ਼ ਮੁਤਾਬਕ ਘੜ ਜਾਂ ਘਟਾ ਲਿਆ ਗਿਆ । ਇਸ ਕਰਕੇ ਅਜੇਹੀ ਕਹਾਣੀ ਬਤੌਰ ਕਲਾ-ਕ੍ਰਿਤ ਕਮਜ਼ੋਰ ਸਿੱਧ ਹੋਈ ।

? ਰਾਹੀ ਸਾਹਿਬ, ਨਿੱਕੀ ਕਹਾਣੀ ਵਿਚ ਸ਼ਿਲਪ ਦਾ ਨਿਖਾਰ ਕਿਵੇਂ ਦਾ ਹੈ ।

– 'ਸ਼ਿਲਪ' ਨੂੰ ਅੰਗਰੇਜ਼ੀ ਵਿਚ ਕਰਾ□ਟ (3☛▲✚☨) ਆਖਦੇ ਹਨ । ਦੂਸਰਾ ਸ਼ਬਦ 'ਵਿਧਾ' ਹੈ । 'ਵਿਧਾ' ਲਈ 'ਰੂਪ' ਦੀ ਵੀ ਵਰਤੋਂ ਕੀਤੀ ਗਈ ਹੈ । ਕਿਰਪਾਲ ਸਿੰਘ ਕਸੇਲ ਦੀ ਪੁਸਤਕ 'ਸਾਹਿਤ ਦੇ ਰੂਪ' ਵਿਚ ਜਨਮ ਸਾਖੀ, ਵਾਰ, ਕਹਾਣੀ, ਨਾਟਕ ਸਭਨਾਂ ਨੂੰ ਵੱਖਰੇ-ਵੱਖਰੇ ਰੂਪ ਕਿਹਾ ਗਿਆ ਹੈ । ਪਰ ਅੱਜ ਅਸੀਂ 'ਰੂਪ' ਨੂੰ ਉਸ ਅਰਥ ਵਿਚ ਨਹੀਂ ਵਰਤਦੇ । ਹਰ ਵਿਧਾ ਦਾ ਜਾਂ ਹਰ ਕਹਾਣੀ ਦਾ ਵੀ ਆਪਣਾ ਅੰਦਰਲਾ ਰੂਪ ਹੈ । ਵਰਿਆਮ ਸੰਧੂ ਦੀ ਕਹਾਣੀ 'ਆਪਣਾ ਆਪਣਾ ਹਿੱਸਾ' ਦਾ ਆਪਣਾ ਰੂਪ ਹੈ । 'ਕੁਰਾਹੀਆ' ਦਾ ਆਪਣਾ ਤੇ 'ਭੱਜੀਆਂ ਬਾਹੀਂ' ਦਾ ਆਪਣਾ । ਗੁਰਦਿਆਲ ਸਿੰਘ ਦੇ ਨਾਵਲ 'ਪਰਸਾ' ਦਾ ਉਸ ਦੇ ਆਪਣੇ ਹੀ ਬਾਕੀ ਨਾਵਲਾਂ ਨਾਲੋਂ ਵੱਖਰਾ ਰੂਪ ਹੈ । ਸੇਖੋਂ ਦੀਆਂ ਕਹਾਣੀਆਂ ਦਾ ਆਪਣਾ, ਵਿਰਕ ਦੀਆਂ ਦਾ ਆਪਣਾ ਤੇ ਪ੍ਰੇਮ ਪ੍ਰਕਾਸ਼ ਦੀਆਂ ਦਾ ਆਪਣਾ । ਪਰ ਹੈ ਤਾਂ ਇਹ ਸਭ ਕਹਾਣੀਆਂ ਹੀ । ਇਨ੍ਹਾਂ ਵਿਚ ਅੰਤਰ ਸ਼ਿਲਪ ਦਾ ਹੈ । ਜਿਵੇਂ ਸ਼ਰਬਤ ਪੀਣਾ ਹੈ ਤਾਂ ਵਿਚ ਸੱਤੂ ਪਾ ਲਓ । ਇਸ ਨਾਲ ਸ਼ਰਬਤ ਸੰਘਣਾ ਹੋ ਜਾਵੇਗਾ । ਇਹ ਹੈ ਤਾਂ ਸ਼ਰਬਤ ਹੀ, ਪਰ



ਸੰਘਣਾ ਵੀ ਹੋ ਗਿਆ ਤੇ ਜ਼ਾਇਕਾ ਵੀ ਬਦਲ ਗਿਆ । ਵਰਿਆਮ ਸੰਧੂ ਦੀਆਂ ਕਹਾਣੀਆਂ ਵਿਚ ਮੁੱਖ-ਬਿਰਤਾਂਤ ਨਾਲ ਉਪ ਬਿਰਤਾਂਤ ਜੁੜਦੇ ਹਨ । ਇਸ ਨਾਲ ਮੁੱਖ-ਬਿਰਤਾਂਤ ਸੰਘਣਾ ਹੋ ਜਾਂਦਾ ਹੈ । ਪ੍ਰੇਮ ਪ੍ਰਕਾਸ਼ ਦੀ ਕਹਾਣੀ ਲਓ । ਇਸ ਨੂੰ ਜਿਉਂ-ਜਿਉਂ ਪੜ੍ਹਦੇ ਜਾਓ, ਇੰਕਸਾਫ਼ ਹੁੰਦੇ ਜਾਂਦੇ ਹਨ। ਪਰਿਸਥਿਤੀ ਦੀ ਸਚਾਈ ਖੁਲ੍ਹਦੀ ਜਾਂਦੀ ਹੈ । ਕਹਾਣੀ ਜਿਸ ਸਥਿਤੀ ਤੋਂ ਚਲੀ ਸੀ, ਉਹਨੂੰ ਹੀ ਖੋਲ੍ਹਦੀ ਤੇ ਫੈਲਾਉਂਦੀ ਜਾਂਦੀ ਹੈ । ਪੰਜਾਬੀ ਦੀ ਕਹਾਣੀ ਦੇ ਸ਼ਿਲਪ ਵਿਚ ਦਿਨ-ਬ-ਦਿਨ ਨਿਖਾਰ ਆ ਰਿਹਾ ਹੈ । ਹੁਣ ਕੇਸਰਾ ਰਾਮ ਦੀ ਕਹਾਣੀ 'ਪੁਲਸੀਆ ਕਿਉਂ ਮਾਰਦਾ ਹੈ' ਅਤੇ ਸਾਂਵਲ ਧਾਮੀ ਦੀ ਕਹਾਣੀ 'ਪੁੱਲ' ਲੈ ਲਓ । ਇਨ੍ਹਾਂ ਦੀ ਸ਼ਿਲਪ ਬਿਲਕੁਲ ਵੱਖਰੀ ਹੈ । ਇਹ ਬਿਰਤਾਂਤ ਨੂੰ ਲਗਾਤਾਰ ਮੋੜੇ (ਵਚਗਅ) ਦੇਂਦੇ ਹਨ, ਪਰ ਇਹ 'ਪਲਟਾ' ਨਹੀਂ ਦੇਂਦੇ । 'ਪੁਲ' ਕਹਾਣੀ ਵਿਚ ਬਹੁਤ ਡੀਟੇਲ ਹਨ। ਇਹ ਵਾਧੂ ਨਹੀਂ ਹੈ । ਇਕੋ ਪਾਤਰ ਰਾਹੀਂ ਬਹੁਤ ਕੁਝ ਖੋਲ੍ਹਿਆ ਜਾ ਰਿਹਾ ਹੈ । ਇਸ ਨੂੰ 'ਵਿਸਤਾਰਨ' ਦੀ ਜੁਗਤ ਕਿਹਾ ਜਾ ਸਕਦਾ ਹੈ । ਪਹਿਲਾਂ ਜਿਵੇਂ ਕਿਹਾ ਜਾਂਦਾ ਸੀ ਕਹਾਣੀ ਨਾਵਲ ਨਹੀਂ ਹੋ ਸਕਦੀ ਤੇ ਨਾਵਲ ਕਹਾਣੀ ਨਹੀਂ । ਪਰ ਹੁਣ ਦੀ ਕਹਾਣੀ ਨਾਵਲੀ ਹੋ ਸਕਦੀ ਹੈ ਤੇ ਨਾਵਲ ਕਹਾਣੀ ਹੋ ਸਕਦਾ ਹੈ । ਇਹ ਸ਼ਿਲਪ ਦੇ ਨਵੇਂ ਨਿਖਾਰ ਹਨ ।

? ਅਜੋਕੇ ਦੌਰ ਵਿਚ ਕਿਸ ਕਿਸਮ ਦੀ ਕਹਾਣੀ ਲਿਖੀ ਜਾ ਰਹੀ ਹੈ ।

– ਰਮਿੰਦਰ ਅਜੋਕੇ ਦੌਰ ਵਿਚ ਕਾਫ਼ੀ ਨਵੀਂ ਤੇ ਮਿਆਰੀ ਕਹਾਣੀ ਲਿਖੀ ਜਾ ਰਹੀ ਹੈ । ਸਾਂਵਲ ਧਾਮੀ, ਸੁਕੀਰਤ, ਕੇਸਰਾ ਰਾਮ, ਜਿੰਦਰ ਵਗੈਰਾ ਨੇ ਕਹਾਣੀ ਨੂੰ ਨਵੀਂ ਦਿਸ਼ਾ ਤੇ ਸ਼ਿਲਪ ਦਿੱਤੀ ਹੈ । ਕਹਾਣੀ ਵਿਚ ਵਿਵਰਜਤ ਰਿਸ਼ਤਿਆਂ ਜਿਵੇਂ ਸਮਲਿੰਗਕਤਾ, ਵਿਭਿੰਨ ਲਿੰਗਕਤਾ ਤੇ ਹੋਮੋਫ਼ੋਬੀਆਂ ਸੰਬੰਧੀ ਵੀ ਜ਼ਿਕਰ ਹੋਣ ਲੱਗਾ ਹੈ । ਕਹਾਣੀ ਵਿਚ ਹੁਣ ਸਮਾਜ ਦਾ ਕੋਈ ਵੀ ਵਿਸ਼ਾ ਅਣਛੋਹਿਆ ਅਤੇ ਅਣਗੌਲਿਆ ਨਹੀਂ ਰਿਹਾ । ਪਰ ਗੱਲ ਵਿਸ਼ੇ ਨਾਲੋਂ ਤਕਨੀਕ ਦੀ ਵਧੇਰੇ ਮਹੱਤਵਪੂਰਨ ਹੈ । ਅਜੋਕੇ ਕਹਾਣੀਕਾਰ ਕਹਾਣੀ ਦੀ ਤਕਨੀਕ ਸੰਬੰਧੀ ਬਹੁਤ ਸੁਚੇਤ ਹਨ । ਜਿਵੇਂ 'ਪੁੱਲ' ਕਹਾਣੀ ਵਿਚ ਇਕੋ ਪਾਤਰ ਰਾਹੀਂ ਸਮਾਜ ਦੀ ਬਹੁਭਾਂਤੀ ਤਸਵੀਰ ਸਾਹਮਣੇ ਆਉਂਦੀ ਹੈ । ਇਹ ਵਿਚਾਰ-ਮੁਖੀ ਹੋਣ ਦੀ ਥਾਂ ਹੋਂਦ-ਮੁਖੀ ਹੈ । ਮਨੁੱਖੀ ਸੁਭਾਅ ਦੀਆਂ ਖਸਲਤਾਂ ਸੰਬੰਧੀ ਹੈ । ਜਿੰਦਰ ਆਪਣੀ ਕਹਾਣੀ 'ਬਿਨਾ ਵਜ੍ਹਾ ਤਾਂ ਨਹੀਂ' ਵਿਚ ਦਲਿਤ ਚੇਤਨਾ ਦੀਆਂ ਬਹੁਪਰਤਾ ਨੂੰ ਸਿਰਜਦਾ ਹੈ । ਲਹਿਰਾਂ ਦੀ ਗਰਦ ਬੈਠ ਜਾਣ 'ਤੇ ਇਸ ਨਾਲ ਸੰਬੰਧਿਤ ਬੰਦਿਆਂ ਦੀ ਹੋਣੀ ਵਧੇਰੇ ਹਕੀਕੀ ਤੇ ਸੁਭਾਵਕ ਰੂਪ ਵਿਚ ਪੇਸ਼ ਹੋ ਰਹੀ ਹੈ । ਬਲਬੀਰ ਪਰਵਾਨਾ ਦੀ ਕਹਾਣੀ 'ਦੀਨ ਕੇ ਹੇਤ' ਅਤੇ ਮਨਿੰਦਰ ਕਾਂਗ ਦੀ 'ਭਾਰ' ਕਹਾਣੀ ਦੀ ਮਿਸਾਲ ਵੇਖ ਲਵੋ । 'ਦੀਨ ਕੇ ਹੇਤ' ਕਹਾਣੀ ਦਾ ਕਾਮਰੇਡ ਪਾਤਰ ਲੋਕਾਈ ਦੀ ਤਕਦੀਰ ਬਨਾਉਣ ਦੀ ਥਾਂ ਆਪਣੀ ਪਹਿਚਾਣ ਜਾਂ ਹੋਂਦ ਹੀ ਗਵਾ ਬਹਿੰਦਾ ਹੈ । 'ਭਾਰ' ਦਾ ਆਤੰਕਵਾਦੀ ਪਾਤਰ ਆਪਣੇ ਅੰਦਰਲੇ ਦੇ ਆਤੰਕ ਤੋਂ ਭੈਅ-ਭੀਤ ਹੋਇਆ ਵਿਸ਼ੇਸ਼ ਕਿਸਮ ਦੀ ਮੌਤ ਲਈ ਲਿਲਕੜੀਆਂ ਕੱਢਦਾ ਹੈ । ਅਜੇਹੀ ਪੇਸ਼ਕਾਰੀ ਸਪਾਟ ਨਹੀਂ ਹੈ । ਇਹ ਵਿਸ਼ੇਸ਼ ਹੋਂਦਮੁਖੀ ਵਿਖਾਈ ਦੇਂਦੀ ਹੈ । ਇਸ ਵਿਚ ਵਿਡੰਬਨਾ ਹੈ । ਬਾਹਰੋਂ ਵੇਖਣ ਨੂੰ ਕੁਝ ਤੇ ਅੰਦਰਲੀ ਹਕੀਕਤ ਵਜੋਂ ਕੁਝ । ਅਜੋਕੀ ਕਹਾਣੀ ਨਿਸ਼ਚਤ ਵਿਚਾਰ-ਪੱਧਤੀਆਂ ਤੋਂ ਹੱਟ ਕੇ ਸਮਾਜ ਦੇ ਬਹੁਭਾਵੀ ਤੇ ਬਹੁਕਾਲੀ ਵਰਤਾਰੇ ਨਾਲ ਸੰਬੰਧਿਤ ਹੋ ਰਹੀ ਹੈ । ਇਸ ਵਿਚ ਵੰਨ-ਸਵੰਨਤਾ ਹੈ । ਇਹ ਨਵੀਨਤਾ ਥੀਮ ਦੀ ਵੀ ਹੈ ਤੇ ਸ਼ਿਲਪ ਦੀ ਵੀ । ਇਸ ਨੂੰ ਕਹਾਣੀ ਦਾ ਅਗਲਾ ਪੜਾਅ ਕਿਹਾ ਜਾ ਸਕਦਾ ਹੈ ।

? ਕੀ ਪੰਜਾਬੀ ਕਹਾਣੀ ਵਿਚ ਦਾਰਸ਼ਨਿਕ ਮਸਲਿਆਂ ਦੀ ਕੋਈ ਪੇਸ਼ਕਾਰੀ ਹੋਈ ਹੈ ਜਾਂ ਕੀ ਇਹ ਕੇਵਲ ਸਮਕਾਲੀਨ ਘਟਨਾਵਾਂ ਤੇ ਵੇਰਵਿਆਂ ਤੱਕ ਹੀ ਸੀਮਿਤ ਹੈ ।

– ਇਹ ਦੋ ਪੋਲ ਦੀ ਤਰ੍ਹਾਂ ਹੈ । ਇਕ ਪੋਲ ਸਮਕਾਲੀਨ ਘਟਨਾਵਾਂ ਜਾਂ ਬਦਲ ਰਹੀ ਸਚਾਈ ਦਾ ਹੈ । ਦੂਜਾ ਦਾਰਸ਼ਨਿਕ ਧਾਰਾ ਹੈ । ਅਸੀਂ ਦੋ ਧੁਰੇ ਮਿੱਥ ਲਏ । ਇਨ੍ਹਾਂ ਦੇ ਦਰਮਿਆਨ ਹੈ, ਜੀਵਨ ਦਾ ਸੱਚ । ਇਕ ਬੰਦਾ ਇਕੋ ਹੀ ਵਕਤ ਵਿਭਿੰਨ ਪ੍ਰਸੰਗਾਂ ਵਿਚ ਵੱਖਰਾ-ਵੱਖਰਾ ਹੋ ਸਕਦਾ ਹੈ।

ਕਿਸੇ ਪ੍ਰਸੰਗ ਵਿਚ ਉਹ ਬਹੁਤ ਬਦਮਾਸ਼ ਹੋ ਸਕਦਾ ਹੈ । ਦੂਸਰੇ ਪ੍ਰਸੰਗਾਂ ਵਿਚ ਉਹੀ ਬਦਮਾਸ਼ ਨਿਹਾਇਤ ਸਰੀਫ਼ ਹੋ ਸਕਦਾ ਹੈ । ਕੋਈ ਪਾਤਰ ਇਕੱਲਾ ਬੈਠ ਕੇ ਰੋਂਦਾ ਹੈ ਪਰ ਹੋਰਨਾਂ ਅੱਗੇ ਆਕੜਦਾ ਹੈ । ਪ੍ਰੇਮ ਪ੍ਰਕਾਸ਼ ਦੀ 'ਡੈਡ-ਲਾਈਨ' ਦੀ ਭਾਬੀ ਦਾ ਦਿਉਰ ਨਾਲ ਕੀ ਰਿਸ਼ਤਾ ਹੈ ? ਇਹ ਪੁੱਤਰ, ਭਰਾ ਜਾਂ ਪ੍ਰੇਮੀ ਕੋਈ ਵੀ ਹੋ ਸਕਦਾ ਹੈ । ਭਾਬੀ ਦਾ ਪਿਛੋਕੜ ਖੱਤਰੀ ਹੈ । ਖੱਤਰੀਆਂ ਵਿਚ ਭਾਬੀ ਮਾਂ ਸਾਮਾਨ ਹੈ । ਲਛਮਣ ਦੀ ਸੀਤਾ ਮਾਤਾ ਵਾਂਗ । ਲਕਸ਼ਮਣ ਰਾਮ ਦਾ ਛੋਟਾ ਭਰਾ ਹੋਣ ਦੇ ਬਾਵਜੂਦ ਸੀਤਾ ਲਈ ਪੁੱਤਰ ਵਾਂਗ ਹੈ । ਉਹ ਸੀਤਾ ਦੇ ਪੈਰਾਂ ਤੋਂ ਉਤਾਂਹ ਨਹੀਂ ਦੇਖਦਾ । ਜਦ ਸਥਿਤੀ ਵਿਸਫੋਟਕ ਰੂਪ ਧਾਰਦੀ ਹੈ ਤਾਂ ਪੰਰਪਰਾ ਬਦਲਦੀ ਹੈ । ਇਸ ਨੂੰ ਕਹਿੰਦੇ ਹਨ ਲਛਮਣ-ਰੇਖਾ ਟੱਪਣੀ। ਇਹ 'ਡੈਡ-ਲਾਈਨ' ਵਿਚ ਭਾਬੀ ਟੱਪਦੀ ਹੈ । ਪੰਜਾਬੀ ਕਹਾਣੀਆਂ ਵਿਚ ਦੋਨੋਂ ਪੋਲ ਹੀ ਹਨ । ਸਮਕਾਲੀਨ ਸੱਚ ਵਾਲਾ ਪੋਲ ਵੀ ਹੈ । ਇਸ ਦਾ ਦਾਇਰਾ ਵੱਡਾ ਹੈ । ਦੂਸਰਾ ਦਾਰਸ਼ਨਿਕਤਾ ਦਾ ਪੋਲ ਹੈ । ਅਜੇਹੀਆਂ ਕਹਾਣੀਆਂ ਵਿਚਾਰ-ਪੱਧਤੀ ਜਾਂ ਕਾਲ ਖੰਡ ਤੋਂ ਉਪਰ ਹਨ । ਇਹ ਮਨੁੱਖ ਦੀਆਂ ਕੁਝ ਸਦੀਵੀਂ ਖਸਲਤਾਂ ਬਾਰੇ ਹਨ । ਪਰ ਐਸੀ ਸੁਚੇਤਨਾ ਅਨੁਭਵ ਦੀ ਗਹਿਰਾਈ ਬਿਨਾਂ ਸੰਭਵ ਨਹੀਂ ਹੈ । ਇਹ ਧਾਰਾ ਗਿਣਤੀ ਵਿਚ ਪਤਲੀ ਹੈ ਪਰ ਪਾਇਦਾਰ ਵੱਧ ਹੈ ।

? ਰਾਹੀ ਸਾਹਿਬ, ਕੀ ਅਜੋਕੇ ਦੌਰ ਵਿਚ ਕਹਾਣੀਕਾਰ ਸ਼ਿਲਪ ਵੱਲ ਵੱਧ ਸੁਚੇਤ ਹੋਏ ਹਨ, ਜੇ ਹੋਏ ਹਨ ਤਾਂ ਅਜੇਹਾ ਕਿਉਂ ਹੈ ।

– ਹਾਂ, ਸ਼ਿਲਪ ਵੱਲ ਵੱਧ ਸੁਚੇਤ ਹੋਏ ਹਨ । ਹੌਲੀ-ਹੌਲੀ ਇਹ ਪਤਾ ਲੱਗਣਾ ਸ਼ੁਰੂ ਹੋਇਆ ਕਿ ਕਿਸੇ ਨੂੰ ਵੀ ਇਹ ਗੱਲ ਪਸੰਦ ਨਹੀਂ ਕਿ ਦੂਜਾ ਕੋਈ ਉਸ ਨੂੰ ਸਬਕ ਦੇਵੇ । ਸਾਹਿਤ ਵਿਚ ਆਦੇਸ਼ ਦੇਣਾ ਕਲਾ ਨਹੀਂ ਹੈ । ਕਿਉਂਕਿ, ਐਸੇ ਆਦੇਸ਼ ਸਿਰਫ਼ ਸਤਬਚਨੀ ਲੋਕ ਹੀ ਪਸੰਦ ਕਰਦੇ ਹਨ, ਸੋਚਵਾਨ ਵਿਅਕਤੀ ਨਹੀਂ । ਤੁਸੀਂ ਨੁਕਤਾ ਸੁੱਟ ਦਿਉ, ਸਮਝ ਆ ਗਈ ਤਾਂ ਠੀਕ ਹੈ, ਨਹੀਂ ਤਾਂ ਉਪਦੇਸ਼ ਨਾ ਝਾੜੋ । ਕਹਿ ਕੇ ਗੱਲ ਸਮਝਾ ਸਕੋਗੇ, ਇਹ ਮੁਮਕਿਨ ਨਹੀਂ । ਬੰਦੇ ਜਾਂ ਪਾਠਕ ਨੂੰ ਖੁਦ ਸੱਚ ਲੱਭਣ ਦਿਉ । ਸੱਚ ਦੱਸੋ ਨਾ, ਸੱਚ ਸੁਝਾਓ । ਸੁਝ ਗਿਆ ਤਾਂ ਠੀਕ ਹੈ, ਨਹੀਂ ਤਾਂ ਬੇੜੀ ਜਿਵੇਂ ਦਰਿਆ ਵਿਚ ਚੱਲਦੀ ਚਲਣ ਦਿਉ । ਫ਼ਿਕਰ ਨੂੰ ਮਿਸ਼ਨ ਬਣਾ ਲੈਣਾ ਕੋਈ ਸਿਆਣਪ ਨਹੀਂ ਹੈ। ਪੰਜਾਬੀ ਕਹਾਣੀ ਹੁਣ ਆਪਣੇ ਕਲਾਤਮਿਕ ਨਿਖਾਰ ਵੱਲ ਹੈ ।

? ਕੀ ਅਜੋਕੀ ਕਹਾਣੀ 'ਚੋਂ ਵਿਚਾਰਧਾਰਾ ਜਾਂ ਵਾਦ ਮੁੱਕ-ਸ਼ੁੱਕ ਗਿਆ ਹੈ ? ਜੇ ਅਜੇਹਾ ਹੋਇਆ ਹੈ ਤਾਂ ਇਸ ਦੀ ਕੀ ਵਜ੍ਹਾ ਹੈ ? ਕੀ ਇਹ ਠੀਕ ਹੋਇਆ ਹੈ ।

– ਵਿਚਾਰਧਾਰਾ ਖਿਆਲਾਤ ਦੀ ਪ੍ਰਣਾਲੀ ਹੁੰਦੀ ਹੈ । ਇਸ ਦਾ ਮਤਲਬ ਵਿਚਾਰਾਂ ਦੀ ਧਾਰਾ ਤੋਂ ਹੈ । ਮਨੁੱਖੀ ਦਿਮਾਗ ਹਮੇਸ਼ਾ ਵਿਚਾਰ ਵਿਚ ਰਹਿੰਦਾ ਹੈ । ਹੁਣ ਦੀ ਕਹਾਣੀ ਦਾ ਸ਼ਿਲਪ ਨਾਲ ਵਧੇਰੇ ਤਾਅਲੁਕ ਹੈ । ਇਸ ਵਿਚ ਵਿਚਾਰਧਾਰਾ ਦਾਰਸ਼ਨਿਕਤਾ ਦੀ ਸਮਾਨਾਅਰਥੀ ਬਣ ਰਹੀ ਹੈ । ਵਿਚਾਰਧਾਰਾ ਇਡੋਆਲੌਜੀ ਦੇ ਸਾਮਾਨਾਰਥੀ ਨਹੀਂ ਹੈ। ਅਸੀਂ ਇਡੋਆਲੌਜੀ (Ideology) ਨੂੰ ਵਿਚਾਰ-ਪੱਧਤੀ ਕਹਾਂਗੇ, ਵਿਚਾਰਧਾਰਾ ਨਹੀਂ । ਵਿਚਾਰਧਾਰਾ ਸਦਾ ਚਲਦੇ ਰਹਿਣ ਵਾਲਾ ਗਤੀਸ਼ੀਲ ਵਰਤਾਰਾ ਹੈ । ਵਿਚਾਰ-ਪੱਧਤੀਆਂ ਕਈ ਵਾਰ ਸਮਾਜਕ ਜਾਂ ਸਿਆਸੀ ਸੰਗਠਨਾਂ ਵੱਲੋਂ ਬਣਾਈਆਂ ਜਾਂਦੀਆਂ ਹਨ । ਸਮੇਂ ਦੀ ਵਹਿਣ ਵਿਚ ਸੰਗਠਨਾਂ ਦੇ ਨੁਮਾਇੰਦੇ ਤੇ ਇਨ੍ਹਾਂ ਦੇ ਵਿਚਾਰ ਬਦਲ ਜਾਂਦੇ ਹਨ । ਪਰ ਵਿਚਾਰਧਾਰਾ ਦਾ ਅਰਥ ਫ਼ਿਲਾਸਫੀ ਨਾਲ ਬਣਦਾ ਹੈ । ਵਿਚਾਰ ਚਲਦੇ ਹੀ ਰਹਿੰਦੇ ਹਨ। ਅਸੀਂ ਨਵੀਆਂ ਸਥਿਤੀਆਂ-ਪਰਿਸਥਿਤੀਆਂ ਬਾਰੇ ਵਿਚਾਰ ਕਰਦੇ ਰਹਿੰਦੇ ਹਾਂ, ਸੋਚਦੇ ਹਾਂ। ਮਾਨਵ ਨੇ ਚਿੰਤਨਸ਼ੀਲ ਰਹਿਣਾ ਹੀ ਹੈ । ਪਰ ਵਿਚਾਰ-ਪੱਧਤੀ ਤਾਂ ਕਾਲ ਖੰਡ ਦਾ ਬੰਧਨ ਹੈ । ਜਿਹੜਾ ਵਿਚਾਰ-ਪੱਧਤੀ ਵਿਚ ਬੱਝ ਗਿਆ, ਸਮਝੋ ਮੁੱਕ ਗਿਆ ਜਾਂ ਸੁੰਘੜ ਗਿਆ। ਸਾਰੀਆਂ ਵਿਚਾਰ-ਪੱਧਤੀਆਂ ਮੁੱਕੀਆਂ ਹਨ, ਜਿਵੇਂ ਰੁਮਾਂਸਵਾਦ, ਸੁਧਾਰਵਾਦ, ਪ੍ਰਗਤੀਵਾਦ, ਆਦਰਸ਼ਵਾਦ । ਪਰ ਵਿਚਾਰਾਂ ਦੀ ਧਾਰਾ ਚੱਲ ਰਹੀ ਹੈ । ਵਿਚਾਰ-ਪੱਧਤੀਆਂ ਸਿਆਸੀ ਜਾਂ ਸਮਾਜਕ ਸੰਗਠਨਾਂ ਦੀ ਦੇਣ ਸਨ । ਇਨ੍ਹਾਂ ਦੇ ਨਿਸ਼ਚਤ ਮੈਨੀਫੈਸਟੋ ਤੇ ਉਦੇਸ਼ ਸਨ । ਇਹ ਆਪਣੇ ਸਮੇਂ ਦੇ ਹਾਲਾਤ ਸਾਪੇਖ ਸਨ ।



ਹਾਲਾਤ ਬਦਲੇ ਤਾਂ ਵਿਚਾਰ-ਪੱਧਤੀਆਂ ਬਦਲ ਗਈਆਂ । ਹੁਣ ਕਿਸੇ ਵਾਦ ਜਾਂ ਵਿਚਾਰ-ਪੱਖ ਦੀ ਥਾਂ ਜੀਵਨ ਨੂੰ ਵੇਖਣ-ਸਮਝਣ ਲਈ ਲੇਖਕਾਂ ਦੇ ਆਪੋ-ਆਪਣੇ ਨਜ਼ਰੀਏ ਹਨ । ਸਾਹਿਤ ਵਿਚ ਮਸਲਾ ਕਿਸੇ ਚੀਜ਼ ਦੇ ਠੀਕ ਜਾਂ ਗਲਤ ਹੋਣ ਦਾ ਨਹੀਂ, ਸਗੋਂ ਹਰ ਚੀਜ਼ ਨੂੰ ਉਸ ਦੀ ਸਥਿਤੀ ਜਾਂ ਹਕੀਕਤ ਨਾਲ ਜੋੜ ਕੇ ਸਮਝਣ ਦਾ ਹੈ । ਅਜੋਕੀ ਕਹਾਣੀ ਵਿਚੋਂ ਵਿਚਾਰ-ਪੱਧਤੀਆਂ ਮੁੱਕੀਆਂ ਹਨ, ਪਰ ਵੱਖਰੇ-ਵੱਖਰੇ ਵਿਚਾਰਾਂ ਦੀ ਧਾਰਾ ਨਹੀਂ ।

? ਕੀ ਸੰਤੋਖ ਸਿੰਘ ਧੀਰ, ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼ ਵਗੈਰਾ ਹੰਢ ਚੁੱਕੇ ਕਹਾਣੀਕਾਰ ਹਨ ਜਾਂ ਇਨ੍ਹਾਂ ਦੀਆਂ ਅਜੇ ਕੋਈ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ ।

– ਇਕ ਖਾਸ ਅਮਲ ਵਿਚ ਲੇਖਕ ਦੇ ਅਨੁਭਵ ਦਾ ਇਕ ਘੇਰਾ ਜਾਂ ਦਾਇਰਾ ਬਣ ਜਾਂਦਾ ਹੈ । ਖਾਸ ਉਮਰ ਤੋਂ ਬਾਅਦ ਅਨੁਭਵ ਜਾਂ ਘੇਰੇ ਵਿਚ ਤਬਦੀਲੀ ਆਉਣੀ ਸੰਭਵ ਨਹੀਂ ਹੈ । ਇਸ ਕਰਕੇ ਅਨੁਭਵ ਅਤੇ ਉਮਰ ਦੇ ਪੱਕ ਤੇ ਹੰਢ ਜਾਣ ਨਾਲ ਨਵੀਨਤਾ ਦੀ ਸੰਭਾਵਨਾ ਮੱਧਮ ਪੈ ਜਾਂਦੀ ਹੈ । ਪਰ ਵਿਸਥਾਰ ਦੀ ਸੰਭਾਵਨਾ ਰਹਿੰਦੀ ਹੈ । ਸ਼ਿਲਪ ਸੰਬੰਧੀ ਹਰ ਲੇਖਕ ਦੀਆਂ ਆਦਤਨ ਗੰਢਾਂ ਪੱਕ ਜਾਂਦੀਆਂ ਹਨ । ਬੰਦੇ ਦਾ ਹਮੇਸ਼ਾਂ ਤਾਂ ਨਹੀਂ ਪਰ ਆਮ ਕਰਕੇ ਇਕ ਅਨੁਭਵੀ ਘੇਰਾ ਬਣ ਜਾਂਦਾ ਹੈ । ਉਸ ਘੇਰੇ ਵਿਚ ਉਹ ਉਸ ਤਰ੍ਹਾਂ ਘੁੰਮਦਾ ਹੈ ਜਿਵੇਂ ਬਲਬ ਦੁਆਲੇ ਪਤੰਗਾ । ਇਕ ਦਾਇਰਾ ਜਿਹਾ ਬਣਾ ਲੈਂਦਾ ਹੈ ਤੇ ਉਸ ਦਾਇਰੇ ਵਿਚੋਂ ਹੀ ਉਹ ਰੋਸ਼ਨੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ । ਬਦਲ ਗਏ ਹਾਲਾਤ ਅਨੁਸਾਰ ਲਿਖਿਆ ਜਾ ਸਕਦਾ ਹੈ ਪਰ ਜੇਕਰ ਪ੍ਰੇਰਨਾ ਮਿਲੇ ਤੇ ਪ੍ਰੇਰਨਾ ਵੀ ਸ਼ਕਲ ਬਦਲ-ਬਦਲ ਕੇ । ਪਰ ਪੰਜਾਬੀ ਕਹਾਣੀਕਾਰਾਂ ਵਿਚ ਖਾਸ ਉਮਰ ਤੋਂ ਬਾਅਦ ਵਿਸਥਾਰ ਦੀ ਹੀ ਪਿਰਤ ਵਿਖਾਈ ਦੇਂਦੀ ਹੈ । ਅਜੇਹਾ ਦਾਇਰਾ ਬਣ ਜਾਣਾ ਕੁਦਰਤੀ ਤੇ ਸੁਭਾਵਕ ਹੁੰਦਾ ਹੈ । ਨਵੀਂ ਗੱਲ ਜਾਂ ਸ਼ਿਲਪ ਅਹੁੜਨੀ ਮੁਸ਼ਕਲ ਹੋ ਜਾਂਦੀ ਹੈ । ਹਰ ਪੀੜ੍ਹੀ ਦਾ ਸੱਚ ਤੇ ਵਕਤ ਹੁੰਦਾ ਹੈ । ਕਲਾਕਾਰ ਦਾ ਸਦਾ ਵਰਤਮਾਨ ਨਹੀਂ ਰਹਿੰਦਾ ।

? ਪ੍ਰੋ. ਸਾਹਿਬ, ਅਜੋਕੇ ਦੌਰ ਵਿਚ ਨਾਵਲ ਤੇ ਕਹਾਣੀ ਕਿਸ ਕਿਸਮ ਦੇ ਸਫਰ ਵਿਚ ਹੈ ।

– ਕੋਈ ਚੀਜ਼ ਵੀ ਖੜ੍ਹੋਤ ਵਿਚ ਨਹੀਂ ਹੈ । ਸੂਰਜ, ਚੰਦ, ਤਾਰੇ, ਜ਼ਮੀਨ, ਸਮਾਜ ਸਭ ਕੁਝ ਹਮੇਸ਼ਾ ਗਤੀ ਵਿਚ ਹੈ । ਕਦੀ ਗਤੀਸ਼ੀਲਤਾ ਘੱਟ ਨਜ਼ਰ ਆਉਂਦੀ ਹੈ ਕਦੀ ਵੱਧ । ਕਈ ਵਾਰੀ ਗੱਲ ਇਕ ਬਿੰਦੂ ਜਾਂ ਪ੍ਰਵਿਰਤੀ ਦੇ ਆਲੇ-ਦੁਆਲੇ ਵੀ ਕੁਝ ਚਿਰ ਘੁੰਮਦੀ ਰਹਿੰਦੀ ਹੈ । ਨਾਵਲ ਵਿਚ ਅਜੇਹਾ ਹੋਇਆ ਹੈ । ਪਰ ਕਹਾਣੀ ਦਾ ਸਫ਼ਰ ਨਾਵਲ ਤੋਂ ਕੁਝ ਤੇਜ਼ ਤੇ ਵੱਖਰਾ ਹੈ । ਰਾਤੋਂ ਰਾਤ ਕੋਈ ਵਿਸ਼ਾ ਅਹੁੜਦਾ ਹੈ । ਸਵੇਰੇ ਉਠਦੇ ਸਾਰ ਉਸ ਨੂੰ ਕਹਾਣੀ ਵਿਚ ਬਦਲ ਦੇਣਾ ਸੰਭਵ ਹੁੰਦਾ ਹੈ । ਨਾਵਲ ਵਿਚ ਇੰਜ ਝਟਪਟ ਕਰਨਾ ਸੰਭਵ ਨਹੀਂ ਹੈ । ਪਰ ਨਾਵਲ ਵੀ ਬਕਾਇਦਾ ਸਫ਼ਰ ਵਿਚ ਹੈ । ਗੁਰਦਿਆਲ ਸਿੰਘ ਦੇ ਨਾਵਲ ਪਰਮਜੀਤ ਜੱਜ ਵਰਗੇ ਨਹੀਂ ਹਨ । ਪਰਮਜੀਤ ਜੱਜ ਦੇ ਸੁਸ਼ੀਲ ਸ਼ਰਮਾ ਵਰਗੇ ਨਹੀਂ ਹਨ । 'ਸਲੀਬ ਆਪਣੀ ਆਪਣੀ' ਨਾਵਲ ਵਿਚ ਆਵਾਜ਼ਾਂ ਨੂੰ ਹੀ ਕਿਰਦਾਰ ਬਣਾਇਆ ਗਿਆ । ਆਵਾਜ਼ਾਂ ਹੀ ਸਵਾਲ ਨੇ ਤੇ ਆਵਾਜ਼ਾਂ ਹੀ ਜਵਾਬ । ਆਵਾਜ਼ਾਂ ਹੀ ਬਸਤੀਆਂ, ਆਵਾਜ਼ਾਂ ਹੀ ਮੁਹੱਲੇ, ਚੌਰਾਹੇ, ਪਾਰਕ, ਨਗਰ ਸੁੰਦਰੀ, ਦੇਸ਼ ਸਭ ਆਵਾਜ਼ਾਂ ਨੇ । ਪੌਲੀਗਲਾਸੀਆ ਤੇ ਹੈਟਰਗੋਲਾਸੀਆ ਦੋਨੋਂ ਮਿਲੇ ਹੋਏ ਨੇ । ਨਾਵਲ ਤੇ ਕਹਾਣੀ ਦੋਨੋਂ ਨਿਰੰਤਰ ਸਫ਼ਰ ਵਿਚ ਹਨ ਅਤੇ ਇਹ ਪਾਵਨ ਸਫ਼ਰ ਹੈ । ਇਹ ਸਫ਼ਰ ਅੱਗੇ ਤੋਂ ਅੱਗੇ ਜਾਣ ਦਾ ਤੇ ਅੱਗੇ ਤੋਂ ਅੱਗੇ ਵੇਖਣ ਦਾ ਹੈ । ਪੰਜਾਬੀ ਗਲਪ ਲਈ ਇਹ ਸ਼ੁਭ ਸ਼ਗਨ ਹੈ।

? ਪੌਲੀਗਲਾਸੀਆ ਤੇ ਹੈਟਰਗੋਲਾਸੀਆ ਤੋਂ ਕੀ ਭਾਵ ਹੈ ।

– ਰਮਿੰਦਰ, ਪੌਲੀਗਲਾਸੀਆ ਨੂੰ ਅੰਦਰ ਦੀ ਬਹੁ-ਭਾਸ਼ਕਤਾ ਕਿਹਾ ਜਾਂਦਾ ਹੈ । ਇਕੋ ਹੀ ਸਮੇਂ ਕਿਸੇ ਬੰਦੇ ਦੇ ਅੰਦਰੋਂ ਕਈ ਆਵਾਜ਼ਾਂ ਉਭਰਦੀਆਂ ਹਨ । ਆਪਣੀ ਮਨੋ-ਸਥਿਤੀ ਦੀ ਪੱਧਰ 'ਤੇ ਬੰਦਾ ਆਪਣੇ ਤੇ ਹੋਰਨਾਂ ਦੇ ਵਤੀਰੇ ਸੰਬੰਧੀ ਮਨ-ਬਚਨੀਆਂ ਕਰਦਾ ਰਹਿੰਦਾ ਹੈ । ਇਸ ਵਿਚ ਕਿਤੇ ਆਪਣੇ ਆਪ ਦੇ ਗ਼ਲਤ ਹੋਣ ਜਾਂ ਪਛਤਾਵਾਂ ਮਹਿਸੂਸ ਕਰਨ ਜਾਂ ਕਿਸੇ ਨਵੀਂ ਸਮਝ ਦੇ ਕਈ

ਉਤਰਾਅ-ਚੜਾਅ ਚੱਲਦੇ ਰਹਿੰਦੇ ਹਨ । ਹੈਟਰਗੋਲਾਸੀਆ ਤੋਂ ਭਾਵ ਵੱਖ-ਵੱਖ ਲੋਕਾਂ ਦੀ ਬਹੁ-ਭਾਸ਼ਕਤਾ ਤੋਂ ਹੈ । ਹਰੇਕ ਬੰਦੇ ਦੀ ਆਪਣੀ ਸਮਝ, ਭਾਸ਼ਾ ਜਾਂ ਸੋਚ ਹੁੰਦੀ ਹੈ । ਇਹ ਬਾਹਲੀਆਂ ਉੱਠਦੀਆਂ ਵੱਖ-ਵੱਖ ਆਵਾਜ਼ਾਂ ਤੋਂ ਇਕ ਬਹੁ-ਭਾਸ਼ਾਈ ਸਿਸਟਮ ਬਣਦਾ ਹੈ । ਹਰ ਵਿਅਕਤੀ ਇਸ ਬਾਹਰਲੇ ਭਾਸ਼ਾਈ ਸਿਸਟਮ ਤੋਂ ਪ੍ਰਭਾਵਿਤ ਹੁੰਦਾ ਹੈ । ਉਸਦੀ ਆਪਣੀ ਨਿੱਜੀ ਭਾਸ਼ਾ ਵੀ ਬਾਹਰਲੀ ਭਾਸ਼ਾ ਦੀ ਪਰਤੌਂ ਹੁੰਦੀ ਹੈ । ਇਕ ਤਰ੍ਹਾਂ ਨਾਲ ਇਹ ਦੋਨਾਂ ਟਰਮਾਂ ਤੋਂ ਭਾਵ ਬਹੁ-ਭਾਸ਼ਕਤਾ ਤੋਂ ਹੈ । ਇਕ ਦਾ ਸੰਬੰਧ ਵਿਅਕਤੀ ਦੇ ਮਨੋ-ਜਗਤ ਨਾਲ ਹੈ, ਦੂਜੀ ਦਾ ਸੰਬੰਧ ਵਸਤੂ-ਜਗਤ ਨਾਲ।

? ਰਾਹੀ ਸਾਹਿਬ, ਪੰਜਾਬੀ ਕਹਾਣੀ ਦੀ ਸ਼ਿਲਪ ਦੇ ਪੱਖ ਤੋਂ ਵੱਖਰੀ ਜਾਂ ਨਿਵੇਕਲੀ ਪਹਿਚਾਣ ਕਿਵੇਂ ਬਣਦੀ ਹੈ ।

– ਸ਼ਿਲਪ ਨੂੰ ਸਮਝਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਵਿਧਾ ਕੀ ਹੈ ? ਇਕ ਵਿਧਾ ਹੈ ਵਿਡੰਬਨਾ ਦੀ । ਇਸ ਵਿਚ ਦਿਸਦਾ ਕੁਝ ਹੋਰ ਹੈ ਪਰ ਤਹਿ ਵਿਚ ਕੁਝ ਹੋਰ ਹੁੰਦਾ ਹੈ । ਇਸ ਨੂੰ ਵੇਖਣ ਲਈ ਦੋਹਰੀ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ । ਨਾਨਕ ਸਿੰਘ ਦੀ ਕਹਾਣੀ ਵਿਅੰਗ ਦੀ ਹੈ । ਵਿਅੰਗ ਕਿਸੇ ਵੀ ਪਾਤਰ ਦੇ ਪ੍ਰੋਫੈਸ਼ਨਲ ਕਿਰਦਾਰ ਦੇ ਕੋਹਜ 'ਤੇ ਹੁੰਦਾ ਹੈ । ਕਈ ਸੱਚ ਜਾਂ ਗੱਲਾਂ ਗੁੰਝਲਦਾਰ ਤੇ ਸੂਖਮ ਹੁੰਦੀਆਂ ਹਨ । ਕਈ ਵਾਰ ਲਫ਼ਜ਼ਾਂ ਜਾਂ ਮਨ ਦੀਆਂ ਗੱਲਾਂ ਨੂੰ ਮੁਕੰਮਲ ਰੂਪ ਵਿਚ ਸ਼ਬਦਾਂ ਵਿਚ ਉਤਾਰਨਾ ਸੰਭਵ ਨਹੀਂ ਹੁੰਦਾ । ਜਿਵੇਂ ਸ਼ੇਅਰ ਹੈ: 'ਨਕਸ਼ ਫਰਿਆਦੀ ਹੈ ਕਿਸਕੀ ਸ਼ੋਖ਼ੀਏ ਤਹਰੀਰ ਕਾ, ਕਾਗਜ਼ੀ ਹੈ ਪਹਿਰਨ ਹਰ ਪੈਕਰਿ ਤਸਵੀਰ ਕਾ' । ਤੁਹਾਡੇ ਮਨ ਤੇ ਕਲਪਨਾ ਵਿਚ ਕੀ ਹੈ ? ਇਹ ਪੂਰੀ ਤਰ੍ਹਾਂ ਸ਼ਬਦਾਂ ਵਿਚ ਤੁਸੀਂ ਨਹੀਂ ਦਸ ਸਕਦੇ । ਅਸੀਂ ਸੂਖ਼ਮ ਖਿਆਲਾਂ ਨੂੰ ਸੰਚਾਰਿਤ ਕਰਨ ਲਈ ਪ੍ਰਤੀਕ ਜਾਂ ਬਿੰਬ ਚੁਣਦੇ ਹਾਂ। ਜਿਵੇਂ ਸਵੈਟਰ ਦੀ ਬੁਣਤੀ ਪਾਉਂਦੇ ਹੋ ਤਾਂ ਪੈਟਰਨ ਬਣੀ ਜਾਂਦੇ ਹਨ। ਲੇਖਕ ਜਿਹੜੀਆਂ ਜੁਗਤਾਂ ਨਾਲ ਬੁਣਤੀਆਂ ਬੁਣਦਾ ਹੈ, ਇਸ ਨੂੰ ਹੀ ਬੁਣਤਰ ਕਿਹਾ ਜਾਂਦਾ ਹੈ। ਅਜੋਕੀ ਕਹਾਣੀ ਦੀ ਬਣਤਰ ਵਿਚ ਬੁਣਤਰ 'ਤੇ ਬਲ ਵੱਧ ਰਿਹਾ ਹੈ । ਗੱਲ ਦੱਸਣ ਤੇ ਲੁਕਾਉਣ 'ਤੇ ਜ਼ੋਰ ਹੈ । ਹੁਣ ਤਾਂ ਕਹਾਣੀਕਾਰ ਉਪਦੇਸ਼ਕ ਨਹੀਂ ਹੈ । ਇਹ ਰਮਜ਼ਮੁਖੀ ਹੈ । ਸਾਹਿਤ ਹੈ ਹੀ ਰਮਜ਼ ਦੀ ਭਾਸ਼ਾ । ਪਾਠਕ ਲਈ ਸੁਨੇਹਾ ਰੈਡੀਮੇਡ ਨਹੀਂ ਹੈ। ਇਹ ਖੋਜਣਾ ਪੈ ਰਿਹਾ ਹੈ । ਇਹ ਅਜੋਕੀ ਕਹਾਣੀ ਦੀ ਸ਼ਿਲਪ ਪੱਖੋਂ ਤਾਕਤ ਹੈ ਤੇ ਵਿਸ਼ੇਸ਼ ਪਹਿਚਾਣ ਵੀ ।

? ਤੁਸੀਂ ਮਿੰਨੀ ਕਹਾਣੀ ਅਤੇ ਲੰਮੀ ਕਹਾਣੀ ਦਾ ਨਿੱਕੀ ਕਹਾਣੀ ਨਾਲੋਂ ਕੀ ਫ਼ਰਕ ਸਮਝਦੇ ਹੋ।

– ਵਿਧਾ ਵਜੋਂ ਨਿੱਕੀ ਕਹਾਣੀ, ਲੰਮੀ ਕਹਾਣੀ, ਮਿੰਨੀ ਕਹਾਣੀ ਜਾਂ ਤਮਸੀਲੀ ਕਹਾਣੀ ਦਾ ਕੋਈ ਖਾਸ ਫ਼ਰਕ ਨਹੀਂ ਹੈ, ਪਰ ਸ਼ਿਲਪ ਜਾਂ ਤਕਨੀਕ ਵਜੋਂ ਫ਼ਰਕ ਹੈ । ਉਪ-ਬਿਰਤਾਂਤ ਦਾ ਫਰਕ ਹੈ । ਲੰਮੀ ਕਹਾਣੀ ਵਿਚ ਕਈ ਉਪ-ਬਿਰਤਾਂਤ ਹੁੰਦੇ ਹਨ । ਉਪ-ਬਿਰਤਾਂਤ ਕਹਾਣੀ ਨੂੰ ਸੰਘਣਾ ਬਣਾਉਂਦੇ ਹਨ । ਇਹ ਸ਼ਿਲਪ ਦਾ ਮਸਲਾ ਹੈ। ਮਿੰਨੀ ਕਹਾਣੀ ਵਿਚ ਕੋਈ ਵਿਸਤਾਰਨ ਨਹੀਂ, ਵਰਣਨ ਨਹੀਂ, ਪਾਤਰ ਚਿਤਰਨ ਨਹੀਂ, ਆਲੇ-ਦੁਆਲੇ ਦੀ ਜਾਣਕਾਰੀ ਨਹੀਂ । ਇਸ ਨੂੰ ਲਤੀਫ਼ੇ ਤੋਂ ਨਿਖੇੜ ਕੇ ਵੇਖੋ । ਇਹ ਲਤੀਫ਼ਾ ਨਹੀਂ ਹੁੰਦੀ, ਪਰ ਕਈ ਵਾਰ ਲਤੀਫ਼ੇ ਵਰਗੀ ਜਾਪਦੀ ਹੈ । ਲਤੀਫਾ ਸਿਰਫ ਹਸਾਏਗਾ ਪਰ ਜਿਹੜਾ ਲਤੀਫਾ ਹਸਾਉਂਦਾ ਵੀ ਹੈ ਤੇ ਆਪਣੇ ਅੰਦਰ ਕੋਈ ਅਰਥਾਂ ਦਾ ਭੇਤ ਵੀ ਲੁਕਾਈ ਬੈਠਾ ਹੈ, ਉਸ ਲਤੀਫ਼ੇ ਅੰਦਰ ਮਿੰਨੀ ਕਹਾਣੀ ਦੀ ਅੰਸ਼ ਹੁੰਦੀ ਹੈ । ਹਾਸ ਦੀ ਅੰਸ਼ ਤਨਜ਼ੀਆ ਹੋਵੇਗੀ । ਵਿਅੰਗ ਰਾਹੀਂ ਮਜ਼ਾਕ ਉਡਾਇਆ ਗਿਆ ਹੋਵੇਗਾ । ਨਾਲ ਹੀ ਚੀਰਾ ਵੀ ਦਿੱਤਾ ਹੋਵੇਗਾ । ਭਾਵ ਕੋਈ ਪੀੜ ਵੀ ਮਹਿਸੂਸ ਹੋਵੇਗੀ । ਲਤੀਫਾ ਹਸਾਉਣ ਤੋਂ ਇਲਾਵਾ ਸਮਾਜਕ ਸੰਬੰਧਾਂ ਵਿਚ ਜਾਤੀ ਜਾਂ ਜਮਾਤੀ ਵਿਵਸਥਾ 'ਤੇ ਤਨਜ਼ ਕਰਦਾ ਹੈ । ਮਿੰਨੀ ਕਹਾਣੀ 'ਐਨਕਡੋਟਲ' ਹੁੰਦੀ ਹੈ । ਇਸ ਵਿਚ ਹਾਸਾ ਵੀ, ਚੀਰਾ ਵੀ, ਸੁੱਖ ਵੀ, ਦੁੱਖ ਵੀ, ਜਾਤੀ ਜਾਂ ਵਰਣਗਤ ਵਿਗੋਚੇ ਵੀ ਹੋ ਸਕਦਾ ਹੈ। ਲੰਮੀ ਕਹਾਣੀ ਦਾ ਪ੍ਰਤੀਨਿਧ ਕਹਾਣੀਕਾਰ ਵਰਿਆਮ ਸੰਧੂ ਹੈ



। ਇਸ ਦੀਆਂ ਕਹਾਣੀਆਂ ਵਿਚ ਕਈ ਉਪ-ਬਿਰਤਾਂਤ ਮੁੱਖ ਬਿਰਤਾਂਤ ਨਾਲ ਜੁੜਦੇ ਹਨ । ਇਸ ਨਾਲ ਕਹਾਣੀ ਲੰਮੀ ਵੀ ਹੁੰਦੀ ਹੈ ਤੇ ਅਰਥਾਂ ਵਿਚ ਗਹਿਰਾਈ ਵੀ ਆਉਂਦੀ ਹੈ । ਬਾਕੀ ਗੁਣ ਇਸ ਵਿਚ ਨਿੱਕੀ ਕਹਾਣੀ ਵਾਲੇ ਹੀ ਹਨ ।

? ਤੁਹਾਡਾ ਤਮਸੀਲੀ ਕਹਾਣੀ ਤੋਂ ਕੀ ਭਾਵ ਹੈ ।

– ਤਮਸੀਲ ਨੂੰ ਅੰਗਰੇਜ਼ੀ ਵਾਲੇ 'ਐਲੂਗਰੀ' (Allegory), ਹਿੰਦੀ ਵਾਲੇ 'ਅਨਿਓਕਤੀ' ਕਹਿੰਦੇ ਹਨ । ਤਮਸੀਲ ਆਮ ਕਰਕੇ ਕਿਸੇ ਅਧਿਆਤਮ-ਵਿਚਾਰ ਜਾਂ ਰਾਜਸੀ ਵਿਅੰਗ ਬਾਰੇ ਹੋ ਸਕਦਾ ਹੈ । ਹੋਰ ਕਿਸਮ ਦੇ ਕਿਸੇ ਵਿਸ਼ੈ ਬਾਰੇ ਤਮਸੀਲ ਮੇਰੀ ਨਜ਼ਰ ਵਿਚੋਂ ਨਹੀਂ ਗੁਜ਼ਰੀ । ਤਮਸੀਲ ਤੋਂ ਭਾਵ ਹੈ ਕਿ ਗੱਲ ਕਰਨੀ ਰੂਪਕ ਦੇ ਅੰਦਾਜ਼ ਵਿਚ ਹੈ ਪਰ ਜਿਵੇਂ ਰੂਪਕ ਸਿਰਫ਼ ਕਿਸੇ ਦੂਸਰੀ ਚੀਜ਼ ਜਾਂ ਗੱਲ ਨੂੰ ਤੁਲਨਾ ਰਾਹੀਂ ਦਰਸਾਉਣ ਤਕ ਮਹਿਦੂਦ ਰਹਿ ਜਾਂਦਾ ਹੈ, ਤਿਵੇਂ ਤਮਸੀਲੀ ਸਿਰਫ਼ ਤੁਲਨਾ ਤੱਕ ਮਹਿਦੂਦ ਨਹੀਂ ਰਹਿੰਦੀ ਬਲਕਿ ਕਿਸੇ ਪੂਰੀ ਡੂੰਘੀ ਰਮਜ਼ ਨੂੰ ਸਮਝਾਉਣ ਦਾ ਜ਼ਰੀਆ ਬਣ ਜਾਂਦੀ ਹੈ । ਖਾਲਿਦ ਹੁਸੈਨ ਦੀ ਕਹਾਣੀਆਂ ਦੀ ਕਿਤਾਬ ਹੈ 'ਬਲਦੀ ਬਰਫ਼ ਦਾ ਸੇਕ' । ਇਸ ਵਿਚ ਇਕ ਕਹਾਣੀ ਹੈ 'ਗੋਰੀ ਫਸਲ ਦੇ ਸੌਦਾਗਰ' । ਇਸ ਵਿਚ ਰਾਜਸੀ ਨੇਤਾਵਾਂ ਦੀ ਲਿੰਗ ਭੁਖ ਦੇ ਪ੍ਰਪੰਚ ਉਤੇ ਟੋਕ ਕੀਤੀ ਗਈ ਹੈ, ਜੋ ਤਮਸੀਲੀ ਅੰਦਾਜ਼ ਵਿਚ ਹੈ । ਦੂਸਰੇ ਸ਼ਬਦਾਂ ਵਿਚ ਨੇਤਾਵਾਂ ਦੀ ਬੁੱਕਲ ਵਿਚ ਕੀ ਚਲਦਾ ਹੈ ? ਖਾਲਿਦ ਦੀ ਕਹਾਣੀ ਇਸ ਗੁੰਝਲ ਵਿਚ ਖੁਲ੍ਹਦੀ ਹੈ ।

? ਤੁਸੀਂ ਨਿੱਕੀ ਕਹਾਣੀ ਦਾ ਨਾਵਲਿਟ ਨਾਲੋਂ ਕੀ ਫ਼ਰਕ ਸਮਝਦੇ ਹੋ ।

– ਨਾਵਲਿਟ ਨੂੰ ਅਸੀਂ ਨਾਵਲ ਤੇ ਲੰਮੀ ਕਹਾਣੀ ਦੇ ਵਿਚਕਾਰ ਰੱਖ ਕੇ ਵੇਖਦੇ ਹਾਂ । ਲੰਮੀ ਕਹਾਣੀ ਵਿਚ ਉਪ ਬਿਰਤਾਂਤ ਦੇ ਬਾਵਜੂਦ ਘਟਨਾਵਾਂ ਜਾਂ ਵੇਰਵਿਆਂ ਦਾ ਖਲਾਰਾ ਨਹੀਂ ਹੁੰਦਾ । ਨਾਵਲ ਵਿੱਚ ਬੰਦੇ ਨੂੰ ਸਮਾਜ-ਇਤਿਹਾਸ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ । ਇਸ ਵਿਚ ਕੇਂਦਰੀ ਪਾਤਰ ਦੀ ਸੋਚ, ਅਮਲ ਜਾਂ ਸੁਪਨੇ ਤੇ ਪ੍ਰਾਪਤੀ ਵਿਚਲੇ ਫ਼ਰਕ ਨੂੰ ਪਛਾਣਿਆ ਜਾਂਦਾ ਹੈ । ਇਹ ਵਿਡੰਬਨਾ ਭਾਵ ਦੋਹਰੀ ਦ੍ਰਿਸ਼ਟੀ ਵਾਲਾ ਸਾਹਿਤ ਰੂਪ ਹੈ । ਇਸ ਵਿਚ ਸਮਾਜਕ ਹਕੀਕਤਾਂ ਨੂੰ ਦਰਿਆਫਤ ਕਰਨ ਦਾ ਯਤਨ ਕੀਤਾ ਜਾਂਦਾ ਹੈ । ਪਰ ਨਾਵਲਿਟ ਵਿਚ ਕੇਂਦਰੀ ਪਾਤਰ ਦੀ ਮਨੋਸਥਿਤੀ ਨੂੰ ਹੀ ਵਧੇਰੇ ਚਿਤਰਿਆ ਜਾਂਦਾ ਹੈ । ਇਸ ਦੀ ਸੁਰ ਵਧੇਰੇ ਪ੍ਰਗੀਤਕ ਕਿਸਮ ਦੀ ਹੁੰਦੀ ਹੈ । ਇਸ ਵਿਚ ਮਨੋਸਥਿਤੀ ਦੀ ਵੇਦਨਾ, ਸੰਵੇਦਨਾ ਅਤੇ ਕਥਾਰਸਿਸ 'ਤੇ ਹੀ ਬਲ ਦਿੱਤਾ ਜਾਂਦਾ ਹੈ । ਸਾਡੇ ਵਧੇਰੇ ਨਾਵਲਿਟ ਔਰਤ ਲੇਖਕਾਵਾਂ ਦੇ ਲਿਖੇ ਹੋਏ ਹਨ । ਇਨ੍ਹਾਂ ਵਿੱਚ ਔਰਤ ਦੀ ਮਨੋਸਥਿਤੀ ਦੇ ਮਨੋਭਾਵਾਂ ਜਿਵੇਂ ਪੀੜਾ, ਕਰੁਣਾ ਤੇ ਤਰਸੇਵੇਂ ਵਗੈਰਾ ਦੀ ਵਧੇਰੇ ਪੇਸ਼ਕਾਰੀ ਹੋਈ ਹੈ । ਨਾਵਲਿਟ ਅਤੇ ਨਾਵਲ ਦੇ ਫਰਕ ਦਾ ਸੰਬੰਧ ਆਕਾਰ ਨਾਲੋਂ ਰਚਨਾ-ਦ੍ਰਿਸ਼ਟੀ ਨਾਲ ਵਧੇਰੇ ਹੈ । ਆਕਾਰ ਵਜੋਂ ਕੋਈ ਰਚਨਾ ਬਹੁਤ ਵੱਡੀ ਹੋ ਕੇ ਵੀ ਨਾਵਲਿਟ ਹੋ ਸਕਦੀ ਹੈ ਅਤੇ 'ਬੁੱਢਾ *ਅਤੇ ਸਮੁੰਦਰ'* ਵਰਗੀ ਰਚਨਾ ਆਕਾਰ ਵਿੱਚ ਛੋਟੀ ਹੋ ਕੇ ਵੀ ਸ਼ਾਹਕਾਰ ਨਾਵਲ ਹੈ । ਨਾਵਲਿਟ ਵਿੱਚ ਪਾਤਰ ਦੀ ਮਨੋਸਥਿਤੀ ਨਾਲ ਸੰਬੰਧਿਤ ਵੇਰਵਿਆਂ ਦੀ ਬਹੁਤਾਂਤ ਹੁੰਦੀ ਹੈ । ਨਾਵਲਿਟ ਵਧੇਰੇ ਕਰਕੇ ਮੁੱਖ ਪਾਤਰ ਉੱਤੇ ਹੀ ਕੇਂਦਰਿਤ ਹੁੰਦਾ ਹੈ ।

? ਰਾਹੀ ਸਾਹਿਬ, ਕੀ ਤੁਸੀਂ ਪੱਛਮ ਦੇ ਕਹਾਣੀ ਸ਼ਾਸਤਰ ਤੋਂ ਪ੍ਰਭਾਵਿਤ ਹੋ ਅਤੇ ਕੀ ਇਸ ਰਾਹੀਂ ਪੰਜਾਬੀ ਕਹਾਣੀ ਦੀ ਪਰਖ ਕਰਦੇ ਹੋ ।

– ਮੈਂ ਪੱਛਮ ਦੇ ਕਹਾਣੀ ਸ਼ਾਸਤਰ ਦਾ ਨਕਲਚੀ ਬਿਲਕੁਲ ਨਹੀਂ ਹਾਂ । ਬਹੁਤਾ ਕੁਝ ਮੈਂ ਪੱਛਮ ਦਾ ਪੜ੍ਹਿਆ ਵੀ ਨਹੀਂ ਹੈ । ਪ੍ਰੋ. ਸ਼ਿਵ ਕੁਮਾਰ ਦੀ ਸੰਪਾਦਕ ਕੀਤੀ ਇਕ ਕਿਤਾਬ ਵੇਖੀ ਸੀ । ਉਹਦੇ ਵਿਚ ਦੋ ਮਜ਼ਮੂਨ ਸਨ । ਮੇਰੇ ਉਤੇ ਉਨ੍ਹਾਂ ਦੋ ਮਜ਼ਮੂਨਾਂ ਦਾ ਅਸਰ ਜ਼ਰੂਰ ਹੈ । ਸੇਖੋਂ ਦੀ 'ਝੂਠੀਆਂ ਸੱਚੀਆਂ' ਦੀ ਭੂਮਿਕਾ ਤੇ ਹਰਿਭਜਨ ਸਿੰਘ ਦਾ ਵੀ ਪ੍ਰਭਾਵ ਹੈ । ਹਰਿਭਜਨ ਸਿੰਘ ਤੋਂ ਇਹ ਗੱਲ ਗ੍ਰਹਿਣ ਕੀਤੀ ਕਿ ਸਾਧਾਰਨ ਬੰਦਾ ਨਾ ਦੇਵਤਾ ਹੈ ਨਾ ਸ਼ੈਤਾਨ । ਇਨ੍ਹਾਂ ਦੋਹਾਂ ਸੰਭਾਵਨਾਵਾਂ ਕਰਕੇ ਹੀ ਔਸਤਨ ਬੰਦਾ ਸਾਧਾਰਨ ਹੈ । ਗੁਣ-ਔਗੁਣ ਇਸ ਵਿਚ ਰਲੇ ਮਿਲੇ ਹਨ । ਕਿਧਰੇ ਬਦਮਾਸ਼ ਆਦਮੀ

ਵੀ ਸ਼ਰਾਫ਼ਤ ਦੀ ਗੱਲ ਕਰਦਾ ਹੈ, ਕਿਧਰੇ ਸ਼ਰੀਫ਼ ਆਦਮੀ ਬਦਮਾਸ਼ੀ ਕਰਦਾ ਹੈ।ਇਸੇ ਨੁਕਤੇ ਨੂੰ ਹੀ ਮੈਂ ਫੈਲਾਇਆ ਜਾਂ ਵਿਸਤਾਰਿਆ ਹੈ ।ਮੈਂ ਹੋਰਨਾਂ ਦੀ ਨਜ਼ਰ ਨੂੰ ਸਮੋਅ ਕੇ ਅੱਗੇ ਆਪਣੀ ਨਜ਼ਰ ਬਣਾਈ ਹੈ ।ਸਿੱਧਾ ਪੱਛਮ ਤੋਂ ਮੈਂ ਕੁਝ ਨਹੀਂ ਲਿਆ ਜਾਂ ਸਿੱਖਿਆ ।ਪੰਜਾਬੀ ਦੀਆਂ ਕੁਝ ਉੱਚ-ਪਾਏ ਦੀਆਂ ਕਹਾਣੀਆਂ ਦੀ ਪੜ੍ਹਤ ਤੋਂ ਮੈਂ ਕਹਾਣੀ ਦੇ ਸ਼ਿਲਪ ਸੰਬੰਧੀ ਆਪਣੀ ਰਾਇ ਕਾਇਮ ਕੀਤੀ ਹੈ।

? ਕੋਈ ਕਹਾਣੀ ਕਲਾਸਿਕ ਕਿਵੇਂ ਬਣਦੀ ਹੈ ।

– ਇਹ ਸਵਾਲ ਕਹਾਣੀ ਵਿਚ ਦਾਰਸ਼ਨਿਕ ਗਹਿਰਾਈ ਨਾਲ ਸੰਬੰਧਿਤ ਹੈ ।ਬਾਖਤੀਨ ਨੇ ਇਕ ਟਰਮ ਦਿੱਤੀ ਸੀ 'ਕਰੋਨੋਟੋਪ' ਇਸ ਦਾ ਮਤਲਬ ਸੀ ਕੋਈ ਖਾਸ ਕਾਲ ਖੰਡ ।ਕਿਸੇ ਕਾਲ-ਖੰਡ ਵਿਚ ਕੋਈ ਖਾਸ ਕਿਸਮ ਦੀ ਸੋਚ ਹੁੰਦੀ ਹੈ ।ਕੋਈ ਖਾਸ ਪ੍ਰਵਿਰਤੀ ਹਾਵੀ ਹੁੰਦੀ ਹੈ ।ਹਰ 'ਕਰੋਨੋਟੋਪ' ਵਿਚ ਕੋਈ ਵਿਚਾਰ-ਪੱਧਤੀ ਕੰਮ ਕਰਦੀ ਹੈ ।ਜਦੋਂ ਉਹ ਵਿਚਾਰ-ਪੱਧਤੀ ਮੁਕੀ ਤਾਂ ਘੇਰਾ ਮੁਕਿਆ ।ਅੱਗੋਂ ਹੋਰ ਘੇਰਾ ਆਵੇਗਾ ।ਹਿਸਟਰੀ ਕਾਲਖੰਡਾਂ ਦੇ ਦਾਇਰਿਆਂ ਵਿਚ ਗਤੀਮਾਨ ਰਹਿੰਦੀ ਹੈ । ਪੱਛਮ ਦੇ ਸਕਾਲਰ 'ਲੋਗੈਸ' ਤੇ ਦੂਜੀ 'ਹਿਸਟਰੀ' ਦੀ ਟਰਮ ਵਰਤਦੇ ਹਨ ।ਲੋਗੈਸ ਤੋਂ ਭਾਵ ਉੱਚੀ-ਸੋਚ, ਉਦਾਤ-ਚੇਤਨਾ ਜਾਂ ਕਿਸੇ ਦਾ ਦਾਰਸ਼ਨਿਕਤਾ ਤੋਂ ਹੈ ।ਪੱਛਮੀ ਸਕਾਲਰ ਹਿਸਟਰੀ ਨੂੰ ਹੀ ਸਭ ਕੁਝ ਮੰਨਦੇ ਹਨ ।ਉਨ੍ਹਾਂ ਮੁਤਾਬਕ ਪਾਕਿ ਦਾਰਸ਼ਨਿਕਾ ਕੁਝ ਨਹੀਂ ਹੈ।ਇਹ ਇਕ ਤਰ੍ਹਾਂ ਵਿਕਸਤ ਦੇਸ਼ ਦਾ ਸਾਮਰਾਜੀ ਵਤੀਰਾ ਹੈ ।ਵਰਤਮਾਨ ਇਤਿਹਾਸ ਵਿਚ ਉਹ ਤਾਕਤਵਰ ਹਨ, ਰਾਜਸੀ ਰੂਪ ਵਿਚ ਤੇ ਮਾਰਕੀਟ ਰੂਪ ਵਿਚ ।ਵਿਕਾਸਸ਼ੀਲ ਜਾਂ ਵਿਕਾਸ ਕਰ ਰਹੇ ਦੇਸ਼ਾਂ ਕੋਲ, ਜੋ ਫਲਸਫ਼ੇ ਜਾਂ ਵਿਚਾਰਧਾਰਾ ਦੇ ਰੂਪ ਵਿਚ ਗੌਲਣਯੋਗ ਜਾਂ ਮਹੱਤਵਪੂਰਨ ਹੈ, ਇਸ ਨੂੰ ਉਹ ਤੁੱਛ ਸਮਝਦੇ ਹਨ ।ਇਸ ਸਿਆਸਤ ਤੋਂ ਸਾਵਧਾਨ ਰਹਿਣ ਦੀ ਲੋੜ ਹੈ ।ਸਾਡੇ ਕੋਲ ਵਿਚਾਰਧਾਰਾ ਜਾਂ ਦਾਰਸ਼ਨਿਕਤਾ ਦੇ ਕਲਾਸਿਕ ਰੂਪ ਹਨ ਤੇ ਰਚਨਾਵਾਂ ਦੇ ਵੀ ।ਕਲਾਸਿਕ ਉਹ ਹੈ ਕਿ ਹਿਸਟਰੀ ਦੇ 'ਕਰੋਨੋਟੋਪ' ਜਿੰਨੇ ਮਰਜ਼ੀ ਬਦਲਣ, ਉਸ ਦੇ ਅੰਦਰ ਵਿਚਾਰਧਾਰਾ ਚਲਦੀ ਰਹੇ ਤੇ ਉਸਦੀ ਸਾਰਥਕਤਾ ਬਣੀ ਰਹੇ ।ਉਹੀ ਦਾਰਸ਼ਨਿਕਤਾ ਹੈ ।ਜਿਹੜੀ ਵਿਚਾਰਧਾਰਾ ਜ਼ਿੰਦਗੀ ਦੇ ਕੁਝ ਪੱਕੇ ਮਸਲਿਆਂ ਨਾਲ ਸੰਬੰਧਿਤ ਹੋਵੇ, ਜਿਵੇਂ ਜੀਣਾ ਕਿਵੇਂ ਹੈ ? ਸਾਹ ਲੈਣਾ ਹੀ ਜੀਣਾ ਹੈ ।ਨਹੀਂ, ਜੀਣਾ ਅਸਲ ਵਿਚ ਉਹ ਹੈ ਜਿਹੜਾ ਥੀਣਾ ਵੀ ਹੋਵੇ ।ਉੱਦਾਤ-ਚੇਤਨਾ ਦੀ ਦੁਨੀਆਂ ਵਿਚ ਜੀਣਾ ।ਭਾਵ ਅਜੇਹੀ ਉੱਚੀ ਚੇਤਨਾ ਜਾਂ ਵੱਡੀ ਸੋਚ, ਜੋ ਪਦਾਰਥਕ ਦੁਨੀਆਂ ਤੋਂ ਉਤਾਂਹ ਉੱਠੀ ਹੋਈ ਹੋਵੇ।ਸਭਿਅਤਾ ਨਾਲ ਦੌਲਤ ਪੈਦਾ ਹੁੰਦੀ ਹੈ ।ਦੌਲਤ ਨਾਲ ਸਿਸਟਮ ਹੈ ।ਕੁਦਰਤ ਨਾਲ ਤਜਰਬੇ ਕੀਤੇ ਜਾਂਦੇ ਹਨ, ਜੀਵਨ ਨੂੰ ਸੌਖਾ ਬਨਾਉਣ ਦੇ । ਦਿਮਾਗੀ ਕਾਢਾਂ ਨਾਲ ਨਵੇਂ ਨਿਯਮ ਲੱਭਦੇ ਗਏ ਤੇ ਦੌਲਤ ਵੱਧਦੀ ਗਈ ।ਤਕੜੇ ਦੀ ਮਾਲਕੀ ਬਣਦੀ ਗਈ।ਇਹਦੇ ਵਿਚੋਂ ਹੀ ਸਿਸਟਮ, ਇਹਦੇ ਵਿਚੋਂ ਹੀ ਕਲਾਸਾਂ ਉਸਰੀਆਂ ।ਪਰ ਸੁਆਰਥਾਂ ਜਾਂ ਨਿੱਜ ਤੋਂ ਉਪਰ ਉੱਠ ਕੇ ਸੋਚਣਾ ਹੀ ਉੱਦਾਤ-ਚੇਤਨਾ ਹੈ।ਪੈਸਾ ਜ਼ਰੂਰਤਾਂ ਜੋਗਾ ਵੀ ਠੀਕ ਹੈ । ਆਯਾਸ਼ੀ ਸਾਮਾਨ ਬਿਨਾਂ ਵੀ ਜੀਵਨ ਚੰਗਾ ਹੋ ਸਕਦਾ ਹੈ। ਜੇ ਤਾਲਸਤਾਏ ਦੀ ਜ਼ੁਬਾਨ ਵਿਚ ਦਰਸਾਉਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਆਖਿਰ ਬੰਦੇ ਨੂੰ ਕਿੰਨੀ ਜ਼ਮੀਨ ਚਾਹੀਦੀ ਹੈ, ਸਿਰਫ਼ ਛੇ ਫੁੱਟ ।ਇਹ ਕਥਨ ਬੰਦੇ ਦੀ ਆਖ਼ਰੀਅਤ ਨੂੰ ਦਰਸਾਉਣ ਵਾਲੇ ਰੂਪ ਅਲੰਕਾਰ ਵਜੋਂ ਹੈ ।ਜ਼ਿੰਦਗੀ ਵਿਚ ਗਲਤ ਵੀ ਕੀਤਾ, ਤਾਂ ਠੀਕ ਹੋਣ ਦੀ ਕੋਸ਼ਿਸ਼ ਕਰੋ ।ਸਾਹਮਣੇ ਵੇਖੋ, ਪਿਛੇ ਨਹੀਂ ।ਦੁੱਖ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਹਨ ।ਇਹੋ ਲੀਲਾ ਹੈ ।ਜੇਕਰ ਦੁੱਖ ਨਹੀਂ ਤਾਂ ਸੁੱਖ ਦਾ ਵੀ ਕੋਈ ਮਤਲਬ ਨਹੀਂ ਹੈ ।'ਦੁਖ ਦਾਰੂ ਸੁਖ ਰੋਗ ਭਾਇਆ' ।ਜਦ ਵਿਚਾਰਧਾਰਾ ਵਿਕਾਸ ਕਰਦੀ ਹੋਈ ਦਾਰਸ਼ਨਿਕਤਾ ਵਿਚ ਬਦਲ ਜਾਂਦੀ ਹੈ ਤਾਂ ਰਚਨਾ ਕਲਾਸਿਕ ਲੱਛਣ ਅਖ਼ਤਿਆਰ ਕਰਦੀ ਹੈ ।ਦੁਨੀਆਂ ਵਿਚ ਬਹੁਤ ਘੱਟ ਲੋਕਾਂ ਨੂੰ ਸਾਹਿਤ ਦੇ ਮਾਮਲੇ ਵਿਚ ਦਾਰਸ਼ਨਿਕਤਾ ਦੀ ਫਿਕਰ ਹੈ ।ਵਿਰਲੇ ਹੀ ਹਨ, ਜਿਹੜੇ ਸਾਹਿਤ ਵਿਚ ਦਾਰਸ਼ਨਿਕ ਨੁਕਤਾ-ਨਿਗਾਹ ਦੀ ਗੱਲ ਕਰਦੇ ਹਨ ।ਅਸੀਂ ਜਿਸ ਕਿਸਮ ਦੀਆਂ ਪਰਿਸਥਿਤੀਆਂ ਜਾਂ ਜਿਸ ਦੌਰ ਵਿਚ ਗੁਜ਼ਰ ਰਹੇ ਹਾਂ, ਸਾਹਿਤ ਉਸ ਨਾਲ ਨਿਬੜਦਾ ਹੈ । ਜਦ ਸਾਹਿਤ ਆਪਣੇ ਵੇਲੇ ਦੀਆਂ ਆਪਣੀਆਂ ਪਰਿਸਥਿਤੀਆਂ ਵਿਚ ਵੀ ਪ੍ਰਾਸੰਗਿਕ ਹੋਵੇ ਤੇ ਅੱਗੇ



ਵੀ, ਤਦ ਹੀ ਦਾਰਸ਼ਨਿਕਤਾ ਹੋਵੇਗੀ ।ਦਾਰਸ਼ਨਿਕਤਾ ਖੁਲ੍ਹੇ ਅੰਤ ਵਾਲੀ ਹੁੰਦੀ ਹੈ ।ਤੁਸੀਂ ਨਵੀਂ ਵਿਚਾਰ-ਪੱਧਤੀ ਘੜ ਸਕਦੇ ਹੋ, ਪਰ ਜੜ੍ਹਾਂ ਉਥੇ ਹੀ, ਉਸੇ 'ਤੇ ਹੀ ਨਵੀਂ ਪਿਊਂਦ ਲਗਾ ਸਕਦੇ ਹੋ । ਵਿਚਾਰ-ਪੱਧਤੀ ਦਰਵਾਜ਼ੇ ਬੰਦ ਕਰ ਦੇਂਦੀ ਹੈ ।ਪਰ ਦਾਰਸ਼ਨਿਕਤਾ ਕਾਲ ਮੁਕਤ ਹੁੰਦੀ ਹੈ । ਦਾਰਸ਼ਨਿਕਤਾ ਵਾਲੀ ਕਹਾਣੀ ਹੀ ਕਲਾਸਿਕ ਬਣਦੀ ਹੈ ।

? ਡਾ. ਸਾਹਿਬ, ਕੀ ਪੰਜਾਬੀ ਵਿਚ ਕੋਈ ਕਹਾਣੀ ਕਲਾਸਿਕ ਪੱਧਰ ਦੀ ਹੈ ।

– ਹਾਂ, ਬਹੁਤ ਸਾਰੀਆਂ ਕਹਾਣੀਆਂ ਵਿਚ ਦਾਰਸ਼ਨਿਕਤਾ ਹੈ ।ਸਾਡੀਆਂ ਕੁਝ ਕਹਾਣੀਆਂ ਕਲਾਸਿਕ ਦਾ ਦਰਜਾ ਰੱਖਦੀਆਂ ਹਨ ।ਜਿਵੇਂ ਗੁਰਬਖ਼ਸ਼ ਸਿੰਘ ਦੀ 'ਭਾਬੀ ਮੈਨਾ', ਸੁਜਾਨ ਸਿੰਘ ਦੀ 'ਰਾਸ ਲੀਲਾ', ਸੇਖੋਂ ਦੀ 'ਪੇਮੀ ਦੇ ਨਿਆਣੇ', ਵਿਰਕ ਦੀ 'ਖੱਬਲ', 'ਧਰਤੀ ਹੇਠਲਾ ਬਲਦ'-ਵਰਿਆਮ ਸੰਧੂ ਦੀ 'ਕੁਰਾਹੀਆ' ਅਤੇ ਤੀਜੀ ਜਾਂ ਚੌਥੀ ਕੂਟ ਦੇ ਤੇ ਹੋਰ ਨਵੇਂ ਕਹਾਣੀਕਾਰਾਂ ਦੀਆਂ ਵਗੈਰਾ । ਇਹ ਕਹਾਣੀਆਂ ਆਪਣੇ ਸਮੇਂ ਨਾਲ ਜੁੜੀਆਂ ਹੋਈਆਂ ਵੀ ਸਮੇਂ ਤੋਂ ਉਪਰ ਹਨ ।ਇਨ੍ਹਾਂ ਕਹਾਣੀਆਂ ਦਾ ਸੰਬੰਧ ਸਦੀਵੀਂ ਸਰੋਕਾਰਾਂ ਨਾਲ ਹੈ ।ਸਾਡੀ ਕਹਾਣੀ ਦੁਨੀਆਂ ਦੀਆਂ ਸਰਵੋਤਮ ਕਹਾਣੀਆਂ ਦੇ ਹਾਣ ਦੀ ਹੈ ।ਕਹਾਣੀ ਸੰਬੰਧੀ ਸਾਡੀ ਪ੍ਰਾਪਤੀ ਮਾਣ ਕਰਨ ਵਾਲੀ ਹੈ ।ਮਨੁੱਖੀ ਸੁਭਾਅ ਦੀਆਂ ਕੁਝ ਖਾਸ ਖਸਲਤਾਂ ਹਨ, ਜੋ ਕਾਲ ਮੁਕਤ ਹਨ ।ਅਜੇਹੀਆਂ ਖਸਲਤਾਂ ਨੂੰ ਪਕੜ੍ਹਨ ਵਾਲੀ ਸਾਡੀ ਕਾਫੀ ਕਹਾਣੀ ਕਲਾਸਿਕ ਦਾ ਦਰਜਾ ਰੱਖਦੀ ਹੈ ।ਸਾਡੀ ਇਕ ਗੁਲਾਮ ਮਾਨਸਿਕਤਾ ਵੀ ਹੈ ।ਅਸੀਂ ਬਾਹਰਲੇ ਜਾਂ ਬਾਹਰੋਂ ਆਏ ਨੂੰ ਹੀ ਬਹੁਤਾ ਸੁੰਡ ਦੀ ਗੰਢੀ ਸਮਝਦੇ ਹਾਂ।ਸਾਨੂੰ ਪੰਜਾਬੀ ਕਹਾਣੀਕਾਰ 'ਘਰ ਦੇ ਜੋਗੀ ਜੋਗੜੇ' ਲੱਗਦੇ ਹਨ ।ਇਸ ਮਨੋਸਥਿਤੀ ਨੂੰ ਤਿਆਗਣ ਦੀ ਲੋੜ ਹੈ ।

? ਕੀ ਕੋਈ ਰਚਨਾ ਜਾਂ ਕਹਾਣੀ ਸ਼ਿਲਪ ਕਰਕੇ ਉੱਤਮ ਹੁੰਦੀ ਹੈ ਜਾਂ ਥੀਮ ਕਰਕੇ।

– ਸ਼ਿਲਪ ਸੋਚ ਨੂੰ ਚੰਗਿਆੜੀ ਲਾਉਣ ਵਾਲੀ ਸ਼ਕਤੀ ਹੈ ।ਇਹ ਕਹਾਣੀਕਾਰ ਦੇ ਹੱਥ ਦੀ ਸਮੱਰਥਾ ਹੈ ਕਿ ਪਾਠਕ ਦੀ ਸੋਚ ਨੂੰ ਚੰਗਿਆੜੀ ਕਿਵੇਂ ਲਾਉਣੀ ਹੈ ।ਗੱਲ ਤਰੇਸ਼ਵੀਂ ਕਰੋ, ਬਹੁ-ਅਰਥਕ ਕਰੋ, ਰਮਜ਼ ਵਿਚ ਕਰੋ ਅਤੇ ਤਲਵਾਰ ਵਰਗੀ ਧਾਰ ਵਰਤੋਂ ।ਫਰਜ਼ ਕਰੋ ਵਿਸ਼ੇ ਹੈ ਵਿਧਵਾ ਜੀਵਨ ।ਸੁਆਲ ਪੈਦਾ ਹੁੰਦਾ ਹੈ ਕਿ ਵਿਧਵਾ ਜੀਵਨ ਬਾਰੇ ਲੇਖਕ ਕਹਿਣਾ ਕੀ ਚਾਹੁੰਦਾ ਹੈ ? ਇਸ ਨੂੰ ਨੈਤਿਕ ਪੱਖ ਤੋਂ ਜਾਂ ਪ੍ਰਵਾਨਿਤ ਰਵਾਇਤ ਦੇ ਨੁਕਤੇ ਤੋਂ ਵੇਖਣਾ ਹੈ ਜਾਂ ਜੀਵਨ ਦੀ ਹਕੀਕੀ ਸਥਿਤੀ ਦੇ ਸਨਮੁਖ ।ਵਿਧਵਾ ਜੀਵਨ ਦੇ ਕਈ ਪਾਸਾਰ ਹਨ ।ਉਨ੍ਹਾਂ ਨੂੰ ਸਮਝਣ ਲਈ ਗਹਿਣ ਦ੍ਰਿਸ਼ਟੀ ਦੀ ਲੋੜ ਹੈ ।ਵਿਧਵਾ ਜੀਵਨ ਦੇ ਅੰਦਰ ਕੀ ਵਾਪਰ ਰਿਹਾ ਹੈ ? ਜੋ ਅੰਦਰ ਵਾਪਰ ਰਿਹਾ ਹੈ, ਉਸ ਦੀਆਂ ਵੀ ਸੌ ਸੰਭਾਵਨਾਵਾਂ ਹੋ ਸਕਦੀਆਂ ਹਨ ।ਸ਼ਿਲਪ ਉਨ੍ਹਾਂ ਸਾਰੀਆਂ ਸੰਭਾਵਨਾਵਾਂ ਨੂੰ ਪੁੱਟ ਕੇ ਬਾਹਰ ਲਿਆਉਣ ਦੀ ਤਕਨੀਕ ਹੈ ।ਸ਼ਿਲਪ ਵਿਸ਼ੇ ਵਿਚਲੀ ਨੀਝ ਹੈ ।ਸ਼ਿਲਪਕਾਰੀ ਨੀਝ ਨੂੰ ਸਾਹਮਣੇ ਲਿਆਉਂਦੀ ਹੈ ।ਮਹੱਤਵਪੂਰਨ ਗੱਲ ਸ਼ਿਲਪਕਾਰੀ ਦੀ ਹੈ ।ਮਾਰਕ ਸ਼ੌਰਡਰ 'Technique as discovery' ਵਿਚ ਆਖਦਾ ਹੈ, ਜਿਸ ਕੋਲ ਤਕਨੀਕ ਹੋਵੇਗੀ, ਉਸ ਦੀ ਨਜ਼ਰ ਹੀ ਤਿੱਖੀ ਹੋਵੇਗੀ ।ਸ਼ਿਲਪ ਬਿਨਾ ਰਚਨਾ ਕੱਚਾ-ਮਸਾਲਾ ਹੈ ।ਸ਼ਿਲਪ ਹੀ ਸਾਹਿਤਕਾਰੀ ਹੈ ।ਥੀਮ ਦਾ ਮਹੱਤਵ ਵੀ ਸ਼ਿਲਪਕਾਰੀ ਦੀ ਉੱਤਮਤਾ ਕਰਕੇ ਵੱਧਦਾ ਹੈ ।ਵਿਸ਼ੇ ਤਾਂ ਸਭ ਸਮਾਜ ਵਿਗਿਆਨਾਂ ਤੇ ਸਾਇੰਸ ਕੋਲ ਵੀ ਹਨ ।ਪਰ ਇਹ ਸਾਹਿਤ ਨਹੀਂ ਹਨ ।ਸ਼ਿਲਪਕਾਰੀ ਸਾਹਿਤ ਦਾ ਮੂਲ ਹੈ ।

? ਡਾ. ਸਾਹਿਬ, ਕਹਾਣੀ ਵਿਚ ਅੰਤਰ-ਪਾਠ ਦੀ ਵਰਤੋਂ ਕਿਵੇਂ ਹੁੰਦੀ ਹੈ ? ਕੀ ਅਜੇਹੀ ਵਰਤੋਂ ਨਾਲ ਕਹਾਣੀ ਵਿਚ ਅਰਥਾਂ ਦੇ ਸਿਰਜਣ ਅਤੇ ਕਲਾਤਮਿਕ ਪੱਖ ਤੋਂ ਮਹੱਤਵ ਵਧਦਾ ਹੈ।

– ਅੰਤਰ-ਪਾਠ ਦੀ ਵਰਤੋਂ ਨਾਲ ਰਚਨਾ ਵਿਚ ਗਹਿਰਾਈ ਆਉਂਦੀ ਹੈ ।ਇਸ ਦਾ ਅਰਥ ਸਿਰਜਨਾ, ਗਹਿਰਾਈ ਅਤੇ ਕਲਾਤਮਕ ਪੱਖ ਤੋਂ ਖ਼ਾਸ ਮਹੱਤਵ ਹੈ ।ਸੁਆਲ ਪੈਦਾ ਹੁੰਦਾ ਹੈ ਕਿ ਆਲੋਚਕ ਅੰਤਰਪਾਠ ਦੀ ਵਿਆਖਿਆ ਕਿਵੇਂ ਕਰਦਾ ਹੈ ? ਕਿਵੇਂ ਉਲਟਦਾ ਪੁਲਟਦਾ ਹੈ । ਅੰਤਰਪਾਠ ਵੀ ਦੋ ਤਰ੍ਹਾਂ ਦੇ ਹੁੰਦੇ ਹਨ ।ਇਕ ਅਚੇਤ ਹਨ ਤੇ ਇਕ ਸੁਚੇਤ ।ਜਿਵੇਂ 'ਮੜ੍ਹੀ ਦਾ ਦੀਵਾ' ਵਿਚ ਸੁਚੇਤ, 'ਪਰਸਾ' ਵਿਚ ਸੁਚੇਤ, 'ਅਣਹੋਏ' ਵਿਚ ਸੁਚੇਤ ।ਪਰ ਨਾਨਕ ਸਿੰਘ ਦੇ ਨਾਵਲਾਂ ਵਿਚ

ਕੁਝ ਅੰਤਰ-ਪਾਠ ਅਚੇਤ ਰੂਪ ਵਾਲੇ ਹਨ ।ਕਿਦਾਰ ਦੀ ਕੁਰਬਾਨੀ ਬਲੀ ਪੁਰਸ਼ਮੇਧ ਦੀ ਪੁਰਾਣ ਕਥਾ ਜਾਂ ਪੁਰਾਤਨ ਰਵਾਇਤ ਨਾਲ ਜਾਂ ਜੁੜਦੀ ਹੈ । ਕਿਦਾਰ ਦਾ ਦੂਜਾ ਨਾਂ ਕਮਾਲ ਦਾ ਵੀ ਅਚੇਤ ਅੰਤਰ-ਪਾਠ ਹੈ । ਪਰ ਇਹ ਫੈਸਲਾ ਕਰਨਾ ਮੁਸ਼ਕਿਲ ਹੁੰਦਾ ਹੈ ਕਿ ਅੰਤਰ-ਪਾਠ ਅਚੇਤ ਹੈ ਕਿ ਸੁਚੇਤ ।ਕਈ ਵਾਰੀ ਲੇਖਕ ਅੰਦਰ ਖਾਤੇ ਸੁਚੇਤ ਹੁੰਦਾ ਹੈ ।ਪਰ ਪਾਠਕ ਜਾਂ ਆਲੋਚਕ ਇਸ ਨੂੰ ਅਚੇਤ ਹੀ ਸਮਝਦਾ ਹੈ ।ਆਲੋਚਕ ਵੀ ਸਮਰੱਥ ਚਾਹੀਦਾ ਹੈ ।ਉਸ ਦੇ ਗਿਆਨ ਦਾ ਖੇਤਰ ਵਸੀਹ ਚਾਹੀਦਾ ਹੈ, ਤਾਂ ਜੋ, ਉਹ ਅੰਤਰ-ਪਾਠ ਦੀਆਂ ਪਰਤਾਂ ਫੋਲ ਸਕੇ । ਅੰਤਰ-ਪਾਠ ਰਚਨਾ ਦੀ ਬੁਣਤਰ ਨੂੰ ਸੰਘਣਾ ਕਰਦੇ ਹਨ ਤੇ ਰਚਨਾ ਨੂੰ ਵਧੇਰੇ ਅਰਥ-ਪੂਰਬਕ ਬਣਾਉਂਦੇ ਹਨ । ਇਹ ਕਲਾਕਾਰੀ ਦੀ ਵਿਸ਼ੇਸ਼ ਲੋੜ ਹਨ ।ਇਹ ਹਰ ਲੇਖਕ ਦੀ ਆਪਣੀ ਲਿਆਕਤ ’ਤੇ ਨਿਰਭਰ ਹੁੰਦਾ ਹੈ ਕਿ ਉਹ ਵੱਖ-ਵੱਖ ਤਰ੍ਹਾਂ ਦੇ ਅੰਤਰ-ਪਾਠਾਂ ਨੂੰ ਕਿਵੇਂ ਆਪਣੀ ਰਚਨਾ ਵਿਚ ਸ਼ਾਮਿਲ ਕਰਦਾ ਤੇ ਵਰਤਦਾ ਹੈ । ਆਲੋਚਕ ਇਨ੍ਹਾਂ ਦੀ ਤਹਿ ਤਕ ਪਹੁੰਚ ਪਾਉਂਦਾ ਹੈ ਜਾਂ ਨਹੀਂ, ਇਹ ਆਲੋਚਕ ਦੀ ਸਮਝ ਦਾ ਮਸਲਾ ਹੈ ।

? ਰਾਹੀ ਸਾਹਿਬ, ਕੀ ਔਰਤ ਕਹਾਣੀਕਾਰਾਂ ਦੀ ਕੋਈ ਵੱਖਰੀ ਪ੍ਰਵਿਰਤੀ ਬਣਦੀ ਹੈ ।

– ਇਤਿਹਾਸ ਦੱਸਦਾ ਹੈ ਕਿ ਸਭ ਤੋਂ ਪਹਿਲਾਂ ਜਿਸਮੀ ਜਾਂ ਲਿੰਗ ਦੇ ਫਰਕ ਦਾ ਇਕ ਖਾਸ ਵਜੂਦ ਤੇ ਪ੍ਰਵਰਗ ਸੀ ।ਪਹਿਲਾ ਬੰਦਾ ‘ਕੇਵ ਮੈਨ’ Caveman ਸੀ ।ਬੰਦਾ ਗੁਫ਼ਾ ਤੋਂ ਬਾਹਰ ਆਉਂਦਾ ਸੀ ਤਾਂ ਪਰਿਵਾਰ ਜਾਂ ਬੀਵੀ ਵਾਸਤੇ ਭੋਜਨ ਲੈ ਕੇ ਜਾਂਦਾ ਸੀ। ਸਰੀਰਕ ਬਲ ਦੇ ਪੱਖ ਤੋਂ ਮਰਦ ਤਾਕਤਵਰ ਸੀ ਤੇ ਔਰਤ ਅਧੀਨ ਰੂਪ ਸੀ ।ਜਦੋਂ ਔਰਤ ਗੁਫ਼ਾ ਤੋਂ ਬਾਹਰ ਆਈ ਤਾਂ ਜੋ ਨਰ ਕਰਦਾ ਸੀ, ਔਰਤ ਵੀ ਉਹ ਕਰਨ ਲੱਗੀ ।ਪਰ ਔਰਤ ਕੋਲ ਸਰੀਰਕ ਤਾਕਤ ਮਰਦ ਵਾਂਗ ਨਹੀਂ ਸੀ। ਇਸ ਦੇ ਜਿਸਮ ਵਿਚ ਮਸਲ ਨਹੀਂ ਹਨ ।ਸਰੀਰਕ ਤਾਕਤ ਦੀ ਕਮਜ਼ੋਰੀ ਵੀ ਨਾਰੀ ਦੀ ਅਧੀਨਤਾ ਦਾ ਕਾਰਨ ਬਣੀ । ਹੌਲੀ-ਹੌਲੀ ਇਹ ਗੱਲ ਸੰਸਥਾਗਤ ਬਣ ਗਈ । ਜਦੋਂ ਸੰਸਥਾਗਤ ਬਣੀ ਤਾਂ ਮਰਦ ਸ਼ਕਤੀਸ਼ਾਲੀ ਬਣ ਗਿਆ ।ਸਾਰੇ ਅਖਤਿਆਰ ਉਸ ਕੋਲ ਆ ਗਏ ।ਨਾਰੀ ਦੀ ਹੋਂਦ ਵਿਚਾਰੀ ਬਣ ਕੇ ਰਹਿ ਗਈ ।ਪਰ ਨਵੇਂ ਯੁੱਗ ਵਿਚ ਅਕਲ ਦਾ ਮੁੱਲ ਪੈਣ ਲੱਗਾ ।ਦਿਮਾਗ ਦੇ ਮਾਮਲੇ ਵਿਚ ਨਾਰੀ ਕਿਸੇ ਲਿਹਾਜ਼ ਨਾਲ ਵੀ ਮਰਦ ਤੋਂ ਪਿਛੇ ਨਹੀਂ ਹੈ ।ਇਸ ਸੁਚੇਤਨਤਾ ਵਿਚੋਂ ਹੀ ਨਾਰੀਵਾਦ ਪੈਦਾ ਹੋਇਆ ਹੈ । ਸਰੀਰਕ ਜਾਂ ਜੀਵ ਵਿਗਿਆਨ ਅਨੁਸਾਰ ਨਾਰੀ ਅੰਡਾ ਪੈਦਾ ਕਰਦੀ ਹੈ । ਜਿਹੜਾ ਜ਼ਰਖੇਜ਼ ਨਰ ਦੀ ਸਹਾਇਤਾ ਨਾਲ ਹੁੰਦਾ ਹੈ।ਇਸ ਕਰਕੇ ਨਰ ਕਰਤਾ-ਪੁਰਖ ਬਣ ਗਿਆ । ਸਰੀਰਕ ਤੌਰ ’ਤੇ ਤਾਕਤਵਰ ।ਸੰਤਾਨ ਉਤਪਤੀ ਵਿਚ ਪ੍ਰਮੁੱਖਤਾ ਨਰ ਦੇ ਸ਼੍ਰੇਸਟ ਹੋਣ ਦੇ ਕਾਰਨ ਬਣੀ।ਪਰ ਹੁਣ ਜਦੋਂ ਇਹ ਗੱਲ ਅੱਗੇ ਆਈ ਹੈ ਕਿ ਕਾਰੋਬਾਰ ਤਾਂ ਅਕਲ ਨੇ ਚਲਾਉਣਾ ਹੈ ।ਅਕਲ ਦੇ ਲਿਹਾਜ਼ ਵਿਚ ਨਾਰੀ ਪਿਛੇ ਨਹੀਂ ਹੈ ।ਇਸ ਕਰਕੇ ਬਰਾਬਰ ਦੇ ਸਮਾਜਕ, ਆਰਥਕ ਤੇ ਰਾਜਨੀਤਿਕ ਹੱਕਾਂ ਦੀ ਮੰਗ ਹੋਣ ਲੱਗੀ ਹੈ। ਨਾਰੀ ਇਸ ਗੱਲ ’ਤੇ ਹੈ ਤਾਂ ਠੀਕ, ਪਰ ਇਸ ਦੀ ਡੂੰਘਾਈ ਦਾ ਵੀ ਬਹੁਤ ਘੱਟ ਨਾਰੀਆਂ ਨੂੰ ਪਤਾ ਹੈ। ਬਹੁ-ਗਿਣਤੀ ਉਨ੍ਹਾਂ ਨਾਰੀਆਂ ਦੀ ਹੈ ਜਿਹੜੀਆਂ ਸਦੀਆਂ ਤੋਂ ਚਲੀਆਂ ਆ ਰਹੀਆਂ ਰਵਾਇਤਾਂ ਅਨੁਸਾਰ ਜੀਵਨ ਜਿਉਂ ਰਹੀਆਂ ਹਨ । ਪਤੀ ਨੂੰ ਦੇਵਤਾ ਮੰਨਦੀਆਂ ਹਨ । ਇਸ ਨੂੰ ਆਪਣਾ ਧਰਮ ਸਮਝਦੀਆਂ ਹਨ । ਜੋ ਇਸ ਧਰਮ ਨੂੰ ਪਾਲੇਗੀ ਉਹੋ ਹੀ ਚੰਗੀ, ਵਰਨਾ ਉਹ ਕੁਝ ਨਹੀਂ ਹੈ। ਇਹ ਮਾਨਸਿਕ ਤੇ ਸਾਂਸਕ੍ਰਿਤਕ ਰੋਗ ਨਾਰੀਆਂ ਵਿਚ ਏਨਾ ਡੂੰਘਾ ਉਤਰ ਗਿਆ ਕਿ ਨਾਰੀਆਂ ਆਪ ਹੀ ਆਜ਼ਾਦ ਹੋਣ ਲਈ ਤਿਆਰ ਨਹੀਂ ਹਨ। ਨਾਰੀ ਵੇਲੇ ਕੁਵੇਲੇ ਬਾਹਰ ਨਿਕਲਣ ਲਈ ਮਰਦ ’ਤੇ ਆਸ਼੍ਰਿਤ ਹੈ। ਕਮਜ਼ੋਰੀ ਦਾ ਅਹਿਸਾਸ ਉਸ ਦੀ ਸਰੀਰਕ ਤੇ ਸਾਂਸਕ੍ਰਿਤਿਕ ਹੋਂਦ ਵਿਚ ਲੁਕਿਆ ਪਿਆ ਹੈ ।ਨਾਰੀ ਖੁਦ ਆਪਣੇ ਨਰ ਸਾਥੀ ਨੂੰ ਆਪਣੇ ਉਤੇ ਹਾਵੀ ਚਾਹੁੰਦੀ ਹੈ । ਮਿਲਜ ਐਂਡ ਬੂਨ (Mills and Boon) ਸੀਰੀਜ਼ ਦੇ ਬਹੁਤੇ ਨਾਵਲ ਔਰਤ ਲੇਖਕਾਂ ਦੇ ਲਿਖੇ, ਔਰਤਾਂ ਬਾਰੇ ਲਿਖੇ ਅਤੇ ਔਰਤਾਂ ਲਈ ਲਿਖੇ ਹੋਏ ਹਨ । ਬਹੁਤ ਘੱਟ, ਜਿਹੜੇ ਮਰਦਾਂ ਨੇ ਲਿਖੇ ਹਨ ।ਪਰ ਜਿਹੜੇ ਲਿਖੇ, ਉਹ ਵੀ ਔਰਤਾਂ ਬਾਰੇ ਤੇ ਔਰਤਾਂ ਲਈ ।ਇਨ੍ਹਾਂ ਨੂੰ 15 ਤੋਂ 25 ਸਾਲ



ਦੀਆਂ ਔਰਤਾਂ ਜ਼ਿਆਦਾ ਪੜ੍ਹਦੀਆਂ ਹਨ। ਇਨ੍ਹਾਂ ਨਾਵਲਾਂ ਦੀਆਂ ਔਰਤ ਪਾਤਰ ਵੇਖਣ ਨੂੰ ਤਾਂ ਬੰਦੇ ਨੂੰ ਨਫ਼ਰਤ ਕਰਦੀਆਂ ਵਿਖਾਈਆਂ ਜਾਂਦੀਆਂ ਹਨ, ਪਰ ਅੰਦਰ ਖਾਤੇ ਔਰਤ ਉਤੇ ਹਾਵੀ ਰਹਿਣ ਵਾਲੇ ਬੰਦੇ ਦੀ ਤਲਾਸ਼ ਕਰਦੀਆਂ ਹਨ।ਸ਼ਾਇਦ ਸਾਡੀ ਪੜ੍ਹੀ ਲਿਖੀ ਔਰਤ ਦੀ ਵੀ ਤਾਲਾਸ਼ ਇਹੋ ਹੈ । ਬਾਕੀ ਜਿਥੇ-ਜਿਥੇ ਔਰਤ ਦੀ ਬਰਾਬਰਤਾ ਦੀ ਸਮਰੱਥਾ ਹੈ, ਉਸ ਦੀ ਪ੍ਰਤਿਭਾ ਨੂੰ ਯੋਗ ਮਾਣ ਮਿਲ ਰਿਹਾ ਹੈ । ਸਾਡੀਆਂ ਇਸਤਰੀ ਲੇਖਿਕਾਵਾਂ ਵਿਚ ਔਰਤਾਂ ਬਾਰੇ ਤੇ ਔਰਤਾਂ ਲਈ ਲਿਖਣ ਵਾਲੀ ਗੱਲ ਹੈ । ਇਸ ਨੂੰ ਤੁਸੀਂ ਵੱਖਰੇ ਪ੍ਰਵਰਗ ਵਜੋਂ ਵੇਖ ਸਕਦੇ ਹੋ ? ਪਰ ਇਸ ਵਿਚ ਗਹਿਰਾਈ ਨਾਲੋਂ ਉਲਾਰ ਜ਼ਿਆਦਾ ਹੈ ।

? ਤੁਸੀਂ ਪੰਜਾਬੀ ਕਹਾਣੀ ਵਿਚ ਦਲਿਤ ਚੇਤਨਾ ਸੰਬੰਧੀ ਚੱਲਦੀ ਚਰਚਾ ਬਾਰੇ ਕੀ ਕਹਿਣਾ ਚਾਹੋਗੇ ।

– ਦਲਿਤ ਚੇਤਨਾ ਦੀ ਦਸ਼ਾ ਨੂੰ ਦੋ ਕੋਣਾਂ ਤੋਂ ਦੇਖਿਆ ਜਾਂਦਾ ਹੈ ।ਇਕ ਪੱਖ ਆਰਥਕ ਹੈ ਤੇ ਦੂਸਰਾ ਸਮਾਜਕ ।ਦਲਿਤ ਚੇਤਨਾ ਵਿਚ ਇਹ ਸਿਆਸੀ ਜਾਂ ਪ੍ਰਬੰਧਕੀ ਪੱਖ ਵੀ ਹੈ ।ਹੱਕਾਂ ਦੀ ਗੱਲ ਹੈ ।ਹੱਕਾਂ ਦੀ ਗੱਲ ਕਰਕੇ ਕਈ ਦਲਿਤ ਕਰੋੜਪਤੀ ਬਣ ਗਏ ।ਦਲਿਤ ਆਪਣੀ ਸਥਿਤੀ ਨੂੰ ਨਿੱਜੀ ਖੁਦਗਰਜ਼ੀ ਲਈ ਇਸਤੇਮਾਲ ਵੀ ਕਰ ਰਿਹਾ ਹੈ ।ਇਸ ਦਾ ਆਪਣਾ ਵਿਸ਼ੇਸ਼ ਵਰਗ ਵੀ ਬਣ ਗਿਆ ਹੈ ।ਹੋਰਨਾਂ ਉੱਚ-ਵਰਗਾਂ ਵਾਂਗ ।ਲੇਕਿਨ ਹੁਣ ਕੁਝ ਕਹਾਣੀਕਾਰ ਐਸੇ ਆ ਰਹੇ ਹਨ ਜਿਹੜੇ ਦਲਿਤ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ।ਪਦਾਰਥਕ ਸਥਿਤੀ ਸੌਖੀ ਜਾਂ ਚੰਗੀ ਹੋਣ ਦੇ ਬਾਵਜੂਦ ਸਾਂਸਕ੍ਰਿਤਕ ਤੌਰ ’ਤੇ ਦਬੇ ਹੋਏ ਹਨ ।ਦਲਿਤ ਮਾਨਸਿਕਤਾ ਦਾ ਮਾਮਲਾ ਸਿਰਫ ਹੱਕਾਂ ਦਾ ਮਸਲਾ ਨਹੀਂ ਹੈ ।ਨਾਲ ਕਈ ਹੋਰ ਮਨੋਵਿਗਿਆਨਕ ਮਸਲੇ ਵੀ ਪੈਦਾ ਹੋ ਰਹੇ ਹਨ ।ਬਹੁਤ ਸਾਰੇ ਦਲਿਤਾਂ ਨੇ ਸ਼ਹਿਰਾਂ ਵਿਚ ਉਚ ਜਾਤੀਆਂ ਵਾਲੀਆਂ ਸਬ-ਕਾਸਟਾਂ ਨਾਲ ਟਾਂਕੀਆਂ ਹੋਈਆਂ ਹਨ। ਦਲਿਤਾਂ ਦਾ ਪਦਾਰਥਕ ਮੁੱਲ ਜਾਤੀ ਸਤੰਭ ਨਾਲ ਪੈ ਰਿਹਾ ਹੈ, ਲਿਆਕਤ ਨਾਲ ਨਹੀਂ । ਇਹ ਮਾਨਸਿਕ ਅਧੀਨਤਾ ਦਾ ਇਕ ਹੋਰ ਰੋਗ ਹੈ ।ਲਿਆਕਤ ਨਾਲ ਮੁੱਲ ਪਵਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ।ਨਾਰੀਵਾਦ ਦੀ ਗੱਲ ਪਹਿਲਾਂ ਹੋ ਚੁੱਕੀ ਹੈ ।ਇਹ ਵੱਖਰੇ-ਵੱਖਰੇ ਪ੍ਰਵਰਗ ਹਨ । ਪਰ ਇਸ ਵਿਚ ਕਾਫੀ ਸਿਆਸਤ ਤੇ ਫੈਸ਼ਨਦਾਰੀ ਹੈ ।ਜਿਵੇਂ ਜੱਟਾਂ ਤੇ ਕਿਸਾਨੀ ਤੇ ਸਿਆਸਤ ਕਰਨ ਵਾਲੇ ਸੱਤਾ ਵਿਚ ਹਨ ।ਕਿਸਾਨੀ ਡੁੱਬ/ਮਰ ਵੀ ਰਹੀ ਹੈ ।ਏਵੇਂ ਹੀ ਦਲਿਤਾਂ ਤੇ ਨਾਰੀਆਂ ਸੰਬੰਧੀ ਚਲਦੀ ਚਰਚਾ ਦੇ ਕਈ ਮੰਚ ਹਨ ।ਜੋ ਸਿਆਸਤ ਵਰਗੇ ਹਨ ।ਕੁਝ ਹੀ ਬਾਕੀਆਂ ਦਾ ਮੁੱਲ ਵੱਟੀ ਜਾ ਰਹੇ ਹਨ । ਸਮਝਦਾਰੀ, ਇਮਾਨਦਾਰੀ ਤੇ ਸੰਜੀਦਗੀ ਦੀ ਥੁੜ ਹੈ । ਸਾਹਿਤ ਵਿਚ ਗੱਲ ਮੁੱਲ ਪਵਾਉਣ ਜਾਂ ਮੁੱਲ ਵਟਣ ਦੀ ਸਿਆਸਤ ਵਾਂਗ ਨਾ ਹੋਵੇ ।ਇਸ ਤਰ੍ਹਾਂ ਇਹ ਨਾਹਰਾ ਬਣਦੀ ਹੈ । ਫਿਰ ਨਾਹਰੇ ਵਿਰੁੱਧ ਨਾਹਰੇ ਵੱਜਦੇ ਹਨ ।ਤਾਂ ਸਾਰੀ ਗੱਲ ਰੌਲੇ ਵਿਚ ਗੁਆਚਦੀ ਹੈ ।ਸਾਹਿਤ ਰੌਲਾ ਨਹੀਂ ਹੈ ।ਇਹ ਸਮਝਦਾਰੀ ਦਾ ਖੇਤਰ ਹੈ ।ਜਿੰਦਰ ਵਰਗੇ ਕਹਾਣੀਕਾਰ ਸਮਝਦਾਰੀ ਵੱਲ ਤੁਰੇ ਹਨ। ਇਹ ਸ਼ੁਭ ਸ਼ਗਨ ਹੈ।

? ਹੋਮੋਸੈਕਸੂਐਲਿਟੀ ਅਤੇ ਲੈਜ਼ਬਿਅਨ ਵਿਸ਼ਿਆਂ ਨਾਲ ਸੰਬੰਧਿਤ ਕਹਾਣੀ ਬਾਰੇ ਤੁਹਾਡਾ ਕੀ ਵਿਚਾਰ ਹੈ ।

– ਇਕ ਤਾਂ ਸਰੀਰ ਤੇ ਸਰੀਰਕ ਲੋੜਾਂ ਦਾ ਮਸਲਾ ਹੈ ।ਕੁਝ ਹਾਰਮੋਨ ਦੀ ਸਮੱਸਿਆ ਹੈ । ਇਨ੍ਹਾਂ ਦੇ ਤਵਾਜ਼ਨ ਤੇ ਮਸਲਿਆਂ ਕਰਕੇ ਵੀ ਸਰੀਰਕ ਸੰਬੰਧ ਇੱਧਰ-ਉੱਧਰ ਹੁੰਦੇ ਹਨ ।ਕੁੜੀਆਂ ਮੁੰਡਿਆਂ ਦੇ ਹੋਸਟਲਾਂ ਵਿਚ ਇਹ ਬਿਰਤੀ ਆਮ ਦੇਖਣ ਨੂੰ ਮਿਲਦੀ ਹੈ ।ਜਦੋਂ ਉਹ ਆਪਣੇ ਲਿੰਗ ਨਾਲ ਵਿਆਹੇ ਜਾਂਦੇ ਜਾਂ ਰਹਿਣ ਲੱਗਦੇ ਹਨ ਤਾਂ ਉਥੇ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ ਆਉਂਦੀ । ਇਸ ਦਿਲਚਸਪੀ ਦੇ ਕੁਝ ਮਨੋਵਿਗਿਆਨਕ ਕਾਰਨ ਹਨ। ਜਿਵੇਂ ਔਰਤ ਨੂੰ ਮਰਦ ਤੋਂ ਨਫ਼ਰਤ ਜਾਂ ਮਰਦ ਨੂੰ ਕਿਸੇ ਕਾਰਨ ਔਰਤ ਕੋਲੋਂ ਨਫਰਤ ਹੈ।ਕੁਝ ਕਹਾਣੀਕਾਰ ਇਸ ਵਿਸ਼ੇ ਤੇ ਕਹਾਣੀ ਲਿਖ ਰਹੇ ਹਨ ।ਕਈ ਥਾਵਾਂ ਜਿਵੇਂ ਯੂਰਪ ਵਿਚ ਤਾਂ ਅਜੇਹੇ ਰਿਸ਼ਤਿਆਂ ਨੂੰ ਕਾਨੂੰਨ ਨੇ ਵੀ ਮਾਨਤਾ ਦੇ ਦਿੱਤੀ

ਹੈ। ਇਹੋ ਜਿਹੀਆਂ ਬਿਰਤੀਆਂ ਸਾਡੀ ਨੈਤਿਕਤਾ ਸੰਬੰਧੀ ਕੋਈ ਮਸਲਾ ਨਹੀਂ ਹਨ । ਸੁਕੀਰਤ ਦੀ ਇਸ ਤਰ੍ਹਾਂ ਦੀ ਕਹਾਣੀ 'ਘਰ' ਹੈ । ਇਸ ਕਹਾਣੀਕਾਰ ਨੇ ਅਕਾਦਮਿਕ ਜਾਂ ਗਿਆਨ ਦੀ ਪੱਧਰ 'ਤੇ ਅਜੇਹੇ ਮਸਲਿਆਂ ਨੂੰ ਲਿਆ ਹੈ । ਇਨਸਾਨ ਦੇ ਆਪਣੇ ਭਾਵੁਕ ਤੇ ਸਰੀਰਕ ਮਸਲੇ ਹਨ । ਬੰਦਾ ਬੜੀ ਜਟਿਲ ਚੀਜ਼ ਹੈ । ਇਸ ਤਰ੍ਹਾਂ ਦੇ ਪੱਖ-ਸੱਚ ਸਾਹਮਣੇ ਆਉਣੇ ਹੀ ਹਨ । ਲੋੜ, ਇਨ੍ਹਾਂ ਦੀ ਨਿਖੇਧੀ ਦੀ ਨਹੀਂ ਬਲਕਿ ਇਨਾਂ ਨੂੰ ਸਮਝਣ ਦੀ ਹੈ । ਸਾਡੇ ਕਈ ਆਲੋਚਕਾਂ ਨੂੰ ਵਿਗਿਆਨਕ ਜਾਣਕਾਰੀ ਦੀ ਥੁੜ ਹੋਣ ਕਰਕੇ ਅਜੇਹੇ ਵਿਸ਼ੇ ਘ੍ਰਿਣਤ ਤੇ ਅਲੋਕਾਰ ਲਗਦੇ ਹਨ । ਗਿਆਨ ਦੇ ਵਿਸਫੋਟਕ ਦੌਰ ਵਿਚ ਸਮਝਣ-ਸਮਝਾਉਣ ਦੀ ਰੁੱਚੀ ਗ੍ਰਹਿਣ ਕਰਨ ਦੀ ਲੋੜ ਹੈ ।

? ਕੀ ਆਲੋਚਕ ਵੀ ਸਿਰਜਣਤਾਮਿਕ ਸਾਹਿਤਕਾਰ ਦੀ ਤਰ੍ਹਾਂ ਹੁੰਦਾ ਹੈ ।

– ਹਾਂ, ਆਲੋਚਕ ਵੀ ਸਿਰਜਨਾਤਮਕ ਸਾਹਿਤਕਾਰ ਦੀ ਤਰ੍ਹਾਂ ਹੁੰਦਾ ਹੈ । ਕੋਈ ਵੀ ਆਲੋਚਕ ਚੰਗਾ ਆਲੋਚਕ ਨਹੀਂ ਹੋ ਸਕਦਾ, ਜੇਕਰ ਉਸ ਵਿਚ ਰਚਨਾਤਮਕ ਲੇਖਕ ਵਾਲੀ ਸੰਵੇਦਨਾ ਨਹੀਂ ਹੋਵੇਗੀ । ਵਿਦਵਤਾ ਜ਼ਰੂਰੀ ਹੈ, ਉਹ ਵਿਦਵਤਾ ਜਿਹੜੀ ਰਚਨਾਤਮਕ ਸੰਵੇਦਨਾ ਨੂੰ ਤਿੱਖਿਆਂ ਕਰੇ । ਲੇਖਕ ਜਾਂ ਪਾਠਕ ਨੂੰ ਨਵੀਂ ਨਜ਼ਰ ਦੇਵੇ । ਆਲੋਚਕ ਸਾਰਥੀ ਦੀ ਤਰ੍ਹਾਂ ਹੋਵੇ, ਵਿਰੋਧੀ ਦੀ ਤਰ੍ਹਾਂ ਨਹੀਂ । ਬਹੁਤੀ ਆਲੋਚਨਾ ਪੰਡਤਾਊ ਕਿਸਮ ਦੀ ਹੈ, ਅੱਗੋਂ ਰਾਹ ਮੱਲਣ ਵਾਲੀ । ਰੱਦਣ-ਨਿੰਦਣ ਦੇ ਸ਼ਬਦੀ ਆਡੰਬਰ ਤੋਂ ਲੇਖਕ ਭੱਜਦਾ ਹੈ । ਪਰ ਲੇਖਕ ਵਿਚ ਆਪਣੇ ਬਾਰੇ ਨੋਟਿਸ ਲਏ ਜਾਣ ਦੀ ਵੀ ਲਿਲ ਹੁੰਦੀ ਹੈ ।

– ਕੀ ਆਲੋਚਕ ਦੀ ਆਲੋਚਨਾ ਦਾ ਕਾਰਜ ਲੇਖਕਾਂ ਨਾਲ ਕਿਸੇ ਨਿੱਜੀ ਸਾਂਝ ਜਾਂ ਕਿਸੇ ਧੜੇਬੰਦੀ ਤੋਂ ਪ੍ਰਭਾਵਿਤ ਹੁੰਦਾ ਹੈ ।

– ਮਨੋਵਿਗਿਆਨੀਆਂ ਅਨੁਸਾਰ ਇਕ ਪ੍ਰਵਿਰਤੀ ਸੰਗਚਾਰਤਾ ਦੀ ਹੈ । ਜਿਸ ਦਾ ਭਾਵ ਇਹ ਹੈ ਕਿ ਬੰਦਾ ਕੁਦਰਤ ਵਲੋਂ ਬਖਸ਼ੀਆਂ ਪ੍ਰਵਿਰਤੀਆਂ ਅਨੁਸਾਰ ਹੋਰਨਾਂ ਨਾਲ ਕਿਸੇ ਨਾ ਕਿਸੇ ਪ੍ਰਕਾਰ ਸਮੂਹ ਵਿਚ ਜੁੜ ਕੇ ਜਾਂ ਬੱਝ ਕੇ ਰਹਿਣਾ ਚਾਹੁੰਦਾ ਹੈ । ਬੰਦਾ ਆਪਣੀ ਹੋਂਦ ਨੂੰ ਅਚੇਤ ਹੀ ਜਾਤ, ਧਰਮ ਜਾਂ ਕਿਸੇ ਗੁੱਟ ਵਿਚ ਰੱਖ ਕੇ ਸੁਰੱਖਿਅਤ ਸਮਝਣ ਲੱਗ ਪੈਂਦਾ ਹੈ । ਇਹ ਸੁਭਾਅ ਕਹਿ ਲਓ ਜਾਂ ਸੰਵਾਦ ਜਾਂ ਗਤੀਸ਼ੀਲਤਾ, ਬੰਦਾ ਦੂਜੇ ਧਰਮ ਜਾਂ ਗੁੱਟ ਵਾਲਿਆਂ ਨਾਲ ਵੀ ਤਨਾਅ-ਟਕਰਾ ਵਿਚ ਆਉਂਦਾ ਹੈ ਅਤੇ ਆਪਣੇ ਗੁੱਟ ਜਾਂ ਜਾਤ ਦੇ ਦਾਇਰੇ ਵਿਚੋਂ ਵੀ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦਾ ਹੈ । ਵਿਰੋਧ ਆਪਣੇ ਦਾਇਰੇ ਤੋਂ ਬਾਹਰ ਵੀ ਹਨ ਅਤੇ ਆਪਣੇ ਦਾਇਰੇ ਦੇ ਅੰਦਰ ਵੀ। ਇਥੋਂ ਤੱਕ ਕਿ ਬੰਦੇ ਆਪਣੇ ਆਪਣੇ ਅੰਦਰ ਸਵੈ ਨਾਲ ਵੀ ਕਿਰਿਆ-ਪ੍ਰਤਿਕਿਰਿਆ ਚਲਦੀ ਰਹਿੰਦੀ ਹੈ । ਇਸ ਦਿਸ਼ਾ ਵਿਚ ਤੁਸੀਂ ਲੇਖਕਾਂ ਜਾਂ ਆਲੋਚਕਾਂ ਦੀਆਂ ਸਭਾਵਾਂ ਜਾਂ ਜੱਥੇਬੰਦੀਆਂ ਨੂੰ ਸਮਝ ਸਕਦੇ ਹੋ । ਸਾਡੀਆਂ ਕਈ ਲੇਖਕ ਤੇ ਸਾਹਿਤ ਸਭਾਵਾਂ ਹਨ । ਇਨ੍ਹਾਂ ਸਭਾਵਾਂ ਨੇ ਚੰਗਾ ਕੰਮ ਵੀ ਕੀਤਾ ਹੈ, ਪਰ ਨਾਲ ਲੇਖਕਾਂ ਤੇ ਆਲੋਚਕਾਂ ਦੇ ਗੁਟ ਵੀ ਬਣੇ ਹਨ । ਹੋਰ ਸਮਾਜਕ ਸਿਆਸੀ ਗੁੱਟਾਂ ਵਾਂਗ। 'ਧਰਮ ਨਾਲੋਂ ਧੜੇ ਪਿਆਰੇ' ਵਾਲੀ ਕਹਾਵਤ ਹੈ । ਇਹ ਰੋਗ ਫਿਤਰਤੀ ਹੈ । ਪਰ ਇਸ ਦੀ ਆਪਣੀ ਸੀਮਾ ਹੈ । ਲੇਖਕ ਦੇ ਚੰਗੇ ਕੰਮ ਦੀ ਤਾਰੀਫ਼ ਹੋਣੀ ਹੀ ਹੈ । ਉਸ ਦਾ ਆਲੋਚਕ ਨੇ ਨੋਟਿਸ ਲੈਣਾ ਹੀ ਹੈ । ਇਸ ਨੂੰ ਕੋਈ ਰੋਕ ਨਹੀਂ ਸਕਦਾ । ਮੈਂ ਜਦ ਨਰਿੰਜਨ ਤਸਨੀਮ ਦੇ ਨਾਵਲ ਬਾਰੇ ਸਭ ਤੋਂ ਪਹਿਲਾਂ ਲਿਖਿਆ ਤਾਂ ਮੈਂ ਤਸਨੀਮ ਨੂੰ ਜਾਣਦਾ ਤਕ ਨਹੀਂ ਸੀ । ਮੈਂ ਜਦ ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਲਿਖਿਆ ਤੇ ਮੇਰਾ ਗੁਰਦਿਆਲ ਸਿੰਘ ਨਾਲ ਕੋਈ ਵਾਹ-ਵਾਸਤਾ ਨਹੀਂ ਸੀ । ਕੋਈ ਆਲੋਚਕ ਬਦੋਬਦੀ ਨਾ ਕਿਸੇ ਲੇਖਕ ਨੂੰ ਚੁੱਕ ਸਕਦਾ ਹੈ ਤੇ ਨਾ ਨੀਚੇ ਸੁੱਟ ਸਕਦਾ ਹੈ । ਆਲੋਚਕ ਦੀ ਫਾਹੁੜੀ ਨਾਲ ਕੋਈ ਲੇਖਕ ਖਲ੍ਹੋ ਨਹੀਂ ਸਕਦਾ । ਜੇ ਚੰਗੇ ਸਾਹਿਤ ਜਾਂ ਰਚਨਾ ਤੋਂ ਆਲੋਚਕ ਦੂਰ ਰਹੇਗਾ ਤਾਂ ਇਹ ਉਸ ਨੂੰ ਆਪਣਾ ਘਾਟਾ ਹੈ । ਜੇ ਆਲੋਚਕ ਕਿਸੇ ਗੁਟਬੰਦੀ ਕਰਕੇ ਕਿਸੇ ਨੂੰ ਸਲਾਹੇ ਜਾਂ ਨਿੰਦੇਗਾ ਤਾਂ ਇਸ ਦਾ ਕੋਈ ਮੁੱਲ ਨਹੀਂ ਹੋਵੇਗਾ । ਮਹੱਤਤਾ ਤਾਂ ਮਹੱਤਵਪੂਰਣ ਕੰਮ ਦੀ ਹੀ ਬਣਨੀ ਹੈ । ਪੰਜਾਬੀ ਸਾਹਿਤ ਤੇ ਆਲੋਚਨਾ ਨੇ ਜੇ ਆਪਣਾ ਗਿਆਨ ਸ਼ਾਸਤਰੀ ਦਾਇਰਾ ਵਸੀਹ



ਕਰਨਾ ਹੈ ਤਾਂ ਇਸ ਨੂੰ ਖੁਲ੍ਹੇ ਮਨ ਨਾਲ ਨਿੱਜੀ ਸਾਂਝਾਂ, ਗੁੱਟਬੰਦੀਆਂ ਜਾਂ ਰੰਜਿਸ਼ਾਂ ਤੇ ਸਭਾਈ ਸਿਆਸਤਾਂ ਤੋਂ ਉਪਰ ਉਠਣਾ ਪਏਗਾ । ਕਈ ਵਾਰ ਇਹ ਵੀ ਵਾਪਰਦਾ ਹੈ ਕਿ ਤੁਸੀਂ ਕਿਸੇ ਰਚਨਾ ਦੀ ਜਦ ਕੋਈ ਸੀਮਾ ਜਾਂ ਕਾਣ ਨਸ਼ਰ ਕਰਦੇ ਹੋ, ਤਾਂ ਉਸ ਦਾ ਲੇਖਕ ਇਸ ਤੋਂ ਤਿਲ-ਮਿਲਾ ਉੱਠਦਾ ਹੈ । ਉਹ ਆਲੋਚਕ ਨੂੰ ਵਿਰੋਧੀ ਗੁੱਟ ਦਾ ਬੰਦਾ ਸਮਝਣ ਲੱਗ ਪੈਂਦਾ ਹੈ । ਇਸ ਤਰ੍ਹਾਂ ਸਿੱਖਣ-ਸਿਖਾਉਣ ਵਾਲਾ ਅਮਲ ਅੱਗੇ ਨਹੀਂ ਵੱਧਦਾ । ਅਸੀਂ ਸੰਵਾਦ-ਭਾਵੀ ਤਾਂ ਹੋਈਏ ਪਰ ਵਿਰੋਧਭਾਵੀ ਨਹੀਂ ।

? ਰਾਹੀ ਸਾਹਿਬ, ਤੁਹਾਡੀ ਆਪਣੀ ਆਲੋਚਨਾ ਦ੍ਰਿਸ਼ਟੀ ਵਿਚ ਕੀ ਕੋਈ ਤਬਦੀਲੀ ਵਾਪਰਦੀ ਰਹੀ ਹੈ, ਜੇ ਹੈ ਤਾਂ ਉਹ ਕਿਵੇਂ ਹੈ ।

– ਮੈਡਮ, ਵਕਤ ਨਾਲ ਹਰ ਆਦਮੀ ਦੇ ਸੁਭਾਅ ਜਾਂ ਵਤੀਰੇ ਵਿਚ ਤਬਦੀਲੀ ਆ ਜਾਂਦੀ ਹੈ। ਮੇਰੀ ਪਹਿਲੀ ਕਿਤਾਬ 'ਪੰਜਾਬੀ ਨਾਵਲ' ਵਿਚ ਸ਼ੁੱਧ ਆਲੋਚਨਾਤਮਕ ਸ਼ਬਦਾਵਲੀ ਮਿਲੇਗੀ। ਮੈਂ ਸ਼ੁੱਧ ਆਲੋਚਨਾ ਦੇ ਸ਼ਬਦ ਲੱਭਦਾ ਸਾਂ, ਜਿਹੜੇ ਭਾਰੀ ਹੋ ਜਾਂਦੇ ਸਨ । ਹੌਲੀ-ਹੌਲੀ ਸਮਝ ਲੱਗਦੀ ਹੈ ਕਿ ਜੋ ਗੱਲ ਕਹੀ ਜਾ ਰਹੀ ਹੈ ਉਹ ਤਾਂ ਸਮਝ ਹੀ ਨਹੀਂ ਲੱਗੀ । 'ਲਿਖੇ ਮੂਸਾ ਪੜ੍ਹੇ ਖੁਦਾ' ਵਾਂਗ । ਸੰਚਾਰ ਦੀ ਸਮੱਸਿਆ ਆ ਜਾਂਦੀ ਹੈ । 'ਭੱਠ ਪਿਆ ਸੋਨਾ ਜੋ ਕੰਨਾਂ ਨੂੰ ਖਾਵੇ ।' ਫਿਰ ਮੈਂ ਆਮ ਸੌਖੀ ਜਬਾਨ ਵੱਲ ਵਧਿਆ। 'ਜੋਤ ਜੁਗਤ ਕੀ ਬਾਰਤਾ' ਵਿਚ ਦਲੀਲ ਤਾਂ ਔਖੀ ਹੋ ਸਕਦੀ ਹੈ ਪਰ ਸ਼ਬਦ ਔਖੇ ਨਹੀਂ ਹਨ । ਨਿਰੰਤਰ ਸੌਖਿਆਈ ਵੱਲ ਵੱਧਦਾ ਜਾ ਰਿਹਾ ਹਾਂ । ਇਹ ਮੇਰੇ ਵਿਚ ਤਬਦੀਲੀ ਹੈ । ਮੈਂ ਸ਼ਬਦਾਵਲੀ ਜੋਸ਼ ਨਾਲੋਂ ਗੱਲ ਨੂੰ ਸੌਖੇ ਤਰੀਕੇ ਨਾਲ ਸਮਝਾਉਣ ਦੇ ਹੋਸ਼ ਵੱਲ ਵਧਿਆ ਹਾਂ । ਬੰਦਾ ਸਾਰੀ ਉਮਰੇ ਸਿਖਦਾ ਰਹਿੰਦਾ ਹੈ, ਬੁੱਢੇ ਵਾਰੇ ਵੀ ਤੇ ਮੈਂ ਵੀ ।

? ਕੀ ਤੁਸੀਂ ਹੁਣ ਤੱਕ ਲਿਖੀ ਗਈ ਪੰਜਾਬੀ ਕਹਾਣੀ ਆਲੋਚਨਾ ਦੇ ਸਫ਼ਰ ਤੋਂ ਸੰਤੁਸ਼ਟ ਹੋ।

– ਕਿਸੇ ਵੀ ਚੀਜ਼ ਦਾ ਮਿਆਰ ਓਦੋਂ ਉੱਚਾ ਉੱਠਦਾ ਹੈ, ਜਦੋਂ ਉਹ ਵਿਆਪਕ ਵਰਤਾਰਾ ਬਣਦੀ ਹੈ । ਸਾਡੇ ਵਿਚ ਵਿਦਵਤਾ ਦੀ ਸਾਂਝ ਦਾ ਸੰਸਕਾਰ ਪੈਦਾ ਨਹੀਂ ਹੋ ਰਿਹਾ । ਜਿਨ੍ਹਾਂ ਚਿਰ ਅਸੀਂ ਪੰਜਾਬੀ ਜ਼ੁਬਾਨ ਨਾਲ ਜਜ਼ਬਾਤੀ ਕਿਸਮ ਦੀ ਸਾਂਝ ਦਿਖਾਈ ਜਾਵਾਂਗੇ, ਉਨ੍ਹਾਂ ਚਿਰ ਵਿਦਿਅਕ ਮਿਆਰ ਪ੍ਰਫੁਲਿਤ ਨਹੀਂ ਹੋਵੇਗਾ । ਜਿੰਨੀਆਂ ਜ਼ਿਆਦਾ ਜ਼ੁਬਾਨਾਂ ਸਿਖੋਗੇ, ਭਾਸ਼ਾ ਸੰਵੇਦਨਾ ਉਨੀ ਹੀ ਵੱਧੇਗੀ । ਅਗਰ ਪੰਜਾਬੀ ਜ਼ੁਬਾਨ ਨੇ ਅਮੀਰ ਹੋਣਾ ਹੈ ਤਾਂ ਦੂਜੀਆਂ ਭਾਸ਼ਾਵਾਂ ਨੂੰ ਸਿੱਖਣ ਦੀ ਬਹੁਤ ਜ਼ਰੂਰਤ ਹੈ । ਇਸ ਦਾ ਸਭਿਆਚਾਰਕ ਮਿਆਰ ਤੱਦ ਹੀ ਉੱਚਾ ਉਠੇਗਾ । ਇਸ ਦੇ ਲਈ ਗਿਆਨ ਦਾ ਘੇਰਾ ਫੈਲਾਉਣਾ ਹੀ ਪਏਗਾ । ਬਤੌਰ ਆਲੋਚਕ ਸੰਤੁਸ਼ਟ ਹਾਂ । ਕਿਉਂਕਿ ਸੇਖੋਂ, ਹਰਿਭਜਨ ਸਿੰਘ, ਅਤਰ ਸਿੰਘ, ਡਾ. ਰਵੀ ਨੇ ਚੰਗਾ ਕੰਮ ਕੀਤਾ ਹੈ । ਸੰਤੋਖ ਸਿੰਘ ਧੀਰ ਅਕਸਰ ਕਹਿੰਦਾ ਹੈ, 'ਪੰਜਾਬੀ ਵਿਚ ਸੰਸਾਰ ਪੱਧਰ ਦੀ ਕਹਾਣੀ ਲਿਖੀ ਗਈ ਹੈ' । ਪਰ ਉਹ ਕਦੇ ਇਹ ਨਹੀਂ ਦਰਸਾ ਸਕਿਆ ਕਿ ਪੰਜਾਬੀ ਕਹਾਣੀ ਜੇ ਸੰਸਾਰ ਪੱਧਰ ਦੀ ਹੈ ਤਾਂ ਇਹ ਕਿਵੇਂ ਹੈ ? ਪੰਜਾਬੀ ਕਹਾਣੀ ਦੇ ਮਿਆਰੀ ਹੋਣ ਦੀ ਮਾਨਤਾ ਕੀ ਪੰਜਾਬੀ ਆਲੋਚਨਾ ਤੋਂ ਬਿਨਾਂ ਹੈ ? ਇਸ ਵਿਚ ਆਲੋਚਨਾ ਦਾ ਯੋਗਦਾਨ ਹੈ । ਪਰ ਪੰਜਾਬੀ ਆਲੋਚਕ ਨੂੰ ਲੇਖਕ ਦੇ ਮੋਢਿਆਂ ਉੱਤੇ ਚੜ੍ਹ ਕੇ ਵੱਡਾ ਬਣਨ ਦੀ ਥਾਂ ਆਪਣੇ ਮੋਢੇ ਆਪ ਬਨਾਉਣੇ ਪੈਣਗੇ । ਇਹ ਮੋਢੇ ਕਦੇ ਸੰਤ ਸਿੰਘ ਸੇਖੋਂ ਨੇ ਆਪਣੀ ਪੁਸਤਕ 'ਸਾਹਿਤਿਆਰਥ' ਨਾਲ ਬਣਾਏ ਸਨ । ਇਹ ਪੁਸਤਕ 1957 ਵਿਚ ਛੱਪੀ ਸੀ । ਇਹ ਆਲੋਚਨਾ ਪੁਸਤਕ ਸਾਹਿਤ-ਸ਼ਾਸਤਰੀ ਪੈਂਤੜੇ ਤੋਂ ਇਕ ਵਿਧੀ-ਪੂਰਬਕ ਗਿਆਨ ਕਾਰਜ ਸੀ । ਭਾਵੇਂ ਇਹ ਕਾਰਜ ਕਵਿਤਾ ਬਾਰੇ ਸੀ ਪਰ ਇਸ ਵਿਚੋਂ ਸਮੁੱਚੇ ਸਾਹਿਤ ਸ਼ਾਸਤਰ ਨੂੰ ਸਮਝਿਆ ਜਾ ਸਕਦਾ ਸੀ । ਅਜੇਹਾ ਕੰਮ ਹੋਣਾ ਚਾਹੀਦਾ ਹੈ । ਅਜੇਹੇ ਕੰਮ ਦੀ ਘਾਟ ਰੜਕਦੀ ਵੀ ਹੈ ।

? ਤੁਸੀਂ ਸੇਖੋਂ ਸਾਹਿਬ ਵਾਂਗ ਅਜੇਹਾ ਕੋਈ ਕੰਮ ਕੀਤਾ ਹੈ । ਤੁਹਾਡੀ ਕਿਤਾਬ ਮਸਲੇ ਗਲਪ ਦੇ, ਸਮਾਂ ਤੇ ਸੰਵਾਦ, ਜੋਤ-ਜੁਗਤ ਦੀ ਬਾਰਤਾ ਵਿਚ ਰਲੇ-ਮਿਲੇ ਲੇਖ ਸ਼ਾਮਿਲ ਹਨ । ਇਸ

ਸੰਬੰਧੀ ਆਪਣੇ ਕੰਮ ਬਾਰੇ ਕੀ ਕਹਿਣਾ ਚਾਹੁੰਦੇ ਹੋ ।

– ਹਾਂ, ਮੈਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ 'ਸਾਹਿਤਿਆਰਥ' ਪੁਸਤਕ ਵਰਗੀ ਪਿਰਤ ਪੰਜਾਬੀ ਆਲੋਚਨਾ ਵਿਚ ਵੱਡੀ ਪਰੰਪਰਾ ਨਹੀਂ ਬਣੀ ।ਮੇਰੇ ਆਪਣੇ ਕੰਮ ਦਾ ਵਿਸ਼ੇਸ਼ ਵਿਧੀ–ਵਿਧਾਨ ਰਿਹਾ ਹੈ ।ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਨਾਵਲ ਸ਼ਾਸਤਰ ਬਾਰੇ ਕਾਫੀ ਕੰਮ ਕੀਤਾ ਹੈ।ਜਦ ਮੈਂ ਅਜੇਹਾ ਕੰਮ ਕੀਤਾ ਸੀ ਉਸ ਸਮੇਂ ਤੱਕ ਨਾਵਲ ਸੰਬੰਧੀ ਅਜੇਹਾ ਕੋਈ ਕੰਮ ਨਹੀਂ ਸੀ ਹੋਇਆ ।ਨਾਵਲ ਦੀ ਸ਼ਿਲਪ ਸੰਬੰਧੀ ਮੇਰੇ ਕੁਝ ਸਿਧਾਂਤਕ ਲੇਖ ਹਨ ।ਦੂਜਾ, ਮੇਰੀ ਕੋਸ਼ਿਸ਼ ਸਿਧਾਂਤ ਬਣਾ ਕੇ ਉਸ ਨੂੰ ਰਚਨਾ ਉਤੇ ਘੋਟਣ ਦੀ ਨਹੀਂ ਰਹੀ ।ਮੈਂ ਰਚਨਾ ਪੜ੍ਹਦਿਆਂ ਜਾਂ ਸਮਝਿਆ ਹੋਇਆਂ ਉਸ ਵਿਚੋਂ ਸ਼ਾਸਤਰ ਉਸਾਰਨ ਜਾਂ ਲੱਭਣ ਦੀ ਕੋਸ਼ਿਸ਼ ਕਰਦਾ ਹਾਂ ।'ਪੰਜਾਬੀ ਨਾਵਲ' ਪੁਸਤਕ ਤੋਂ ਬਾਅਦ ਮੇਰੀਆਂ ਕੁਝ ਕਿਤਾਬਾਂ ਵਿਚ ਭਾਵੇਂ ਵੱਖ–ਵੱਖ ਲੇਖ ਹਨ, ਪਰ ਉਨ੍ਹਾਂ ਵਿਚ ਇਕ ਸੂਤਰ– ਧਾਰ ਵਜੋਂ ਸਾਹਿਤ ਸ਼ਾਸਤਰੀ ਨੁਕਤੇ ਸਮਾਏ ਮਿਲਣਗੇ ।ਹਾਂ, 'ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਪਾਲ' ਪੁਸਤਕ, ਜੋ ਤੁਹਾਡੇ ਸਹਿਯੋਗ ਨਾਲ ਲਿਖੀ ਹੈ, ਉਸ ਦਾ ਮੁੱਲ ਆਪਣਾ ਹੈ ਅਤੇ ਮੈਂ ਸਮਝਦਾ ਹਾਂ ਕਿ ਇਹ ਕੰਮ ਧਿਆਨਯੋਗ ਹੈ । ਅੱਗੇ ਤੋਂ ਇਸ ਕਿਸਮ ਦੇ ਹੋਰ ਕੰਮ ਕਰਨ ਦੀ ਵੀ ਮੇਰੀ ਯੋਜਨਾਬੰਦੀ ਹੈ ।

? ਤੁਸੀਂ ਪੰਜਾਬੀ ਕਹਾਣੀਕਾਰਾਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦੇ ਹੋ ।

– ਮੈਂ ਤਾਂ ਲੇਖਕਾਂ ਨੂੰ ਵੀ ਸਾਹਿਤ ਵਿਚ ਸਿੱਧਾ ਸੰਦੇਸ਼ ਦੇਣ ਤੋਂ ਵਰਜਦਾ ਰਿਹਾ ਹਾਂ । ਸੰਦੇਸ਼ ਦਾ ਮਤਲਬ ਹੈ ਉਪਦੇਸ਼ ਦੇਣਾ ।ਕਦੇ ਵੀ ਉਪਦੇਸ਼ਕ ਨਹੀਂ ਬਣਨਾ ਚਾਹੀਦਾ ।ਨਾ ਆਲੋਚਕ ਨੂੰ ਤੇ ਨਾ ਲੇਖਕ ਨੂੰ ।ਇਸ ਸਾਰੀ ਸਮਝ ਵਿਚ ਹੀ ਸੰਦੇਸ਼ ਸ਼ਾਮਿਲ ਹੈ ।

? ਇਕ ਸਿਰਜਣਾਤਮਕ ਲੇਖਕ ਦਾ ਕਿਸ ਕਿਸਮ ਦਾ ਨਜ਼ਰੀਆ ਹੋਣਾ ਚਾਹੀਦਾ ਹੈ ।

– ਵੈਸੇ ਤਾਂ ਹਰ ਲੇਖਕ ਜਾਂ ਬੰਦੇ ਦੀ ਸੋਚ ਆਪਣੀ–ਆਪਣੀ ਹੈ ।ਸਾਰੇ ਬੰਦੇ ਜਾਂ ਲੇਖਕ ਇਕੋ ਤਰ੍ਹਾਂ ਸੋਚਣ, ਇਹ ਸੰਭਵ ਨਹੀਂ ਹੈ ।ਨਜ਼ਰੀਏ ਦੇ ਫਰਕ ਤਾਂ ਰਹਿਣੇ ਹੀ ਹਨ ।ਇਸ ਫਰਕ ਦੇ ਸੰਵਾਦ ਵਿਚਾਰ ਵਿਚੋਂ ਹੀ ਖਰੇ–ਖੋਟੇ ਬਾਰੇ ਵਿਚਾਰ ਚਲਦੀ ਰਹਿੰਦੀ ਹੈ ।ਸਾਹਿਤ ਦਾ ਸੰਬੰਧ ਮਨੁੱਖ ਦੀ ਵੇਦਨਾ–ਸੰਵੇਦਨਾ ਨਾਲ ਹੈ ।ਲੇਖਕ ਨੇ ਮਨੁੱਖ ਦੀ ਪੀੜਾ ਨੂੰ ਹੀ ਉਭਾਰਨਾ ਹੁੰਦਾ ਹੈ ।ਇਸ ਪੇਸ਼ਕਾਰੀ ਵਿਚ ਉਹੀ ਰਚਨਾ ਪਾਏਦਾਰ ਰਹੇਗੀ, ਜਿਸ ਵਿਚ ਕੋਈ ਸਮਝ ਹੋਵੇਗੀ, ਭਾਵ ਕੋਈ ਉੱਚੀ ਸੋਚ । ਉੱਚੀ ਸੋਚ ਤੋਂ ਭਾਵ ਕਿਸੇ ਉਸਾਰੂ ਵਤੀਰੇ ਤੋਂ ਹੈ ।ਜੋ ਵਤੀਰਾ ਬੰਦੇ ਨੂੰ ਕੋਈ ਆਪਣੀ ਸਥਿਤੀ ਨੂੰ ਸਮਝਣ ਜਾਂ ਉਸ ਵਿਚੋਂ ਉੱਠਣ ਲਈ ਲੰਮੀ ਜਾਂ ਵੱਡੀ ਨਜ਼ਰ ਦੇਵੇ ।ਜਿਸ ਨੂੰ ਪੜ੍ਹ ਕੇ ਬੰਦਾ ਉਪਰ ਉੱਠਣ ਦਾ ਯਤਨ ਕਰੇ ।ਉਸ ਦੇ ਕਦਮ ਅੱਗੇ ਉੱਠਣ ।'ਮੈਂ ਕੁਰਬਾਨ ਤਿਨਾਂ ਦੇ ਬਾਹੂ, ਜਿਨ੍ਹ ਰਖਿਆ ਕਦਮ ਅਗੇਰੇ ਹੂ ।' ਸਾਹਿਤ ਦਾ ਮੂਲ ਨੁਕਤਾ ਬੰਦੇ ਦੇ ਸੰਘਰਸ਼ ਨਾਲ ਹੈ ।ਇਹ ਸੰਘਰਸ਼ ਆਪਣੇ ਅੰਦਰਲੇ ਨਾਲ ਵੀ ਹੋ ਸਕਦਾ ਹੈ ਤੇ ਬਾਹਰਲੀਆਂ ਤਾਕਤਾਂ ਨਾਲ ਵੀ ।ਇਹ ਇਕ ਤਰ੍ਹਾਂ ਨਾਲ ਆਪਣੀ ਸੀਮਾ ਨੂੰ ਕਿਸੇ ਸੰਭਾਵਨਾ ਵਿਚ ਬਦਲਣ ਦੀ ਕਿਰਿਆ–ਪ੍ਰਤੀਕਿਰਿਆ ਵੀ ਬਣ ਜਾਂਦੀ ਹੈ।ਆਪਣੇ ਆਪ ਨਾਲ ਆਪ ਹੀ ਸਵਾਲ ਉਠਾ ਕੇ ਜਵਾਬਦੇਹ ਹੋਣਾ ਰਚਨਾਤਮਿਕ ਕਿਰਿਆ ਹੈ । ਅਜੇਹਾ ਨਜ਼ਰੀਆ ਸਮਾਜ ਤੇ ਬੰਦੇ ਲਈ ਕਾਰਗਰ ਬਣੇਗਾ।

? ਤੁਸੀਂ, ਹਲਕੇ–ਫੁਲਕੇ ਸਵਾਦ ਵਾਲੀ ਯਾਨੀ ਪਾਪੂਲਰ ਕਿਸਮ ਦੀ ਕਹਾਣੀ ਬਾਰੇ ਕੀ ਕਹਿਣਾ ਚਾਹੁੰਦੇ ਹੋ ।

– ਕੇਵਲ ਮੰਨੋਰੰਜਨ ਜਾਂ ਸਵਾਦ ਦੇਣ ਵਾਲੀ ਰਚਨਾ ਪਾਪੂਲਰ ਸਾਹਿਤ ਦੀ ਕੋਟੀ ਵਿਚ ਰੱਖੀ ਜਾਵੇਗੀ ।ਜਿਵੇਂ ਪੱਤਰਕਾਰੀ ਵਿਚ ਯੈਲੋ ਪੱਤਰਕਾਰੀ ਹੈ ਤਿਵੇਂ ਹੀ ਇਹ ਸਾਹਿਤ ਵਿਚ ਯੈਲੋ– ਸਾਹਿਤਕਾਰੀ ਹੈ ।ਇਹ ਸਮਤੀ ਸ਼ੁਹਰਤ ਲੁੱਟਣ ਦਾ ਤਰੀਕਾ ਹੈ ।ਇਸ ਦਾ ਸਮਝਦਾਰੀ ਦੇ ਪੱਖ ਤੋਂ ਕੋਈ ਮੁੱਲ ਨਹੀਂ ਹੋਵੇਗਾ ।ਹਾਂ, ਇਤਿਹਾਸਕਾਰੀ ਦੇ ਪੱਖ ਤੋਂ ਕੋਈ ਮਹੱਤਵ ਹੋ ਸਕਦਾ ਹੈ।ਸਾਹਿਤ ਸੁਆਦ ਨਹੀਂ ਸੁਹਜ ਤੇ ਅਰਥ–ਸਿਰਜਣਾ ਦਾ ਖੇਤਰ ਹੈ ।ਪਾਪੂਲਰ ਰਚਨਾਵਾਂ ਦਾ ਸਦਾ ਸਾਹਿਤ– ਇਤਿਹਾਸ ਵਿਚ ਦਰਜਾ–ਦੋਮ ਹੋਵੇਗਾ ਅਤੇ ਇਨ੍ਹਾਂ ਦਾ ਗਿਣਤੀ ਦੇ ਪੱਖ ਤੋਂ ਹੀ ਕੋਈ ਰੋਲ ਹੋਵੇਗਾ ।



? ਤੁਹਾਡੀ ਅਤੇ ਮੇਰੀ ਆਲੋਚਨਾ ਦੀ ਪੁਸਤਕ ਪਿਛਲੇ ਦਿਨੀਂ 'ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਪਾਲ' ਛਪੀ ਹੈ ।ਇਸ ਕੰਮ ਸੰਬੰਧੀ ਤੁਸੀਂ ਕੀ ਕਹਿਣਾ ਚਾਹੁੰਦੇ ਹੋ ।

– ਰਮਿੰਦਰ, ਇਸ ਸੰਬੰਧੀ ਕੰਮ ਕਰਨ ਦਾ ਸਭ ਤੋਂ ਪਹਿਲਾ ਤੁਸੀਂ ਹੀ ਸੁਝਾਅ ਦਿੱਤਾ ਸੀ ।ਸਾਡੇ ਲਈ ਪ੍ਰੇਮ ਪ੍ਰਕਾਸ਼ ਦੀ ਚੋਣ ਦੇ ਦੋ ਤਿੰਨ ਕਾਰਣ ਹਨ ।ਇਕ ਤਾਂ ਪੰਜਾਬੀ ਕਹਾਣੀ ਦੇ ਸਫਰ ਵਿਚ ਪ੍ਰੇਮ ਪ੍ਰਕਾਸ਼ ਨੂੰ ਮੀਲ ਪੱਥਰ ਮੰਨਿਆ ਜਾਂਦਾ ਹੈ ।ਦੂਸਰਾ, ਅਸੀਂ ਕਹਾਣੀ ਦੀ ਸ਼ਿਲਪਕਾਰੀ ਦੀਆਂ ਜੁਗਤਾਂ ਪੰਜਾਬੀ ਸਾਹਿਤ ਦੀ ਦੁਨੀਆਂ ਵਿਚ ਪਾਠਕਾਂ ਜਾਂ ਵਿਦਵਾਨਾਂ ਨੂੰ ਸਮਝਾਉਣਾ ਚਾਹੁੰਦੇ ਸਾਂ ।ਇਹ ਜੁਗਤਾਂ, ਤੁਹਾਨੂੰ ਤੇ ਮੈਨੂੰ ਲੱਗਾ ਕਿ ਪ੍ਰੇਮ–ਪ੍ਰਕਾਸ਼ ਦੀਆਂ ਕਹਾਣੀਆਂ ਦੇ ਵਿਸ਼ਲੇਸ਼ਣ ਰਾਹੀ ਹੀ ਬਿਹਤਰ ਸਮਝਾਈਆਂ ਜਾ ਸਕਦੀਆਂ ਹਨ ।ਪੰਜਾਬੀ ਸਾਹਿਤ ਵਿਚ ਕਪਾਲ ਇਕ ਅਣਜਾਤਾ ਤੇ ਅਣਪਛਾਣਿਆ ਵਿਸ਼ੈ ਹੈ ।ਇਸ ਮਸਲੇ ਨੂੰ ਸਮਝਣ ਲਈ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਚੋਣ ਕੀਤੀ ।ਤੁਹਾਡੇ ਦਿਮਾਗ ਵਿਚ ਆਏ ਖਿਆਲ ਨੂੰ ਅਸਾਂ ਰਲ ਕੇ ਆਪਣੀ ਉਸ ਵੇਲੇ ਦੀ ਬੌਧਿਕ ਪੁੱਜਤਾ ਅਨੁਸਾਰ ਸਿਰੇ ਚਾੜ੍ਹਿਆ ।ਕਪਾਲ ਦਾ ਸੰਬੰਧ ਬੰਦੇ ਦੀ ਮਾਨਸਿਕਤਾ ਨਾਲ ਵੀ ਹੈ ਤੇ ਦਿਮਾਗ ਦੀ ਕਮਿਸਟਰੀ ਨਾਲ ਵੀ ।ਇਹ ਐਸਾ ਵਿਸ਼ੇਸ਼ ਗਿਆਨ ਖੇਤਰ ਹੈ, ਜਿਸ ਬਾਰੇ ਪੰਜਾਬੀ ਆਲੋਚਨਾ ਵਿਚ ਕੰਮ ਨਹੀਂ ਸੀ ਹੋਇਆ ।ਇਸ ਚੋਣ ਦਾ ਕੋਈ ਨਿੱਜੀ ਆਧਾਰ ਨਹੀਂ ਹੈ ।ਇਕ ਵਿਸ਼ੇ ਨੂੰ ਲੈ ਕੇ ਅਜੇਹਾ ਕੰਮ ਕਰਨਾ ਔਖਾ ਹੁੰਦਾ ਹੈ ।ਪੱਛਮ ਵਿਚ ਅਜੇਹਾ ਕੰਮ ਹੋ ਰਿਹਾ ਹੈ ।ਸਾਡੀ ਜ਼ਬਾਨ ਵਿਚ ਇਹ ਨਵਾਂ ਕੰਮ ਹੈ ।

? ਕੀ ਕਿਸੇ ਸਹਿ–ਆਲੋਚਕ ਜਾਂ ਇਕੱਲਿਆਂ ਭਵਿੱਖ ਵਿਚ ਵੀ ਅਜੇਹਾ ਕੋਈ ਹੋਰ ਕਾਰਜ ਕਰਨ ਦੀ ਵੀ ਯੋਜਨਾ ਹੈ ।

– ਹਾਂ, ਬੜੀ ਜਬਰਦਸਤ ਯੋਜਨਾ ਹੈ ।ਪਰ ਸਵਾਲ ਮੇਰੀ ਸਰੀਰਕ ਸਮਰੱਥਾ ਦਾ ਹੈ ।ਉਮਰ ਦੇ ਨਾਲ ਘੱਟ–ਵੱਧ ਰਹੀ ਸਰੀਰਕ ਪੁੱਜਤਾ ਦਾ ਵੀ ।ਨੰਬਰ ਦੋ, ਇਹ ਕੰਮ ਇਕੱਲੇ ਬੰਦੇ ਦਾ ਨਹੀਂ ਹੈ। ਹਾਂ, ਪਹਿਲਾ ਕੰਮ ਤੁਹਾਡੇ ਨਾਲ ਸਿਰੇ ਚੜ੍ਹਿਆ ਹੈ, ਅੱਗੇ ਵੀ ਅਜੇਹੀ ਯੋਜਨਾ ਹੈ ।ਮੇਰੇ ਕੁਝ ਪੁਰਾਣੇ ਸੁਹਿਰਦ ਵਿਦਿਆਰਥੀ ਅਤੇ ਕਈ ਨਵੇਂ ਉਭਰਦੇ ਵਿਦਵਾਨ ਵੀ ਲਗਾਤਾਰ ਮੇਰੇ ਸੰਪਰਕ ਵਿਚ ਰਹਿੰਦੇ ਹਨ ।ਜਿਨ੍ਹਾਂ ਨਾਲ ਮੇਰਾ ਨਿਰੰਤਰ ਸੰਵਾਦ ਚਲਦਾ ਰਹਿੰਦਾ ਹੈ ।ਇਸ ਨਾਲ ਮੈਨੂੰ ਉਤਸ਼ਾਹ ਤੇ ਹੌਂਸਲਾ ਮਿਲਦਾ ਹੈ ।ਦੂਸਰੀ ਗੱਲ, ਹੁਣ ਜ਼ਮਾਨਾ ਹੱਥ ਲਿਖਤ ਦਾ ਨਹੀਂ ਹੈ ।ਵਕਤ ਮਸ਼ੀਨ ਦਾ ਆ ਗਿਆ ਹੈ ।ਜੋ ਕੁਝ ਦਿਮਾਗ ਵਿਚ ਹੈ, ਝੱਟ–ਪੱਟ ਮਸ਼ੀਨ ਰਾਹੀਂ ਸਾਫ਼ ਸੁਥਰੇ ਰੂਪ ਵਿਚ ਸਾਹਮਣੇ 'ਤੇ ਆ ਜਾਂਦਾ ਹੈ ।ਮੇਰੇ ਵਰਗੇ ਸੇਵਾ–ਮੁਕਤ ਬੰਦੇ ਕੋਲ ਅਜੇਹੀ ਕੋਈ ਸਹੂਲਤ ਨਹੀਂ ਹੈ ।ਮਿਸਾਲ ਵਜੋਂ ਔਕਸਫ਼ੋਰਡ ਯੂਨੀਵਰਸਿਟੀ ਵਿਚ ਰਿਟਾਇਰ ਅਧਿਆਪਕਾਂ ਨੂੰ ਵਿਭਾਗ ਵਿਚ ਕਮਰਾ ਤੇ ਹੋਰ ਲੋੜੀਂਦੀਆਂ ਦਫ਼ਤਰੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ।ਇਸ ਨਾਲ ਕੰਮ ਕਰਨ ਵਿਚ ਸੌਖ ਰਹਿੰਦੀ ਹੈ ।ਗੱਲ ਕਿਸੇ ਮਾਇਕ ਸਹਾਇਤਾ ਦੀ ਨਹੀਂ, ਲੋੜੀਂਦੀਆਂ ਸੁਵਿਧਾਵਾਂ ਦੀ ਹੈ ।ਸਾਡੀਆਂ ਬਹੁਤ ਸਾਰੀਆਂ ਸੰਸਥਾਵਾਂ ਕੋਲ ਸਹੂਲਤਾਂ ਦੇਣ ਦੇ ਸਾਧਨ ਹਨ ।ਪਰ ਇਹ ਸਾਧਨ ਜਾਂ ਸਹੂਲਤਾਂ ਸਹੀ ਰੂਪ ਵਿਚ ਕੰਮ ਕਰਨ ਵਾਲੇ ਬੰਦਿਆਂ ਦੀ ਥਾਂ ਕਿਤੇ ਹੋਰ–ਹੋਰ ਥਾਂਵਾਂ 'ਤੇ ਹਨ ।'ਵਜੀਦਾ ਕੌਣ ਸਾਹਿਬ ਨੂੰ ਆਖੇ, ਐਉਂ ਨਹੀਂ ਅੰਞ ਕਰ।' ਇਥੇ ਸਹੂਲਤਾਂ ਲੈਣ ਲਈ ਜ਼ਲਾਲਤ ਝੱਲਣ ਦਾ ਮੁੱਲ ਤਾਰਨਾ ਪੈਂਦਾ ਹੈ ।ਜੋ ਅਜੇਹਾ ਮੁੱਲ ਤਾਰ ਗਿਆ, ਉਹ ਤਰ ਗਿਆ ।ਦੂਜਾ ਬੈਠੇ ਚੁੱਪਚਾਪ ਘਰ ।ਪਰ ਸਹੂਲਤ ਦੀ ਅਣਹੋਂਦ ਦੇ ਬਾਵਜੂਦ ਕੰਮ ਹੋਵੇਗਾ ।ਪਰ ਕੰਮ ਕਿਸ ਤਰ੍ਹਾਂ ਦਾ ਜਾਂ ਕਿਸ ਨਾਲ ਹੋਵੇਗਾ, ਇਸ ਬਾਰੇ ਪਹਿਲਾ ਕੁਝ ਕਹਿਣਾ ਉਚਿਤ ਨਹੀਂ ਬਣਦਾ ।ਮੈਂ ਲਗਾਤਾਰ ਕੰਮ ਦੀ ਸਰਗਰਮੀ ਵਿਚ ਹਾਂ ਹੋਰਨਾਂ ਨਾਲ ਵੀ ਤੇ ਇਕੱਲਾ ਵੀ ।ਸੇਵਾ ਮੁਕਤ ਹੋ ਕੇ ਮੈਂ ਲਿਖਣ–ਪੜ੍ਹਨ ਵਿਚ ਵਧੇਰੇ ਰੁੱਝਾ ਹੋਇਆ ਹੈ ।ਇਹ ਕੰਮ ਮੇਰੇ ਲਈ ਧਰਮ ਸਾਮਾਨ ਹੈ ।ਕੰਮ–ਚਲਾਓ ਕੰਮ ਵਿਚ ਮੇਰਾ ਕੋਈ ਵਿਸ਼ਵਾਸ਼ ਨਹੀਂ ਹੈ ।ਮੈਂ ਰਚਨਾਵਾਂ ਨੂੰ ਸਾਹਿਤ ਤੇ ਗਿਆਨ–ਸ਼ਾਸਤਰੀ ਨੁਕਤੇ ਤੋਂ ਘੋਖਦਾ–ਪਰਖਦਾ ਹੈ ।ਪਰ ਮੇਰੇ ਕੰਮ ਦੀ ਚਾਲ ਆਪਣੀ ਹੈ ।ਇਹ 'ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮਟਕ ਦੇ ਨਾਲ' ਵਰਗੀ ਹੈ ।

# ਪੰਜਾਬੀ ਨਾਵਲ ਦੀ ਇਤਿਹਾਸਕਾਰੀ ਅਤੇ ਅਧਿਐਨ: ਪੁਨਰ ਵਿਚਾਰ

**ਡਾ. ਗੁਰਪਾਲ ਸਿੰਘ ਸੰਧੂ**

ਪੰਜਾਬੀ ਨਾਵਲ ਦੀ ਇਤਿਹਾਸਕਾਰੀ ਬਾਰੇ ਵਿਚਾਰਨਾ ਹੁਣ ਪਹਿਲਾਂ ਨਾਲੋਂ ਵੱਖਰਾ ਅਤੇ ਗੁੰਝਲਦਾਰ ਮਸਲਾ ਬਣ ਚੁੱਕਾ ਹੈ। ਖ਼ਾਸ ਕਰਕੇ, ਉੱਤਰ-ਆਧੁਨਿਕਵਾਦੀ ਅਤੇ ਉੱਤਰ-ਬਸਤੀਵਾਦੀ ਸਿਧਾਂਤ-ਚਿੰਤਨ ਦੇ ਫੈਲਣ ਨਾਲ ਤਾਂ 'ਆਧੁਨਿਕਤਾ' ਅਤੇ 'ਸਮਾਜਿਕ ਤਰੱਕੀ' ਦੀ ਸਥਿਤੀ ਨਾਲ ਜੁੜੇ ਹੋਏ ਰੂਪਾਕਾਰਾਂ ਦੇ ਜਨਮ, ਹੋਂਦ-ਵਿਧੀ ਅਤੇ ਵਿਕਾਸ-ਰੇਖਾ ਨੂੰ ਸਮਝਣ ਦੀ ਕੋਸ਼ਿਸ਼ ਪੁਨਰ-ਮੁਲਾਂਕਣ ਦਾ ਮਸਲਾ ਬਣ ਗਈ ਹੈ। ਹੁਣ ਤੱਕ ਪੰਜਾਬੀ ਨਾਵਲ ਦੇ ਜਨਮ, ਰੂਪਾਕਾਰਕ ਹੋਂਦ-ਵਿਧੀ ਅਤੇ ਵਿਕਾਸ-ਰੇਖਾ ਦਾ ਵਿਚਾਰ 'ਪ੍ਰਭਾਵ-ਸਿਧਾਂਤ' ਅਤੇ 'ਪਰਤੌਂ ਸਿਧਾਂਤ' ਉਤੇ ਉਸਰਿਆ ਰਿਹਾ ਹੈ। ਸਿੱਟੇ ਵਜੋਂ ਅਸੀਂ ਇਸ ਤੱਥ ਬਾਰੇ ਇੱਕਮੱਤ ਰਹੇ ਹਾਂ ਕਿ ਪੰਜਾਬੀ ਨਾਵਲ ਅੰਗਰੇਜ਼ਾਂ ਦੇ ਪੰਜਾਬ ਉਤੇ ਕਾਬਜ਼ ਹੋਣ ਉਪਰੰਤ ਹੋਂਦ ਵਿਚ ਆਉਣ ਵਾਲੇ ਸਮਾਜਿਕ ਤਰੱਕੀ ਦੇ ਚੌਗਿਰਦੇ ਅਤੇ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦੀਆਂ ਸਰਗਮੀਆਂ ਦੇ ਪ੍ਰਭਾਵ ਨਾਲ ਹੋਂਦ ਵਿਚ ਆਇਆ। ਇਹ ਨਾਵਲ ਆਪਣਾ ਅਗਲੇਰਾ ਵਿਕਾਸ ਇਸੇ ਰੂਪ ਵਿਚ ਹੀ ਜਾਰੀ ਰੱਖਦਾ ਹੋਇਆ, ਭਿੰਨ-ਭਿੰਨ ਸਮਾਜਿਕ ਅਤੇ ਸਿਆਸੀ ਸਥਿਤੀਆਂ ਦੇ ਪ੍ਰਭਾਵ ਅਧੀਨ ਉਸਰੇ ਹਾਲਾਤਾਂ ਦੇ ਪਰਤੌਂ ਵਜੋਂ ਵਿਕਸਤ ਹੁੰਦਾ ਰਿਹਾ। ਸਿੱਟੇ ਵਜੋਂ ਹੁਣ ਤੱਕ ਪੰਜਾਬੀ ਨਾਵਲ ਦਾ ਮੁਲਾਂਕਣ ਭਿੰਨ-ਭਿੰਨ ਪ੍ਰਵਿਰਤੀਆਂ ਦੇ ਹਵਾਲੇ ਨਾਲ ਹੀ ਕੀਤਾ ਜਾਂਦਾ ਰਿਹਾ ਹੈ ਅਤੇ ਪੰਜਾਬੀ ਨਾਵਲ ਦੀ ਇਤਿਹਾਸਕਾਰੀ ਦਾ ਆਧਾਰ ਇਹਨਾਂ ਦੇ ਰੂਪਾਂਤਰਨ ਦੀ ਪ੍ਰਕਿਰਿਆ ਬਣ ਜਾਂਦਾ ਰਿਹਾ ਹੈ।

(1)

ਪੰਜਾਬੀ ਨਾਵਲ ਦੀ ਇਸ ਕਿਸਮ ਦੀ ਸਿਧਾਂਤਕਾਰੀ ਅਤੇ ਇਸਦੇ ਫਲਸਰੂਪ ਹੋਣ ਵਾਲੀ ਇਤਿਹਾਸਕਾਰੀ ਦੀ ਬੁਨਿਆਦ ਬਸਤੀਵਾਦੀ ਚਿੰਤਨ ਅਤੇ ਸਾਹਿਤ-ਸ਼ਾਸਤਰ ਹੈ। ਇਸ ਕਰਕੇ ਵਰਤਮਾਨ ਸਿਧਾਂਤ-ਚਿੰਤਨ ਦੀ ਉੱਤਰ-ਸਥਿਤੀ (♦✤↔✝ ✲✤✪➢⬅✝⬅✤✪) ਵਿਚ ਪੰਜਾਬੀ ਨਾਵਲਕਾਰੀ ਦੇ ਸਿਧਾਂਤ ਨਿਰੂਪਣ ਵਿਚ ਸਰਗਰਮੀ ਜ਼ਾਹਿਰ-ਸੰਦਰਭਾਂ ਅਤੇ ਲੁਕੀਆਂ ਹੋਈਆਂ ਬਸਤੀਕਾਰੀ ਪੁੱਠ ਵਾਲੀਆਂ ਮਨੋਰਥ ਸਿਧੀਆਂ ਨੂੰ ਪੇਸ਼ ਕਰਨਾ ਜ਼ਰੂਰੀ ਹੋ ਜਾਂਦਾ ਹੈ। ਸਿੱਟੇ ਵਜੋਂ ਮੁੱਢਲੇ ਪੰਜਾਬੀ ਨਾਵਲ ਵਿਚ ਮੌਜੂਦ ਬਿਰਤਾਂਤ-ਸਿਰਜਣਾ ਦਾ ਧੁਰਾ ਅੰਗਰੇਜ਼ਾਂ ਦੇ ਪ੍ਰਭਾਵ ਦੀ ਥਾਂ, ਉਸ ਦੌਰ ਦੇ ਬਸਤੀਵਾਦੀ ਮਸਲਿਆਂ ਨਾਲ ਬਾ-ਬਸਤਗੀ ਅਤੇ ਇਸ ਵਿਚ ਰਚੇ ਜਾ ਰਹੇ ਪੰਜਾਬੀ ਨਾਵਲ ਵਿਚ ਮੌਜੂਦ ਬਸਤੀਵਾਦ ਪ੍ਰਤਿ ਹੁੰਗਾਰੇ ਅਤੇ ਮਜਾਹਮਤੀ ਜਾਂ ਰੋਸ (♣✥↔✥✤✪✲✥ ▲✪➢ ♣✥↔⬅↔✝▲✪✲✥) ਦੀ ਸੁਰ ਨੂੰ ਪਹਿਚਾਨਣਾ ਅਤੇ ਵਿਚਾਰਨਾ ਬਹੁਤ ਜ਼ਰੂਰੀ ਹੈ। ਦੂਜੇ ਸ਼ਬਦਾਂ ਵਿਚ ਪੰਜਾਬੀ ਨਾਵਲ ਵਿਚ ਬਸਤੀਕਰਨ ਦੀ ਪ੍ਰਕਿਰਿਆ ਦੇ ਜੋ ਸਿਰਜਣਾਤਮਕ ਪ੍ਰਤਿ-ਉੱਤਰ ਪੰਜਾਬੀ ਨਾਵਲ ਦੇ ਨਾਵਲੀ-ਬਿਰਤਾਂਤ ਨੇ ਅਖ਼ਤਿਆਰ ਕੀਤਾ ਹੈ, ਉਸ ਨੂੰ ਸਮਝਣਾ ਅਜੇ ਬਾਕੀ ਹੈ ਅਤੇ ਇਹ ਹੀ ਹੁਣ ਪੰਜਾਬੀ ਨਾਵਲ ਦੀ ਇਤਿਹਾਸਕਾਰੀ ਲਈ ਬੁਨਿਆਦੀ ਮਸਲਾ ਹੈ।

(2)

ਪਰ ਮੁੱਢਲੇ ਪੰਜਾਬੀ ਨਾਵਲ ਵਿਚ ਬਸਤੀਕਰਨ ਦੀ ਪ੍ਰਕਰਿਆ ਦੇ ਸਨਮੁੱਖ ਜੋ ਸਿਰਜਣਾਤਮਕ ਪ੍ਰਤੀ ਉੱਤਰ ਅਖਤਿਆਰ ਕੀਤਾ ਗਿਆ ਹੈ, ਇਸ ਨੂੰ ਸਮਝਣਾ ਅਜੇ ਬਾਕੀ ਹੀ ਹੈ। ਸਾਡੇ ਵਾਂਗ ਹੀ ਬਸਤੀਵਾਦ ਦ ਗਿਰਿਫ਼ਤ ਵਿਚ ਆਏ ਅਫਰੀਕਾ ਦੇ ਚਿੰਤਕ, ਅਜਿਹੀ ਸਥਿਤੀ ਬਾਰੇ ਸਾਡੇ ਤੋਂ ਵੱਖਰੀ ਪਹੁੰਚ ਨੂੰ ਧਾਰਨ ਕਰਦੇ ਹਨ। ਫਰਾਂਜ਼ ਫੈਨੋਂ ਪ੍ਰਾਧੀਨ ਲੋਕਾਂ ਦੀਆਂ ਦੇਸੀ ਸਭਿਆਚਾਰਕ ਪਰੰਪਰਾਵਾਂ ਬਾਰੇ ਦ੍ਰਿੜਤਾਵਾਂ ਅਤੇ ਆਪਣੇ ਦਮਨਿਤ ਇਤਿਹਾਸਾਂ ਦੇ ਪੁਨਰ-ਸਥਾਪਨ ਦੇ ਯਤਨਾਂ ਨੂੰ ਕੇਂਦਰੀ ਮਹੱਤਵ ਦਿੰਦਾ ਹੈ।[1] ਚਿਨਵੀਜ਼ੂ ਅਤੇ ਉਸਦੇ ਸਾਥੀਆਂ ਨੇ ਅਫਰੀਕੀ ਨਾਵਲ ਦੇ ਉਦਭਵ ਨਾਲ ਯੂਰਪੀ ਨਾਵਲ ਦੇ ਰਿਸ਼ਤੇ ਨੂੰ ਗੰਭੀਰਤਾ ਨਾਲ ਵਿਚਾਰਿਆ ਅਤੇ ਸਥਾਪਤ ਕੀਤਾ ਕਿ ਅਫਰੀਕੀ ਨਾਵਲ ਦਾ ਪੂਰਵ ਬਸਤੀਕਰਨ ਦੇ ਮਹਾਂਕਾਵਿ, ਰੋਮਾਂਸ ਅਤੇ ਦੇਸੀ



ਬਿਰਤਾਂਤਾਂ ਨਾਲ ਉਸੇ ਪ੍ਰਕਾਰ ਦਾ ਰਿਸ਼ਤਾ ਹੈ ਜਿਵੇਂ ਕਿ ਯੂਰਪੀ ਨਾਵਲ ਗਰੀਕੋ-ਰੋਮਨ ਅਤੇ ਮੱਧਕਾਲੀ ਯੂਰਪੀ ਮਹਾਂਕਾਵਿ, ਰੋਮਾਂਸਾਂ ਅਤੇ ਬਿਰਤਾਂਤਾਂ ਨਾਲ ਜੁੜਿਆ ਹੋਇਆ ਹੈ।[2] ਇਸ ਦ੍ਰਿਸ਼ਟੀ ਤੋਂ ਦੇਖਿਆ ਬਸਤੀਵਾਦੀ ਦੌਰ ਦੀਆਂ ਰਚਨਾਵਾ ਸਿਰਫ 'ਪ੍ਰਭਾਵ' ਤੋਂ ਉਪਜਣ ਦੀ ਥਾਂ, ਉਸ ਪ੍ਰਤਿ ਸਿਰਜਣਾਤਮਕ ਹੁੰਗਾਰੇ ਅਤੇ ਮਜਾਹਮਤੀ ਦੇ ਗੁਣਾਂ ਨੂੰ ਧਾਰਨ ਕਰਦੀਆਂ ਵੀ ਦੇਖੀਆਂ ਜਾ ਸਕਦੀਆਂ ਹਨ। ਇਸ ਕਰਕੇ ਐਡਵਰਡ ਸਈਅਦ ਵਰਗਾ ਚਿੰਤਕ ਭਿੰਨ ਭਿੰਨ ਲਿਖਤਾਂ ਨੂੰ ਅਜਿਹੀ ਸਿਰਜਣਾਤਮਕ ਅਤੇ ਵਿਆਖਿਆਕਾਰੀ ਕਲਪਣਾ ਦੀ ਉਪਜ ਮੰਨਦਾ ਹੋਇਆ ਇਹਨਾਂ ਰਾਹੀਂ ਸਭਿਆਚਾਰ ਅਤੇ ਸਾਮਰਾਜ ਦੇ ਰਿਸ਼ਤੇ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।[3] ਸਪਸ਼ਟ ਹੈ ਕਿ ਮੁੱਢਲੇ ਪੰਜਾਬੀ ਨਾਵਲ ਦਾ ਅਧਿਐਨ ਵੱਖਰੇ ਦ੍ਰਿਸ਼ਟੀਕੋਣ ਦੀ ਮੰਗ ਕਰਦਾ ਹੈ, ਜਿਸ ਵਿਚ ਪੇਸ਼ ਧਾਰਮਿਕ ਵਾਤਾਵਰਣ, ਇਤਿਹਾਸ, ਪ੍ਰਤੀਕ-ਪ੍ਰਬੰਧ ਅਤੇ ਬਿਰਤਾਂਤਕ ਸੰਦਰਭਾਂ ਨੂੰ ਕਿਸੇ ਹੋਰ ਮਾਨਵੀ ਸਥਿਤੀ ਦੀ ਪੇਸ਼ਕਾਰੀ ਕਰਨ ਵਾਲੇ ਗਲਪਨਿਕ ਚੌਖਟੇ ਦਾ ਸਿਰਜਣਹਾਰ ਮੰਨਿਆ ਜਾਵੇ।

(3)

ਪੰਜਾਬੀ ਨਾਵਲ ਦੀ ਇਤਿਹਾਸਕਾਰੀ ਲਈ ਸਿਧਾਂਤ-ਚੇਤਨਾ ਦੀ ਤਬਦੀਲੀ ਨਾਲ ਪੰਜਾਬੀ ਨਾਵਲ ਦਾ ਮੁੱਢ ਦੇ ਸਿਧਾਂਤ ਨੂੰ ਬਦਲਣਾ ਪਵੇਗਾ। ਹੁਣ ਤੱਕ ਅਧਿਐਨਾਂ ਵਿਚ ਅਸੀਂ ਪੰਜਾਬੀ ਨਾਵਲ ਦਾ ਮੁੱਢ 'ਮਸੀਹੀ ਮੁਸਾਫਿਰ ਦੀ ਯਾਤਰਾ' ਅਤੇ 'ਜਯੋਤਿਰੁਦਯ' ਤੋਂ ਮੰਨਦੇ ਆ ਰਹੇ ਹਾਂ ਜੋ ਕ੍ਰਮਵਾਰ ਜਾਨ ਬਨੀਅਰ ਦੇ ਪ੍ਰਸਿੱਧ ਨਾਵਲ @"✲✥♦⬅⬇✜☛⬅✡↔ ♦☛✤✜☛✥↔↔@ ਅਤੇ ਜਯੋਤਿਰੁਦਯ ਨਾਂ ਦੇ ਬੰਗਾਲੀ ਨਾਵਲ ਦਾ ਤਰਜ਼ਮਾ ਹਨ। ਇਹ ਸਿਧਾਂਤ ਪੇਸ਼ ਕਰਨ ਵੇਲੇ ਅਸੀਂ ਇਹ ਧਿਆਨ ਨਹੀਂ ਰੱਖਦੇ ਕਿ ਅੰਗਰੇਜ਼ਾਂ ਬਾਰੇ ਵੀ ਪੰਜਾਬ ਵਿਚ ਲੋਕ-ਬਿਰਤਾਂਤ ਪ੍ਰਚਲਤ ਹੋਏ ਹੋਣਗੇ ਜੋ ਵਕਤ ਪਾ ਕੇ ਨਾਵਲ ਵਰਗੇ ਯਥਾਰਥ-ਧਰਮੀ ਰੂਪਾਕਾਰ ਦਾ ਆਧਾਰ ਬਣ ਸਕਦੇ ਹਨ। ਮੇਰੀ ਇਸ ਦਲੀਲ ਦਾ ਆਧਾਰ ਏ. ਸੀ. ਫਰੇਜ਼ਰ ਦਾ ਅੰਗਰੇਜ਼ੀ ਵਿਚ ਲਿਖਿਆ ਨਾਵਲ 'Atma, A Romance' ਹੈ ਜਿਸਦੇ ਮੂਲ ਰੂਪ ਵਿਚ ਛਪਣ ਦੀ ਸਾਲ 1891 ਹੈ। ਇਸ ਤਰ੍ਹਾਂ ਇਹ ਐਡਸ਼ਨ ਜਯੋਤਿਰੁਦਯ ਦੇ ਪ੍ਰਕਾਸ਼ਨ ਤੋਂ ਇਕ ਸਾਲ ਪਹਿਲਾਂ ਦਾ ਪ੍ਰਕਾਸ਼ਿਤ ਹੋਇਆ ਹੈ। ਇਸ ਐਡੀਸ਼ਨ ਵਿਚ ਪਹਿਲੇ ਸਫ਼ੇ ਉਤੇ 'ਆਤਮਾ' ਲਫ਼ਜ਼ ਦੇ ਅੰਗਰੇਜ਼ੀ ਵਿਚ ਤਰਜਮੇ ਸਮੇਂ ਪੇਸ਼ ਹੋਣ ਵਾਲੀ ਮੁਸ਼ਕਲ ਬਾਰੇ ਮੈਕਸਮੂਲਰ ਦੀ ਟਿੱਪਣੀ ਸ਼ਾਮਲ ਹੈ, ਜੋ ਉਸਦੇ ਜੂਨ 1879 ਵਿਚ In North American review ਵਿਚ ਛਪੇ ਮਸੌਦੇ (ਹੋ ਸਕਦਾ ਹੈ ਇਸਦੇ ਰੀਵਿਊ) ਵਿਚੋਂ ਲਈ ਗਈ ਹੈ। ਇਸ ਤੋਂ ਇਹ ਵੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਕੈਨੇਡਾ ਵਿਚ 1891 ਵਿਚ ਛਪਣ ਵਾਲੇ 'ਆਤਮਾ' ਨਾਵਲ ਤੋਂ ਪਹਿਲਾਂ ਇਹ 1878 ਤੱਕ ਕਿਤੇ ਛਪ ਚੁੱਕਾ ਹੈ। (ਇਹ ਨਾਵਲ ਲੋਕਗੀਤ ਪ੍ਰਕਾਸ਼ਨ ਦੇ ਮਾਲਕ ਹਰੀਸ਼ ਜੈਨ ਦੇ ਸਹਿਯੋਗ ਨਾਲ ਕੁਝ ਸਮੇਂ ਪਹਿਲਾਂ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕਲੰਬੀਆ ਦੀ ਲਾਇਬਰੇਰੀ ਵਿਚੋਂ ਪ੍ਰਾਪਤ ਕੀਤਾ ਗਿਆ ਸੀ ਅਤੇ ਲਾਇਬ੍ਰੇਰੀ ਦੇ ਰਿਕਾਰਡ ਮੁਤਾਬਕ ਪਿਛਲੇ ਸੌ ਸਾਲਾਂ ਤੋਂ ਇਕ ਵਾਰ ਵੀ ਇਸ ਨੂੰ ਕਿਸੇ ਵੀ ਪਾਠਕ ਦੇ ਉਧਾਰ ਨਹੀਂ ਲਿਆ। 2005 ਵਿਚ ਇਸ ਦਾ ਮੌਜੂਦਾ ਸੰਸਕਰਨ ਅੰਗਰੇਜ਼ੀ ਵਿਚ ਫਿਰ ਤੋਂ Unistar Books ਵਲੋਂ ਪ੍ਰਕਾਸ਼ਤ ਹੋ ਚੁੱਕਾ ਹੈ। ਹੁਣ ਇਸਦਾ ਪੰਜਾਬੀ ਤਰਜ਼ਮਾ ਪ੍ਰਸਿੱਧ ਗ਼ਜ਼ਲਗੋ ਅਤੇ ਨਾਵਲਕਾਰ ਨਦੀਮ ਪਰਮਾਰ ਨੇ ਕੀਤਾ ਹੈ ਜੋ ਬੜੀ ਜਲਦੀ ਛਪ ਰਿਹਾ ਹੈ।)

'ਆਤਮਾ' ਨਾਵਲ ਦਾ ਅਧਿਐਨ ਕਰਨ ਨਾਲ ਅਸੀਂ ਬੜੇ ਦਿਲਚਸਪ ਨਤੀਜੇ ਉੱਤੇ ਪਹੁੰਚਦੇ ਹਾਂ:

1. ਇਹ ਨਾਵਲ ਦਾ ਮੁੱਖ ਪਾਤਰ 'ਆਤਮਾ ਸਿੰਘ' ਦੇ ਜੀਵਨ ਦੇ ਕੁਝ ਹਿੱਸੇ ਉਤੇ ਅਧਾਰਤ ਹੈ ਪਰ ਇਸ ਨੂੰ ਨਾਵਲ ਵਿਚ ਖਾਸ ਨਾਂ ਵਜੋਂ ਲੈਣ ਦੀ ਥਾਂ ਭਾਵਵਾਚੀ ਨਾਵਾਂ ਦੇ ਰੂਪ ਵਿਚ ਵਰਤਿਆ ਗਿਆ ਹੈ।

2. ਨਾਵਲ ਦਾ ਆਰੰਭ ਇਕ ਕਵਿਤਾ ਨਾਲ ਹੁੰਦਾ ਹੈ, ਜਿਸ ਵਿਚ ਅਸਤ ਹੋਣ ਦੀ ਪ੍ਰਭਾਵਸ਼ੀਲਤਾ ਨੂੰ ਬਿਆਨ ਕੀਤਾ ਗਿਆ ਹੈ। ਇਹ ਕਾਵਿ-ਬਿਆਨ ਅਗਲੇਰੇ ਸਫਿਆਂ ਵਿਚ ਜਾ ਕੇ ਖਾਲਸਾ ਫੌਜ ਦੀ ਮਹਿਮਾ ਦੇ ਅਸਤ ਹੋਣ ਅਤੇ ਅੰਗਰੇਜ਼ਾਂ ਦੇ ਫਤ੍ਹੇ ਹੋਣ ਦੇ ਅਸਰਾਂ ਨੂੰ ਬਿਆਨ ਕਰਨ ਦਾ ਆਧਾਰ ਬਣਦਾ ਹੈ।

3. 'ਆਤਮਾ' ਨਾਵਲ ਦੇ ਅਗਲੇਰੇ ਬਿਰਤਾਂਤਕ ਸੰਦਰਭ ਆਤਮਾ ਸਿੰਘ ਦੇ ਸਿੱਖਾਂ ਦੇ ਸ੍ਵੈਮਾਨ ਦੀ ਰੱਖਿਆ ਅਤੇ ਪ੍ਰਤਿਕੂਲ ਪ੍ਰਸਥਿਤੀਆਂ ਦੇ ਚਿਤਰਨ ਉਤੇ ਅਧਾਰਤ ਹਨ, ਜਿਸ ਵਿਚ ਅਖ਼ੀਰ ਵਿਚ ਆਤਮਾ ਸਿੰਘ ਆਪਣੀ ਮਨੋਰਥ ਸਿੱਧੀ ਵਿਚ ਪੂਰਾ ਨਾਂ ਉਤਰਨ ਕਰਕੇ ਉਦਾਸੀਨ ਹੈ।

ਨਾਵਲ ਦੀ ਖ਼ਾਸ ਗੱਲ ਇਸਦਾ ਇਹ ਮੱਤ ਹੈ:

ਇਹ ਦੁਖਦਾਇਕ ਹੈ ਕਿ ਅਸੀਂ ਖੁਸ਼ੀ ਨੂੰ ਭੁੱਲ ਜਾਂਦੇ ਹਾਂ, ਸੋਗ ਨੂੰ ਭੁੱਲਣਾ ਉਸ ਤੋਂ ਵੀ ਦੁਖਦਾਇਕ ਹੈ। ਬੱਸ ਇਕ ਤਰ੍ਹਾਂ ਉਸ ਧਰਮ ਦੀ ਕਹਾਣੀ ਜੋ ਆਪਣੇ ਆਪ ਨੂੰ ਰੱਬੀ ਅਖਵਾਉਂਦਾ ਹੈ। ਤੇ ਪਿਆਰ ਜੋ ਸਭ ਤੋਂ ਵੱਧ ਨਾਸ਼ਵਾਨ ਸੀ, ਸਮਾਪਤ ਹੋ ਗਈ। ਆਤਮਾ ਸਿੰਘ ਨੇ ਧਰਤੀ ਦੀਆਂ ਅਤਿ ਸੁੰਦਰ ਵਸਤਾਂ ਪਰਾਪਤ ਕੀਤੀਆਂ।

ਉਹ ਪਿਆਰ, ਧਰਮ, ਸੰਗੀਤ
ਸੁਰਗ ਧਰਤੀ ਦਾ ਸਭ ਛੱਡ ਗਏ
ਪਰ ਨਹੀਂ - ਪਿਆਰ ਤੇ ਧਰਮ ਨਹੀਂ ਗਏ।

(ਨਦੀਮ ਪਰਮਾਰ ਦੁਆਰਾ ਅਨੁਵਾਦਿਤ ਅਤੇ ਅਪ੍ਰਕਾਸ਼ਿਤ ਪਾਠ ਵਿਚੋਂ)

'ਆਤਮਾ' ਨਾਵਲ ਦੇ ਹਵਾਲੇ ਨਾਲ ਪੰਜਾਬੀ ਨਾਵਲ ਦੇ ਉਪਜਣ ਦੀ ਪ੍ਰਕਿਰਿਆ ਨੂੰ ਸਮਝਣ ਦੇ ਵਿਚਾਰਨ ਯੋਗ ਸੂਤਰ ਇਹ ਮੰਨੇ ਜਾ ਸਕਦੇ ਹਨ:

ਪਹਿਲਾ: ਆਤਮਾ ਨਾਵਲ ਦੀ ਬਣਤਰ ਅਤੇ ਸੁੰਦਰੀ ਨਾਵਲ ਦੀ ਬਣਤਰ ਵਿਚ ਸਾਂਝ ਹੈ। ਜਿਵੇਂ ਇੱਕ ਪਹਿਲਾਂ ਕਵਿਤਾ ਨਾਲ ਸ਼ੁਰੂ ਹੁੰਦਾ ਹੈ ਅਤੇ ਦੂਜਾ ਲੋਕਗੀਤ ਨਾਲ। ਦੋਵੇਂ ਨਾਵਲ ਮੁੱਖ ਪਾਤਰ ਜਾਂ ਨਾਇਕ ਦੇ ਕਥਾ-ਸੰਦਰਭ ਦੇ ਬੋਧਕ ਨਾਵਾਂ ਨਾਲ ਪੇਸ਼ ਹੁੰਦੇ ਹਨ ਜੋ ਅਗਲੇਰੇ ਪੱਧਰ ਉੱਤੇ ਭਾਈ ਵੀਰ ਸਿੰਘ ਦੇ ਨਾਵਲ ਬਿਜੈ ਸਿੰਘ, ਬਾਬਾ ਨੌਧ ਸਿੰਘ ਆਦਿ ਨਾਵਲਾਂ ਰਾਹੀਂ ਆਪਣਾ ਵਿਸਤਾਰ ਗ੍ਰਹਿਣ ਕਰਦਾ ਹੈ।

ਦੂਜਾ: ਆਤਮਾ ਵਿਚ ਕਵਿਤਾ ਅਤੇ ਵਾਰਤਕ ਦਾ ਸੁਮੇਲ ਪੰਜਾਬ ਦੀ ਬਿਰਤਾਂਤਕ ਪਰੰਪਰਾ ਦੇ ਪਰਤੌ ਵਜੋਂ ਹੋਂਦ ਵਿਚ ਆਉਂਦਾ ਹੈ। ਇਸਦੇ ਨਾਲ ਹੀ ਆਤਮਾ ਸਿੰਘ ਦੇ ਹਵਾਲੇ ਨਾਲ ਗੁਰਬਾਣੀ ਅਤੇ ਕੁਝ ਸਾਖੀਆਂ ਸਿੱਧੇ ਰੂਪ ਵਿਚ ਨਾਵਲ ਦੇ ਪਾਠ ਦਾ ਭਾਗ ਹਨ।

ਤੀਜਾ: ਇਹ ਨਾਵਲ 'ਗੁਆਚੇ ਸਿੱਖ ਰਾਜ' ਦੇ ਜਨ-ਸਮੂਹ ਅਤੇ ਖਾਸ ਕਰਕੇ ਖਾਲਸਾ ਫੌਜ ਦਾ ਸਿਪਾਹੀਆਂ ਦੀ ਪੀੜਾ ਦੇ ਨਾਲ ਨਾਲ ਅੰਗਰੇਜ਼ਾਂ ਦੇ ਪਿੱਠੂ ਬਣੇ ਸਿੱਖ ਸਿਰਦਾਰਾਂ ਦੇ ਐਸ਼ੋ ਆਰਾਮ ਨੂੰ ਬਿਆਨ ਕਰਦੇ ਹਨ। ਇਸ ਐਸ਼ਪ੍ਰਸਤੀ ਦੀ ਰੁਚੀ ਵਿਚ ਹਾਰ ਦੇ ਦ੍ਰਿਸ਼ਾਂ ਨੂੰ ਉਜਾਗਰ ਕਰਨ ਦੇ ਸਿੱਟੇ ਵਜੋਂ ਹਾਰ ਦੇ ਮੁਕਾਬਲਤਨ ਯਥਾਰਥਕ ਸੰਦਰਭ ਪੇਸ਼ ਕਰਦਾ ਹੈ।



ਚੌਥਾ: ਇਸ ਨਾਵਲ ਦਾ ਇੰਗਲੈਂਡ ਵਿਚ ਪ੍ਰਕਾਸ਼ਤ ਨਾ ਹੋਣਾ ਬਲਕਿ ਕਨੇਡਾ ਵਿਚ ਪ੍ਰਕਾਸ਼ਿਤ ਹੋਣਾ ਅਤੇ ਬਾਅਦ ਵਿਚ ਏ. ਸੀ. ਫਰੇਜ਼ਰ ਦਾ ਉਥੇ ਹੀ ਵੱਸਣਾ ਵੀ ਸੰਕੇਤਿਕ ਰੂਪ ਵਿਚ ਨਾਵਲੀ ਪਾਠ ਦੇ ਅੰਦਰ ਪਸਰੇ ਹੋਏ ਬਸਤੀਕਾਰੀ ਪ੍ਰਤਿ ਰੋਸ ਦੇ ਭਾਵ ਦਾ ਸਬੂਤ ਬਣ ਜਾਂਦੇ ਹਨ। ਇਹ ਵੀ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਲੇਖਕਾ ਸਕੌਟਿਸ਼ ਔਰਤ ਹੈ ਅਤੇ ਆਪਣੀ ਬਾਕੀ ਜ਼ਿੰਦਗੀ ਵਿਚ ਵੀ ਉਹ ਕਨੇਡਾ ਵਿਚ ਵਸੇ ਸਕੌਟਿਸ਼ ਲੋਕਾਂ ਦੇ ਲੋਕ-ਸਾਹਿਤ ਨੂੰ ਇਕੱਤਰ ਕਰਦੀ ਰਹੀ ਹੈ। ਅਸੀਂ ਜਾਣਦੇ ਹਾਂ ਕਿ ਅੱਜ ਤੱਕ ਵੀ ਆਇਰਿਸ਼ ਲੋਕਾਂ ਵਾਂਗ ਸਕੌਟਿਸ਼ ਲੋਕ ਅੰਗਰੇਜ਼ਾਂ ਨਾਲ ਆਪਣੇ ਇਤਿਹਾਸ ਦੀ ਵਜ੍ਹਾ ਕਾਰਨ ਘਟ ਹੀ ਰਲਦੇ ਮਿਲਦੇ ਹਨ।

ਪੰਜਵਾਂ: ਆਤਮਾ ਨਾਵਲ ਦੇ ਅਧਿਐਨ ਤੋ ਬਾਅਦ ਇਹ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਸਦੇ ਕਥਾ ਸੰਦਰਭ ਵਿਚ ਨਾ ਤਾਂ ਅੰਗਰੇਜ਼ਾਂ ਦੇ ਆਉਣ ਨਾਲ ਹੋਣ ਵਾਲੀ ਤਰੱਕੀ ਦੇ ਦ੍ਰਿਸ਼ ਮਿਲਦੇ ਹਨ ਨਾ ਹੀ ਇਥੋਂ ਦੇ ਬਾਸ਼ਿੰਦਿਆਂ ਲਈ ਵਿਕਾਸ ਦਾ ਕੋਈ ਰਾਹ ਤਿਆਰ ਹੁੰਦਾ ਦਿਖਾਈ ਦਿੰਦਾ ਹੈ। ਇਸਦੇ ਉਲਟ ਅੰਗਰੇਜ਼ਾਂ ਦੇ ਆਉਣ ਨਾਲ ਇਥੇ ਹਾਰ ਦੀ ਬੇਬਸੀ ਤੇ ਸੰਤਾਪ, ਹਿਰਸ ਦਾ ਫੈਲਾਅ, ਮੌਕਾਪ੍ਰਸਤਾਂ ਦਾ ਬੋਲ-ਬਾਲਾ, ਨੇਕੀ ਦਾ ਸੰਕਟ ਅਤੇ ਆਤਮਾ ਵਰਗੇ ਨੇਕ ਬੰਦਿਆਂ ਲਈ ਆਸਹੀਣ ਸੰਘਰਸ਼ ਜ਼ਰੂਰ ਸ਼ੁਰੂ ਹੋ ਜਾਂਦਾ ਹੈ।

(4)

ਇਸ ਤਰ੍ਹਾਂ 'ਆਤਮਾ' ਨਾਵਲ ਦੇ ਹਵਾਲੇ ਨਾਲ ਅਸੀਂ ਭਾਈ ਵੀਰ ਸਿੰਘ ਕਾਲ ਦੇ ਦ੍ਰਿਸ਼ ਵੀ ਦੇਖ ਸਕਦੇ ਹਾਂ, ਜਿਥੇ ਪੰਜਾਬੀ ਬਿਰਤਾਂਤ ਸਿਰਜਣਾ ਵਿਚ ਅੰਗਰੇਜ਼ੀ ਬਸਤੀਕਾਰੀ ਪ੍ਰਤੀ ਰੋਸ ਜਾਂ ਮਜਾਹਮਤੀ ਦਾ ਭਾਵ ਵਿਦਮਾਨ ਸੀ। ਇਸਦੀ ਤਹਿ ਵਿਚ ਅੰਗਰੇਜ਼ਾਂ ਦੇ ਪੰਜਾਬ ਤੋਂ ਬਾਹਰ ਪੂਰੇ ਹਿੰਦੋਸਤਾਨ ਵਿਚ ਕੀਤੇ ਜਾ ਰਹੇ ਜ਼ੁਲਮੋ-ਸਿਤਮ ਵੀ ਪ੍ਰੇਰਣਾਦਾਇਕ ਸਨ ਅਤੇ ਸਥਾਨਕ ਬੇਚੈਨੀ ਵੀ। ਦੋਹਾਂ ਹੀ ਹਾਲਤਾਂ ਵਿਚ ਅਜਿਹੇ ਬਿਰਤਾਂਤਾਂ ਦੀ ਰਚਨਾ ਹੋਣੀ ਸੁਭਾਵਿਕ ਹੈ, ਜਿਥੇ ਅੰਗਰੇਜ਼ੀ ਰਾਜ ਸਿੱਧੇ ਦੀ ਥਾਂ ਅਸਿੱਧੇ ਰੂਪ ਵਿਚ ਪ੍ਰਤੀਕਮਈ ਅਤੇ ਸੰਕੇਤਿਕ ਢੰਗ ਨਾਲ ਰੋਸ ਦਾ ਕੇਂਦਰ ਬਣਦਾ ਹੋਵੇਗਾ। 'ਆਤਮਾ' ਨਾਵਲ ਵਿਚ ਸੰਜੋਇਆ ਹੋਇਆ ਸਥਾਨਕ ਬਿਰਤਾਂਤਕ ਸੰਦਰਭ ਵੀ ਇਸੇ ਰਵਾਇਤ ਦੀ ਸ਼ਾਹਦੀ ਭਰਦਾ ਹੈ। ਇਸ ਸਥਿਤੀ ਵਿਚ ਅਸੀਂ ਅੰਗਰੇਜ਼ ਪੱਖੀ ਉਸ ਪ੍ਰਚਾਰ ਦੀ ਜ਼ਰੂਰਤ ਦਾ ਅੰਦਾਜ਼ਾ ਵੀ ਲਾ ਸਕਦੇ ਹਾਂ ਜਿਸਦੀ ਪੂਰਤੀ ਲਈ 'ਮਸੀਹੀ ਮੁਸਾਫਰ ਦੀ ਯਾਤਰਾ' ਜਾਂ 'ਜਯੋਤਿਰੁਦਯ' ਵਰਗੇ ਨਾਵਲਾਂ ਦੇ ਤਰਜ਼ਮੇ ਕਰਵਾਏ ਗਏ ਹੋਣਗੇ। ਬਹਿਰਹਾਲ 'ਆਤਮਾ' ਨਾਵਲ ਦੇ ਹਵਾਲੇ ਨਾਲ ਇਕ ਗੱਲ ਸਪਸ਼ਟ ਹੈ ਕਿ ਪੰਜਾਬੀ ਨਾਵਲ ਦੇ ਉਪਜਣ ਦੇ ਦੌਰ ਵਿਚ ਅੰਗਰੇਜ਼ੀ ਬਸਤੀਕਾਰੀ ਪ੍ਰਤਿ ਰੋਸ ਦੀ ਸੁਰ ਵਾਲਾ ਬਿਰਤਾਂਤ ਹੋਂਦ ਵਿਚ ਆ ਚੁੱਕਾ ਸੀ। ਇਸ ਕਰਕੇ ਪੰਜਾਬੀ ਨਾਵਲ ਦੀ ਮੂਲ ਸਿਰਜਣਾਤਮਕ ਕੋਟੀ ਅੰਗਰੇਜ਼ੀ ਰਾਜ ਦੇ 'ਪ੍ਰਭਾਵ' ਦੀ ਥਾਂ ਇਸ ਪ੍ਰਤਿ ਮੁਜਾਹਮਗਤੀ ਦੇ ਹੁੰਗਾਰੇ ਨੂੰ ਮੰਨਣਾ ਜ਼ਰੂਰੀ ਹੈ। ਇਸ ਕਰਕੇ ਇਹ ਨਾਵਲ ਭਾਵੇਂ ਕੋਈ ਵੀ ਕਥਾ-ਸੰਦਰਭ ਅਤੇ ਵੇਰਵੇ ਵਰਤ ਰਿਹਾ ਹੋਵੇ, ਉਸਦਾ ਮਨਸ਼ਾ ਬਸਤੀਕਾਰੀ ਦੀ ਸੰਵੇਦਨਾ ਅਤੇ ਸਿੱਟਿਆਂ ਤੋਂ ਪਾਰ ਜਾਣਾ ਹੈ। ਉਦਾਹਰਣ ਵਜੋਂ ਸੁੰਦਰੀ ਦਾ ਇਹ ਕਥਨ ਦੇਖਿਆ ਜਾ ਸਕਦਾ ਹੈ:

ਇਹ ਹਾਲ ਵੇਖ ਕੇ ਸੁਰੱਸਤੀ ਦੇ ਦਿਲ ਵਿਚ ਖਬਰੇ ਕੀ ਆਈ ਕਿ ਅੱਥਰੂ ਸੁੱਕ ਗਏ ਅਰ ਦਿਲ ਹੌਂਸਲਾ ਭਰ ਗਿਆ। ਉੱਠ ਕੇ ਭਰਾ ਦੇ ਕੰਨ ਵਿਚ ਕਹਿਣ ਲੱਗੀ ....। ਉੱਠ ਵੇ ਉੱਠ। ਮੇਰੀ ਮਾਂ ਦਿਆ ਜਾਇਆ ਉੱਠ। ਘਰਾਂ ਨੂੰ ਜਾਹ ਮੁਗਲ ਦਾ ਪਾਣੀ ਮੈਂ ਨਾ ਪੀਆਂ ਵੀਰਾ। ਮਰਾਸੀ ਅੱਗ ਜਲਾ। ਜਦ ਪਿਉ ਭਰਾ ਨੂੰ ਪ੍ਰਤੀਤ ਹੋ ਗਈ ਮੁਗਲ ਕਿਸੇ ਤਰ੍ਹਾਂ ਨਹੀਂ

> ਛਡਦਾ ਅਤੇ ਪੁੱਤਰੀ ਧਰਮ ਛੀਨ ਭੀ ਨਹੀਂ ਕਰੇਗੀ ਤਦ ਸਾਰੇ ਉਠਾ ਕੇ ਟੁੱਟੇ ਲੱਕ ਤੇ ਭੱਜੇ ਦਿਲ ਘਰ ਨੂੰ ਆ ਰਹੇ।"[4]

ਇਸੇ ਪ੍ਰਕਾਰ ਬਿਜੈ ਸਿੰਘ ਦਾ ਇਹ ਕਥਨ ਧਿਅਨਾਯੋਗ ਹੈ:

> ਸਿੰਘ ਜੀ ਧਰਮ ਅਰ ਸੁਤੰਤਰਤਾ ਦੀ ਸੋਚ ਵਲ ਧਿਆਨ ਕੀਤਿਆਂ ਸਾਬਾਸ ਹੀ ਮੂੰਹੋਂ ਨਿਕਲਦੀ ਹੈ। ਐਤਨੀਂ ਭਾਰੀ ਲਾਲਚ ਦੀ ਦਸ਼ਾ ਵਿਚ ਦ੍ਰਿੜ ਖੜੇ ਹਨ – ।ਅੱਜ ਕੱਲ ਸੋਹਣੀ ਸੂਰਤ ਵੇਖ ਕੇ ਧਰਮ ਹਾਰ ਰਹੇ ਹਨ। ਵਲੈਤ ਦੀ ਸੈਰ ਕਰਨ ਗਏ ਗੋਰੀਆਂ ਨਾਲ ਚਮੋੜ ਲਿਆਉਂਦੇ ਹਨ, ਘਰ ਵਿਚ ਪਈਆਂ ਪਿਟਦੀਆਂ ਹਨ। ਲਾਲਚ ਤੇ ਡਿੱਗਦਾ ਸੀ।[5]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮੁੱਢਲੇ ਪੰਜਾਬੀ ਨਾਵਲ ਦੀ ਮੂਲ ਸੁਰ ਅਧੀਨਗੀ ਤੋਂ ਨਾਬਰ ਹੋਣ ਦੀ ਹੈ। ਜੇਕਰ ਇਸ ਸੁਰ ਨੂੰ ਇਤਿਹਾਸਕ ਪ੍ਰਸੰਗ ਵਿਚ ਵਿਚਾਰੀਏ ਤਾਂ ਇਹ ਨਿਰਸੰਦੇਹ ਅੰਗਰੇਜ਼ ਬਸਤੀਵਾਦੀ ਅਧੀਨਗੀ ਪ੍ਰਤਿ ਨਾਬਰੀ ਦੇ ਹੁੰਗਾਰੇ ਦੇ ਰੂਪ ਵਿਚ ਸਮਝੀ ਜਾ ਸਕਦੀ ਹੈ। ਇਸੇ ਸੁਰ ਦੀ ਇਕ ਤੰਦ 'ਆਤਮਾ' ਨਾਵਲ ਨਾਲ ਜੁੜਦੀ ਹੈ ਅਤੇ ਦੂਜੀ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਦੇ ਨਾਵਲਾਂ ਨਾਲ। ਇਸੇ ਕਰਕੇ ਇਹਨਾਂ ਨਾਵਲਾਂ ਦੇ ਕਥਾ-ਸੰਦਰਭਾਂ ਵਿਚ ਸਮੱਸਿਆ ਦਾ ਸਿਰਜਣ ਬਸਤੀਵਾਦੀ ਰੁਚੀਆਂ ਜਾਂ ਪ੍ਰੇਰਕਾਂ ਰਾਹੀਂ ਹੋਂਦ ਧਾਰਨ ਕਰਦਾ ਹੈ ਅਤੇ ਇਸਦਾ ਨਿਵਾਰਨ ਇਹਨਾਂ ਪ੍ਰਤੀ ਵਿਦਰੋਹ ਜਾਂ ਬਦਲਵੇਂ ਵਿਵਹਾਰ ਨੂੰ ਧਾਰਨ ਕਰਨ ਨਾਲ। ਪੰਜਾਬੀ ਨਾਵਲ ਦੇ ਮੁੱਢਲੇ ਸਰੂਪ ਦਾ ਇਹ ਸਿਧਾਂਤ ਹੀ ਪੰਜਾਬੀ ਨਾਵਲ ਦੀ ਇਤਿਹਾਸਕਾਰੀ ਲਈ ਬੁਨਿਆਦੀ ਵਿਚਾਰ-ਚੌਖਟਾ ਪ੍ਰਦਾਨ ਕਰਦਾ ਹੈ। ਜ਼ਾਹਿਰ ਹੈ ਕਿ ਇਹ ਸਿਧਾਂਤ 'ਪ੍ਰਭਾਵ' ਅਤੇ 'ਪਰਤੌਂ' ਦੀ ਮਿੱਥ ਨੂੰ ਤਿਆਗਕੇ, ਪੰਜਾਬੀ ਨਾਵਲ ਦੀ ਮੌਲਿਕ ਰਚਨਾਤਮਕਤਾ ਦੀ ਪਛਾਣ ਕਰਨ ਦੀ ਕੋਸ਼ਿਸ਼ ਅਧੀਨ ਅਗਲੇਰੀ ਨਾਵਲ ਸਿਰਜਣ ਪ੍ਰਕਿਰਿਆ ਵਿਚ ਇਤਿਹਾਸ, ਯਥਾਰਥ ਅਤੇ ਨਾਬਰੀ ਦੇ ਹੁੰਗਾਰੇ ਦੇ ਅਗਲੇਰੇ ਸਰੂਪ ਤਲਾਸ਼ ਕਰਨ ਦਾ ਯਤਨ ਕਰਦਾ ਹੈ। ਸਿੱਟੇ ਵਜੋਂ ਪੰਜਾਬੀ ਨਾਵਲ ਦੀ ਇਤਿਹਾਸਕਾਰੀ ਦਾ ਮਸਲਾ 'ਪ੍ਰਭਾਵ' ਦੀ ਥਾਂ 'ਹੁੰਗਾਰਾ', 'ਪਰਤੌਂ' ਦੀ ਥਾਂ 'ਪੁਨਰ-ਰਚਨਾ' ਅਤੇ ਸਮਾਜਕ-ਤੱਥਾਂ ਦੀ 'ਨਿਰੰਤਰਤਾ' ਦੀ ਥਾਂ ਬਿਰਤਾਂਤਕ 'ਰੂਪਾਂਤਰਨ' ਦੀਆਂ ਪ੍ਰਕਿਰਿਆਵਾਂ ਨੂੰ ਸਮਝਣਾ ਅਤੇ ਪੇਸ਼ ਕਰਨਾ ਹੈ।

(5)

ਜਦੋਂ ਅਸੀਂ ਇਸ ਦ੍ਰਿਸ਼ਟੀ ਤੋਂ ਨਾਨਕ ਸਿੰਘ ਦੇ ਅਤੇ ਉਸ ਦੌਰ ਦੇ ਨਾਵਲਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਉਸਦੇ ਸੁਧਾਰਵਾਦ ਤੋਂ ਪਹਿਲਾਂ ਉਸਦੇ ਨਾਵਲਾਂ ਵਿਚ ਪੇਸ਼ ਹੋ ਰਿਹਾ ਵਿਗਠਤ ਸਮਾਜਿਕ ਅਤੇ ਰਚਨਾਤਮਕ ਸੰਦਰਭ ਆ ਜਾਵੇਗਾ। ਹੁਣ ਤੱਕ ਇਹ ਵਿਚਾਰਿਆ ਨਹੀਂ ਗਿਆ ਕਿ ਨਾਨਕ ਸਿੰਘ ਦੇ ਨਾਵਲਾਂ ਵਿਚ ਪੇਸ਼ ਬਿਰਤਾਂਤਕ ਸੰਦਰਭ ਅਤੇ ਵੇਰਵੇ ਵਿਗਠਤ ਰਚਨਾਤਮਕ ਸੰਦਰਭਾਂ ਨੂੰ ਕਿਉਂ ਰੂਪਮਾਨ ਕਰਦੇ ਹਨ। ਜ਼ਾਹਿਰ ਹੈ ਕਿ ਇਸਦੀਆਂ ਜੜ੍ਹਾਂ ਉਸ ਬਸਤੀਵਾਦੀ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਵਿਚ ਨਿਹਿਤ ਹਨ, ਜਿਸਦੇ ਭਾਵੇਂ ਉਹ ਸਿੱਧੇ ਦ੍ਰਿਸ਼ਟਾਂਤ ਨਹੀਂ ਚਿਤਰਦਾ ਪਰ ਸੰਕੇਤਿਕ ਰੂਪ ਵਿਚ ਇਥੇ ਮਨੁੱਖ ਦੀਆਂ ਉਹੀ ਰੁਚੀਆਂ ਦੁਖਾਂਤ ਨੂੰ ਸਿਰਜਣ ਦਾ ਆਧਾਰ ਬਣਦੀਆਂ ਹਨ, ਜੋ ਮੂਲ ਰੂਪ ਵਿਚ ਸਮਕਾਲੀ ਯਥਾਰਥ ਵਿਆਪੇ ਬਦਲਾਅ ਰਾਹੀਂ ਸੰਭਵ ਹੋਈਆਂ ਹਨ। ਉਦਾਹਰਣ ਵਜੋਂ 'ਪਵਿੱਤਰ ਪਾਪੀ' ਦੇ ਦੁਖਾਂਤ ਦਾ ਕਾਰਨ ਨਾਇਕ 'ਕੇਦਾਰ' ਦਾ ਨਾਇਕਾ 'ਵੀਣਾ' ਦੇ ਬੇਰੁਜ਼ਗਾਰੀ ਕਾਰਨ ਹੋਏ ਪਰਿਵਾਰ ਦੇ ਬਹੁਪਾਸਾਰੀ ਵਿਗਠਨ ਲਈ ਆਪਣੇ ਆਪ ਨੂੰ ਦੋਸ਼ੀ ਸਮਝਣਾ ਹੈ। ਇਸੇ ਤਰ੍ਹਾਂ ਨਾਵਲ 'ਚਿੱਟਾ ਲਹੂ' ਵਿਚ ਨਾਇਕ ਬਚਨ ਸਿੰਘ ਦੀ ਮੌਤ ਨੂੰ ਸਿਰਫ਼ ਬਲੀਦਾਨ ਵਜੋਂ ਹੀ ਨਹੀਂ ਚਿਤਰਦਾ ਸਗੋਂ ਨਿਰਦੋਸ਼ਾਂ ਨੂੰ ਫਾਹੇ ਚਾੜ੍ਹਣ ਵਾਲੀ ਬਸਤੀਵਾਦੀ-ਪ੍ਰਣਾਲੀ ਅਤੇ ਕਾਨੂੰਨ ਦੀ ਸੀਮਾਵਾਂ ਨੂੰ ਵੀ ਉਜਾਗਰ ਕਰਦਾ ਹੈ। ਜ਼ਾਹਿਰ ਹੈ ਕਿ ਅਜਿਹੀ ਸਥਿਤੀ ਦਾ ਨਿਪਟਾਰਾ ਤਤਕਾਲੀਨ ਸੰਸਥਾਵਾਂ ਦੇ ਪ੍ਰਬੰਧ ਰਾਹੀਂ ਸੰਭਵ ਨਹੀਂ ਹੈ ਜਿਸ



ਕਰਕੇ ਨਾਨਕ ਸਿੰਘ ਵਿਅਕਤੀਗਤ ਉੱਥਾਨ ਦੀ ਜੁਗਤ ਰਾਹੀਂ ਰਚੀ ਕਾਇਆ ਕਲਪ ਦੀ ਵਿਧੀ ਵਰਤਦਾ ਹੋਇਆ ਸਮਕਾਲੀ ਸਮਾਜਿਕ ਯਥਾਰਥ ਦੀ ਵਿਕਰਾਲਤਾ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦਾ ਹੈ। ਜਸਵੰਤ ਸਿੰਘ ਕੰਵਲ ਦੇ ਮੁੱਢਲੇ ਨਾਵਲਾਂ ਵਿਚ ਵੀ ਸਰਗਰਮ ਸੰਕਟਾਂ ਦੇ ਸਿਰਜਣ ਅਤੇ ਨਿਵਾਰਨ ਲਈ ਵਰਤੀ ਜਾਣ ਵਾਲੀ ਇਸ਼ਕ ਦੀ ਪ੍ਰੇਰਿਕਤਾ ਜਾਂ ਰੋਮਾਂਸ ਦੀ ਜੁਗਤ ਵੀ ਉਹਨਾਂ ਤਸੱਵਰੀ ਮੰਜਰਾਂ ਨੂੰ ਹਾਸਲ ਕਰਨ ਦੀ ਅਭਿਲਾਸ਼ਾ ਦੇ ਰੂਪ ਵਿਚ ਸਮਝੀ ਜਾ ਸਕਦੀ ਹੈ ਜੋ ਸਮਕਾਲੀਨ ਯਥਾਰਥ ਵਿਚ ਸੰਭਵ ਨਹੀਂ ਹੈ। ਸਿੱਟੇ ਵਜੋਂ ਕੰਵਲ ਦੇ ਨਾਵਲੀ ਬਿਰਤਾਂਤ ਦੀ ਤਹਿ ਵਿਚ ਵੀ 'ਬਸਤੀਵਾਦ ਵਿਕਾਸ' ਦੇ ਮਾਡਲ ਦੇ ਉਹਨਾਂ ਸ਼ੰਕਿਆਂ ਦਾ ਪ੍ਰਗਟਾਵਾ ਹੈ, ਜੋ ਉਸ ਮੁਆਸ਼ਰੇ ਨੂੰ ਅਸਲ ਵਿਚ ਵਿਕਸਤ ਕਰਨ ਦੀ ਥਾਂ ਵਿਗਠਤ ਕਰਨ ਵਿਚ ਆਪਣੀ ਭੂਮਿਕਾ ਅਦਾ ਕਰ ਰਿਹਾ ਹੈ।

ਬਸਤੀਵਾਦ ਵਿਕਾਸ ਦੇ ਮਾਡਲ ਉੱਤੇ ਸੁਆਲ ਖੜ੍ਹੇ ਕਰਨ ਦਾ ਸਿੱਧਾ ਚਿਤਰਨ ਅਤੇ ਇਸ ਰਾਹੀਂ ਪੇਸ਼ ਹੋਣ ਵਾਲੇ ਮਾਨਸਿਕ, ਸਭਿਆਚਾਰਕ ਅਤੇ ਅਸਤਿਤਵੀ ਵਿਗਠਨ ਦੀ ਪੇਸ਼ਕਾਰੀ ਸੰਤ ਸਿੰਘ ਸੇਖੋਂ ਦੇ ਨਾਵਲ 'ਲਹੂ ਮਿੱਟੀ', ਗੁਰਚਰਨ ਸਿੰਘ ਦੇ 'ਵਗਦੀ ਸੀ ਰਾਵੀ' ਅਤੇ ਸੁਰਿੰਦਰ ਸਿੰਘ ਨਰੂਲਾ ਦੇ ਨਾਵਲ 'ਪਿਉ ਪੁੱਤਰ' ਰਾਹੀਂ ਸਪਸ਼ਟ ਰੂਪ ਵਿਚ ਵੇਖ ਸਕਦੇ ਹਾਂ। ਜ਼ਾਹਿਰ ਹੈ ਕਿ ਯਥਾਰਥਵਾਦ ਪੰਜਾਬੀ ਨਾਵਲ ਆਪਣੇ ਬਿਰਤਾਂਤਕ ਸੰਦਰਭਾਂ ਅਤੇ ਵੇਰਵਿਆਂ ਨੂੰ ਵੀ ਸਮਾਜਿਕ ਯਥਾਰਥ ਪ੍ਰਤਿ ਮੁਲਾਂਕਣੀ ਰੁਚੀ ਨਾਲ ਪੇਸ਼ ਕਰਨ ਦੀ ਰਵਾਇਤ ਕਾਇਮ ਕਰਦਾ ਹੈ। ਸਿੱਟੇ ਵਜੋਂ ਇਹਨਾਂ ਤੋਂ ਅਗਲੇਰੇ ਪੱਧਰ ਉੱਤੇ ਨਾਵਲ ਰਚਨਾ ਕਰਨ ਵਾਲੇ ਪ੍ਰਤਿਭਾਸ਼ੀਲ ਨਾਵਲਕਾਰ ਜਿਵੇਂ ਗੁਰਦਿਆਲ ਸਿੰਘ, ਕੇਸਰ ਸਿੰਘ, ਨਰਿੰਜਨ ਤਸਨੀਮ ਅਤੇ ਸੁਰਜੀਤ ਸਿੰਘ ਸੇਠੀ ਆਪਣੇ ਨਾਵਲਾਂ ਵਿਚ ਪੰਜਾਬੀ ਭਾਈਚਾਰੇ ਅਤੇ ਮਨੁੱਖ ਦੇ ਮਨ ਦੇ ਅੰਦਰ ਅਤੇ ਬਾਹਰ ਪਸਰੇ ਹੋਏ ਬਹੁਪਾਸਾਰੀ ਸੰਤਾਪ, ਵਿਗਠਨ ਅਤੇ ਟੁੱਟ-ਭੱਜ ਦੀ ਪੇਸ਼ਕਾਰੀ ਕਰਨ ਦੀ ਰਵਾਇਤ ਨੂੰ ਹੋਰ ਵਿਸਤਾਰ ਦਿੰਦੇ ਪ੍ਰਤੀਤ ਹੁੰਦੇ ਹਨ।

ਯਥਾਰਥਵਾਦੀ ਧਾਰਾ ਨੂੰ ਵਿਸਤਾਰ ਦਿੰਦੀ ਹੋਈ ਉੱਤਰ-ਯਥਾਰਥਵਾਦੀ ਧਾਰਾ ਦੀ ਨਾਵਲੀ ਸਿਰਜਣਾ ਤਿੰਨ ਰੁਖ਼ ਤਿਆਰ ਕਰਦੀ ਹੈ। ਪਹਿਲਾ, ਉਸਦੀ ਬਿਰਤਾਂਤਕ ਪੇਸ਼ਕਾਰੀ ਸਮਾਜਿਕ ਯਥਾਰਥ ਦੇ ਦਿਸਣਹਾਰ ਰੂਪਾਂ ਦੀ ਤਹਿ ਵਿਚ ਕਰਮਸ਼ੀਲ ਸੱਚ ਨੂੰ ਪਕੜਣ ਦੀ ਕੋਸ਼ਿਸ਼ ਕਰਦੀ ਹੈ। ਦੂਜਾ, ਉਹ ਸੁਪਨਿਆਂ ਦੀ ਥਾਂ ਯਥਾਰਥ ਦੀ ਵਿਕਰਾਲਤਾ ਵਿਚ ਫਸੇ ਮਨੁੱਖ ਦੀ ਦੁਸ਼ਵਾਰੀਆਂ ਦੀ ਜੁਗਤ ਰਾਹੀਂ ਉਸਦੀ ਸੰਕਟਾਂ ਦੇ ਨਿਵਾਰਨ ਦੀ ਬਿਹਬਲਤਾ ਅਤੇ ਮੁਕਤ ਨਾ ਹੋ ਸਕਣ ਦੇ ਸੰਤਾਪ ਨੂੰ ਪੇਸ਼ ਕਰਦੀ ਹੈ। ਤੀਜਾ, ਉਹ ਸੰਕਟਾਂ, ਸੰਤਾਪਾਂ ਅਤੇ ਤਸ਼ੱਦਦ ਦਾ ਘਰ ਬਣੇ ਮੁਆਸ਼ਰੇ ਦੀ ਪੇਸ਼ਕਾਰੀ ਰਾਹੀਂ ਨਿਜ਼ਾਮ ਪ੍ਰਤਿ ਰੋਸ ਦਾ ਹੁੰਗਾਰਾ ਰੂਪਮਾਨ ਕਰਦਾ ਹੈ। ਕਰਮਜੀਤ ਕੁੱਸਾ ਦੇ 'ਰੋਹੀ ਬੀਆਬਾਨ' ਤੋਂ ਲੈ ਕੇ ਮਿੱਤਰ ਸੈਨ ਮੀਤ ਦੇ 'ਕੌਰਵ ਸਭਾ' ਤੱਕ ਅਸੀਂ ਇਸ ਸੁਭਾਅ ਦੇ ਪ੍ਰਭਾਵਸ਼ਾਲੀ ਨਾਵਲੀ-ਬਿਰਤਾਂਤ ਦੀ ਉਦਾਹਰਣ ਦੇ ਸਕਦੇ ਹਾਂ, ਜੋ ਆਪਣੇ ਸਮਕਾਲੀ ਸਮਾਜਿਕ ਯਥਾਰਥ ਦਾ ਮਹਿਜ਼ ਪਰਤੌਂ ਹੋਣ ਦੀ ਥਾਂ ਉਸ ਨੂੰ ਮੁਲਾਂਕਣੀ ਦ੍ਰਿਸ਼ਟੀ ਰਾਹੀਂ ਪੁਨਰ-ਸਿਰਜਣ ਕਰਦੇ ਹਨ। ਇਹ ਹੀ ਵਜ੍ਹਾ ਹੈ ਕਿ ਇਹ ਨਾਵਲ ਸਮਕਾਲੀ ਦੌਰ ਵਿਚ ਕਿਸੇ ਸੁਪਨੇ ਨੂੰ ਸਿਰਜਣ ਦੀ ਥਾਂ ਜ਼ਿੰਦਗੀ ਦੀ ਰਵਾਂਦਾਰੀ ਦੇ ਖੀਣ ਹੋਣ ਦਾ ਦੁਖਾਂਤਿਕ-ਬਿੰਬ ਪੇਸ਼ ਕਰਨ ਦੀ ਰਵਾਇਤ ਨੂੰ ਪੱਕਿਆਂ ਕਰਦੇ ਰਹਿੰਦੇ ਹਨ।

(6)

ਪਰਵਾਸੀ ਅਤੇ ਪਾਕਿਸਤਾਨੀ ਪੰਜਾਬ ਵਿਚ ਰਚਿਆ ਗਿਆ ਨਾਵਲ ਵੀ ਸੁਪਨੇ ਦੇ ਭੰਜਨ ਤੋਂ ਲੈ ਕੇ ਜ਼ਿੰਦਗੀ ਦੀ ਰਵਾਂਦਾਰੀ ਦੇ ਭੰਜਨੀ ਪੇਸ਼ਕਾਰੀ ਕਰਦਾ ਹੈ। ਪਰਵਾਸੀ ਪੰਜਾਬੀ ਨਾਵਲ ਵਿਚ 'ਕੰਜਕਾਂ', 'ਪੈੜਾਂ ਦੇ ਆਰ-ਪਾਰ', 'ਸਵਾਰੀ', 'ਇੰਦਰਜਲ' ਅਤੇ 'ਗਿਰਵੀ ਹੋਏ ਮਨ' ਆਦਿ ਨਾਵਲਾਂ ਦੇ ਹਵਾਲੇ ਨਾਲ ਅਸੀਂ ਪੰਜਾਬੀ ਮਨੁੱਖ ਦੀ ਉੱਥਲ-ਪੁੱਥਲ ਹੋਈ ਜ਼ਿੰਦਗੀ ਅਤੇ

ਅਰਥ ਗ੍ਰਹਿਣ ਕਰਨ ਦੀ ਤਲਾਬ ਦੇ ਬਹੁਪਾਸਾਰੀ ਦ੍ਰਿਸ਼ ਵੇਖ ਸਕਦੇ ਹਾਂ। ਲਗਭਗ ਇਹ ਹੀ ਸਥਿਤੀ ਪਾਕਿਸਤਾਨੀ ਪੰਜਾਬੀ ਨਾਵਲ ਦੀ ਹੈ। ਉਸਦੇ ਆਪਣੇ ਬਿਰਤਾਂਤਕ ਸੰਦਰਭ ਅਤੇ ਦ੍ਰਿਸ਼ਟਾਂਤ ਹਨ, ਪਰ ਉਹ ਵੀ ਖੰਡਿਤ ਹੋਈ ਸਮਾਜਿਕ ਸਥਿਤੀ ਅਤੇ ਮਾਨਵੀ ਹਸਤੀ ਦੇ ਭਿੰਨ-ਭਿੰਨ ਰੂਪ ਪੇਸ਼ ਕਰਦਾ ਹੈ। ਜ਼ਾਹਿਰ ਹੈ ਕਿ ਜਿਥੇ ਮਨੁੱਖੀ ਹੋਂਦ ਖੰਡਿਤ ਹੁੰਦੀ ਹੈ ਤਾਂ ਉਸ ਨੂੰ ਖੰਡਿਤ ਕਰਨ ਦੀ ਕੋਈ ਨਾ ਕੋਈ ਏਜੰਸੀ ਹੈ ਹੀ। ਪੰਜਾਬੀ ਨਾਵਲ ਇਸ ਏਜੰਸੀ ਉਪਰ ਆਪਣੇ ਬਿਰਤਾਂਤਕ ਅਰਥਾਂ ਨੂੰ ਕੇਂਦਰਿਤ ਕਰਕੇ, ਇਸ ਪ੍ਰਤਿ ਰੋਸ, ਨਾਬਰੀ ਅਤੇ ਮੁਜਾਹਮਤੀ ਦਾ ਪ੍ਰਵਚਨ ਸਿਰਜਦਾ ਹੈ। ਦੂਜੇ ਸ਼ਬਦਾਂ ਵਿਚ ਪੰਜਾਬੀ ਨਾਵਲ ਦੀ ਬਿਰਤਾਂਤਕਾਰੀ ਬਾਰੇ ਵਿਚਾਰ ਅਤੇ ਵਿਸ਼ਲੇਸ਼ਣ ਕਰਨਾ ਭਾਵ ਸਿਰਫ਼ ਬਿਰਤਾਂਤਕ ਸੰਦਰਭਾਂ ਅਤੇ ਦ੍ਰਿਸ਼ਟਾਂਤਾਂ ਦਾ ਹੀ ਜ਼ਿਕਰ ਕਰਨਾ ਅਤੇ ਇਸ ਦੇ ਹਵਾਲੇ ਨਾਲ ਸਮਾਜਿਕ ਯਥਾਰਥ ਬਾਰੇ ਬਹਿਸ ਛੇੜਣਾ ਨਹੀਂ ਸਗੋਂ ਇਹਨਾਂ ਦੀ ਪੇਸ਼ਕਾਰੀ ਦੀ ਜੁਗਤ ਰਾਹੀਂ ਸਿਰਜੇ ਜਾ ਰਹੇ ਨਾਵਲੀ ਅਰਥਾਂ ਅਤੇ ਨਾਵਲੀ ਅਰਥਾਂ ਦੀ ਸੁਰ ਦਾ ਮੁਲਾਂਕਣ ਦਾ ਕਰਨਾ ਹੈ।

(7)

ਇਸ ਤਰ੍ਹਾਂ ਪੰਜਾਬੀ ਨਾਵਲ ਦੀ ਇਤਿਹਾਸਕਾਰੀ ਦਾ ਮਸਲਾ ਬਿਰਤਾਂਤਕ ਸੰਦਰਭਾਂ ਅਤੇ ਦ੍ਰਿਸ਼ਟਾਂਤਾਂ ਦੇ ਬਦਲਵੇਂ ਰੂਪਾਂ ਦੀ ਪਛਾਣ ਕਰਨਾ ਅਤੇ ਤੱਤਕਾਲੀਨ ਸਮਾਜਿਕ ਸੰਦਰਭਾਂ ਨਾਲ ਉਸਦਾ ਮੇਲ ਕਰਨਾ ਨਹੀਂ ਹੈ। ਇਸਦੇ ਉਲਟ ਇਸਦਾ ਮਕਸਦ ਤਾਂ ਬਿਰਤਾਂਤਕ ਸੰਦਰਭਾਂ ਦੀ ਤਹਿ ਵਿਚ ਸਰਗਰਮ ਨਾਵਲੀ ਅਰਥਾਂ ਦਾ ਸਰੂਪ ਅਤੇ ਇਸ ਦੀ ਮੂਲ ਸੁਰ ਦੇ ਬਦਲਵੇਂ ਸਰੂਪਾਂ ਦੀ ਰੂਪਾਂਤਰਣ ਦੀ ਪ੍ਰਕਿਰਿਆ ਦੀ ਨਿਸ਼ਾਨਦੇਹੀ ਕਰਨਾ ਹੈ। ਪੰਜਾਬੀ ਨਾਵਲ ਦੀ ਇਤਿਹਾਸਕਾਰੀ ਦਾ 'ਪ੍ਰਭਾਵ' ਅਤੇ 'ਪਰਤੌ' ਦੀ ਜੁਗਤ ਨੂੰ ਪਛਾਨਣ ਵਾਲਾ ਮਾਡਲ ਪਹਿਲੇ ਪੱਧਰ ਦੀ ਸਿਧਾਂਤਕਾਰੀ ਨਾਲ ਹੀ ਬਾ-ਬਸਤਾ ਰਹਿੰਦਾ ਹੈ। ਜ਼ਰੂਰਤ ਹੈ, ਪੰਜਾਬੀ ਨਾਵਲ ਦੇ ਬਿਰਤਾਂਤਕ ਸੰਦਰਭਾਂ ਦੇ ਵਖਰੇਵੇਂ ਅਤੇ ਨਾਵਲੀ-ਅਰਥਾਂ ਦੀ ਵੰਨ-ਸਵੰਨਤਾ ਰਾਹੀਂ ਰਚੀ ਜਾਣ ਵਾਲੀ ਅਰਥਾਂ ਦੀ ਸੁਰ ਦੇ ਸਰੂਪ ਅਤੇ ਗਹਿਰਾਈ ਨੂੰ ਪਛਾਨਣ ਦੀ। ਇਸ ਕੋਸ਼ਿਸ਼ ਰਾਹੀਂ ਹੀ ਅਸੀਂ ਪੰਜਾਬੀ ਸੰਵੇਦਨਾ ਅਤੇ ਪੰਜਾਬ ਬਿਰਤਾਂਤ ਦੀ ਮੂਲ ਜੁਗਤ 'ਰਾਜੇ' ਦੀ ਥਾਂ 'ਫ਼ਕੀਰ' ਅਤੇ 'ਸਿਪਾਹ ਸਿਲਾਰ ਦੀ ਥਾਂ ਬਾਗ਼ੀ' ਦੀ ਨਿਆਂਸੀਲਤਾ ਰਚਣ ਦੀ ਵਿਧੀ ਦੇ ਰੂ-ਬ-ਰੂ ਹੋ ਸਕਾਂਗੇ।

### ਹਵਾਲੇ


੧. 8✤✡◂™2✲▲✫✲▲,"✲✥⬇✤✵▲✝◂✤✪✤✚3✝⬇✝✝☚✥,✶✤✪➢✤✪;♣✤✝✝⬇✥➢⯀✥, ੧੯੯੪, ✥.੯

੨. 4✥✪✪◂◂➡⇒▲⬇➢✥☚,◂✝✥☚▲✝✝☚✥◂✪✝✫✥$✤➢✥☚✪⇒✤☚⬇➢(5➢),©✥⬅✤☚⬆, ®⊘✥✤☚➢"✪◂✄✥☚◂➡◂✝⋂☚✥◂➡◂➡,✥✥:੨੯-੨੮

੩. 5➢⬅▲☚➢⇒.♥▲◂➢,3✝⬇✝✝☚✥▲✪➢9✡✥✥☚◂▲⬇◂◂➡✡,✶✤✪➢✤✪;⊃◂✪✝▲⯀✥, ੧੯੯੩, ✥.੨੪

4. ਭਾਈ ਵੀਰ ਸਿੰਘ, ਸੁੰਦਰੀ, ਨਵੀਂ ਦਿੱਲੀ, ਭਾਈ ਵੀਰ ਸਿੰਘ ਸਾਹਿਤ ਸਦਨ, 1999, ਪੰ. 4-5

5. ਭਾਈ ਵੀਰ ਸਿੰਘ, ਬਿਜੈ ਸਿੰਘ, ਨਵੀਂ ਦਿੱਲੀ, ਭਾਈ ਵੀਰ ਸਿੰਘ ਸਾਹਿਤ ਸਦਨ, 1991, ਪੰ. 149




## ਰਾਮਸਰੂਪ ਅਣਖੀ ਦੇ ਨਾਵਲਾਂ ਦਾ ਸਮਾਜਕ-ਸਭਿਆਚਾਰਕ-ਮੁਹਾਂਦਰਾ ਅਤੇ ਚੇਤਨਾ


**ਡਾ. ਸੁਰਜੀਤ ਬਰਾੜ**


ਵੀਹਵੀਂ ਸਦੀ ਦੇ ਅੰਤਲੇ ਅਤੇ ਇੱਕੀਵੀਂ ਸਦੀ ਦੇ ਮੁੱਢਲੇ ਦਹਾਕੇ ਵਿੱਚ ਰਾਮਸਰੂਪ ਅਣਖੀ ਦੇ ਗੈਰ-ਮਾਮੂਲੀ ਨਾਵਲ ਪ੍ਰਕਾਸ਼ਤ ਹੋਏ ਹਨ ਪਰ ਉਸ ਦੇ ਨਾਵਲਾਂ ਦੀ ਇਕ ਲੰਬੀ ਫਿਹਰਿਸਤ ਹੈ, ਜਿਨ੍ਹਾਂ ਦੀ ਪ੍ਰਕਾਸ਼ਨਾ ਨਾਲ ਨਾਵਲੀ-ਖੇਤਰ ਵਿਸਤ੍ਰਿਤ ਅਤੇ ਅਮੀਰ ਹੋਇਆ ਹੈ। ਮੇਲੋ, ਜਿਨ ਸਿਰ ਸੋਹਨ ਪੱਟੀਆਂ, ਪਰਦਾ ਤੇ ਰੌਸ਼ਨੀ, ਢਿੱਡ ਦੀ ਆਂਦਰ, ਸੁਲਗਦੀ ਰਾਤ, ਜ਼ਖਮੀ ਅਤੀਤ, ਕੱਖਾ ਕਾਨਿਆਂ ਦੇ ਪੁਲ, ਕੋਠੇ ਖੜਕ ਸਿੰਘ, ਜ਼ਮੀਨਾਂ ਵਾਲੇ, ਬੱਸ ਹੋਰ ਨਹੀਂ, ਬਾਰਾਂ ਤਾਲੀ, ਕਣਕਾਂ ਦਾ ਕਤਲਾਮ, ਪਰਤਾਪੀ, ਸਰਦਾਰੋ, ਹਮੀਰਗੜ੍ਹ, ਦੁੱਲੇ ਦੀ ਢਾਬ ਆਦਿ ਨਾਵਲਾਂ ਵਿੱਚ ਕਾਫ਼ੀ ਹੱਦ ਤੱਕ ਪੰਜਾਬ ਦੇ ਪੇਂਡੂ ਜਨ-ਜੀਵਨ ਦੇ ਵਿਭਿੰਨ ਪਸਾਰਾਂ-ਸਰੋਕਾਰਾਂ ਦੇ ਨਾਲ-ਨਾਲ ਪੇਂਡੂ ਸਮਾਜਕ-ਸੱਭਿਆਚਾਰਕ ਅਤੇ ਆਰਥਕ ਸਰੰਚਨਾਵਾਂ ਦੀ ਪ੍ਰਸਤੁਤੀ ਹੋਈ ਮਿਲਦੀ ਹੈ। ਇਹਨਾਂ ਨਾਵਲਾਂ 'ਚ ਪੇਂਡੂ ਜਨ-ਜੀਵਨ ਦੀ ਰਹਿਤਲ, ਗ੍ਰਾਮੀਣ ਕਦਰਾਂ ਕੀਮਤਾਂ (ਨੈਤਿਕ-ਸਮਾਜਕ-ਧਾਰਮਕ) ਦੀ ਸਮੱਗਰ ਰੂਪ 'ਚ ਪੇਸ਼ਕਾਰੀ ਸਮੁੱਚੇ ਪੰਜਾਬੀ ਨਾਵਲ ਦੀ ਸਥਿਤੀ ਨੂੰ ਤੱਸਲੀਬਖਸ਼ ਅਤੇ ਸੰਤੋਸ਼ਜਨਕ ਬਣਾਉਂਦੀ ਹੈ।

ਸਾਹਿਤ ਵਿੱਚ ਸੱਭਿਆਚਾਰਕ ਕੀਮਤਾਂ ਦਾ ਪ੍ਰਗਟਾਵਾ ਹੀ ਕੀਤਾ ਜਾਂਦਾ ਹੈ ਪਰ ਇਨ੍ਹਾਂ ਦੇ ਨਾਲ-ਨਾਲ ਸਮਕਾਲੀ ਸਮਾਜਕ-ਆਰਥਕ-ਰਾਜਨੀਤਿਕ ਪ੍ਰਸਥਿਤੀਆਂ ਨੂੰ ਵੀ ਚਿਤਰਿਆ ਜਾਂਦਾ ਹੈ। ਸੋ ਉਪਰੋਕਤ ਨਾਵਲਾਂ 'ਚ ਮਾਲਵਾ ਆਂਚਲ ਦੇ ਵਸਨੀਕਾਂ ਦੇ ਜੀਵਨ ਦੀ ਤਰਜਮਾਨੀ ਸਭਿਆਚਾਰਕ-ਸਮਾਜਕ-ਆਰਥਕ ਸੰਦਰਭਾਂ 'ਚ ਹੋਈ ਮਿਲਦੀ ਹੈ। ਪਿੰਡ 'ਚ ਜੀਵਨ ਨਿਰਬਾਹ ਕਰਦੀਆਂ ਜਾਤਾਂ-ਉਪਜਾਤਾਂ, ਜਮਾਤੀ ਸਮਾਜ ਦੇ ਨਿੱਕੇ-ਨਿੱਕੇ ਵਰਗਾਂ, ਉਨ੍ਹਾਂ ਦੀਆਂ ਪਰਸਪਰ ਵਿਰੋਧਤਾਈਆਂ, ਉਨ੍ਹਾਂ ਦੇ ਤਨਾਵਾਂ, ਉਨ੍ਹਾਂ ਦੇ ਪ੍ਰਤੀਕਰਮਾਂ-ਭਾਵਾਂ-ਉਦਗਾਰਾਂ, ਪੇਂਡੂ ਕੀਮਤਾਂ ਦੀ ਬਹੁਵੰਨਤਾ ਅਤੇ ਬਹੁਪਰਤਤਾ , ਪੇਂਡੂ ਸਾਮੰਤੀ ਸੰਰਚਨਾ (ਕਿਵੇਂ ਪਿੰਡ ਪੂਰਨ ਇਕਾਈ ਹੁੰਦਾ ਸੀ ) ਪੇਂਡੂ ਜਨ-ਜੀਵਨ ਦਾ ਆਚਾਰ-ਵਿਹਾਰ, ਕਾਰੋਬਾਰ, ਨੈਤਿਕ ਅਤੇ ਅਨੈਤਿਕ ਪੱਖਾਂ ਦੀ ਝਲਕ ਅਤੇ ਬਦਲ ਰਹੀ ਪੇਂਡੂ ਰਹਿਤਲ ਅਤੇ ਜ਼ਿੰਦਗੀ ਦੇ ਵਿਭਿੰਨ ਪੱਖਾਂ ਬਾਰੇ ਇਨ੍ਹਾਂ ਨਾਵਲਾਂ 'ਚ ਗ਼ਾਲਬਨ ਹੋਈ ਮਿਲਦੀ ਹੈ। ਮਹਾਕਾਵਿ ਦੁੱਲੇ ਦੀ ਢਾਬ, ਕੋਠੇ ਖੜਕ ਸਿੰਘ, ਜਮੀਨਾਂ ਵਾਲੇ, ਬੱਸ ਹੋਰ ਨਹੀਂ, ਕਣਕਾਂ ਦਾ ਕਤਲਾਮ, ਪਰਤਾਪੀ, ਸਰਦਾਰੋਂ ਹਮੀਰਗੜ੍ਹ ਵਰਗੇ ਨਾਵਲ ਇਸ ਤਾਂ ਪੱਖੋਂ ਸਾਂਭਣਯੋਗ ਅਤੇ ਪੁਰਅਸਰ ਦਸਤਾਵੇਜ਼ ਹਨ।

ਰਾਮਸਰੂਪ ਅਣਖੀ ਨੂੰ ਪੂਰਵ ਅਜ਼ਾਦੀ ਕਾਲ ਤੋਂ ਲੈ ਕੇ ਆਧੁਨਿਕ ਪੇਂਡੂ ਜਨ-ਜੀਵਨ ਬਾਰੇ ਤਿੱਖਾ ਅਨੁਭਵ ਅਤੇ ਪ੍ਰਤੀਤੀ ਹੈ। ਇਸ ਬਲ ਰਾਹੀਂ ਉਸ ਨੇ ਆਪਣੇ ਪਾਠਕ ਵਰਗ ਨੂੰ ਸੱਭਿਆਚਾਰਕ- ਸਮਾਜਕ -ਰਾਜਨੀਤਕ-ਧਾਰਮਕ ਅਤੇ ਆਰਥਕ ਇਤਿਹਾਸ ਦੇ ਗਲਪੀਕਰਨ ਰਾਹੀਂ ਪੇਂਡੂ ਜੀਵਨ ਪ੍ਰਤੀ ਕਾਫ਼ੀ ਕੁਝ ਯੁੱਗ ਬੋਧ ਪ੍ਰਦਾਨ ਕੀਤਾ ਹੈ। ਇਸ ਨਾਵਲਕਾਰ ਨੇ ਆਪਣੇ ਨਾਵਲਾਂ 'ਚ ਅੰਮ੍ਰਿਤ ਵੇਲੇ ਜਾਗਣ ਤੋਂ ਲੈ ਕੇ ਰਾਤ ਸੌਣ ਤੱਕ ਸਭ ਨਿੱਕੇ-ਮੋਟੇ ਕਾਰਜਾਂ ਦੀ ਮਹੀਨ ਜਾਣਕਾਰੀ ਉਪਲੱਬਧ ਕਰਵਾਈ ਹੈ। ਇਨ੍ਹਾਂ ਨਾਵਲਾਂ 'ਚੋਂ ਮਲਵਈ ਮਾਨਸਿਕਤਾ ਅਤੇ ਅਵਚੇਤਨ, ਮਲਵਈ ਰਹਿਣ-ਸਹਿਣ, ਖਾਣ- ਪੀਣ, ਪਹਿਨਣ-ਪਚਰਨ, ਉਠਣ-ਬੈਠਣ, ਤੁਰਨ ਫਿਰਨ ਦੇ ਯਥਾਰਥਕ ਵੇਰਵਿਆਂ ਤੋਂ ਬਿਨਾਂ ਵਿਆਹ-ਸ਼ਾਦੀ ਸੰਬੰਧੀ ਰਹੁ-ਰੀਤਾਂ, ਮੰਗਣੇ, ਜਨਮ-ਮਰਨ ਦੀਆਂ ਕੀਮਤਾਂ ਦੇ ਉਲੇਖ ਰਾਹੀਂ ਮਲਵਈ ਤਰਜ਼ੇ ਜ਼ਿੰਦਗੀ ਬਾਰੇ ਚੇਤਨਾ ਮਿਲਦੀ ਹੈ।

ਇਸੇ ਤਰ੍ਹਾਂ ਪੇਂਡੂ ਲੋਕਾਂ ਦੀਆਂ ਆਦਤਾਂ, ਸੋਚਾਂ-ਅਸੋਚਾਂ, ਭਾਵਨਾਵਾਂ, ਕਾਮਨਾਵਾਂ-ਇੱਛਾਵਾਂ, ਸ਼ੌਂਕਾਂ, ਰੋਸਿਆਂ, ਹੇਰਵਿਆਂ, ਉਦਾਸੀਆਂ, ਪਰੇਸ਼ਾਨੀਆਂ, ਉਲਾਭਿਆਂ, ਮੁਸ਼ਕਲਾਂ-ਸਮੱਸਿਆਵਾਂ, ਦੁੱਖਾਂ-ਦਰਦਾਂ-ਸੰਤਾਪਾਂ, ਗਾਲ੍ਹਾਂ, ਮਸ਼ਕਰੀਆਂ, ਚੁਗਲੀਆਂ, ਲੜਾਈ-ਝਗੜਿਆਂ, ਕੰਮਾਂ-ਧੰਦਿਆਂ, ਜਾਇਜ ਨਜਾਇਜ਼ ਸੰਬੰਧਾਂ ਦੀ ਪੇਸ਼ਕਾਰੀ ਤੋਂ ਪੇਂਡੂ ਸੱਭਿਆਚਾਰਕ ਸੰਦ੍ਰਿਸ਼ ਉਭਰ ਕੇ

ਸਾਹਮਣੇ ਆਉਂਦਾ ਹੈ। ਸੋ ਕਿਹਾ ਜਾ ਸਕਦਾ ਹੈ ਕਿ ਇਸ ਨਾਵਲਕਾਰ ਨੇ ਸੱਭਿਆਚਾਰ ਦੇ ਇਤਿਹਾਸਕ ਵਿਸਥਾਰ ਨੂੰ ਨਾਵਲ ਦੇ ਬਿਰਤਾਂਤਕ ਸੰਗਠਨ 'ਚ ਪਰੋ ਕੇ ਪਾਠਕ ਵਰਗ ਨੂੰ ਚੇਤਨ ਕੀਤਾ ਹੈ। ਇਸ ਤੋਂ ਬਿਨਾਂ ਇਹਨਾਂ ਨਾਵਲਾਂ 'ਚ ਪਰਿਵਾਰਿਕ ਤਾਣੇ-ਬਾਣੇ ਦੀ ਟੋਹ ਵੀ ਮਿਲਦੀ ਹੈ।

ਰਾਮਸਰੂਪ ਅਣਖੀ ਦੇ ਨਾਵਲ ਮਰਦ ਔਰਤ ਦੀ ਪਰਸਪਰ ਲੋੜ ਦਾ ਬੜੀ ਸ਼ਿੱਦਤ ਨਾਲ ਇਜ਼ਹਾਰ ਅਤੇ ਅਹਿਸਾਸ ਵੀ ਕਰਾਉਂਦੇ ਹਨ। ਸਾਡੇ ਗ੍ਰਹਿਸਥੀ ਜੀਵਨ 'ਚ ਔਰਤ ਬਿਨਾਂ ਮਰਦ ਅਧੂਰਾ ਹੈ ਅਤੇ ਮਰਦ ਬਿਨਾਂ ਔਰਤ ਅਧੂਰੀ ਹੈ। ਇਹ ਇੱਕ ਅਜਿਹੇ ਮਾਨਵੀ ਦਸਤੂਰ ਕਾਰਨ ਹੀ ਮਰਦ ਅਤੇ ਔਰਤ ਇਕੋ ਸਿੱਕੇ ਦੇ ਦੋ ਅਨਿੱਖੜਵੇਂ ਪਾਸੇ ਹਨ।

ਇਹ ਅਹਿਮ ਪ੍ਰਤਿਮਾਨ ਰਾਮਸਰੂਪ ਅਣਖੀ ਦੇ ਨਾਵਲਾਂ (ਪਰਤਾਪੀ, ਸਰਦਾਰੋ, ਦੁਲ੍ਹੇ ਦੀ ਢਾਬ, ਬਾਰਾਂਤਾਲੀ ਬੱਸ ਹੋਰ ਨਹੀਂ, ਹਮੀਰਗੜ੍ਹ) 'ਚੋਂ ਉਭਰਦਾ ਅਤੇ ਉਘੜਦਾ ਹੈ। ਦੁੱਲੇ (ਸਰਦਾਰੋ) ਦੀ ਸੋਚ ਪੂਰੀ ਤਰ੍ਹਾਂ ਦਰੁਸਤ ਹੈ ਕਿ ਵਡੇਰੀ ਉਮਰ 'ਚ ਔਰਤ ਦੇ ਸਾਥ ਦੀ ਵਧੇਰੇ ਅਹਿਮੀਅਤ ਹੁੰਦੀ ਹੈ। ਨਾਵਲ ਦੇ ਇਸ ਮੋਟਿਫ ਤੋਂ ਸਪਸ਼ਟ ਹੁੰਦਾ ਹੈ ਕਿ ਔਰਤ ਬਿਨਾਂ ਘਰ-ਪਰਿਵਾਰ ਦਾ ਕੋਈ ਸਮਾਜਕ ਅਰਥ ਨਹੀਂ ਹੁੰਦਾ। ਅਣਖੀ ਦੇ ਉਪਰੋਕਤ ਨਾਵਲਾਂ 'ਚ ਮਰਦ-ਔਰਤ ਦੇ ਜਾਇਜ਼-ਨਜ਼ਾਇਜ਼ ਸੰਬੰਧਾਂ ਪਿੱਛੇ ਵੀ ਅਜਿਹੀ ਹੀ ਸੋਚ ਅਤੇ ਭਾਵਨਾ ਕਾਰਜ ਕਰਦੀ ਹੈ, ਇਹਨਾਂ ਨਾਵਲਾਂ ਦਾ ਖ਼ੂਬਸੂਰਤ ਪਹਿਲੂ ਇਹ ਹੈ ਕਿ ਇਹਨਾਂ ਨਾਵਲਾਂ 'ਚ ਵਿਆਹ ਦੀ ਸਮਾਜੀ ਮਹਤੱਤਾ ਦਾ ਜ਼ੋਰਦਾਰ ਪ੍ਰਗਟਾਵਾ ਹੋਇਆ ਹੈ। ਪਿਆਰ-ਵਿਆਹ ਵਰਗੀ ਨਵੀਂ-ਨਰੋਈ ਕੀਮਤ ਨੂੰ ਵੀ ਇਹਨਾਂ ਨਾਵਲਾਂ 'ਚ ਮਾਨਤਾ ਤੇ ਤਰਜੀਹ ਦਿੱਤੀ ਗਈ ਹੈ।

ਅਣਖੀ ਦੇ ਇਹ ਨਾਵਲ ਸਾਨੂੰ ਜ਼ਿੰਦਗੀ ਨਾਲ ਜੋੜਦੇ ਹਨ। ਖਾਸ ਕਰਕੇ 'ਦੁੱਲ੍ਹੇ ਦੀ ਢਾਬ' ਇਸ ਪੱਖੋਂ ਅਜਿਹਾ ਅਤੇ ਖ਼ੂਬਸੂਰਤ ਨਾਵਲ ਹੈ। ਦੁਲ੍ਹੇ ਦੀ ਬਾਰ-ਬਾਰ ਢੋਲ ਵਜਾਉਣ ਦੀ ਪ੍ਰਕਿਰਿਆ ਵੀ ਸੱਭਿਆਚਾਰਕ-ਸੁਹਜ ਦਾ ਪ੍ਰਤੀਕ ਹੈ। ਢੋਲ ਵਜਾਉਣ ਦਾ ਸਮਾਜਕ ਅਰਥ ਜ਼ਿੰਦਗੀ ਨਾਲ ਜੁੜੇ ਰਹਿਣ ਦੀ ਚਾਹ ਵੀ ਹੈ, ਰੋਹ-ਬੀਰਤਾ ਨੂੰ ਗਤੀ ਪ੍ਰਦਾਨ ਕਰਨ ਦਾ ਢੰਗ ਵੀ ਹੈ। ਢੋਲ ਵਜਾਉਣਾ ਖ਼ੁਸ਼ੀ, ਉਨਮਾਦ ਅਤੇ ਚੜ੍ਹਦੀ ਕਲਾ ਦਾ ਚਿੰਨ੍ਹ ਵੀ ਹੈ। ਦੁੱਲ੍ਹਾ ਪ੍ਰਸਥਿਤੀਆਂ ਤੋਂ ਉਦਾਸੀਨ-ਨਿਰਾਸ਼ ਨਹੀਂ ਹੁੰਦਾ ਸਗੋਂ ਉਹ ਉਦਾਸੀਨਤਾ-ਨਿਰਾਸ਼ਤਾ ਨੂੰ ਤਜ ਕੇ ਢੋਲ ਵਜਾਉਂਦਾ ਹੈ ਅਤੇ ਜ਼ਿੰਦਗੀ ਧੜਕਾਉਂਦਾ ਹੈ। ਇਹੋ ਨਾਵਲ ਦੀ ਖ਼ੂਬਸੂਰਤੀ ਹੈ ਕਿਉਂਕਿ ਅਜਿਹੀਆਂ ਕੀਮਤਾਂ ਨੂੰ ਮਾਨਵੀ ਅੰਦਾਜ਼ 'ਚ ਪੇਸ਼ ਕਰਨ ਨਾਲ ਨਾਵਲੀ ਬਿਰਤਾਂਤਕ ਸੰਰਚਨਾ ਕਲਾ ਪੱਖੋਂ ਉੱਚਪਾਏ ਦੀ ਬਣਦੀ ਹੈ। 'ਬੱਸ ਹੋਰ ਨਹੀਂ' ਨਾਵਲਾਂ ਦੀ ਨਾਇਕਾ ਵੀ ਜ਼ਿੰਦਗੀ ਨੂੰ ਨਵੇਂ ਅਰਥ ਪ੍ਰਦਾਨ ਕਰਦੀ ਹੈ ਅਤੇ ਹਾਰ ਕੇ ਵੀ ਹਾਰਦੀ ਨਹੀਂ ਸਗੋਂ ਜ਼ਿੰਦਗੀ ਲਈ ਜੂਝਦੀ ਹੈ। ਉਹ ਨਵੀਨਤਮ ਪ੍ਰਤਿਮਾਨਾਂ-ਮੁੱਲਾਂ ਦੀ ਚਿਹਨਕ ਹੈ।

ਪੰਜਾਬ ਦੀ ਨਿੱਕੀ, ਵੱਡੀ ਅਤੇ ਸੀਮਾਂਤ ਕਿਸਾਨੀ (ਜੱਟਵਾਦੀ ਸੋਚ ਮੁਤਾਬਕ) ਦੀ ਆਰਥਕਤਾ ਦਾ ਧੁਰਾ ਉਸਦੀ ਜ਼ਮੀਨ-ਸੰਪੱਤੀ ਹੈ। ਜ਼ਮੀਨ ਉਸਦੀ ਆਰਥਕਤਾ ਦੀ ਨੀਂਹ ਹੋਣ ਕਰਕੇ ਉਸਦੇ ਹਰ ਰਿਸ਼ਤੇ, ਸੱਭਿਆਚਾਰਕ ਕੀਮਤਾਂ-ਪ੍ਰਤਿਮਾਨਾਂ, ਸਭ ਨੈਤਿਕ ਗੁਣਾਂ ਅਤੇ ਧਾਰਮਕ ਰੀਤਾਂ, ਉਸਦੇ ਰਾਜਨੀਤਿਕ ਵਿਚਾਰਾਂ ਨੂੰ ਪੂਰੀ ਤਰ੍ਹਾਂ ਪ੍ਰਭਾਵਤ ਕਰਦੀ ਹੈ। ਸਾਮੰਤੀ ਸੋਚ ਅਨੁਸਾਰ ਜੱਟ ਲਈ ਜ਼ਮੀਨ ਪ੍ਰਮੁੱਖ ਹੈ, ਰਿਸ਼ਤੇ-ਨਾਤੇ, ਭਾਈਚਾਰਾ, ਦੋਸਤੀ, ਪਿਆਰ-ਮਹੁੱਬਤ ਆਦਿ ਸਭ ਬਾਕੀ ਮੁੱਲ/ਪ੍ਰਤਿਮਾਨ ਗੌਣ ਹਨ। ਜ਼ਮੀਨ ਲਈ ਉਹ ਮਰਨ-ਮਰਾਉਣ ਤੱਕ ਜਾ ਸਕਦਾ ਹੈ। ਜ਼ਮੀਨ ਨੂੰ ਬਚਾਉਣ-ਹਥਿਆਉਣ ਲਈ ਉਹ ਨੀਚ ਤੋਂ ਨੀਚ ਕੰਮ ਕਰਨੋਂ ਗੁਰੇਜ ਨਹੀਂ ਕਰਦਾ। ਬੇਸ਼ੱਕ ਪੂੰਜੀਵਾਦ ਦੀ ਆਮਦ ਨਾਲ ਪੈਦਾਵਾਰੀ ਸਾਧਨਾਂ 'ਚ ਵਿਆਪਕ ਤਬਦੀਲੀ ਆਈ ਹੈ। ਇਸ ਤਬਦੀਲੀ ਨਾਲ ਸਾਮੰਤੀ ਰਿਸ਼ਤੇ-ਕੀਮਤਾਂ-ਪ੍ਰਤਿਮਾਨ ਟੁੱਟ ਰਹੇ ਹਨ। ਨਵੀਨਤਮ ਕੀਮਤਾਂ (ਸਿਹਤਮੰਦ ਵੀ ਅਤੇ ਬੀਮਾਰ ਵੀ) ਵਧ- ਫੁਲ ਰਹੀਆਂ ਹਨ, ਪਰ ਇਸ ਦੇ ਬਾਵਜੂਦ ਅੱਜ ਵੀ ਜੱਟ ਦੀ ਜ਼ਮੀਨ ਪ੍ਰਤਿ ਪਹੁੰਚ 'ਚ ਨਾ ਮਾਤਰ ਬਦਲਾਅ ਆਇਆ ਹੈ। ਸਾਮੰਤੀ-ਜ਼ਮੀਨੀ ਰਿਸ਼ਤੇ ਲੱਗਭਗ ਉਵੇਂ ਹੀ ਬਰਕਰਾਰ



ਹਨ। ਗੱਜਣ ਸਿੰਘ (ਪਰਤਾਪੀ) ਅਜਿਹਾ ਇਕ ਜੱਟ (ਜੋ ਜੱਟਵਾਦ ਦਾ ਚਿਹਨਕ ਹੈ) ਹੈ ਜੋ ਆਪਣੇ ਭਰਾ ਦੀ ਅਨਿਆਈ ਮੌਤ ਪਿੱਛੋਂ ਉਸਦੀ ਵਿਆਦੜ ਚੰਦ ਕੁਰ ਨੂੰ ਹਰ ਤਦਦੱਦ ਅਤੇ ਹਰ ਹਰਬੇ ਨਾਲ ਉਸ ਤੇ ਚਾਦਰ ਪਾ ਕੇ ਉਸਨੂੰ ਆਪਣੇ ਘਰ ਵਸਾ ਲੈਂਦਾ ਹੈ। ਗੱਜਣ ਸਿੰਘ ਦੀ ਇਸ ਸੋਚ ਪਿੱਛੇ ਰਿਸ਼ਤਿਆਂ ਦੀ ਪਵਿੱਤਰਤਾ, ਪਿਆਰ ਦੀ ਭਾਵਨਾ ਜਾਂ ਤਖ਼ੱਈਅਲ ਕਾਰਜ ਨਹੀਂ ਕਰਦਾ ਸਗੋਂ ਉਸਦਾ ਚੰਦ ਕੁਰ ਨੂੰ ਆਪਣੇ ਘਰ ਵਸਾਉਣ ਦਾ ਇੱਕੋ-ਇਕ ਪ੍ਰਯੋਜਨ ਹੈ ਜ਼ਮੀਨ ਅਤੇ ਸਿਰਫ਼ ਜ਼ਮੀਨ। ਜ਼ਮੀਨ ਦੀ ਭੁੱਖ ਕਾਰਨ ਉਹ ਚੰਦ ਕੁਰ ਨੂੰ ਆਪਣੀ ਸਾਰੀ ਕਬੀਲਕਾਰੀ ਸੌਂਪ ਕੇ, ਉਸਦਾ ਮਨ ਜਿੱਤ ਕੇ, ਉਸ ਦੀ ਸਾਰੀ ਜ਼ਮੀਨ ਆਪਦੇ ਨਾਂ ਕਰਵਾ ਲੈਂਦਾ ਹੈ। ਜ਼ਮੀਨ ਅਜਿਹੀ ਚੀਜ਼ ਹੈ ਕਿ ਗੱਜਣ ਸਿੰਘ ਦੀ ਮੌਤ ਪਿੱਛੋਂ ਚੰਦ ਕੁਰ ਨੂੰ ਆਪਣਾ ਘਰ ਤਿਆਗਣਾ ਪੈਂਦਾ ਹੈ ਸਗੋਂ ਇਸ ਦੇ ਵਿਪਰੀਤ ਪਰਤਾਪੀ ਦਾ ਤਪ-ਤੇਜ ਵਧ ਜਾਂਦਾ ਹੈ ਕਿਉਂਕਿ ਉਸਦੇ ਨਾਂ ਚਾਰ ਕਿੱਲੇ ਜ਼ਮੀਨ ਹੁੰਦੀ ਹੈ। ਜ਼ਮੀਨ ਦੇ ਮਸਲੇ ਤੇ ਗੱਜਣ ਵਾਂਗ ਹੀ ਉਸ ਦਾ ਪੁੱਤਰ ਗੁਰਦੇਵ ਅਤੇ ਉਸ ਦੀ ਪਤਨੀ ਵਿਵਹਾਰ ਕਰਦੇ ਹਨ, ਉਨ੍ਹਾਂ ਵੱਲੋਂ ਪਰਤਾਪੀ ਦੀ ਸੇਵਾ-ਸੰਭਾਲ ਮਾਂ ਕਰਕੇ ਨਹੀਂ ਸਗੋਂ ਜ਼ਮੀਨ ਕਰਕੇ ਹੁੰਦੀ ਹੈ। ਇਸ ਗੱਲ ਦਾ ਅਹਿਸਾਸ ਪਰਤਾਪੀ ਨੂੰ ਵੀ ਹੈ। ਦੂਜੇ ਪਾਸੇ ਗੁਰਦੇਵ ਅਤੇ ਹਰਦੇਵ 'ਚ ਖ਼ੂਨ ਦਾ ਰਿਸ਼ਤਾ ਹੈ ਪਰੰਤੂ ਜ਼ਮੀਨ ਦੇ ਮਾਮਲੇ 'ਚ ਉਹ ਵੀ ਇੱਕ ਦੂਜੇ ਤੇ ਵਿਸ਼ਵਾਸ ਨਹੀਂ ਕਰਦੇ। ਇਸ ਨਾਵਲ 'ਚ ਜ਼ਮੀਨੀ ਰਿਸ਼ਤਿਆਂ ਦੀ ਬਰਬਰਤਾ ਅਤੇ ਕਰੂਰਤਾ ਨੂੰ ਚਿੱਤਰ ਕੇ ਅਣਖੀ ਨੇ ਪੇਂਡੂ ਸਾਮੰਤੀ ਕੀਮਤਾਂ ਦਾ ਪਰਦਾ ਚਾਕ ਕੀਤਾ ਹੈ। ਇਸ ਪੱਖੋਂ 'ਦੁੱਲ੍ਹੇ ਦੀ ਢਾਬ' ਨਾਵਲ ਸ਼ਰੇਸ਼ਟ ਹੈ। ਇਸ ਨਾਵਲ ਵਿੱਚ ਵੀ ਅਜਿਹੇ ਹੀ ਕਰੂਰ ਅਤੇ ਬਰਬਰ ਰਿਸ਼ਤਿਆਂ ਨੂੰ ਰਜਿਸਟਰਡ ਕੀਤਾ ਗਿਆ ਹੈ। ਜਾਇਜ਼-ਨਜਾਇਜ਼ ਸੰਬੰਧਾਂ ਪਿੱਛੇ ਜ਼ਮੀਨ ਹੀ ਪ੍ਰਮੁੱਖ ਕਾਰਨ ਹੈ। ਸਭ ਰਿਸ਼ਤਿਆਂ-ਨਾਤਿਆਂ, ਸੰਬੰਧਾਂ ਨੂੰ ਜ਼ਮੀਨ ਨਿਰਧਾਰਤ ਕਰਦੀ ਹੈ। ਇਸ ਨਾਵਲ ਦੇ ਪਾਤਰ, ਭਜਨੇ ਅਤੇ ਗੁਰਮੇਲ ਦੀ ਮੌਤ ਪਿੱਛੋਂ ਭਜਨੇ ਦੇ ਪੁੱਤਾਂ (ਸ਼ਿਆਮਾ ਅਤੇ ਉਸਦਾ ਸਾਧ ਬਣਿਆ ਭਰਾ ਰਾਮਦਾਸ) ਵੱਲੋਂ ਜ਼ਮੀਨ ਨੂੰ ਆਪਣੇ ਕਬਜ਼ੇ 'ਚ ਰੱਖਣ ਲਈ ਹਰ ਹੀਲਾ, ਹਰ ਹਰਬਾ, ਹਰ ਜਾਇਜ਼-ਨਜਾਇਜ਼ ਢੰਗ ਵਰਤਿਆ ਜਾਂਦਾ ਹੈ। ਸ਼ਿਆਮਾ ਅਤੇ ਰਾਮਦਾਸ ਆਪਣੀ ਚਾਚੀ ਨਾਲ ਰਾਬਤਾ ਇਸ ਕਰਕੇ ਬਣਾਈ ਰੱਖਦੇ ਹਨ ਤਾਂ ਕਿ ਉਹ ਆਪਣੇ ਹਿੱਸੇ ਦੀ ਜ਼ਮੀਨ ਉਹਨਾਂ ਨੂੰ ਹੀ ਦੇਵੇ। ਉਸ ਦਾ ਮਾਨ-ਸਤਿਕਾਰ ਚਾਚੀ ਕਰਕੇ ਨਹੀਂ, ਜ਼ਮੀਨ ਕਾਰਨ ਹੁੰਦਾ ਹੈ। ਰਾਮਸਰੂਪ ਅਣਖੀ ਨੂੰ ਜੱਟਵਾਦੀ ਪ੍ਰਤਿਮਾਨਾਂ ਅਤੇ ਸੋਚ ਬਾਰੇ ਤਿੱਖਾ ਅਨੁਭਵ ਹੈ ਜਿਸ ਨੂੰ ਉਸਨੇ ਆਪਣੇ ਨਾਵਲਾਂ 'ਚ ਬੇਬਾਕੀ ਨਾਲ ਪੇਸ਼ ਕਰਕੇ ਨਾਵਲ-ਖੇਤਰ ਨੂੰ ਨਵੀਆਂ ਦਿਸ਼ਾਵਾਂ ਦਿੱਤੀਆਂ ਹਨ।

ਨਵ ਉਦਾਰਵਾਦੀ ਨੀਤੀਆਂ ਕਾਰਨ ਸਮਕਾਲ ਵਿੱਚ ਨਿਮਨ ਅਤੇ ਸੀਮਾਂਤ ਕਿਸਾਨੀ ਦੀ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ। ਭੂਮੰਡਲੀਕਰਨ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਸਾਡੀ ਕਿਸਾਨੀ ਗੰਭੀਰ ਸੰਕਟ ਵਿੱਚ ਫਸ ਚੁੱਕੀ ਹੈ। ਹਰੀ ਕ੍ਰਾਂਤੀ ਦੇ ਪੂੰਜੀਵਾਦੀ ਮਾਡਲ ਕਾਰਨ ਸਾਡਾ ਖੇਤੀ ਅਰਥਚਾਰਾ ਅਤੇ ਕਿਸਾਨੀ ਤਬਾਹੀ ਦੇ ਕਗਾਰ ਤੇ ਜਾ ਖੜੀ ਹੈ। ਕਿਸਾਨਾਂ ਦੀ ਆਰਥਕ ਸਥਿਤੀ ਨਿਰੰਤਰ ਵਿਗੜਣ ਕਾਰਨ ਕਰਜ਼ਿਆਂ ਦਾ ਭਾਰ ਵਧ ਰਿਹਾ ਹੈ। ਕਿਸਾਨੀ ਅਥਾਹ ਸੰਸਥਾਈ ਅਤੇ ਸ਼ਾਹੂਕਾਰਾਂ ਦੇ ਕਰਜ਼ਿਆਂ ਦੀ ਮਾਰ ਕਾਰਨ ਖ਼ੁਦਕੁਸ਼ੀਆਂ ਕਰਨ ਲਈ ਮਜ਼ਬੂਰ ਹੈ। ਰਾਮਸਰੂਪ ਅਣਖੀ ਆਪਣੇ ਨਾਵਲਾਂ ਰਾਹੀਂ ਇਸ ਗਹੀਰ ਗੰਭੀਰ ਸਮੱਸਿਆਕਾਰ ਨੂੰ ਉਭਾਰਦਾ ਹੀ ਨਹੀਂ ਸਗੋਂ ਇਸ ਦੇ ਨਿਵਾਰਨ ਲਈ ਕਈ ਸੰਕੇਤ ਵੀ ਪ੍ਰਸਤੁਤ ਕਰਦਾ ਹੈ। ਦੁੱਲ੍ਹੇ ਦੀ ਢਾਬ, ਜ਼ਮੀਨਾਂ ਵਾਲੇ, ਕਣਕਾਂ ਦਾ ਕਤਲਾਮ ਨਾਵਲਾਂ 'ਚੋਂ ਅਣਖੀ ਦੀ ਕਿਸਾਨੀ ਪ੍ਰਤੀ ਸੁਹਿਰਦਤਾ ਸਾਫ ਝਲਕਦੀ ਹੈ। ਨਾਵਲਕਾਰ ਕਿਸਾਨੀ ਦੇ ਵਿਭਿੰਨ-ਵਿਭਿੰਨ ਦੁਖਦ ਪਹਿਲੂਆਂ, ਪੱਖਾਂ ਨੂੰ ਉਭਾਰਨ ਸਮੇਂ ਕਿਤੇ ਵੀ ਖਿੜਕਦਾ ਨਹੀਂ ਕੋਈ ਕੁਤਾਹੀ ਨਹੀਂ ਕਰਦਾ। ਅਣਖੀ ਪ੍ਰਤੀਬੱਧ ਲੇਖਕ ਹੈ ਜਿਸ ਕਰਕੇ ਉਹ ਆਪਣੇ ਇਸ ਮਾਨਵੀਂ ਫਰਜ ਨੂੰ ਤਨਦੇਹੀ ਨਾਲ ਨਿਭਾਅ ਰਿਹਾ ਹੈ। 'ਕਣਕਾਂ ਦਾ ਕਤਲਾਮ' ਤਾਂ ਬਹੁ ਕੌਮੀ ਕੰਪਨੀਆਂ ਅਤੇ ਸਰਕਾਰਾਂ ਦੇ ਕਿਸਾਨ ਵਿਰੋਧੀ ਰਵੱਈਏ ਅਤੇ ਨੀਤੀਆਂ ਦਾ ਇਕ ਦਸਤਾਵੇਜ਼ੀ

ਨਾਵਲ ਹੈ। ਇਹ ਨਾਵਲ ਸਿੱਧਾ ਕਿਸਾਨੀ ਨੂੰ ਚੇਤਨਤਾ ਦਿੰਦਾ ਹੈ ਅਤੇ ਨਵ-ਉਦਾਰਵਾਦੀ ਨੀਤੀਆਂ ਤੋਂ ਖ਼ਬਰਦਾਰ ਕਰਦਾ ਹੈ।

ਉਪਰੋਕਤ ਵਿਚਾਰ ਅਧੀਨ ਨਾਵਲਾਂ ਵਿੱਚ ਤਾਂ-ਹਰ ਸਾਧਾਰਨ ਵਿਅਕਤੀ ਆਪਣੇ ਅਸਤਿੱਤਵ ਨੂੰ ਬਚਾਉਣ ਲਈ ਸੰਘਰਸ਼ਸ਼ੀਲ ਹੈ। ਹਰ ਪਾਤਰ ਆਪਣੀ ਸੋਚ ਅਤੇ ਸਮਰੱਥਾ ਮੁਤਾਬਕ, ਆਪਣੀਆਂ ਇੱਛਾਵਾਂ,ਅਕਾਂਖਿਆਵਾਂ, ਥੁੜਾਂ-ਤੋਟਾਂ, ਸੰਤਾਪਾਂ, ਮਸਲਿਆਂ-ਸਮੱਸਿਆਵਾਂ ਦੇ ਨਿਵਾਰਨ ਲਈ ਜਤਨ-ਦਰ-ਜਤਨ ਕਰਦਾ ਹੈ ਪਰੰਤੂ ਇਹਨਾਂ ਨਾਵਲਾਂ 'ਚ ਹਾਸ਼ੀਏ ਤੇ ਵਿਚਰਦੀ ਔਰਤ ਨਾਲ ਹੁੰਦੇ ਭੂਪਵਾਦੀ ਧੱਕਿਆਂ, ਜ਼ਬਰਾਂ, ਉਸ ਦੀ ਦਰਦ ਭਰੀ ਵੇਦਨਾ ਅਤੇ ਦਾਸਤਾਨ ਦਾ ਕਈ ਕੋਨਾਂ ਤੋਂ ਯਥਾਰਥਕ ਵਰਨਣ ਵੀ ਪ੍ਰਸਤੁਤ ਕੀਤਾ ਗਿਆ ਹੈ। ਮਰਦ-ਪ੍ਰਧਾਨ ਸਮਾਜ 'ਚ ਔਰਤ ਅਧੀਨ ਹੈ, ਉਸ ਨਾਲ ਵਸਤ ਵਾਂਗ ਵਿਵਹਾਰ ਕੀਤਾ ਜਾਂਦਾ ਹੈ। ਇਹ ਐਸਾ ਸਾਮੰਤੀ ਪ੍ਰਤਿਮਾਨ ਹੈ ਜਿਸ ਨੂੰ ਕੋਈ ਵੀ ਔਰਤ ਉਲੰਘ ਜਾਂ ਤੋੜ ਨਹੀਂ ਸਕਦੀ। ਜੇਕਰ ਸਰਦਾਰੋ (ਦੁੱਲੇ ਦੀ ਢਾਬ) ਵਰਗੀ ਅਜਿਹੀ ਲਛਮਣ ਰੇਖਾ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਦਾ ਸਮਾਜਕ ਰੁਤਬਾ ਨਹੀਂ ਰਹਿੰਦਾ। ਉਸ ਨੂੰ ਮਾਨਤਾ ਨਹੀਂ ਮਿਲਦੀ। ਅਣਖੀ ਨੇ ਔਰਤ ਦੇ ਵਿਅਕਤੀਗਤ, ਸਮਾਜਕ, ਸੱਭਿਆਚਾਰਕ, ਆਰਥਕ, ਮਨੋਵਿਗਿਆਨਕ ਸੱਚ ਨੂੰ ਬਹੁਤ ਹੀ ਬਾਰੀਕੀ, ਲੋਕ-ਪੱਖੀ ਦ੍ਰਿਸ਼ਟੀ ਤੋਂ ਆਪਣੇ ਨਾਵਲਾਂ 'ਚ ਰੂਪਮਾਨ ਕੀਤਾ ਹੈ। ਸੋ ਇਹਨਾਂ ਵੱਖ-ਵੱਖ ਨਾਵਲਾਂ ਦੀਆਂ ਵਿਭਿੰਨ ਔਰਤਾਂ (ਜਿਵੇਂ ਪਰਤਾਪੀ, ਕੋਠੇ ਖੜਕ ਸਿੰਘ, ਦੁੱਲੇ ਦੀ ਢਾਬ, ਬੱਸ ਹੋਰ ਨਹੀਂ, ਬਾਰਾਂ ਤਾਲੀ) ਦੇ ਅਹਿਸਾਸਾਂ ਉਹਨਾਂ ਦੀਆਂ ਅਤ੍ਰਿਪਤ ਭਾਵਨਾਵਾਂ-ਕਾਮਨਾਵਾਂ, ਉਨ੍ਹਾਂ ਦਾ ਉਤਪੀੜਣ, ਉਨ੍ਹਾਂ ਨਾਲ ਹੁੰਦੇ ਧੱਕੇ, ਉਨ੍ਹਾਂ ਦੀਆਂ ਪ੍ਰਤੀਧੁਨੀਆਂ ਨਾਲ ਸਾਡੀ ਚੇਤਨਾ ਵਿੱਚ ਖਲਬਲੀ-ਹਲਚਲ ਉਤਪੰਨ ਹੁੰਦੀ ਹੈ। ਸਾਡਾ ਇਹ ਨਾਵਲਕਾਰ ਔਰਤ ਪ੍ਰਤੀ ਅੱਖੜ ਤੇ ਸਾਮੰਤੀ ਵਤੀਰਾ ਬਦਲਣ ਲਈ ਪ੍ਰੇਰਿਤ ਕਰਨ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਿਹਾ ਹੈ। ਉਹ ਔਰਤ ਨਾਲ ਸੰਬੰਧਤ ਸੱਚੇ ਸਮਾਚਾਰ ਅੰਕਤ ਕਰਨ ਸਮੇਂ ਗੁੰਝਲਦਾਰ ਬਿਰਤਾਂਤ ਦੀ ਬਜਾ ਸਿਰਲ ਅਤੇ ਸਾਦੇ ਬਿਰਤਾਂਤ ਦੀ ਸਿਰਜਣਾ ਕਰਦਾ ਹੈ।

'ਪਰਤਾਪੀ', 'ਸਰਦਾਰੋ', 'ਹਮੀਰਗੜ੍ਹ', 'ਦੁੱਲੇ ਦੀ ਢਾਬ' ਨਾਵਲਾਂ 'ਚ ਪੇਂਡੂ ਜੀਵਨ ਦੀਆਂ ਧਾਰਮਕ-ਰੀਤਾਂ, ਧਾਰਮਕ ਪਾਖੰਡਾਂ, ਧਾਰਮਕ ਮਨੌਤਾਂ, ਵਿਸ਼ਵਾਸਾਂ-ਸੰਸਕਾਰਾਂ ਦੀ ਨਿਸ਼ਾਨਦੇਹੀ ਵੀ ਕੀਤੀ ਮਿਲਦੀ ਹੈ। ਅਨੇਕ ਮਾਨਸਕ ਦੁਬਿਧਾਵਾਂ, ਗੁੰਝਲਾਂ, ਪਰੇਸਾਨੀਆਂ, ਸੰਕਟਾਂ-ਝੰਝਟਾਂ, ਭਟਕਣਾਂ ਤੋਂ ਨਿਜਾਤ ਪਾਉਣ ਲਈ, ਦੁੱਖ-ਦਰਦਾਂ, ਰੋਗਾਂ-ਭੋਗਾਂ ਦੇ ਨਿਵਾਰਨ ਲਈ, ਮਨ ਨੂੰ ਤਸਕੀਨ-ਸਕੂਨ ਪ੍ਰਦਾਨ ਕਰਨ ਲਈ ਆਮ ਲੋਕ ਸਾਧਾਂ-ਸੰਗਤਾਂ ਦੇ ਡੇਰਿਆਂ-ਮੱਠਾਂ-ਸਮਾਧਾਂ-ਮਟੀਆਂ ਅਤੇ ਹੋਰ ਪੂਜਾ-ਸਥਾਨਾਂ ਦਾ ਸਹਾਰਾ ਲੈਂਦੇ ਹਨ। ਗਿਣਾਤਮਕ ਪੱਖ ਤੋਂ ਇਹਨਾਂ ਅਸਥਾਨਾਂ ਦੀ ਨਿਰੰਤਰ ਵਾਧਾ-ਦਰ ਉੱਚੀ ਹੋ ਰਹੀ ਹੈ। ਇਹ ਅਖੌਤੀ ਧਾਰਮਕ ਅਸਥਾਨ ਵਿਭਚਾਰਾਂ, ਕੁਕਰਮਾਂ ਅਤੇ ਅਨੈਤਿਕ ਕਾਰਜਾਂ ਦੇ ਅੱਡਿਆਂ 'ਚ ਰੂਪਾਂਤਰਿਤ ਹੋ ਚੁੱਕੇ ਹਨ। 'ਪਰਤਾਪੀ' ਨਾਵਲ ਦੀ ਨਾਇਕਾ ਪਰਤਾਪੀ ਨਾਲ ਇਲਾਕੇ ਭਰ 'ਚ ਮੰਨਿਆਂ-ਪ੍ਰਮੰਨਿਆਂ-ਸਾਹਿਤਕਾਰਿਆ ਸਾਧ 'ਧਰਮਦਾਸ' ਜ਼ਬਰਦਸਤੀ ਕੁਕਰਮ ਕਰਦਾ ਹੈ। 'ਦੁੱਲ੍ਹੇ ਦੀ ਢਾਬ' ਨਾਵਲ 'ਚ ਦੁੱਲੇ ਦੀ ਢਾਬ ਤੇ ਰਹਿੰਦਾ ਮਸ਼ਹੂਰ ਸਾਧ 'ਰਾਮਦਾਸ' ਲੋਕਾਂ ਦੀ ਬਜਾਇ ਆਪਣੇ ਘਰ, ਆਪਣੇ ਪਰਿਵਾਰ, ਆਪਣੀ ਜ਼ਮੀਨ ਲਈ ਵਧੇਰੇ ਸੋਚਦਾ ਅਤੇ ਕਾਰਜ ਕਰਦਾ ਹੈ। ਰਾਮਦਾਸ ਦੀ ਸਾਧਗੀਰੀ, ਉਸ ਦਾ ਜਤਪੁਣਾ ਅਜਿਹਾ ਕਰਦਿਆਂ ਮਿੱਟੀ 'ਚ ਮਿਲ ਜਾਂਦਾ ਹੈ। 'ਪਰਤਾਪੀ' ਦਾ ਇੱਕ ਸਾਧ ਨੇਕ ਦਾਸ ਵੀ ਆਪਣੇ ਕੁਟੰਬ-ਕਬੀਲੇ ਦੀ ਪਾਲਣ-ਪੋਸ਼ਣ ਲਈ ਸਦਾ ਲੁੱਝਦਾ ਹੈ। ਇਹਨਾਂ ਧਾਰਮਕ ਅਸਥਾਨਾਂ, ਇਹਨਾਂ ਸਾਧਾਂ-ਸੰਤਾਂ ਦੇ ਅਜਿਹੇ ਲੋਕ-ਵਿਰੋਧੀ ਕਿਰਦਾਰ ਦੀ ਪ੍ਰਸੁਤਤੀ ਨਾਲ ਪਾਠਕ ਵਰਗ ਅੰਦਰ ਇਹਨਾਂ ਪ੍ਰਤੀ ਰੋਹ ਤੇ ਨਫ਼ਰਤ ਉਪਜਦੀ ਹੈ। ਨਾਵਲਕਾਰ ਡੇਰਾਵਾਦ ਦੀਆਂ ਕਈ ਹੋਰ ਲੁਕਵੀਆਂ ਪਰਤਾਂ ਆਪਣੇ ਪਾਠਕ ਸਨਮੁੱਖ ਰੱਖਦਾ ਹੈ। ਇਸ ਪੱਖੋਂ ਇਹਨਾਂ ਨਾਵਲਾਂ ਦੀ ਅਹਿਸੀਅਤ ਹੋਰ ਵਧ ਜਾਂਦੀ ਹੈ।

ਕੁਝ ਸਮਾਂ ਪਹਿਲਾਂ (ਹਰੀ ਕ੍ਰਾਂਤੀ ਤੋਂ ਪਹਿਲਾਂ) ਥੋੜ੍ਹੀ ਭੂ-ਮਾਲਕੀ ਕਾਰਨ ਕਿਸਾਨੀ



ਪਰਿਵਾਰਾਂ ਦੇ ਪੁੱਤਰਾਂ ਦਾ ਅਣ-ਵਿਆਹੇ ਰਹਿ ਜਾਣਾ ਆਮ ਸਮਾਜਕ ਵਰਤਾਰਾ ਸੀ। ਪੁੱਤਰਾਂ ਦਾ ਵਿਆਹ ਕਰਨ ਲਈ ਕਈ ਢੰਗ-ਤਰੀਕੇ, ਹੀਲੇ, ਹਰਬੇ ਵਰਤੇ ਜਾਂਦੇ ਸਨ। ਕਦੇ-ਕਦੇ ਕੁਦੇਸਣਾਂ, ਕਰੇਵਿਆਂ ਰਾਹੀਂ ਲੋਕ ਆਪਣਾ ਘਰ ਵਸਾ ਲੈਂਦੇ ਸਨ। ਪੁਰਾਣੇ ਸਮੇਂ 'ਚ (ਸੰਤਾਲੀ ਤੋਂ ਪਹਿਲਾਂ) ਵੱਡੇ-ਵੱਡੇ ਸਰਦੇ-ਪੁੱਜਦੇ ਘਰ ਵੀ ਧੀਆਂ ਦੇ ਪੈਸੇ ਲੈਣਾ ਬੁਰਾ ਨਹੀਂ ਸਮਝਦੇ ਸਨ। ਪੁੰਨ ਦੇ ਸਾਕ ਕੋਈ ਵਿਰਲਾ-ਵਾਂਝਾ ਹੀ ਕਰਦਾ ਸੀ। 'ਸਰਦਾਰੋ', 'ਪਰਤਾਪੀ' ਅਤੇ 'ਹਮੀਰਗੜ੍ਹ' ਨਾਵਲਾਂ 'ਚ ਵਿਆਹ-ਸ਼ਾਦੀਆਂ ਸੰਬੰਧੀ-ਘਰ ਵਸਾਉਣ ਸੰਬੰਧੀ ਕਈ ਕਿਸਮ ਦੇ ਹੱਥਕੰਡੇ ਅਤੇ ਜੋੜ-ਤੋੜ ਵਰਤੇ ਜਾਂਦੇ ਹਨ। ਇਹ ਨਾਵਲ ਅਜਿਹੇ ਸਾਮੰਤੀ- ਵਕਤ ਦੀ ਯਥਾਰਥਕ ਜਾਣਕਾਰੀ ਮਹੁੱਈਆ ਕਰਵਾਉਂਦੇ ਹਨ। ਸਮਕਾਲੀ ਦੌਰ ਵਿੱਚ ਵੀ ਅਜਿਹਾ ਵਾਪਰਨ ਦੀ ਸੰਭਾਵਨਾ ਹੈ। ਪੂੰਜੀਵਾਦੀਆਂ ਨੇ ਲੜਕੀਆਂ ਨੂੰ ਮਾਰਨਾ ਸੁਖਾਲਾ ਕਰ ਦਿੱਤਾ ਹੈ ਜਿਸ ਕਰਕੇ ਲੜਕੇ/ਲੜਕੀਆਂ ਦੀ ਦਰ ਵਿੱਚ ਕਾਫ਼ੀ ਅੰਤਰ ਵਧ ਗਿਆ ਹੈ। ਇਹ ਨਾਵਲ ਪੁਰਾਤਨ ਪ੍ਰਤਿਮਾਨ ਨੂੰ ਰੇਖਾਂਕਿਤ ਕਰਦਿਆਂ ਪਰੋਖ ਰੂਪ 'ਚ ਸਮਕਾਲੀ ਸਥਿਤੀਆ ਵੱਲ ਵੀ ਇਸ਼ਾਰਾ ਕਰਦੇ ਹਨ।

ਬਦਲ ਰਹੇ ਰਿਸ਼ਤੇ-ਕੀਮਤਾਂ, ਬਦਲ ਰਹੇ ਮਾਨਵੀ ਸੰਕਲਪਾਂ-ਸਰੋਕਾਰਾਂ ਦਾ ਚਿਤਰਨ ਵੀ ਇਹਨਾਂ ਨਾਵਲਾਂ 'ਚ ਲੋੜ ਤੇ ਸਮੇਂ ਅਨੁਸਾਰ ਕੀਤਾ ਗਿਆ ਹੈ। 'ਪਰਤਾਪੀ' ਨਾਵਲ ਦਾ ਹਰਦੇਵ ਪੜ੍ਹ ਲਿਖ ਕੇ ਨੌਕਰੀ ਕਰਦਾ ਹੈ। ਆਪਣੀ ਸਹਿਪਾਠਣ ਕੁੜੀ ਨਾਲ ਅੰਤਰਜਾਤੀ ਵਿਆਹ ਕਰਕੇ ਸ਼ਹਿਰ ਰਹਿਣ ਲੱਗਦਾ ਹੈ। ਉਸਨੂੰ ਪਿੰਡ ਵਿਚਲੀ ਜ਼ਮੀਨ ਨਾਲ ਮੋਹ ਭਾਵੇਂ ਹੈ ਪਰ ਉਸ ਦਾ ਵਿਸ਼ਵਾਸ ਤੇ ਮੋਹ ਪਲਾਟਾਂ ਦੇ ਖਰੀਦਣ-ਵੇਚਣ ਵੱਲ ਪ੍ਰੇਰਿਤ ਹੋ ਰਿਹਾ ਹੈ। ਦੁੱਲਾ (ਦੁੱਲੇ ਦੀ ਢਾਬ) ਪਿਤਾਪੁਰਖੀ-ਬਾਜ਼ੀਆਂ ਪਾਉਣਾ-ਕੰਮ ਛੱਡ ਕੇ ਉਨ੍ਹਾਂ ਦਾ ਵਪਾਰੀ ਬਣ ਜਾਂਦਾ ਹੈ। 'ਬੱਸ ਹੋਰ ਨਹੀਂ' ਨਾਵਲ ਦੀ ਨਾਇਕਾ ਸਭ ਰੂੜੀਆਂ ਤੋੜ ਦਿੰਦੀ ਹੈ। ਉਹ ਕ੍ਰਾਂਤੀਕਾਰੀ ਪ੍ਰਤਿਮਾਨਾਂ ਦੀ ਲਖਾਇਕ ਔਰਤ ਹੁੰਦੀ ਹੈ। ਰਿਆਸਤਾਂ ਟੁੱਟਣ ਅਤੇ ਰਾਜਿਆਂ-ਮਹਾਰਾਜਿਆਂ ਦੀ ਰਾਜਸ਼ਾਹੀ ਖਤਮ ਹੋਣ ਅਤੇ ਮੁਜ਼ਾਰਿਆਂ ਦੇ 'ਮਾਲਕ' ਬਨਣ ਦੀ ਪ੍ਰਕਿਰਿਆ ਦੇ ਵੇਰਵੇ 'ਸਰਦਾਰੋ' ਚੋਂ ਪ੍ਰਾਪਤ ਹੁੰਦੇ ਹਨ। ਝੋਨਾ ਅਤੇ ਕਣਕ ਦੀ ਪੈਦਾਵਾਰ 'ਚ ਵਾਧਾ ਹੋਣ, ਕਿਸਾਨੀ ਵੱਲੋਂ ਆਪਣੇ ਆਪ ਨੂੰ ਸਥਿਰ ਰੱਖਣ ਲਈ ਕਈ ਸਹਾਇਕ ਧੰਦੇ ਅਪਨਾਉਣ ਬਾਰੇ ਕੁਝ ਨਵੀਆਂ ਕੀਮਤਾਂ ਦਾ ਗਿਆਨ ਵੀ ਮਿਲਦਾ ਹੈ। ਦੁੱਲੇ ਦੀ ਦਾਬ, ਕਣਕਾਂ ਦਾ ਕਤਲਾਮ, ਜ਼ਮੀਨਾਂ ਵਾਲੇ, ਪਰਤਾਪੀ ਨਾਵਲਾਂ 'ਚ ਨਵੇਂ ਢੰਗ ਨਾਲ ਕੀਤੀ ਜਾਂਦੀ ਖੇਤੀ, ਨਵੇਂ ਬੀਜਾਂ ਅਤੇ ਰਸਾਇਣਕ ਦਵਾਈਆਂ, ਖਾਦਾਂ ਦੀ ਕੀਤੀ ਜਾਂਦੀ ਵਰਤੋਂ, ਮੰਡੀਆਂ ਅਤੇ ਬੈਂਕਾ ਦੇ ਸਾਧਨਾਂ ਦੀ ਵਰਤੋਂ ਆਦਿ ਬਦਲ ਰਹੇ ਪੰਜਾਬੀ ਸੱਭਿਆਚਾਰ ਦੇ ਵੇਰਵੇ ਦਰਜ ਕੀਤੇ ਗਏ ਹਨ। ਇਹਨਾਂ ਨਾਵਲਾਂ 'ਚ ਸਥਾਪਤ ਹੋ ਰਹੇ ਕੁਝ ਨਵੇਂ ਮੁੱਲਾਂ ਨੂੰ ਆਲੋਚਨਾਤਮਕ ਪ੍ਰਸ਼ਨਾਤਮਕ ਨਜ਼ਰੀਏ ਤੋਂ ਵੀ ਅਭਿਵਿਅਕਤ ਕੀਤਾ ਗਿਆ ਹੈ।

ਉਪਰੋਕਤ ਨਾਵਲਾਂ 'ਚ ਜਿੱਥੇ ਕੰਮ ਦੀ ਭਾਵਨਾ ਦੀ ਕੀਮਤ ਉੱਭਰ ਕੇ ਸਾਹਮਣੇ ਆਉਂਦੀ ਹੈ ਉੱਥੇ 'ਦੁੱਲੇ ਦੀ ਢਾਬ' ਨਾਵਲ 'ਚ ਇਕੱਠੇ ਭਾਵ ਜੱਥੇਬੰਦ ਹੋ ਕੇ ਕੰਮ ਕਰਨ ਦੀ ਭਾਵਨਾ ਦਾ ਪਤਾ ਲੱਗਦਾ ਹੈ। ਇਸ ਪੱਖੋਂ ਇਹ ਨਾਵਲ ਵਧੇਰੇ ਸਾਰਥਕ ਅਤੇ ਮਹੱਤਵਪੂਰਨ ਹੈ। ਦੋ ਪਿੰਡਾਂ ਦੇ ਲੋਕ ਦੁੱਲੇ ਦੀ ਪਰੇਰਨਾ ਨਾਲ ਕੁਝ ਹੀ ਦਿਨਾਂ ਵਿੱਚ ਦਿਨ-ਰਾਤ ਕੰਮ ਕਰਕੇ 'ਢਾਬ' ਦੀ ਕਾਇਆ ਹੀ ਪਲਟ ਦਿੰਦੇ ਹਨ। ਆਉਣ-ਜਾਣ ਵਾਲੇ ਰਾਹੀਆਂ ਲਈ ਆਰਾਮ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਦੁੱਲੇ ਅਤੇ ਪਿੰਡ ਦੇ ਲੋਕਾਂ ਦੀ ਇਹ ਇਕ ਉੱਚੀ-ਸੁੱਚੀ ਮਾਨਵੀ ਭਾਵਨਾ ਤੇ ਹਸਰਤ ਭਰੀ ਕੀਮਤ ਹੈ। 'ਕਣਕਾਂ ਦਾ ਕਤਲਾਮ' ਕਿਸਾਨੀ ਦੀ ਜਥੇਬੰਦਕ ਅਪਰੋਚ ਨੂੰ ਮਾਨਤਾ ਦਿੰਦਾ ਹੈ। ਨਾਵਲਾਂ 'ਚ ਇਹ ਪੱਖ ਉੱਭਰਦਾ ਹੈ ਕਿ ਜਥੇਬੰਦ ਹੋ ਕੇ ਸਭ ਕੁਝ ਕੀਤਾ ਜਾ ਸਕਦਾ ਹੈ। ਜੁੱਗ ਵੀ ਇਵੇਂ ਬਦਲੇ ਜਾਂਦੇ ਹਨ। ਇਸ ਪੱਖੋਂ ਇਹ ਨਾਵਲ ਸ਼ਲਾਘਾਯੋਗ ਅਤੇ ਮਾਰਮਿਕ ਹਨ।

ਸੋ ਅਣਖੀ ਨੂੰ ਅਜੇ ਹੋਰ ਆਪਣੇ ਅਨੁਭਵ ਤੋਂ ਕੰਮ ਲੈਂਦਿਆਂ ਹੋਰ ਯੁੱਗ ਪਲਟਾਊ

(ਬਾਕੀ ਪੰਨਾ 35 'ਤੇ)

# ਸਮਕਾਲੀ ਪੰਜਾਬੀ ਨਾਵਲ ਵਿਚ ਸਮਾਜਿਕ-ਬੇਤਰਤੀਬੀਆਂ ਦਾ ਪ੍ਰਵਚਨ

**ਡਾ. ਪਰਮਿੰਦਰ ਸਿੰਘ**

ਸਮਕਾਲੀ ਪੰਜਾਬੀ ਨਾਵਲ ਅਜੋਕੇ ਵਿਗਠਤ ਸਮਾਜ ਨੂੰ ਬਹੁ-ਆਯਾਮੀ ਰੂਪ ਵਿੱਚ ਆਪਣੇ ਕਲਾਵੇ ਅੰਦਰ ਲੈ ਕੇ ਪੇਸ਼ ਕਰ ਰਿਹਾ ਹੈ। ਵਿਭਿੰਨ ਬਸਤੀਕ੍ਰਿਤ ਸਮਾਜਾਂ ਦੇ ਅਜੋਕੇ ਨਵ-ਪੂੰਜੀਵਾਦੀ ਪ੍ਰਬੰਧ ਵਿੱਚ ਹੋਏ ਨਵੇਂ ਵਿਖੰਡਨਾਂ ਅਤੇ ਕਾਰਪੋਰੇਟ ਸੈਕਟਰ ਦੇ ਗ਼ਲਬੇ ਵਾਲੀ ਮੁਕਤ-ਬਜ਼ਾਰੂ ਅਰਥ ਵਿਵਸਥਾ ਤਹਿਤ ਪ੍ਰਚਾਰੀ ਜਾ ਰਹੀ ਮੁਕਾਬਲੇ ਦੀ ਹੋੜ ਨੇ ਮਨੁੱਖੀ ਸਮਾਜ ਨੂੰ ਵਿਭਿੰਨ ਦਰਜੇਬੰਦੀਆਂ ਵਿੱਚ ਵਿਭਾਜਤ ਕਰ ਦਿੱਤਾ ਹੈ। ਜਾਤ ਜਮਾਤ, ਵਰਗ, ਵੱਖ-ਵੱਖ ਮਾਨਸਿਕ ਪੱਧਰ, ਰਹਿਣ-ਸਹਿਣ, ਜੀਵਨ ਬਸਰ ਦੇ ਢੰਗ ਤਰੀਕਿਆਂ ਅਤੇ 'ਸੂਚਨਾ ਕ੍ਰਾਂਤੀ' ਦੀ ਭ੍ਰਾਂਤੀ ਵਿੱਚ ਸਮੁੱਚਾ ਸਮਾਜਿਕ ਪ੍ਰਬੰਧ ਤਰਤੀਬਹੀਣ ਦਿਖਾਈ ਦੇ ਰਿਹਾ ਹੈ। ਇੱਕ ਧਰੁਵੀ ਸੰਸਾਰੀਕਰਨ, ਅੰਤਰਰਾਸ਼ਟਰੀ ਮੁਦਰਾ ਕੋਸ਼ (I.M.F.), ਵਰਲਡ ਬੈਂਕ, ਯੂ. ਐਨ. (United Nations) ਅਤੇ ਬਾਕੀ ਦੀਆਂ ਸਹਿਯੋਗੀ ਸੰਸਥਾਵਾਂ ਦਾ ਵਧ ਰਿਹਾ ਪ੍ਰਭਾਵ ਖੇਤਰ ਪੁਰਾਤਨ ਬਸਤੀਕ੍ਰਿਤ ਸਮਾਜਾਂ ਦੀਆਂ ਮਿਮਿਕ (Mimic) ਸਰਕਾਰਾਂ ਲਈ ਸਾਜ਼ਗਾਰ ਹਾਲਾਤਾਂ ਨੂੰ ਪੈਦਾ ਕਰਕੇ ਵਿਆਪਕ ਦਮਨ ਚੱਕਰ ਦਾ ਮੁਦੱਈ ਬਣਦਾ ਹੈ। ਜਿਸ ਕਾਰਨ ਸਮਾਜਿਕ ਬੇਤਰਤੀਬੀ (Social-Disorder) ਪੈਦਾ ਹੁੰਦੀ ਹੈ ਜਿਹੜੀ ਅੱਗੇ ਚੱਲਕੇ ਮਾਨਸਿਕ ਬੇਤਰਤੀਬੀ (Mental-Disorder) ਨੂੰ ਜਨਮ ਦਿੰਦੀ ਹੈ।

ਪੰਜਾਬੀ ਨਾਵਲ ਵਿੱਚ ਬੇਤਰਤੀਬਾਪਣ ਵਿਭਿੰਨ ਵਿਧੀਆਂ ਰਾਹੀਂ ਪ੍ਰਗਟ ਰਿਹਾ ਹੈ। ਜਿਨ੍ਹਾਂ ਵਿੱਚ-ਵਿਗਠਤ ਸਮਾਜਿਕ ਯਥਾਰਥ ਦਾ ਬਿਰਤਾਂਤਕ ਪ੍ਰਗਟਾਅ, ਬੇਤਰਤੀਬੇਪਣ ਦੀਆਂ ਦਰਜੇਬੰਦੀਆਂ ਰਾਹੀਂ ਸੱਤਾ ਅਤੇ ਹਿਰਸ ਤੋਂ ਵਰੋਸਾਏ ਹੋਏ ਕਿਰਦਾਰ ਅਤੇ ਇਸ ਤੋਂ ਅਭਿੱਜ ਕਿਰਦਾਰ, ਔਰਤਾਂ ਦੀ ਸਥਿਤੀ ਨੂੰ ਸਥਾਪਤ ਕਰਨਾ ਅਤੇ ਸ਼ੁੱਧ-ਮਾਨਵੀ ਮੁੱਲਾਂ ਨੂੰ ਸਥਾਪਤ ਕਰਨ ਵਾਲੇ ਲੋਕਾਂ ਵੱਲੋਂ ਇਸ ਵਿਗਠਨ ਵਿੱਚ ਸੁਧਾਰ ਲੈ ਕੇ ਆਉਣ ਦੇ ਵਿਭਿੰਨ ਯਤਨ ਕਰਨਾ।[1] ਸਿੱਧੇ ਜਾਂ ਸੰਕੇਤਕ ਪ੍ਰਗਟਾਅ ਦੀ ਜੁਗਤ ਅਨੁਸਾਰ ਬਹੁਤੇ ਨਾਵਲਾਂ ਵਿੱਚ ਨਾਵਲੀ ਬਿਰਤਾਂਤ ਦਾ ਆਰੰਭ ਸੱਤਾ ਅਤੇ ਹਿਰਸ ਰਾਹੀਂ ਬਸਤੀਕ੍ਰਿਤ ਅਮਾਨਵੀ ਪ੍ਰਸਥਿਤੀਆਂ ਨੂੰ ਪੇਸ਼ ਕਰਨ ਨਾਲ ਹੁੰਦਾ ਹੈ। ਜਿਨ੍ਹਾਂ ਵਿੱਚ ਪਹਿਲੇ ਪੱਧਰ 'ਤੇ ਇਨ੍ਹਾਂ ਤੋਂ ਬੇਲਾਗ ਲੋਕ ਅਤੇ ਖ਼ਾਸ ਕਰਕੇ ਪੁਰਸ਼ ਬਸਤੀਕ੍ਰਿਤ ਹੁੰਦੇ ਹਨ ਅਤੇ ਅਗਲੇਰੇ ਪੱਧਰ 'ਤੇ ਔਰਤਾਂ ਸਿੱਧਿਆਂ ਜਾਂ ਅੰਦਰੂਨੀ ਬਸਤੀਕਰਨ ਰਾਹੀਂ ਇਸ ਵਿਆਪਕ ਦਮਨ ਚੱਕਰ ਅਤੇ ਸਿਸਟਮ ਦਾ ਸ਼ਿਕਾਰ ਹੁੰਦੀਆਂ ਹਨ।[2] ਇਸੇ ਕਾਰਨ ਸੱਤਾ, ਹਿਰਸ, ਪੂੰਜੀ, ਹਵਸ, ਮਤਲਬਪ੍ਰਸਤੀ ਅਤੇ ਦਹਿਸ਼ਤ ਨਾਲ ਭਰਪੂਰ ਸਮਾਜਿਕ ਸਪੇਨ ਅਤੇ ਉਪਰੋਕਤ ਸਾੜਿਆਂ ਅਤੇ ਦੁੱਖਾਂ ਤੋਂ ਰਹਿਤ ਕੁਦਰਤੀ ਸਪੇਸ ਵਿਚਕਾਰ ਤਣਾਅ ਨਿਰੰਤਰ ਬਣਿਆ ਰਹਿੰਦਾ ਹੈ।

ਸ਼ੁੱਧ-ਮਾਨਵੀ ਮੁੱਲਾਂ ਦਾ ਟਕਰਾਅ ਵਪਾਰੂ ਜ਼ਹਿਨੀਅਤ ਨਾਲ ਹੋਣ ਕਾਰਨ ਮਨੁੱਖੀ ਹੋਂਦ ਅਤੇ ਉਸਦੀ ਸਮਾਜਿਕ ਸਥਿਤੀ ਵਿੱਚ ਅਨੇਕਾਂ ਭਰਮ-ਭੁਲੇਖੇ ਉਸਨੂੰ ਜ਼ਿੰਦਗੀ ਦੇ ਚੁਰਾਹੇ ਉੱਪਰ ਖਿੱਚ ਲਿਆਉਂਦੇ ਹਨ। ਅਜਿਹੀ ਅਵਿਵਸਥਾ ਵਿੱਚ 'ਕਥਾ ਕਹੋ ਉਰਵਸ਼ੀ' ਜਿਹੇ ਬਿਰਤਾਂਤ ਜਨਮ ਲੈਂਦੇ ਹਨ। ਜਿਸ ਵਿੱਚ ਕਿ ਔਰਤਾਂ ਮਰਦਾਂ ਵਾਲੇ ਅਤੇ ਮਰਦ ਔਰਤਾਂ ਵਾਲੇ ਸੁਭਾਅ ਦੇ ਧਾਰਨੀ ਹੁੰਦਿਆਂ ਆਪਣੇ ਸਮਾਜਕ ਅਤੇ ਪਰਿਵਾਰਕ ਨਿਭਾਅ ਵਿੱਚ ਬੇਤਰਤੀਬੀ ਦਾ ਸ਼ਿਕਾਰ ਹੁੰਦੇ ਹਨ। ਘਰ ਨੂੰ 'ਆਸ਼ਰਮ' ਬਣਾਉਣ ਜਾਂ 'ਮਾਰਕੀਟ' ਵਿੱਚ ਤਬਦੀਲ ਕਰਨ ਦਾ ਬੁਨਿਆਦੀ ਪ੍ਰਸ਼ਨ ਕੁਲਦੀਪ ਅਤੇ ਆਇਸ਼ਾ ਨੂੰ ਕੁਦਰਤੀ ਸਪੇਸ ਅਤੇ ਬਸਤੀਕ੍ਰਿਤ ਸਮਾਜਕ ਸਪੇਸ ਦੇ ਚਿੰਨ੍ਹਾਂ ਵਜੋਂ ਰੇਖਾਂਕਤ ਕਰਦਾ ਹੈ। ਇਸੇ ਕਾਰਨ ਹੀ ਨਾਵਲੀ ਬਿਰਤਾਂਤ ਵਿੱਚ ਨਿੱਜ, ਅੰਹ ਅਤੇ 'ਪਰਉਪਕਾਰੀ' ਸੁਭਾਅ ਇੱਕ ਦੂਜੇ ਦੇ ਵਿਰੋਧ ਵਿੱਚ ਖੜ੍ਹੇ ਹਨ। ਮੇਜਰ ਦੇਵਿੰਦਰ (ਮਰਹੂਮ) ਦੇ ਬੱਚਿਆਂ ਦੇ ਕ੍ਰਮਵਾਰ ਤਿੜਕਦੇ ਘਰ ਵਿਚੋਂ ਵੀ ਅਖੌਤੀ ਤੱਰਕੀ ਕਰਕੇ ਵੱਡੇ ਦੇ ਅਮਰੀਕਾ ਸੈਟਲ ਹੋਣ ਅਤੇ ਛੋਟੇ ਦੇ ਮੁਕਤੀ ਦੀ ਤਲਾਸ਼ ਵਾਸਤੇ ਨਿਕਲਣ ਦਾ ਸੰਕੇਤ ਇਸ ਮੰਡੀ ਵਿੱਚ ਪਰਿਵਰਤਿਤ ਹੋ ਰਹੇ ਸਮੁੱਚੇ ਚੌਗਿਰਦੇ ਲਈ ਮੁਕਾਮੀ ਸਰੋਕਾਰਾਂ ਨਾਲ ਸੰਬੰਧਤ ਜੀਵਨ ਢੰਗ ਅਪਨਾਉਣ ਦਾ ਸੂਚਕ ਹੈ ਜਿਸ ਵਿੱਚ ਕਿ 'ਹਸੰਦਿਆਂ



ਖੇਡੰਦਿਆਂ ਪਹਿਨੰਦਿਆਂ ਵਿਚੇ ਹੋਵੇ ਮੁਕਤਿ' ਦਾ ਜੀਵਨ ਦਰਸ਼ਨ ਸਰਵਉਤਮ ਹੋਵੇ। ਡਾ. ਦਲੀਪ ਕੌਰ ਟਿਵਾਣਾ ਦੇ ਇਸ ਵੱਡਅਕਾਰੀ ਨਾਵਲ ਵਿੱਚ ਦੇਵਿੰਦਰ ਦਾ ਇਸ ਵਰਤਾਰੇ ਵਿਚ ਅਸੰਤੁਲਿਤ ਵਿਹਾਰ ਅਤੇ ਉਸਦੀ ਪਤਨੀ ਆਇਸ਼ਾ ਦਾ ਉਸ ਪ੍ਰਤੀ ਇਹ ਆਖਣਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ ਕਿ 'ਦੇਵਿੰਦਰ ਨੂੰ ਜਾਂ ਰਾਮ ਨਜ਼ਰ ਆਉਂਦਾ ਸੀ ਤੇ ਜਾਂ ਰਾਵਣ, ਅੱਜ ਕੱਲ੍ਹ ਭਲਾ ਏਦਾਂ ਜਿਉਂ ਸਕਦਾ ਕੋਈ।'[3]

ਸਮਾਜਿਕ ਬਤੇਰਤੀਬੀ ਦੇ ਹੀ ਅਗਲੇਰੇ ਪੜ੍ਹਾਅ ਨੂੰ ਰਾਮਸਰੂਪ ਅਣਖੀ ਦਾ ਵੱਡਆਕਾਰੀ 'ਦੁੱਲੇ ਦੀ ਢਾਬ' ਵੀ ਸਰਦਾਰੋ ਅਤੇ ਦੁੱਲੇ ਦੇ ਅਣਜੋੜ ਵਿਆਹ ਦੇ ਪ੍ਰਸੰਗ ਵਿੱਚ ਪੇਸ਼ ਕਰਦਾ ਹੈ ਅਤੇ ਇਸ ਅਸਾਵੇਂਪਣ ਦੀਆਂ ਪ੍ਰਤੀਧੁਨੀਆਂ ਸਮੁੱਚੇ ਨਾਵਲੀ ਬਿਰਤਾਂਤ ਦੀਆਂ ਕੇਂਦਰੀ ਚੂਲ ਹਨ। ਬਹੁਤ ਸਾਰੇ ਔਰਤ ਪਾਤਰਾਂ (ਜਿਵੇਂ ਸਰਦਾਰੋ, ਰੂਪੋ, ਨਿਰਮਲ ਕੌਰ ਆਦਿ) ਦਾ ਘਰੋਂ ਉੱਧਲਨਾ ਜਾਂ ਤ੍ਰਿਪਤੀ ਅਤੇ ਹਵਸ-ਪੂਰਤੀ ਲਈ ਸਦਾਚਾਰਕ ਰਵਾਇਤਾਂ ਅਤੇ ਸਮਾਜ ਦੀਆਂ ਹੱਦਾਂ ਨੂੰ ਤੋੜਨਾ ਭ੍ਰਿਸ਼ਟਤੰਤਰ ਦਾ ਲਖਾਇਕ ਹੈ। ਮਨੁੱਖੀ ਸਹਿਜ, ਪਿਆਰ ਅਤੇ ਟਿਕਾਊ ਘਰੇਲੂ ਜੀਵਨ ਦੀ ਥਾਂ ਹਵਸ, ਕਾਮਨਾ ਅਤੇ ਆਰਥਿਕਤਾ ਲਈ ਹਰ ਜਾਇਜ਼ ਨਾਜਾਇਜ਼ ਵਸੀਲਾ ਅਪਨਾਉਣ ਵਾਲੀ 'ਦੁੱਲੇ ਦੀ ਢਾਬ' ਦੇ ਪਾਤਰ (ਘੋਗਾਂ ਬੱਗੂ, ਚੰਦਰ ਲੱਧੜ, ਸਵਰਨ ਤੇ ਦੁੱਲਾ) ਸੱਤਾ, ਕਾਮਨਾ ਅਤੇ ਹਿਰਸਾਂ ਵਾਲੀ ਸਮਾਜਕ ਸਪੇਸ ਦੇ ਪ੍ਰਤੀਨਿਧ ਹਨ। ਤੇਜੋ ਦੇ ਜ਼ਮੀਨ ਸਾਂਝੀ ਰੱਖਣ ਲਈ ਤਿੰਨਾਂ ਭਰਾਵਾਂ ਦੀ ਸਾਂਝੀ ਪਤਨੀ ਬਣਕੇ ਰਹਿਣ ਦਾ ਦੁਖਾਂਤ ਔਰਤ ਦੇ ਇੱਕ ਮਾਨਵੀ ਇਕਾਈ ਵਜੋਂ ਆਪਣੀ ਹੋਂਦ ਗੁਆਉਣ ਅਤੇ 'ਵਸਤੂ-ਵਟਾਂਦਰੇ' ਦਾ ਪ੍ਰਤੀਕ ਹੈ। ਤਿੜਕੇ ਸਮਾਜਕ ਜੀਵਨ ਅਤੇ ਪਰਿਵਾਰਕ ਮਹੌਲ ਦਾ ਸ਼ਿਕਾਰ ਜੱਸੀ (ਜਿਸਦੀ ਬਾਜੀਗਰਨੀ ਮਾਂ ਸਰਦਾਰੋ ਅਤੇ ਬਾਪ ਅਲਪ ਜ਼ਮੀਨਾ ਜੱਟ ਮੈਂਗਲ ਹੈ।) ਕੂਟ ਭਾਵੀ ਹੁੰਦਿਆਂ ਪੈਸੇ, ਸ਼ਰਾਬ, ਗੁੰਡਾਗਰਦੀ ਅਤੇ ਪੁਲਿਸਤੰਤਰ ਆਦਿ ਏਜੰਸੀਆਂ ਦੇ ਸਹਿਯੋਗ ਨਾਲ ਸਰਪੰਚੀ ਹਥਿਆਉਂਦਾ ਅਤੇ ਚਲਾਉਂਦਾ ਹੈ। ਸਰਕਾਰੇ ਦਰਬਾਰੇ ਆਪਣਾ ਅਸਰ-ਰਸੂਖ਼ ਕਾਇਮ ਕਰਕੇ ਜੱਸੀ ਸਰਪੰਚ ਅਨੇਕਾਂ ਕਾਲੇ ਕੰਮ ਕਰਦਾ ਹੈ। ਮਹੰਤ ਰਾਮਨਾਥ ਅਤੇ ਜ਼ੋਰੇ ਜਿਹੇ ਲੋਕਾਂ ਲਈ ਰੰਗਲੇ ਪੰਜਾਬ ਦਾ ਬਿੰਬ ਸਾਕਾਰ ਪੱਧਰ 'ਤੇ ਹੈ ਜਦਕਿ ਮਿਹਨਤੀ, ਈਮਾਨਦਾਰ ਅਤੇ ਕਬੀਲਦਾਰ 'ਸੰਤੇ' ਲਈ ਇਹ ਦੁੱਖਾਂ ਭਰਿਆ ਜੀਵਨ ਸਿਰਫ਼ 'ਸਲਫ਼ਾਸ' ਦੇ ਬਰੂਹੀ ਹੀ ਮੁੱਕਦਾ ਹੈ। ਸੱਤਾ ਸੰਪੰਨ ਵਰਗਾਂ ਦੀ ਸਰਪ੍ਰਸਤੀ ਪ੍ਰਾਪਤ ਅੱਤਵਾਦ ਅਤੇ ਮਨੁੱਖੀ ਭਾਈਚਾਰੇ ਦੇ ਟੁੱਟ ਜਾਣ ਕਾਰਨ ਪਿੰਡ ਵਿੱਚ ਲਗਾਤਾਰ ਕਤਲੋਗਾਰਤ ਹੁੰਦੀ ਹੈ ਪਰ ਕੋਈ ਆਵਾਜ਼ ਨਹੀਂ ਉਠਾਉਂਦਾ, ਇਸੇ ਕਾਰਨ 'ਬੰਮ੍ਹਣ ਵਾਲੇ ਵਰਗਾ ਨਰ ਪਿੰਡ ਗੋਹਾ ਹੋ ਗਿਆ ਪ੍ਰਤੀਤ ਹੁੰਦਾ ਹੈ।'[4]

ਨਵੇਂ ਸਿਸਟਮ ਵਿੱਚ ਰਿਸ਼ਤਿਆਂ ਦੀ ਬਦਲਦੀ ਨੁਹਾਰ, ਖਿੰਡ ਰਹੇ ਮਾਨਵੀ ਮੁੱਲ ਟੁੱਟ ਰਹੀ ਪ੍ਰਵਾਰ ਪ੍ਰਣਾਲੀ ਅਤੇ ਵਿਗਠਤ ਹੋ ਰਹੇ ਸਮਾਜਕ ਢਾਂਚੇ ਦ੍ਰਿਸ਼ਟਮਾਨ ਹਨ। ਬਲਦੇਵ ਸਿੰਘ ਦਾ 'ਅੰਨਦਾਤਾ' ਵੀ ਉਪਰੋਕਤ ਸੰਦਰਭਾਂ ਨੂੰ ਹੀ ਰੂਪਮਾਨ ਕਰਦਾ ਹੈ। ਅੰਤਰ-ਰਾਸ਼ਟਰੀ ਦਾਬਾਪਾਊ ਸੰਸਥਾਵਾਂ ਦੇ ਤੀਜੀ-ਦੁਨੀਆਂ ਦੇ ਦੇਸ਼ਾਂ ਉਪਰ ਪਾਏ ਜਾ ਰਹੇ ਗਲਬੇ ਅਤੇ ਇਸ ਨਾਲ ਸਮਕਾਲੀ ਮਿਮਿਕ (Mimic) ਨਿਜ਼ਾਮ ਦੇ ਦਮਨਕਾਰੀ ਤੰਤਰ ਨਾਲ ਮਨੁੱਖੀ ਸਰੀਰ/ਮਨ ਨਪੀੜਨ ਮਹਿਸੂਸ ਕਰਦੇ ਹਨ। ਆਰਥਕਤਾ ਸਮਾਜਕ ਮਨੁੱਖੀ ਜੀਵਨ ਦੀ ਕੇਂਦਰੀ ਚੂਲ ਬਣਾ ਦਿੱਤੀ ਗਈ ਹੈ। ਇਸਨੂੰ ਸਿੱਧਿਆਂ ਕਰਦਾ ਮਨੁੱਖ ਆਪੂੰ ਪੁੱਠਾ ਲਟਕ ਜਾਂਦਾ ਹੈ। ਘਰ ਤੇ ਪਰਿਵਾਰ ਤਿੜਕਣ ਦੀ ਸਥਿਤੀ ਵਿੱਚ ਦਿਖਾਈ ਦਿੰਦੇ ਹੈ। (ਭੂਪੀ, ਭਗਤੂ, ਮਾਘੀ ਅਤੇ ਪ੍ਰਕਾਸ਼ ਆਦਿ) ਪਾਤਰਾਂ ਰਾਹੀਂ ਭਵਿੱਖ ਦੇ ਸੁਪਨੇ ਤੋਂ ਰਹਿਤ ਬਦਤਰ ਜ਼ਿੰਦਗੀ ਜਿਉਂਦੇ ਕਿਰਦਾਰ ਸਾਹਮਣੇ ਆਉਂਦੇ ਹਨ। ਲੁੱਟਾਂ, ਖੋਹਾਂ, ਕਤਲੋਗਾਰਤ ਅਤੇ ਨਾਹੱਕੀ ਕਮਾਈ ਕਰਨ ਦੀਆਂ ਰੁਚੀਆਂ ਅਜੋਕੇ ਮਨੁੱਖ ਦੀਆਂ ਮੁੱਖ ਪ੍ਰਵਿਰਤੀਆਂ ਬਣ ਰਹੀਆਂ ਹਨ। ਭਗਤੂ ਜਿਹੇ ਲੋਕਾਂ ਦੇ ਸਮਾਧ ਨਾਲ ਜੁੜਨ ਦਾ ਬ੍ਰਿਤਾਂਤ ਸਮਾਜਕ ਬੇਤਰਤੀਬੀ ਦਾ ਚਿੰਨ੍ਹ ਹੈ। ਇਸੇ ਲਈ ਡਾ. ਗੁਰਜੀਤ ਸੰਧੂ ਨੂੰ ਉਤਪਾਦਕ ਜ਼ਮੀਨ ਉਪਰ ਬਾਬੇ ਭਗਤੂ ਦਾ ਕਾਬਜ਼ ਹੋਣਾ ਜਿੱਥੇ ਮੁਕਾਮੀ ਵਸੀਲਿਆਂ ਨੂੰ ਢਾਅ ਲਾਉਣ ਦੀ ਪ੍ਰਕਿਰਿਆ ਲਗਦੀ ਹੈ ਉਥੇ ਵਜ਼ੀਰ ਸਿੰਘ

ਦੁਆਰਾ ਕੀਤੀ ਆਤਮਹੱਤਿਆ ਘਰ, ਪਰਿਵਾਰ ਅਤੇ ਭਵਿੱਖ ਦੇ ਖਿੰਡਣ ਦੇ ਚਿੰਨ੍ਹਕ ਪ੍ਰਤੀਤ ਹੁੰਦੇ ਹਨ।[5] ਬੇਗਾਨਗੀ ਅਤੇ ਲਾਲਚ ਦੇ ਸਮੁੱਚੇ ਪ੍ਰਸੰਗ ਵਿੱਚ ਤਰਤੀਬਹੀਨ ਮਨੁੱਖੀ ਸਾਕਾਚਾਰੀ ਰੂਪਮਾਨ ਹੁੰਦੀ ਹੈ। 'ਅੰਨਦਾਤੇ' ਦਾ ਮੈਟਾਫ਼ਰ ਆਧੁਨਿਕ ਕਲਿਆਣਕਾਰੀ ਲੋਕਤੰਤਰੀ ਰਾਜ ਅਤੇ ਇਸਦੀਆਂ ਵਿਭਿੰਨ ਏਜੰਸੀਆਂ ਦੁਆਰਾ ਕੁਸ਼ਾਸਨ ਕਰਨ ਅਤੇ ਲੋਕਹਿੱਤਕਾਰੀ ਭਾਵਨਾਵਾਂ ਤੋਂ ਕੋਰੀਆਂ ਹੋਣ ਕਾਰਨ ਵਧੇਰੇ ਆਕਰਸ਼ਣ ਦਾ ਕਾਰਨ ਬਣਦੇ ਹਨ। ਸਮਾਜਿਕ ਤੇ ਮਾਨਸਿਕ ਬੇਤਰਤੀਬੀ ਦੀ ਸਿਖ਼ਰ ਤਦ ਦਿਖਾਈ ਦਿੰਦੀ ਹੈ ਜਦ ਰਿਸ਼ਤਿਆਂ ਨੂੰ ਵੀ ਵਸਤੂਪਰਕ ਬਣਾ ਕੇ 'ਅੰਨਦਾਤੇ' ਦੇ ਚੜ੍ਹਾਵੇ ਵਜੋਂ ਦੇਖਣ ਦੀ ਪ੍ਰਵਿਰਤੀ ਜਨਮ ਲੈਂਦੀ ਹੈ ਅਤੇ ਪ੍ਰਬਲ ਹੁੰਦੀ ਹੈ।

ਮਨੁੱਖੀ ਸਮਾਜ ਨੂੰ ਕੰਟਰੋਲ ਅਤੇ ਸੋਧਿਤ ਕਰਨ ਵਾਲੀਆਂ ਸੰਸਥਾਵਾਂ (ਸੁਰੱਖਿਆ ਅਤੇ ਨਿਆਂ ਪ੍ਰਣਾਲੀਆਂ) ਆਪਣੇ ਅਸਲ ਮਕਸਦ ਨੂੰ ਤਿਆਗ ਕੇ ਸੱਤਾਸੰਪੰਨ ਵਰਗ ਦੀਆਂ ਹੱਥਠੋਕੀਆਂ ਬਣਕੇ ਚਲਦੀਆਂ ਹਨ। ਇਹੀ ਨਿਜ਼ਾਮ ਅੱਖੀਂ ਘੱਟਾ ਪਾਉਣ ਲਈ ਇਹਨਾਂ ਦਾ ਸਿਰਜਣ ਤੇ ਸੁਰੱਖਿਆਣ ਕਰਦਾ ਹੈ। ਮਿੱਤਰ ਸੈਨ ਮੀਤ ਦਾ ਨਾਵਲ 'ਕੌਰਵ ਸਭਾ' ਉਪਰੋਕਤ ਬੇਤਰਤੀਬੀ ਨੂੰ ਮਾਇਆਨਗਰ ਦੇ ਚਿੰਨ੍ਹ ਰਾਹੀਂ ਪੇਸ਼ ਕਰਦਾ ਹੈ। ਵਕੀਲ ਰਾਮਨਾਥ ਦੀ ਭੈਣ ਨੀਲਮ ਦੇ ਘਰ ਡਾਕਾ ਪੈਣ ਜਿਹੀ ਘਟਨਾ ਤੋਂ ਜਟਿਲ ਗਹਿਰਾਈਆਂ ਤੀਕ ਫ਼ੈਲਦੇ ਇਸ ਨਾਵਲ ਵਿੱਚ ਰਿਸ਼ਤਿਆਂ ਦੀ ਬੇਗਾਨਗੀ, ਡਾਕੂਆਂ ਦੁਆਰਾ ਉਸਦੇ ਭਾਣਜੇ ਕਮਲ ਦੇ ਕਤਲ , ਭਾਣਜੀ ਨੇਹਾ ਦਾ ਜਬਰਜਿਨਾਹ ਤੇ ਇਹ ਸਭ ਕੁੱਝ ਦੇ ਹੁੰਦਿਆਂ ਖ਼ੂਨ ਦੇ ਰਿਸ਼ਤਿਆਂ ਦੇ 'ਟਿਕਾਓ ਵਿੱਚ ਬਚਾਉ' ਦੀ ਨੀਤੀ ਅਨੁਸਾਰ ਕੋਈ ਸਹਾਇਤਾ ਨਾ ਕਰਨ ਦੀ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਪੁਲਿਸ ਜਦੋਂ ਘਰੇਲੂ ਨੌਕਰ ਰਾਮੂ ਰਾਹੀਂ ਇੱਕ ਡਾਕੂ ਦੀ ਸ਼ਨਾਖ਼ਤ ਕਰਕੇ ਪੂਰੀ ਘਟਨਾ ਅਤੇ ਅਪਰਾਧੀਆਂ ਤੋਂ ਜਾਣੂ ਹੋ ਵੀ ਜਾਂਦੀ ਹੈ ਤਾਂ ਸੇਠ ਰਾਮ ਲੁਭਾਇਆ ਧਨ ਅਤੇ ਅਸਰ-ਰਸੂਖ਼ ਸਦਕਾ ਸਮੁੱਚੀ ਘਟਨਾ ਉੱਪਰ ਮਿੱਟੀ ਪਾਉਣ ਵਿੱਚ ਕਾਮਯਾਬ ਹੋ ਜਾਂਦਾ ਹੈ। ਡਕੈਤੀ ਤੋਂ ਦੋਸ਼ੀਆਂ ਦੇ ਸਾਫ਼ ਬਰੀ ਹੋਣ ਤੱਕ ਦੀਆਂ ਘਟਨਾਵਾਂ ਨੂੰ ਪੇਸ਼ ਕਰਦਾ ਨਾਵਲੀ ਬਿਰਤਾਂਤ ਸਮਾਜਿਕ ਅਸਾਵੇਂਪਣ ਦੀ ਹਿਰਦੇਵੇਦਕ ਧੁਨੀ ਹੈ। ਤੀਬਰ ਆਰਥਕ ਲੋੜਾਂ ਦੀ ਪੂਰਤੀ ਲਈ ਪੰਜਾਬ ਤੋਂ ਗਏ ਪੰਜਾਬੀਆਂ ਅਤੇ ਪੰਜਾਬ ਵਿਚ ਆਏ ਪ੍ਰਵਾਸੀ ਕਿਰਤੀਆਂ ਕਾਰਨ ਜੋ ਸਮਾਜਿਕ ਅਸਾਵਾਂਪਣ ਅਤੇ ਖਿੱਚੋਤਾਣਾਂ ਬਣੀਆਂ ਹਨ ਉਹਨਾਂ ਦੇ ਸੰਕੇਤਕ ਪ੍ਰਗਟਾਅ ਨਾਵਲ ਵਿੱਚ ਮੌਜੂਦ ਹਨ। ਇਸੇ ਕਾਰਨ ਹੀ ਨੇਹਾ ਜੋ ਕਿ ਡਾਕੂਆਂ ਦੁਆਰਾ ਬਲਾਤਕਾਰ ਦੀ ਸ਼ਿਕਾਰ ਹੈ, ਨੂੰ 'ਅਦਾਲਤ' ਕਦੇ 'ਕੌਰਵ ਸਭਾ' ਪ੍ਰਤੀਤ ਹੁੰਦੀ ਹੈ ਅਤੇ ਕਦੇ 'ਕੁਰਕੁਸ਼ੇਤਰ ਦਾ ਮੈਦਾਨ'। 'ਮਾਇਆ ਨਗਰ' ਦੀ ਗੰਧਲੀ ਆਬੋ-ਹਵਾ ਅਤੇ ਅੰਨ੍ਹੀਆਂ ਭੁੱਖਾਂ ਕਾਰਨ ਕੁਦਰਤੀ ਮਨੁੱਖੀ ਜੀਵਨ ਤਹਿਸ-ਨਹਿਸ ਹੋ ਕੇ ਤਿੜਕਣ ਦੀ ਕਗਾਰ 'ਤੇ ਪਹੁੰਚ ਜਾਂਦਾ ਹੈ।

> 'ਮਾਇਆ ਨਗਰ ਵਿੱਚ ਹੋਰ ਸਭ ਸੀ, ਪਰ ਵਫ਼ਾਦਾਰੀ ਦਾ
> ਨਾਮੋ-ਨਿਸ਼ਾਨ ਨਹੀਂ ਸੀ ------------।--------ਮਾਇਆ ਨਗਰ
> ਦੇ ਰਿਵਾਜ਼ ਪੁੱਠੇ ਸਨ---------।[6]'

ਇਸ ਤਰ੍ਹਾਂ ਮਿੱਤਰ ਸੈਨ ਮੀਤ ਨੇ ਸਮੁੱਚੇ ਸਮਾਜਕ ਸਿਸਟਮ ਦੇ ਵਿਗਠਨ ਦਾ ਖ਼ਾਕਾ ਸਾਡੇ ਸਾਹਮਣੇ ਪੇਸ਼ ਕੀਤਾ ਹੈ ਜਿਸ ਵਿਚ ਕਿ ਹੱਕ, ਨਿਆਂ, ਸਹਿਚਾਰ, ਸਬਰ, ਸੰਤੋਖ, ਸਾਕਾਚਾਰੀ, ਰਿਸ਼ਤਾ ਵਿਧਾਨ ਅਤੇ ਪਿਆਰ ਆਦਿ ਸ਼ਬਦ 'ਬੇਗਾਨੇ' ਅਤੇ 'ਅਜਨਬੀ' ਜਿਹੇ ਲਗਦੇ ਹਨ।

ਇਸ ਸਮੁੱਚੇ ਸਮਾਜਕ ਤਰਤੀਬਹੀਣ ਵਾਤਾਵਰਣ ਦਾ ਕਾਰਨ ਬਸਤੀਵਾਦੀ ਦੌਰ ਵਿੱਚ ਤਲਾਸ਼ਿਆ ਜਾ ਸਕਦਾ ਹੈ ਜਿਸ ਸਮੇਂ ਕਿ ਬਸਤੀਕਾਰ ਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਮੂਲਵਾਸੀ ਸਮਾਜ ਨੂੰ ਵੱਖ-ਵੱਖ ਦਰਜੇਬੰਦੀਆਂ ਅਤੇ ਸ਼੍ਰੇਣੀਆਂ ਵਿੱਚ ਵਿਭਾਜਤ ਕੀਤਾ। ਵਿਭਿੰਨ ਨਸਲਾਂ, ਧਰਮਾਂ, ਖੇਤਰਾਂ ਅਤੇ ਕੌਮੀਅਤਾਂ ਦੇ ਮਸਲੇ ਖੜ੍ਹੇ ਕਰਕੇ ਜਿੱਥੇ ਉਸਨੇ ਆਪਣੀ ਅਤੇ ਆਪਣੇ ਸੱਭਿਆਚਾਰ ਦੀ ਅਜਾਰੇਦਾਰੀ ਸਥਾਪਤ ਕੀਤੀ ਉਥੇ ਮੁਕਾਮੀ ਸੱਭਿਆਚਾਰਕ ਰਹਿਤਲ ਵਿੱਚ ਨਵ-ਕੀਮਤ ਪ੍ਰਬੰਧ ਅਤੇ ਮਸ਼ੀਨੀਕਰਨ ਜਿਹੀਆਂ ਘੁਸਪੈਠਾਂ ਦੁਆਰਾ ਆਪਣੀ ਹੋਂਦ ਨੂੰ ਚਿਰ ਸਥਾਈ ਬਣਾਈ ਰੱਖਿਆ।



ਇਸ ਉਪਰੋਕਤ ਅਖੌਤੀ ਆਜ਼ਾਦੀ ਪ੍ਰਾਪਤੀ ਸਮੇਂ ਜਦੋਂ ਬਸਤੀਕਾਰ ਨੇ ਆਪਣੀ ਮਿਮਿਕ (Mimic) ਰਾਸ਼ਟਰੀ ਬੁਰਜੁਆਈ ਨੂੰ ਸੱਤਾ ਸੌਂਪੀ ਤਾਂ ਪੂਰਵਲੇ ਪ੍ਰਬੰਧ ਦੀ ਨਿਰੰਤਰਤਾ ਦਾ ਜਾਰੀ ਰਹਿਣਾ ਸੁਭਾਵਕ ਸੀ। ਇਹੋ ਪ੍ਰਸੰਗ ਕੇਵਲ ਕਲੋਟੀ ਨੇ ਆਪਣੇ ਤਿੰਨ ਨਾਵਲਾਂ ('ਹੋਣੀ ਇੱਕ ਦੇਸ਼ ਦੀ'-ਭਾਗ ਪਹਿਲਾ ਤੇ ਦੂਜਾ ਅਤੇ 'ਘਾਟੀ ਪੁਤਲੀਗ਼ਰਾਂ ਦੀ') ਵਿੱਚ ਛੋਹਣ ਦਾ ਸਾਰਥਕ ਗਲਪੀ ਯਤਨ ਕੀਤਾ ਹੈ। ਨਵ-ਬਸਤੀਵਾਦੀ ਬਹੁਕੌਮੀ ਕਾਰਪੋਰੇਟ ਰਾਜ ਵਿੱਚ 'ਇੰਟੈਲੀਜੈਂਸ ਏਜੰਸੀਆਂ' ਦੁਆਰਾ ਸੂਚਨਾ ਕ੍ਰਾਂਤੀ ਰਾਹੀਂ ਪੈਦਾ ਕੀਤੀ ਚਕਾ-ਚੌਂਧ ਵਿਚ ਵਿਅਕਤੀਤਵ ਦੇ ਨਸ਼ਟ ਹੋਣ ਅਤੇ ਬੰਦੇ ਨੂੰ ਪ੍ਰਯੋਗ ਕਰਕੇ ਸੁੱਟ੍ਹੀ ਵਸਤੂ ਵਾਂਗ ਨਵੇਂ ਅਰਥ ਦੇਣ ਦੀ ਪ੍ਰਵਿਰਤੀ ਦੇ ਸੰਕੇਤ ਅਜੋਕੀ ਅਤੇ ਭਵਿੱਖਮੁਖੀ ਮਹਾਂਵਿਨਾਸ਼ਕਾਰੀ ਸਥਿਤੀ ਦੇ ਸੂਚਕ ਆਖੇ ਜਾ ਸਕਦੇ ਹਨ।

ਰਾਜਤੰਤਰ ਆਪਣੇ ਸਮੇਂ ਦੇ ਪ੍ਰਭਾਵੀ ਹਿੱਸੇ ਵਜੋਂ ਧਾਰਮਿਕ ਅਕੀਦਿਆਂ ਨੂੰ ਆਪਣੇ ਹੱਥਾਂ ਵਿੱਚ ਲੈਂਦਾ ਹੈ। ਇੰਦਰ ਸਿੰਘ ਖਾਮੋਸ਼ ਦੇ ਨਾਵਲ 'ਕਾਫ਼ਰ ਮਸੀਹਾ' ਵਿਚਲਾ ਲੋਕਨਾਇਕ ਲਿਉ ਤਾਲਸਤਾਏ ਤਤਕਾਲੀ ਪ੍ਰਬੰਧ ਅਤੇ ਚਰਚ ਦੁਆਰਾ ਕਾਫ਼ਰ ਕਰਾਰ ਦਿੱਤਾ ਜਾਂਦਾ ਹੈ। ਸਮਾਜਕ ਏਜੰਸੀਆਂ ਉਸਦੀ ਪਤਨੀ (ਸੋਨੀਆ) ਆਦਿ ਰਾਹੀਂ ਉਸਦੇ ਲੋਕਮੁਖੀ ਸਾਹਿਤ ਸਿਰਜਣ 'ਤੇ ਰੋਕਾਂ ਲਾਉਂਦੀਆਂ ਉਸ ਨੂੰ 'ਐਨ ਕਰੀਨਾ' ਜਿਹੇ ਨਾਵਲ ਲਿਖਕੇ ਘਰ-ਪਰਿਵਾਰ ਅਤੇ ਨਿੱਜੀ ਮੁਫ਼ਾਦਾਂ ਲਈ ਰਾਸ਼ਟਰੀ ਬੁਰਜੁਆਈ ਨਾਲ ਹੱਥ ਮਿਲਾਉਣ ਦੀ ਤਾਕੀਦ ਕਰਦੀਆਂ ਹਨ। ਸਮਾਜਕ ਅਸਾਵਾਂਪਣ ਤਾਲਸਤਾਏ ਦੇ ਮਾਨਸਿਕ ਅਸਾਵੇਂਪਣ ਨੂੰ ਮੰਜ਼ਰ-ਏ-ਆਮ 'ਤੇ ਲੈ ਕੇ ਆਉਂਦਾ ਹੈ। ਸਮਾਜ ਵਿੱਚ 'ਮਾਨਵੀ ਮੁੱਲਾਂ' ਅਤੇ ਬਸਤੀਵਾਦੀ ਏਜੰਸੀਆਂ ਵਿਚਲਾ ਟਕਰਾਅ ਉਸਦੀ ਸ਼ਖ਼ਸੀਅਤ ਵਿੱਚ ਵੀ ਰੂਪਮਾਨ ਹੋ ਜਾਂਦਾ ਹੈ। ਤਾਲਸਤਾਏ ਇਸਾਈਅਤ ਦੇ ਤਤਕਾਲੀ ਰੂਪ ਅਤੇ ਰਾਜ ਨਾਲ ਉਸਦੇ ਸੁਮੇਲ ਨੂੰ ਦੇਖਕੇ ਤੜਪ ਉੱਠਦਾ ਹੈ। ਇਸ ਪ੍ਰਕਾਰ ਇਹ ਨਾਵਲ ਬਸਤੀਕ੍ਰਿਤ ਰੂਸੀ ਸਮਾਜ ਦੀਆਂ ਬੇਤਰਤੀਬੀਆਂ ਅਤੇ ਉਹਨਾਂ ਦੇ ਸਾਹਿਤ ਸਿਰਜਕ ਉੱਪਰ ਪੈਣ ਵਾਲੇ ਪ੍ਰਭਾਵਾਂ ਦੀ ਪੇਸ਼ਕਾਰੀ ਹੈ।

ਪੂਰੇ ਸੰਸਾਰ ਨੂੰ ਇੱਕ ਵਿਸ਼ਵ ਪਿੰਡ ਦੇ ਰੂਪਕ ਵਜੋਂ ਦਰਸਾ ਕੇ ਭਰਮ-ਯੁਕਤ ਮਾਹੌਲ ਸਿਰਜਿਆ ਜਾਂਦਾ ਹੈ। ਸਾਧਨਹੀਣਤਾ, ਆਰਥਕ ਤੰਗੀਆਂ ਤੁਰਸੀਆਂ, ਭ੍ਰਿਸ਼ਟ ਨਿਜ਼ਾਮ ਅਤੇ ਬਹੁਕੌਮੀ ਕੰਪਨੀਆਂ ਦੁਆਰਾ 'ਸਕਿਲਡ' ਵਰਕਰ ਅਤੇ 'ਬੋਰੋਡ ਇੰਟਲੈਕਟ' ਲਈ ਪ੍ਰਵਾਸ ਨੂੰ ਜ਼ਰੂਰੀ ਜਾਂ ਇੱਛੁਕ ਰੂਪ ਵਿੱਚ ਧਾਰਨ ਕਰਨਾ ਪੈਂਦਾ ਹੈ। ਦਰਸ਼ਨ ਧੀਰ ਦਾ ਨਾਵਲ 'ਰਣਭੂਮੀ' ਪ੍ਰਵਾਸ ਦੇ ਕਾਰਨਾਂ, ਪ੍ਰਵਾਸ ਲਈ ਵਰਤੇ ਜਾਂਦੇ ਯੋਗ-ਅਯੋਗ ਸਾਧਨਾਂ ਅਤੇ ਨਵੇਂ ਪ੍ਰਬੰਧ ਵਿੱਚ ਮਨੁੱਖ ਕਿਵੇਂ ਆਪਣੀ ਮੂਲ ਪ੍ਰਵਿਰਤੀ ਨੂੰ ਤਿਆਗ ਕੇ ਸਮਕਾਲੀ ਪੂੰਜੀਵਾਦੀ ਪ੍ਰਬੰਧ ਦਾ ਸ਼ਿਕਾਰ ਬਣਦਾ ਹੈ ਜਾਂ ਮਨੁੱਖੀ ਰਿਸ਼ਤੇ ਕਿਵੇਂ ਤਜਾਰਤੀ ਰੂਪ ਅਖਤਿਆਰ ਕਰਦੇ ਹਨ ਅਤੇ ਕਿਵੇਂ ਨਿਜ਼ਾਮ ਮਨੁੱਖ ਦੀ ਨੇਕ-ਨੀਤੀ ਨੂੰ ਬਦਨੀਤੀ ਵਿੱਚ ਢਾਲਦਾ ਹੈ ਆਦਿ ਸਥਿਤੀਆਂ ਨੂੰ ਰੂਪਮਾਨ ਕਰਦਾ ਹੈ। ਸਮੁੱਚਾ ਨਾਵਲੀ ਬਿਰਤਾਂਤ ਰਵਿੰਦਰ, ਪਰਮਿੰਦਰ ਅਤੇ ਕਰਮਜੀਤ ਦੀ ਜ਼ਿੰਦਗੀ ਦੁਆਲੇ ਉੱਸਰਿਆ ਹੋਇਆ ਹੈ। ਨਾਵਲੀ ਪਾਠ ਕਰਮਜੀਤ ਨੂੰ ਇੱਕੋ ਸਮੇਂ ਨਾਇਕ ਅਤੇ ਪ੍ਰਤਿਨਾਇਕ ਵਜੋਂ ਸਾਕਾਰ ਕਰਦਾ ਹੈ। ਕਰਮਜੀਤ ਦੀਆਂ ਅਧੂਰੀਆਂ ਖ਼ਾਹਿਸ਼ਾਂ, ਬਚਪਨ ਦਾ ਵਲੂੰਧਰਿਆ ਜਾਣਾ, ਹੀਣ-ਭਾਵਨਾ ਦਾ ਸ਼ਿਕਾਰ ਹੋਣਾ ਅਤੇ ਬਾਹਰ ਜਾ ਕੇ 'ਉਚਾਰਨ' ਦੀਆਂ ਗਲਤੀਆਂ ਕਾਰਨ ਹੋਰ ਵੀ ਨੀਚਾ ਮਹਿਸੂਸ ਕਰਨਾ ਅਜੋਕੀ ਮਾਨਸਿਕਤਾ ਦਾ ਪ੍ਰਤੀਕ ਹੈ। ਨਾਵਲੀ ਬਿਰਤਾਂਤ ਵਿੱਚ ਕਰਮਜੀਤ, ਰਵਿੰਦਰ ਅਤੇ ਪਰਮਿੰਦਰ ਪੰਜਾਬੀ ਡਾਇਸਪੋਰੇ ਦੀਆਂ ਤਿੰਨ ਵੱਖਰੀਆਂ ਧਰਾਤਲਾਂ ਦਾ ਪ੍ਰਤੀਨਿਧ ਬਿੰਬ ਬਣਕੇ ਸਾਡੇ ਸਾਹਮਣੇ ਆਉਂਦੇ ਹਨ। ਪੰਜਾਬੀ ਡਾਇਸਪੋਰੇ ਦੀ ਹੋਂਦ ਦਾ ਮੁੱਖ ਆਧਾਰ ਮਜਬੂਰੀਆਂ, ਰਾਜਨੀਤਿਕ ਪ੍ਰਸਥਿਤੀਆਂ, ਦੇਸ਼-ਨਿਕਾਲਾ ਜਾਂ ਸਵੈ-ਇੱਛਾ ਹੈ। ਇਹ ਤਿੰਨੇ ਪੀੜ੍ਹੀਆਂ ਸਮਕਾਲੀ ਪ੍ਰਬੰਧ ਵਿੱਚ ਲਗਜ਼ਰੀ ਨੂੰ ਲੋੜ ਵਜੋਂ ਗ੍ਰਹਿਣ ਕਰਦੀਆਂ ਨਿਜ਼ਾਮ ਦੀ ਕੂਟਨੀਤਕ ਬਰਬਰਤਾ ਦਾ ਸ਼ਿਕਾਰ ਹੋ ਕੇ ਅਜਿਹੀ ਦਲ-ਦਲ ਵਿੱਚ ਫ਼ਸਦੀਆਂ ਗਈਆਂ ਹਨ ਜਿਸ 'ਚੋਂ ਬਾਹਰ ਨਿਕਲਣਾ ਉਹਨਾਂ ਲਈ ਅਸੰਭਵ ਹੈ।

ਉਪਰੋਕਤ ਚਰਚਾ ਉਪਰੰਤ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਪੰਜਾਬੀ ਨਾਵਲ ਭਾਵੇਂ ਨਾਰੀਵਾਦੀ ਨੁਕਤਾ-ਏ-ਨਿਗਾਹ ਦੀ ਪ੍ਰਤੀਨਿਧਤਾ ਕਰ ਰਿਹਾ ਹੋਵੇ ਜਾਂ ਪੇਂਡੂ ਧਰਾਤਲ ਵਾਲੇ ਪਿਛੋਕੜ ਦੀ, ਸ਼ਹਿਰੀ ਜੀਵਨ ਯਥਾਰਥ ਨੂੰ ਚਿਤਰ ਰਿਹਾ ਹੋਵੇ ਜਾਂ ਸੱਤਾ ਸੰਪੰਨ ਵਰਗਾਂ ਦੀ ਜਾਹਰੀਅਤ ਨੂੰ, ਕਿਸੇ ਨਾ ਕਿਸੇ ਪੱਧਰ 'ਤੇ ਸਿੱਧਿਆਂ ਜਾਂ ਅਸਿੱਧਿਆਂ ਸੱਭਿਆਚਾਰਕ ਵਿਗਠਨ ਨੂੰ ਰੂਪਮਾਨ ਕਰਦਾ ਹੈ। ਇਹ ਸਮਕਾਲੀ ਜੀਵਨ ਵਿਚਲੀਆਂ ਭ੍ਰਾਂਤੀਜਨਕ ਸਥਿਤੀਆਂ, ਹੋਰਨਾਂ ਬਸਤੀਕ੍ਰਿਤ ਸਮਾਜਾਂ ਦੀ ਦਸ਼ਾ ਤੇ ਦਿਸ਼ਾ, ਡਾਇਸਪੋਰਕ ਸੰਦਰਭਾਂ, ਮਾਨਵੀ-ਮੁੱਲਾਂ ਅਤੇ ਪਦਾਰਥਕ ਰੁਚੀਆਂ ਦੇ ਟਕਰਾਅ ਅਤੇ ਕਲਿਆਣਕਾਰੀ ਲੋਕਤੰਤਰੀ ਨਿਜ਼ਾਮ ਵਿੱਚ ਡੇਰਾਵਾਦ, ਅਨਿਆਂ ਅਤੇ ਅਸੁਰੱਖਿਆ ਜਿਹੇ ਮਸਲਿਆਂ ਕਾਰਨ ਅਸੰਤੁਲਿਤ ਅਤੇ ਤਰਤੀਬਹੀਣ ਸਮਾਜ ਦਾ ਇਸ਼ਤਿਆਗ ਬਣਕੇ ਪੇਸ਼ ਹੁੰਦਾ ਹੈ। ਇਹੋ ਸਮਾਜਕ ਬੇਤਰਤੀਬਾਪਣ ਬਾਅਦ ਵਿਚ ਮਾਨਸਿਕ ਬੇਤਰਤੀਬੇਪਣ ਦਾ ਕਾਰਨ ਬਣਦਾ ਹੈ। ਰਸਮੀ ਬਸਤੀ ਵਿਗਠਨ ਉਪਰੰਤ ਮਿਮਿਕ (Mimic) ਰਾਸ਼ਟਰੀ ਬੁਰਜੁਆਈ ਸਰਕਾਰਾਂ ਨਵ-ਪੂੰਜੀਵਾਦੀ/ਨਵ-ਬਸਤੀਵਾਦੀ ਦਬਾਵਾਂ ਥੱਲੇ ਮਾਨਵ-ਵਿਰੋਧੀ ਗਤੀਵਿਧੀਆਂ ਵਿੱਚ ਮੁੱਲਵਿਜ਼ ਹਨ ਅਤੇ ਇਸ ਵਿਵਸਥਾ ਨੂੰ ਐਡਵਰਡ ਸੈੱਦ ਨੇ ਬਹੁਤ ਹੀ ਛੋਟੇ ਕੈਨਵਸ ਵਾਲੀ ਅਤੇ ਨਿਹਾਇਤ ਖ਼ਤਰਨਾਕ ਮੰਨਿਆ ਹੈ,[7] ਜਿਸ ਵਿੱਚ ਕਿ ਸਮਾਜਿਕ/ਮਾਨਸਿਕ ਬੇਤਰਤੀਬੀਆਂ ਦਾ ਪੈਦਾ ਹੋਣਾ ਸੁਭਾਵਕ ਹੈ।

**ਹਵਾਲੇ ਅਤੇ ਟਿੱਪਣੀਆਂ : —**


1. ਡਾ. ਗੁਰਪਾਲ ਸਿੰਘ ਸੰਧੂ, ਸਮਾਜਕ ਬੇਤਰਤੀਬੀਆਂ ਤੇ ਨਾਵਲੀ ਪ੍ਰਵਚਨ, ਖੋਜ ਪੱਤਰ, ਪੰਨਾ-3
2. ਡਾ. ਰਵਿੰਦਰ ਸਿੰਘ, ਬਸਤੀਵਾਦੀ ਹਕੀਕਤਾਂ ਅਤੇ ਇਲਾਕਾਈ ਵਖਰੇਵੇਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-52
3. ਦਲੀਪ ਕੌਰ ਟਿਵਾਣਾ (ਡਾ.) : 'ਕਥਾ ਕਹੋ ਉਰਵਸ਼ੀ', ਨਵਯੁਗ ਪ੍ਰਕਾਸ਼ਨ 2000, ਪੰਨਾ-391
4. ਰਾਮਸਰੂਪ ਅਣਖੀ, 'ਦੁੱਲੇ ਦੀ ਢਾਬ', ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ-262
5. ਡਾ. ਗੁਰਜੀਤ ਸਿੰਘ ਸੰਧੂ, ਦਾਤਾ ਦੇ ਬੇਮਾਅਨਾ ਹੋਣ ਦਾ ਸੰਤਾਪ 'ਅੰਨਦਾਤਾ', ਖੋਜ ਪੱਤਰ, ਪੰਨਾ-2
6. ਮਿੱਤਰ ਸੈਨ ਮੀਤ, 'ਕੌਰਵ ਸਭਾ', ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ-122
7. Edward W. Said, 'Culture And Imperialism', Vintage, London, 1993, P-123


---

ਨਾਵਲੀ ਬ੍ਰਿਤਾਂਤ ਸਿਰਜਣੇ ਚਾਹੀਦੇ ਹਨ ਜਿਨ੍ਹਾਂ 'ਚ ਪੰਜਾਬੀ ਸੱਭਿਆਚਾਰਕ ਕਦਰਾਂ-ਕੀਮਤਾਂ, ਮੁੱਲਾਂ (ਅੱਗੇਵਧੂ, ਸਿਹਤਮੰਦ, ਨਵੀਨਤਮ ਕੀਮਤਾਂ ਦੀ ਪੈਰਵੀ ਕਰਦਿਆਂ ਅਤੇ ਪਿੱਛੇ ਖਿੱਚੂ, ਬੀਮਾਰ ਪੁਰਾਤਨ ਕੀਮਤਾਂ ਨੂੰ ਨਿਸ਼ੇਧਦਿਆਂ) ਦਾ ਸਮੱਗਰ ਰੂਪ 'ਚ ਰੂਪਮਾਨ ਕੀਤਾ ਹੋਵੇ। ਪੈਦਾਵਾਰੀ ਸਾਧਨਾਂ 'ਚ ਤੇਜ਼ੀ ਨਾਲ ਆ ਰਹੀ ਤਬਦੀਲੀ ਕਾਰਨ ਪੰਜਾਬੀ ਸੱਭਿਆਚਾਰ ਵਿੱਚ ਉਸੇ ਗਤੀ ਨਾਲ ਉਥਲ-ਪੁਥਲ ਹੋ ਰਹੀ ਹੈ। ਪੁਰਾਤਨ ਨੈਤਿਕ ਨੇਮ ਟੁੱਟ ਰਹੇ ਹਨ। ਪਰਿਵਾਰਕ ਸੰਰਚਨਾ ਤੇ ਰਿਸ਼ਤਿਆਂ 'ਚ ਵਿਆਪਕ ਤਬਦੀਲੀ ਹੋ ਰਹੀ ਹੈ। ਅਜਿਹੇ ਸਮੇਂ ਅਣਖੀ ਨੂੰ ਆਪਣੇ ਲੋਕ-ਪੱਖੀ ਦ੍ਰਿਸ਼ਟੀਕੋਣ ਦੇ ਬਲਬੂਤੇ ਉਪਰੋਕਤ ਵਿਕਸਤ ਹੋ ਰਹੇ ਰੂਪਾਂਤਰਣਾਂ, ਮਜਮੂਨਾਂ ਨੂੰ ਆਪਣੇ ਨਾਵਲਾਂ 'ਚ ਬੜੀ ਇਹਤਿਹਾਤ ਵਰਤਦਿਆਂ ਪਹਿਲ ਦੇ ਆਧਾਰ ਤੇ ਸਿਰਜਣ ਦੀ ਜ਼ਹਿਮਤ ਕਰਨੀ ਚਾਹੀਦੀ ਹੈ। ਫਿਰ ਵੀ ਅਣਖੀ ਦਾ ਨਾਵਲੀ ਖੇਤਰ 'ਚ ਯੋਗਦਾਨ ਵੱਡਮੁੱਲਾ, ਅਹਿਮ, ਵਿਲੱਖਣ ਅਤੇ ਵੱਡ-ਆਕਾਰੀ ਹੈ। ਮੇਰੀ ਮਾਨਤਾ ਹੈ ਜਦ ਤਕ ਅਣਖੀ ਹੈ-ਉਸਦਾ ਕੋਈ ਸਾਨੀ ਅਸੰਭਵ ਹੈ।



**ਕਹਾਣੀਆਂ**

## ਜੂਲੀ ਵਾਲਾ ਘਰ/ਪ੍ਰੇਮ ਪ੍ਰਕਾਸ਼

ਕਦੇ ਮੈਨੂੰ ਪਿੰਡ ਦੇ ਨਾਥਾਂ ਦੇ ਡੇਰੇ ਵਾਲੇ ਨਾਥ ਜੀ ਨੇ ਦੱਸਿਆ ਸੀ ਕਿ ਤੇਰੇ ਜੀਵਨ 'ਚ ਮੋੜ ਲਿਆਓਣ ਵਾਲੀਆਂ ਤਿੰਨ ਵੱਡੀਆਂ ਘਟਨਾਵਾਂ ਹੋਣੀਆਂ ਨੇ। ਜਿਨ੍ਹਾਂ ਨੂੰ ਤੂੰ ਜਰ ਲਏਂਗਾ। ਪਰ ਚੌਥੀ ਤੇਰੇ ਲਈ ਸੁਖ ਦੇ ਭੰਡਾਰ ਖੋਲ੍ਹ ਦੇਵੇਗੀ। ਜੋ ਹੋਣਾ ਸੀ, ਸੋ ਹੋ ਲਿਆ। ਕੋਈ ਵੱਡੀ ਪ੍ਰਾਪਤੀ ਹੋਵੇਗੀ। ਮੈਨੂੰ ਜਿਓਤਸ਼ ਵਿਚ ਕੋਈ ਵਿਸ਼ਵਾਸ ਨਹੀਂ, ਪਰ ਫੇਰ ਵੀ ਹੁਣ ਮੈਂ ਚੌਥੀ ਦੀ ਉਡੀਕ ਕਰ ਰਿਹਾ ਹਾਂ।

ਪਹਿਲੀ ਵੱਡੀ ਘਟਨਾ ਮੇਰੇ ਬਾਪ ਵਰਗੇ ਭਾਈ ਦੀ ਮੌਤ ਸੀ। ਦੂਜੀ ਉਹ ਜਿਹੜੀ ਜੁਆਕੜੀ ਜਿਹੀ ਪੀਤੋ ਜਿਹੜੀ ਮੈਨੂੰ ਹੁਕਮ ਦਾ ਬੰਨ੍ਹਿਆ ਕੁੱਤਾ ਜਿਹਾ ਬਣਾ ਕੇ ਮੇਰਾ ਬੁਢੇਪਾ ਰੋਲ਼ ਗਈ। ਤੀਜੀ 'ਚ ਉਹਦੇ ਮਾਪਿਆਂ ਤੇ ਛੋਟੀ ਭੈਣ ਦੇ ਕਤਲ ਕੇਸ 'ਚ ਫਸਣਾ ਤੇ ਬਰੀ ਹੋ ਕੇ ਵੀ ਸ਼ਰਮਿੰਦਗੀ ਮੰਨਦਿਆਂ ਪਿੰਡ ਛੱਡ ਕੇ ਏਸ ਸ਼ਹਿਰ 'ਚ ਆ ਵਸਣਾ। ... ਤੇ ਹੁਣ ਪਿੱਛੇ ਜਿਹੇ ਜਦ ਬਸ ਅੱਡੇ 'ਤੇ ਨਾਥ ਜੀ ਮਿਲੇ ਤਾਂ ਇਹ ਦੱਸ ਕੇ ਮੇਰੇ ਦਿਲ 'ਚ ਇਹ ਕਿੱਲ ਜਿਹਾ ਗੱਡ ਗਏ ਕਿ ਇਹ ਸਾਰੇ ਕਤਲਾਂ ਵਿਚ ਉਹਦੇ ਚੇਲੇ ਬੁੱਘਾ ਨਾਥ ਦਾ ਵੀ ਹੱਥ ਏ। ਜਿਹੜਾ ਓਦੋਂ ਤੋਂ ਈ ਡੇਰੇ ਤੋਂ ਭੱਜ ਗਿਆ ਸੀ।

ਜੇ ਮਰਦਮ ਸ਼ੁਮਾਰੀ ਹੋਵੇ ਤਾਂ ਸਾਡੇ ਏਸ ਫਲੈਟ 'ਚ ਅਸੀਂ ਦੋ ਜੀਅ ਹਾਂ- ਮੈਂ ਮਾਸਟਰ ਕਰਮ ਸਿੰਘ ਤੇ ਮੇਰੀ ਪਤਨੀ ਗੁਰਮੀਤ ਕੌਰ। ਜੇ ਕੋਈ ਜੀਅ ਗਿਣੇ ਤਾਂ ਸਾਡਾ ਕੁੱਤਾ ਜੋਗੀ ਵੀ ਏ।... ਦੋ ਰੂਹਾਂ ਹੋਰ ਵੀ ਨੇ - ਪਹਿਲੀ ਚੀਨ ਦੀ 1962 ਦੀ ਲੜਾਈ 'ਚ ਲਾਪਤਾ ਹੋਏ ਮੇਰੇ ਦੋਸਤ ਭਾਗ ਸਿੰਘ ਦੀ ਤੇ ਦੂਜੀ ਜੂਲੀ ਦੀ। ਜੀਹਦਾ ਵਜੂਦ ਸਿਰਫ ਏਸੇ ਘਰ ਵਿਚ ਪੈਦਾ ਹੋਇਆ ਏ। ਭਾਗ ਸਿੰਘ ਦੀ ਰੂਹ ਤਾਂ ਮੇਰੇ ਨਾਲ ਪਿੰਡੋਂ ਆਈ ਏ।

ਜਦ ਅੱਧੀ ਰਾਤ ਤਕ ਨੀਂਦ ਨਹੀਂ ਆਉਂਦੀ ਤਾਂ ਭਾਗ ਸਿੰਘ ਯਾਦ ਆਉਂਦਾ ਏ। ਫੇਰ ਜੂਲੀ ਯਾਦ ਆਉਂਦੀ ਏ, ਜੀਹਦੇ ਸਦਕੇ ਬੁਢੇਪਾ ਕੱਟ ਰਿਹਾ ਏ। ਜਿਊਂਦਾ ਰਹੇ ਪੁੱਤ ਬਲਦੇਵ ਸਿੰਘ, ਜੀਹਨੇ ਘਰ 'ਚ ਕੰਪਿਊਟਰ ਧਰਾ ਦਿੱਤਾ। ਤੇ ਜਿਊਂਦਾ ਰਹੇ ਪੰਡਤ ਜੀ, ਜੀਹਨੇ ਮੈਨੂੰ ਜੂਲੀ ਵਾਲੀ ਬਲਿਊ ਫਿਲਮ ਲਿਆ ਕੇ ਦੇ ਦਿੱਤੀ। ਜੀਹਦੇ ਨਾਲ ਲਾਣੇਦਾਰਨੀ ਤੋਂ ਲੁਕ ਲੁਕਾ ਕੇ ਮੇਰਾ ਕਿੰਨਾ ਈ ਸਮਾਂ ਉਹਨੂੰ ਦੇਖਦਿਆਂ ਲੰਘ ਜਾਂਦਾ ਏ। ਇਹ ਸਾਡਾ ਸਿਨਮਾ ਘਰ ਏ। ਜੀਹਦੇ ਵਿਚ ਅਸੀਂ ਦੋਵੇਂ ਫਿਲਮਾਂ ਦੇਖਦੇ ਹਾਂ। ਪੁੱਤਾਂ, ਨੂੰਹਾਂ ਤੇ ਪੋਤੇ ਪੋਤੀਆਂ ਨੂੰ ਦੇਖਦਾ ਉਹਨਾਂ ਨਾਲ ਫੋਨ 'ਤੇ ਗੱਲਾਂ ਕਰਦੇ ਰਹਿੰਦੇ ਹਾਂ।

ਜਦ ਕੰਪਿਊਟਰ ਬੰਦ ਹੁੰਦਾ ਏ ਤਾਂ ਮੈਨੂੰ ਪੰਡਤ ਜੀ ਦੀਆਂ ਉਹ ਗੱਲਾਂ ਯਾਦ ਆਉਂਦੀਆਂ ਨੇ, ਜਿਹੜੀਆਂ ਹਰੇਕ ਪੈੱਗ ਨਾਲ ਬਦਲਦੀਆਂ ਰਹਿੰਦੀਆਂ ਨੇ। ਫੇਰ ਭਾਗ ਯਾਦ ਆਉਂਦਾ ਏ, ਜਿਹੜਾ ਅੱਜ ਮੈਨੂੰ ਨਸ਼ਾ ਨਾ ਹੋਣ ਕਰ ਕੇ ਦਿਸਿਆ ਈ ਨਹੀਂ। ਫੇਰ... ਪੀਤੋ... ਗੋਲੀ ਮਾਰੋ ਪੀਤੋ ਨੂੰ। ਸਾਲੀ ਨੇ ਚਾਰ ਘਰ ਉਜਾੜ ਦਿੱਤੇ। ਆਪਣੇ ਮਾਪੇ ਤੇ ਛੋਟੀ ਭੈਣ ਵੱਢੀ ਜਾਂ ਵਢਾਈ ਤੇ ਫੇਰ ਮਾਮਾ ਵੀ ਮਰਵਾ ਲਿਆ। .... ਹੁਣ ਆਪ ਬਦਮਾਸ਼ਾਂ ਵਾਂਗੂੰ ਪਿੰਡ 'ਤੇ ਰਾਜ ਕਰੂ। ਫੇਰ ਖਵਰੇ ਜੀਤੇ ਯਾਰ ਨੂੰ ਮਰਵਾ ਦਏ। ਫੇਰ ਪਤਾ ਨਹੀਂ ਕੀਹਨੂੰ ਮਰਵਾਏ ਤੇ ਕੀਹਦੇ ਨਾਲ ਕੀ ਕਰਦੀ ਫਿਰੇ !.... ਤੀਵੀਂ ਤੇ ਬਘਿਆੜ ਦੀ ਵਾਚੀ ਜੇ ਇਕ ਵਾਰੀ ਖੁਲ੍ਹ ਜਾਵੇ ਤਾਂ ਕਿਹੜਾ ਸਾਲਾ ਰੋਕ ਲਊ ਉਹਨੂੰ ਰਾਜ ਪਲਟਾਉਂਦੀ ਨੂੰ ?.... ਤਦੇ ਮੇਰੇ ਨਾਲ ਦੇ ਬੈੱਡ ਤੋਂ ਗੱਠੀਏ ਦੀ ਮਾਰੀ ਮੇਰੀ ਲਾਣੇਦਾਰਨੀ ਉਰਫ 'ਸੇਹ' ਦੀ ਝਿੜਕੀ ਸੁਣਦੀ ਏ, "ਹੁਣ ਸੌਂ ਵੀ ਜਾਹ।... ਮੰਜਾ ਏ ਹਲਾਈਂ ਜਾਂਦੈਂ।"

ਮੈਨੂੰ ਪੀਤੋ ਦੇ ਮਾਪਿਆਂ ਤੇ ਵੱਡੇ ਮਾਮੇ ਦੇ ਕਤਲ ਕੇਸਾਂ 'ਚੋਂ ਬਰੀ ਹੋ ਕੇ ਏਸ ਸ਼ਹਿਰ 'ਚ

ਆਏ ਨੂੰ ਢਾਈ ਕੁ ਸਾਲ ਹੋ ਗਏ ਨੇ। ਏਸ ਸਮੇਂ 'ਚ ਮੈਂ ਇਕ ਦਿਨ ਵੀ ਪਿੰਡ ਨਹੀਂ ਗਿਆ। ਜਾਣ ਨੂੰ ਰੂਹ ਹੀ ਨਹੀਂ ਕਰਦੀ। ਅਮਰੀਕਾ ਤੋਂ ਮੁੰਡੇ ਆ ਕੇ ਜ਼ਮੀਨ ਤੇ ਘਰ ਵੀ ਵਿਕਾ ਗਏ ਨੇ। ਸਾਡੇ ਲਈ ਤਾਂ ਉਜਾੜ ਹੋ ਗਿਆ ਏ ਹੁਣ ਉਹ ਪਿੰਡ। .... ਲਾਣੇਦਾਰਨੀ ਕਦੇ ਅੰਦਰ ਆਪਣੇ ਬੈੱਡ 'ਤੇ ਗੱਠ ਜਿਹੀ ਬਣੀ ਪਈ ਹੂੰਗਦੀ ਯਾਦ ਕਰ ਲੈਂਦੀ ਏ, ਪਿੰਡ ਨੂੰ।... ਕਰਦੀ ਰੋਂਦੀ ਕਹਿੰਦੀ ਰਹਿੰਦੀ ਏ, 'ਮੈਨੂੰ ਕਿਤੇ ਜਾਣ ਮਰਨ ਨੂੰ ਵੀ ਥਾਉਂ ਨੀਂ।'... ਉਹਦਾ 'ਥਾਉਂ' ਤੋਂ ਮਤਲਬ ਲਹੂ ਦਾ ਸਾਕ ਹੁੰਦਾ ਏ। ਉਹਦੇ ਦਰਦ ਨੂੰ ਮੈਂ ਈ ਸਮਝਦਾ ਹਾਂ। ਉਹਦੇ ਪਿਓਕਿਆਂ ਦਾ ਕੋਈ ਜੀਅ ਰਿਹਾ ਨਹੀਂ। ਜੇ ਕੋਈ ਹੈਗਾ ਤਾਂ ਉਹ ਨਾ ਮਿਲਣ ਆਉਂਦਾ ਏ ਤੇ ਨਾ ਈ ਇਹਨੂੰ ਬੁਲਾਉਂਦਾ ਏ।

ਇਹਨਾਂ ਢਾਈ ਸਾਲਾਂ ਦੇ ਸਮੇਂ 'ਚ ਅਸੀਂ ਦੋਵੇਂ ਬਹੁਤ ਬਦਲ ਗਏ ਹਾਂ। ਮੈਂ ਤਾਂ ਉਹ ਪਹਿਲਾਂ ਵਾਲਾ ਰਿਹਾ ਈ ਨਹੀਂ ਮਾਸਟਰ ਕਰਮ ਸਿੰਘ। ਪਿੰਡ ਵਾਲੀ ਕੁੰਜ ਮੈਂ ਜੇਲ੍ਹ 'ਚ ਈ ਲਾਹ ਦਿੱਤੀ ਸੀ। ਪਹਿਲਾਂ ਈ ਮੈਂ ਕਿਸੇ ਕਿਸੇ ਧਰਮ ਕਰਮ ਨੂੰ ਨਹੀਂ ਸੀ ਮੰਨਦਾ, ਹੁਣ ਪਰਮਾਤਮਾ 'ਤੇ ਵੀ ਵਿਸ਼ਵਾਸ ਨਹੀਂ ਰਿਹਾ। ਹੁਣ ਮੈਂ ਰੋਜ਼ ਸ਼ਾਮ ਨੂੰ ਸ਼ਰਾਬ ਪੀਂਦਾ ਹਾਂ। ਮੈਨੂੰ ਰੈੱਡ ਮੀਟ ਤੇ ਆਮਲੇਟ ਮਨ੍ਹਾ ਏ, ਪਰ ਮੁਰਗਾ ਮੱਛੀ ਖਾ ਲੈਂਦਾ ਹਾਂ। ਨਸ਼ੇ 'ਚ ਟੁੰਨ ਹੋ ਕੇ ਰਹਿਣ 'ਚ ਕਿੰਨਾ ਸੁਆਦ ਏ, ਇਹਦਾ ਮੈਨੂੰ ਹੁਣ ਪਤਾ ਲੱਗਿਆ ਏ।... ਹੁਣ ਲਾਣੇਦਾਰਨੀ ਦੀ ਜੀਭ ਤੋਂ ਮਿੱਠੀ ਅਵਾਜ਼ ਦੀ ਥਾਂ ਜ਼ਹਿਰ ਝੜਦੀ ਏ। ਗੱਲ ਕੀ ਕਰਦੀ ਏ, ਵਿਚੀਂ ਤੀਰ ਕੱਢ ਦੇਂਦੀ ਏ। ਤਦੇ ਮੈਂ ਕਦੇ ਖਿਝ ਕੇ ਉਹਨੂੰ 'ਹੈ ਸਾਲੀ ਸੇਹ ਜਿਹੀ' ਕਹਿ ਦੇਂਦਾ ਹਾਂ। ਜਿਸ ਤੋਂ ਇਹ ਏਸ ਕਰ ਕੇ ਖਿਝਦੀ ਏ ਕਿ ਇਹਦੇ ਪਿਓਕੇ ਪਿੰਡ ਸੇਹ 'ਚ ਨੇ। ਤਦੇ ਉਹ ਮੈਨੂੰ ਮੋੜਵਾਂ ਤੀਰ ਛੱਡਦੀ ਹੋਈ 'ਸੇਹ ਦਾ ਤੱਕਲਾ' ਕਹਿ ਦੇਂਦੀ ਏ। ਉਹ ਕਹਿ ਤਾਂ ਬਥੇਰਾ ਕੁਝ ਦੇਂਦੀ ਏ, ਪਰ ਫੇਰ ਕਿੰਨਾ ਈ ਚਿਰ ਉਹਦੇ ਕਮਰੇ ਵਿਚੋਂ ਘੁੱਟਵੀਆਂ ਪਤਲੀਆਂ ਚੀਕਾਂ ਜਿਹੀਆਂ ਦੀ ਅਵਾਜ਼ ਸੁਣਦੀ ਰਹਿੰਦੀ ਏ। ਜਿਸ ਨੂੰ ਸੁਣ ਕੇ ਮੈਨੂੰ ਕਦੇ ਲੱਗਦਾ ਏ, ਜਿਵੇਂ ਰਾਮ ਚੰਦਰ ਵੱਲੋਂ ਸੋਨੇ ਦੇ ਮਿਰਗ ਦੇ ਤੀਰ ਲੱਗਣ 'ਤੇ ਉਹ ਝੂਠਾ ਵਰਲਾਪ ਕਰਦਾ 'ਹਾਏ ਰਾਮ' ਕਹਿੰਦਾ ਏ। ਅਧਮਰਿਆ ਹੋਇਆ ਤੜਫਦਾ ਪਿਆ ਏ।... ਫੇਰ ਕਦੇ ਮੈਂ ਖਿਝਦਾ ਹਾਂ ਤੇ ਕਦੇ ਆਪਣੇ ਆਪ ਨੂੰ ਸਮਝਾਉਤੀਆਂ ਦੇਂਦਾ ਕਹਿੰਦਾ ਹਾਂ – ਹੁਣ ਮੈਂ ਕੀ ਫਾਹੇ ਆ ਜਾਂ ?.... ਮੈਨੂੰ ਪਤਾ ਹੁੰਦਾ ਏ ਕਿ ਉਹ ਦਰਦਾਂ ਦੀ ਮਾਰੀ ਏ। ਲੜੇ ਤਾਂ ਕੀਹਦੇ ਨਾਲ ?

ਸੜੇ ਬੋਲਾਂ ਤੇ ਦੁਖੀ ਦਿਲ ਵਾਲੀ ਏਸ ਔਰਤ ਦੀਆਂ ਕੁਝ ਫੋਟੋਆਂ ਜਿਹੜੀਆਂ ਵੱਡੇ ਪੁੱਤ ਮਲਕੀਤ ਨੇ ਖਿੱਚ ਕੇ ਸ਼ਰਾਬ ਵਾਲੇ ਮੇਜ਼ ਦੇ ਨੇੜਲੇ ਸ਼ੋ-ਕੇਸ 'ਚ ਜੜੀਆਂ ਹੋਈਆਂ ਨੇ, ਉਹਨਾਂ 'ਚ ਸੇਹ ਖਿੜੀ ਪਈ ਦਿੱਸਦੀ ਏ। ਸਾਰੇ ਪੁੱਤਾਂ, ਨੂੰਹਾਂ ਤੇ ਬੱਚਿਆਂ ਦੀਆਂ ਫੋਟੋਆਂ ਦੇ ਨਾਲ ਜੋਗੀ ਪੁੱਤ ਵੀ ਪੋਜ਼ ਬਣਾਈ ਖੜ੍ਹਾ ਦਿਸਦਾ ਏ, ਲਾਲ ਪਟੇ ਨਾਲ। ਇਕ ਖੂੰਜੇ 'ਚ ਤਿੰਨ ਫੋਟੋਆਂ ਜੂਲੀ ਦੀਆਂ ਵੀ ਨੇ। ਜਿਹੜੀ ਕਾਲੇ ਲੰਮੇ ਵਾਲਾਂ ਦੇ ਹੇਠਾਂ ਦੀ ਚਿਹਰਾ ਕੱਢ ਕੇ ਹੱਸਦੀ ਦਿਸਦੀ ਏ। ਪਰ ਚੱਲਦੀ ਫਿਲਮ 'ਚ ਉਹਦੀ ਏਸ ਦੇਖਣੀ ਤੇ ਹਾਸੇ ਪਿੱਛੇ ਬੜੇ ਕਮਾਲ ਦੇ ਦ੍ਰਿਸ਼ ਨੇ, ਜਿਹੜੇ ਸਿਰਫ ਮੈਨੂੰ ਕਈ ਵਾਰ ਦਿਸਦੇ ਨੇ।.... ਜਦ ਜੂਲੀ ਵਾਲੀ ਫਿਲਮ ਖੁਲ੍ਹਦੀ ਏ ਤਾਂ ਪੱਕੇ ਰੰਗ ਦੇ ਪਿੰਡੇ ਵਾਲਾ, ਕਾਲੇ ਫਰੇਮ ਦੀ ਐਨਕ ਵਾਲਾ ਤੇ ਸਿਰਫ ਲਾਲ ਕੱਛਾ ਪਾਈ ਇਕ ਬੰਦਾ ਬੈੱਡ 'ਤੇ ਲੇਟਿਆ ਹੁੰਦਾ ਏ। ਕਮਰੇ 'ਚ ਸਕਰਟ ਤੇ ਜੈਕਟ ਪਾਈ ਗੋਰੀ ਲੰਮੀ ਜੂਲੀ ਆਉਂਦੀ ਏ। ਉਹਦੇ ਵਾਲ ਮੋਢਿਆਂ ਤਕ ਤੇ ਭੂਰੇ ਘੁੰਗਰਾਲੇ ਨੇ। ਉਹ ਇਕ ਦੂਜੇ ਦੀ ਖੁਸ਼ਬੂ ਲੈਂਦੇ ਪਲੋਸਦੇ ਤੇ ਭਾਰੀ ਸਾਹ ਭਰਦੇ ਨੇ।

ਰਾਤ ਨੂੰ ਨਸ਼ੇ 'ਚ ਮੈਨੂੰ ਆਪਣਾ ਬੈੱਡ ਜੂਲੀ ਵਾਲੇ ਬੈੱਡ ਵਰਗਾ ਲੱਗਦਾ ਏ। ਜਦ ਮੈਂ ਆਪਣੀ ਨਜ਼ਰ ਦੀ ਐਨਕ ਲਾਹ ਕੇ ਮੇਜ਼ 'ਤੇ ਰੱਖਦਾ ਹਾਂ ਤਾਂ ਮੈਨੂੰ ਉਹ ਸੀਨ ਯਾਦ ਆਉਂਦਾ ਏ ਜਦ ਜੂਲੀ ਆਪਣੇ ਲਾਲ ਕੱਛੇ ਵਾਲੇ ਦੋਸਤ ਦੀ ਕਾਲੇ ਫਰੇਮ ਵਾਲੀ ਐਨਕ ਲਾਹ ਕੇ ਮੇਜ਼ 'ਤੇ ਰੱਖਦੀ ਏ। ਹੁਣ ਮੇਰੇ ਬੈੱਡ ਦੀ ਚਾਦਰ ਵੀ ਓਸੇ ਤਰ੍ਹਾਂ ਦੀ ਏ ਤੇ ਸਰਾਹਣੇ ਦਾ ਗਿਲਾਫ ਵੀ। ... ਨਸ਼ੇ 'ਚ ਉਹ ਮੈਨੂੰ ਸੜਕ 'ਤੇ ਆਉਂਦੀ ਤੇ ਪੌੜੀਆਂ ਚੜ੍ਹਦੀ ਵੀ ਦਿਸ ਪੈਂਦੀ ਏ।



ਮੇਰੀ ਲਾਣੇਦਾਰਨੀ ਦਾ ਸਰੀਰ ਸੁੱਕ ਗਿਆ ਏ। ਦਿਮਾਗ ਸੜ ਗਿਆ ਏ। ਵਲੈਤ ਗਏ ਆਪਣੇ ਪੁੱਤਾਂ, ਨੂੰਹਾਂ ਤੇ ਪੋਤਿਆਂ ਨੂੰ ਯਾਦ ਕਰ ਕੇ ਰੋਂਦੀ ਰਹਿੰਦੀ ਏ। ਇਹਦੇ ਸਾਰੇ ਅੰਗ ਬੱਸ ਖੜ੍ਹ ਈ ਗਏ ਨੇ। ਇਕ ਦਿਮਾਗ ਤੇ ਜੀਭ ਚੱਲਦੀ ਏ। ਘਰ ਦਾ ਨਿੱਕਾ ਮੋਟਾ ਕੰਮ ਕਰ ਲੈਂਦੀ ਏ। ਜਦ ਇਹਨੂੰ ਕੋਈ ਕੰਮ ਨਾ ਹੋਵੇ, ਹੋਰ ਕੁਝ ਕਰਨ ਨੂੰ ਸੁੱਝੇ ਈ ਨਾ, ਰੋ ਕੇ ਥੱਕ ਗਈ ਹੋਵੇ ਤਾਂ ਮੇਰੇ ਨਾਲ ਆਢਾ ਲਾ ਕੇ ਬਹਿ ਜਾਂਦੀ ਏ। ਮੈਂ ਜਰ ਲੈਂਦਾ ਹਾਂ। ਜਵਾਨੀ ਵੇਲ਼ੇ ਲੜਦੇ ਸੀ ਤਾਂ ਰਾਤ ਨੂੰ ਸੁਲਾਹ ਹੋ ਜਾਂਦੀ ਸੀ। ਹੁਣ ਤਾਂ ਰਾਤ ਨੂੰ ਵੱਧ ਲੜਦੇ ਹਾਂ। ਫੇਰ ਮੇਰੇ ਕੋਲ ਤਾਂ ਇੱਕੋ ਇਲਾਜ ਏ। ਪੀਣ ਬਹਿ ਜਾਂਦਾ ਹਾਂ। ਸੰਝ ਦਾ ਚਾਨਣਾ ਹੋਵੇ ਤਾਂ ਮੈਂ ਆਪਣੇ ਸ਼ੇਰ ਪੁੱਤ ਜੋਗੀ ਦੇ ਸੰਗਲੀ ਪਾ ਕੇ ਬਾਹਰ ਨਿੱਕਲ ਜਾਂਦਾ ਹਾਂ।

ਇਹ ਕੁੱਤਾ ਮੈਂ ਲਾਣੇਦਾਰਨੀ ਦੇ ਲੜਨ ਤੇ ਖਿਝਣ ਦੇ ਬਾਵਜੂਦ ਤੇ ਓਸ ਤੋਂ ਤੰਗ ਆ ਕੇ ਘਰੋਂ ਨਿੱਕਲ ਜਾਣ ਲਈ ਰੱਖਿਆ ਹੋਇਆ ਏ। ਜਾਂਦਾ ਹੋਇਆ ਮਨ 'ਚ ਕਹਿ ਲੈਂਦਾ ਹਾਂ, ਜੇ ਉਹਦਾ ਕੋਈ ਨਹੀਂ ਤੇ ਕਿਸੇ ਨੂੰ ਆਪਣਾ ਬਣਾ ਲਵੇ। ਮੇਰਾ ਤਾਂ ਇਹ ਜੋਗੀ ਪੁੱਤ ਹੈਗਾ ਏ। ਮੈਂ ਤਾਂ ਜੂਲੀ ਨੂੰ ਵੀ ਮਨ 'ਚ ਵਸਾਇਆ ਹੋਇਆ ਏ।....

ਜਦ ਮੈਂ ਇਹ ਜੋਗੀ ਕਿਸੇ ਸਾਧ ਦੇ ਡੇਰੇ 'ਤੋਂ ਦੋ ਕੁ ਮਹੀਨਿਆਂ ਦਾ ਲਿਆਂਦਾ ਸੀ ਤਾਂ ਇਹ ਗੂਹੜੇ ਭੂਰੇ ਰੰਗ ਦੀ ਬਿੱਲੀ ਜਿੰਨਾ ਸੀ। ਜਿਵੇਂ ਭਗਵੇਂ ਰੰਗ ਦਾ ਪਰਨਾ ਕੱਠਾ ਕੀਤਾ ਹੋਵੇ। ਹੁਣ ਬਰਫਾਂ-ਖਾਣੇ ਰਿੱਛ ਵਾਂਗ ਪਲ਼ ਗਿਆ ਏ। ਗੂੜ੍ਹੀਆਂ ਭੂਰੀਆਂ ਅੱਖਾਂ ਨਾਲ ਜਦ ਲਗਾਤਾਰ ਦੇਖਦਾ ਏ ਤਾਂ ਕਦੇ ਮੈਨੂੰ ਇਹਤੇ ਪੁੱਤਾਂ ਵਾਲਾ ਪਿਆਰ ਆਉਂਦਾ ਏ ਤੇ ਕਦੇ ਕਾਤਲ ਪੀਤੋ ਜਾਂ ਜੀਤੇ ਵਰਗਾ ਭਿਆਨਕ ਲੱਗਦਾ ਏ। ਕਦੇ ਲੱਗਦਾ ਏ ਕਿ ਕੋਈ ਸੰਤ ਭਗਵਾਂ ਵੇਸ ਧਾਰੀ ਤੇ ਬਿਰਤੀ ਲਾਈ ਖੜ੍ਹਾ ਏ।... ਇਹ ਨਿੱਕਾ ਹੁੰਦਾ ਜਦ ਪਾਲ਼ੇ ਨਾਲ ਕੰਬਦਾ ਸੀ ਤਾਂ ਮੈਂ ਗਰਮ ਕੱਪੜੇ ਲੱਭਦਾ ਜਾਂ ਨਿੱਕੀ ਜਿਹੀ ਤਲਾਈ ਤੇ ਰਜਾਈ ਬਣਾਉਂਦਾ ਰਹਿੰਦਾ ਸੀ। ਸੇਹ ਅੰਦਰੋਂ ਈ ਭੂਤਾਂ ਵਰਗੀ ਅਵਾਜ਼ 'ਚ ਬੋਲਦੀ ,"ਇਹਨੂੰ ਆਪਣੀ ਰਜਾਈ 'ਚ ਵਾੜ ਲੈ।"

ਕਦੇ - ਕਦੇ ਮੈਂ ਆਪ ਵੀ ਤੰਗ ਪੈ ਜਾਂਦਾ ਸੀ ਏਸ ਜੋਗੀ ਸ਼ਾਹ ਦੀਆਂ ਟੱਟੀਆਂ ਚੱਕਦਾ। ਇਹਨੂੰ ਸਾਰਾ ਦਿਨ ਬਾਹਰ ਅੰਦਰ ਜਾਣ ਦੀ ਟਰੇਨਿੰਗ ਦੇਂਦਾ। ਤਦ ਲਾਣੇਦਾਰਨੀ ਦਿਲ ਦੀ ਭੜਾਸ ਜਿਹੀ ਕੱਢ ਕੇ ਸੌਖੀ ਹੋ ਕੇ ਕਹਿ ਦੇਂਦੀ ਸੀ,"ਹੁਣ ਮੈਨੂੰ ਖਿਚੜੀ ਦੇ ਦੇਹ। ਤੈਨੂੰ ਬੰਦਿਆਂ ਨਾਲੋਂ ਕੁੱਤੇ ਬਿੱਲੇ ਪਿਆਰੇ ਹੋ ਗਏ ਨੇ।"

ਇਹ ਖਿਚੜੀ ਮੰਗਣ ਵਾਲੀ ਕੱਲੀ ਗੱਲ ਵੀ ਕਹਿ ਸਕਦੀ ਸੀ, ਆਹ ਨਾਲ ਤੀਰ ਛੱਡਣਾ ਕੋਈ ਜ਼ਰੂਰੀ ਸੀ ? ... ਪਹਿਲਾਂ ਕਦੇ ਇਕ ਹੋਰ ਜ਼ਹਿਰ ਬੁਝਿਆ ਤੀਰ ਚਲਾਉਂਦੀ ਹੁੰਦੀ ਸੀ, ਅਖੇ 'ਮੈਂ ਹੁਣ ਕਿਸੇ ਕੰਮ ਦੀ ਨਹੀਂ ਰਹੀ ਨਾ!'... ਇਹਦੇ ਕਈ ਅਰਥ ਹੁੰਦੇ ਸੀ। ਫੇਰ ਵੀ ਹੁਣ ਮੈਂ ਹੱਸ ਕੇ ਪੁੱਛਦਾ ਹਾਂ,"ਖਿਚੜੀ 'ਚ ਘੀ ਵੀ ਪਾ ਦਿਆਂ ? ਖਾਸਾ ਜੋਰ ਲੱਗ ਗਿਆ ਹੋਊ ਬੋਲਣ 'ਚ।"

ਅਸਲ 'ਚ ਮੈਂ ਇਹਨੂੰ ਲਾਣੇਦਾਰਨੀ ਏਸ ਲਈ ਕਹਿੰਦਾ ਹਾਂ ਕਿ ਇਹ ਮੇਰੀ ਭਾਬੀ ਸੀ। ਮੇਰਾ ਮਾਸਟਰ ਲੱਗਿਆ ਵੱਡਾ ਭਾਈ ਗੁਜ਼ਰਿਆ ਤਾਂ ਮੈਨੂੰ ਉਹਦੀ ਥਾਂ ਨੌਕਰੀ ਮਿਲੀ ਸੀ ਤੇ ਨਾਲੇ ਭਾਬੀ ਤੇ ਦੋ ਨਿਆਣੇ-ਪੁੱਤ ਮਲਕੀਤ ਤੇ ਧੀ ਮਲਕੀਤੋ। ਮੈਂ ਸੰਗਦਾ ਇਹਨੂੰ ਨਾ ਭਾਬੀ ਕਹਿਣ ਜੋਗਾ ਸੀ ਤੇ ਨਾ ਈ ਰੋਹਬ ਪਾਉਣ ਜੋਗਾ। ਨਰਮ ਸੁਭਾਅ ਕਰ ਕੇ ਦਬਦਾ ਰਹਿੰਦਾ ਤੇ ਹੌਲੀ ਦੇਣੀ 'ਮਲਕੀਤ ਦੀ ਬੇਬੇ' ਕਹਿ ਲੈਂਦਾ ਸੀ। ਜ਼ਮੀਨ, ਘਰ, ਨਿਆਣੇ ਸਭ ਇਹਦੇ ਸਨ। ਮੈਂ ਵੀ। ਤਦੇ ਇਹ ਇਹ ਪਿੰਡ 'ਚ ਗੋਂਦਨੀ ਵਾਲੇ ਘਰ ਵਾਲੀ ਲਾਣੇਦਾਰਨੀ ਮਸ਼ਹੂਰ ਹੋ ਗਈ ਸੀ। ਤਦੇ ਇਹਨੂੰ ਹੁਣ ਪਿੰਡ ਤੇ ਗੋਂਦਨੀ ਵਾਲਾ ਘਰ ਨਹੀਂ ਭੁੱਲਦਾ।

ਪਿੰਡੋਂ ਏਥੇ ਆ ਕੇ ਅਸੀਂ ਜਿੰਨੇ ਬਦਲੇ ਹਾਂ, ਇਹਦੀ ਸਮਝ ਮੈਨੂੰ ਹੁਣ ਆਈ ਏ।... ਕਦੇ ਪਿੰਡ ਦੇ ਡੇਰੇ 'ਚ ਨਾਥ ਜੀ ਨੇ ਜਿਹੜੀ ਕਥਾ ਸੁਣਾਈ ਸੀ, ਉਹਦੀ ਮੈਨੂੰ ਹੁਣ ਠੀਕ ਸਮਝ ਹੁਣ ਲੱਗੀ ਏ।... ਅਖੇ ਕਿਸੇ ਨਦੀ ਦੇ ਪੱਤਣ 'ਤੇ ਇਕ ਸੰਤ ਦੀ ਕੁਟੀਆ ਸੀ। ਕੋਈ ਬ੍ਰਹਮਚਾਰੀ ਨਿੱਤ ਨੇਮ

ਨਾਲ ਪੱਤਣ 'ਤੇ ਅਸ਼ਨਾਨ ਕਰਨ ਆਉਂਦਾ ਸੀ। ਚੁਮਾਸਾ ਆਇਆ ਤਾਂ ਬ੍ਰਹਮਚਾਰੀ ਨਾਗੇ ਪਾਉਣ ਲੱਗ ਪਿਆ। ਇਕ ਦਿਨ ਸੰਤ ਨੂੰ ਕਹਿੰਦਾ, ਅਖੇ ਰੋਜ ਇਹੀ ਨਦੀ ਹੁੰਦੀ ਐ। ਇਹੀ ਪਾਣੀ। ਇਹੀ ਸਮਾਂ। ਆਪਾਂ ਇਵੇਂ ਮਿਲਦੇ ਹਾਂ, ਏਸੇ ਪੱਤਣ 'ਤੇ।... ਸੰਤ ਕਹਿੰਦਾ ਅਖੇ 'ਨਾ ਭਾਈ! ਨਵੇਂ ਦਿਨ ਚੜ੍ਹੇ ਆਪਾਂ ਸਾਰੇ ਪਹਿਲਾਂ ਵਰਗੇ ਨਹੀਂ ਹੁੰਦੇ। ਨਾ ਇਹ ਨਦੀ, ਉਹ ਨਦੀ ਹੁੰਦੀ ਐ। ਨਾ ਇਹ ਪਾਣੀ ਉਹ ਪਾਣੀ। ਤੇ ਨਾ ਈ ਆਪਾਂ ਦੋਵੇਂ ਉਹੀ ਪਹਿਲਾਂ ਵਾਲੇ ਹੁੰਦੇ ਹਾਂ।'

ਸੰਤ ਦੀ ਗੱਲ ਬ੍ਰਹਮਚਾਰੀ ਦੀ ਸਮਝ 'ਚ ਨਹੀਂ ਸੀ ਆਈ। ਨਾ ਮੇਰੀ ਸਮਝ 'ਚ ਆਈ ਸੀ, ਜਦ ਮੈਂ ਸੁਣੀ ਸੀ।.... ਹੁਣ ਪਤਾ ਲੱਗਿਆ ਏ ਕਿ ਅਸੀਂ ਸਾਰੇ ਕਿੰਨੇ ਬਦਲ ਜਾਂਦੇ ਹਾਂ। ਨਾ ਪਹਿਲਾਂ ਵਰਗਾ ਮੈਂ ਰਿਹਾ ਹਾਂ, ਪਿੰਡ ਵਾਲਾ ਮਾਸਟਰ। ਨਾ ਮੇਰੀ ਘਰਵਾਲੀ ਉਹ ਰਹੀ ਏ। ਨਾ ਉਹ ਸਮਾਂ ਰਿਹਾ ਏ। ਮੈਂ ਛੱਡੀ ਛਡਾਈ ਦਾਰੂ ਫੇਰ ਪੀਣ ਲੱਗ ਪਿਆ ਹਾਂ। ਸ਼ਾਮ ਢਲਦੇ ਸਾਰ ਤਲਬ ਜਿਹੀ ਲੱਗਣ ਲੱਗ ਪੈਂਦੀ ਐ। ਮੈਨੂੰ ਹਰੇਕ ਕੰਮ ਦੇ ਚੰਗੇ ਮਾੜੇ ਹੋਣ ਤੇ ਪਾਪ ਪੁੰਨ 'ਤੇ ਸ਼ੱਕ ਹੁੰਦਾ ਰਹਿੰਦਾ ਏ। ਮੈਂ ਪੰਡਤ ਜੀ ਨੂੰ ਫੋਨ ਕਰ ਦੇਂਦਾ ਹਾਂ। ਉਹ ਆਪਣੀ ਕਾਲੀ ਕਾਰ 'ਚ ਆ ਜਾਂਦੇ ਨੇ, ਬੋਤਲ ਲੈ ਕੇ। ਮੈਂ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਸਲਾਦ, ਚਟਣੀ ਤੇ ਖਾਣ ਲਈ ਕੁਝ ਤਿਆਰ ਕਰ ਕੇ ਬਹਿ ਜਾਂਦਾ ਹਾਂ।

ਅੱਜ ਵਾਰੀ ਪੰਡਤ ਜੀ ਦੀ ਏ। ਉਹਨਾਂ ਦਾ ਫੋਨ ਆ ਗਿਆ ਏ। ਉਹਨਾਂ ਨੇ ਅਧੀਆ ਤੇ ਪਨੀਰ ਲੈ ਕੇ ਆਉਣਾ ਏ। ਚਿਕਨ-ਬਿਰਯਾਨੀ ਮੈਂ ਬਣਾ ਕੇ ਰੱਖਣੀ ਏ। ਮੇਰਾ ਕੰਮ ਅੱਧੇ ਘੰਟੇ 'ਚ ਤਿਆਰ ਹੋ ਜਾਣਾ ਏ। ਬਿਰਯਾਨੀ ਭਾਫ 'ਚ ਗਲ਼ ਰਹੀ ਏ। ਸਲਾਦ ਤਿਆਰ ਹੋ ਗਿਆ ਏ। ਹੁਣ ਮੈਂ ਗਲਾਸ ਚਮਕਾ ਕੇ ਮੇਜ਼ 'ਤੇ ਸਜਾ ਰਿਹਾ ਹਾਂ।

ਇਹ ਵਾਰੀ ਵੂਰੀ ਵਾਲੀ ਗੱਲ ਦੀ ਐਵੇਂ ਅਸੀਂ ਖੇਡ ਜਿਹੀ ਬਣਾਈ ਹੋਈ ਏ। ਸਾਡੇ ਫਲੈਟਾਂ 'ਚ ਇਕ ਲੇਨ ਦਾ ਫਰਕ ਏ। ਅਸੀਂ ਦੋਵੇਂ ਇਕ ਤਰ੍ਹਾਂ ਦੇ 'ਛੜੇ' ਈ ਹਾਂ। ਪੰਡਤ ਜੀ ਦੀ ਪੰਡਤਾਣੀ ਜਵਾਨੀ 'ਚ ਗੁਜ਼ਰ ਗਈ ਸੀ। ਫੇਰ ਇਹਨਾਂ ਨੂੰ ਦੂਜੀ 'ਅੱਗ ਦੀ ਨਾਲ਼' ਲਿਆਉਣ ਦਾ ਹੌਸਲਾ ਹੀ ਨਹੀਂ ਪਿਆ।

ਜੇ ਪੰਡਤ ਜੀ ਨਾ ਈ ਮਿਲਣ, ਇਹਨਾਂ ਦਾ ਦਾਓ ਕਿਸੇ ਹੋਰ ਥਾਂ ਲੱਗ ਗਿਆ ਹੋਵੇ ਜਾਂ ਇਹਨਾਂ ਦੇ ਘਰ ਹਿਮਾਚਲ ਤੋਂ ਸੂਦਨੀ ਮਾਸਟਰਨੀ ਆ ਗਈ ਹੋਵੇ ਤਾਂ ਉਹ ਕੀਹਦੇ ਲੈਣ ਦੇ ਹੁੰਦੇ ਨੇ ?... ਫੇਰ ਮੈਂ ਆਪਣੇ ਨਾਲ ਆਪਣੇ ਕਾਲਜ ਦੇ ਜਮਾਤੀ ਯਾਰ ਭਾਗ ਸਿੰਘ ਨੂੰ ਆਪਣੇ ਫਲੈਟ 'ਚ ਬੁਲਾ ਲੈਂਦਾ ਹਾਂ।.... ਉਹ ਘਰੋਂ ਰੁੱਸ ਕੇ ਫੌਜ 'ਚ ਭਰਤੀ ਹੋ ਗਿਆ ਸੀ। ਫੇਰ ਜੰਗ 'ਚ ਲਾਪਤਾ ਹੋਣ 'ਤੇ ਘਰਦਿਆਂ ਨੇ ਪਾਠ ਰਖਾ ਕੇ ਭੋਗ ਪਾ ਦਿੱਤਾ ਸੀ। ਪਰ ਕੋਈ ਉਹਦੀ ਗਤੀ ਲਈ ਗੰਗਾ ਜਾਂ ਪਹੋਏ ਨਹੀਂ ਸੀ ਗਿਆ। ਜਿਸ ਦਾ ਉਹਦੀ ਮਾਂ ਤੇ ਮੈਨੂੰ ਵਹਿਮ ਈ ਰਿਹਾ। .... ਭਾਗ ਸਿੰਘ ਛੁੱਟੀ ਆਇਆ ਮੈਨੂੰ ਕਹਿੰਦਾ ਹੁੰਦਾ ਸੀ, ਆਪਾਂ ਰੀਟਾਇਰ ਹੋ ਕੇ ਕੱਠੇ ਦਾਰੂ ਪੀਆ ਕਰਾਂਗੇ। ਏਸ ਚੁਬਾਰੇ 'ਚ ਬਹਿ ਕੇ ਗੱਲਾਂ ਦੱਸੂੰ ਗਾ ਮੈਂ ਤੈਨੂੰ ਫੌਜੀਆਂ ਦੀਆਂ ਕਰਤੂਤਾਂ ਦੀਆਂ।... ਹੁਣ ਮੈਂ ਆਪਣਾ ਨੇਮ ਨਿਭਾਈ ਜਾਂਦਾ ਹਾਂ।

ਮੇਜ਼ 'ਤੇ ਪਹਿਲਾਂ ਬੋਤਲ ਰੱਖਦਾ ਹਾਂ। ਫੇਰ ਦੋ ਜਾਂ ਤਿੰਨ ਗਲਾਸ ਚਮਕਾ ਕੇ ਟਿਕਾਉਂਦਾ ਹਾਂ। ਖਾਣ ਵਾਲੀ ਚੀਜ਼ ਦੀ ਪਲੇਟ 'ਚ ਦੋ ਚਮਚੇ ਰੱਖਦਾ ਹਾਂ। ਫੇਰ ਦੋਹਾਂ ਗਲਾਸਾਂ 'ਚ ਪੈੱਗ ਪਾ ਕੇ ਨੂੰ ਹਾਕ ਮਾਰਦਾ ਹਾਂ, "ਭਾਗ ਸਿਆਂਹ! ਓਏ ਆ ਵੀ ਜਾਹ। ਕਦੇ ਦੀ ਸ਼ਰਬਤੀ ਬੈਅ ਭਰਦੀ ਪਈ ਐ।".... ਇਹ 'ਬੈਅ ਭਰਨ' ਵਾਲੀ ਗੱਲ ਉਹੀ ਕਿਹਾ ਕਰਦਾ ਹੁੰਦਾ ਸੀ। ਫੇਰ ਜਦ ਉਹ ਦੋ ਕੁ ਚੱਕ ਕੇ ਮੈਨੂੰ ਜੱਫੀ 'ਚ ਲੈ ਕੇ ਘੁੱਟਦਾ ਤਾਂ ਮੇਰੀ ਚੀਕ ਨਿੱਕਲ ਜਾਂਦੀ। ਉਹ ਹੱਸਦਾ ਕਹਿੰਦਾ,"ਮੈਂ ਤਾਂ ਐਕਣੇ ਕਰਦਾ ਹੁੰਦੈਂ।"... ਹੁਣ ਕਦੇ ਮੇਰੇ ਮੂੰਹੋਂ ਵੀ ਨਿੱਕਲ ਜਾਂਦਾ ਏ, ਮੈਂ ਤਾਂ ਐਕਣੇ ਕਰਦਾ ਹੁੰਦੈਂ।

"ਅਹੇ ਜਹੇ ਚਲਿੱਤਰ ਲਾਓਣੇ ਬਥੇਰੇ ਆਉਂਦੇ ਨੇ ਥੋਨੂੰ।" ਭਾਗ ਸਿੰਘ ਦਾ ਨਾਉਂ ਜਾਂ ਮੇਰਾ ਸ਼ਬਦ 'ਐਕਣੇ' ਸੁਣ ਕੇ ਅੰਦਰਲੇ ਨ੍ਹੇਰੇ ਕਮਰੇ 'ਚੋਂ ਆਉਂਦੀ ਇਹ ਅਵਾਜ਼ ਸੇਹ ਦੀ ਏ। ਮੈਂ ਜਿਹੜੇ



ਲੱਛਣ ਕਰਦਾ ਹਾਂ, ਮੈਨੂੰ ਪਤਾ ਹੁੰਦਾ ਏ ਕਿ ਉਹ ਸ਼ੁਦਾਅਪੁਣਾ ਈ ਹੁੰਦਾ ਏ। ਪਰ ਮੈਨੂੰ ਕੋਈ ਵਿੰਗਾ ਟੇਢਾ ਸੁੱਖ ਸੁਆਦ ਜਿਹਾ ਆਉਂਦਾ ਏ। ਉਹਨੂੰ ਵੀ ਵਿਚ ਬੁੜਬੁੜ ਕਰਨਾ ਚੰਗਾ ਲੱਗਦਾ ਏ। ਸੁੰਨੇ ਘਰ 'ਚ ਬੰਦਿਆਂ ਦੇ ਜਿਊਂਦੇ ਹੋਣ ਦਾ ਸਬੂਤ ਮਿਲਦਾ ਏ।

ਪੰਡਤ ਜੀ ਦੇ ਨਾ ਆਉਣ 'ਤੇ ਮੈਨੂੰ ਇਹ ਨਾਟਕ ਜਿਹਾ ਕਰਨਾ ਪੈਂਦਾ ਏ। ਪਰ ਜਦ ਮੈਂ ਇਹ ਨਾਟਕ ਕਰਦਾ ਹੋਇਆ ਭਾਗ ਸਿੰਘ ਨੂੰ ਹਾਕ ਮਾਰਦਾ ਹਾਂ ਤਾਂ ਮੈਨੂੰ ਏਸ ਤਰ੍ਹਾਂ ਦਾ ਭੁਲੇਖਾ ਵੀ ਪੈਂਦਾ ਏ, ਜਿਵੇਂ ਉਹ ਸੱਚੀ ਮੁੱਚੀ ਮੇਰੇ ਸਾਹਮਣੇ ਵਾਲੀ ਕੁਰਸੀ 'ਤੇ ਆਣ ਬੈਠਾ ਹੋਵੇ। ਉਹ ਮੇਰੇ ਨਾਲ ਪੀ ਰਿਹਾ ਹੋਵੇ। ਅਸੀਂ ਦੋਵੇਂ ਇੱਕੋ ਚਮਚੇ ਨਾਲ ਖਾ ਰਹੇ ਹੋਈਏ।.... ਇਹ ਅਵਸਥਾ ਦੂਜੇ ਪੈੱਗ ਤੋਂ ਸ਼ੁਰੂ ਹੁੰਦੀ ਏ। ਜਦ ਮੈਂ 'ਦੋ ਦੂਣੀ ਚਾਰ' ਪੀ ਬਹਿੰਦਾ ਹਾਂ ਤਾਂ ਅੰਤ ਏ ਨਹੀਂ ਰਹਿੰਦਾ ਕਾਸੇ ਦਾ। ਨਵਾਂ ਈ ਸੰਸਾਰ ਮੇਰੇ ਆਲ਼ੇ ਦੁਆਲੇ ਸਿਰਜਿਆ ਜਾਂਦਾ ਏ। ਫੇਰ ਬੰਦੇ-ਮਾਰਨੀ ਪੀਤੋ ਦਿਸਦੀ ਏ 'ਚੁਬਾਰੇ ਵਾਲੀਆਂ' 'ਕਾਮ-ਕਲੋਲਾਂ' ਤੇ ਫਫੜੇ ਕਰਦੀ। ਉਹਦਾ ਸੋਹਣਾ ਯਾਰ ਜੀਤਾ ਡਰਾਈਵਰ ਦਿਸਦਾ ਏ, ਪੀਤੋ ਨਾਲ ਰਲ਼ ਕੇ ਉਹਦੇ ਮਾਪਿਆਂ ਦਾ ਕਤਲ ਕਰਦਾ। ਉਹਦੇ ਮਾਪੇ ਦਿਸਦੇ ਨੇ, ਸਿਰ ਵੱਢੇ ਹੋਏ ਲੋਥੜੇ, ਮੰਜੇ 'ਤੇ ਪਏ ਹੋਏ। ਸ਼ਮਸ਼ਾਨ ਘਾਟ 'ਚ ਜਲਦੇ। ਪਿੰਡ ਦੇ ਮਰੇ ਸਾਰੇ ਬੁੜ੍ਹੇ ਬੁੜ੍ਹੀਆਂ। ਕੁੱਤੇ, ਜਾਣੇ ਪਛਾਣੇ। ਡੰਗਰ, ਸਾਨ੍ਹ ਤੇ ਝੋਟਾ.... ਹੋਰ ਪਤਾ ਨਹੀਂ ਕੀ-ਕੀ ਕੁਝ ਮੈਨੂੰ ਦਿਸਣ ਲੱਗ ਪੈਂਦਾ ਏ। ਉਹ ਜੀਅ ਮੇਰੇ ਨਾਲ ਗੱਲਾਂ ਵੀ ਕਰਦੇ ਨੇ। ਮੈਨੂੰ ਉਹਨਾਂ ਦੀਆਂ ਗੱਲਾਂ ਤੋਂ ਸੁੱਖ ਦੁੱਖ ਦਾ ਵੀ ਅਹਿਸਾਸ ਹੁੰਦਾ ਏ।

ਭਾਗ ਸਿੰਘ ਸਭ ਤੋਂ ਪਹਿਲਾਂ ਮੈਨੂੰ ਪਿੰਡ ਦੀਆਂ ਮੜ੍ਹੀਆਂ ਦੀ ਪਹੀ 'ਤੇ ਮਿਲਿਆ ਸੀ। ਮੂੰਹ-ਨ੍ਹੇਰੇ ਪਹੀ 'ਤੇ ਮੇਰੇ ਜਾਂਦੇ ਦੇ ਪਿੱਛੇ ਪੈੜ-ਚਾਪ ਕਰਦਾ ਤੁਰ ਪਿਆ ਸੀ। ਮੈਂ ਤੁਰਾਂ ਤਾਂ ਪੈੜ ਤੁਰੇ, ਰੁਕਾਂ ਤਾਂ ਰੁਕ ਜਾਵੇ। ਮੈਂ ਡਰ ਗਿਆ। ਫੇਰ ਗੁਰਦਵਾਰੇ ਦੀਆਂ ਬੱਤੀਆਂ ਦੇ ਚਾਨਣ 'ਚ ਉਹ ਮੇਰੇ ਸਾਹਮਣੇ ਖੜ੍ਹਾ ਹੱਸ ਪਿਆ ਸੀ।...ਫੇਰ ਅਕਸਰ ਉਹ ਇਵੇਂ ਕਰਦਾ। ਮੇਰਾ ਡਰ ਹਟ ਗਿਆ ਸੀ। ... ਉਹ ਹੁਣ ਏਥੇ ਵੀ ਆ ਗਿਆ ਏ। ਪੁੱਛ ਲੈਂਦਾ ਏ, ਪਲਾਓਣੀ ਨੀ ?..ਮੈਂ ਤਾਂ ਉਹਦੇ ਮੋਹ ਦਾ ਮਾਰਿਆ ਜਾਂ ਡਰਦਾ ਉਹਨੂੰ ਨਾਲ ਪਲਾਉਂਦਾ ਹਾਂ।

ਉਹਨੂੰ ਯਾਦ ਕਰਦਾ ਘਬਰਾ ਕੇ ਮੈਂ ਪੰਡਤ ਜੀ ਨੂੰ ਬੁਲਾ ਲੈਂਦਾ ਹਾਂ।... ਅਸੀਂ ਦੋਵੇਂ ਬੁੱਢੇ, ਕੱਲੇ -ਕੱਲੇ ਪੀਈਏ ਤਾਂ ਬੀਮਾਰ ਹੋ ਕੇ ਮਰ ਜਾਈਏ। ਅਸੀਂ ਬਸ ਪੀਣ ਖਾਣ ਦਾ ਨਾਟਕ ਜਿਹਾ ਕਰਦੇ ਹਾਂ। .... ਮੈਂ ਉਹਨਾਂ ਨੂੰ ਪੰਡਤ ਜੀ ਕਹਿੰਦਾ ਹਾਂ। ਉਹ ਮੈਥੋਂ ਦੋ ਸਾਲ ਵੱਡੇ ਨੇ। ਉਂਝ ਵੀ ਉਹ ਯੂਨੀਵਰਸਿਟੀ 'ਚੋਂ ਅੰਗ੍ਰੇਜ਼ੀ ਪੜ੍ਹਾਉਂਦੇ ਰਿਟਾਇਰ ਹੋਏ ਨੇ ਤੇ ਮੈਂ ਡਿਗਰੀ ਕਾਲਜ ਤੋਂ ਪੰਜਾਬੀ ਪੜ੍ਹਾਉਂਦਾ ਰਿਹਾ। ਉਹ ਪੁੰਜ ਗੋਤ ਦੇ ਕੁਲੀਨ ਬ੍ਰਾਹਮਣ ਨੇ ਤੇ ਮੈਂ ਢਿੱਲੋਂ ਜੱਟ ਬੂਟ। ... ਪਰ ਜਦ ਸਾਰੇ ਫਰਕ ਮਿਟ ਜਾਂਦੇ ਨੇ ਤੇ ਉਹ ਕੋਈ ਵਧੀਆ ਜਿਹੀ ਚਕਚੂੰਧਰ ਛੱਡ ਦੇਂਦੇ ਨੇ ਤਾਂ ਮੈਂ ਕਹਿ ਦੇਂਦਾ ਹਾਂ, 'ਜੀ ਕਰਦੈ ਪੰਡਤਾ, ਤੇਰੇ ਖੁਰੜੇ ਧੋ-ਧੋ ਖਾਵਾਂ...ਨਹੀਂ ਸੱਚ, ਪੀਵਾਂ।'

ਲੌ, ਉਹ ਆ ਗਏ ਨੇ। ਜਦ ਕੋਈ ਬੰਦਾ ਘਰ 'ਚ ਬੈੱਲ ਵਜਾਏ ਬਿਨਾ ਆ ਵੜਦਾ ਏ ਤਾਂ ਉਹੀ ਹੁੰਦੇ ਨੇ। ਅੱਜ ਉਹ ਪਨੀਰ ਨਹੀਂ, ਮੱਛੀ ਲਿਆਏ ਨੇ। ਪਲੇਟ 'ਚ ਪੁਦੀਨੇ ਦੀ ਚਟਣੀ ਪਾਈ ਏ। ਮੱਛੀ ਦੇ ਟੁਕੜੇ ਕਰਨ ਲੱਗ ਪਏ ਨੇ।

"ਸੂਦਨੀ ਨਹੀਂ ਆਈ ਹੁਣ ਤਾਂ ਬੜੇ ਚਿਰ ਤੋਂ!" ਮੈਂ ਗਲਾਸ ਉਹਦੇ ਅੱਗੇ ਨੂੰ ਕਰਦਿਆਂ ਕਹਿੰਦਾ ਹਾਂ।

"ਹਾਂ, ਔਖਾ ਹੋ ਗਿਐ ਉਹਦਾ ਆਉਣਾ ਹੁਣ।... ਕੁਝ ਉਮਰ ਦਾ ਤਕਾਜ਼ਾ ਏ, ਕੁਝ ਆਪਣੀ ਮਾਂ ਦਾ ਸੋਗ ਨਹੀਂ ਮਨਾਉਣੋਂ ਹਟਦੀ ਸੌਹਰੀ।" ਪੰਡਤ ਜੀ ਨੇ ਹੌਕਾ ਜਿਹਾ ਭਰਦਿਆਂ ਆਖਿਆ ਏ। ਫੇਰ ਅੱਖਾਂ 'ਚ ਚਮਕ ਲਿਆ ਕੇ ਕਹਿੰਦੇ ਨੇ,"ਉਹ ਉਥੇ ਈ ਬੈਠੀ ਮੇਰੀ ਖੈਰ ਮਨਾਉਂਦੀ ਰਹਿੰਦੀ ਐ।"

"ਕਰੂਏ ਦਾ ਵਰਤ ਵੀ ਰੱਖਦੀ ਹੋਊਗੀ ਉਹ ਤਾਂ!" ਮੈਂ ਟਿੱਚਰ ਕਰਦਾ ਹਾਂ।... ਮੇਰੇ ਮਨ

'ਚ ਆਇਆ ਏ ਕਿ ਬੰਦਾ ਕਿੰਨੇ ਭਰਮ ਪਾਲੀ ਫਿਰਦਾ ਰਹਿੰਦਾ ਏ। ਓਥੇ ਖਵਰੇ ਉਹ ਕੀਹਦੇ-ਕੀਹਦੇ ਨਾਲ ਖੇਹ ਖਾਂਦੀ ਫਿਰਦੀ ਹੋਵੇਗੀ।

ਮੈਂ ਇਹ ਗੱਲ ਆਪਣੇ ਅਨੁਭਵ ਨਾਲ ਈ ਕਹਿ ਦਿੱਤੀ ਏ। ਉਂਜ ਮੈਂ ਉਹਨੂੰ ਪੰਡਤ ਜੀ ਦੇ ਘਰ ਕਈ ਵਾਰ ਮਿਲਿਆ ਹਾਂ। ਚੰਗੀ ਤੀਵੀਂ ਏ। ਜਿੱਦਣ ਉਹ ਆਉਂਦੀ ਏ, ਅਸੀਂ ਘਰ 'ਚ ਈ ਬਹਿ ਕੇ ਪਕੌੜਿਆਂ ਨਾਲ ਚਾਹ ਪੀਂਦੇ ਹਾਂ। ਪਕੌੜੇ ਕੜਾਹੀ 'ਚ ਸੁਦਨੀ ਪਾਉਂਦੀ ਏ, ਪੰਡਤ ਪਕਾਉਂਦਾ ਤੇ ਕੱਢਦਾ ਏ ਤੇ ਮੈਂ ਚਟਣੀ ਕੁੱਟਦਾ ਸੀ। ਮੈਂ ਪਕੌੜਿਆਂ ਦੀ ਪਲੇਟ ਨਾਲ ਲਾਣੇਦਾਰਨੀ ਦੀ ਆਰਤੀ ਵੀ ਉਤਾਰਦਾ ਸੀ। ਉਹ ਖਿੜਦੀ ਵੀ ਸੀ ਤੇ ਹੱਸਦੀ ਵੀ।

ਰਾਤ ਨੂੰ ਜਦ ਅਸੀਂ ਪੀਂਦੇ ਹਾਂ ਜਾਂ ਭਾਗ ਵਰਗੀਆਂ ਲੁਕਵੀਆਂ ਗੱਲਾਂ ਕਰਦੇ ਹੁੰਦੇ ਹਾਂ ਤਾਂ ਅੰਦਰ ਪਈ ਬਰੜਾਉਂਦੀ ਸੇਹ ਦੀ ਅਵਾਜ਼ ਸੁਣ ਕੇ ਪੰਡਤ ਜੀ ਹੱਸਦੇ ਨੇ। ਉਹ ਕਹਿੰਦੀ ਏ,"...ਦੇਸ ਨਿਕਾਲ਼ਾ ਦੇ 'ਤਾ ਕੰਜਰਾਂ ਨੇ... ਰਾਣੀ ਕੌਲਾਂ ਨੂੰ।.... ਰਾਜਾ ਮੋਰ ਧਜ ਨੂੰ ਉਹਦੇ ਪੁੱਤ ਤੇ ਘਰ ਆਲ਼ੀ ਕੋਲੋਂ ਆਰੇ ਨਾਲ ਚਰਾ 'ਤਾ....ਫ਼ੇਰ ਕੀ-ਕੀ ਲੱਛਣ.....।"

ਪੰਡਤ ਜੀ ਪੁੱਛਦੇ, "ਇਹ ਰਾਣੀ ਕੌਲਾਂ ਦੀ ਕਥਾ ਕੀ ਹੋਈ ?"... ਮੈਂ ਕਿਹਾ, "ਇਹ ਇਕ ਕੌਲਾਂ ਬੋਲਦੀ ਐ ਕਿਤੇ ! ਕਦੇ ਕੋਕਲਾ ਤੇ ਕਦੇ ਕੇਤਕੀ.... ਖਬਰੇ ਕੀਹਨੂੰ ਕਹੀ ਜਾਂਦੀ ਐ। ਖ਼ਬਰ ਨੀ ਆਪਣੇ ਆਪ ਨੂੰ ਈ...।"

ਇਕ ਦਿਨ ਮੈਂ ਤੇ ਪੰਡਤ ਜੀ ਚੌਥੇ ਪੈੱਗ 'ਤੇ ਈ ਪਲਟੀ ਮਾਰ ਗਏ। ਦਾਰੂ ਤਾਂ ਏਨੀ ਨਹੀਂ ਸੀ ਪੀਤੀ, ਪਰ ਪੀਤੀ ਵਲੈਤੋਂ ਬਲਦੇਵ ਦੀ ਭੇਜੀ ਹੋਈ ਸੀ। ਓਪਰੀ ਸ਼ਰਾਬ ਤੇ ਤੀਵੀਂ ਦਾ ਕੀ ਵਸਾਹ ਬਈ ਕਦ ਉੱਪਰਲੀ ਹੇਠ ਤੇ ਹੇਠਲੀ ਉੱਪਰ ਕਰ ਦੇਵੇ ! ਕੁਝ ਚਿਰ ਅਸੀਂ ਫਲੈਟ ਘੁੰਮਦਾ ਮਹਿਸੂਸ ਕਰਦੇ ਰਹੇ। ਡਰਦੇ ਤੇ ਹੱਸਦੇ ਰਹੇ। ਪੰਡਤ ਜੀ ਮੇਰੀ ਗੱਲ ਤੇ ਤਾਂ 'ਹਾਂ ਜੀ, ਹਾਂ ਜੀ ' ਕਹਿੰਦੇ ਈ ਸੀ, ਫੇਰ ਬਿਨਾ ਗੱਲ ਦੇ ਵੀ ਕਹੀ ਜਾਣ ਲੱਗ ਪਏ। ਮੇਰੇ ਦੇਖਦਿਆਂ-ਦੇਖਦਿਆਂ ਮੈਨੂੰ ਲੱਗਿਆ ਜਿਵੇਂ ਭਾਗ ਸਿੰਘ ਆਪਣਾ ਗਲਾਸ ਚੱਕ ਕੇ ਪੌੜੀਆਂ ਉੱਤਰ ਗਿਆ ਹੋਵੇ। ... ਮੈਂ ਵੀ ਨਾਲੇ ਉੱਤਰ ਗਿਆ। ਉਹਦੇ ਮਗਰੇ- ਮਗਰ ਤੁਰੀ ਗਿਆ, ਫੇਰ ਸੜਕੇ ਸੜਕ। ਰਾਤ ਦਾ ਸਮਾਂ। ਸੜਕਾਂ ਸੁੰਨੀਆਂ। ਫੇਰ ਉਹ ਰਿਕਸ਼ੇ 'ਚ ਬਹਿ ਕੇ ਉੱਡ ਲਿਆ। ਜਦ ਮੋੜ ਆਵੇ, ਮੈਂ ਉਹਦੇ ਨਾਲ ਹੋਵਾਂ। ਉਹ ਫੇਰ ਚੱਲ ਪਏ ਮੜ੍ਹੀਆਂ ਨੂੰ ? ਥੋੜ੍ਹੀ ਦੂਰ ਜਾ ਕੇ ਭਾਗ ਰਿਕਸ਼ਾ ਵਾਲੇ ਨਾਲ ਲੜੇ। ਕਹੇ, 'ਉਹ ਮੈਂ ਪਿੰਡ ਆਲ਼ੀਆਂ ਮੜ੍ਹੀਆਂ 'ਚ ਜਾਣੈ। ਤੂੰ ਕਿੱਧਰ ਲਈ ਜਾਂਦਾ ਐਂ ?'.... ਫੇਰ ਉਹ ਉੱਤਰ ਕੇ ਇਕ ਪਾਸੇ ਨੂੰ ਭੱਜ ਪਿਆ। ਮੈਨੂੰ ਹਾਕਾਂ ਮਾਰੇ। ਮੈਂ ਕਿਹਾ, ਜਾਹ , ਮੈਂ ਮੜ੍ਹੀਆਂ 'ਚ ਤਾਂ ਜਾਣੈ, ਪਰ ਪਿੰਡ ਵਾਲੀਆਂ 'ਚ ਨਹੀਂ ਜਾਣਾ।'

ਮੈਨੂੰ ਜਦੋ ਪਤਾ ਲੱਗਿਆ ਜਦ ਪੰਡਤ ਜੀ ਮੈਨੂੰ ਪੌੜੀਆਂ ਦੇ ਹੇਠਲੇ ਸਟੈਪ ਤੋਂ ਉਠਾ ਕੇ ਉਪਰ ਨੂੰ ਖਿੱਚਣ ਲੱਗੇ। ਜੋਗੀ ਵੀ ਟੱਪਦਾ ਈ ਕਿਲ੍ਹੇ। ਲਾਣੇਦਾਰਨੀ ਦੀ ਗਠੜੀ ਦਰਾਂ ਦੇ ਬਾਹਰ ਖੜ੍ਹੀ ਸੀ ਜਾਂ ਬੈਠੀ ਸੀ। ਅਸੀਂ ਅੰਦਰ ਚਾਨਣੇ 'ਚ ਗਏ ਤਾਂ ਸੁਰਤ ਆਈ। ਕੁਝ ਖਾ ਕੇ ਪੰਡਤ ਜੀ ਤੁਰ ਗਏ। ਫੇਰ ਉਹਨਾਂ ਦੇ ਪੌੜੀਆਂ ਉੱਤਰਨ ਦੀ ਅਵਾਜ਼ ਆਉਂਦੀ ਰਹੀ। ਜਿੰਨਾ ਚਿਰ ਮੈਂ ਜਾਗਦਾ ਰਿਹਾ। ਲਾਣੇਦਾਰਨੀ ਮੈਨੂੰ ਕੋਸਦੀ ਤੇ ਆਪਣੇ ਮੁੰਡਿਆਂ ਤੇ ਗੋਂਦਨੀ ਵਾਲੇ ਘਰ ਨੂੰ ਯਾਦ ਕਰਦੀ ਰੋਂਦੀ ਰਹੀ।

ਇਕ ਸ਼ਾਮ ਅਸੀਂ ਪੀ ਕੇ ਮਸਤੀ 'ਚ ਆ ਗਏ। ਲਾਣੇਦਾਰਨੀ ਨੂੰ ਕਾਰ 'ਚ ਲੈ ਕੇ ਮੜ੍ਹੀਆਂ ਦਿਖਾਉਣ ਚਲੇ ਗਏ। ਮੈਂ ਤਾਂ ਬਹੁਤ ਜਣਿਆਂ ਦੀ ਮਜਲ ਆ ਚੁੱਕਾ ਸੀ। ਮੈਂ ਉਹਨੂੰ ਗੇਟ 'ਤੇ ਲਾਹ ਕੇ ਵੀਲ੍ਹ ਚੇਅਰ 'ਤੇ ਬਿਠਾ ਕੇ ਪੁੱਛਿਆ ਕਿ ਲੱਕੜੀਆਂ ਵਾਲੀਆਂ ਦੇਖਣੀਆਂ ਨੇ ਜਾਂ ਬਿਜਲੀ ਦੀ ਭੱਠੀ ਵਾਲੀਆਂ। ਉਹ ਤਾਂ ਰੋਂਦੇ ਲੋਕਾਂ ਨੂੰ ਤੇ ਸੀਮਿੰਟ ਦੀ ਥੜ੍ਹੀ ਤੇ ਰੱਖੇ ਮੁਰਦੇ ਨੂੰ ਦੇਖ ਕੇ ਈ ਡੁਸਕਣ ਲੱਗ ਪਈ।... ਸੱਜੇ ਪਾਸੇ ਸਿਵਾ ਬਲਦਾ ਪਿਆ ਸੀ। ਲੋਕ ਸੀਮਿੰਟ ਦਿਆਂ ਬੈਂਚਾਂ 'ਤੇ ਬੈਠੇ ਸੀ।... ਅਸੀਂ ਵੀਲ੍ਹ ਚੇਅਰ ਨੂੰ ਧੱਕ ਕੇ ਬਿਜਲੀ ਵਾਲੇ ਪਾਸੇ ਲੈ ਗਏ। ਜਿੱਥੇ ਇਕ ਮੁਰਦਾ ਜਲ ਚੁੱਕਿਆ ਸੀ।



ਉਹਦੇ ਵਾਰਸ ਆਪਣੇ ਬੰਦੇ ਨੂੰ ਅਸਤ ਤੇ ਸੁਆਹ ਦੇ ਰੂਪ 'ਚ ਇਕ ਪੋਟਲੀ 'ਚ ਪਾਈ ਲਿਜਾ ਰਹੇ ਸੀ।... ਮੁੜੇ ਤਾਂ ਦੂਜੇ ਪਾਸੇ ਸੰਸਕਾਰ ਚੱਲ ਰਿਹਾ ਸੀ।... ਮੈਂ ਕਿਹਾ, "ਰਾਹ ਦੇਖ ਲੈ, ਆਪਾਂ ਏਥੇ ਆਓਣੈ।" .... ਉਹ ਤਾਂ ਨਵੇਂ ਲਿਆ ਕੇ ਸੀਮਿੰਟ ਦੀ ਥੜ੍ਹੀ 'ਤੇ ਰੱਖੇ ਮੁਰਦੇ ਦੁਆਲੇ ਖੜ੍ਹੇ ਰੋਂਦੇ ਲੋਕਾਂ ਨੂੰ ਦੇਖ ਈ ਰੋਈ ਜਾਵੇ। ਪੰਡਤ ਹੌਲੀ ਦੇਣੀ ਕਹਿੰਦਾ,"ਇਹ ਏਸ ਮੁਰਦੇ ਨੂੰ ਦੇਖ ਕੇ ਨਹੀਂ ਰੋਂਦੀ, ਇਹ ਤਾਂ ਆਪਣੇ ਅੰਦਰ ਪਏ ਪਿਛਲੇ ਮੁਰਦਿਆਂ ਨੂੰ ਯਾਦ ਕਰ ਕੇ ਰੋਂਦੀ ਏ।".... ਜਦ ਅਸੀਂ ਮੁੜਨ ਲੱਗੇ ਤਾਂ ਦੇਖਿਆ ਕਿ ਭਾਗ ਜਲਦੇ ਸਿਵੇ ਦੀ ਲਾਟ 'ਤੇ ਛੱਲੀਆਂ ਭੁੰਨ ਰਿਹਾ ਸੀ। ਉਹ ਛੱਲੀ ਨੂੰ ਅੰਗਿਆਰ 'ਤੇ ਰਗੜ ਕੇ ਚਿੜ-ਚਿੜ ਦੀ ਅਵਾਜ਼ ਪੈਦਾ ਕਰਦਾ। ਮੈਨੂੰ ਦੇਖ ਕੇ ਕਹਿੰਦਾ,"ਮੈਂ ਐਕਣੇ ਕਰਦਾ ਹੁੰਦੈ। ...ਤੂੰ ਚੱਲ, ਮੈਂ ਆਉਂਦੇ ਤੇਰੇ ਮਗਰੇ ਮਗਰ... ।"

ਮੈਂ ਤੇਜ਼ੀ ਨਾਲ ਬਾਹਰ ਨਿੱਕਲਿਆ ਤਾਂ ਬਾਹਰਲੇ ਗੇਟ ਦੇ ਖੱਬੇ ਹੱਥ ਮੈਨੂੰ ਜੂਲੀ ਖੜ੍ਹੀ ਦਿਸੀ। ਉਹਦੇ ਸੱਜੇ ਹੱਥ 'ਚ ਫੁੱਲ ਪੱਤਿਆਂ ਸਣੇ ਟਾਹਣੀ ਸੀ। ਉਹਨੇ ਉਹੀ ਸਕਰਟ ਤੇ ਜੈਕਟ ਪਾਈ ਹੋਈ ਸੀ। ਮੈਂ ਪੰਡਤ ਜੀ ਨੂੰ ਦੱਸਿਆ ਤਾਂ ਉਹ ਹੱਸਣ ਤੋਂ ਨਾ ਹਟੇ।... ਮੈਂ ਸਾਰੇ ਰਾਹ ਸੋਚਾਂ 'ਚ ਉਲ਼ਝਿਆ ਰਿਹਾ। ਫਲੈਟ ਦੀਆਂ ਪੌੜੀਆਂ ਚੜ੍ਹਦਿਆਂ ਮੈਂ ਪੰਡਤ ਜੀ ਨੂੰ ਪੁੱਛਦਾ ਹਾਂ,"ਇਹ ਸਹੁਰੀ ਆਤਮਾ ਉਤਮਾ, ਮੁਕਤੀ ਸ਼ੁਕਤੀ ਤੇ ਭੂਤ ਪਰੇਤ ... ਇਹ ਕੀ ਹੋਏ ?"

ਕਹਿੰਦੇ,"ਇਹ ਕੁਝ ਵੀ ਨਹੀਂ, ਜਿਵੇਂ ਆਪਾਂ ਛੋਟੇ ਹੁੰਦੇ ਹਿਸਾਬ ਪੜ੍ਹਦੇ ਕਹਿੰਦੇ ਸੀ ਕਿ ਫਰਜ਼ ਕਰੋ ਸੌ... ਜਦ ਕੋਈ ਚੀਜ਼ ਨਹੀਂ ਹੁੰਦੀ ਤਾਂ ਅਸੀਂ ਉਹਨੂੰ ਫਰਜ਼ ਕਰ ਲੈਂਦੇ ਹਾਂ।"... ਜਵਾਬ ਸੁਣ ਕੇ ਮੇਰਾ ਮਨ ਕਲਪਨਾ ਨਾਲ ਭਰਨ ਲੱਗ ਗਿਆ।... ਇਹ ਮੜ੍ਹੀਆਂ 'ਚ ਜਾਣ ਦਾ ਰੋਮਾਂਸ ਜਿਹਾ ਮੈਨੂੰ ਏਥੇ ਆਉਣ ਦੇ ਦੂਜੇ ਸਾਲ 'ਚ ਹੋਇਆ ਸੀ। ਜੇਲ੍ਹ ਤੋਂ ਏਥੇ ਆ ਕੇ ਮੈਂ ਘਬਰਾ ਗਿਆ ਸੀ। ਪਤਾ ਨਹੀਂ, ਉਹ ਕਾਹਦਾ ਅਸਰ ਸੀ ਕਿ ਮੈਨੂੰ ਜਿਊਣਾ ਚੰਗਾ ਲੱਗਣੋਂ ਹਟ ਗਿਆ ਸੀ।...ਇਹ ਨਤੀਜਾ ਸੀ ਸ਼ਾਇਦ ਪਿੰਡ ਤੋਂ ਹਮੇਸ਼ਾ ਲਈ ਟੁੱਟਣ ਦਾ। ਜਾਂ ਹਾਲਾਤ ਵੱਲੋਂ ਧੱਕੇ ਨਾਲ ਤੋੜ ਦੇਣ ਦਾ ! ਜਦੋ ਦੋਵੇਂ ਮੁੰਡੇ ਸਾਰੀ ਜਮੀਨ ਜਾਇਦਾਦ ਤੇ ਘਰ ਵੇਚ ਵੱਟ ਕੇ ਆ ਗਏ ਸੀ। ਇਹ ਫਲੈਟ ਖਰੀਦ ਲਿਆ ਸੀ। ਨਵੇਂ ਸਾਮਾਨ ਤੇ ਫਰਨੀਚਰ ਨਾਲ ਸਜਾ ਦਿੱਤਾ ਗਿਆ ਸੀ। ਤੇ ਮੇਰਾ ਤੇ ਸੇਹ ਦੇ ਮੁਰਦੇ ਵਿਚ ਸਜਾ ਦਿੱਤੇ ਸਨ।... ਫੇਰ ਸ਼ਾਇਦ ਦੋਹਾਂ ਮੁੰਡਿਆਂ ਦੇ ਚਲੇ ਜਾਣ ਬਾਅਦ ਮੈਨੂੰ ਇਹ ਵਹਿਮ ਜਿਹਾ ਹੋ ਗਿਆ ਸੀ ਕਿ ਹੁਣ ਇਹ ਮੁੜ ਕੇ ਨਹੀਂ ਮਿਲਣੇ। ਨਾ ਅਸੀਂ ਇਹਨਾਂ ਕੋਲ ਜਾ ਸਕਾਂਗੇ। ਬਸ ਸਾਡੀ ਮੌਤ ਦੀ ਖਬਰ ਈ ਜਾਵੇਗੀ। ਸਸਕਾਰ ਕਰਨ ਲਈ ਪਤਾ ਨਹੀਂ ਕੀਹਦੇ ਹੱਥ ਲੱਗਣਗੇ ! ਫੇਰ ਅਸਥੀਆਂ ਦਾ ਕੀ ਬਣੇਗਾ ? ਫੇਰ ਏਸ ਫਲੈਟ ਤੇ ਇਹਦੇ 'ਚ ਪਏ ਨਵੇਂ ਪੁਰਾਣੇ ਸਮਾਨ ਦਾ ਕੀ ਬਣੇਗਾ ? ਨਾਲੇ ਮਾਸ ਹੱਡੀਆਂ ਦੀ ਓਸ ਗਠੜੀ ਦਾ, ਜਿਹੜੀ ਸੇਹ ਬਣ ਕੇ ਮੇਰੇ ਤੱਕਲੇ ਗੱਡਦੀ ਰਹਿੰਦੀ ਏ !

ਜਦੋ ਭਾਗ ਛੱਲੀ ਚੱਬਦਾ ਸੱਚੀ-ਮੁੱਚੀ ਆ ਗਿਆ !...ਕਹਿੰਦਾ, "ਭਾਬੀ ਨੇ ਸਾਗ ਨੀ ਧਰਿਆ। ਮੈਂ ਘੋਟ ਕੇ ਮਹਿੰਦੀ ਵਰਗਾ ਕੀਤਾ ਖਾਣੈ।".... ਫੇਰ ਹੱਸੇ। ਮੈਂ ਉਹਦੇ ਨਾਲ ਗੱਲਾਂ ਕਰਦਾ ਵੀ ਹਾਂ ਤੇ ਡਰਦਾ ਵੀ। ਉਹਨੂੰ ਦਾਰੂ ਪੀਂਦੇ ਦੇ ਝੌਲੇ ਜਿਹੇ ਵਜੂਦ ਨੂੰ ਮਹਿਸੂਸ ਕਰਦਾ ਹਾਂ। ਪਰ ਮਨ ਨਾਲ ਇਹ ਗੱਲਾਂ ਕਰਦਾ ਮੈਂ ਡਰ ਜਾਂਦਾ ਹਾਂ। ਘਬਰਾ ਕੇ ਆਪਣੇ ਆਪ ਨੂੰ ਐਵੇਂ ਮੀਚੀ ਦੇ ਕੰਮਾਂ 'ਚ ਲਾ ਲੈਂਦਾ ਹਾਂ। ਆਪਣੇ ਆਪ 'ਤੇ ਜਾਣ ਕੇ ਹੱਸਦਾ ਹਾਂ। ਫੇਰ ਇਹ ਸੋਚ ਆਉਣ 'ਤੇ ਸੱਚੀ ਮੁੱਚੀ ਹੱਸਦਾ ਹਾਂ ਕਿ ਜਦ ਇਹ ਸਰੀਰ ਤੇ ਆਤਮਾ ਦਾ ਮੇਲ ਈ ਨਹੀਂ ਰਹਿਣਾ। ਫੇਰ ਸੋਚਣਾ ਕੀਹਨੇ ਏ ਤੇ ਕੀਹਨੇ ਚਿੰਤਾ ਕਰਨੀ ਏ ?... ਫੇਰ ਮੈਨੂੰ ਕੀ, ਜਦ ਮੈਂ ਹੋਣਾ ਈ ਨਹੀਂ ? .... ਏਸ ਸੋਚ ਦੇ ਡਰ ਤੋਂ ਮੈਨੂੰ ਜੋਗੀ ਬਚਾਉਂਦਾ ਏ। ਇਹ ਛੋਟਾ ਸੀ ਤਾਂ ਮੇਰੀ ਪਨਾਹ ਵਿਚ ਸੀ। ਹੁਣ ਵੱਡਾ ਹੋ ਗਿਆ ਏ ਤਾਂ ਮੈਂ ਇਹਦੀ ਪਨਾਹ ਵਿਚ ਰਹਿ ਰਿਹਾ ਹਾਂ।.... ਜਦ ਕਦੇ ਮੈਂ ਸੈਰ ਕਰਦਾ ਇਹਦੀ ਧੂਹ ਘੜੀਸ ਨਾਲ ਡਿਗ ਪੈਂਦਾ ਹਾਂ ਤੇ ਝਿੜਕ ਕੇ ਬੋਲਦਾ ਹਾਂ ਤਾਂ ਇਹ ਸਹਿਮ ਕੇ ਖੜ੍ਹ ਜਾਂਦਾ ਏ। ਮੈਂ ਮਿੱਟੀ ਝਾੜਦਾ ਉੱਠਦਾ ਹਾਂ ਤਾਂ ਇਹ ਮੇਰੇ ਅੰਗ-ਅੰਗ ਨੂੰ ਬੂਥੀ ਦਾ ਸਹਾਰਾ ਲਾ ਕੇ ਉਠਾਲਦਾ ਏ। ... ਬਿਲਕੁਲ

ਉਵੇਂ ਜਿਵੇਂ ਮੈਂ ਆਪਣੇ ਬਾਬੇ ਨੂੰ ਚੱਕ ਕੇ ਧੁੱਪੇ ਛਾਂਵੇਂ ਕਰਦਾ ਹੁੰਦਾ ਸੀ।

ਇਕ ਵਾਰ ਮੈਂ ਬੜੇ ਮੁੰਡੇ ਮਲਕੀਤ ਨੂੰ ਇਹ ਗੱਲ ਲਿਖ ਦਿੱਤੀ ਸੀ। ਉਹਨੇ ਆਪਣੇ ਦੋਸਤ ਨੂੰ ਕਹਿ ਕੇ ਮੇਰੇ ਘਰ ਕੰਪਿਊਟਰ ਰਖਵਾ ਦਿੱਤਾ ਸੀ। ਜੀਹਦੇ ਨਾਲ ਮੈਂ ਦੋਹਾਂ ਪੁੱਤਾਂ ਦੇ ਟੱਬਰਾਂ ਨਾਲ ਨਾ ਸਿਰਫ ਫੋਨ 'ਤੇ ਗੱਲਾਂ ਕਰਦਾ ਹਾਂ, ਬਲਕਿ ਉਹਨਾਂ ਦੀਆਂ ਸ਼ਕਲਾਂ ਵੀ ਦੇਖਦਾ ਹਾਂ ਤੇ ਉਹ ਸਾਡੀਆਂ ਦੇਖਦੇ ਨੇ।... ਏਸ ਜੰਤਰ ਨੂੰ ਹੁਣ ਮੈਂ ਕਿੰਨਾ-ਕਿੰਨਾ ਚਿਰ ਚਿੰਬੜਿਆ ਰਹਿੰਦਾ ਹਾਂ। ਆਪਣੀਆਂ ਚੰਗੀਆਂ ਮਾੜੀਆਂ ਯਾਦਾਂ ਲਿਖਦਾ ਹਾਂ। ਸਾਰੇ ਜੱਗ ਦਾ ਗਿਆਨ ਤੇ ਤਮਾਸ਼ਾ ਸਾਹਮਣੇ ਆ ਜਾਂਦਾ ਏ। ਫੇਰ ਫਿਲਮਾਂ ਦੇਖਦਾ ਹਾਂ। ਪੰਡਤ ਜੀ ਮੈਨੂੰ ਫਿਲਮਾਂ ਦੀਆਂ ਸੀ ਡੀਆਂ ਲਿਆ ਦੇਂਦੇ ਨੇ। ਹੁਣ ਤਾਂ ਕਦੇ-ਕਦੇ ਬਲਿਊ ਫਿਲਮ ਵੀ ਲਿਆ ਦੇਂਦੇ ਨੇ। ਸਭ ਤੋਂ ਔਖਾ ਕੰਮ ਏ ਇਹ ਬੁੱਢਿਆਂ ਲਈ। ... ਇਕ ਦਿਨ ਉਹ 'ਜੂਲੀ' ਨਾਂ ਦੀ ਫਿਲਮ ਦੇ ਗਏ। ਦੇਖੀ ਤਾਂ ਉਹਨੇ ਮੇਰੇ ਮਨ ਦੇ ਕਈ ਸੰਤਾਪ ਮਿਟਾ ਦਿੱਤੇ। ਹੁਣ ਜਦ ਮੇਰਾ ਦਿਲ ਭਾਰ ਮੰਨਣ ਲੱਗਦਾ ਏ, ਮੈਂ ਜੂਲੀ ਦੇਖ ਲੈਂਦਾ ਹਾਂ। ਕੱਲਾ ਬੈਠਾ ਆਪਣੇ ਆਪ ਨਾਲ ਖੇਡਦਾ ਹਾਂ। ਘੁਲ਼ਦਾ ਹਾਂ। ਫੇਰ ਢਹਿ ਜਾਂਦਾ ਹਾਂ ਜਾਂ ਢਾਹ ਲੈਂਦਾ ਹਾਂ। ਕੋਈ ਅੰਤਰ ਨਹੀਂ ਹੁੰਦਾ। ਮੁੜ੍ਹਕਾ ਆ ਜਾਂਦਾ ਏ। ਸਰੀਰ ਤੇ ਮਨ ਹੌਲੇ ਹੋ ਜਾਂਦੇ ਨੇ।... ਹੁਣ ਜਦ ਇਹ ਗੱਲ ਮੈਂ ਪੰਡਤ ਜੀ ਨੂੰ ਦੱਸਦਾ ਹਾਂ ਤਾਂ ਉਹ ਏਸ ਗੱਲ 'ਤੇ ਹੈਰਾਨ ਹੋ ਕੇ ਹੱਸਦੇ ਨੇ ਕਿ ਇਹ ਫਿਲਮ ਮੈਂ ਪਿਛਲੇ ਡੇਢ ਸਾਲ ਤੋਂ ਲਗਾਤਾਰ ਵੇਖੀ ਜਾ ਰਿਹਾ ਹਾਂ। ... ਅਸਲ 'ਚ ਮੈਨੂੰ ਇਹਦੇ ਅੰਦਰਲੀ ਜੂਲੀ ਨਾਲ ਪਿਆਰ ਜਿਹਾ ਹੋ ਗਿਆ ਏ।

ਫਿਲਮ ਕੀ ਏ ? ਕੀੜੀ ਦੀ ਚਾਲ ਚੱਲਦੀ ਏ। ਸਾਰੀ ਅੱਸੀ ਮਿੰਟ ਦੀ ਫਿਲਮ 'ਚ ਇਕ ਪੱਕੇ ਰੰਗ ਵਾਲਾ, ਲਾਲ ਕੱਛੇ ਵਾਲਾ ਚਾਲੀ ਸਾਲਾ ਬੰਦਾ ਗੋਰੀ, ਸੁਡੌਲ ਸਰੀਰ ਵਾਲੀ ਹਸਮੁਖ ਜੂਲੀ ਨਾਲ ਕਲੋਲਾਂ ਕਰਦਾ ਏ ਤੇ ਕੇਵਲ ਇਕ ਵਾਰ ਸੰਭੋਗ ਕਰਦਾ ਏ। ਬਹੁਤੀ ਫਿਲਮ 'ਚ ਉਹ ਇਕ ਦੂਜੇ ਨੂੰ ਸੁੰਘਦੇ, ਪਲੋਸਦੇ, ਚੁੰਮਦੇ ਚੱਟਦੇ, ਮੁਸਕਰਾਂਦੇ ਤੇ ਹੱਸਦੇ ਨੇ। ਕਦੇ ਕੋਈ ਗੱਲ ਵੀ ਕਰਦੇ ਨੇ। ਪਰ ਮੈਨੂੰ ਉਹਨਾਂ ਦੀ ਬੋਲੀ ਸਮਝ ਨਹੀਂ ਪੈਂਦੀ। ਉਂਜ ਲੱਗਦੇ ਉਹ ਏਸ਼ੀਅਨ ਈ ਨੇ।... ਉਹਨਾਂ ਨੂੰ ਦੇਖਦਿਆਂ ਮੈਂ ਆਨੰਦ 'ਚ ਰਹਿੰਦਾ ਹਾਂ। ਜੂਲੀ ਮੈਨੂੰ ਉੱਠਣ ਨਹੀਂ ਦੇਂਦੀ। ਹੈਰਾਨੀ ਦੀ ਗੱਲ ਤਾਂ ਇਹ ਏ ਕਿ ਉਹ ਪੱਕੇ ਰੰਗ ਦਾ, ਲਾਲ ਕੱਛੇ ਵਾਲਾ ਬੰਦਾ ਵੀ ਮੈਨੂੰ ਬੁਰਾ ਨਹੀਂ ਲੱਗਦਾ। ਮੈਨੂੰ ਲੱਗਦਾ ਏ, ਜਿਵੇਂ ਉਹ ਵੀ ਮੇਰਾ ਵਾਕਫ ਹੋ ਗਿਆ ਹੁੰਦਾ ਏ। ਫਿਲਮ ਦੇਖਣ ਤੋਂ ਬਾਅਦ ਤਾਂ ਉਹ ਬੰਦਾ ਮੈਨੂੰ ਭੁੱਲ ਜਾਂਦਾ ਏ, ਪਰ ਜੂਲੀ ਦੇ ਕਾਮੁਕ ਹਾਸੇ ਦੀ ਅਵਾਜ਼ ਮੇਰੇ ਅੰਦਰੇ ਅੰਦਰ ਗੂੰਜਦੀ ਸੁਣਦੀ ਰਹਿੰਦੀ ਏ।

ਕਦੇ ਅੰਦਰਲੇ ਕਮਰੇ 'ਚੋਂ ਘੁੜਕਦੀ, ਘਿਸੜਦੀ ਤੇ ਕੁਝ ਟੋਲ਼ਦੀ ਜਿਹੀ ਅਵਾਜ਼ ਆਉਂਦੀ ਏ,"ਕਿੱਥੇ ਛੱਤਣ 'ਤੇ... ਟੰਗ ਦਿੱਤੈ ਮੈਨੂੰ। ਧਰਤੀ 'ਤੇ ਪੈਰ...ਧਰਨ ਨੂੰ ਤਰਸ... ਜਾਈਦੈ।"

ਮੈਂ ਸਮਝ ਜਾਂਦਾ ਹਾਂ। ਇਹ ਅੰਦਰੋਂ ਸੇਹ ਦੀ ਅਵਾਜ਼ ਏ।... ਹੋਰ ਕੀ ਕਰੇ ਬੰਦਾ, ਜੇ ਕਿਸੇ ਨੂੰ ਵੱਢਣ ਜੋਗਾ ਨਹੀਂ ਤਾਂ ਭੌਂਕੇ ਵੀ ਨਾ! ... ਖਬਰੇ ਉਹਦਾ ਤਰਸੇਵਾਂ ਠੀਕ ਈ ਹੋਵੇ।, ਜਿਵੇਂ ਮੈਂ ਗਮਲਿਆਂ 'ਚ ਬੂਟੇ ਲਾਉਂਦਾ ਨਹੀਂ ਥੱਕਦਾ। ਟੁੱਟੇ ਭੁੱਟੇ ਡੱਬਿਆਂ 'ਚ ਵੀ ਬੂਟੇ ਲਾ ਲੈਂਦਾ ਹਾਂ। ਮਾਲੀ ਆਉਂਦਾ ਏ ਤੇ ਦੇਖ ਕੇ ਹੱਸਦਾ ਏ। ਗਮਲੇ ਲਿਆਉਣ ਦੀ ਗੱਲ ਕਰਦਾ ਏ। ਪਰ ਉਹਨੂੰ ਮੈਂ ਕੀ ਸਮਝਾਵਾਂ ਬਈ ਮੈਨੂੰ ਟੁੱਟੇ ਭਾਂਡੇ ਵਰਤਣ ਦਾ ਆਪਣਾ ਵੱਖਰਾ ਈ ਸੁਆਦ ਆਉਂਦਾ ਏ।

ਇਕ ਦਿਨ ਮੈਂ ਸੇਹ ਦਾ ਵੀ ਇੰਤਜ਼ਾਮ ਕੀਤਾ ਸੀ। ਪਰ ਉਦੋਂ ਗਰਮੀਆਂ ਸਨ। ਕਹਿੰਦੀ, ਅਖੇ ਮੇਰੀਆਂ ਪਾਤਲੀਆਂ 'ਚੋਂ ਅੱਗ ਨਿੱਕਲਦੀ ਏ।... ਮੈਂ ਖੁਲ੍ਹੇ ਵਾਧਰੇ 'ਤੇ ਸੀਮਿੰਟ ਦਾ ਇਕ ਚੁਬੱਚਾ ਜਿਹਾ ਬਣਵਾਇਆ। ਵਿਚ ਚੀਕਣੀ ਮਿੱਟੀ, ਰੂੜੀ ਤੇ ਰੇਤਾ ਭਰਾਏ। ਵਿਚ ਘਾਹ ਲਵਾ ਲਿਆ। ਸ਼ਾਮ ਨੂੰ ਪਾਣੀ ਦੇਂਦਾ ਤੇ ਲਾਣੇਦਾਰਨੀ ਨੂੰ ਵੀਲ੍ਹ ਚੇਅਰ 'ਤੇ ਬਹਾ ਕੇ ਉਹਦੇ ਕੋਲ ਲੈ ਆਉਂਦਾ। ਉਹਦੇ ਪੈਰ ਠੰਢੇ ਘਾਹ 'ਤੇ ਰਖਾ ਲੈਂਦਾ। ਉਹਦੇ ਪੈਰਾਂ ਨੂੰ ਠੰਢ ਪੈ ਜਾਂਦੀ ਤੇ ਨਾਲੇ ਸੜਕ 'ਤੇ ਆਉਂਦੇ ਜਾਂਦੇ ਬੰਦਿਆਂ ਦਾ ਜਗਤ ਤਮਾਸ਼ਾ ਦੇਖਦੀ ਰਹਿੰਦੀ।

ਕਦੇ ਮੇਰਾ ਜੋਗੀ ਪੁੱਤ ਸ਼ੁਗਲ ਕਰਦਾ ਪੰਜਿਆਂ ਨਾਲ ਮਿੱਟੀ ਪੱਟ ਦੇਂਦਾ ਤਾਂ ਬੜਾ ਦੁੱਖ



ਹੁੰਦਾ। ਮੈਂ ਉਹਨੂੰ ਓਧਰ ਜਾਣ ਤੋਂ ਰੋਕਦਾ। ਜਦ ਵੀ ਉਹਦੇ ਕੋਲੋਂ ਇਹ ਗਲਤੀ ਹੋ ਜਾਂਦੀ ਤਾਂ ਮੈਨੂੰ ਕਲੇਸ਼ ਪੈ ਜਾਂਦਾ। ਗੁੱਸੇ 'ਚ ਇਕ ਵਾਰ ਮੈਂ ਪੰਜੇ ਮਾਰਦੇ ਦੇ ਡੰਡਾ ਜੜ ਦਿੱਤਾ ਤਾਂ ਉਹ ਭੱਜ ਕੇ ਮੇਰੇ ਬੈੱਡ ਹੇਠ ਜਾ ਬੈਠਿਆ। ਜਦ ਕਈ ਘੰਟੇ ਨਾ ਨਿੱਕਲਿਆ ਤਾਂ ਉਹਨੂੰ ਮਨਾਉਣ ਲਈ ਮੈਨੂੰ ਅੱਧਾ ਘੰਟਾ ਉਹਦੀਆਂ ਮਿੰਨਤਾਂ ਕਰਨੀਆਂ ਪਈਆਂ। ਆਖਰ ਨੂੰ ਹੈ ਤਾਂ ਉਹ ਵੀ ਘਰ ਦਾ ਤੀਜਾ ਜੀਅ!... ਤਦੇ ਇਹ ਅੱਠ ਘੰਟੇ ਮੇਰੇ ਬੈੱਡ ਹੇਠ ਸੁੱਤਾ ਰਹਿੰਦਾ ਏ। ਮੈਂ ਵਾਧਰੇ 'ਚ ਧੁੱਪੇ ਬਹਿੰਦਾ ਹਾਂ ਤਾਂ ਮੇਰੇ ਪੈਰਾਂ ਨੂੰ ਬੂਥੀ ਲਾ ਕੇ ਬੈਠਾ ਰਹਿੰਦਾ ਏ। ਉੱਪਰਲੀ ਛੱਤ ਦੀ ਰੌਂਸ 'ਤੇ ਬਹਿੰਦਾ ਹਾਂ ਤਾਂ ਆਪਣੇ ਖਿਡੌਣਿਆਂ ਨਾਲ ਖੇਡਦਾ ਮੈਨੂੰ ਨਾਲ ਖੇਡਣ ਲਈ ਮਜਬੂਰ ਕਰਦਾ ਮੈਨੂੰ ਦੇਖਦਾ ਭੌਂਕਦਾ ਏ। ਉਦੋਂ ਮੈਨੂੰ ਜੂਲੀ ਦੇ ਬੈੱਡ ਦਾ ਉਹ ਸੀਨ ਯਾਦ ਆ ਜਾਂਦਾ ਏ ਜਦੋਂ ਜਿਸ 'ਚ ਜੂਲੀ ਤੇ ਉਹਦਾ ਦੋਸਤ ਖੇਡ ਮੁੱਕਣ 'ਤੇ ਤਾੜੀਆਂ ਵਜਾਉਂਦੇ ਨੇ। ਤੇ ਇਕ ਕੁੱਤਾ ਉਹਨਾਂ ਵੱਲ ਪਿਆਰ ਨਾਲ ਭੌਂਕਦਾ ਏ।...ਮੈਂ ਫੇਰ ਜੋਗੀ ਨੂੰ ਜੱਫੀ 'ਚ ਲੈ ਲੈਂਦਾ ਹਾਂ।

ਹੁਣ ਤਾਂ ਦੁਸਹਿਰਾ ਲੰਘ ਗਿਆ ਏ। ਸਵੇਰ ਸੰਝ ਨੂੰ ਠੰਢੀ ਹਵਾ ਦਾ ਸੁਆਦ ਆਉਂਦਾ ਏ। ਢਿੱਡ ਖਾਣ ਪੀਣ ਨੂੰ ਮੰਗਣ ਲੱਗ ਪਿਆ ਏ। ਮੈਂ ਪੰਡਤ ਜੀ ਨੂੰ ਫੋਨ ਕੀਤਾ ਸੀ। ਕਹਿੰਦੇ, 'ਖਬਰ ਨੀ ਅੱਜ ਅਪਸਰਾ ਉੱਤਰ ਆਵੇ ਪਹਾੜੋਂ। ਭਾਗ ਜਾਗ ਪੈਣ ਸਾਡੇ।'... ਪੰਡਤ ਜੀ ਹੌਂਸਲੇ ਨਾਲ ਬੋਲਦੇ ਨੇ। ਪਰ ਮੈਨੂੰ ਪਤਾ ਏ ਕਿ ਜਦੋਂ ਵੀ ਪੰਡਤ ਜੀ ਸੂਦਨੀ ਨੂੰ ਫੋਨ ਕਰਦੇ ਨੇ ਤਾਂ ਉਹਦਾ ਜਵਾਬ ਹੁੰਦਾ ਏ...'ਕੋਸ਼ਿਸ਼ ਕਰਦੀ ਹਾਂ। ਹੁਣ ਹੋਰ ਫੋਨ ਨਾ ਕਰਿਓ'।... ਫੇਰ ਉਹਨੇ ਤਿੰਨਾਂ ਘੰਟਿਆਂ 'ਚ ਆਉਣਾ ਹੁੰਦਾ ਏ। ਏਨਾ ਚਿਰ ਪੰਡਤ ਜੀ ਚੀਜ਼ਾਂ ਵਸਤਾਂ ਖਰੀਦ ਕੇ ਲਿਆ ਕੇ ਫਰਿੱਜ ਭਰ ਲੈਂਦੇ ਨੇ। ਬਿਸਤਰਾ ਝਾੜ ਕੇ ਵਿਛਾ ਲੈਂਦੇ ਨੇ। ... ਫੇਰ ਅੰਤਲਾ ਫੋਨ ਕਰਦੇ ਨੇ ਤਾਂ ਪਤਾ ਲੱਗਦਾ ਏ ਕਿ ਉਹਨਾਂ ਦੇ ਘਰ ਕੋਈ ਪ੍ਰਾਹੁਣਾ ਆ ਗਿਆ ਏ।

ਇੰਨ ਬਿੰਨ ਇਹੀ ਹਾਲ ਮੇਰਾ ਹੁੰਦਾ ਸੀ, ਜਦ ਮੈਂ ਆਪਣੇ ਚੁਬਾਰੇ 'ਚ ਬੈਠਾ ਪੀਤੋ ਨੂੰ ਉਡੀਕਦਾ ਹੁੰਦਾ ਸੀ। ਉਹਦੇ ਆਉਣ ਦੇ ਤਿੰਨਾਂ ਮਿੰਟਾਂ ਬਾਅਦ ਮੈਨੂੰ ਪਤਾ ਲੱਗ ਜਾਂਦਾ ਸੀ ਕਿ ਉਹਨੇ ਕੀਹਦੇ ਕੋਲੋਂ ਲਿਆ ਕਿਹੜਾ ਸੈਂਟ ਲਾਇਆ ਹੋਇਆ ਏ। ਉਹ ਕੀ ਖਾ ਕੇ ਆਈ ਏ। ਉਹਦੇ ਮੂੰਹ, ਉਹਦੇ ਨੱਕ, ਉਹਦੀ ਗਿੱਚੀ, ਉਹਦੀ ਪਿੰਡੇ ਵਿਚੋਂ ਕਿਹੋ ਜਿਹੀ ਖੁਸ਼ਬੋ ਆਉਂਦੀ ਏ। ਜਿਵੇਂ ਹਕੀਮ ਨਬਜ਼ ਦੇਖ ਕੇ ਰੋਗ ਦੱਸਦਾ ਏ, ਮੈਂ ਅੰਗਾਂ ਨਾਲ ਅੰਗ ਲਾ ਕੇ ਬਹੁਤ ਕੁਝ ਦੱਸ ਸਕਦਾ ਸੀ।

ਹੁਣ ਜਦ ਮੈਂ ਪੰਡਤ ਜੀ ਨੂੰ ਮਖੌਲ ਕਰਦਾ ਹਾਂ ਤਾਂ ਉਹ ਕਹਿੰਦੇ ਨੇ,'ਚੱਲ ਯਾਰ, ਕੋਈ ਨਾ। ਉਹਨੇ ਮੇਰੇ ਤਿੰਨ ਘੰਟੇ ਖੁਸ਼ੀ ਨਾਲ ਲੰਘਾ ਦਿੱਤੇ। ਉਡੀਕ ਤੇ ਚਿੰਤਾ ਲੱਗਦੀਆਂ ਤਾਂ ਬੁਰੀਆਂ ਨੇ, ਪਰ ਬਾਅਦ 'ਚ ਸਮਾਂ ਸੌਖਾ ਲੰਘਿਆ ਲੱਗਦਾ ਏ।' ਫੇਰ ਉਹ ਮਿਰਜ਼ਾ ਗ਼ਾਲਿਬ ਦਾ ਸ਼ਿਅਰ ਪੜ੍ਹਦੇ ਨੇ... ਸੁਬਹ ਹੋਤੀ ਹੈ, ਸ਼ਾਮ ਹੋਤੀ ਹੈ।...ਉਮਰ ਯੂੰ ਹੀ ਤਮਾਮ ਹੋਤੀ ਹੈ।

ਅੰਤ ਨੂੰ ਉਹਨਾਂ ਤੋਂ ਆਪਣੇ ਫਲੈਟ 'ਚ ਨਹੀਂ ਬਹਿ ਹੁੰਦਾ। ਮਿੰਟਾਂ 'ਚ ਈ ਕਾਲੀ ਕਾਰ ਮੇਰੇ ਬੂਹੇ ਦੇ ਸਾਹਮਣੇ ਆ ਖੜ੍ਹਦੀ ਏ।... ਅਸੀਂ ਫੇਰ ਉਹੀ ਨਾਟਕ ਖੇਡਣ ਲੱਗ ਪੈਂਦੇ ਹਾਂ। ਬਿਰਯਾਨੀ ਦੀ ਤਿਆਰੀ ਕਰਦੇ। ਕਮੀਜ਼ਾਂ ਦੀਆਂ ਬਾਹਵਾਂ ਚੜ੍ਹਾਉਂਦੇ ਹਾਂ। ਮੈਂ ਚਿਕਨ ਸਾਫ ਕਰ ਕੇ ਟੁਕੜੇ ਕੱਟਦਾ। ਉਹ ਪਿਆਜ਼, ਅਦਰਕ ਤੇ ਲਸਣ ਦਾ ਪੇਸਟ ਬਣਾਉਂਦੇ। ਮੈਂ ਕਿਚਨ ਅੰਦਰ ਕੁੱਕ ਬਣ ਜਾਂਦਾ ਤੇ ਉਹ ਚਟਣੀ ਰਗੜਦੇ।.... ਤਿੰਨ ਗਲਾਸ ਸਾਫ ਕਰ ਕੇ ਮੇਜ਼ 'ਤੇ ਰੱਖਦੇ। ਬੋਤਲ ਤੇ ਪੈਮਾਨਾ ਓਹਲੇ 'ਚ। ਜਿਵੇਂ ਬ੍ਰਾਹਮਣ ਖਾਣ ਪੀਣ ਦੀ ਵਧੀਆ ਚੀਜ਼ਾਂ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਬਚਾ ਕੇ ਰੱਖਦੇ ਨੇ।

ਮੈਂ ਜਦ ਵਿਹਲਾ ਹੁੰਦਾ ਹਾਂ, ਦਿਲ 'ਚ ਹੋਰ ਕੁਝ ਨਹੀਂ ਹੁੰਦਾ ਤਾਂ ਜੂਲੀ ਕਲੋਲਾਂ ਕਰਦੀ ਹੁੰਦੀ ਏ। ਏਸੇ ਲੋਰ 'ਚ ਮੈਂ ਜੋਗੀ ਪੁੱਤ ਨੂੰ ਲੈ ਕੇ ਸੈਰ ਲਈ ਨਿੱਕਲ ਜਾਂਦਾ ਹਾਂ। ਸਾਨੂੰ ਦੋਹਾਂ ਨੂੰ ਸ਼ਹਿਰ ਦੇ ਸੁਆਦ ਦਾ ਨਵਾਂ ਭੁਸ ਪੈ ਗਿਆ ਏ। ਅਸੀਂ ਰੇਹੜੀ ਮਾਰਕੀਟ 'ਚ 'ਚਾਟ ਕਾਰਨਰ' ਦੇ ਜਾਂਦੇ ਹਾਂ। ਮੈਂ ਪਹਿਲਾਂ ਮਹਾਂ ਦੀ ਦਾਲ ਦੇ ਭੱਲੇ ਵਾਲੀ ਚਾਟ ਖਾਂਦਾ ਹਾਂ। ਫੇਰ ਫਰੂਟ ਚਾਟ। ਜੋਗੀ ਵੀ ਇਕ ਸਿਓ ਦੀਆਂ ਕਾਤਰਾਂ ਖਾਂਦਾ ਏ। ਜਦ ਨੂੰ ਹਨੇਰਾ ਹੋ ਜਾਂਦਾ ਏ। ਜੋਗੀ ਮੁੜਦਾ ਹੋਇਆ ਕਿਸੇ ਹਨ੍ਹੇਰੀ ਜਿਹੀ

ਥਾਂ 'ਤੇ ਆਪਣਾ ਉਹ ਕੰਮ ਕਰ ਲੈਂਦਾ ਏ, ਜਿਹੜਾ ਦਿਨ ਦੇ ਚਾਨਣੇ 'ਚ ਕਰੇ ਤਾਂ ਮੈਨੂੰ ਬੜੀ ਸ਼ਰਮ ਆਉਂਦੀ ਏ।

ਕਦੇ-ਕਦੇ ਮਨ ਉਦਾਸ ਹੁੰਦਾ ਏ ਤਾਂ ਮੈਂ ਕੱਲਾ ਈ ਬਸ ਅੱਡੇ ਵੱਲ ਘੁੰਮਣ ਚਲਿਆ ਜਾਂਦਾ ਹਾਂ। ਮਨ 'ਚ ਡਰਦਾ ਹਾਂ ਕਿ ਕਿਤੇ ਕੋਈ ਪਿੰਡ ਦਾ ਬੰਦਾ ਨਾ ਮਿਲ ਜਾਵੇ। ਉਂਝ ਮੈਂ ਚਾਹੁੰਦਾ ਵੀ ਹਾਂ ਕਿ ਕੋਈ ਮਿਲ ਜਾਵੇ। ਜਦ ਕੋਈ ਮਿਲਦਾ ਏ ਤਾਂ ਮੈਂ ਆਪਣੀ ਪੱਗ ਦੇ ਲੜ ਨਾਲ ਮੂੰਹ ਪੂੰਝਣ ਦੇ ਬਹਾਨੇ ਲੁਕਾ ਲੈਂਦਾ ਹਾਂ। ਕੋਈ ਉਹ ਨਹੀਂ ਮਿਲਦਾ, ਜੀਹਨੂੰ ਖਿੱਚ ਕੇ ਘਰ ਲੈ ਜਾਣ ਲਈ ਮਨ ਕਾਹਲਾ ਪੈ ਜਾਵੇ।

ਇਕ ਦਿਨ ਤੀਜੇ ਕੁ ਪਹਿਰ ਪਿੰਡ ਦੇ ਨਾਥਾਂ ਦੇ ਡੇਰੇ ਵਾਲੇ ਨਾਥ ਜੀ ਮਿਲ ਗਏ। ਮੇਰਾ ਦਿਲ ਬੇਕਾਬੂ ਹੋ ਕੇ ਮੈਨੂੰ ਉਹਨਾਂ ਦੇ ਸਾਹਮਣੇ ਲੈ ਗਿਆ। ਉਹਨਾਂ ਦਾ ਬੁਗਚਾ ਫੜ ਕੇ ਉਹਨਾਂ ਨੂੰ ਘਰ ਲੈ ਆਇਆ। ਸੇਹ ਤਾਂ ਨਿਹਾਲ ਏ ਹੋ ਗਈ। ਉਹ ਪਿੰਡ ਦੇ ਲੋਕਾਂ ਦੀਆਂ ਗੱਲਾਂ ਕਰੀ ਜਾਵੇ ਨਾਲੇ ਰੋਈ ਜਾਵੇ।... ਬੁੱਢੇ ਨਾਥ ਜੀ ਮੇਰੀ ਦਾਰੂ ਪੀਣ ਵਾਲੀ ਮੇਜ਼ ਕੋਲ ਦੀਵਾਨ 'ਤੇ ਬੈਠੇ ਉਪਦੇਸ਼ ਕਰਦੇ ਰਹੇ। ਉਹ ਚਾਰੇ ਪਾਸੇ ਦੇਖਦੇ ਤੇ ਇਹ ਸੁਣ ਕੇ ਹੈਰਾਨ ਹੋ ਗਏ ਕਿ ਮੈਂ ਪੀਣ ਲੱਗ ਪਿਆ ਹਾਂ।... ਪਤਾ ਨਹੀਂ ਫੇਰ ਮੇਰੇ ਅੰਦਰ ਕੌਣ ਆ ਵੜਿਆ ਕਿ ਨਾਥ ਜੀ ਸ਼ੋ-ਕੇਸ 'ਚ ਜਿਹੜੀਆਂ ਫੋਟੋਆਂ ਬਾਰੇ ਪੁੱਛਦੇ ਰਹੇ, ਮੈਂ ਸੱਚੋ ਸੱਚ ਦੱਸਦਾ ਰਿਹਾ। ਮੈਂ ਉਹਨਾਂ ਨੂੰ ਜੂਲੀ ਦੀਆਂ ਉਹ ਗੱਲਾਂ ਵੀ ਦੱਸ ਦਿੱਤੀਆਂ, ਜਿਹੜੀਆਂ ਲਕੋਣ ਵਾਲੀਆਂ ਸਨ।

ਨਾਥ ਜੀ ਜਾਣ ਲੱਗੇ ਤਾਂ ਮੇਰੇ ਪ੍ਰਣਾਮ ਦੇ ਜਵਾਬ 'ਚ ਉਹ ਮੇਰੇ ਮੂਹਰੇ ਝੁਕ ਕੇ ਕਹਿੰਦੇ, "ਮੈਂ ਤਾਂ ਥੋਡੇ ਵਰਗਾ ਸੱਚ ਨਹੀਂ ਬੋਲ ਸਕਦਾ। ਤੁਸੀਂ ਤਾਂ ਬਿਨਾ ਤਪ ਦੇ ਜੋਗ ਕਮਾ ਲਿਐ। ਮੈਂ ਥੋਨੂੰ ਪ੍ਰਣਾਮ ਕਰਦਾ ਹਾਂ।"

ਨਾਥ ਜੀ ਹਾਲੇ ਪੌੜੀਆਂ ਵਿਚ ਈ ਸੀ ਕਿ ਸੇਹ ਕਹਿੰਦੀ, "ਦੇਹ ਤਾਂ ਕਿੰਨੇ ਖੇਖਣ ਕਰਦੈ।...ਪਖੰਡਾਂ ਦੀ ਪੰਡ।——"

ਗੱਲ ਮੈਨੂੰ ਸਾਫ ਸੁਣੀ। ਪਰ ਮੈਨੂੰ ਸਮਝ ਨਹੀਂ ਆਈ ਕਿ ਇਹ ਸੇਹ ਨੇ ਨਾਥ ਨੂੰ ਕਹੀ ਸੀ ਜਾਂ ਮੈਨੂੰ!

---

## ਮਿੱਤਰਾ/ਡਾ. ਜਤਿੰਦਰ ਕੌਰ

ਚੰਨ ਵਰਗਿਆ ਵੇ ਮਿੱਤਰਾ
ਅੱਜ ਦੂਰ ਕਿਤੇ ਨਾ ਜਾ
ਮੈਂ ਝੂਠ ਕਿਹਾ ਸੀ ਮੇਰਾ
ਨਹੀਂ ਜੇਰਾ ਧਰਤ ਜਿਹਾ

ਮਿੱਤਰਾ ਵੇ ਰਬ ਜਹਿਆ
ਤੇਰੇ ਮੇਰੇ ਸਿਰ ਤੇ
ਬੱਦਲਾਂ ਜਿਹਾ ਘਰ ਬਣਿਆ

ਤੂੰ ਸੁਣ ਮੇਰੇ ਮਿੱਤਰਾ
ਘੁਪ ਨੇਰ੍ਹ 'ਚ ਵੀ ਦਿਸਦਾ
ਮੈਨੂੰ ਚਾਨਣ ਜ਼ਰਾ ਜਿਹਾ

ਕੁਲ ਬੋਲ ਮੇਰੇ ਮਿੱਤਰਾ
ਇਹ ਰੂਹ ਏ ਘਰ ਤੇਰਾ
ਆ ਵਸ ਵੇ ਏਸ ਗਰਾਂ



## ਵਿਹੜਾ/ਦਰਸ਼ਨ ਮਿਤਵਾ

ਸਮਾਂ ਤਾਂ ਅਜੇ ਇੰਨਾ ਕੋਈ ਬਹੁਤਾ ਨਹੀਂ ਹੋਇਆ। ਸਵੇਰ ਦੇ ਸੱਤ ਹੀ ਵੱਜੇ ਹਨ ਪਰ ਜੇਠ-ਹਾੜ ਦੇ ਦਿਨ ਹਨ। ਸੱਤ ਵਜੇ ਹੀ ਕੜਕਵੀਂ ਧੁੱਪ ਨਿਕਲ ਆਉਂਦੀ ਹੈ ਅਤੇ ਅੱਗ ਵਰ੍ਹਨ ਲੱਗ ਪੈਂਦੀ ਹੈ, ਜਿਵੇਂ ਚੁਪਾਸੀਂ ਭੱਠ ਤਪ ਰਹੇ ਹੋਣ। ਰਾਧੇਸ਼ਾਮ ਦੀ ਕੋਠੀ ਵਿਚ ਹਾਲੇ ਤੱਕ ਵੀ ਕੋਈ ਹਲਚਲ ਨਹੀਂ ਹੈ, ਜਿਵੇਂ ਪੂਰੀ ਕੋਠੀ ਸੁੰਨੀ ਪਈ ਹੋਵੇ।

ਰਾਧੇਸ਼ਾਮ ਆਪਣੇ ਕਮਰੇ ਵਿਚ ਇਕੱਲਾ ਬੈਠਾ ਹੈ। ਬਜ਼ੁਰਗ ਹੈ। ਉਮਰ ਸੱਠਾਂ ਤੋਂ ਟੱਪ ਗਈ ਹੈ। ਉਸਨੂੰ ਨੌਕਰੀ ਤੋਂ ਰਿਟਾਇਰ ਹੋਇਆਂ ਕਈ ਸਾਲ ਹੋ ਗਏ ਹਨ। ਉਮਰ ਦੇ ਕਾਰਣ ਉਸਦੇ ਸਰੀਰ ਵਿਚ ਉਹ ਪਹਿਲਾਂ ਵਾਲਾ ਜੋਸ਼ ਅਤੇ ਤਾਕਤ ਨਹੀਂ ਰਹੀ। ਅਸਲੋਂ ਜੋਸ਼ ਤਾਂ ਉਸਦਾ ਪਤਨੀ ਦੇ ਦੇਹਾਂਤ ਤੋਂ ਬਾਅਦ ਹੀ ਮੱਠਾ ਪੈ ਗਿਆ ਸੀ। ਉਹ ਕਈ ਸਾਲ ਪਹਿਲਾਂ ਸਵਰਗ ਸਿਧਾਰ ਗਈ ਸੀ। ਪਹਿਲਾਂ ਉਹ ਇਸ ਕਮਰੇ ਵਿਚ ਦੋਵੇਂ ਹੋਇਆ ਕਰਦੇ ਸਨ, ਉਹ ਅਤੇ ਉਸਦੀ ਪਤਨੀ। ਪਰ ਪਤਨੀ ਦੇ ਤੁਰ ਜਾਣ ਤੋਂ ਬਾਅਦ ਹੁਣ ਕਮਰੇ ਵਿਚ ਉਹ ਇਕੱਲਾ ਹੁੰਦਾ ਹੈ। ਇਕੱਲੇ ਨੂੰ ਕਮਰਾ ਸੁੰਨਾ-ਸੁੰਨਾ ਪ੍ਰਤੀਤ ਹੁੰਦਾ ਹੈ। ਕਈ ਦਿਨਾਂ ਤੋਂ ਰਾਧੇਸ਼ਾਮ ਨੂੰ ਬੁਖਾਰ ਆਉਂਦਾ ਹੈ। ਬੁਖਾਰ ਕਾਰਣ ਉਹ ਕਾਫੀ ਕਮਜ਼ੋਰੀ ਮਹਿਸੂਸ ਕਰ ਰਿਹਾ ਹੈ। ਕੱਲ੍ਹ ਹੀ ਡਾਕਟਰ ਨੂੰ ਚੈਕ-ਅੱਪ ਕਰਵਾ ਕੇ ਆਇਆ ਸੀ। ਡਾਕਟਰ ਨੇ ਦੱਸਿਆ ਸੀ ਕਿ ਉਸਨੂੰ ਵਾਇਰਲ ਹੈ। ਵਾਇਰਲ ਕਾਰਣ ਕਮਜ਼ੋਰੀ ਇੰਜ ਹੀ ਹੋ ਜਾਂਦੀ ਹੈ। ਉਸਨੂੰ ਲੱਗਦਾ ਹੈ, ਜਿਵੇਂ ਬੁਖਾਰ ਨੇ ਉਸਦੇ ਸਰੀਰ ਨੂੰ ਬਿਲਕੁਲ ਹੀ ਸੂਤ ਲਿਆ ਹੈ। ਉਸਦਾ ਮਨ ਚਾਹ ਦਾ ਕੱਪ ਬਣਾ ਕੇ ਪੀਣ ਲਈ ਕਰਦਾ ਹੈ ਪਰ ਉੱਠਣ ਲੱਗਿਆਂ ਚੱਕਰ ਜਿਹਾ ਆਉਂਦਾ ਹੈ। ਡਾਕਟਰ ਨੇ ਆਰਾਮ ਕਰਨ ਲਈ ਕਿਹਾ ਹੈ, ਨਹੀਂ ਤਾਂ ਉਹ ਇਸਤੋਂ ਪਹਿਲਾਂ ਹੀ ਉੱਠ ਕੇ ਚਾਹ ਬਣਾ ਕੇ ਪੀ ਲਿਆ ਕਰਦਾ ਸੀ। ਇਹ ਨਹੀਂ ਕਿ ਕੋਠੀ ਵਿਚ ਉਹ ਬਿਲਕੁਲ ਇਕੱਲਾ ਹੈ, ਉਸਦਾ ਬੇਟਾ ਮੋਹਨ ਵੀ ਉਸਦੇ ਨਾਲ ਇਸੇ ਕੋਠੀ ਵਿਚ ਰਹਿੰਦਾ ਹੈ। ਉਸਨੇ ਮੰਜੇ ਵਿਚ ਪਿਆਂ-ਪਿਆਂ ਹੀ ਮੋਹਨ ਦੇ ਕਮਰੇ ਵੱਲ ਝਾਤ ਮਾਰੀ। ਉਸਦਾ ਕਮਰਾ ਸਾਹਮਣੇ ਹੀ ਹੈ, ਪਰ ਅਜੇ ਕਮਰੇ ਦਾ ਬੂਹਾ ਬੰਦ ਹੈ। ਸ਼ਾਇਦ ਅਜੇ ਉਹ ਉੱਠੇ ਨਹੀਂ ਹੋਣਗੇ।

ਮੋਹਨ ਸਰਕਾਰੀ ਨੌਕਰੀ ਉੱਤੇ ਹੈ। ਉਹ ਵਿਆਹਿਆ ਹੋਇਆ ਹੈ। ਇਕ ਬੱਚਾ ਵੀ ਹੈ। ਉਹ ਪੜ੍ਹਦਾ ਹੈ।

ਰਾਧੇਸ਼ਾਮ ਨੂੰ ਮੋਹਨ ਦੇ ਕਮਰੇ ਵਿਚੋਂ ਹਲਕੀ-ਹਲਕੀ ਆਵਾਜ਼ ਸੁਣਾਈ ਦਿੱਤੀ। ਉਹ ਜਾਗ ਪਏ ਹੋਣਗੇ। ਉਹ ਮੰਜੇ ਵਿਚ ਪਿਆ ਹੀ ਮੋਹਨ ਨੂੰ ਆਵਾਜ਼ ਦਿੰਦਾ ਹੈ, "ਮੋਹਨ......!" ਉਸਦੀ ਆਵਾਜ਼ ਦਾ ਕੋਈ ਜਵਾਬ ਨਹੀਂ ਆਇਆ।

ਸ਼ਾਇਦ ਕਮਰੇ ਦਾ ਬੂਹਾ ਬੰਦ ਅਤੇ ਆਵਾਜ਼ ਕਮਜ਼ੋਰ ਹੋਣ ਕਾਰਣ ਕਿਸੇ ਨੂੰ ਸੁਣਾਈ ਹੀ ਨਾ ਦਿੱਤੀ ਹੋਵੇ। ਉਸਦੀ ਆਵਾਜ਼ ਮੋਹਨ ਦੇ ਕਮਰੇ ਦੀ ਬਾਹਰਲੀ ਕੰਧ ਨਾਲ ਟਕਰਾ ਕੇ ਮੁੜ ਉਸਦੇ ਕੰਨਾਂ ਵਿਚ ਹੀ ਆ ਪਈ।

ਉਸਨੇ ਫਿਰ ਆਵਾਜ਼ ਦਿੱਤੀ, "ਮੋਹਨ, ਬੇਟਾ......!" ਇਸ ਵਾਰੀ ਜਿਵੇਂ ਬੁਖਾਰ ਨਾਲ ਕਮਜ਼ੋਰ ਹੋ ਗਈ ਉਸਦੀ ਛਾਤੀ ਦਾ ਪੂਰਾ ਜ਼ੋਰ ਲੱਗ ਗਿਆ।

"ਕੀ ਐ, ਬਾਊ ਜੀ?" ਮੋਹਨ ਦੀ ਹਲਕੀ ਜਿਹੀ ਆਵਾਜ਼ ਸੁਣਾਈ ਦਿੱਤੀ। ਉਸਨੂੰ ਆਦਤ ਹੈ ਕਿ ਪਹਿਲੀ ਵਾਰੀ ਤਾਂ ਉਹ ਕਿਸੇ ਦੀ ਕਿਸੇ ਗੱਲ ਦਾ ਜਵਾਬ ਹੀ ਨਹੀਂ ਦਿੰਦਾ।

"ਬੇਟੇ, ਚਾਹ ਕਰਕੇ ਦੇਣੀ ਸੀ.......। ਮੈਥੋਂ ਉੱਠਿਆ ਨੀਂ ਗਿਆ। ਬਹੁਤ ਟੈਮ ਹੋ ਗਿਆ। ਸੱਤ ਵੱਜਗੇ।" ਉਮਰ ਦੇ ਨਾਲ-ਨਾਲ ਰਾਧੇਸ਼ਾਮ ਦੇ ਬੋਲਾਂ ਵਿਚ ਕਿੰਨੀ ਅਧੀਨਗੀ ਆ ਗਈ ਹੈ!

"ਕੋਈ ਨੀਂ, ਕਰ ਦਿੰਦੀ ਐ ਸੁਨੀਤਾ।" ਇੰਨਾ ਕਹਿ ਕੇ ਮੋਹਨ ਨੇ ਚੁੱਪ ਸਾਧ ਲਈ।

ਗਰਮ-ਗਰਮ ਚਾਹ ਦਾ ਸੁਆਦ ਰਾਧੇਸ਼ਾਮ ਦੇ ਮੂੰਹ ਵਿਚ ਘੁਲਣ ਲੱਗ ਪਿਆ ਹੈ। ਚਾਹ

ਦੀ ਪਹਿਲੀ ਘੁੱਟ ਨਾਲ ਹੀ ਸਰੀਰ ਵਿਚ ਜਿਵੇਂ ਤਰਾਵਟ ਆਉਣ ਲੱਗ ਪਈ ਹੈ। ਪਰ ਦਸ ਮਿੰਟ, ਪੰਦਰਾਂ ਮਿੰਟ......ਅੱਧਾ ਘੰਟਾ! ਮੋਹਨ ਦੇ ਕਮਰੇ ਵਿਚੋਂ ਅਜੇ ਤੱਕ ਵੀ ਕੋਈ ਨਹੀਂ ਨਿਕਲਿਆ। ਉਨ੍ਹਾਂ ਨੂੰ ਨਿਕਲਣ ਦੀ ਕੋਈ ਕਾਹਲੀ ਵੀ ਨਹੀਂ। ਮੋਹਨ ਨੇ ਨੌਂ ਵਜੇ ਦਫ਼ਤਰ ਜਾਣਾ ਹੁੰਦਾ ਹੈ। ਉਹ ਆਰਾਮ ਨਾਲ ਉੱਠਦੇ ਹਨ। ਕੋਈ ਕੰਮ ਵੀ ਨਹੀਂ ਹੁੰਦਾ। ਨੌਂ ਵਜੇ ਆਰਾਮ ਨਾਲ ਉਸਦਾ ਦਫਤਰ ਜਾਣਾ ਹੋ ਜਾਂਦਾ ਹੈ।

"ਮੋਹਨ.......!" ਉਸਨੇ ਮਿੰਨਤ ਕਰਨ ਵਾਂਗ ਫੇਰ ਆਵਾਜ਼ ਦਿੱਤੀ।

"ਹਾਂ।" ਰਾਧੇਸ਼ਾਮ ਨੂੰ ਲੱਗਿਆ ਜਿਵੇਂ ਉਸਦਾ ਬੇਟਾ ਕੋਠੀ ਵਿਚੋਂ ਨਾ ਬੋਲ ਰਿਹਾ ਹੋਵੇ, ਸਗੋਂ ਪਰਦੇਸ ਬੈਠਾ ਫੋਨ ਉੱਤੇ ਗੱਲ ਕਰ ਰਿਹਾ ਹੋਵੇ ਅਤੇ ਫਿਰ.......ਫ਼ੋਨ ਕੱਟ! ਉਸ ਲਈ ਤਾਂ ਲੜਕੇ ਦਾ ਕਮਰਾ ਪਰਦੇਸ ਵਾਂਗ ਹੀ ਹੈ। ਉਨ੍ਹਾਂ ਦਾ ਮਿਲਣਾ ਵੀ ਆਪਸ ਵਿਚ ਘੱਟ ਹੀ ਹੁੰਦਾ ਹੈ। ਵੱਡੀ ਕੋਠੀ ਹੈ। ਹਰ ਇਕ ਕਮਰੇ ਨਾਲ ਬਾਥਰੂਮ ਅਟੈਚ ਹੈ। ਮੋਹਨ ਆਪਣੇ ਦਫ਼ਤਰ ਜਾਣ ਲਈ ਅਤੇ ਪੋਤਾ ਸਕੂਲ ਜਾਣ ਲਈ ਕਮਰੇ ਵਿਚੋਂ ਤਿਆਰ ਹੋ ਕੇ ਹੀ ਬਾਹਰ ਨਿਕਲਦੇ ਹਨ। ਅਤੇ ਫਿਰ ਆਪੋ ਆਪਣੇ ਕੰਮਾਂ 'ਤੇ ਚਲੇ ਜਾਂਦੇ ਹਨ। ਪੋਤਾ ਦੁਪਹਿਰੇ ਸਕੂਲੋਂ ਆਉਂਦਾ ਹੈ। ਆਉਂਦਾ ਹੀ ਕਮਰੇ ਵਿਚ ਵੜ ਜਾਂਦਾ ਹੈ। ਰੋਟੀ ਖਾਣ ਦੇ ਨਾਲ ਨਾਲ ਟੀ. ਵੀ. ਦੇਖਦਾ ਹੈ। ਫਿਰ ਸੌਂ ਜਾਂਦਾ ਹੈ। ਮੋਹਨ ਸ਼ਾਮ ਨੂੰ ਹਨੇਰੇ ਹੋਏ ਹੀ ਆਉਂਦਾ ਹੈ। ਉਹ ਵੀ ਆਉਂਦਾ ਹੀ ਆਪਣੇ ਕਮਰੇ ਵਿਚ ਵੜ ਜਾਂਦਾ ਹੈ। ਉਸਦੀ ਪਤਨੀ ਸੁਨੀਤਾ ਸਾਰਾ ਦਿਨ ਕਮਰੇ ਵਿਚ ਵੜੀ ਸੁੱਤੀ ਰਹਿੰਦੀ ਹੈ ਜਾਂ ਟੀ. ਵੀ. ਦੇਖਦੀ ਰਹਿੰਦੀ ਹੈ। ਹੋਰ ਕੋਈ ਕੰਮ ਹੀ ਨਹੀਂ ਹੁੰਦਾ। ਸਫਾਈਆਂ ਵਾਲੀ ਸਫਾਈਆਂ ਕਰ ਜਾਂਦੀ ਹੈ। ਭਾਂਡੇ ਮਾਂਜਣ ਲਈ ਅੱਡ ਲੜਕੀ ਰੱਖੀ ਹੋਈ ਹੈ।

"ਬੇਟੇ, ਚਾਹ ਬਣੀ ਨੀਂ ਅਜੇ ?"

"ਸੁਨੀਤਾ ਕਨੂੰ ਨੂੰ ਤਿਆਰ ਕਰੀ ਜਾਂਦੀ ਐ। ਦਿੰਦੀ ਐ ਹੁਣੇ, ਉਹਨੂੰ ਤਿਆਰ ਕਰਕੇ।" ਫੋਨ ਫਿਰ ਕੱਟ ਹੋ ਗਿਆ।

ਰਾਧੇਸ਼ਾਮ ਚੰਗੀ ਨੌਕਰੀ ਤੋਂ ਰਿਟਾਇਰ ਹੋਇਆ ਹੈ। ਚੰਗੀ ਤਨਖਾਹ ਸੀ। ਚੰਗਾ ਪੈਸਾ ਕਮਾਇਆ ਸੀ। ਘਰ ਵਿਚ ਹਰ ਸੁੱਖ-ਸੁਵਿਧਾ ਮੁਹੱਈਆ ਹੈ। ਬੇਟੀ ਵਿਆਹੀ ਹੋਈ ਹੈ।

"ਬਾਊ ਜੀ ਨੂੰ ਚਾਹ ਦੇਤੀ ਕਿ ਨਹੀਂ ?" ਮੋਹਨ ਨੂੰ ਜਿਵੇਂ ਅਚਾਨਕ ਹੀ ਯਾਦ ਆ ਗਿਆ ਹੋਵੇ, ਉਸਨੇ ਸੁਨੀਤਾ ਨੂੰ ਪੁੱਛਿਆ। ਬੱਚੇ ਦੇ ਤਿਆਰ ਹੋਣ ਤੋਂ ਬਾਅਦ ਮੋਹਨ ਆਪ ਵੀ ਬਾਥ ਲਈ ਚਲਿਆ ਗਿਆ ਸੀ ਅਤੇ ਉਸਦੀ ਪਤਨੀ ਨਾਸ਼ਤੇ ਦੇ ਆਹਰ ਵਿਚ ਲੱਗ ਗਈ ਸੀ।

"ਕਰਦੀ ਆਂ। ਕਨੂੰ ਨੂੰ ਸਕੂਲ ਭੇਜ ਦਿਆਂ। ਥੋੜਾ ਵੀ ਨਾਸ਼ਤਾ ਤਿਆਰ ਐ, ਕਰ ਲੋ।" ਸੁਨੀਤਾ ਇੰਨਾ ਹੀ ਕਹਿੰਦੀ ਹੈ।

ਨਾਸ਼ਤਾ ਕਰਕੇ ਮੋਹਨ ਰੋਟੀ ਵਾਲਾ ਟਿਫ਼ਨ ਲੈ ਕੇ ਆਪਣੇ ਦਫ਼ਤਰ ਚਲਾ ਜਾਂਦਾ ਹੈ ਅਤੇ ਸੁਨੀਤਾ ਨਹਾਉਣ ਲਈ ਬਾਥਰੂਮ ਵਿਚ ਵੜ ਜਾਂਦੀ ਹੈ। ਬਾਊ ਜੀ ਲਈ ਚਾਹ ਕਰਨੀ ਉਹ ਸੱਚੀਂ ਹੀ ਭੁੱਲ ਗਈ ਹੈ। ਆਪ ਤਾਂ ਉਹ ਚਾਹ ਪੀਂਦੀ ਹੀ ਨਹੀਂ ਕਿ ਯਾਦ ਰਹਿ ਜਾਂਦੀ। ਰਾਧੇਸ਼ਾਮ ਵੀ ਜਾਣਦਾ ਹੈ ਕਿ ਸੁਨੀਤਾ ਚਾਹ ਬਣਾਉਣੀ ਭੁੱਲ ਹੀ ਗਈ ਹੋਵੇਗੀ। ਇਸੇ ਲਈ ਤਾਂ ਉਹ ਹਰ ਰੋਜ਼ ਆਪੇ ਹੀ ਉੱਠ ਕੇ ਚਾਹ ਬਣਾ ਲੈਂਦਾ ਹੈ।

ਰਾਧੇਸ਼ਾਮ ਕਿੰਨਾ ਖੁਸ਼ ਸੀ, ਜਦੋਂ ਉਸਨੇ ਇਸ ਵੱਡੇ ਸ਼ਹਿਰ ਵਿਚ ਮਹਿੰਗੇ ਭਾਅ ਪਲਾਟ ਲੈ ਕੇ ਆਪਣੀ ਇਹ ਕੋਠੀ ਬਣਾਈ ਸੀ। ਉਸਨੇ ਆਪਣਾ ਕੈਰੀਅਰ ਗਰਾਮ ਸੇਵਕ ਦੀ ਨਿੱਕੀ ਜਿਹੀ ਨੌਕਰੀ ਤੋਂ ਸ਼ੁਰੂ ਕੀਤਾ ਸੀ ਅਤੇ ਫੇਰ ਆਪਣੀ ਮਿਹਨਤ ਨਾਲ ਬੀ.ਡੀ.ਪੀ.ਓ. ਅਤੇ ਫੇਰ ਏ. ਡੀ. ਸੀ. ਵਿਕਾਸ ਦੀ ਗਜ਼ਟਿਡ ਨੌਕਰੀ ਤੱਕ ਪਹੁੰਚ ਗਿਆ ਸੀ। ਪੰਚਾਇਤੀ ਮਹਿਕਮਾ ਸੀ। ਤਨਖਾਹ ਤੋਂ ਕਿਤੇ ਵੱਧ ਉੱਪਰਲੀ ਆਮਦਨ ਸੀ। ਉਸਨੇ ਸ਼ਹਿਰ ਦੀ ਪੌਸ਼ ਅਤੇ ਸਭ ਤੋਂ ਮਹਿੰਗੀ ਅਫ਼ਸਰ ਕਾਲੋਨੀ ਵਿਚ ਇਕ ਪਲਾਟ ਖਰੀਦ ਲਿਆ ਸੀ।



ਉਸਨੇ ਸ਼ਹਿਰ ਵਿਚ ਆਪਣੀ ਨਵੀਂ ਕੋਠੀ ਪਾਉਣ ਬਾਰੇ ਖੁਸ਼ੀ ਨਾਲ ਜਦੋਂ ਮਾਂ ਨੂੰ ਦੱਸਿਆ ਸੀ ਤਾਂ ਮਾਂ ਨੇ ਨੇ ਦੂਹਰਾ ਕੇ ਪੁੱਛਿਆ ਸੀ, "ਕੋਠੀ ਕਿਮੇਂ, ਪੁੱਤ ?"

"ਹਾਂ ਮਾਂ, ਇਹ ਘਰ ਨੂੰ ਕੋਠੀ ਕਹਿੰਦੈ।......ਵੀਰ ਸ਼ਹਿਰ 'ਚ ਨਵਾਂ ਘਰ ਪਾ ਰਿਹੈ।" ਰਮੇਸ਼ ਨੇ ਮਾਂ ਨੂੰ ਸਮਝਾਇਆ ਸੀ। ਰਾਧੇਸ਼ਾਮ ਅਤੇ ਰਮੇਸ਼ ਦੋਵੇਂ ਭਾਈ ਹਨ। ਰਮੇਸ਼ ਕਈ ਸਾਲ ਛੋਟਾ ਹੈ ਅਤੇ ਇਕ ਸਕੂਲ ਵਿੱਚ ਸ਼ੁਰੂ ਤੋਂ ਕਲਰਕ ਸੀ ਅਤੇ ਅਖੀਰ ਤੱਕ ਕਲਰਕ ਹੀ ਰਿਹਾ।

"ਅੱਛਾ, ਅੱਛਾ! ਵਧੋ-ਫੁੱਲੋ ਭਾਈ।" ਮਾਂ ਨੇ ਚਾਅ ਨਾਲ ਵਧਾਈ ਦਿੰਦਿਆਂ ਕਿਹਾ ਸੀ, "ਖੁੱਲ੍ਹਾ-ਡੁੱਲ੍ਹਾ ਘਰ ਪਾਈਂ, ਪੁੱਤ! ਵੱਡਾ ਸਾਰਾ ਵਿਹੜਾ ਰੱਖੀਂ।"

"ਵਿਹੜਾ.......!" ਮਾਂ ਦੀ ਗੱਲ ਉੱਤੇ ਰਾਧੇਸ਼ਾਮ ਦੀ ਹਾਸੀ ਨਿਕਲ ਗਈ ਸੀ, "ਕੋਠੀਆਂ 'ਚ ਵਿਹੜਾ-ਵੂਹੜਾ ਨੀਂ ਹੁੰਦਾ, ਮਾਂ।"

"ਨਾ ਭਾਈ, ਵਿਹੜਾ ਤਾਂ ਜ਼ਰੂਰ ਰੱਖੀਂ। ਵਿਹੜੇ ਤੋਂ ਬਿਨਾਂ ਤਾਂ ਕਾਹਦਾ ਘਰ ਹੁੰਦੈ.......।"

ਰਮੇਸ਼ ਨੇ ਫਿਰ ਸਮਝਾਇਆ ਸੀ, "ਜਿਮੇਂ ਆਪਣੇ ਸਰਦਾਰਾਂ ਨੇ ਪਾਇਐ।"

"ਉਹੋਜਾ........?"

"ਹਾਂ।"

ਨਾ ਭਾਈ, ਦੇਖੀਂ ਕਿਤੇ......ਉਹਨਾਂ ਦਾ ਕੋਈ ਘਰ ਐ। ਮੇਰਾ ਤਾਂ ਉਹਨਾਂ ਦੇ ਜਾ ਕੇ ਊਈਂ ਸਾਂਹ ਘੁੱਟਦੈ। ਨਾ ਵਿਹੜਾ, ਨਾ ਖੁੱਲ੍ਹੀ ਥਾਂ। ਸਾਰੀ ਥਾਂ ਛੱਤ ਰੱਖੀ ਐ। ਸਾਰੇ ਆਪੋ ਆਪਦੇ ਕਮਰੇ 'ਚ ਵੜ ਕੇ ਬੈਠ ਜਾਂਦੇ ਐ ਤੇ ਸਰਦਾਰਨੀ ਬਿਚਾਰੀ ਭੂੰਨ ਪੱਥਰਾਂ ਮਾਂਗੂੰ ਬੈਠੀ ਰਹਿੰਦੀ ਐ, 'ਕੱਲੀ ਜਣੀ।"

ਰਾਧੇ ਸ਼ਾਮ ਮਾਂ ਦੀ ਗੱਲ ਉੱਤੇ ਫਿਰ ਹੱਸ ਪਿਆ ਸੀ।

"ਵਿਹੜਾ ਤਾਂ ਜ਼ਰੂਰ ਰੱਖੀਂ, ਬਿੱਲਿਆ!......ਇਕ ਨਿੰਮ ਬੀਜ ਲੀਂ, ਇਕ ਟਾਹਲੀ ਬੀਜ ਲੀਂ। ਦਰਖ਼ਤ ਤਾਂ ਘਰ ਪਾਉਣ ਤੋਂ ਪਹਿਲਾਂ ਈ ਬੀਜ ਦੀਂ, ਘਰ ਪਾਉਂਦੇ-ਪਾਉਂਦੇ ਵੱਡੇ ਹੋ ਜਾਣਗੇ। ਗਰਮੀਆਂ 'ਚ ਫਰਨ-ਫਰਨ ਹਵਾ ਵਗਦੀ ਐ ਦਰਖ਼ਤ ਥੱਲੇ, ਪੱਖੇ ਦੀ ਵੀ ਲੋੜ ਨੀਂ ਰਹਿੰਦੀ।'

"ਮਾਂ, ਅੱਜ ਕੌਣ ਰੱਖਦੈ ਵਿਹੜੇ, ਨਾਲੇ ਕੌਣ ਨਿੰਮ ਬੀਜਦੈ.......!" ਰਾਧੇਸ਼ਾਮ ਫਿਰ ਮੁਸਕਰਾ ਪਿਆ ਸੀ, ਜਿਵੇਂ ਉਸਨੇ ਮਾਂ ਦੀ ਗੱਲ ਦਾ ਮਜ਼ਾਕ ਉਡਾਇਆ ਹੋਵੇ।

ਕੋਠੀ ਦੇ ਕਮਰੇ ਵਿਚ ਬੈਠੇ ਰਾਧੇਸ਼ਾਮ ਨੂੰ ਮਾਂ ਦੀ ਗੱਲ ਯਾਦ ਆਈ। ਪਿੰਡ ਵਿਚ ਉਨ੍ਹਾਂ ਦਾ ਇਹੋ ਜਿਹਾ ਹੀ ਖੁੱਲ੍ਹਾ-ਡੁੱਲ੍ਹਾ ਘਰ ਹੈ। ਵਿਚਕਾਰ ਖੁੱਲ੍ਹਾ ਵਿਹੜਾ ਹੈ। ਵਿਹੜੇ ਵਿਚ ਨਿੰਮ ਲੱਗਿਆ ਹੋਇਆ ਹੈ। ਉਹ ਆਪ ਅਤੇ ਆਂਢ-ਗੁਆਂਢ ਦੇ ਵੀ ਕਈ ਬੱਚੇ ਇਕੱਠੇ ਹੋ ਕੇ ਸਾਰਾ ਦੁਪਹਿਰਾ ਉਹ ਨਿੰਮ ਥੱਲੇ ਖੇਡਦੇ ਰਹਿੰਦੇ ਸਨ। ਨਿੰਮ ਉੱਤੇ ਪੀਂਘ ਪਾ-ਪਾ ਝੂਟਦੇ ਸਨ। ਜਦੋਂ ਨਿੰਮ ਨੂੰ ਨਮੋਲੀਆਂ ਲੱਗ ਜਾਂਦੀਆਂ, ਤਾਂ ਮਾਂ ਪੀਲੀਆਂ-ਪੀਲੀਆਂ ਨਮੋਲੀਆਂ ਚੁਕ-ਚੁਕ ਕੇ ਸਾਫ਼ ਕਰਕੇ, ਉਨ੍ਹਾਂ ਨੂੰ ਦਿੰਦੀ ਕਹਿੰਦੀ ਹੁੰਦੀ ਸੀ, "ਲੈ ਰਾਧੇ, ਖਾ ਲੈ ਪੁੱਤ! ਲੈ ਮੇਸ਼ੀ......। ਨਮੋਲੀਆਂ ਤਾਂ ਬਲਾਈਂ ਚੰਗੀਆਂ ਹੁੰਦੀਐਂ। ਫੋੜਾ-ਫੁੰਸੀ ਨੀਂ ਹੁੰਦੀ।" ਨਾਲ ਹੀ ਮਾਂ ਆਪ ਨਮੋਲੀਆਂ ਚੂਸਦੀ ਰਹਿੰਦੀ। ਕਈ ਵਾਰੀ ਮਾਂ ਨਮੋਲੀਆਂ ਇਕੱਠੀਆਂ ਕਰਕੇ ਆਪਣੇ ਮੰਜੇ ਉੱਤੇ ਧਰ ਲੈਂਦੀ ਸੀ। ਫਿਰ ਬੱਚੇ ਉਸ ਕੋਲ ਆਉਂਦੇ ਅਤੇ ਆਪਣੀ ਕਾਪੀ ਵਿਚੋਂ ਕਾਗਜ਼ ਪੁੱਟ ਕੇ ਮਾਂ ਨੂੰ ਕਹਿੰਦੇ, "ਲੈ ਭਾਈ, ਸਾਨੂੰ ਰੁਪਈਏ ਦੇ ਅੰਬ ਦੇ ਦੇ। ਮਾਂ ਹੱਸਦੀ-ਹੱਸਦੀ ਉਨ੍ਹਾਂ ਤੋਂ ਕਾਗਜ਼ ਦਾ ਟੁਕੜਾ ਫੜ ਕੇ ਗੀਝੇ ਵਿਚ ਪਾ ਲੈਂਦੀ ਅਤੇ ਉਨ੍ਹਾਂ ਨੂੰ ਦੋ-ਦੋ, ਚਾਰ-ਚਾਰ ਨਮੋਲੀਆਂ ਦੇ ਦਿੰਦੀ ਸੀ। ਬੱਚੇ ਕੁਦਾੜੀਆਂ ਮਾਰਦੇ ਨਮੋਲੀਆਂ ਚੂਸਦੇ ਰਹਿੰਦੇ ਸਨ। ਉਨ੍ਹਾਂ ਦਾ ਮੂੰਹ ਸੁਆਦ ਨਾਲ ਭਰ ਜਾਂਦਾ ਸੀ। ਫਿਰ ਕੋਈ ਨਾ ਕੋਈ ਬੱਚਾ ਆ ਕੇ ਮਾਂ ਨੂੰ ਕਹਿ ਦਿੰਦਾ ਸੀ, "ਭਾਈ, ਤੇਰਾ ਆਹ ਅੰਬ ਤਾਂ ਕੌੜੈ। ਮੈਨੂੰ ਹੋਰ ਦੇ ਦੇ।" ਮਾਂ ਉਸਨੂੰ ਹੋਰ ਨਮੋਲੀਆਂ ਦੇ ਦਿੰਦੀ ਸੀ।

"ਵਿਹੜੇ ਤੋਂ ਬਿਨਾਂ ਕੀ ਬਣਦੈ ਘਰ ਦਾ?.....ਨਾ ਮੀਂਹ ਪੈਂਦੈ, ਨਾ ਹਵਾ ਆਉਂਦੀ ਐ.......ਜੁਆਕ ਕਿੱਥੇ ਖੇਡਣਗੇ?......ਕੋਈ ਵਿਆਹ ਸਾਹੈ, ਦੁਖਦਾ-ਸੁਖਦੈ.......!"

ਉਸਨੂੰ ਯਾਦ ਆ ਰਿਹਾ ਸੀ, ਜਦੋਂ ਰਾਤ ਹੋ ਜਾਂਦੀ ਤਾਂ ਉਨ੍ਹਾਂ ਦਾ ਬਾਪੂ ਵਿਹੜੇ ਵਿਚ ਪਾਣੀ ਦੀ ਬਲਟੀ ਛਿੜਕ ਦਿੰਦਾ। ਫਿਰ ਸਾਰਾ ਟੱਬਰ ਕੋਲ-ਕੋਲ ਮੰਜੇ ਡਾਹ ਲੈਂਦਾ ਸੀ। ਕੋਈ ਪੱਖਾ ਨਹੀਂ ਹੁੰਦਾ ਸੀ, ਫਿਰ ਵੀ ਗਰਮੀ ਦਾ ਪਤਾ ਨਹੀਂ ਲੱਗਦਾ ਸੀ। ਬਾਪੂ ਆਪਣੇ ਮੰਜੇ ਉੱਤੇ ਬਹਿ ਕੇ ਬਾਬੇ ਨਾਨਕ ਦੀ ਜਨਮ ਸਾਖੀ ਪੜ੍ਹਨ ਲੱਗ ਜਾਂਦਾ। ਮਾਂ ਅਤੇ ਸਾਰੇ ਬੱਚੇ ਬਾਪੂ ਦੇ ਮੰਜੇ ਉੱਤੇ ਇਕੱਠੇ ਹੋ ਜਾਂਦੇ ਸਨ। ਜਨਮ ਸਾਖੀ ਸੁਨਣ ਦਾ ਬੜਾ ਮਜ਼ਾ ਆਉਂਦਾ ਸੀ। ਫਿਰ ਸਾਰੇ ਬੱਚੇ ਇਕੋ ਹੀ ਮੰਜੇ ਉੱਤੇ ਘੁਸੜਨ ਲਈ ਆਪਸ ਵਿਚ ਲੜਦੇ-ਝਗੜਦੇ ਸਨ। ਕੋਈ ਬਾਪੂ ਦੇ ਢਿੱਡ ਉੱਤੇ ਲਿਟਦਾ ਅਤੇ ਕੋਈ ਮਾਂ ਨਾਲ ਉਸਦੇ ਮੰਜੇ ਉੱਤੇ ਪੈ ਜਾਂਦਾ ਸੀ। ਮਾਂ ਜਾਂ ਬਾਪੂ ਨਾਲ ਸੌਣ ਲਈ ਸਾਰੇ ਬੱਚੇ ਝਗੜ ਪੈਂਦੇ ਸਨ।

ਰਾਧੇਸ਼ਾਮ ਨੂੰ ਮਾਂ ਦੀ ਗੱਲ ਸੱਚ ਲੱਗ ਰਹੀ ਸੀ। ਉਸਦੀ ਕੋਠੀ ਵਿਚ ਨਾ ਵਿਹੜਾ ਹੈ, ਨਾ ਨਿੰਮ ਅਤੇ ਮੰਜੇ ਹਨ। ਡਬਲ ਬੈਡ ਹਨ, ਕਮਰਿਆਂ ਵਿਚ ਸਦਾ ਲਈ ਲੱਗੇ ਲਗਾਏ। ਨਾ ਗਰਮੀਆਂ ਵਿਚ ਬਾਹਰ ਕੱਢਦੇ ਹਨ ਅਤੇ ਨਾ ਸਰਦੀਆਂ ਵਿਚ ਅੰਦਰ। ਆਥਣ ਹੁੰਦੇ ਹੀ ਸਾਰੇ ਆਪੋ ਆਪਣੇ ਕਮਰੇ ਵਿਚ ਜਾ ਵੜਦੇ ਹਨ। ਟੀ. ਵੀ. ਲਾ ਲੈਂਦੇ ਹਨ। ਫਿਰ ਇਕ-ਦੂਸਰੇ ਕਮਰੇ ਵਿਚ ਬੇਸ਼ਕ ਕੁਛ ਹੁੰਦਾ ਰਹੇ। ਕਿਸੇ ਨੂੰ ਕਿਸੇ ਨਾਲ ਜਿਵੇਂ ਕੋਈ ਵਾਸਤਾ ਹੀ ਨਾ ਹੋਵੇ। ਜੇ ਕੋਈ ਕਿਸੇ ਨੂੰ ਬੁਲਾ ਵੀ ਲਵੇ ਤਾਂ ਇੰਜ ਬੋਲਦੇ ਹਨ ਜਿਵੇਂ ਪਰਦੇਸੋਂ ਫੋਨ 'ਤੇ ਹੀ ਗੱਲ ਕਰਦੇ ਹੋਣ......ਤੇ ਫੇਰ ਕੱਟ! ਜਿਵੇਂ ਸਭ ਅੱਡੋ-ਫਾਟੀ ਹੋਣ।

ਕੋਠੀ ਦੇ ਮਹੂਰਤ ਵੇਲੇ ਉਸਨੇ ਮਾਂ ਨੂੰ ਬੁਲਾਇਆ ਸੀ। ਉਸਨੂੰ ਵੀ ਪੁੱਤ ਦੇ ਨਵੇਂ ਘਰ ਦਾ ਚਾਅ ਸੀ। ਰਾਧੇਸ਼ਾਮ ਨੇ ਚਾਈਂ-ਚਾਈਂ ਮਾਂ ਨੂੰ ਦੱਸਿਆ ਸੀ, "ਮਾਂ, ਇਹ ਮੋਹਨ ਦਾ ਕਮਰੈ, ਇਹ ਬੇਟੀ ਅਣੂ ਦਾ ਤੇ ਇਹ ਸਾਡਾ ਕਮਰੈ।" ਸਾਡੇ ਤੋਂ ਭਾਵ ਉਹ ਤੇ ਉਸਦੀ ਘਰ ਵਾਲੀ ਸੀ।

"ਤੂੰ ਤਾਂ ਭਾਈ, ਹੁਣੇ ਤੋਂ ਵੰਡੀਆਂ ਪਾਤੀਆਂ ਸਭ ਦੀਆਂ.......।" ਮਾਂ ਬੋਲੀ ਸੀ ਪਰ ਰਾਧੇਸ਼ਾਮ ਉਸਦੀ ਗੱਲ ਨੂੰ ਅਣਸੁਣੀ ਕਰਕੇ ਖਿੜ-ਖਿੜ ਕਰਕੇ ਹੱਸ ਪਿਆ ਸੀ।

ਉਸਨੇ ਸੋਚਿਆ, ਆਪਣੇ ਪਰਿਵਾਰ ਵਿੱਚ ਵੰਡੀਆਂ ਤਾਂ ਸੱਚਮੁੱਚ ਉਸ ਨੇ ਉਸ ਦਿਨ ਹੀ ਪਾ ਦਿੱਤੀਆਂ ਸਨ।

ਮਾਂ ਉਨ੍ਹਾਂ ਕੋਲ ਇਕ ਰਾਤ ਹੀ ਮਸਾਂ ਰਹਿ ਸਕੀ ਸੀ। ਦੂਸਰੇ ਦਿਨ ਸਵੇਰੇ ਹੀ ਕਹਿਣ ਲੱਗੀ ਸੀ, "ਰਾਧੇ, ਮੈਨੂੰ ਤਾਂ ਪੁੱਤ ਪਿੰਡ ਈ ਛੱਡ ਆ। ਮੇਰਾ ਨੀਂ ਏਥੇ ਜੀਅ ਲੱਗਦਾ।" ਰਾਧੇਸ਼ਾਮ ਨੇ ਬਹੁਤ ਜ਼ੋਰ ਲਾਇਆ ਸੀ, ਸੁਨੀਤਾ ਨੇ ਵੀ ਬਹੁਤ ਕਿਹਾ ਸੀ, ਪਰ ਮਾਂ ਨਹੀਂ ਮੰਨੀ ਸੀ, "ਨਾ ਭਾਈ, ਤੁਸੀਂ ਤਾਂ ਸਾਰੇ ਆਵਦੇ-ਆਵਦੇ ਕਮਰਿਆਂ 'ਚ ਜਾ ਵੜ੍ਹਦੇ ਓਂ, ਬੈਠੇ ਝਾਕੀ ਜਾਓ ਸੱਤ ਬਗਾਨਿਆਂ ਮਾਂਗੂੰ। ਰਾਤ-ਬਰਾਤੇ ਕਿਸੇ ਨੂੰ ਕਾਸੇ ਦੀ ਲੋੜ ਪੈਜੇ, ਬੋਲ ਮਾਰ ਮਾਰ ਕਮਲਾ ਹੋਜੇ ਬੰਦਾ, ਕਿਸੇ ਨੂੰ ਬੋਲ ਕੀ ਸੁਣਦੈ, ਕਮਰੇ 'ਚ ਪਏ ਨੂੰ।.......ਅਸੀਂ ਤਾਂ ਅਜੇ ਵੀ ਓਥੇ ਸਾਰੇ ਜਣੇ 'ਕੱਠੇ ਪੈਨੇਂ ਆਂ। ਉਹ ਮੇਸ਼ੀ ਦਾ ਮੁੰਡਾ ਤਾਂ ਅੱਧੀ ਰਾਤ ਤਾਈਂ ਮੇਰੀਆਂ ਟੰਗਾਂ ਨਾਲ ਈ ਚੁੰਬੜਿਆ ਰਹਿੰਦੈ। ਕਹੂ, ਦਾਦੀ ਝੂਟੇ ਦੇ। ਕਦੇ ਕਹੂ ਕਹਾਣੀ ਸੁਣਾ।.......ਸਾਰਾ ਦਿਨ ਵਿਹੜੇ 'ਚ ਜੁਆਕ ਮੇਰੇ ਕੋਲ ਖੇਡਦੇ ਰਹਿੰਦੇ ਐ। ਬਦੋਬਦੀ ਜੀਅ ਲੱਗਦੈ। ਐਥੇ ਤਾਂ ਬੈਠੇ ਰਹੋ ਸੁੰਨਿਆਂ ਮਾਂਗੂੰ। ਓਥੇ ਤਾਂ ਮੇਸ਼ੀ ਮੇਰਾ ਬਿੰਦ ਵਸਾਹ ਨੀਂ ਕਰਦਾ। ਰਾਤ ਨੂੰ ਮਾੜਾ ਜ੍ਹਾ ਪਾਸਾ ਵੀ ਲੈ ਲਾਂ, ਓਦੀਂ ਉੱਠ ਬੈਠੂ। ਕਹੂ, ਮਾਂ ਕੀ ਹੋ ਗਿਆ ਤੈਨੂੰ?"

"ਕੋਠੀਆਂ 'ਚ ਤਾਂ ਐਂ ਈਂ ਹੁੰਦੈ, ਮਾਂ।"

"ਨਾ ਭਾਈ, ਮੈਨੂੰ ਤਾਂ ਧੇਲੇ ਦੀ ਨੀਂ ਲੱਗੀ ਥੋਡੀ ਕੋਠੀ-ਕੂਠੀ, ਭਾਮੇਂ ਥੋਨੂੰ ਗੁੱਸਾ ਈ ਲੱਗੇ। ਨਾ ਹਾਸਾ ਨਾ ਠੱਠਾ, ਨਾ ਜੁਆਕਾਂ ਦੀ ਰੌਣਕ! ਵਿਹੜੇ 'ਚ ਜੁਆਕ ਖੇਡਦੇ ਹੋਣ ਤਾਂ ਘਰ ਭਰਿਆ-ਭਰਿਆ ਲੱਗਦੈ। ਥੋਡੀ ਕੋਠੀ ਤਾਂ ਐਂ ਲੱਗਦੀ ਐ, ਜਿਵੇਂ ਜਮਾਂ ਸੁੰਨੀ ਹੋਵੇ, ਕੋਈ ਜੀਅ-ਪਰਿੰਦਾ ਨਾ ਰਹਿੰਦਾ ਹੋਵੇ।"

ਰਾਧੇਸ਼ਾਮ ਨੇ ਸੋਚਿਆ, ਉਨ੍ਹਾਂ ਦੇ ਪਿੰਡ ਵਾਲੇ ਘਰ ਵਿਚ ਤਾਂ ਜੋ ਇਕ ਕੋਠਾ ਸੀ, ਸਭ ਦਾ ਸਾਂਝਾ ਸੀ। ਸਿਆਲਾਂ ਵਿਚ ਸਾਰੇ ਰਾਤ ਨੂੰ ਉੱਥੇ ਇਕੱਠੇ ਹੀ ਬਹਿੰਦੇ, ਸੌਂਦੇ ਹਨ। ਮਾਂ ਵੀ, ਅਤੇ ਸਾਰੇ ਬੱਚੇ ਵੀ। ਜਦੋਂ ਬਾਪੂ ਜਿਉਂਦਾ ਸੀ, ਉਹ ਵੀ ਉੱਥੇ ਹੀ ਸੌਂਦਾ ਸੀ। ਕੋਈ ਆਉਂਦਾ ਹੈ, ਤਾਂ ਉਸੇ ਕੋਠੇ



ਵਿਚ ਬਹਿੰਦਾ-ਉੱਠਦਾ ਹੈ। ਵੱਡੀ ਰਾਤ ਤੱਕ ਸਾਰੇ ਗੱਲਾਂ ਕਰਦੇ ਰਹਿੰਦੇ ਹਨ। ਨਾ ਕਮਰਾ ਵੰਡਿਆ ਹੋਇਆ ਹੈ ਅਤੇ ਨਾ ਹੀ ਮਨ! ਉਹ ਕਮਰੇ ਦੀ ਸਾਂਝ ਹੀ ਸਭ ਦੇ ਮਨਾਂ ਦੀ ਸਾਂਝ ਬਣੀ ਹੋਈ ਹੈ।

"ਬਾਊ ਜੀ, ਲਓ ਚਾਹ।" ਸੁਨੀਤਾ ਨੇ ਰਾਧੇਸ਼ਾਮ ਦੀ ਬਿਰਤੀ ਤੋੜ ਦਿੱਤੀ, "ਮੈਂ ਤਾਂ ਭੁੱਲ ਈ ਗਈ ਸੀ।.......ਉਹਨਾਂ ਨੂੰ ਦਫ਼ਤਰ ਤੋਰ ਕੇ ਨਾਉਣ ਲੱਗ ਗੀ।" ਸੁਨੀਤਾ ਨੇ ਚਾਹ ਦਾ ਗਲਾਸ ਰਾਧੇਸ਼ਾਮ ਨੂੰ ਫੜਾ ਦਿੱਤਾ।

"ਕੋਈ ਨੀਂ, ਬੇਟੇ!" ਰਾਧੇਸ਼ਾਮ ਨੇ ਕੱਚਾ ਜਿਹਾ ਹੁੰਦਿਆਂ ਚਾਹ ਫੜ ਲਈ। ਪਰ ਉਸਨੂੰ ਲੱਗਿਆ ਕਿ ਚਾਹ ਤਾਂ ਜਿਵੇਂ ਠੰਡੀ ਯਖ਼ ਪਈ ਹੈ। ਉਸਨੇ ਚਾਹ ਦੀਆਂ ਘੁੱਟਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ ਪਰ ਉਸਨੂੰ ਚਾਹ ਦਾ ਸੁਆਦ ਨਹੀਂ ਆਇਆ। ਚਾਹ ਪੀ ਕੇ ਉਸਦੇ ਮਨ ਨੂੰ ਕਰਾਰ ਜਿਹਾ ਨਹੀਂ ਆਇਆ।

ਉਸਨੂੰ ਮਾਂ ਦਾ ਕਿਹਾ ਠੀਕ ਲੱਗਿਆ। ਉਸਦੇ ਮੁਹੱਲੇ ਵਿਚ ਤਾਂ ਸਾਰੀਆਂ ਕੋਠੀਆਂ ਹੀ ਹਨ। ਘਰ ਤਾਂ ਇਕ ਵੀ ਨਹੀਂ ਹੈ। ਵਿਹੜਾ ਵੀ ਕਿਸੇ ਦੇ ਨਹੀਂ। ਕਿਸੇ ਦੇ ਨਿੰਮ ਵੀ ਨਹੀਂ। ਬੱਚੇ ਇਕੱਠੇ ਹੋ ਕੇ ਵਿਹੜਿਆਂ ਵਿਚ ਖੇਡਦੇ ਵੀ ਨਹੀਂ। ਕੋਈ ਬੰਦਾ ਗਲੀ ਵਿਚ ਵੀ ਨਹੀਂ ਨਿਕਲਦਾ। ਉਸਦੀ ਮਾਂ ਤਾਂ ਹਰ ਇਕ ਆਏ-ਗਏ ਨੂੰ ਹੁੱਬ ਕੇ ਦੱਸਦੀ ਮਾਣ ਮਹਿਸੂਸ ਕਰਿਆ ਕਰਦੀ ਸੀ ਕਿ ਉਨ੍ਹਾਂ ਦੇ ਘਰ ਦਾ ਕਦੇ ਬੂਹਾ ਬੰਦ ਨਹੀਂ ਹੋਇਆ। ਪਰ ਇੱਥੇ ਤਾਂ ਸਭ ਦੇ ਬੂਹੇ ਹਰ ਵੇਲੇ ਹੀ ਬੰਦ ਰਹਿੰਦੇ ਹਨ, ਦਿਨੇ ਵੀ ਅਤੇ ਰਾਤ ਨੂੰ ਵੀ। ਸਭ ਆਪੋ ਆਪਣੇ ਅੰਦਰ ਵੜੇ ਰਹਿੰਦੇ ਹਨ। ਕਿਸੇ ਨਾਲ ਕਿਸੇ ਦਾ ਕੋਈ ਮਤਲਬ ਨਹੀਂ। ਸਾਰਾ ਦਿਨ ਅੰਦਰ ਵੜੇ ਪਤਾ ਨਹੀਂ ਕੀ ਕਰਦੇ ਰਹਿੰਦੇ ਹਨ?

ਰਾਧੇ ਸ਼ਾਮ ਨੂੰ ਯਾਦ ਆਇਆ -- ਪਿੰਡ ਵਿਚ ਉਨ੍ਹਾਂ ਦੀ ਛੋਟਾ ਸਿੰਘ ਨਾਲ ਘਰ ਦੀ ਸਾਂਝੀ ਕੰਧ ਹੈ। ਉਹ ਪੰਡਤ ਹਨ। ਛੋਟਾ ਸਿੰਘ ਪੰਚਾਇਤ ਸਕੱਤਰ ਸੀ, ਪਰ ਉਹ ਸਾਰੇ ਉਸਨੂੰ ਚਾਚਾ ਕਹਿੰਦੇ ਸਨ। ਦੂਸਰੇ ਪਾਸੇ ਮਨੋਹਰ ਖੱਤਰੀ ਦਾ ਘਰ ਹੈ। ਉਸਨੂੰ ਵੀ ਉਹ ਚਾਚਾ ਕਹਿੰਦੇ ਸਨ। ਅਰੋੜਿਆਂ, ਬਾਣੀਆਂ ਤੇ ਜਿਮੀਂਦਾਰਾਂ ਦੇ ਵੀ ਕਈ ਘਰ ਹਨ। ਸਭ ਨੂੰ ਉਹ ਚਾਚਾ ਕਹਿ ਕੇ ਹੀ ਸੱਦਦੇ ਸਨ। ਵੱਡੀ ਰਾਤ ਤੱਕ ਮੁਹੱਲੇ ਦੇ ਸਾਰੇ ਬੰਦੇ ਇਕੱਠੇ ਹੋਏ ਬੈਠੇ ਗੱਲਾਂ ਮਾਰਦੇ ਰਹਿੰਦੇ ਸਨ। ਕਿਸੇ ਦੇ ਦੁਖ-ਸੁਖ ਵਿਚ ਇਕਦਮ ਇਕੱਠੇ ਹੋ ਜਾਂਦੇ ਸਨ, ਜਿਵੇਂ ਸਾਰਾ ਮੁਹੱਲਾ ਹੀ ਇਕ ਘਰ ਹੋਵੇ, ਸਾਰੇ ਲੋਕ ਇਕੋ ਪਰਿਵਾਰ ਦੇ ਮੈਂਬਰ ਹੋਣ। ਪਰ ਹੁਣ ਉਸਦੀ ਕੋਠੀ ਹੀ ਜਿਵੇਂ ਇਕ ਪੂਰਾ ਮੁਹੱਲਾ ਬਣੀ ਹੋਈ ਹੋਵੇ। ਕੋਠੀ ਦਾ ਹਰ ਕਮਰਾ ਇਕ ਵੱਖਰਾ ਘਰ ਹੋਵੇ। ਉਸਦਾ ਲੜਕਾ ਮੋਹਨ ਪੂਰਾ ਮੁਹੱਲਾ ਬਣੀ ਕੋਠੀ ਦੇ ਇਕ ਵੱਖਰੇ ਘਰ ਵਿਚ ਆਪਣੇ ਪਰਿਵਾਰ ਸਹਿਤ ਰਹਿ ਰਿਹਾ ਹੋਵੇ। ਉਹ ਆਪ ਵੀ ਆਪਣੇ ਕਮਰੇ ਵਿਚ ਨਹੀਂ, ਸਗੋਂ ਇਕ ਵੱਖਰੇ ਘਰ ਵਿਚ ਰਹਿ ਰਿਹਾ ਹੋਵੇ।

ਕਈ ਸਾਲ ਪਹਿਲਾਂ ਉਹ ਮਾਂ ਨੂੰ ਮਿਲਣ ਲਈ ਪਿੰਡ ਗਿਆ ਸੀ। ਮਾਂ ਨੂੰ ਮਿਲਣ ਲਈ ਉਸਦਾ ਮਨ ਉੱਠ ਖੜ੍ਹਿਆ ਸੀ। ਉਸਦਾ ਜੀਅ ਕੀਤਾ ਕਿ ਉਹ ਮੁੜ ਨਿੱਕਾ ਜਿਹਾ ਰਾਧੇ ਬਣ ਜਾਵੇ। ਮਾਂ ਤੋਂ ਰੁਪਈਏ ਦੇ ਅੰਬ ਲੈ ਕੇ ਖਾਵੇ। ਜਦੋਂ ਉਹ ਪਿੰਡ ਪਹੁੰਚਿਆ ਸੀ ਤਾਂ ਮਾਂ ਪਹਿਲਾਂ ਵਾਂਗ ਹੀ ਨਿੰਮ ਥੱਲੇ ਮੰਜਾ ਡਾਹੀ ਪਈ ਸੀ। ਛੋਟੇ ਭਾਈ ਰਮੇਸ਼ ਦੇ ਨਿੱਕੇ-ਨਿਆਣੇ ਮਾਂ ਕੋਲ ਵਿਹੜੇ ਵਿਚ ਖੇਡੀ ਜਾ ਰਹੇ ਸਨ। ਮਾਂ ਉਨ੍ਹਾਂ ਨੂੰ ਦੇਖ-ਦੇਖ ਖੁਸ਼ ਹੋ ਰਹੀ ਸੀ। ਪਰ ਮਾਂ ਬਹੁਤ ਕਮਜ਼ੋਰ ਹੋ ਗਈ ਸੀ। ਉਮਰ ਦਾ ਤਕਾਜ਼ਾ! ਉਸਨੂੰ ਘਰੇ ਆਇਆ ਦੇਖ ਮਾਂ ਕਾਹਲੀ ਨਾਲ ਉੱਠ ਖੜੋਤੀ। ਪੁੱਤ ਨੂੰ ਘਰੇ ਆਇਆ ਦੇਖ ਉਸਦੀਆਂ ਵਾਛਾਂ ਖਿੜ ਗਈਆਂ। ਉਹ ਮਾਂ ਕੋਲ ਮੰਜੇ ਉੱਤੇ ਹੀ ਬੈਠ ਗਿਆ। ਉਹ ਜਿਵੇਂ ਕੰਧਾਂ ਦੀ ਵਲਗਣ ਤੋਂ ਆਜ਼ਾਦ ਖੁੱਲ੍ਹੇ ਅਸਮਾਨ ਥੱਲੇ ਆ ਗਿਆ ਹੋਵੇ, ਸਭ ਕੁਝ ਤਰੋ-ਤਾਜ਼ਾ! ਮਾਂ ਨੇ ਉਸਦਾ ਸਿਰ ਪਲੂਸਿਆ, ਅਸੀਸਾਂ ਦਿੱਤੀਆਂ। ਛੋਟੀ ਭਰਜਾਈ ਨੂੰ ਚਾਅ ਚੜ੍ਹ ਗਿਆ ਸੀ। ਉਹ ਭੱਜੀ-ਭੱਜੀ ਫਿਰ ਰਹੀ ਸੀ। ਬੱਚੇ ਤਾਇਆ ਜੀ ਦੀਆਂ ਟੰਗਾਂ ਨਾਲ ਚੁੰਬੜ ਗਏ ਸਨ। ਹੁਣ ਵੀ ਜਦੋਂ ਕਿਤੇ ਉਸਨੂੰ ਪਿੰਡ ਗਏ ਨੂੰ ਪੁਰਾਣੇ ਬੰਦੇ ਮਿਲ ਜਾਂਦੇ ਹਨ ਤਾਂ ਪੂਰੇ ਮਾਣ-ਤਾਣ ਅਤੇ ਪਿਆਰ ਨਾਲ ਪੁੱਛਦੇ ਹਨ, "ਕਿਮੇਂ ਐਂ, ਭਤੀਜ?" ਜਿਵੇਂ ਪੁੱਤ-ਪੋਤਿਆਂ ਵਾਲਾ ਹੋ ਕੇ ਵੀ ਉਹ ਉਨ੍ਹਾਂ ਲਈ ਅਜੇ ਪਹਿਲਾਂ ਵਾਲਾ ਛੋਟਾ ਜਿਹਾ ਰਾਧਾ ਹੀ ਹੋਵੇ। ਪੂਰੇ ਟੱਬਰ ਦਾ ਹਾਲ-ਚਾਲ ਪੁੱਛਦੇ ਹਨ, ਦੁਖ-ਸੁਖ

ਸਾਂਝਾ ਕਰਦੇ ਹਨ। ਪਰ ਉਸਦੀ ਕੋਠੀ ਵਿਚ ਤਾਂ ਜਦੋਂ ਵੀ ਕੋਈ ਆਉਂਦਾ ਹੈ, ਬੱਸ ਇਕ ਵਾਰੀ 'ਅੰਕਲ ਜੀ' ਕਹਿ ਕੇ ਫੇਰ ਸੱਤ ਬਗਾਨਿਆਂ ਵਾਂਗ ਆਪੋ-ਆਪਣੇ ਕਮਰੇ ਵਿਚ ਵੜ ਜਾਂਦੇ ਹਨ 'ਅੰਕਲ ਜੀ' ਕਹਿਣ ਤੋਂ ਪਤਾ ਹੀ ਨਹੀਂ ਲੱਗਦਾ ਕਿ ਉਹ ਮਾਮਾ ਹੈ ਚਾਚਾ ਜਾਂ ਤਾਇਆ ਜਾਂ ਮਾਸੜ! ਉਸਦੀ ਕੋਠੀ ਵਿਚ ਤਾਂ ਕੀ, ਪੂਰੇ ਮੁਹੱਲੇ ਵਿਚ ਅਜਿਹਾ ਕੁਝ ਵੀ ਨਹੀਂ ਹੈ। ਕੋਈ ਆਵੇ, ਜਾਵੇ, ਕਿਸੇ ਨੂੰ ਕੋਈ ਮਤਲਬ ਨਹੀਂ। ਦਾਦੀ ਆਵੇ ਜਾਂ ਚਾਚਾ, ਰਿਸ਼ਤਿਆਂ ਦੇ ਕੋਈ ਬਹੁਤੇ ਮਾਇਨੇ ਨਹੀਂ। ਬੱਸ ਇਕ ਔਪਚਾਰਿਕਤਾ! ਕੋਈ ਰਾਧੇ ਸ਼ਾਮ ਨੂੰ ਯਾਦ ਆਇਆ -- ਪਿੰਡ ਵਿਚ ਉਨ੍ਹਾਂ ਦੀ ਛੋਟਾ ਸਿੰਘ ਨਾਲ ਘਰ ਦੀ ਸਾਂਝੀ ਕੰਧ ਹੈ। ਉਹ ਪੰਡਤ ਹਨ। ਛੋਟਾ ਸਿੰਘ ਪੰਚਾਇਤ ਸਕੱਤਰ ਸੀ, ਪਰ ਉਹ ਸਾਰੇ ਉਸਨੂੰ ਚਾਚਾ ਕਹਿੰਦੇ ਸਨ। ਦੂਸਰੇ ਪਾਸੇ ਮਨੋਹਰ ਖੱਤਰੀ ਦਾ ਘਰ ਹੈ। ਉਸਨੂੰ ਵੀ ਉਹ ਚਾਚਾ ਕਹਿੰਦੇ ਸਨ। ਅਰੋੜਿਆਂ, ਬਾਣੀਆਂ ਤੇ ਜਿਮੀਂਦਾਰਾਂ ਦੇ ਵੀ ਕਈ ਘਰ ਹਨ। ਸਭ ਨੂੰ ਉਹ ਚਾਚਾ ਕਹਿ ਕੇ ਹੀ ਸੱਦਦੇ ਸਨ। ਵੱਡੀ ਰਾਤ ਤੱਕ ਮੁਹੱਲੇ ਦੇ ਸਾਰੇ ਬੰਦੇ ਇਕੱਠੇ ਹੋਏ ਬੈਠੇ ਗੱਲਾਂ ਮਾਰਦੇ ਰਹਿੰਦੇ ਸਨ। ਕਿਸੇ ਦੇ ਦੁਖ-ਸੁਖ ਵਿਚ ਇਕਦਮ ਇਕੱਠੇ ਹੋ ਜਾਂਦੇ ਸਨ, ਜਿਵੇਂ ਸਾਰਾ ਮੁਹੱਲਾ ਹੀ ਇਕ ਘਰ ਹੋਵੇ, ਸਾਰੇ ਲੋਕ ਇਕੋ ਪਰਿਵਾਰ ਦੇ ਮੈਂਬਰ ਹੋਣ। ਪਰ ਹੁਣ ਉਸਦੀ ਕੋਠੀ ਹੀ ਜਿਵੇਂ ਇਕ ਪੂਰਾ ਮੁਹੱਲਾ ਬਣੀ ਹੋਈ ਹੋਵੇ। ਕੋਠੀ ਦਾ ਹਰ ਕਮਰਾ ਇਕ ਵੱਖਰਾ ਘਰ ਹੋਵੇ। ਉਸਦਾ ਲੜਕਾ ਮੋਹਨ ਪੂਰਾ ਮੁਹੱਲਾ ਬਣੀ ਕੋਠੀ ਦੇ ਇਕ ਵੱਖਰੇ ਘਰ ਵਿਚ ਆਪਣੇ ਪਰਿਵਾਰ ਸਹਿਤ ਰਹਿ ਰਿਹਾ ਹੋਵੇ। ਉਹ ਆਪ ਵੀ ਆਪਣੇ ਕਮਰੇ ਵਿਚ ਨਹੀਂ, ਸਗੋਂ ਇਕ ਵੱਖਰੇ ਘਰ ਵਿਚ ਰਹਿ ਰਿਹਾ ਹੋਵੇ।

ਕਈ ਸਾਲ ਪਹਿਲਾਂ ਉਹ ਮਾਂ ਨੂੰ ਮਿਲਣ ਲਈ ਪਿੰਡ ਗਿਆ ਸੀ। ਮਾਂ ਨੂੰ ਮਿਲਣ ਲਈ ਉਸਦਾ ਮਨ ਉੱਠ ਖੜਿਆ ਸੀ। ਉਸਦਾ ਜੀਅ ਕੀਤਾ ਕਿ ਉਹ ਮੁੜ ਨਿੱਕਾ ਜਿਹਾ ਰਾਧੇ ਬਣ ਜਾਵੇ। ਮਾਂ ਤੋਂ ਰੁਪਈਏ ਦੇ ਅੰਬ ਲੈ ਕੇ ਖਾਵੇ। ਜਦੋਂ ਉਹ ਪਿੰਡ ਪਹੁੰਚਿਆ ਸੀ ਤਾਂ ਮਾਂ ਪਹਿਲਾਂ ਵਾਂਗ ਹੀ ਨਿੰਮ ਥੱਲੇ ਮੰਜਾ ਡਾਹੀ ਪਈ ਸੀ। ਛੋਟੇ ਭਾਈ ਰਮੇਸ਼ ਦੇ ਨਿੱਕੇ-ਨਿਆਣੇ ਮਾਂ ਕੋਲ ਵਿਹੜੇ ਵਿਚ ਖੇਡੀ ਜਾ ਰਹੇ ਸਨ। ਮਾਂ ਉਨ੍ਹਾਂ ਨੂੰ ਦੇਖ-ਦੇਖ ਖੁਸ਼ ਹੋ ਰਹੀ ਸੀ। ਪਰ ਮਾਂ ਬਹੁਤ ਕਮਜ਼ੋਰ ਹੋ ਗਈ ਸੀ। ਉਮਰ ਦਾ ਤਕਾਜ਼ਾ! ਉਸਨੂੰ ਘਰੇ ਆਇਆ ਦੇਖ ਮਾਂ ਕਾਹਲੀ ਨਾਲ ਉੱਠ ਖੜੋਤੀ। ਪੁੱਤ ਨੂੰ ਘਰੇ ਆਇਆ ਦੇਖ ਉਸਦੀਆਂ ਵਾਛਾਂ ਖਿੜ ਗਈਆਂ। ਉਹ ਮਾਂ ਕੋਲ ਮੰਜੇ ਉੱਤੇ ਹੀ ਬੈਠ ਗਿਆ। ਉਹ ਜਿਵੇਂ ਕੰਧਾਂ ਦੀ ਵਲਗਣ ਤੋਂ ਆਜ਼ਾਦ ਖੁੱਲ੍ਹੇ ਅਸਮਾਨ ਥੱਲੇ ਆ ਗਿਆ ਹੋਵੇ, ਸਭ ਕੁਝ ਤਰੋ-ਤਾਜ਼ਾ! ਮਾਂ ਨੇ ਉਸਦਾ ਸਿਰ ਪਲੂਸਿਆ, ਅਸੀਸਾਂ ਦਿੱਤੀਆਂ। ਛੋਟੀ ਭਰਜਾਈ ਨੂੰ ਚਾਅ ਚੜ੍ਹ ਗਿਆ ਸੀ। ਉਹ ਭੱਜੀ-ਭੱਜੀ ਫਿਰ ਰਹੀ ਸੀ। ਬੱਚੇ ਤਾਇਆ ਜੀ ਦੀਆਂ ਟੰਗਾਂ ਨਾਲ ਚੁੰਬੜ ਗਏ ਸਨ। ਹੁਣ ਵੀ ਜਦੋਂ ਕਿਤੇ ਉਸਨੂੰ ਪਿੰਡ ਗਏ ਨੂੰ ਪੁਰਾਣੇ ਬੰਦੇ ਮਿਲ ਜਾਂਦੇ ਹਨ ਤਾਂ ਪੂਰੇ ਮਾਣ-ਤਾਣ ਅਤੇ ਪਿਆਰ ਨਾਲ ਪੁੱਛਦੇ ਹਨ, "ਕਿਮੇਂ ਐਂ, ਭਤੀਜ ?" ਜਿਵੇਂ ਪੁੱਤ-ਪੋਤਿਆਂ ਵਾਲਾ ਹੋ ਕੇ ਵੀ ਉਹ ਉਨ੍ਹਾਂ ਲਈ ਅਜੇ ਪਹਿਲਾਂ ਵਾਲਾ ਛੋਟਾ ਜਿਹਾ ਰਾਧਾ ਹੀ ਹੋਵੇ। ਪੂਰੇ ਟੱਬਰ ਦਾ ਹਾਲ-ਚਾਲ ਪੁੱਛਦੇ ਹਨ, ਦੁਖ-ਸੁਖ ਸਾਂਝਾ ਕਰਦੇ ਹਨ। ਪਰ ਉਸਦੀ ਕੋਠੀ ਵਿਚ ਤਾਂ ਜਦੋਂ ਵੀ ਕੋਈ ਆਉਂਦਾ ਹੈ, ਬੱਸ ਇਕ ਵਾਰੀ 'ਅੰਕਲ ਜੀ' ਕਹਿ ਕੇ ਫੇਰ ਸੱਤ ਬਗਾਨਿਆਂ ਵਾਂਗ ਆਪੋ-ਆਪਣੇ ਕਮਰੇ ਵਿਚ ਵੜ ਜਾਂਦੇ ਹਨ। 'ਅੰਕਲ ਜੀ' ਕਹਿਣ ਤੋਂ ਪਤਾ ਹੀ ਨਹੀਂ ਲੱਗਦਾ ਕਿ ਉਹ ਮਾਮਾ ਹੈ, ਚਾਚਾ ਜਾਂ ਤਾਇਆ ਜਾਂ ਮਾਸੜ! ਉਸਦੀ ਕੋਠੀ ਵਿਚ ਤਾਂ ਕੀ, ਪੂਰੇ ਮੁਹੱਲੇ ਵਿਚ ਅਜਿਹਾ ਕੁਝ ਵੀ ਨਹੀਂ ਹੈ। ਕੋਈ ਆਵੇ, ਜਾਵੇ, ਕਿਸੇ ਨੂੰ ਕੋਈ ਮਤਲਬ ਨਹੀਂ। ਦਾਦੀ ਆਵੇ ਜਾਂ ਚਾਚਾ, ਰਿਸ਼ਤਿਆਂ ਦੇ ਕੋਈ ਬਹੁਤੇ ਮਾਇਨੇ ਨਹੀਂ। ਬੱਸ ਇਕ ਔਪਚਾਰਿਕਤਾ! ਕੋਈ ਚਾਅ ਨਹੀਂ। ਮਨ ਦੇ ਚਾਵਾਂ ਨੂੰ ਜਿਵੇਂ ਕੋਠੀਆਂ ਦੀਆਂ ਕੰਧਾਂ ਨਿਗਲ ਗਈਆਂ ਹੋਣ। ਮਾਂ ਉਸਨੂੰ ਕਹਿੰਦੀ ਹੁੰਦੀ ਸੀ, "ਬਿੱਲਿਆ, ਜੁਆਕਾਂ ਨੂੰ ਮੋਹ-ਪਿਆਰ ਦਾ ਕੀ ਪਤਾ ਲੱਗੇ ? ਘਰ ਪਾਉਂਦੇ ਈ ਤਾਂ ਅੱਡੋ-ਅੱਡ ਕਮਰਿਆਂ 'ਚ ਵਾੜਤੇ ਸੀ। ਬੱਸ ਅੱਡ ਰਹਿਣ ਗਿੱਝਗੇ। ਮਾਂ-ਪਿਉ ਮੋਹ ਕਰੇ ਤਾਂ ਬੱਚਿਆਂ 'ਚ ਵੀ ਮੋਹ ਹੋਵੇ! ਕਦੇ ਜੁਆਕਾਂ ਨੂੰ ਖਿਡਾਇਐ ਢਿੱਡ 'ਤੇ। ਐਥੇ ਮਜ਼ਾਲ ਐ ਜੁਆਕ ਬਿੰਦ ਮੈਥੋਂ ਜਾਂ ਮੇਸ਼ੀ ਤੋਂ ਪਰ੍ਹੇ ਹੋ ਜਾਣ। ਸਾਰਾ ਦਿਨ ਸਾਡੀਆਂ ਟੰਗਾਂ ਨਾਲ ਈ ਚੁੰਬੜੇ ਰਹਿੰਦੇ ਐ। ਮੇਸ਼ੀ ਦੇ ਤਾਂ ਸਾਰਾ ਦਿਨ ਢਿੱਡ 'ਤੇ ਈ ਲਿਟੀ ਜਾਂਦੇ ਐ।"



ਫਿਰ ਜਿਵੇਂ ਇਕਦਮ ਹੌਲ ਜਿਹਾ ਪਿਆ ਹੋਵੇ, ਉਸਨੇ ਆਪਣੀ ਜੇਬ ਵਿਚੋਂ ਸੌ-ਸੌ ਦੇ ਕਈ ਨੋਟ ਕੱਢ ਕੇ ਮਾਂ ਦੀ ਝੋਲੀ ਪਾਉਂਦਿਆਂ ਕਿਹਾ ਸੀ, "ਲੈ ਮਾਂ, ਮੈਨੂੰ ਇਹਨਾਂ ਰੁਪਈਆਂ ਦੇ ਅੰਬ ਦੇਦੇ.....।" ਮਾਂ ਉਸ ਵੱਲ ਹੈਰਾਨ ਹੋਈ ਝਾਕੀ ਅਤੇ ਫਿਰ ਉਸਦਾ ਭਾਵ ਸਮਝ ਕੇ ਮੁਸਕਰਾ ਪਈ ਸੀ, "ਨਮੋਲੀਆਂ!"

"ਹਾਂ ਮਾਂ, ਨਮੋਲੀਆਂ ਖਾਣ ਨੂੰ ਬਹੁਤ ਜੀਅ ਕਰਦੈ।" ਉਸਦੀਆਂ ਅੱਖਾਂ ਵਿਚ ਪੁਰਾਣੀ ਭੁੱਖ ਉੱਤਰ ਆਈ, ਛੋਟਾ ਜਿਹਾ ਰਾਧਾ ਬਣਨ ਦੀ ਭੁੱਖ! ਮਾਂ ਨੇ ਉਸਨੂੰ ਸੀਨੇ ਨਾਲ ਲਾ ਲਿਆ। ਉਸਦਾ ਮਨ ਸਕੂਨ ਨਾਲ ਭਰ ਗਿਆ, ਪਲ ਭਰ ਲਈ ਉਹ ਜਿਵੇਂ ਪਹਿਲਾਂ ਵਾਲਾ ਰਾਧਾ ਹੀ ਬਣ ਗਿਆ ਹੋਵੇ ਪਰ ਦੂਸਰੇ ਹੀ ਪਲ ਉਸਦਾ ਸੁਪਨਾ ਜਿਵੇਂ ਚੂਰ-ਭੂਰ ਹੋ ਗਿਆ ਹੋਵੇ। ਮਾਂ ਨੇ ਉਸਦੇ ਰੁਪਈਏ ਉਸਨੂੰ ਵਾਪਸ ਕਰਦਿਆਂ ਕਿਹਾ ਸੀ, "ਨਮੋਲੀਆਂ ਦੀ ਰੁੱਤ ਤਾਂ ਕਦੋਂ ਦੀ ਗਈ ਪੁੱਤ! ਹੁਣ ਤਾਂ ਅਗਲੇ ਸਾਲ ਲੱਗਣਗੀਆਂ......।" ਮਾਂ ਨੇ ਦੱਸਿਆ ਸੀ।

"ਅਗਲੇ ਸਾਲ.......ਹੁਣ ਕੀ ਪਤੈ ਕਦੋਂ ਆਉਣਾ ਹੋਵੇ, ਹੋਵੇ ਵੀ ਜਾਂ ਨਾ.......!" ਉਸਨੇ ਮਨ ਵਿਚ ਚਿਤਵਿਆ।

ਛੋਟਾ ਭਰਾ ਰਮੇਸ਼ ਵੀ ਰਿਟਾਇਰ ਹੋ ਗਿਆ ਸੀ। ਉਸਨੇ ਮੁੰਡਾ ਵਿਆਹ ਲਿਆ ਸੀ। ਮੁੰਡੇ ਦੇ ਵੀ ਦੋ ਛੋਟੇ-ਛੋਟੇ ਬੱਚੇ ਸਨ। ਇਕ ਲੜਕਾ ਅਤੇ ਇਕ ਲੜਕੀ।

ਫਿਰ ਮਾਂ ਅਕਾਲ ਚਲਾਣਾ ਕਰ ਗਈ ਸੀ। ਉਹ ਮਾਂ ਦੇ ਮਰਨੇ 'ਤੇ ਗਿਆ ਸੀ। ਵਿਹੜਾ ਬੁੜ੍ਹੀਆਂ, ਬੰਦਿਆਂ ਨਾਲ ਭਰਿਆ ਪਿਆ ਸੀ। ਵਿਹੜਾ ਜਿਵੇਂ ਬੰਦਿਆਂ ਦਾ ਭਾਰ ਨਹੀਂ ਝੱਲ ਰਿਹਾ ਸੀ।

"ਇੰਨੇ ਬੰਦੇ......!" ਉਸਨੂੰ ਯਾਦ ਆਇਆ, ਜਦੋਂ ਉਸਦੇ ਦੋਸਤ ਡਾ. ਗੋਇਲ ਦੇ ਜੀਜਾ ਜੀ ਦੀ ਮੌਤ ਹੋਈ ਸੀ, ਤਾਂ ਉਨ੍ਹਾਂ ਨੂੰ ਉਸਦਾ ਸਸਕਾਰ ਕਰਨ ਲਈ ਬੰਦੇ ਵੀ ਕਿਰਾਏ ਤੇ ਲੈ ਕੇ ਜਾਣੇ ਪਏ ਸਨ। ਫਿਰ ਉਹ ਵਿਹੜੇ ਵਿਚ ਲੱਗੇ ਨਿੰਮ ਵੱਲ ਵੇਖਦਾ ਸੋਚਦਾ ਰਿਹਾ ਸੀ ਕਿ ਹੁਣ ਤਾਂ ਜਿਵੇਂ ਨਿੰਮ ਨੂੰ ਕਦੇ ਨਮੋਲੀਆਂ ਲੱਗਣੀਆਂ ਹੀ ਨਹੀਂ! ਮਾਂ ਤੋਂ ਬਿਨਾਂ ਵਿਹੜਾ ਵੀ ਕੀ!

ਮਾਂ ਦੇ ਭੋਗ ਤੋਂ ਬਾਅਦ ਫਿਰ ਉਹ ਪਿਛਲੇ ਸਾਲ ਛੋਟੇ ਭਾਈ ਰਮੇਸ਼ ਕੋਲ ਪਿੰਡ ਗਿਆ ਸੀ। ਦੁਪਹਿਰ ਦਾ ਸਮਾਂ ਸੀ। ਜਦੋਂ ਉਹ ਪਿੰਡ ਪਹੁੰਚਿਆ ਤਾਂ ਉਹ ਹੈਰਾਨ ਰਹਿ ਗਿਆ ਸੀ। ਰਮੇਸ਼ ਵਿਹੜੇ ਵਿਚ ਨਿੰਮ ਥੱਲੇ ਮੰਜਾ ਡਾਹੀ ਬੈਠਾ ਸੀ, ਜਿਵੇਂ ਉਸਦੀ ਮਾਂ ਬੈਠਿਆ ਕਰਦੀ ਸੀ। ਰਮੇਸ਼ ਪੋਤਿਆਂ ਨੂੰ ਵਾਰੀ-ਵਾਰੀ ਆਪਣੀਆਂ ਟੰਗਾਂ ਉੱਤੇ ਝੂਟੇ ਦਿੰਦਾ, 'ਝੂਅਟੇ-ਮਾਅਟੇ' ਕਰਦਾ ਖੁਸ਼ ਹੋ ਰਿਹਾ ਸੀ। ਉਸਨੇ ਵਿਹੜੇ ਵਿਚ ਲੱਗੇ ਨਿੰਮ ਵੱਲ ਤੱਕਿਆ। ਨਿੰਮ ਨੂੰ ਬੂਰ ਪਿਆ ਹੋਇਆ ਸੀ। ਨਮੋਲੀਆਂ ਵੀ ਜਲਦੀ ਹੀ ਲੱਗ ਜਾਣਗੀਆਂ। ਰਾਧੇਸ਼ਾਮ ਨੇ ਸੋਚਿਆ ਕਿ ਬੇਸ਼ਕ ਮਾਂ ਤੁਰ ਗਈ ਹੈ, ਪਰ ਨਿੰਮ ਨੂੰ ਨਮੋਲੀਆਂ ਅਜੇ ਵੀ ਲੱਗਦੀਆਂ ਹਨ। ਪਰ ਹੁਣ ਉਹ ਛੋਟਾ ਜਿਹਾ ਰਾਧੇ ਨਹੀਂ ਬਣ ਸਕਦਾ। ਉਸਦਾ ਬਚਪਨਾ ਤਾਂ ਮਾਂ ਨਾਲ ਹੀ ਚਲਿਆ ਗਿਆ ਸੀ।

ਰਾਧੇਸ਼ਾਮ ਦਾ ਮਨ ਭਾਰਾ-ਭਾਰਾ ਹੋ ਗਿਆ। ਉਹ ਆਪਣੇ ਕਮਰੇ ਵਿਚੋਂ ਉੱਠ ਕੇ ਬਾਹਰ ਆ ਗਿਆ। ਚੁਪਾਸੀਂ ਸੁੰਨ ਵਰਤੀ ਹੋਈ ਸੀ। ਕੋਠੀ ਵਿਚ ਕੀ, ਪੂਰੇ ਮੁਹੱਲੇ ਵਿਚ ਜੀਅ-ਪਰਿੰਦਾ ਨਹੀਂ ਦਿਸ ਰਿਹਾ ਸੀ। ਉਸਦਾ ਮਨ ਹੋਰ ਵੀ ਬੋਝਲ ਹੋ ਗਿਆ। ਉਸਨੇ ਸੋਚਿਆ, 'ਕਾਸ਼! ਉਸਦੇ ਘਰ ਵਿਚ ਵੀ ਵਿਹੜਾ ਹੁੰਦਾ, ਨਿੰਮ ਹੁੰਦੀ, ਨਮੋਲੀਆਂ ਹੁੰਦੀਆਂ! ਮਾਂ ਵਾਂਗ ਉਹ ਵੀ ਨਿੰਮ ਥੱਲੇ ਬੈਠਾ ਬੱਚਿਆਂ ਨੂੰ ਨਮੋਲੀਆਂ ਚੂਸਦੇ ਵਿਹੜੇ ਵਿਚ ਖੇਡਦੇ ਤੱਕ ਕੇ ਖੁਸ਼ ਹੋ ਰਿਹਾ ਹੁੰਦਾ! ਛੋਟੇ ਭਾਈ ਵਾਂਗ ਬੱਚਿਆਂ ਨੂੰ ਟੰਗਾਂ ਉੱਤੇ ਝੂਟੇ ਦਿੰਦਾ, 'ਝੂਅਟੇ-ਮਾਅਟੇ' ਕਰ ਰਿਹਾ ਹੁੰਦਾ!

ਉਹ ਮੁੜ ਆਪਣੇ ਕਮਰੇ ਵਿਚ ਆ ਬੈਠਿਆ। ਉਹ ਮਹਿਸੂਸ ਕਰਦਾ ਰਿਹਾ ਕਿ ਕੋਠੀਆਂ ਤਾਂ ਬੰਦਿਆਂ ਨੂੰ ਵੰਡਦੀਆਂ ਹਨ ਅਤੇ ਵਿਹੜਾ ਜੋੜਦਾ ਹੈ!

# ਤੇਜ ਨੇ ਕਿਹਾ ਸੀ/ਸਰਘੀ

ਨੌਂ ਮਹੀਨੇ ਦੀ ਲੰਬੀ ਬਿਮਾਰੀ ਨਾਲ ਘੋਲ ਕਰਦਾ-ਕਰਦਾ ਉਹ ਤੁਰ ਗਿਆ ਸੀ। ਡੀ.ਐੱਮ.ਸੀ. ਦੇ ਡਾਕਟਰ ਉਹਦੀ ਵਿੱਲ ਪਾਵਰ ਤੇ ਹੈਰਾਨ ਸਨ।

ਚੈੱਕਅਪ ਕਰਨ ਸਮੇਂ ਡਾਕਟਰ ਨੇ ਕਿਹਾ ਸੀ, "ਤੁਸੀਂ ਦਵਾਈ ਤੋਂ ਨਹੀਂ ਅੱਕਣਾ... ਡੇਢ ਮਹੀਨੇ ਵਿਚ ਤੁਸੀਂ ਬਿਲਕੁਲ ਠੀਕ ਹੋ ਜਾਣਾ ਏ"...ਤਾਂ ਜ਼ਿੰਦਗੀ ਨੂੰ ਭਰਪੂਰਤਾ ਨਾਲ ਮਾਨਣ ਵਾਲੇ ਨੇ ਕਿਹਾ ਸੀ, "ਡਾ. ਸਾਹਿਬ! ਮੈਂ ਤਾਂ ਜ਼ਿੰਦਗੀ ਤੋਂ ਨਹੀਂ ਅੱਕਿਆ...ਦਵਾਈ ਤੋਂ ਕੀ ਅੱਕਣਾ।"

ਡਾ. ਸੂਦ ਨੂੰ ਤੇਜ਼ਬੀਰ ਦੀਆਂ ਪੀਲੀਆਂ ਅੱਖਾਂ ਵਿਚੋਂ ਜ਼ਿੰਦਗੀ ਜਿਊਣ ਦੀ ਝਲਕ ਵਿਖਾਈ ਦਿੱਤੀ ਸੀ। "ਜਦ ਤੁਸੀਂ ਪਿਛਲੀ ਵਾਰ ਹਸਪਤਾਲ ਵਿਚ ਦਾਖ਼ਲ ਹੋਏ ਸੀ ਤਾਂ ਮੌਤ ਤੁਹਾਡੇ ਬਹੁਤ ਕਰੀਬ ਸੀ...।"

"ਡਾ. ਸਾਹਿਬ! ਮੈਂ 1965 ਤੇ 1971 ਦੀ ਲੜਾਈ ਲੜੀ...ਇਸ ਦੌਰਾਨ ਮੈਂ ਮੌਤ ਨੂੰ ਬਹੁਤ ਵਾਰ ਨੇੜੇ ਤੋਂ ਵੇਖਿਆ...ਪਰ ਉਦੋਂ ਮੈਨੂੰ ਮੌਤ ਤੋਂ ਕਦੇ ਡਰ ਨਹੀਂ ਲੱਗਾ...ਪਰ ਪਤਾ ਨਹੀਂ ਕਿਉਂ...ਹੁਣ ਜ਼ਿੰਦਗੀ ਨੂੰ ਭੋਰਾ-ਭੋਰਾ ਮਾਨਣ ਲਈ ਮਨ ਉਤਾਵਲਾ ਏ।" ਡਾ. ਦੀ ਤਸੱਲੀ ਨੇ ਉਹਨਾਂ ਅੱਖਾਂ ਵਿਚਲੀ ਚਮਕ ਨੂੰ ਹੋਰ ਤੇਜ਼ ਕਰ ਦਿੱਤਾ ਸੀ।

ਕੋਲ ਖਲੋਤੇ ਦੇਵ ਨੂੰ ਡਾਕਟਰ ਦੇ ਬੋਲਾਂ ਨੇ ਤਸੱਲੀ ਨਹੀਂ ਸੀ ਦਿੱਤੀ। ਇਹ ਪਤਾ ਨਹੀਂ ਤੁਰ ਜਾਣ ਵਾਲੇ ਦਾ ਮੋਹ ਸੀ...ਜੋ ਉਹਦੇ ਅੰਦਰ ਕਿਸੇ ਆਉਣ ਵਾਲੇ ਹਾਦਸੇ ਦਾ ਸਾਇਰਨ ਵਜਾ ਰਿਹਾ ਸੀ...। ਤੇਜ਼ ਦੇ ਬਾਹਰ ਜਾਣ ਤੋਂ ਬਾਅਦ ਉਸ ਫਿਰ ਡਾਕਟਰ ਕੋਲ ਜਾ ਕੇ ਬਿਮਾਰੀ ਬਾਰੇ ਪੁੱਛਿਆ। ਡਾਕਟਰ ਕਹਿਣ ਲੱਗਾ, "ਤੇਜਬੀਰ ਨੂੰ ਲਿਵਰ ਸਰਾਉਸਿਸ ਏ...ਸ਼ਰਾਬ ਪੀਣ ਨਾਲ ਲਿਵਰ ਦਾ ਨੁਕਸਾਨ ਜ਼ਿਆਦਾ ਹੋ ਗਿਆ ਏ...ਤੇਜਬੀਰ ਦੀ ਲਾਈਫ ਬਹੁਤ ਜ਼ਿਆਦਾ ਨਹੀਂ...।"

"ਫਿਰ ਵੀ ਕਿੰਨੇ ਸਾਲ...।" ਪੂਰੀ ਹਿੰਮਤ ਕਰ ਸਿਰਫ਼ ਇਹੀ ਬੋਲ ਦੇਵ ਦੇ ਮੂੰਹੋਂ ਨਿਕਲੇ ਸਨ।

"ਵੱਧ ਤੋਂ ਵੱਧ ਚਾਰ ਜਾਂ ਪੰਜ ਸਾਲ...ਇਸ ਤੋਂ ਜ਼ਿਆਦਾ ਨਹੀਂ...।" ਜ਼ਿੰਦਗੀ ਦੀ ਬੇਤਰਤੀਬੀ ਵਰਗਾ ਬੇਤਰਤੀਬਾ ਜਵਾਬ ਡਾਕਟਰ ਨੇ ਦਿੱਤਾ ਸੀ।

"ਲਿਵਰ ਟਰਾਂਸਪਲਾਂਟ ਨਹੀਂ ਹੋ ਸਕਦਾ।" ਡੋਬੂ ਪੈਂਦੇ ਮਨ ਦੀ ਤਸੱਲੀ ਲਈ ਦੇਵ ਨੇ ਫਿਰ ਸੁਆਲ ਪਾਇਆ।

"ਦੇਖ, ਹੋ ਸਕਦਾ...ਪਰ ਉਹਦੇ ਵਿਚ ਰਿਸਕ ਫੈਕਟਰ ਜ਼ਿਆਦਾ ਏ...। ਲਿਵਰ ਬੋਡੀ ਦਾ ਅਜਿਹਾ ਆਰਗਨ ਏ, ਜਿਸ ਨੂੰ ਅੱਵਲ ਤਾਂ ਕੁਝ ਹੁੰਦਾ ਨਹੀਂ...ਪਰ ਜਦ ਕੁਝ ਹੋ ਜਾਂਦਾ ਏ ਤਾਂ ਇਸ ਨੂੰ ਠੀਕ ਨਹੀਂ ਕੀਤਾ ਜਾ ਸਕਦਾ...।"

ਡਾਕਟਰ ਦੀ ਗੱਲ ਸੁਣਨ ਤੋਂ ਬਾਅਦ ਦੇਵ ਕਮਰੇ ਤੋਂ ਬਾਹਰ ਆ ਗਿਆ। ਦੇਵ ਨਾਲ ਤੇਜ ਇਸ ਤਰ੍ਹਾਂ ਦਾ ਛਲਾਵਾ ਕਰੂਗਾ...ਇਹ ਉਸ ਕਦੇ ਨਹੀਂ ਸੀ ਸੋਚਿਆ...। ਤੇਜ ਤਾਂ ਦੇਵ ਲਈ ਉਹ ਮੋਢਾ ਸੀ, ਜੋ ਹਰ ਔਖੀ ਤੋਂ ਔਖੀ ਘੜੀ ਉਸ ਲਈ ਵਾਰਸ ਬਣਦਾ ਆਇਆ ਸੀ...ਲੰਮੇ ਅਰਸੇ ਦੀ ਬਿਮਾਰੀ ਨੇ ਉਸ ਨੂੰ ਲਤਾੜ ਦਿੱਤਾ ਸੀ...ਪਰ ਬਿਮਾਰੀ ਨਾਲ ਪੀੜ ਪੀੜ ਹੋਇਆ ਵੀ ਹਰ ਵੇਖਣ ਆਏ ਨੂੰ ਅਜਿਹੀ ਬੁਲੰਦ ਤੱਕਣੀ ਨਾਲ ਮਿਲਦਾ ਕਿ ਉਹ ਉਸ ਤੱਕਣੀ ਵਿਚੋਂ ਹੀ ਉਹਦੀ ਜ਼ਿੰਦਗੀ ਲਈ ਕੁਝ ਆਸਵੰਦ ਹੋ ਜਾਂਦੇ...।

੦ ੦ ੦

ਜ਼ਖ਼ਮਾਂ ਦੇ ਚੇਤੇ ਨਹੀਂ ਰੱਖੇ ਜਾਂਦੇ...ਪਰ ਉਹ ਕਮਬਖ਼ਤ ਚੇਤਿਆਂ ਵਿਚੋਂ ਕਿਰ ਜਾਣ ਵਾਲਾ ਨਹੀਂ ਸੀ...ਉਹਦੇ ਤੁਰ ਜਾਣ ਤੋਂ ਬਾਅਦ ਉਦਾਸ ਪਲਾਂ ਵਿਚ ਉਹਦੀਆਂ ਕਹੀਆਂ ਸੁਣੀਆਂ ਦੇਵ ਦੇ ਉਦਰੇਵੇਂ ਨੂੰ ਠੁੰਮ੍ਹਣਾ ਦੇ ਜਾਂਦੀਆਂ ਸਨ...ਤੇ ਤੇਜ ਨੇ ਕਿਹਾ ਸੀ, "ਜ਼ਿੰਦਗੀ ਦੇ ਅਤਿ ਦੁਖਦਾਈ ਪਲਾਂ ਵਿਚ ਵੀ ਅਸੀਂ ਸੁੱਖਾਂ ਦੀਆਂ ਘੜੀਆਂ ਨੂੰ ਬੋਚਣ ਦੀ ਕੋਸ਼ਿਸ਼ ਕਰਦੇ ਹਾਂ...।" ਤੇ ਅੱਜ ਫੇਰ ਦੇਵ ਉਹਨਾਂ ਪਲਾਂ ਨੂੰ ਚਿਤਵ ਰਿਹਾ ਸੀ...ਜਦ ਤੇਜ ਉਹਦੇ ਕੋਲ ਸੀ।

ਰਿਸ਼ਤਿਆਂ ਬਾਰੇ, ਦੋਸਤੀ ਬਾਰੇ, ਮੁਹੱਬਤ ਬਾਰੇ ਤੇਜ ਦੀ ਆਪਣੀ ਹੀ ਫਿਲਾਸਫ਼ੀ ਸੀ...ਰਿਸ਼ਤੇ ਉਹਦੇ ਲਈ ਆਪ-ਮੁਹਾਰੇ ਉੱਗੇ ਰੁੱਖ ਸਨ ਤੇ ਦੋਸਤੀ ਗਮਲੇ ਵਿਚ ਲਾਏ ਬੂਟੇ ਵਰਗੀ...ਪਰ ਇਹ ਵੀ ਸੱਚ ਸੀ ਕਿ ਜਿਸ ਦੋਸਤੀ ਨੂੰ ਉਸ ਬੜੀ ਨਜ਼ਾਕਤ ਨਾਲ ਪਾਲਿਆ ਸੀ...ਉਸ ਆਪਣੀ ਅਉਧ ਜਲਦੀ ਪੁਗਾ ਲਈ ਸੀ...ਸਾਂਝ ਦੀਆਂ ਪੀਡੀਆਂ ਗੰਢਾਂ ਇਕ ਹੀ ਝਟਕੇ ਨਾਲ ਖੁੱਲ੍ਹ ਗਈਆਂ ਸਨ...।

ਰੋਣਹਾਕਾ ਜਿਹਾ ਹੋਇਆ ਤੇਜ ਜ਼ੋਰ ਦੀ ਹੱਸਿਆ..."ਯਾਰ ਇੰਜ ਕਿੱਦਾਂ"...ਤੇ ਉਹ ਜੋ ਦੋਸਤੀ ਨੂੰ ਰੱਬ ਸਮਝਦਾ ਸੀ...ਉਸ ਨੂੰ ਬੌਣਾ ਕਿਵੇਂ ਕਰ ਦੇਂਦਾ।...ਰਤਾ ਸਾਂਵਾ ਹੋਇਆ ਤਾਂ ਕਹਿਣ ਲੱਗਾ, "ਮੈਂ ਤਾਂ ਦੋਸਤ ਦੇ ਅੰਦਰ ਬੈਠੇ ਦੁਸ਼ਮਣ ਦਾ ਤ੍ਰਿਸਕਾਰ ਕੀਤਾ ਏ...ਦੋਸਤੀ ਦੇ ਵਹੀ ਖਾਤੇ 'ਚ ਅਸੀਂ ਸਾਵੇ ਹਾਂ।" ਦੇਵ ਨੇ ਅੱਖਾਂ ਹੀ ਅੱਖਾਂ ਵਿਚ ਉਸ ਨੂੰ ਸਵਾਲ ਪਾਇਆ ਤੇ ਉਹਨੇ ਆਪਣੀਆਂ ਨਜ਼ਰਾਂ ਜ਼ਮੀਨ 'ਤੇ ਗੱਡ ਲਈਆਂ ਤੇ ਉਦੋਂ ਦੇਵ ਨੇ ਪਹਿਲੀ ਵਾਰ ਮਹਿਸੂਸ ਕੀਤਾ ਕਿ ਉਹ ਸਾਂਵੇ ਨਹੀਂ ਰਹੇ ਸਨ।

ਉਸ ਤੋਂ ਬਾਅਦ ਤੇਜ ਸਹਿਜ ਨਹੀਂ ਰਿਹਾ ਸੀ...ਜਿਸ ਤੇਜ ਨੇ ਕਈਆਂ ਨੂੰ ਸ਼ਰਾਬ ਨਾ ਪੀਣ ਦੀ ਸਹੁੰ ਚੁਕਾਈ ਸੀ...ਉਹ ਸ਼ਰਾਬ ਨੂੰ ਹਰ ਮਰਜ਼ ਦੀ ਦਾਰੂ ਸਮਝ ਲੈਂਦਾ ਸੀ...ਉਹਦੀ ਇਸ ਹਾਲਤ ਤੇ ਦੇਵ ਨੂੰ ਖਿਝ ਆਉਂਦੀ...ਤੇ ਇਕ ਦਿਨ ਦੇਵ ਉਹਦੇ ਘਰ ਗਿਆ...ਆਪਣੇ ਕਮਰੇ ਵਿਚ ਉਹ ਇਕੱਲਾ ਸੀ...।

"ਤੇਜ!" ਅੱਧਸੁੱਤੇ ਨੂੰ ਦੇਵ ਨੇ ਆਵਾਜ਼ ਦਿੱਤੀ। ਦੁਪਹਿਰ ਸੀ ਤੇ ਉਹ ਨਸ਼ੇ ਵਿਚ ਸੀ...। "ਮੈਨੂੰ ਮੇਰੇ ਹਾਲ 'ਤੇ ਛੱਡ ਦੇ ਦੇਵ।"

"ਤੇਜ...ਤੈਨੂੰ ਕੀ ਹੋ ਗਿਆ...ਇਹ ਜ਼ਿੰਦਗੀ 'ਕੱਲੀ ਤੇਰੀ ਨਹੀਂ...ਤੂੰ ਇਹਦੇ ਨਾਲ ਜਿਵੇਂ ਦਾ ਮਰਜ਼ੀ ਸਲੂਕ ਕਰੀ ਜਾਵੇਂ ਤੇ ਅਸੀਂ ਤੈਨੂੰ ਕੁਝ ਨਾ ਕਹੀਏ...।"

"ਮੈਨੂੰ ਪਤਾ! ਮੈਂ ਗ਼ਲਤ ਹਾਂ...ਪਰ ਮੈਨੂੰ ਕੁਝ ਨਾ ਕਹਿ...ਮੈਂ ਅਨੰਦ ਦੀ ਤਲਾਸ਼ ਵਿਚ ਹਾਂ...ਅਜਿਹਾ ਅਨੰਦ ਜੋ ਝੂਮਣ ਲਾ ਦੇਵੇ...।"

"ਪਰ...ਜੋ ਕੁਝ ਏ...ਸਾਡੇ ਅੰਦਰ ਏ...ਬਾਹਰ ਕੁਝ ਨਹੀਂ...। ਸਭ ਅਗਲਾ ਪਿਛਲਾ ਭੁਲਾ ਕੇ ਖ਼ਾਲੀ ਹੋ ਜਾ...ਫਿਰ ਨਿਰੰਤਰ ਅਨੰਦ ਦੇ ਝਰਨੇ ਤੇਰੇ ਅੰਦਰੋਂ ਫੁੱਟ ਪੈਂਦੇ ਨੇ...।"

ਤੇ ਦੇਵ ਦੀ ਇਸ ਗੱਲ ਦਾ ਤੇਜ ਨੇ ਕੋਈ ਜਵਾਬ ਨਹੀਂ ਸੀ ਦਿੱਤਾ।

ਸਰੀਰਕ ਤੌਰ 'ਤੇ ਬਿਮਾਰ ਹੋਣ ਤੋਂ ਪਹਿਲਾਂ ਉਹ ਮਾਨਸਿਕ ਤੌਰ 'ਤੇ ਬਿਮਾਰ ਹੋ ਚੁੱਕਾ ਸੀ। ਸੋਹਣੀ ਦਿੱਖ ਬਣਾ ਕੇ ਰੱਖਣਾ ਉਹਦਾ ਸ਼ੌਕ ਸੀ...ਉਹਦੀ ਕਮੀਜ਼ ਦੇ ਸ਼ੋਖ਼ ਰੰਗ ਨੂੰ ਵੇਖ ਕੇ ਦੇਵ ਨੇ ਕਿਹਾ ਸੀ, "ਯਾਰ ਇਸ ਕਮੀਜ਼ ਦਾ ਰੰਗ ਤੇਰੀ ਉਮਰ ਦੇ ਹਿਸਾਬ ਨਾਲ ਠੀਕ ਨਹੀਂ"...ਹੱਸਦਿਆਂ ਉਸ ਜਵਾਬ ਦਿੱਤਾ, "ਉਮਰ ਦੇ ਤੀਜੇ ਪਹਿਰ ਵਿਚ ਹੀ ਤਾਂ ਰੰਗਾਂ ਦੀ ਜ਼ਰੂਰਤ ਹੁੰਦੀ ਆ...ਜਵਾਨੀ ਵਿਚ ਤਾਂ ਆਪਣਾ ਹੀ ਰੰਗ ਮਾਣ ਨਹੀਂ ਹੁੰਦਾ...।" ਤੇ ਦੇਵ ਨੇ ਉਹਦੀ ਅੰਦਰਲੀ ਟੁੱਟ ਭੱਜ ਤੋਂ ਪਹਿਲਾਂ ਉਹਦੇ ਕੱਪੜਿਆਂ ਦੀ ਬੇਤਰਤੀਬੀ ਤੋਂ ਪਛਾਣ ਲਈ ਸੀ।

ਤੇਜ ਨੂੰ ਫੁੱਲ ਬਹੁਤ ਚੰਗੇ ਲਗਦੇ ਸਨ...ਉਹ ਬਹੁਤ ਉਦਾਸ ਸੀ...ਉਹਦੀ ਅਵਾਜ਼ਾਰੀ ਨੂੰ ਭਾਂਪਦਿਆਂ ਦੇਵ ਨੇ ਕਿਹਾ, "ਤੇਰੇ ਹੱਥੀਂ ਲਾਏ ਫੁੱਲ ਹੁਣ ਖਿੜ ਪਏ ਨੇ।"

"ਅੱਛਾ ਯਾਰ...ਮਨ ਦੀ ਰੁੱਤ ਜਦ ਉਦਾਸ ਹੋ ਜਾਂਦੀ ਏ ਤਾਂ ਬਹਾਰ ਚੰਗੀ ਨਹੀਂ ਲੱਗਦੀ...ਮੈਂ ਕੀ ਲੈਣਾ ਭਲਾ ਇਸ ਬਹਾਰ ਤੋਂ...ਮੈਨੂੰ ਹੁਣ ਵੀਰਾਨੇ ਚੰਗੇ ਲਗਦੇ ਨੇ...।" ਇਹ ਕੇਹੀ ਰੁੱਤ ਸੀ ਤੇ ਉਹ ਕੇਹਾ ਬਿਰਖ਼ ਸੀ, ਜੋ ਜਿਹੜਾ ਬਹਾਰ ਦੇ ਮੌਸਮ ਵਿਚ ਪਤਝੜ ਹੰਢਾਅ ਰਿਹਾ ਸੀ।

"ਤੂੰ ਆਪ ਹੀ ਤੇ ਕਹਿੰਦਾ ਹੁੰਦਾ, ਕੁਝ ਲੋਕ ਗਲਾਸ ਦੇ ਖ਼ਾਲੀ ਹਿੱਸੇ ਨੂੰ ਵੇਖ ਦੁਖੀ ਹੁੰਦੇ

ਰਹਿੰਦੇ...ਪਰ ਆਪਣੇ ਭਰੇ ਹਿੱਸੇ ਨੂੰ ਵੇਖ ਖ਼ੁਸ਼ ਨਹੀਂ ਹੁੰਦੇ...ਤੂੰ ਵੀ ਆਪਣੇ ਭਰੇ ਹਿੱਸੇ ਬਾਰੇ ਸੋਚ।"

"ਨਹੀਂ ਦੇਵ...ਭਾਵੇਂ ਸਾਰਾ ਗਲਾਸ ਖ਼ਾਲੀ ਹੋ ਜਾਵੇ ਮੈਨੂੰ ਕੋਈ ਰੰਝ ਨਹੀਂ...ਕੁਝ ਲੋਕਾਂ ਦੇ ਬਹੁਤ ਗ਼ਲਤ ਹੋਣ ਨਾਲ ਵੀ ਕੋਈ ਫ਼ਰਕ ਨਹੀਂ ਪੈਂਦਾ...ਪਰ ਮੈਨੂੰ ਨਰਿੰਦਰ ਕੋਲੋਂ ਇਹ ਆਸ ਨਹੀਂ ਸੀ।"

ਉਹਦੇ ਤੇ ਨਰਿੰਦਰ ਦਰਮਿਆਨ ਵਾਪਰੀ ਘਟਨਾ ਨੂੰ ਦੇਵ ਕੁਰੇਦਣਾ ਚਾਹੁੰਦਾ ਸੀ...ਪਰ ਤੇਜ ਨੇ ਚੁੱਪ ਨਹੀਂ ਤੋੜੀ ਸੀ...।

"ਅੱਜ ਦੇ ਯੁੱਗ ਵਿਚ ਦਿਲਾਂ ਨੂੰ ਜਿੰਦਰੇ ਮਾਰ ਲੈਣੇ ਚਾਹੀਦੇ ਨੇ...ਦੋਸਤੀ, ਪਿਆਰ, ਰਿਸ਼ਤਿਆਂ ਬਾਰੇ ਜਿਹੜਾ ਫ਼ਲਸਫ਼ਾ ਤੂੰ ਘੜੀ ਬੈਠਾ ਏਂ...ਇਹ ਤੇਰੀ ਸੋਚ ਹੋ ਸਕਦੀ ਏਂ...ਦੁਨੀਆ ਦੀ ਨਹੀਂ...।"

ਉਹ ਚੁੱਪ ਸੀ...ਕਿਸੇ ਹੋਰ ਦੁਨੀਆ ਵਿਚ ਗੁਆਚਾ...ਸਾਹ ਸੂਤ ਕੇ ਕਹਿਣ ਲੱਗਾ, "ਦੇਵ, ਦੋਸਤੀ ਵਿਚ ਵਿਚਾਰਾਂ ਦਾ ਹੇਰ ਫੇਰ ਹੋ ਸਕਦਾ ਏ...ਪਰ ਕਮੀਨਗੀ ਲਈ ਕੋਈ ਥਾਂ ਨਹੀਂ...।" ਉਹਦੀਆਂ ਹੱਥੀਂ ਵਿਹਾਜੀਆਂ ਦੋਸਤੀਆਂ ਨੇ ਜਦ ਉਹਦੇ ਸਾਹਵੇਂ ਕਮੀਨਗੀ, ਬੇਭਰੋਸਗੀ ਦਾ ਤਾਂਡਵ ਨਾਚ ਨੱਚਿਆ ਸੀ ਤਾਂ ਉਹ ਲੀਰੋ ਲੀਰ ਹੋ ਗਿਆ...ਤੇ ਦਿਲ ਤੇ ਖਾਧੀਆਂ ਸੱਟਾਂ ਨੇ ਕਦ ਜਿਗਰ ਤਕ ਵਾਰ ਕਰ ਦਿੱਤਾ...ਕਿਸੇ ਨੂੰ ਪਤਾ ਹੀ ਨਹੀਂ ਲੱਗਿਆ।

ਭੁਲੇਖਾ ਪਾਉਂਦੀ ਸਿਹਤਯਾਬੀ ਦੇ ਦਿਨਾਂ ਵਿਚ ਦੇਵ, ਤੇਜ ਦੇ ਕਮਰੇ ਵਿਚ ਸੀ...।ਤੇਜ ਨੂੰ ਪਤਾ ਸੀ ਕਿ ਕਹਾਣੀ ਹੱਥੋਂ ਨਿਕਲ ਚੁੱਕੀ ਹੈ...ਤੇ ਦੇਵ ਨੂੰ ਵੀ ਪਤਾ ਸੀ ਕਿ ਆਉਣ ਵਾਲੇ ਦਿਨ ਕੋਈ ਬਹੁਤੇ ਚੰਗੇ ਨਹੀਂ...ਵਲੂੰਧਰੇ ਪਲਾਂ ਵਿਚ ਦੇਵ ਨੇ ਹਾਸੇ ਦੀ ਅਗਰਬੱਤੀ ਬਾਲੀ, "ਤੇਜ...ਤਗੜਾ ਹੋ ਅਜੇ ਤਾਂ ਪੁੱਤ ਦਾ ਵਿਆਹ ਕਰਨਾ।"

"ਨਹੀਂ...ਹੁਣ ਤਾਂ ਬੱਸ ਰੂਹਾਂ ਹੀ ਮਿਲਣਗੀਆਂ।"

ਦੇਵ ਨੂੰ ਆਪਣਾ ਵਜੂਦ ਸੁੰਨਾ ਹੁੰਦਾ ਜਾਪਿਆ...ਤੇ ਦੇਵ ਨੇ ਉਹਦੇ ਹੱਥਾਂ ਨੂੰ ਆਪਣੇ ਹੱਥਾਂ 'ਚ ਲੈ ਕੇ ਤਸੱਲੀ ਜਿਹੀ ਮਹਿਸੂਸ ਕੀਤੀ...ਪਰ ਕੁਝ ਕਹਿਣ ਲਈ ਲਫਜ਼ ਨਹੀਂ ਸਨ ਅਹੁੜੇ...ਤੇ ਅਗਲੇ ਹੀ ਪਲ ਭਰੇ ਮਨ ਨਾਲ ਤੇਜ ਦਾ ਸਿਰ ਪਲੋਸਦਾ ਕਹਿਣ ਲੱਗਾ, "...ਨਹੀਂ...ਤੈਨੂੰ ਕੁਝ ਨਹੀਂ ਹੋ ਸਕਦਾ...ਮੇਰੇ ਨਾਲ ਆਪਣੇ ਦਿਲ ਦੀ ਗੱਲ ਕਰ...ਕੋਈ ਜ਼ਿੰਦਗੀ ਜੀਣ ਦੀ ਗੱਲ ਕਰ...।"

"ਦੇਵ ਸਾਰੀ ਉਮਰ ਤੇਰੇ ਨਾਲ ਦਿਲ ਦੀਆਂ ਗੱਲਾਂ ਹੀ ਕੀਤੀਆਂ...ਇਸ ਯਕੀਨ ਨਾਲ ਕਿ ਮੇਰੇ ਦਿਲ 'ਤੇ ਕਦੇ ਕੋਈ ਝਰੀਟ ਤਕ ਨਹੀਂ ਆਵੇਗੀ ਤੇ ਬਾਕੀ ਜ਼ਿੰਦਗੀ ਉਹਦੀ...ਜੀਹਨੂੰ ਜੀਣੀ ਆ ਗਈ...ਤੇ ਦੇਵ...ਇਹ ਵੀ ਸੱਚ ਆ...ਮਰਨ ਨੂੰ ਭੋਰਾ ਦਿਲ ਨਹੀਂ ਕਰਦਾ...ਪਰ ਤੇਰਾ ਯਾਰ ਹੁਣ ਤਿੜਕੇ ਘੜੇ ਦਾ ਪਾਣੀ ਆ...।"

ਬਦਹਵਾਸੇ ਪਲਾਂ ਨੇ ਦੇਵ ਦੇ ਸੰਘ 'ਚੋਂ ਨਿਕਲੀ ਆਵਾਜ਼ ਨੂੰ ਜ਼ਬਤ ਕਰ ਲਿਆ ਸੀ...ਪਰ ਫੇਰ ਵੀ ਤੁਰ ਜਾਣ ਵਾਲੇ ਨੇ ਦੇਵ ਦੀ ਤ੍ਰੇਹ ਦੀ ਸਿਸਕੀ ਸੁਣ ਲਈ ਸੀ...।

"ਦੇਵ ਤੁਰ ਜਾਣ ਵਾਲਿਆਂ ਨੂੰ ਏਨਾ ਮੋਹ ਨਹੀਂ ਕਰੀਦਾ...ਕੋਈ ਸਾਰੀ ਉਮਰ ਨਾਲ ਥੋੜ੍ਹੀ ਨਿਭਦਾ..." ਤੇ ਉਹ ਜੋ ਤਿੜਕੇ ਘੜੇ 'ਚ ਬੁੱਕ ਕੁ ਪਾਣੀ ਸਾਂਭੀ ਬੈਠਾ ਸੀ...ਉਸ ਨਾਲ ਦੇਵ ਨੂੰ ਧਰਵਾਸ ਦੇਣ ਲੱਗ ਪਿਆ...ਤੇ ਉਸ ਤੋਂ ਬਾਅਦ ਉਹ ਸਾਰੀਆਂ ਸਾਂਝਾ ਤੋੜ ਅਨਜਾਣ ਰਾਹਾਂ ਦਾ ਰਾਹੀ ਬਣ ਬੈਠਾ ਸੀ।

○ ○ ○

ਉਹਦੀ ਮੁਹੱਬਤ ਨੇ 'ਰਿਸ਼ਤਿਆਂ ਦੇ ਆਰ ਪਾਰ' ਜੀਣੇ ਸਨ ਤੇ ਦੇਵ ਉਹਦੀ ਹਰ ਦੋਸਤੀ ਤੇ ਮੁਹੱਬਤੀ ਪਲਾਂ ਦਾ ਸ਼ਾਖ਼ਸੀ ਸੀ। ਉਹ ਵਰ੍ਹਿਆਂ ਨੂੰ ਨਹੀਂ ਮੁਹੱਬਤਾਂ ਨੂੰ ਜੀਅ ਕੇ ਗਿਆ ਸੀ। ਮੁਹੱਬਤ ਉਹਦੇ ਲਈ ਮਨ ਦੀ ਸਹਿਜ ਅਵਸਥਾ ਸੀ।



ਲੰਬਾ ਹਉਕਾ ਲੈ ਤੇਜ ਨੇ ਕਿਹਾ ਸੀ, "ਦੇਵ! ਮਨੁੱਖ ਆਪਣੀ ਸਾਰੀ ਜ਼ਿੰਦਗੀ ਉਹਲਿਆਂ ਹੇਠ ਹੀ ਕੱਟ ਲੈਂਦਾ...ਮੈਂ ਚਾਹੁੰਦਾ ਹਾਂ...ਮੈਂ ਜਿਹੜਾ ਵੀ ਰਿਸ਼ਤਾ...ਉਸ ਵਿਚ ਕਿਸੇ ਤਰ੍ਹਾਂ ਦਾ ਉਹਲਾ ਨਾ ਹੋਵੇ...ਮੇਰੇ ਬੱਚੇ ਫਰੇਬ ਨਾ ਜੀਣ...ਸੱਚ ਨੂੰ ਜੀਣ...।"

"ਪਰ...ਇਹਨਾਂ ਉਹਲਿਆਂ ਹੇਠ ਹੀ ਹਰ ਰਿਸ਼ਤਾ ਸਹਿਜ ਰਹਿੰਦਾ।"

"ਤੇਰੀ ਗੱਲ ਵੀ ਠੀਕ ਆ...ਸੱਚ ਜੀਣਾ ਬੜਾ ਔਖਾ ਈ...ਪਰ ਇਕ ਗੱਲ ਦੱਸ...ਜਦ ਬੰਦਾ ਆਪਣੇ ਆਪ ਨਾਲ ਹੀ ਉਹਲੇ ਰੱਖਣ ਲੱਗ ਪਵੇ ਤਾਂ ਉਹ ਕਿਵੇਂ ਸਹਿਜ ਰਹਿ ਸਕਦਾ ਏ।"...ਤੇ ਤੇਜ ਦੀ ਇਸ ਗੱਲ ਦਾ ਦੇਵ ਨੇ ਕੋਈ ਜਵਾਬ ਨਹੀਂ ਸੀ ਦਿੱਤਾ।

ਇਹਨਾਂ ਹੀ ਪਲਾਂ ਵਿਚ ਦੇਵ ਨੂੰ ਪਾਲੀ ਯਾਦ ਆਈ...ਤੇ ਉਹ ਪਾਲੀ ਦੇ ਘਰ ਨੂੰ ਹੋ ਤੁਰਿਆ। ਸਿਖ਼ਰ ਦੁਪਹਿਰ ਦੀ ਧੁੱਪ ਵਰਗੀ ਪਾਲੀ ਉਮਰ ਦੇ ਪਹਿਲੇ ਪਹਿਰ ਵਿਚ ਹੀ ਵਿਧਵਾ ਹੋ ਗਈ ਸੀ...।ਪਾਲੀ ਤੇ ਉਹਦਾ ਛੇ ਕੁ ਸਾਲ ਦਾ ਮੁੰਡਾ ਦੁਨੀਆ ਦੇ ਭਰੇ ਮੇਲੇ ਵਿਚ ਇਕੱਲੇ ਰਹਿ ਗਏ ਸਨ...।ਪਾਲੀ ਦੇ ਖਾਵੰਦ ਦੀ ਮੌਤ ਦੇ ਬਾਅਦ ਤੇਜ ਨੇ ਪਾਲੀ ਨੂੰ ਕਿਹਾ ਸੀ, "ਤੁਰ ਜਾਣ ਵਾਲੇ ਦੀ ਘਾਟ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ...ਪਰ ਫਿਰ ਵੀ ਉਹ ਮੇਰਾ ਯਾਰ ਸੀ"...ਤੇ ਤੇਜ ਇਸ ਔਰਤ ਦਾ ਦਰਦ ਵੰਡਾਉਂਦਾ ਵੰਡਾਉਂਦਾ ਉਹਦਾ ਹੀ ਹਿੱਸਾ ਹੋ ਨਿਬੜਿਆ ਸੀ।

ਪਾਲੀ ਦੀਆਂ ਕੰਧਾਂ ਅੱਖਾਂ ਪੂੰਝਣ ਆਉਂਦਾ ਤੇਜ ਆਪਣੀਆਂ ਸਿੱਲੀਆਂ ਕਰਕੇ ਤੁਰ ਜਾਂਦਾ। ਉਹਦੀਆਂ ਪੀੜਾਂ ਨੂੰ ਘੱਟ ਕਰਦਾ ਆਪ ਪੀੜ ਪੀੜ ਹੋ ਜਾਂਦਾ। ਇਕ ਪਾਲੀ ਤੇ ਤੇਜ ਦੇ ਰਿਸ਼ਤੇ ਦਾ ਸੱਚ ਸੀ ਤੇ ਇਕ ਉਹ ਸੱਚ ਸੀ ਜੋ ਇਸ ਰਿਸ਼ਤੇ ਬਾਰੇ ਲੋਕਾਂ ਨੇ ਕਿਆਸ ਲਿਆ ਸੀ...ਤੇ ਲੋਕਾਂ ਦਾ ਸੱਚ ਹਰੇਕ ਸੱਚ ਤੋਂ ਉਪਰ ਹੋ ਉਠਦਾ ਹੈ...।ਇਹ ਗੱਲਾਂ ਤੇਜ ਨੂੰ ਡਿਸਟਰਬ ਕਰ ਦੇਂਦੀਆਂ।

...ਤੇ ਇਕ ਦਿਨ ਪਾਲੀ ਅਣਮੰਨੇ ਮਨ ਨਾਲ ਤੇਜ ਨੂੰ ਕਹਿ ਬੈਠੀ, "ਜੇ ਜਿੰਦਰ ਜਿਊਂਦਾ ਹੁੰਦਾ ਤਾਂ ਕੋਈ ਗੱਲ ਨਹੀਂ ਸੀ...ਤੂੰ ਇੰਜ ਦਿਨ ਦਿਹਾੜੇ ਘਰ ਨਾ ਆਇਆ ਕਰ...।"

ਉਸ ਪਲ ਤੇਜ ਨੇ ਕੁਝ ਨਹੀਂ ਕਿਹਾ ਸੀ...ਰੋਣਹਾਕੇ ਹੋਏ ਨੇ ਮੇਜ਼ 'ਤੇ ਪਏ ਗਲਾਸ ਨੂੰ ਫਰਸ਼ 'ਤੇ ਵਗਾਹ ਮਾਰਿਆ ਸੀ...।

ਉਸ ਵੇਲੇ ਉਖੜੀ ਉਖੜੀ ਪਾਲੀ ਨੇ ਕਿਹਾ ਸੀ, "ਜਿਸ ਔਰਤ ਦਾ ਖਸਮ ਨਹੀਂ ਰਹਿੰਦਾ... ਉਹਦਾ ਆਪਣੇ ਆਪ 'ਤੇ ਵੀ ਹੱਕ ਮਨਫ਼ੀ ਹੋ ਜਾਂਦਾ...ਉਹਦੇ ਆਲੇ ਦੁਆਲੇ ਤੁਹਮਤਾਂ ਦੀ ਹਵਾ ਵਗਣ ਲੱਗ ਪੈਂਦੀ ਏ।" ਤੇਜ ਉਦਾਸ ਸੀ...ਬੇਚੈਨ ਸੀ...ਪਾਲੀ ਦੇ ਸਿਰੋਂ ਲੱਥੀ ਚੁੰਨੀ ਨਾਲ ਤੇਜ ਨੇ ਉਹਦਾ ਸਿਰ ਢੱਕ ਦਿੱਤਾ ਸੀ ਤੇ ਪਾਲੀ ਉਹਦੇ ਸਾਹਵੇਂ ਸਜਦੇ ਵਿਚ ਝੁਕ ਗਈ ਸੀ।

...ਤੇ ਉਹ ਜੋ ਹੱਥੀ ਪਾਲੀਆਂ ਦੋਸਤੀਆਂ ਨੂੰ ਰੱਬ ਵਾਂਗ ਪੂਜਦਾ ਸੀ...ਭਰੇ ਮਨ ਨਾਲ ਹੀ ਉਸ ਘਰ ਦੀਆਂ ਬਰੂਹਾਂ ਟੱਪ ਗਿਆ ਸੀ...ਭੁੱਬ ਮਾਰਦਿਆਂ ਤੇਜ ਨੇ ਕਿਹਾ ਸੀ, "ਯਾਰ ਦੇ ਤੁਰ ਜਾਣ ਤੋਂ ਬਾਅਦ ਪਿਛਲੇ ਦਰਵਾਜ਼ੇ ਰਾਹੀਂ ਆਉਣਾ ਇਸ ਰਿਸ਼ਤੇ ਨੂੰ ਸੰਨ੍ਹ ਲਾਉਣ ਵਰਗਾ ਏ...ਅੱਜ ਮੈਨੂੰ ਪਹਿਲੀ ਵਾਰ ਲੱਗਾ ਮੇਰਾ ਯਾਰ ਸੱਚਮੁੱਚ ਰੱਬ ਨੇ ਖੋਹ ਲਿਆ...।" ਤੇ ਉਹਦੇ ਜਾਣ ਤੋਂ ਬਾਅਦ ਪਾਲੀ ਨੇ ਕਈ ਸਵਾਲ ਆਪਣੇ ਮਨ ਨਾਲ ਕੀਤੇ ਸਨ...ਆਪੇ ਤੋਂ ਹਾਰੀ ਉਹ ਸੋਚਦੀ...ਕਿਹੜੇ ਚੰਦਰੇ ਵਾਰ ਉਸ ਘਰ ਦੀਆਂ ਬਰੂਹਾਂ ਟੱਪੀਆਂ ਸੀ ਕਿ ਬਾਅਦ ਵਿਚ ਉਸ ਕੋਲੋਂ ਆ ਨਹੀਂ ਸੀ ਹੋਇਆ...ਉਸ ਪਲ ਦੁਨੀਆਦਾਰੀ ਦਾ ਤੌਖਲਾ ਏਨਾ ਵਧ ਗਿਆ ਸੀ ਕਿ ਨਾ ਤੇਜ ਨੇ ਉਹਦੀਆਂ ਸੁੰਨੀਆਂ ਬਰੂਹਾਂ ਵੱਲ ਮੁੜ ਕੇ ਵੇਖਿਆ ਸੀ ਤੇ ਨਾ ਹੀ ਪਾਲੀ ਕੋਲੋਂ ਆਵਾਜ਼ ਦੇ ਹੋਈ ਸੀ...।

ਇਹ ਵੀ ਸੱਚ ਹੈ ਕਿ ਜਦ ਵੀ ਪਾਲੀ ਨਾਲ ਕੁਝ ਗਲਤ ਵਾਪਰਦਾ ਉਹ ਅਕਹਿ ਪੀੜ ਨਾਲ ਭਰ ਜਾਂਦਾ...ਇਸ ਪੀੜ ਨੂੰ ਉਹ ਅੰਦਰੋ ਅੰਦਰੀ ਜੀਰਣਾ ਤਾਂ ਚਾਹੁੰਦਾ ਸੀ...ਪਰ ਪੀੜ ਵੀ ਜਦ ਹੱਦੋਂ ਵਧ ਜਾਵੇ ਤਾਂ ਇਹ ਅੱਥਰੂ ਬਣ ਵਹਿ ਜਾਂਦੀ ਹੈ...ਤੇ ਉਹਦੇ ਅੱਥਰੂਆਂ ਦੀ ਤਾਸੀਰ ਉਹਦੇ ਘਰ ਦੇ ਪਛਾਣ ਲਈ ਸੀ...ਘਰ ਹਮੇਸ਼ਾ ਬੇਗਾਨੀ ਔਰਤ ਲਈ ਨਿਕਲੇ ਅੱਥਰੂਆਂ ਦਾ ਸਪਸ਼ਟੀਕਰਨ ਮੰਗਦੇ ਹਨ... ਘਰ ਦੀਆਂ ਨਜ਼ਰਾਂ ਵਿਚ ਉਹ ਗੁਨਾਹਗਾਰ ਹੋ ਨਿਬੜਿਆ ਸੀ...ਤੇਜ

ਬਹੁਤ ਕੁਝ ਕਹਿ ਸਕਦਾ ਸੀ...ਪਰ ਉਸ ਬਹੁਤ ਕੁਝ ਅਣਕਿਹਾ ਹੀ ਰਹਿਣ ਦਿੱਤਾ...ਤੇ ਉਹਦੀ ਗ਼ਲਤੀ ਸਿਰਫ਼ ਏਨੀ ਸੀ ਕਿ ਉਹਨੇ ਦਿਨ ਦਿਹਾੜੇ ਰਿਸ਼ਤਿਆਂ ਦੇ ਆਰ ਪਾਰ ਜਾਣ ਦੀ ਜੁਅਰਤ ਕੀਤੀ ਸੀ।

ਅਵਾਜ਼ਾਰੀ ਦੇ ਇਸ ਮੌਸਮ ਵਿਚ ਤੇਜ ਨੇ ਪਾਲੀ ਨੂੰ ਕਿਹਾ ਸੀ, "ਵੇਖ, ਮੈਂ ਕਿਤੇ ਵੀ ਗ਼ਲਤ ਨਹੀਂ...ਮੈਂ ਤਾਂ ਬਸ ਚਾਹੁੰਦਾ ਹਾਂ...ਜ਼ਿੰਦਗੀ ਦੇ ਕੁਝ ਪਲ ਆਪਣੇ ਲਈ ਜੀਵਾਂ"...ਪਰ ਉਹ ਸਾਰੀ ਉਮਰ ਇਨ੍ਹਾਂ ਪਲਾਂ ਲਈ ਸਹਿਕਦਾ ਰਿਹਾ ਸੀ।

ਸੋਚਾਂ ਦੀ ਘੁੰਮਣਘੇਰੀ 'ਚ ਵਲਿਆ ਉਹ ਪਾਲੀ ਦੇ ਘਰ ਤਕ ਅੱਪੜ ਗਿਆ ਸੀ। ਦੇਵ ਵੱਲ ਵੇਖ ਪਾਲੀ ਝੱਲਿਆਂ ਵਾਂਗ ਰੋ ਉੱਠੀ। ਮੰਜੇ ਉੱਤੇ ਬੈਠਦੀ ਬੈਠਦੀ ਉਹ ਕੁਝ ਸੰਭਲ ਗਈ। ਦੇਵ ਸਾਹਮਣੇ ਡਿੱਠੀ ਕੁਰਸੀ 'ਤੇ ਬੈਠ ਗਿਆ। ਰਸਮੀ ਜਿਹਾ ਹਾਲ ਚਾਲ ਪੁੱਛਣ ਮਗਰੋਂ ਪਾਲੀ ਚਾਹ ਬਣਾ ਲਿਆਈ...ਉਹਨਾਂ ਦੋਵਾਂ ਵਿਚਕਾਰ ਚੁੱਪ ਦਾ ਸੰਵਾਦ ਸੀ।

ਪਾਲੀ ਨੇ ਚੁੱਪ ਤੋੜਦਿਆਂ ਕਿਹਾ, "ਤੇਜ ਨੂੰ ਇਸੇ ਤਰ੍ਹਾਂ ਦੀ ਚਾਹ ਪਸੰਦ ਸੀ...ਤੈਨੂੰ ਭਾਵੇਂ ਚੰਗੀ ਲੱਗੀ ਹੋਵੇ ਜਾਂ ਨਾ...ਪਰ ਜਦ ਵੀ ਤੂੰ ਆਉਂਦਾ ਏਂ...ਮੇਰੇ ਕੋਲੋਂ ਇਸੇ ਤਰ੍ਹਾਂ ਦੀ ਚਾਹ ਬਣ ਜਾਂਦੀ ਏ... ਜਾਣ ਵਾਲੇ ਦੀ ਹੋਂਦ ਨੂੰ ਮਹਿਸੂਸ ਕਰਨ ਲਈ...ਸ਼ਾਇਦ...।" ਉਸ ਆਪੇ ਹੀ ਸਵਾਲ ਵਰਗਾ ਜਵਾਬ ਦੇ ਦਿੱਤਾ।

ਡੂੰਘਾ ਹੌਕਾ ਲੈ ਕੇ ਪਾਲੀ ਦੇਵ ਵੱਲ ਪਰਤੀ...ਦੇਵ ਉਹਦੇ ਕੋਲ ਹੀ ਸੀ...ਅਧੂਰਾ ਜਿਹਾ...ਪਾਲੀ ਦੀਆਂ ਥੱਕੀਆਂ ਅੱਖਾਂ ਵੱਲ ਵੇਖ ਦੇਵ ਨੇ ਕਿਹਾ, "ਪਾਲੀ ਤੇਜ ਨੇ ਕਾਹਲੀ ਕਰ ਲਈ...।"

ਦੇਵ ਦੀ ਗੱਲ ਸੁਨਣ ਤੋਂ ਬਾਅਦ ਪਾਲੀ ਫਿਸ ਪਈ ਸੀ..."ਦੇਵ! ਤੇਰੇ ਕੋਲ ਤਾਂ ਹੋਰ ਮੋਢਾ ਹੋਵੇਗਾ ਜਿਹਦਾ ਤੂੰ ਆਸਰਾ ਭਾਲ ਲਵੇਂਗਾ...ਪਰ ਮੇਰਾ ਆਖ਼ਰੀ ਆਸਰਾ ਵੀ ਰੱਬ ਨੇ ਖੋਹ ਲਿਆ...।"

ਦੇਵ ਚੁੱਪ ਸੀ...ਦੇਵ ਨੂੰ ਪਤਾ ਸੀ ਉਹਦੇ ਬੋਲ ਪਾਲੀ ਦਾ ਸਿਦਕ ਨਹੀਂ ਬਣ ਸਕਦੇ...ਪਰ ਹਾਂ ਪਾਲੀ ਦੇ ਬੋਲ ਉਸ ਨੂੰ ਧਰਵਾਸ ਜ਼ਰੂਰ ਦੇ ਰਹੇ ਸਨ...।

ਦੇਵ ਦੀ ਚੁੱਪ ਨੂੰ ਹੀ ਅਰਥ ਦੇਂਦੀ ਪਾਲੀ ਬੋਲੀ, "ਤੂੰ ਸੱਚ ਜਾਣੀ ਮੈਂ ਕਈ ਵਾਰ ਆਪਣੇ ਆਪ ਨੂੰ ਤੇਜ ਦੀ ਕਾਤਲ ਸਮਝਦੀ ਹਾਂ...ਉਹਦੇ ਸਾਹਮਣੇ ਹਰ ਗੱਲ 'ਤੇ ਆਪਣੇ ਆਪ ਨੂੰ ਵਿਚਾਰੀ ਜਿਹੀ ਬਣਾ ਲੈਣਾ...ਉਹ ਵਿਲਕ ਜਾਂਦਾ ਸੀ...ਮੈਂ ਕਿਉਂ ਭੁੱਲ ਜਾਂਦੀ ਸੀ...ਤੇਜ ਦਾ ਵੀ ਆਪਣਾ ਪਰਿਵਾਰ ਏ...ਉਹਦੇ ਧੀਆਂ ਪੁੱਤ ਜਵਾਨ ਨੇ...ਤੇਜ ਦੀ ਆਮਦ ਨਾਲ ਮੇਰਾ ਬੰਜਰ ਮਨ ਹਰਿਆਵਲ ਦੀ ਬਾਤ ਪਾਉਣ ਲੱਗ ਪਿਆ ਸੀ...ਮੈਂ ਆਪਣੇ ਦੁਆਲੇ ਮਜ਼ਬੂਤ ਵਾੜ ਕਰ ਲਈ ਸੀ...ਪਰ ਫਿਰ ਵੀ ਦਿਲ ਕਰਦਾ ਤੇਜ ਵਾੜ ਨੂੰ ਟੱਪ ਲਏ...ਕਈ ਵਾਰ ਹਾਲਾਤਾਂ ਨੂੰ ਆਪਣੀ ਨਜ਼ਰ ਤੋਂ ਵੇਖਦਿਆਂ ਤੇਜ ਨੂੰ ਹਾਸ਼ੀਏ 'ਤੇ ਧੱਕ ਦੇਂਦੀ...ਹਾਸ਼ੀਏ ਤੇ ਰਹਿ ਕੇ ਵੀ ਜਦ ਉਹ ਮੇਰੇ ਚਾਵਾਂ ਮਲਾਰਾਂ ਦੇ ਪੰਨੇ 'ਤੇ ਕੋਈ ਇਬਾਰਤ ਲਿਖ ਦੇਂਦਾ ਤਾਂ ਮੇਰਾ ਸਾਹ ਸੂਤਿਆ ਜਾਂਦਾ।" ਆਪਣੀ ਗੱਲ ਮੁਕਾਉਣ ਤੋਂ ਬਾਅਦ ਉਸ ਨਿਆਸਰਿਆਂ ਵਾਂਗ ਦੇਵ ਵੱਲ ਤੱਕਿਆ।

"ਮੁਹੱਬਤੀ ਰਿਸ਼ਤਿਆਂ ਨੂੰ ਜਦੋਂ ਅਸੀਂ ਦੁਨੀਆਦਾਰੀ ਅੱਖ ਨਾਲ ਵੇਖਣ ਲੱਗ ਪੈਂਦੇ ਹਾਂ ਤਾਂ ਇਹੀ ਹਸ਼ਰ ਹੁੰਦਾ।"

"ਪਰ...ਇਨਸਾਨ ਹਾਲਾਤਾਂ ਵੱਸ ਪੈ ਕੇ ਏਨਾ ਬੇਵਸ ਕਿਉਂ ਹੋ ਜਾਂਦਾ ਏ...ਅਸੀਂ ਉਹਨਾਂ ਲੋਕਾਂ ਖ਼ਾਤਰ ਅਜਿਹੇ ਰਿਸ਼ਤੇ ਗੁਆ ਬੈਠਦੇ ਹਾਂ ਜਿਹਨਾਂ ਸਾ ਕਦੇ ਵੀ ਕੁਝ ਨਹੀਂ ਦੇਣਾ ਹੁੰਦਾ।"

"ਆਪਾਂ ਖੜ੍ਹੇ ਹੀ ਲੋਕਾਂ ਦੀਆਂ ਮਾਨਤਾਵਾਂ 'ਤੇ ਹਾਂ...ਤੇ ਲੋਕਾਂ ਦੀਆਂ ਨਜ਼ਰਾਂ 'ਚ ਸੱਚਾ ਹੁੰਦਾ ਬੰਦਾ ਆਪਣੇ ਆਪ ਤੋਂ ਵੀ ਝੂਠਾ ਹੋ ਜਾਂਦਾ ਏ।"

"ਦੇਵ! ਜਦੋਂ ਕਿਸੇ ਗਲੀ ਦੀ ਔਰਤ ਦੀ ਗੱਲ ਮੇਰੇ ਤਕ ਪਹੁੰਚਦੀ ਤਾਂ ਮੈਂ ਡਰ ਜਾਂਦੀ।"



ਤੇਜ ਮੈਨੂੰ ਇਕ ਵਾਰ ਕਹਿਣ ਲੱਗਾ, "ਵੇਖ ਆਪਾਂ ਉਹਨਾਂ ਗੱਲਾਂ ਨੂੰ ਲੈ ਕੇ ਕਿੰਨੇ ਭੈਅਭੀਤ ਹੋ ਜਾਂਦੇ ਹਾਂ...' ਜਿਹੜੀਆਂ ਸਾਡੇ ਤਕ ਪਹੁੰਚਦੀਆਂ ਹਨ...ਤੇ ਜਿਹੜੀਆਂ ਸਾਡੇ ਤਕ ਨਹੀਂ ਪਹੁੰਚਦੀਆਂ, ਉਹ ਪਤਾ ਨਹੀਂ ਕਿੰਨੀਆਂ ਖ਼ਤਰਨਾਕ ਹੁੰਦੀਆਂ ਨੇ...ਪਰ ਫੇਰ ਵੀ ਅਸੀਂ ਸਹਿਜ ਰਹਿੰਦੇ ਹਾਂ।"

"ਅਸਲ ਵਿਚ ਪਾਲੀ! ਹਾਲਾਤ ਕਿਸੇ ਦੇ ਹੁੰਦੇ ਨੇ..ਪਰ ਵਿਆਖਿਆ ਕਰਨ ਵਾਲੇ ਲੋਕ ਹੋਰ ਹੁੰਦੇ ਨੇ...। ਆਪਣੀ ਸੋਚ ਮੁਤਾਬਕ ਉਹ ਹਰ ਹਾਲਾਤ ਦੀ ਵਿਆਖਿਆ ਕਰ ਦਿੰਦੇ ਨੇ ਤੇ ਫਿਰ ਅਸੀਂ ਉਸ ਵਿਆਖਿਆ ਦੇ ਚੌਖਟੇ ਅੰਦਰ ਆਪਣੇ ਆਪ ਨੂੰ ਠੀਕ ਗ਼ਲਤ ਕਰਨ ਵਿਚ ਜੁਟ ਜਾਂਦੇ ਹਾਂ।"

ਦੇਵ ਦੀਆਂ ਗੱਲਾਂ ਸੁਣ ਪਾਲੀ ਨੇ ਅੱਖਾਂ ਬੰਦ ਕਰ ਲਈਆਂ...ਦੇਵ ਨੂੰ ਵੀ ਪਤਾ ਸੀ ਕਿ ਉਹ ਤੇਜ ਬਾਝੋਂ ਕਿੰਨੀ ਊਣੀ ਤੇ ਅਧੂਰੀ ਹੈ...ਪਰ ਫੇਰ ਵੀ ਆਪਣੀ ਅੰਦਰਲੀ 'ਟੁੱਟ ਭੱਜ' 'ਚੋਂ ਬਾਹਰ ਨਿਕਲਦਿਆਂ ਕਹਿਣ ਲੱਗੀ, "ਦੇਵ! ਤੇਜ ਮੇਰਾ ਕੀ ਸੀ, ਮੈਨੂੰ ਨਹੀਂ ਪਤਾ...ਪਰ ਉਹ ਮੇਰਾ ਕੁਝ ਨਾ ਹੋ ਕੇ ਵੀ ਬਹੁਤ ਕੁਝ ਸੀ...ਇਹ ਵੀ ਸੱਚ ਏ ਕਿ ਜਾਣ ਵਾਲੇ ਕਦੇ ਨਹੀਂ ਬਹੁੜਦੇ...ਪਰ ਫੇਰ ਵੀ ਜਦ ਮੈਂ ਤੇਰੇ ਨਾਲ ਗੱਲ ਕਰਦੀ ਹਾਂ ਤਾਂ ਲਗਦਾ ਏ...ਤੇਜ ਏਥੇ ਹੀ ਏ...ਉਹ ਕਿਤੇ ਨਹੀਂ ਗਿਆ...ਤੇ ਦੇਵ! ਸੱਚ ਦੱਸ ਆਪਣੇ ਵਿਛੋੜ ਕੇ ਕੀਹਦੇ ਗਲ ਲੱਗ ਰੋਇਆ ਜਾ ਸਕਦਾ ਏ।" ਉਸ ਤੋਂ ਬਾਅਦ ਪਾਲੀ ਦੇਵ ਦੇ ਗਲ ਲੱਗ ਰੋ ਪਈ ਸੀ...। ਰੌਸ਼ਨਦਾਨ ਵਿਚੋਂ ਆਉਂਦੀ ਚਾਨਣ ਲੀਕ ਨੇ ਦੇਵ ਨੂੰ ਹਲੂਣਿਆ...ਤੇ ਦੇਵ ਅੱਭੜਵਾਹੇ ਪਾਲੀ ਤੋਂ ਵਿੱਥ ਕਰਕੇ ਖਲੋ ਗਿਆ...ਉਸ ਪਲ ਦੇਵ ਦੀ ਲਾਚਾਰੀ ਨੇ ਉਹਦੇ ਸੰਘ ਵਿਚਲੇ ਸ਼ਬਦ ਦਬੋਚ ਲਏ ਸੀ ਤੇ ਪਾਲੀ ਦੀ ਬੇਬਸੀ ਅੱਥਰੂ ਬਣ ਵਹਿ ਤੁਰੀ ਸੀ...।

ਬੋਝਲ ਮਨ ਨਾਲ ਦੇਵ ਉਸ ਘਰ ਦੀਆਂ ਬਰੂਹਾਂ ਟੱਪ ਆਇਆ ਸੀ...ਉਹ ਉਸ ਘਰੋਂ ਤੇਜ ਬਣ ਰੁਖ਼ਸਤ ਹੋਇਆ ਸੀ...ਉਸ ਸਮੇਂ ਚੱਲ ਰਹੀ ਤੇਜ ਹਵਾ ਦਾ ਬੁੱਲਾ ਦੇਵ ਦਾ ਆਕਾਰ ਚੀਰ ਗਿਆ... ਵਗਦੀ ਤੇਜ ਹਵਾ ਵਿਚ ਹੀ ਦੇਵ ਨੂੰ ਯਾਦ ਆਇਆ...ਤੇਜ ਨੇ ਕਿਹਾ ਸੀ, "ਮਿੱਤਰਾ ਉਹਲਿਆਂ ਹੇਠ ਰਿਸ਼ਤੇ ਪਾਲਣੇ ਤੇ ਨਿਭਾਉਣੇ ਬਹੁਤ ਸੌਖੇ...ਕਦੀ ਦਿਨ ਦਿਹਾੜੇ ਇਹਨਾਂ ਰਿਸ਼ਤਿਆਂ ਦੇ ਆਰ ਪਾਰ ਜਾਣ ਦੀ ਜੁਰਅਤ ਕਰਕੇ ਵੇਖ...।"

ਦੇਵ ਨੇ ਫਿਰ ਉਸ ਘਰ ਦੇ ਖੁੱਲ੍ਹੇ ਦਰਵਾਜ਼ੇ ਨੂੰ ਵੇਖਿਆ...ਤੇ ਫੇਰ ਗਲੀ ਦੀ ਸੁੰਨ ਮਸਾਣ ਵੇਖ ਕੇ ਕਾਹਲੀ ਕਾਹਲੀ ਕਦਮ ਪੁੱਟੇ...ਤੇ ਦੇਵ ਨੂੰ ਲੱਗਾ, ਤੇਜ ਨੇ ਜੋ ਵੀ ਕਿਹਾ ਸੀ...ਸੱਚ ਕਿਹਾ ਸੀ।






# ਘਰ/ਖ਼ਾਲਿਦ ਫ਼ਰਹਾਦ ਧਾਲੀਵਾਲ

ਖ਼ੁਦਾ ਬਖ਼ਸ਼ੇ ਮੁੰਨੀ ਦਾ ਪਿਓ ਜਦੋਂ ਜੀਂਵਦਾ ਸੀ ਉਦੋਂ ਅਜੇ ਕੁਝ ਭਾਰ ਹੈ ਸੀ ਮੇਰਾ। ਹੁਣ ਤੇ ਕੱਖੋਂ ਹੌਲੀ ਹੋਈ ਪਈ ਆਂ। ਨੂੰਹ ਸਮਝਦੀ ਹੀ ਕੁਝ ਨਹੀਂ। ਮੁੰਡਾ ਏ ਤੇ ਉਹ ਆਪਣੇ ਮੂੰਹ। ਜੋ ਜੀਅ ਚਾਹੇ ਕਰਨ, ਮੈਂ ਨਾ ਕਿਸੇ ਦੀ ਦੇਣ ਵਿਚ ਨਾ ਲੈਣ ਵਿਚ। ਨਾਲੇ ਹੁਣ ਮੈਨੂੰ ਕੌਣ ਪੁੱਛਦਾ? ਮੰਜੀ ਤੇ ਬੈਠੀ ਸਾਰਾ ਦਿਨ ਇਆਣੇ ਖਿਡਾਂਵਦੀ ਰਹਿੰਨੀ ਆਂ।

ਮੁੰਨੀ ਨੂੰ ਮਿਲਣ ਨੂੰ ਜੀਅ ਕਰਦਾ ਸੀ। ਅੱਗੇ ਤੇ ਪੋਹ ਲੰਘਦਿਆਂ ਈ ਆ ਜਾਂਦੀ ਸੀ ਉਹ। ਹੁਣ ਚੇਤਰ ਪਿਆ ਜਾਂਦਾ। ਉਸ ਫੇਰਾ ਈ ਨਹੀਂ ਪਾਇਆ। ਮੈਂ ਜਦ ਤੀਕ ਆਪ ਜਾਣ ਜੋਗੀ ਸਾਂ, ਜਾ ਕੇ ਮਿਲ ਆਂਵਦੀ ਹੁੰਦੀ ਸਾਂ ਪਰ ਹੁਣ ਇਸ ਬੁੱਢੇ ਸਰੀਰ ਨੂੰ ਕਿੱਥੇ ਬੱਸਾਂ ਵਿਚ ਧਰੀਕਦੀ ਫਿਰਾਂ? ਮੁੰਡੇ ਨੂੰ ਕਿਹਾ, ਜਾ ਕੇ ਸੁੱਖ ਸਾਂਦ ਪੁੱਛ ਆ। ਸਾਲ਼ੀ ਦੇ ਚਲਾ ਗਿਆ ਸੀ ਪਰ ਮੁੰਨੀ ਲਈ ਉਸ ਕੋਲ ਵਿਹਲ ਈ ਨਹੀਂ।

ਮੁੰਨੀ ਤੋਂ ਮੈਂ ਕੁਝ ਓਦਰ ਵੀ ਛੇਤੀ ਜਾਂਦੀ ਆਂ। ਚੰਦਰੀ ਵਿਚ ਮੇਰਾ ਮੋਹ ਈ ਬੜਾ ਏ। ਕੀ ਕਰਾਂ, ਮਾਂ ਜੁ ਹੋਈ। ਮੈਨੂੰ ਈ ਨਹੀਂ, ਹਰ ਇਕ ਮਾਂ ਨੂੰ ਧੀ ਨਾਲ ਅਜਿਹੀ ਈ ਪ੍ਰੀਤ ਹੁੰਦੀ ਏ।

ਇਸ ਮੋਹ ਦਾ ਕਾਰਨ ਮਾਂ ਦੀ ਦਾ ਰਿਸ਼ਤਾ ਤਾਂ ਹੈ ਈ, ਇਸ ਤੋਂ ਛੁੱਟ ਦੋਹਾਂ ਵਿਚ ਔਰਤ ਹੋਣ ਦੀ ਸਾਂਝ ਵੀ ਏ ਇਕ ਕਾਰਨ।

ਮੈਂ ਜਦੋਂ ਕਦੀ ਪਿੰਡ ਜਾਣਾ ਤਾਂ ਮਾਂ ਬਹਿਸ਼ਤਣ ਨੇ ਕਹਿਣਾ, 'ਚੰਦਰੀਏ, ਏਨੀ ਦੇਰ ਲਾ ਦਿਤੀ ਤੂੰ?'

ਮੈਂ ਕਹਿੰਦੀ, 'ਤੂੰ ਤੇ ਇੰਜ ਜਿਵੇਂ ਮਾਂ ਮੈਨੂੰ ਈ ਉਡੀਕਦੀ ਰਹਿੰਨੀ ਏਂ।'

ਅੱਗੋਂ ਮਾਂ ਨੇ ਮੱਥਾ ਚੁੰਮ ਕੇ ਕਹਿਣਾ, 'ਤੇ ਹੋਰ ਕੀ?'

ਹੁਣ ਮੈਨੂੰ ਜਦ ਆਪ ਮੁੰਨੀ ਦਾ ਉਦਰੇਵਾਂ ਰਹਿੰਦਾ ਤਾਂ ਮਾਂ ਦੇ ਹੇਜ ਦਾ ਅਹਿਸਾਸ ਹੁੰਦਾ।

ਪੰਦਰਾਂ ਵੀਹ ਵਰ੍ਹੇ ਹੋ ਗਏ ਮੁੰਨੀ ਦੇ ਵਿਆਹ ਨੂੰ ਪਰ ਅਜੇ ਇਹ ਕੱਲ੍ਹ ਦੀ ਗੱਲ ਜਾਪਦੀ ਏ ਜਦ ਮੁੰਨੀ ਏਸ ਵਿਹੜੇ ਵਿਚ ਚੁੰਗੀਆਂ ਭਰਦੀ ਸੀ। ਜਦ ਮੁੰਨੀ ਦੇ ਵਿਆਹ ਦੀ ਗੱਲ ਤੁਰੀ ਤਾਂ, ਖ਼ੁਦਾ ਬਖ਼ਸ਼ੇ, ਉਹਦਾ ਪਿਓ ਕਹਿਣ ਲੱਗਾ, 'ਅਖੇ ਸੱਚ ਈ ਕਹਿੰਦੇ, ਧੀਆਂ ਧਰੇਕਾਂ ਹੁੰਦੀਆਂ। ਮੁੰਨੀ ਦੇ ਜਵਾਨ ਹੋਣ ਦਾ ਪਤਾ ਈ ਨਹੀਂ ਲੱਗਾ।' ਤੇ ਫਿਰ ਹਉਕਾ ਭਰ ਕੇ ਕਹਿਓਸ, 'ਰੱਬ ਨੇ ਧੁਰੋਂ ਈ ਧੀਆਂ ਦਾ ਅੰਨ ਪਾਣੀ ਬਿਗਾਨੇ ਘਰ ਨਾ ਲਿਖਿਆ ਹੋਵੇ ਤਾਂ ਮਾਪੇ ਇਕ ਲੂੰ ਵੀ ਪੁੱਟ ਕੇ ਨਾ ਦੇਣ ਇਹਨਾਂ ਦਾ।'

ਮੈਂ ਉਹਦੀ ਗੰਭੀਰਤਾ ਨੂੰ ਤੋੜਨ ਲਈ ਕਿਹਾ ਸੀ, 'ਅਸੀਂ ਵੀ ਤੇ ਆਪਣੇ ਮਾਪਿਆਂ ਦੇ ਘਰ ਇੰਜ ਹੀ ਪਿਆਰੀਆਂ ਸਾਂ।'

ਜਦੋਂ ਮੁੰਨੀ ਨੂੰ ਵੇਖਣ ਵਾਲਿਆਂ ਆਵਣਾ ਸੀ, ਉਸ ਤੋਂ ਇਕ ਦਿਨ ਪਹਿਲਾਂ ਮੁੰਨੀ ਦੇ ਰੁਝੇਵੇਂ ਵੇਖਣ ਵਾਲੇ ਸਨ। ਆਪਣੀ ਭਰਜਾਈ ਤੋਂ ਅਗੇਰੇ ਹੋ ਕੇ ਉਸ ਨਵੇਂ ਸਿਰਿਓਂ ਘਰ ਦੀ ਸਫ਼ਾਈ ਕੀਤੀ। ਜਦ ਘਰ ਸੱਜ ਗਿਆ ਤਾਂ ਘਰ ਦਾ ਮੁਹਾਂਦਰਾ ਈ ਕੁਝ ਹੋਰ ਸੀ। ਜਾਪਦਾ ਈ ਨਹੀਂ ਸੀ ਕਿ ਇਹ ਪਹਿਲੇ ਵਾਲਾ ਘਰ ਏ। ਫਿਰ ਉਹ ਸਹੇਲੀਆਂ ਨੂੰ ਅੰਦਰ ਲੈ ਕੇ ਵੜੀ ਰਹੀ। ਬਾਹਰੋਂ ਭਾਵੇਂ ਕੁਝ ਨਹੀਂ ਸੀ ਦਿਸਦਾ ਪਰ ਮੈਂ ਜਾਣਦੀ ਸਾਂ ਕਿ ਅੰਦਰ ਕੀ ਹੋ ਰਿਹਾ ਏ? ਮੈਨੂੰ ਪਤਾ ਸੀ ਕਿ ਮੁੰਨੀ ਦੀਆਂ ਸਹੇਲੀਆਂ ਉਸ ਨੂੰ ਵੱਖ ਵੱਖ ਰੰਗਾਂ ਦੇ ਕੱਪੜੇ ਪੁਆ ਕੇ ਉਹਨਾਂ ਦੀ ਛੱਬ ਬਾਰੇ ਪੁੱਛ ਦੱਸ ਰਹੀਆਂ ਹੋਣਗੀਆਂ।

ਜਦ ਮੁੰਨੀ ਨੂੰ ਵੇਖਣ ਆਏ, ਉਸ ਦਿਨ ਇਕ ਅਜੀਬ ਜਿਹੀ ਵਲਗਣ ਵਿਚ ਆਈ ਹੋਈ ਸੀ ਮੁੰਨੀ। ਕੁਝ ਨਜ਼ਰਾਂ ਉਹਦੇ ਉਤੇ ਈ ਜੰਮੀਆਂ ਹੋਈਆਂ ਸਨ। ਉਹਨੂੰ ਆਪਣੇ ਆਪਣੇ



ਮਿਆਰਾਂ ਦੀ ਤੱਕੜੀ ਵਿਚ ਤੋਲਦੀਆਂ ਹੋਈਆਂ ਨਜ਼ਰਾਂ। ਵਿਚਾਰੀ ਮੁੰਨੀ।

ਲੱਜ ਦੇ ਮਹੀਣ ਵਰਕ ਵਿਚ ਵਲ੍ਹੇਟ ਕੇ ਆਪਣੇ ਆਪ ਨੂੰ ਪੇਸ਼ ਕਰਦੀ ਹੋਈ ਮੁੰਨੀ ਉਤੇ ਬੜਾ ਤਰਸ ਆਇਆ ਉਸ ਦਿਨ। ਮੇਰੀ ਮਾਂ ਨੂੰ ਵੀ ਮੇਰੇ ਉਤੇ ਉਸ ਦਿਨ ਅਜਿਹਾ ਤਰਸ ਆਇਆ ਹੋਣਾ। ਫਿਰ ਪ੍ਰਾਹੁਣਿਆਂ ਦੇ ਜਾਣ ਤੋਂ ਕੁਝ ਚਿਰ ਪਹਿਲਾਂ ਦੇ ਪਲ, ਫ਼ੈਸਲੇ ਦੇ ਪਲ। ਜਿਨ੍ਹਾਂ ਵਿਚ ਕੁੜੀ ਕਿਸੇ ਵੀ ਰਿਸ਼ਤੇ ਤੋਂ ਮੁਕਤ ਸਿਰਫ਼ ਇਕ ਔਰਤ ਹੁੰਦੀ ਏ। ਜੇ ਉਸ ਸਮੇਂ ਉਹਦੇ ਵਿਚੋਂ ਕਿਸੇ ਨੂੰ ਆਪਣੀ ਧੀ ਭੈਣ ਦਿਸੇ ਤਾਂ ਫਿਰ ਇਹਨੂੰ ਨਿੰਦੇ ਕੌਣ? ਸਲਾਹੇ ਜਾਣ ਦੀ ਆਸ ਦੇ ਨਾਲ ਨਾਲ ਕਲਾਹੇ ਜਾਣ ਦਾ ਖ਼ੌਫ਼। ਜਦ ਮੁੰਨੀ ਦੀ ਹੋਣ ਵਾਲੀ ਸੱਸ ਨੇ ਜਾਂਦਿਆਂ ਹੋਇਆਂ ਮੁੰਨੀ ਦੇ ਸਿਰ ਪਿਆਰ ਦੇ ਕੇ ਹੱਥ ਉੱਤੇ ਰੁਪਿਆ ਧਰਿਆ ਤਾਂ ਮੇਰੇ ਗਲੇਡੂ ਭਰ ਆਏ, ਪਤਾ ਨਹੀਂ ਖ਼ੁਸ਼ੀ ਦੇ ਸਨ ਜਾਂ ਗ਼ਮੀਂ ਦੇ।

ਜਦੋਂ ਅਜੇ ਮੁੰਨੀ ਦਾ ਵਿਆਹ ਨਹੀਂ ਸੀ ਹੋਇਆ, ਉਹ ਬੜਾ ਖਿਆਲ ਰੱਖਦੀ ਸੀ ਏਸ ਘਰ ਦਾ। ਕੀ ਮਜਾਲ, ਕੋਈ ਸ਼ੈਅ ਏਧਰੋਂ ਉਧਰ ਹੋ ਜਾਵੇ। ਜੇ ਕੋਈ ਹੋ ਜਾਂਦੀ ਤਾਂ ਉਹ ਝੱਟ ਲੜਨ ਨੂੰ ਦੌੜਦੀ। ਬਹੁਤੀ ਵਾਰੀ ਆਪਣੀ ਭਰਜਾਈ ਨਾਲ ਈ ਮੂੰਹ ਮਾਰੀ ਹੁੰਦੀ ਉਸ ਦੀ। ਮੈਂ ਕਈ ਵਾਰ ਮੁੰਨੀ ਨੂੰ ਸਮਝਾਂਵਦੀ ਕਿ ਤੂੰ ਕਿਉਂ ਫਿਕਰ ਕਰਨੀ ਏਂ ਏਸ ਘਰ ਦਾ? ਘਰ ਵਾਲੇ ਸਾਂਭਣ ਨਾ ਸਾਂਭਣ, ਤੈਨੂੰ ਕੀ? ਤਾਂ ਉਹ ਅੱਗੋਂ ਪੁੱਠੀ ਲੜਨ ਪੈਂਦੀ, 'ਕਿਉਂ, ਮੇਰਾ ਨਹੀਂ ਇਹ ਘਰ?'

ਵਿਆਹ ਤੋਂ ਬਾਅਦ ਮੈਂ ਇਕ ਵਾਰੀ ਮੁੰਨੀ ਨੂੰ ਪੁੱਛਿਆ, 'ਮੁੰਨੀ ਇਕ ਗੱਲ ਤੇ ਦੱਸ।' ਕਹਿਣ ਲੱਗੀ, 'ਕਿਹੜੀ?'

ਮੈਂ ਕਿਹਾ, 'ਹੁਣ ਜਦ ਤੂੰ ਆਉਨੀ ਏਂ ਤਾਂ ਤੇਰੇ ਸਾਹਮਣੇ ਅੰਦਰਾਂ ਵਿਚ ਘੱਟਾ ਜੰਮਿਆ ਹੁੰਦਾ। ਸ਼ੈਆਂ ਏਧਰ ਉਧਰ ਖਿੱਲਰੀਆਂ ਹੁੰਦੀਆਂ। ਹੁਣ ਤੂੰ ਕਦੇ ਹੱਥ ਨਹੀਂ ਹਿਲਾਇਆ।'

ਕਹਿਣ ਲੱਗੀ, 'ਮਾਂ ਡਰ ਲੱਗਦਾ।'

ਮੈਂ ਪੁੱਛਿਆ, 'ਕਿਸ ਗੱਲ ਤੋਂ?'

ਆਖਿਓਸ, 'ਘਰ ਵਾਲਿਆਂ ਤੋਂ। ਕਿਧਰੇ ਕਹਿ ਨਾ ਦੇਣ, ਸਾਡਾ ਘਰ ਅਸੀਂ ਸਾਂਭੀਏ, ਨਾ ਸਾਂਭੀਏ, ਤੈਨੂੰ ਕੀ?'

ਮੈਂ ਕਹਿਣ ਨੂੰ ਕਹਿ ਸਕਦੀ ਸਾਂ ਕਿ ਤੂੰ ਤੇ ਲੜਨ ਨੂੰ ਪੈਂਦੀ ਹੁੰਦੀ ਸੈਂ ਕਿ ਮੇਰਾ ਨਹੀਂ ਇਹ ਘਰ? ਤੇ ਹੁਣ! ਪਰ ਮੈਂ ਕਿਹਾ ਨਾ। ਸ਼ਾਇਦ ਏਸ ਲਈ ਕਿ ਮੈਂ ਉਹਦੀ ਗੰਭੀਰਤਾ ਵਿਚ ਵਾਧਾ ਨਹੀਂ ਸਾਂ ਕਰਨਾ ਚਾਹੁੰਦੀ।ਤਰਾਉਂਦਾ ਗੁਜ਼ਾਰਨ ਆਈ ਮੁੰਨੀ ਤੋਂ ਮੈਂ ਪੁੱਛਿਆ, 'ਤੇਰਾ ਜੀਅ ਤਾਂ ਲੱਗਾ ਹੋਇਆ ਨਾ ਉਥੇ?'

ਨਿੰਮ੍ਹਾ ਜਿਹਾ ਹੱਸ ਕੇ ਕਹਿਣ ਲੱਗੀ, 'ਹਾਂ, ਪਰ ਅਜੇ ਖਾਬਾਂ ਵਿਚ ਵਾਤਾਵਰਨ ਏਥੋਂ ਦਾ ਈ ਹੁੰਦਾ।'

ਮੁੰਨੀ ਬਾਲੜੀ ਈ ਸੀ ਜਦੋਂ ਇਕ ਵਾਰ ਦੌੜਦੀ ਹੋਈ ਆਈ ਤੇ ਕਹਿਣ ਲੱਗੀ, 'ਮਾਂ ਤੈਨੂੰ ਹਾਸੇ ਵਾਲੀ ਇਕ ਗੱਲ ਦੱਸਾਂ?'

ਮੈਂ ਕਿਹਾ, 'ਦੱਸ।'

ਤਾਂ ਬੋਲੀ, 'ਤਾਈ ਵਾਂਢਿਓਂ ਹੋ ਕੇ ਆਈ ਆ।'

ਮੈਂ ਪੁੱਛਿਆ, 'ਤਾਈ ਕਿਹੜੇ ਪਿੰਡੋਂ ਆਈ ਏ?'

ਅਖੇ, 'ਆਪਣੇ ਪਿੰਡੋਂ।'

ਤੇ ਜਦ ਮੈਂ ਕਿਹਾ, 'ਇਹ ਕਿਸਦਾ ਪਿੰਡ ਏ?'

ਤਾਂ ਕਹਿਓਸ, 'ਤਾਏ ਦਾ।'

ਗੱਲ ਸੁਣਾ ਕੇ ਮੁੰਨੀ ਦਾ ਹਾਸਾ ਨਹੀਂ ਸੀ ਥੰਮ੍ਹਿਆ ਜਾ ਰਿਹਾ। ਜਦੋਂ ਕਿਸੇ ਔਰਤ ਨੂੰ

ਤਲਾਕ ਦਾ ਲਫ਼ਜ਼ ਕਿਸੇ ਥਾਂ ਤੋਂ ਬੇਦਖ਼ਲ ਕਰ ਸਕਦਾ ਹੋਵੇ ਤਾਂ ਉਹ ਉਸ ਥਾਂ ਨੂੰ ਆਪਣਾ ਕਿਵੇਂ ਕਹਿ ਸਕਦੀ ਏ ? ਮੇਰੇ ਮਨ ਵਿਚ ਖ਼ਿਆਲ ਆਇਆ, ਪਰ ਮੈਂ ਮੁੰਨੀ ਨਾਲ ਸਾਂਝਾ ਨਾ ਕੀਤਾ, ਕਿਉਂ ਜੁ ਮੈਂ ਉਹਨੂੰ ਸੋਚ ਵਿਚ ਪਾ ਕੇ ਉਸ ਦਾ ਹਾਸਾ ਨਹੀਂ ਸਾਂ ਖੋਹਣਾ ਚਾਹੁੰਦੀ।

ਜਦੋਂ ਅਜੇ ਮੁੰਨੀ ਦੇ ਵਿਆਹ ਨੂੰ ਬਹੁਤਾ ਚਿਰ ਨਹੀਂ ਸੀ ਹੋਇਆ, ਮੈਂ ਕਦੀ ਕਦੀ ਸੋਚਦੀ, ਐਤਕੀਂ ਆਈ ਤੇ ਪੂਰੇ ਛੇ ਮਹੀਨੇ ਰੱਖਾਂਗੀ ਉਸਨੂੰ। ਪਰ ਫੇਰ ਆਪਣੀ ਏਸ ਸੋਚ ਉਤੇ ਹਾਸਾ ਆ ਜਾਂਦਾ। ਭਲਾ ਉਹਦਾ ਕੀ ਅਖ਼ਤਿਆਰ ? ਹੁਣ ਤੇ ਸਾਈਆਂ ਦੀ ਮਰਜ਼ੀ, ਰਹਿਣ ਦੇਣ, ਨਾ ਰਹਿਣ ਦੇਣ। ਨਾਲੇ ਧੀਆਂ ਸਹੁਰੇ ਘਰ ਈ ਸੋਭਦੀਆਂ।

ਇਕ ਵਾਰ ਮੁੰਨੀ ਦਾ ਸਹੁਰਾ ਆਇਆ ਹੋਇਆ ਸੀ ਉਸ ਨੂੰ ਲੈਣ ਕਿ ਗੁਆਂਢੀਆਂ ਦੀ ਸਲਮਾ ਵੀ ਸਹੁਰਿਓਂ ਆ ਗਈ। ਮੁੰਨੀ ਦੇ ਬਚਪਨ ਦੀ ਸਹੇਲੀ। ਹੁਣ ਮੁੰਨੀ ਦਾ ਜੀਅ ਕਰੇ ਕਿ ਸਲਮਾ ਆਈ ਤੇ ਤਾਂ ਅਸੀਂ ਦੋਵੇਂ ਕੁਝ ਦਿਨ ਇਕੱਠੀਆਂ ਰਹਿ ਲਈਏ। ਇਕ ਦੂਜੀ ਕੋਲ ਬੈਠੀਏ, ਕੁਝ ਸੁਣੀਏ, ਕੁਝ ਸੁਣਾਈਏ। ਮੁੰਨੀ ਚਾਹੇ ਕਿ ਅਸੀਂ ਅਜੇ ਭੇਜਣ ਤੋਂ ਇਨਕਾਰ ਕਰ ਦਈਏ, ਪਰ ਉਹਦਾ ਸਹੁਰਾ ਪਹਿਲੀ ਵਾਰ ਲੈਣ ਆਇਆ ਸੀ, ਉਹਨੂੰ ਖਾਲੀ ਨਹੀਂ ਸਾਂ ਮੋੜ ਸਕਦੇ ਅਸੀਂ। ਏਸ ਲਈ ਮੁੰਨੀ ਨੂੰ ਜਾਣਾ ਪਿਆ।

ਇਕ ਵਾਰ ਮੁੰਨੀ ਦੀ ਖਾਲਾ ਆਈ ਹੋਈ ਸੀ ਕਿ ਮੁੰਨੀ ਵੀ ਆ ਗਈ। ਉਹਦੀ ਖਾਲਾ ਕਹੇ ਕਿ ਮੁੰਨੀ ਐਦਕੀਂ ਸਾਡੇ ਚੱਲ। ਮੈਂ ਕਹਿਣ ਲੱਗੀ ਕਿ ਨਾ ਭੈਣ, ਹੁਣ ਮੁੰਨੀ ਬੇਗਾਨੀ ਅਮਾਨਤ ਏ ਅਸੀਂ ਨਹੀਂ ਘੱਲ ਸਕਦੇ ਕਿ ਮੁੰਨੀ ਆਪ ਹੀ ਬੋਲ ਪਈ, 'ਮੈਂ ਜ਼ਰੂਰ ਜਾਂਦੀ, ਪਰ ਖਾਲਾ ਉਥੇ ਜਾਣ ਵੱਲੋਂ ਮੈਂ ਪੁੱਛਿਆ ਹੋਇਆ ਨਹੀਂ। ਆਪਣੀ ਮਰਜ਼ੀ ਨਾਲ ਚਲੇ ਜਾਓ ਤਾਂ ਫੇਰ ਗੁੱਸੇ ਹੁੰਦੇ ਨੇ।'

ਹੁਣ ਜਦ ਆਏ ਤਾਂ ਮੈਂ ਕਹਿੰਨੀ ਆਂ, 'ਭੈੜੀਏ ਐਨਾ ਚਿਰ ?'

ਤਾਂ ਕਹੇਗੀ, 'ਘਰ ਦੇ ਕੰਮਾਂ ਤੋਂ ਵਿਹਲ ਈ ਨਹੀਂ ਮਿਲਦਾ।'

ਫੇਰ ਮੈਂ ਗੁੱਸੇ ਦੀ ਰੌਂ ਵਿਚ ਕਹਿੰਨੀ ਆਂ, 'ਖਵਰੇ ਕਿਹੜੇ ਕੰਮਾਂ ਵਿਚ ਰੁੱਝੀ ਰਹਿੰਨੀ ਏਂ ਤੂੰ?'

ਉਂਜ ਭਾਵੇਂ ਮੈਂ ਅੰਦਰੋਂ ਸ਼ਾਂਤ ਹੁੰਦੀ ਆਂ ਕਿ ਧੀ ਆਪਣੇ ਘਰ ਵਿਚ ਵਾਹਵਾ ਰੁੱਝੀ ਹੋਈ ਏ। ਧੀਆਂ ਨੂੰ ਟੁਰਨ ਲੱਗਿਆਂ ਜ਼ਰੂਰ ਕੁਝ ਨਾ ਕੁਝ ਦਾਤ ਦੇਣੀ ਬਣਦੀ ਏ। ਸੱਖਣੀਆਂ ਨਹੀਂ ਟੋਰੀਦਾ। ਉਹਨਾਂ ਵੀ ਕਿਹੜਾ ਸਦਾ ਏਹੀ ਖਾਂਦਿਆਂ ਰਹਿਣਾ ਹੁੰਦਾ, ਪਰ ਪੇਕੇ ਘਰੋਂ ਆਸ ਹੁੰਦੀ ਏ ਧੀਆਂ ਨੂੰ। ਪੇਕੇ ਘਰ ਦੀ ਸ਼ੈਅ ਦੀ ਹੁੱਸ ਹੁੰਦੀ ਏ। ਪਿਛਲੀ ਵਾਰ ਜਦ ਮੈਥੋਂ ਪਿਆਰ ਲੈ ਕੇ ਟੁਰਨ ਲੱਗੀ ਤਾਂ ਮੈਂ ਕਿਹਾ, 'ਠਹਿਰ ਜਾ ਮੁੰਨੀ, ਥੋੜ੍ਹਾ ਗੁੜ ਲੈਂਦੀ ਜਾ।' ਮੈਂ ਕਹਿੰਦਿਆਂ ਹੋਇਆਂ ਨੂੰਹ ਵੱਲ ਝਾਕਿਆ ਸੀ, ਜਿਸਦਾ ਮਤਲਬ ਦੀ, ਕਿ ਉਹ ਉਠ ਕੇ ਗਠੜੀ ਬੰਨ੍ਹ ਦੇਵੇ ਪਰ ਉਹ ਨਹੀਂ ਹਿੱਲੀ। ਜਦ ਮੈਂ ਆਪ ਉਠ ਕੇ ਅੰਦਰ ਗਈ ਤਾਂ ਮੁੰਨੀ ਨੇ ਕਿਹਾ, 'ਨਹੀਂ ਮਾਂਝ। ਰਹਿਣ ਦੇ, ਮੈਂ ਕਿੱਥੇ ਭਾਰ ਚੁੱਕੀ ਫਿਰਾਂਗੀ।' ਤੇ ਦਹਿਲੀਜ਼ ਤੋਂ ਬਾਹਰ ਹੋ ਗਈ।ਸ਼ਾਇਦ ਮੁੰਨੀ ਨੂੰ ਕੁਝ ਭਾਸ ਗਿਆ ਸੀ।

ਉਹ ਘਰ ਜੋ ਕਦੀ ਮੇਰਾ ਘਰ ਸੀ ਹੁਣ ਮੇਰੀ ਨੂੰਹ ਦਾ ਘਰ ਏ। ਮੁੰਨੀ ਵਾਂਗ ਮੈਨੂੰ ਆਪ ਭਓ ਆਉਂਦਾ ਏ। ਘਰ ਦੀ ਕਿਸੇ ਸ਼ੈਅ ਨੂੰ ਹੱਥ ਲਾਉਣ ਲੱਗਿਆਂ ਮੈਂ ਅੰਦਰੋਂ ਡੋਲ ਜਾਂਦੀ ਆਂ।





## ਤਿੰਨ ਕਵਿਤਾਵਾਂ/ਗੁਰਪ੍ਰੀਤ

### ਘਰ

ਗੁੰਮ ਗੁਆਚੀ ਚੀਜ਼ ਨੂੰ
ਲੱਭਣ ਲਈ
ਫਰੋਲ ਦਿੰਦੀ ਖੱਲ੍ਹ-ਖੂੰਜੇ
ਮਾਂ ਮੇਰੀ
ਬੀਵੀ ਵੀ ਇਹੋ ਕਰੇ ਹੁਣ
ਤੇ ਆਪਣੇ ਸਹੁਰੇ ਘਰ ਭੈਣ ਵੀ

ਚੀਜ਼ਾਂ ਦੇ ਗੁਆਚਣ
ਤੇ ਇਨ੍ਹਾਂ ਦੇ ਰੋਣ ਲਈ
ਜੇ ਖੱਲ੍ਹ-ਖੂੰਜੇ ਨਾ ਹੁੰਦੇ
ਤਾਂ ਘਰਾਂ ਦਾ ਨਾਂ ਵੀ
ਘਰ ਨਹੀਂ ਸੀ ਹੋਣਾ॥

### ਦੋਸਤੀ

ਜਦੋਂ ਪੱਤੇ ਨਿੱਕੇ ਕੂਲੇ ਪੁੰਗਰਨ
ਤੇ ਖਿੜ੍ਹਨ ਰੰਗ ਬਰੰਗੇ ਫੁੱਲ
ਮੈਂ ਯਾਦ ਕਰਾਂ ਜੜ੍ਹਾਂ ਆਪਣੀਆਂ
ਡੂੰਘੀਆਂ ਗਹਿਰੀਆਂ
ਉਦੋਂ ਜਦੋਂ ਪੱਤੇ ਪੀਲੇ ਝੜਨ
ਤੇ ਫੁੱਲ ਬੀਅ ਬਣ
ਮਿੱਟੀ 'ਚ ਦਬ ਜਾਣ
ਮੈਂ ਯਾਦ ਕਰਾਂ ਜੜ੍ਹਾਂ ਆਪਣੀਆਂ
ਡੂੰਘੀਆਂ ਗਹਿਰੀਆਂ ॥

### ਜਿਉਣ ਦੀ ਕਲਾ

ਇਹ ਅਰਥ
ਜੋ ਜੀਵੰਤ ਹੋ ਉਠੇ
ਸਾਹਮਣੇ ਮੇਰੇ
ਜੇ ਇਹ ਸ਼ਬਦਾਂ ਦੀ ਦੇਹ ਰਾਹੀਂ
ਨਾ ਆਉਂਦੇ
ਤਾਂ ਕਿਵੇਂ ਆਉਂਦੇ
ਮੈਂ ਹੱਸਦਾ ਹਾਂ-ਪਿਆਰ ਕਰਦਾ ਹਾਂ
ਰੋਂਦਾ ਹਾਂ-ਲੜ੍ਹਦਾ ਹਾਂ
ਚੁੱਪ ਹੋ ਜਾਂਦਾ ਹਾਂ---ਪਾਰ ਨਹੀਂ ਸਭ ਕੁਝ ਤੋਂ

ਮੈਨੂੰ ਜਿਉਣਾ ਆਉਂਦਾ ਹੈ
ਜਿਉਣ ਦੀ ਕਲਾ ਨਹੀਂ॥

## ਕ੍ਰਿਸ਼ਮਾ/ਦੇਵਿੰਦਰ ਕੌਰ

ਤੇਰਾ ਅਹਿਸਾਸ
ਮੇਰੇ ਲਈ ਸਾਹ ਲੈਣ ਵਾਂਗ ਹੈ
ਦਿਨ ਰਾਤ, ਸਵੇਰ ਸ਼ਾਮ
ਇਹ ਮੇਰੇ ਨਾਲ ਨਾਲ ਤੁਰਦਾ ਹੈ

ਇਹ ਤੁਰਦਾ ਹੈ ਮੇਰੇ ਨਾਲ
ਕਿ ਮੈਂ ਇਹਦੀ ਹੋਂਦ ਤੋਂ
ਮੁਨਕਰ ਨਾ ਹੋ ਜਾਵਾਂ
ਘੁਲਦੀ ਰਹਿੰਦੀ ਹੈ ਖ਼ੁਸ਼ਬੂ
ਮੇਰੇ ਸਾਹਵਾਂ ਵਿੱਚ
ਕੁਝ ਇਸ ਤਰ੍ਹਾਂ
ਚੁਣ ਲੈਂਦੀ ਹੈ
ਮੇਰੇ ਤਨ ਤੇ ਮਨ 'ਚੋਂ
ਉੱਠਦੀਆਂ ਪੀੜਾਂ
ਤੇ ਮੈਂ ...........
ਡਿੱਗਦੀ ਡਿੱਗਦੀ ਵੀ
ਸੰਭਲ ਜਾਂਦੀ ਹਾਂ
ਉਠ ਪੈਂਦੀ ਹਾਂ
ਤੁਰ ਪੈਂਦੀ ਹਾਂ
ਏਸ ਅਹਿਸਾਸ ਦੀ ਸੰਜੀਵਨੀ ਬੂਟੀ ਨਾਲ

ਧੋ ਰਿਹਾ ਹੈ ਇਹ ਅਹਿਸਾਸ
ਜ਼ਿੰਦਗੀ ਭਰ ਦੇ ਦੁੱਖਾਂ ਦਰਦਾਂ
ਗਿਲੇ ਸ਼ਿਕਵਿਆਂ ਦਾ ਜ਼ਹਿਰ
ਇਹ ਅਹਿਸਾਸ
ਜੋ ਅੰਦਰ ਵਸਦਾ ਹੈ
ਪਿਆਰ ਤੋਂ ਵੱਧ ਹੋਰ ਕੁਝ ਵੀ ਨਹੀਂ
ਮੈਂ ਨੱਕੋ ਨੱਕ ਭਰੀ ਪਈ ਹਾਂ
ਏਸ ਅਹਿਸਾਸ ਨਾਲ

ਇਹ ਰੱਬ ਦੀ ਦੁਆ ਨਹੀਂ
ਕੁਦਰਤ ਦਾ ਕ੍ਰਿਸ਼ਮਾ ਨਹੀਂ
ਤਾਂ ਹੋਰ ਕੀ ਹੈ ?



## ਦੋ ਗ਼ਜ਼ਲਾਂ/ਐੱਸ.ਤਰਸੇਮ

ਇਕ ਨਦੀ ਦੇ ਪਾਣੀਆਂ ਵਿਚ ਇਹ ਵੀ ਭਾਣਾ ਵਰਤਿਆ ਹੈ
ਕਿ ਮਛੇਰਾ ਮਛਲੀਆਂ ਦੇ ਜਾਲ ਦੇ ਵਿਚ ਫਸ ਗਿਆ ਹੈ
ਮੋਰ ਨੂੰ ਕਹਿਣਾ ਕਿ ਐਵੇਂ ਪੈਲ ਨਾ ਪਾਉਂਦਾ ਰਹੇ ਉਹ
ਇਹ ਸਮਝ ਕੇ ਉਹ ਕਿ ਕਾਲਾ ਨਾਗ ਹੁਣ ਤਾਂ ਤੁਰ ਗਿਆ ਹੈ
ਜਗਦੇ ਦੀਵੇ ਵੀ ਬਨੇਰੇ ਤੋਂ ਬੜੇ ਹੀ ਡਰ ਰਹੇ ਨੇ
ਖ਼ਾਨਗਾਹਾਂ ਨੇ ਚਰਾਗ਼ਾਂ ਨੂੰ ਜਦੋਂ ਦਾ ਨਿਗਲਿਆ ਹੈ
ਜ਼ਹਿਰ ਦੀ ਇਕ ਬੂੰਦ ਵੀ ਨਾ ਜੀਭ 'ਤੇ ਰੱਖੀ ਸੀ ਜਿਸ ਨੇ
ਸ਼ਖ਼ਸ ਉਹ ਵੀ ਇਸ ਮਹਾਂਨਗਰੀ 'ਚ ਸ਼ਿਵ ਅਖਵਾ ਰਿਹਾ ਹੈ
ਮਹਿਲ, ਦੌਲਤ, ਪੁੱਤ, ਪਤਨੀ ਛੱਡ ਕੇ ਜੋ ਤੁਰ ਗਿਆ ਸੀ
ਵੇਖ ਲਓ ਉਹ ਬੁੱਧ ਵੀ ਆਪੇ ਹੀ ਮੁੜ ਘਰ ਆ ਗਿਆ ਹੈ
ਸੋਚਿਆ ਤਾਂ ਸੀ ਬਹਾਰਾਂ ਨਾਲ ਤੁਰਨਾ ਜ਼ਿੰਦਗੀ ਭਰ
ਪਤਝੜਾਂ ਦਾ ਪਰ ਸਦਾ ਲਈ ਹਮਸਫ਼ਰ ਬਣਨਾ ਪਿਆ ਹੈ
ਇਹ ਵੀ ਚੰਗੈ ਕਿ ਉਹ ਉਸ ਦੇ ਕਦਮਾਂ ਵਿਚ ਆ ਵਿਛ ਹੈ ਜਾਂਦੀ
ਜਦ ਕਦੇ ਤਰਸੇਮ ਨੇ ਉਸ ਧੁੱਪ ਬਾਰੇ ਸੋਚਿਆ ਹੈ।

2.

ਥਕੇਵੇਂ ਮਾਰਿਆ ਸੂਰਜ ਜਦੋਂ ਆਖ਼ਰ 'ਚ ਢਲ ਜਾਵੇ
ਚਰਾਗਾਂ, ਤਾਰਿਆਂ ਤੇ ਚੰਦ ਦੀ ਕਿਸਮਤ ਬਦਲ ਜਾਵੇ
ਕਿਨਾਰੇ 'ਤੇ ਖੜ੍ਹੇ ਦਰਸ਼ਕ ਬੜੇ ਹੈਰਾਨ ਹੁੰਦੇ ਸਭ
ਸੁਧੇ ਲਾਲੀ ਜਦੋਂ ਵੀ ਸ਼ਾਮ ਨੂੰ ਸਾਗਰ ਨਿਗਲ ਜਾਵੇ
ਸਦੀ ਵੀਹਵੀਂ ਹਨੇਰੀ ਸੀ ਜਾਂ ਰੌਸ਼ਨ ਸੀ, ਚਲ ਛੱਡ
ਪਰ ਇੱਕੀਵੀਂ ਸਦੀ ਵਾਲਾ ਕਿਤੇ ਚਾਨਣ ਨਾ ਛਲ ਜਾਵੇ
ਜਿਹਦਾ ਮਨ ਮੋਮ ਦਾ ਹੈ ਮੋਰ, ਉਹਨੂੰ ਅੱਗ ਤੋਂ ਪਰ੍ਹਾਂ ਰੱਖ
ਕਿਤੇ ਰੰਗਾਂ ਦਾ ਗੁਲਦਸਤਾ ਇਹ ਐਵੇਂ ਨਾ ਪਿਘਲ ਜਾਵੇ
ਭਿਆਨਕ ਅੱਗ ਵਿਚ ਹੈ ਤਨ ਬਦਨ ਜਲਦਾ ਪਿਆ ਐਪਰ
ਜ਼ਮੀਰ ਉਤੇ ਦਿਓ ਪਹਿਰਾ ਕਿਤੇ ਇਹ ਵੀ ਨਾ ਜਲ ਜਾਵੇ
ਮਸਾਂ ਧੁੱਪ ਆਈ ਹੈ ਦੂਰੋਂ ਇਹਦੀ ਰੱਖ ਮਾਰ ਕੇ ਬੁੱਕਲ
ਇਹ ਬੱਦਲ ਦੇ ਕਰੀਬ ਆਇਆਂ ਉਹਦੇ ਸੰਗ ਨਾ ਉਧਲ ਜਾਵੇ
ਅਲਹਿਦਾ ਹੀ ਹੈ ਜਦ ਤਰਸੇਮ ਦੇ ਸ਼ਬਦਾਂ ਦੀ ਰੂਹ ਤੇ ਰੰਗ
ਇਹ ਵੱਖਰਾ ਹੀ ਦਿਸੇ, ਨਾ ਦੂਸਰੇ ਰੰਗਾਂ 'ਚ ਰਲ ਜਾਵੇ।

## ਪਿਆਸ/ਜਸਵਿੰਦਰ ਮਾਨ

ਜੀਭ ਤੇ ਟਿਕੀ ਹੋਈ ਪਿਆਸ ਜਾਗੀ ਹੈ
ਖਾਲੀ ਗਲਾਸ ਦੇ ਢਿਡ ਵਿਚ
ਮਚ ਗਈ ਹੈ ਖਲਬਲੀ
ਸ਼ਾਮ ਦੀ ਅੱਖ ਅੰਦਰ ਉੱਤਰ ਆਈ ਹੈ ਲਾਲੀ
ਘਰਾਂ ਨੂੰ ਮੁੜਦੇ ਜਾਂਦੇ
ਪ੍ਰਿੰਦਿਆਂ ਨੂੰ ਵੇਖ
ਯਾਦ ਆਉਂਦੇ ਨੇ ਆਪਣੇ ਟੁੱਟੇ ਹੋਏ ਖੰਭ
ਗਵਾਚਿਆ ਹੋਇਆ ਅਸਮਾਨ
ਸੜਕਾਂ ਦੇ ਜੰਗਲ ਵਿਚ
ਜ਼ਿੰਦਗੀ ਦੇ ਕਿਰ ਚੁੱਕੇ ਰੰਗ
ਮੱਥੇ ਵਿਚ ਉਗ ਆਈ ਸਲੇਟ ਦਾ ਚਿਹਰਾ
ਜਦੋਂ ਟੁੱਟਦਾ ਹੈ ਜਮੂਦ
ਬਰਫ ਦੇ ਪਿੰਡੇ ਤੇ ਡਿਗਦੀ ਹੋਈ
ਸ਼ਰਾਬ ਮੁਸਕ੍ਰਾਉਂਦੀ ਹੈ
ਟੇਬਲ ਤੇ ਟਿਕਿਆ ਹੋਇਆ ਗਲਾਸ ਹੱਸਦਾ ਹੈ
ਸਲਾਦ ਦੀ ਪਲੇਟ ਨੂੰ ਦੇਖ
ਆਈ ਹੈ ਸਤਰੰਗੀ ਪੀਂਗ ਦੀ ਯਾਦ
ਤਾਕੀ ਦੀ ਸਿਲ ਤੇ ਬਲਦੀ ਮੋਮਬਤੀ ਵਾਂਗ
ਹੌਲੀ ਹੌਲੀ ਪਿਘਲਦਾ ਹਾਂ
ਫੈਲ ਗਿਆ ਹਾਂ ਮੈਂ
ਆਪਣੇ ਹੀ ਆਲੇ-ਦੁਆਲੇਂ

## ਚਿਣਗ

ਇਸ ਰਾਤ ਤੋਂ ਬਾਅਦ
ਇੱਕ ਸੂਰਜ ਉਗਮੇਗਾ
ਇਸ ਰਾਤ ਤੋਂ ਬਾਅਦ
ਮੈਂ ਵੀ ਹੋਵਾਂਗਾ
ਕਿਤੇ ਨਾ ਕਿਤੇ
ਇਨ੍ਹਾਂ ਪੱਗਡੰਡੀਆਂ ਦੇ
ਮੁੜ ਜਾਣ ਦਾ ਵੀ ਹੋਵੇਗਾ ਕੋਈ ਅਰਥ
ਇਨ੍ਹਾਂ ਫੁੱਲਾਂ ਦੇ ਮੁਰਝਾਣ 'ਚ ਵੀ
ਹੋਵੇਗਾ ਕੋਈ ਰਹੱਸ
ਉਵੇਂ ਹੀ ਜਿਵੇਂ ਮਿਟਦਾ ਨਹੀਂ ਸੂਰਜ ਕਦੇ ਵੀ
ਉਵੇਂ ਹੀ ਜਿਵੇਂ ਮੁਕਦੀ ਨਹੀਂ ਰਾਤ ਕਿਤੇ ਵੀ



ਉਵੇਂ ਹੀ ਜਿਵੇਂ ਜਿਵੇਂ ਪੈਰਾਂ 'ਚ
ਜਾਗਦਾ ਰਹਿੰਦਾ ਹੈ ਕੋਈ ਸਫਰ
ਅੱਖ 'ਚ ਬਲਦਾ ਰਹਿੰਦਾ ਹੈ ਕੋਈ ਸੁਫਨਾ
ਘਰ ਦੇ ਦਰਵਾਜ਼ੇ ਭਿੜੇ ਹੋਏ ਵੀ
ਅਕਸਰ ਖੁਲ੍ਹੇ ਹੀ ਹੁੰਦੇ ਨੇ
ਝੀਤਾਂ ਥਾਣੀਂ ਲੰਘਦਾ ਰਹਿੰਦਾ ਹੈ ਸੂਰਜ
ਘਰਾਂ ਅੰਦਰ
ਮਨ ਦੇ ਖ਼ਲਾ ਅੰਦਰ ਵੀ
ਹੁੰਦਾ ਹੈ ਕਿਤੇ ਨਾ ਕਿਤੇ
ਕੋਈ ਰੇਤ ਦਾ ਕਿਣਕਾ
ਤਨ ਅੰਦਰ ਤੁਰਦਾ ਰਹਿੰਦਾ
ਕਿਤੇ ਨਾ ਕਿਤੇ ਕੋਈ ਲਹੂ ਦਾ ਕਤਰਾ
ਘੁਪ ਅਨ੍ਹੇਰੇ ਦੀ ਕੁਖ ਅੰਦਰ
ਕਿਤੇ ਚਿਣਗ ਬਲਦੀ ਹੈ ਕੋਈ
ਲਗਦਾ ਹੈ ਇਸ ਰਾਤ ਤੋਂ ਬਾਅਦ
ਕੋਈ ਸੂਰਜ ਉਗਮੇਗਾ

## ਮਨੁੱਖ/ਭਾਸ਼ੋ

ਉਸਦੇ ਘਰ ਨੂੰ ਰੋਟੀ ਮਿਲਦੀ
ਮਰੇ ਹੋਏ ਡੰਗਰਾਂ ਕਾਰਣ

ਉਹ ਹਰ ਰੋਜ਼ ਉੱਥੇ
ਧੂਫ਼ ਬਾਲ ਆਉਂਦਾ
ਤੇ ਸੁੱਖ ਮੰਗਦਾ
ਉਸ ਥਾਂ ਦੀ
ਤੇ ਡੰਗਰਾਂ ਦੇ ਭਾਰ-ਮੁਕਤ ਹੋਣ ਵਾਲੀ

ਕਿਸੇ ਦਾ ਕੋਈ ਡੰਗਰ ਮਰੇ ਤੋਂ
ਉਸ ਨੂੰ ਮਜ਼ਬੂਰੀ-ਵੱਸ
ਉਦਾਸ ਹੋਣਾ ਪੈਂਦਾ

## ਜੁਗਨੂੰ/ਰਾਜਵਿੰਦਰ ਮੀਰ

ਜੁਗਨੂੰ ਸਾਡਾ
ਕੁੱਝ ਸਮਾਂ ਪਹਿਲਾਂ ਹੀ
ਇਸ ਦੁਨੀਆਂ 'ਚ ਆਇਆ ਹੈ
ਮੇਰੀ ਉਸ ਨਾਲ਼ ਬਹੁਤ ਬਣਦੀ ਹੈ

ਗਲ਼ੀ 'ਚ
ਜਦੋਂ ਕੋਈ ਮੋਚੀ ਆਉਂਦਾ ਹੈ
ਉਹ ਉਸ ਦੇ ਨੇੜੇ ਹੋ-ਹੋ ਬੈਠਦਾ ਹੈ
ਆਰ ਚਲਾਉਂਦੇ ਨੂੰ
ਤੋਪਾ ਲਾਉਂਦੇ ਨੂੰ
ਗਹੁ ਨਾਲ਼ ਦੇਖਦਾ ਹੈ
ਜਦੋਂ ਕੋਈ ਟੁੱਟਿਆ ਛਿੱਤਰ
ਪਾਉਣ ਜੋਗਾ ਹੋ ਜਾਂਦਾ ਹੈ
ਉਹ ਤਾੜੀਆਂ ਮਾਰ-ਮਾਰ ਹੱਸਦਾ ਹੈ
ਜਿਵੇਂ ਇਸ ਨੇ
ਉਸੇ ਨੂੰ ਹੀ
ਠੰਢ ਠੋਰੇ ਤੋਂ ਬਚਾਉਣਾ ਹੋਵੇ

ਰਾਜ ਮਿਸਤਰੀ
ਇੱਟ-'ਤੇ ਇੱਟ ਚਿਣ ਕੇ
ਕਿਵੇਂ ਕੰਧ ਬਣਾ ਦਿੰਦਾ ਹੈ

ਸੱਖਣੀ ਮਿੱਟੀ ਤੋਂ
ਕਹੀ 'ਤੇ ਪਾਣੀ ਨਾਲ਼
ਕਿਵੇਂ ਮਜ਼ਬੂਰ
ਮਲਾਈ ਵਰਗਾ ਗਾਰਾ ਬਣਾ ਦਿੰਦਾ ਹੈ
ਉਸ ਕੁੱਝ ਦੀ ਸਮਝ ਨਹੀਂ ਆਉਂਦਾ

ਉਹ ਮੇਰੇ ਵੱਲ ਦੇਖ ਕੇ
ਬੱਸ ਆਪਣੀ ਹੈਰਾਨੀ ਜਤਾਉਂਦਾ ਹੈ
ਤੇ ਉਸ ਦੀਆਂ ਮੋਟੀਆਂ ਅੱਖਾਂ
ਕੁੱਝ ਹੋਰ ਖੁੱਲ੍ਹ ਜਾਂਦੀਆਂ ਹਨ

ਬਹੁਕਰ ਫ਼ੇਰਦੀ ਮਾਂ
ਬਸ ਅੱਡੇ 'ਤੇ ਬਣੇ ਬੈਠਣ ਵਾਲ਼ੇ ਥੜ੍ਹੇ
ਉਸ ਦੇ ਆਪਣੇ ਹੱਥੀਂ ਲਾਏ
ਨਿੰਮ ਦੇ ਬੂਟੇ ਦਾ ਕੁਮਲਾਉਣਾ
ਘਰ ਦੀ ਦੇਹਲ਼ੀ ਦੀ ਉੱਖੜੀ ਇੱਟ
ਟੁੱਟੀ ਸੜਕ ਦੇ ਰੁਲ਼ਦੇ ਵੱਟੇ
ਸਭ ਉਸ ਦੀ ਹੈਰਾਨੀ ਦੇ ਵਿਸ਼ੇ ਹਨ

ਜੁਗਨੂੰ
ਬਣਦੀ ਦੁਨੀਆਂ ਦੀ ਬਣਤ ਦੇਖ ਰਿਹਾ ਹੈ
ਤੇ ਬਿਨਸ ਰਹੀ ਦੁਨੀਆਂ ਦੀ ਧੁੰਦ
ਉਹ ਚੀਜ਼ਾਂ ਨੂੰ ਪਿਆਰ ਕਰਨਾ ਸਿੱਖ ਰਿਹਾ ਹੈ
ਮੇਰੀ ਉਸ ਨਾਲ਼ ਸਭ ਤੋਂ ਵੱਧ ਬਣਦੀ ਹੈ

## ਖ਼ਤ ਤੇਰਾ ਹੈ ਰੂਬਰੂ/-ਮਨੀ ਸਿੱਧੂ

**ਗੁੰਮਸ਼ੁਦਾ**
ਖ਼ਤ ਤੇਰਾ ਹੈ ਰੂਬਰੂ
ਕਾਲੀ ਹਥੇਲੀ ਤੇ
ਰੋਸ਼ਨ ਲਕੀਰ

ਬੇਖ਼ਬਰ
ਰਾਸਤਾ ਸਾਂਭੇ ਪੈੜਾਂ
ਤਲਖ਼ ਮੌਸਮਾਂ ਵਿਚ
ਸੋਚ ਜੜ੍ਹ ਨਹੀਂ
ਨਾ ਧੜਕਣ ਬੇਸੁਰੀ

ਸੱਭਿਆ ਸ਼ਹਿਰ 'ਚ
ਇਕ ਇਕੱਲਾ ਬੇਗੁਰਾ
ਅੱਖਰਾਂ ਦੇ ਗੁੰਬਦ 'ਚ
ਅਬੋਲ ਬਹਿ ਆਹਟ ਉਡੀਕਦਾ

## ਰੁੱਤ/ਅੰਮ੍ਰਿਤ ਸਮਿਤੋਜ

ਉਹ
ਕੁੜੀ ਤੋਂ
ਪਤਨੀ ਬਣੀ
ਤੇ ਦੁਨੀਆਂ ਬਦਲ ਗਈ

ਪਤਨੀ ਤੋਂ
ਮਾਂ ਬਣੀ
ਦੁੱਧੀਂ ਫਲ਼ੀ
ਤੇ ਆਪ ਬਦਲ ਗਈ

ਮਾਂ ਤੋਂ
ਸੱਸ ਬਣੀ
ਤੇ ਸਭ ਕੁਝ ਬਦਲ ਗਿਆ

ਚੰਨ, ਸੂਰਜ ਤੇ ਤਾਰੇ
ਸਭ ਉਵੇਂ ਹੀ ਰਹੇ

## ਦੋ ਗ਼ਜ਼ਲਾਂ/ਜਗਦੀਪ ਸਿੱਧੂ

(1)

ਹਨ ਦਿਲਕਸ਼ ਨਜਾਰੇ ਪਹਾੜਾਂ ਵਿਚ
ਜੰਮੀ ਬਰਫ ਦੇਖ ਲੁਕਣ ਹੰਝੂ ਖਾਰੇ ਪਹਾੜਾਂ ਵਿਚ

ਦੇਖੋ ਇਹ ਵੀ ਕਮਾਲ ਹੁੰਦਾ ਹੈ
ਰੱਬ ਨੇੜੇ ਲੱਗੇ ਉੱਥੇ ਹੀ ਰਹਿਣ ਤਾਰੇ ਪਹਾੜਾਂ ਵਿਚ

ਭਾਵੇਂ ਦੁਨੀਆ ਇਕੋ ਜਿਹੀ ਨਹੀਂ, ਖ਼ੂਬਸੂਰਤ ਹੈ
ਰੱਬਾ ਦੱਸਿਆ ਤੂੰ, ਨਾ ਕਰ, ਇਕਸਾਰੇ ਪਹਾੜਾਂ ਵਿਚ

ਮੈਦਾਨਾਂ ਵਿਚ ਕਿਣ-ਮਿਣ ਹੁੰਦੀ ਹੈ ਤਦ
ਘਟਾ ਨੇ ਜਦ ਵਾਲ ਸਵਾਰੇ ਪਹਾੜਾਂ ਵਿਚ

ਮੈਦਾਨਾਂ ਵਿਚ ਉਪਰ ਜਾਂਦੇ 'ਜਗਦੀਪ'
ਥੱਲ੍ਹੇ ਕਿਉਂ ਆਉਣ ਪਾਰੇ ਪਹਾੜਾਂ ਵਿਚ

(2)

ਕਿਹੜੇ ਦੇਸ਼ੋ ਨੇ ਆਈਆਂ ਨੀਦਰਾਂ
ਰਾਤਾਂ ਨਾਲ ਨੇ ਲਿਆਈਆਂ ਨੀਂਦਰਾਂ

ਅਜੇ ਇਕ ਗੱਲ ਦੀ ਸਮਝ ਨਾ ਲੱਗੇ
ਸਾਨੂੰ ਸੁਆਏ ਜਾਂ ਅਸੀਂ ਸੁਆਈਆਂ ਨੀਂਦਰਾਂ

ਪਾਣੀ ਪੀ ਕੇ ਹੀ ਇਹ ਜਾਂਦੀਆਂ ਨੇ
ਕਿੰਨੀਆਂ ਨੇ ਇਹ ਤਿਰਹਾਈਆਂ ਨੀਂਦਰਾਂ

ਕਿਸੇ ਦੇ ਨਾਲ ਹੀ ਇਹ ਚਲੀਆਂ ਜਾਂਦੀਆਂ
ਕਿੰਨੀਆਂ ਨੇ ਪਰਾਈਆਂ ਨੀਂਦਰਾਂ

ਬਿਨਾਂ ਮਿਹਨਤ ਦੇ ਤਾਂ ਕੁੱਝ ਵੀ ਨਾ ਮਿਲਦਾ
ਬੜਾ ਥੱਕ, ਟੁੱਟ ਹਾਰ ਕੇ ਬੁਲਾਈਆਂ ਨੀਂਦਰਾਂ



## ਤੌਕੀਰ ਚੁਗਤਾਈ ਦੀਆਂ ਕਵਿਤਾਵਾਂ

### ਬੇਸੁਰਤੀ

ਅਚਨਚੇਤੀ ਬੈਠੇ ਬੈਠੇ
ਉਠ ਕੇ ਤੁਰ ਪਿਆ
ਫਿਰ ਮੁੜ ਆਇਆ
ਕਈ ਰਾਹ ਜਾਂਦੇ ਬੰਦਿਆਂ ਤਾਏਂ
ਹੱਥ ਮਿਲਾਇਆ
ਸਭ ਨੂੰ ਇਵੇਂ ਸ਼ੱਕ ਵਿੱਚ ਪਾਇਆ।
ਇਵੇਂ ਨੱਸਣ ਭੱਜਣ ਲੱਗ ਪਿਆ
ਬੰਦਿਆਂ ਦੇ ਮੂੰਹ ਤੱਕਣ ਲੱਗ ਪਿਆ
ਚਲਦੀ ਬਸ ਦੇ ਵਿਚੋਂ ਰਹਿ ਗਿਆ
ਜਾ ਕੇ ਟਾਂਗੇ ਦੇ ਵਿੱਚ ਬਹਿ ਗਿਆ
ਕਦੀ ਸੋਚਾਂ ਛਲੀਆਂ ਚੱਬਾਂ
ਨਹੀਂ ਨਹੀਂ ਕਿੱਥੋਂ ਨਾਖਾਂ ਲੱਭਾਂ
ਨਾਖਾਂ ਛੋੜ ਦਾਖ਼ਾਂ ਲੱਭਾਂ
ਪਾਣੀ ਪੀਵਾਂ
ਜਾ ਕੇ ਕਿਥੋਂ ਭਾਂਡਾ ਲੱਭਾਂ
ਨਹੀਂ ਨਹੀਂ ਟੂਟੀ ਨੂੰ ਮੂੰਹੇ ਲਾਵਾਂ
ਸਭ ਕੁਝ ਕੀਤਾ
ਪਰ ਦਿਲ ਕਮਲਾ ਖੁੱਲ੍ਹ ਨਹੀਂ ਸਕਿਆ
ਫਿਰ ਵੀ ਤੈਨੂੰ ਭੁੱਲ ਨਹੀਂ ਸਕਿਆ

### ਮਾਫ਼ੀ

ਮਾਫ਼ ਕਰੇਂ ਜੇ ਮਿਲ ਕੇ ਮੈਨੂੰ
ਤੈਨੂੰ ਕੋਈ ਘਾਟਾ ਹੋਇਆ
ਤੂੰ ਵੀ ਕਿੱਥੋਂ ਕਿੱਥੋਂ ਸੀਂਦੀ
ਮੈਂ ਤਾਂ ਸਾਰਾ ਪਾਟਾ ਹੋਇਆ

### ਜੁਦਾਈ

ਤੂੰ ਕੀ ਜਾਣੈਂ
ਤੈਨੂੰ ਟੋਰ ਕੇ
ਕਿੰਨੇ ਚਿਰ ਤੱਕ ਰੋਇਆ ਵਾਂ
ਜਦ ਕਾ 'ਕੱਲਾ ਹੋਇਆ ਵਾਂ

ਮੈਂ ਤੇ ਝੱਲਾ ਹੋਇਆ ਵਾਂ


### ਨਾਸਮਝੀ


ਮੈਂ ਕਾਮਯਾਬ
ਨਹੀਂ ਹੋ ਸਕਦਾ
ਘਾਟੇ ਦੀਆਂ ਖੱਟੀਆਂ ਪਿਆ ਕਰਦਾ ਹਾਂ
ਮਿੱਟੀ ਦੇ ਭਾਂਡੇ ਵਿੱਚ
ਚੰਨ ਦੀਆਂ ਕਿਰਨਾਂ ਕੱਠੀਆਂ ਪਿਆ ਕਰਦਾ ਹਾਂ


### ਗਲਤੀ


ਕੀ ਹੋਇਆ
ਜੇ ਉਹਦੇ ਹੱਥ ਸੁਨਿਹਰੀ ਸਨ
ਕੀ ਹੋਇਆ
ਜੇ ਉਹਦੇ ਵਾਲ ਵੀ ਲਹਿਰੀ ਸਨ
ਕੀ ਹੋਇਆ
ਜੇ ਉਹਦੇ ਬੁੱਲਰ ਵੀ ਜ਼ਹਿਰੀ ਸਨ
ਕੀ ਹੋਇਆ
ਜੇ ਉਹਦੇ ਅਨ ਕੀਤੇ ਵਾਦੇ
ਪੈਗੀ ਨੀਂਦਰ ਸੁਖ ਤੇ ਚੈਨ
ਦੇ ਵੈਰੀ ਸਨ
ਕੀ ਹੋਇਆ


## ਡਾ. ਹਰਚੰਦ ਸਿੰਘ ਬੇਦੀ ਵੱਲੋਂ ਪੰਜ ਕੋਸ਼ ਤਿਆਰ














## ਕਹਾਣੀਆਂ ਦੇ ਮਸਲੇ ਅਸੀਂ ਬਹੁਤ ਹੀ ਨੇੜਿਓਂ ਫੜਦੇ ਹਾਂ

**-ਤਲਵਿੰਦਰ ਸਿੰਘ**

*? ਤਲਵਿੰਦਰ ਪਿਆਰੇ, ਤੂੰ ਭਾਰਤ ਸਰਕਾਰ ਦੇ ਅੰਕੜਾ ਵਿਭਾਗ 'ਚ ਸੁਪਰਡੈਂਟ ਲੱਗਾ ਹੈਂ। ਤੁਹਾਡੇ ਡਿਪਾਰਟਮੈਂਟ ਵੱਲੋਂ ਸਮਾਜਿਕ, ਆਰਥਿਕ ਤੇ ਸਮਾਜਿਕ ਵਿਕਾਸ ਦੇ ਸੰਦਰਭ 'ਚ, ਇੰਡਸਟਰੀ 'ਤੇ ਖੇਤੀਬਾੜੀ ਸੰਬੰਧੀ ਅੰਕੜੇ ਇਕੱਠੇ ਕੀਤੇ ਜਾਂਦੇ ਹਨ। ਤੂੰ ਆਪਣੇ ਡਿਪਾਰਟਮੈਂਟ ਦੇ ਜ਼ੋਨਲ ਆਫਿਸ ਜੈਪੁਰ 'ਚ ਦਸ ਬਾਰਾਂ ਵਾਰ ਰੈਫਰੈਸ਼ਰ ਕੋਰਸਾਂ 'ਚ ਹਿੱਸਾ ਲਿਆ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਤੇਰਾ ਵਾਹ ਵੱਖ-ਵੱਖ ਲੋਕਾਂ ਨਾਲ ਪੈਂਦਾ ਹੈ। ਕਹਿ ਲਓ ਰੋਜ਼ ਹੀ ਨਵੇਂ ਲੋਕਾਂ ਨਾਲ। ਕਹਾਣੀ ਲਿਖਦੇ ਸਮੇਂ ਤੇਰਾ ਪ੍ਰੇਰਨਾ ਸਰੋਤ ਕੀ ਹੁੰਦਾ ਹੈ।*

-ਮੇਰਾ ਪ੍ਰੇਰਨਾ ਸਰੋਤ ਉਹ ਸਭ ਹੁੰਦਾ ਹੈ ਜੋ ਪਹਿਲਾਂ ਵੇਖਿਆ, ਪੜ੍ਹਿਆ ਜਾਂ ਸੁਣਿਆ ਹੁੰਦਾ ਹੈ। ਫਿਰ ਆਪਣੇ ਅਨੁਭਵ ਹੁੰਦੇ ਨੇ ਜਿਨ੍ਹਾਂ ਵਿਚੋਂ ਲੰਘ ਕੇ ਕੋਈ ਸੋਚੀ ਜਾਂ ਵੇਖੀ ਸੁਣੀ ਘਟਨਾ ਸਾਹਿਤਕ ਮੁਹਾਂਦਰਾ ਗ੍ਰਹਿਣ ਕਰਦੀ ਹੈ। ਕਈ ਵਾਰੀ ਲਿਖਦਿਆਂ ਅਸਲੋਂ ਨਵੇਂ ਜਾਂ ਭੁੱਲੇ ਵਿਸਰੇ ਵਾਕਿਆਤ ਚੇਤਿਆਂ ਵਿਚ ਆ ਲਹਿੰਦੇ ਨੇ ਤੇ ਸਹਿਜ ਸੁਭਾ ਰਚਨਾ ਦਾ ਹਿੱਸਾ ਬਣ ਜਾਂਦੇ ਨੇ। ਮੈਂ ਮਹਿਸੂਸ ਕੀਤਾ ਕਈ ਵਾਰੀ ਬਚਪਨ ਦੀਆਂ ਉਹ ਗੱਲਾਂ ਕਹਾਣੀ ਦਾ ਹਿੱਸਾ ਬਣ ਜਾਂਦੀਆਂ ਨੇ ਜਿਨ੍ਹਾਂ ਬਾਰੇ ਕੋਈ ਚਿੱਤ ਖਿਆਲ ਵੀ ਨਹੀਂ ਹੁੰਦਾ। ਮੈਨੂੰ ਲੱਗਦੈ ਕਿ ਜੇ ਸਥੂਲ ਰੂਪ ਵਿਚ ਮੈਂ ਇਹ ਕਹਿਣਾ ਚਾਹਾਂ ਕਿ ਫਲਾਣੀ ਗੱਲ ਲਿਖਣ ਵੇਲੇ ਪ੍ਰੇਰਦੀ ਹੈ ਜਾਂ ਢਿਮਕਾਣੀ ਗੱਲ ਤਾਂ ਸ਼ਾਇਦ ਗੱਲ ਬਣ ਨਾ ਸਕੇ। ਇਹ ਪ੍ਰੇਰਨਾਵਾਂ ਦਾ ਸਮੂਹ ਜਿਹਾ ਹੁੰਦਾ ਹੈ, ਜੋ ਸਹਿਜ ਸੁਭਾ ਲਿਖਵਾ ਜਾਂਦਾ ਹੈ। ਇਹ ਸੂਖ਼ਮ ਜਿਹਾ ਵਰਤਾਰਾ ਹੈ ਜਿਸ ਚੋਂ ਗੁਜ਼ਰ ਕੋਈ ਖਿਆਲ ਰਚਨਾਤਮਕ ਮਾਡਲ ਵਿਚ ਢਲ ਜਾਂਦਾ ਹੈ। ਇਹਦੇ ਵਿਚ ਕਾਫ਼ੀ ਦਖ਼ਲ ਸਾਡੀ ਹੁਨਰੀ ਤਬੀਅਤ ਦਾ ਵੀ ਹੈ।

*? ਤੇਰੇ ਪਹਿਲੇ ਕਹਾਣੀ ਸੰਗ੍ਰਹਿ 'ਰਾਤ ਚਾਨਣੀ' (1992) ਦੀ ਗੱਲ ਕਰਾਂ ਤਾਂ ਤੂੰ ਪ੍ਰਗਤੀਸ਼ੀਲ਼ ਸੁਰ ਦੀ ਕਹਾਣੀ ਲਿਖਦਾ ਹੁੰਦਾ ਸੀ। ਤੈਨੂੰ 1985 ਤੋਂ 1998 ਤੱਕ ਪ੍ਰਗਤੀਵਾਦੀ ਕਹਾਣੀਕਾਰ ਕਿਹਾ ਜਾਂਦਾ ਹੈ। ਬਾਅਦ 'ਚ ਤੂੰ ਔਰਤ ਮਰਦ ਦੇ ਰਿਸ਼ਤਿਆਂ ਬਾਰੇ ਕਹਾਣੀਆਂ ਲਿਖਣ ਲੱਗ ਪਿਆ। ਤੂੰ ਔਰਤ ਦੀ ਸਾਇਕੀ ਬਾਰੇ ਕਮਾਲ ਦੀਆਂ ਕਹਾਣੀਆਂ ਲਿਖੀਆਂ। 'ਵਿਚਲੀ ਔਰਤ' ਕਹਾਣੀ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ, ਉਨੀ ਹੀ ਥੋੜ੍ਹੀ ਹੈ। ਚੌਤਾਲੀ ਸਾਲਾਂ ਦੀ ਉਮਰ 'ਚ ਆ ਕੇ ਤੂੰ ਔਰਤ ਮਰਦ ਵਿਚਲੇ ਰਿਸ਼ਤੇ ਨੂੰ ਸਮਝਣਾ ਕਿਉਂ ਜ਼ਰੂਰ ਕੀਤਾ ਸੀ।*

-ਮੈਨੂੰ ਯਾਦ ਹੈ ਜਦੋਂ ਮੈਂ ਕਾਲਜ ਪੜ੍ਹਦਾ ਸਾਂ ਉਦੋਂ ਪ੍ਰਗਤੀਵਾਦੀ ਲਹਿਰ ਦਾ ਜ਼ੋਰ ਸੀ। ਐੱਸ.ਐੱਫ.ਆਈ., ਪੀ.ਐੱਸ.ਯੂ., ਏ.ਆਈ.ਐੱਸ.ਐੱਫ.ਆਈ ਜਿਹੀਆਂ ਜਥੇਬੰਦੀਆਂ ਦਾ ਜ਼ੋਰ ਸੀ। ਵਿਦਿਆਰਥੀ ਜੁਝਾਰੂ ਲਹਿਰਾਂ ਦੇ ਸਾਥੀ ਅਖਵਾ ਕੇ ਖੁਸ਼ ਹੁੰਦੇ ਸਨ। ਮੈਂ ਕਿਸੇ ਵੀ ਪਾਰਟੀ ਜਾਂ ਗਰੁੱਪ ਨਾਲ ਨਹੀਂ ਸਾਂ ਜੁੜਿਆ ਪਰ ਮਾਹੌਲ ਦਾ ਅਸਰ ਲਾਜ਼ਮੀ ਹੈ ਸੀ। ਪਹਿਲਾਂ ਪ੍ਰੋ. ਨਰਿੰਜਨ ਸਿੰਘ ਢੇਸੀ ਤੇ ਫਿਰ ਪ੍ਰੋ. ਰਤਨ ਸਿੰਘ ਚਾਹਲ ਸਾਡੇ ਪੰਜਾਬੀ ਦੇ ਅਧਿਆਪਕ ਰਹੇ। ਪ੍ਰੋ. ਢੇਸੀ ਦਾ ਤਾਂ ਪਤਾ ਸੀ ਕਿ ਉਹ ਨਕਸਲੀ ਲਹਿਰ ਨਾਲ ਜੁੜੇ ਸਨ ਤੇ ਸ਼ਾਇਦ ਪ੍ਰੋ. ਚਾਹਲ ਵੀ। ਉਹ ਪੜ੍ਹਾਉਂਦੇ ਸਮੇਂ ਅਗਾਂਹਵਧੂ ਵਿਚਾਰਾਂ ਦਾ ਖੁਲਾਸਾ ਕਰਦੇ। ਮੈਨੂੰ ਯਾਦ ਹੈ ਬੀ. ਏ. ਦੇ ਦੂਜੇ ਸਾਲ ਪੜ੍ਹਦਿਆਂ ਮੈਂ ਇਕ ਪਿਆਰ ਕਹਾਣੀ ਲਿਖ ਕੇ ਕਾਲਜ ਮੈਗਜ਼ੀਨ 'ਦੀਪਸ਼ਿਖ਼ਾ' ਲਈ ਪ੍ਰੋ. ਚਾਹਲ ਨੂੰ ਦਿਤੀ ਸੀ। ਉਹ ਕਹਾਣੀ ਅਧੂਰੇ ਪਿਆਰ ਕਾਰਨ ਬਰਬਾਦ ਹੋਏ ਇਕ ਬੰਦੇ ਦੀ ਸੀ। ਕਹਾਣੀ ਤਾਂ ਉਹਨਾਂ ਛਾਪਣ ਲਈ ਰੱਖ ਲਈ ਪਰ ਛਾਪਣ ਤੋਂ ਪਹਿਲਾਂ ਮੈਨੂੰ ਸੱਦ ਕੇ ਉਹਨਾਂ ਕਿਹਾ ਕਿ ਦੁੱਖ ਤਾਂ ਹੋਰ ਵੀ ਹੈ ਨੇ ਜ਼ਿੰਦਗੀ 'ਚ, ਜ਼ਰਾ ਡੂੰਘੀ ਨਜ਼ਰ ਪਾ, ਮੁਹੱਬਤ ਕੋਈ ਕੱਲਾ ਕਾਰਾ ਮਸਲਾ ਨਹੀਂ। ਜੇ ਲਿਖਣਾ ਈ ਤਾਂ ਸਮਾਜ ਦੀ ਨਬਜ਼ 'ਤੇ ਹੱਥ ਰੱਖ। ਕੁਝ ਮਾਹੌਲ ਦਾ ਰੁਖ਼ ਢੰਗ ਤੇ ਕੁਝ ਅਜਿਹੇ ਸਬਕ, ਮੇਰੇ ਮਨ ਮਸਤਕ 'ਤੇ ਕੁਝ ਤਾਂ ਅਸਰ ਪਿਆ ਹੀ ਹੋਵੇਗਾ। ਅਗਲੀ ਵਾਰ ਜਦੋਂ ਮੈਂ ਓਸੇ ਮੈਗਜ਼ੀਨ ਦਾ ਵਿਦਿਆਰਥੀ ਸੰਪਾਦਕ ਸਾਂ ਤਾਂ ਖੁਦ ਮੁੰਡਿਆਂ ਕੁੜੀਆਂ ਤੋਂ ਉਹਨਾਂ ਦੀਆਂ ਰਚਨਾਵਾਂ ਫੜਦਿਆਂ ਇਸ ਗੱਲ ਦਾ

'ਖ਼ਿਆਲ' ਰੱਖ ਰਿਹਾ ਸਾਂ ਕਿ ਇਹ ਕਵਿਤਾਵਾਂ ਜਾਂ ਕਹਾਣੀਆਂ ਇੱਕਲੇ ਇਸ਼ਕ ਦੇ ਉਬਾਲ ਤਾਂ ਨਹੀਂ, ਇਹ ਕੁਝ ਸਾਰਥਕ ਕਹਿ ਵੀ ਰਹੇ ਨੇ ਜਾਂ ਨਹੀਂ। ਫਿਰ ਆਪਣੇ ਮੁਹੱਲੇ ਦੋਸਤਾਂ ਮਿੱਤਰਾਂ ਨਾਲ ਰਲ਼ ਕੇ ਇਕ ਸਮਾਜ ਸੁਧਾਰ ਸਭਾ ਬਣਾ ਲਈ। ਮੈਂ ਇਸ਼ਤਿਹਾਰਾਂ ਦਾ ਮੈਟਰ ਲਿਖਦਾ, ਦੂਜਿਆਂ ਨੂੰ ਬੋਲਣ ਲਈ ਨੁਕਤੇ ਲਿਖ ਲਿਖ ਦਿੰਦਾ, ਆਪ ਸਭਾਵਾਂ/ ਮੀਟਿੰਗਾਂ ਵਿਚ ਬਾਹਵਾਂ ਉਲਾਰ ਉਲਾਰ ਬੋਲਦਾ। ਸਿਆਣੇ ਮੇਰੀ ਸਿਫ਼ਤ ਕਰਦੇ-'ਬਈ ਮਿਸਤਰੀ ਕਰਤਾਰ ਸਿਹੁੰ ਦਾ ਮੁੰਡਾ ਸਿਆਣੈ, ਸਿਆਣੀਆਂ ਤੇ ਸੁਥਰੀਆਂ ਗੱਲਾਂ ਕਰਦਾ।' ਮੈਂ ਆਪਣੇ ਉਪਰ ਸਿਆਣਪ ਦਾ ਲਬਾਦਾ ਪਾਉਣ ਲੱਗ ਪਿਆ, ਆਦਰਸ਼ਵਾਦੀ ਬਣ ਗਿਆ। ਹਾਣ ਦੀਆਂ ਕੁੜੀਆਂ ਨੂੰ 'ਚੰਗੇ' ਤੇ 'ਸਿਆਣੇ' ਬਣਨ ਦੇ ਪ੍ਰਵਚਨ ਝਾੜਨ ਲੱਗ ਪਿਆ। ਫਿਰ ਜਦੋਂ ਮੈਂ ਪਹਿਲਾ ਨਾਵਲ ਲਿਖਿਆ-'ਲੋਅ ਹੋਣ ਤੱਕ', 1987 ਵਿਚ, ਤਾਂ ਉਹਦੀ ਕਥਾ ਜਥੇਬੰਦਕ ਸੰਘਰਸ਼ ਦੀ ਸੀ ਤੇ ਸਾਰੇ ਪਾਤਰ ਨੌਜਵਾਨ ਮੁੰਡੇ ਕੁੜੀਆਂ ਸਨ। ਉਹ ਥਾਂ ਪਰ ਥਾਂ ਰਲ਼ ਕੇ ਕੰਮ ਕਰਦੇ ਸਨ ਪਰ ਕਿਤੇ ਵੀ ਪਿਆਰ ਨਹੀਂ ਸਨ ਕਰਦੇ। ਉਹ ਸਮਾਜ ਨੂੰ ਬਦਲਣ ਦੀਆਂ ਬਹਿਸਾਂ ਕਰਦੇ ਸਨ। ਬਟਾਲੇ ਇਸ ਨਾਵਲ 'ਤੇ ਇਕ ਗੋਸ਼ਟੀ ਦੌਰਾਨ ਪ੍ਰੋ. ਊਧਮ ਸਿੰਘ ਸ਼ਾਹੀ ਨੇ ਕਿਹਾ ਸੀ ਕਿ ਹੈਰਾਨੀ ਦੀ ਗੱਲ ਹੈ, ਪਿਆਰ ਕਰਨ ਦੀ ਉਮਰੇ ਤਲਵਿੰਦਰ ਦੇ ਪਾਤਰ ਏਨੇ ਬੇਹਿੱਸ ਕਿਉਂ ਨੇ। ਮੈਨੂੰ ਇਸ ਗੱਲ ਦੀ ਬਾਰੀਕੀ ਦਾ ਨਹੀਂ ਸੀ ਪਤਾ ਪਰ ਪਿੱਛੋਂ ਜਾ ਕੇ ਮਹਿਸੂਸ ਕੀਤਾ ਕਿ ਉਸ ਉਮਰੇ ਮੈਂ ਪਿਆਰ ਦੇ ਕਈ ਅਵਸਰ ਗਵਾ ਲਏ। ਅੰਦਰਲੀ 'ਤੜਪ' ਹਿਰਸ ਬਣ ਕੇ ਪਲਦੀ ਰਹੀ। ਆਦਰਸ਼ਕ ਮੁਖੌਟੇ ਪਿੱਛੇ ਕੁਦਰਤੀ ਜਜ਼ਬੇ ਉੱਠਦੇ ਲਹਿੰਦੇ ਤੇ ਮੈਂ ਇਕ ਦਵੰਧ ਨੂੰ ਭੋਗਦਾ। ਫਿਰ ਸਾਹਿਤਕ ਸਫ਼ਰ ਤੈਅ ਕਰਦਿਆਂ ਕੁਝ ਨਵਾਂ ਪੜ੍ਹਿਆ, ਮਨੁੱਖੀ ਸੁਭਾ ਬਾਰੇ, ਮਨੋਵਿਗਿਆਨਕ ਮਸਲਿਆਂ ਬਾਰੇ, ਕੁਝ ਲੇਖ ਫਰਾਇਡ ਦੇ ਲਿਖੇ ਵੀ ਪੜ੍ਹੇ। ਕਹਾਣੀਆਂ ਵਿਚ ਵਿਰਕ, ਦੁੱਗਲ, ਅਜੀਤ ਕੌਰ ਤੇ ਪ੍ਰੇਮ ਪ੍ਰਕਾਸ਼ ਪੜ੍ਹੇ। ਮੈਨੂੰ ਮੰਟੋ ਤੇ ਗਾਰਗੀ ਨੇ ਟੁੰਬਿਆ। ਮੈਨੂੰ ਲੱਗਾ ਜਿਵੇਂ ਮੇਰੇ ਅੰਦਰ ਵੀ ਅਜਿਹਾ ਬੜਾ ਕੁਝ ਪਿਐ। ਮੈਨੂੰ ਵੀ ਉਹ ਗੰਢਾਂ ਖੋਲ੍ਹਣੀਆਂ ਚਾਹੀਦੀਆਂ ਨੇ। ਇਸ ਕੋਸ਼ਿਸ਼ ਨੂੰ ਅੰਜਾਮ ਦੇਣ ਵਿਚ ਹੀ ਕਰਵਟ ਹੈ।

*? ਤੇਰੀਆਂ ਕਈ ਕਹਾਣੀਆਂ ਪੜ੍ਹ ਕੇ ਇਉਂ ਲੱਗਦਾ ਹੈ ਜਿਵੇਂ ਤੇਰੀਆਂ ਆਪਣੇ ਨਿੱਜ ਦੀਆਂ ਕਹਾਣੀਆਂ ਹਨ। ਮੈਂ ਇਸ ਸੰਬੰਧੀ ਜ਼ਿਆਦਾ ਕਹਾਣੀਆਂ ਬਾਰੇ ਨਹੀਂ ਪੁੱਛਦਾ। ਬੱਸ ਇਕੋ ਕਹਾਣੀ 'ਤਾੜੀ' ਦੀ ਗੱਲ ਕਰਦਾ ਹਾਂ। ਇਸ ਕਹਾਣੀ ਦੇ ਮੁੱਖ ਪਾਤਰ ਦੀ ਮਨੋਸਥਿਤੀ ਨੂੰ ਸਮਝਦਿਆਂ ਮੈਨੂੰ ਲੱਗਾ ਕਿ ਉਹ ਖੁਦ ਤਲਵਿੰਦਰ ਹੈ। ਤੇਰੀਆਂ ਦੱਸੀਆਂ ਗੱਲਾਂ ਮੁਤਾਬਕ ਹੀ ਉਹ ਮਾਨਸਕ ਤੌਰ ਤੇ ਟੁੱਟਿਆ ਤੇ ਕਮਜ਼ੋਰ ਨਜ਼ਰ ਆਉਂਦਾ ਹੈ। ਕੀ ਇਹ ਦਰੁੱਸਤ ਹੈ।*

-ਇਹ ਕਹਾਣੀ ਉਸ ਬੰਦੇ ਦੀ ਮਾਨਸਿਕਤਾ ਨੂੰ ਪ੍ਰਤੀਬਿੰਬਤ ਕਰਦੀ ਹੈ ਜਿਸਨੇ ਜਵਾਨੀ ਵਿਚ ਆਦਰਸ਼ਕ ਲਿਬਾਸ ਪਹਿਨੇ ਤੇ ਮੁਹੱਬਤ ਦੇ ਕਈ ਮੌਕੇ ਗੁਆ ਲਏ। ਉਹਨੇ ਆਦਰਸ਼ਵਾਦੀ ਹੋਣ ਦਾ ਢੌਂਗ ਰਚਿਆ ਤੇ ਪ੍ਰੌਢ ਉਮਰ ਵਿਚ ਆ ਕੇ ਮਾਨਸਕ ਤ੍ਰਾਸਦੀ ਦਾ ਸ਼ਿਕਾਰ ਹੋ ਗਿਆ। ਉਹ ਮੌਕੇ ਜੋ ਕਦੇ ਉਹਦੇ ਲਈ ਗੌਰਵ ਸਨ ਪਛਤਾਵੇ ਵਿਚ ਵਿਚ ਵਟ ਜਾਂਦੇ ਨੇ। ਅਗਲੀ ਗੱਲ ਕਿ ਉਹ ਪਾਤਰ ਖੁਦ ਤਲਵਿੰਦਰ ਹੈ ਜਾਂ ਨਹੀਂ, ਇਸ ਬਾਰੇ ਮੈਂ ਇਹੀ ਆਖਾਂਗਾ ਕਿ ਕਹਾਣੀਆਂ ਦੇ ਮਸਲੇ ਅਸੀਂ ਬਹੁਤ ਹੀ ਨੇੜਿਓਂ ਫੜਦੇ ਹਾਂ। ਸ਼ਾਇਦ ਬਹੁਤਾ ਕੁਝ ਆਪਣੇ ਵਿਚੋਂ ਹੀ ਲੱਭ ਜਾਂਦਾ ਹੈ। ਇਹ ਲਾਜ਼ਮੀ ਨਹੀਂ ਸੋਚੀ ਸਮਝੀ ਵਿਧੀ ਹੋਵੇ, ਸਹਿਜ ਸੁਭਾ ਵੀ ਵਾਪਰਦਾ ਹੈ। ਤੈਨੂੰ ਲੱਗਾ ਹੈ ਤਾਂ ਹੋ ਸਕਦੈ ਇਹ ਘਟਨਾਵਾਂ ਮੇਰੇ ਨੇੜਿਓਂ ਤੇੜਿਓਂ ਲੰਘੀਆਂ ਹੋਣ। ਪਰ ਇਹ ਬਹੁਤ ਸਾਰੇ ਲੋਕਾਂ ਦੀ ਕਹਾਣੀ ਹੈ। ਇਸ ਕਹਾਣੀ ਨੂੰ ਪੜ੍ਹ ਕੇ ਇਕ ਦਿਨ ਕਹਾਣੀਕਾਰ ਮੁਖਤਾਰ ਗਿੱਲ ਮੈਨੂੰ ਦਾਰੂ ਪੀ ਕੇ ਗਾਲ੍ਹਾਂ ਕੱਢਦਾ ਫ਼ੋਨ 'ਤੇ ਆਖ ਰਿਹਾ ਸੀ ਕਿ ਮੈਂ ਇਹ ਲੋਕਾਂ ਨੂੰ ਕਿਉਂ ਦੱਸਿਆ ਕਿ ਅਸੀਂ ਵਿੱਚੋਂ ਇਹੋ ਜਿਹੇ ਆਂ। ਇਵੇਂ ਹੀ ਇਕ ਵਾਰ ਡਾ. ਰਜਨੀਸ਼ ਬਹਾਦਰ ਅਮ੍ਰਿਤਸਰ ਆਇਆ ਤੇ ਮੈਂ ਉਹਨੂੰ ਡਾ. ਰਾਹੀ ਕੋਲ ਲਿਜਾਣ ਲਈ ਬੱਸ ਸਟੈਂਡ ਤੋਂ ਲਿਆ। ਰਾਹ ਵਿਚ ਮੈਂ ਉਹਨੂੰ ਆਪਣੇ ਦਫ਼ਤਰ ਲੈ ਗਿਆ। ਉਹ ਏਸੇ ਕਹਾਣੀ ਵਿਚ ਆਈ ਇਕ ਲੜਕੀ ਪਾਤਰ ਐਨਾ ਦਾ ਨਾਂ ਲੈ ਕੇ ਪੁੱਛਣ ਲੱਗਾ



ਕਿ ਉਹ ਤੇਰੀ ਪੀ.ਏ. ਕਿੱਥੇ ਬਹਿੰਦੀ ਆ। ਫਿਰ ਰਸਤੇ ਵਿਚ ਉਹਨੇ 'ਤਾੜੀ' ਦੇ ਮੁੱਖ ਪਾਤਰ ਦੀ ਸਮੱਸਿਆ ਨੂੰ ਮੇਰੇ ਨਾਲ ਜੋੜ ਕੇ ਪੁੱਛਿਆ ਕਿ ਸੱਚੀਂ ਮੇਰਾ ਔਰਤਾਂ ਪ੍ਰਤੀ ਨਿਰਲੇਪ ਵਿਹਾਰ ਹੈ। ਮੈਂ ਉਹਨੂੰ ਦੱਸਿਆ ਕਿ ਇਹ ਮੇਰੀ ਸਮੱਸਿਆ ਨਹੀਂ। ਉਂਜ ਮੇਰਾ ਖਿਆਲ ਹੈ ਕਿ ਪਾਤਰ ਨਾ ਜਿੰਦਰ ਹੁੰਦਾ ਹੈ, ਨਾ ਮੁਖਤਾਰ ਗਿੱਲ ਤੇ ਨਾ ਹੀ ਤਲਵਿੰਦਰ, ਉਹ ਸਮੱਸਿਆ ਦਾ ਸਾਧਾਰਨੀਕਰਨ ਹੁੰਦਾ ਹੈ। ਜਿਹੜੇ ਮੁਖੌਟੇਧਾਰੀ ਲੋਕ ਨੇ ਉਹਨਾਂ ਨੂੰ ਛੱਡ ਕੇ ਸਾਰੇ ਲੋਕ ਕਹਿਣਗੇ ਕਿ ਇਹ ਸਾਡਾ ਮਸਲਾ ਹੈ।

*? ਪਰ ਕਦੇ ਕਦੇ ਇਵੇਂ ਨਹੀਂ ਲੱਗਦਾ ਕਿ ਤੂੰ ਕਹਾਣੀ ਲਿਖਦਾ ਮਜ਼ੇ ਲੈਣ ਲਗਦਾ ਹੈਂ।*

-ਯਾਰ ਜਿੰਦਰ, ਤੂੰ ਮੇਰਾ ਸਮਕਾਲੀ ਕਹਾਣੀਕਾਰ ਹੈਂ। ਤੇਰੀ ਸੋਚ ਵਿਚਲੀ ਤੀਖਣਤਾ ਦਾ ਮੈਂ ਕਾਇਲ ਹਾਂ। ਮੈਂ ਜਾਣਨਾ ਕਿ ਤੇਰੇ ਕੋਲ ਇਸ ਸੁਆਲ ਦਾ ਜੁਆਬ ਹੈਅ ਪਰ ਤੂੰ ਮੈਨੂੰ ਕਟਹਿਰੇ ਵਿਚ ਖਲਿਹਾਰਨਾ ਚਾਹੁੰਨੈਂ। ਮੇਰੇ ਜਿਹੇ ਬਹੁਤ ਸਾਰੇ ਲੇਖਕ ਨੇ ਜਿਹੜੇ ਅਧੂਰੀਆਂ ਖਾਹਸ਼ਾਂ ਨੂੰ ਲਿਖਤਾਂ ਵਿਚ ਅੰਜਾਮ ਦਿੰਦੇ ਨੇ ਤੇ ਇਹ ਅਮਲ ਹਮੇਸ਼ਾ ਸੁਖਦਾਈ ਹੁੰਦਾ ਹੈ। ਲਿਖਤਾਂ ਵਿਚ ਅਸੀਂ ਖਲਾਸ ਹੁੰਦੇ ਹਾਂ। ਮਨ ਦੇ ਬੋਝਾਂ ਨੂੰ ਹਲਕਿਆਂ ਕਰਦੇ ਹਾਂ। ਮੇਰੀ ਸੋਚ ਹੈ ਕਿ ਅਦਬ ਦਾ ਸਮੁੱਚਾ ਅਮਲ ਹੀ ਆਪਣੇ ਅੰਦਰਲੇ ਵਲਵਲਿਆਂ ਨੂੰ ਬਾਹਰ ਕੱਢਣ ਤੇ ਹਲਕੇ ਹੋਣ ਦਾ ਕਰਮ ਹੈ। ਜਦੋਂ ਕੁਝ ਅੰਦਰੋਂ ਬਾਹਰ ਨਿਕਲਦਾ ਹੈ ਤਾਂ ਕੁਝ ਸੁਖ ਦਾ ਅਹਿਸਾਸ ਤਾਂ ਹੁੰਦਾ ਹੀ ਹੈ। ਜੇ ਤੂੰ ਇਸ ਅਹਿਸਾਸ ਨੂੰ ਮਜ਼ਾ ਕਹਿੰਦਾ ਹੈਂ ਤਾਂ ਮੈਨੂੰ ਕੋਈ ਇਤਰਾਜ਼ ਨਹੀਂ।

*? ਇਕ ਸੁਆਲ ਪੁੱਛਣਾ ਚਾਹਾਂਗਾ ਜੇ ਤੂੰ ਜੁਆਬ ਦੇ ਸਕੇਂ। ਥੋੜ੍ਹਾ ਨਿੱਜੀ ਤੇ ਟੇਢਾ ਹੈ। ਤੂੰ ਜੁਆਨੀ ਤੇ ਪ੍ਰੌਢ ਉਮਰ ਦੇ ਮਨੋਵਿਗਿਆਨਕ ਤੇ ਜਿਣਸੀ ਮਸਲੇ ਛੋਹੇ ਨੇ। ਇਸ ਗੱਲ ਦਾ ਅਹਿਸਾਸ ਹੋਣ ਬਾਅਦ ਕਿ ਕਈ ਮੁਹੱਬਤ ਦੇ ਮੌਕੇ ਚਾਹੇ ਅਣਚਾਹੇ ਗੁਆਚ ਗਏ, ਕੀ ਕਿਸੇ ਗੁੰਮੇ ਗੁਆਚੇ ਮੌਕੇ ਨੇ ਮੁੜ ਦਸਤਕ ਦਿੱਤੀ।*

-ਇਹ ਵਾਕਿਆ ਈ ਟੇਢਾ ਤੇ ਘਰੋਂ ਕਢਾਉਣ ਵਾਲਾ ਸੁਆਲ ਹੈ। ਫਿਰ ਵੀ ਮੈਂ ਕੋਸ਼ਿਸ਼ ਕਰਾਂਗਾ ਕਿ ਇਮਾਨਦਾਰੀ ਨਾਲ ਜੁਆਬ ਦੇ ਸਕਾਂ। ਮੈਂ ਜੁਆਨੀ ਵਿਚ ਇਕ ਕੁੜੀ ਨੂੰ ਬੇਪਨਾਹ ਮੁਹੱਬਤ ਕੀਤੀ। ਉਹ ਮੇਰੇ ਸ਼ਰੀਕੇ ਬਰਾਦਰੀ ਵਿਚੋਂ ਸੀ। ਬੇਹੱਦ ਸੋਹਣੀ ਤੇ ਪਿਆਰੀ। ਮੈਂ ਚਾਰ ਸਾਲ ਦੀ ਸੰਘਣੀ ਨੇੜਤਾ ਵਿਚ ਵੀ ਉਸਦੀ ਵੀਣੀ ਤੱਕ ਨਾ ਫੜ ਸਕਿਆ। ਉਹ ਮੇਰੇ ਹੱਦ ਦਰਜੇ ਦੇ ਸੰਜਮੀ ਸੁਭਾ ਦੀ ਕਾਇਲ ਸੀ। ਮੈਂ ਉਹਦਾ ਪ੍ਰੇਮੀ ਨਹੀਂ ਉਹਦਾ ਟੀਚਰ ਬਣਿਆ ਰਿਹਾ। ਉਹਨੇ ਵਿਲਕ ਵਿਲਕ ਕੇ ਕਿਹਾ ਕਿ ਮਾਪੇ ਉਸਦਾ ਰਿਸ਼ਤਾ ਕਰ ਰਹੇ ਨੇ ਤੇ ਮੈਂ ਕੁਝ ਕਰਾਂ। ਮਜ਼ੇ ਦੀ ਗੱਲ ਇਹ ਕਿ ਕੋਈ ਜ਼ਾਤ ਬਰਾਦਰੀ ਦਾ ਮਸਲਾ ਵੀ ਆੜੇ ਨਹੀਂ ਸੀ। ਸਭ ਕੁਝ ਹੋ ਸਕਦਾ ਸੀ ਪਰ ਮੈਂ ਇਸ ਹੱਦ ਤੱਕ ਕਮਜ਼ੋਰ ਸਾਂ ਕਿ ਕੁਝ ਨਾ ਕਰ ਸਕਿਆ। ਉਹ ਵਿਆਹੀ ਗਈ ਤੇ ਮਾੜੇ ਨਸੀਬੀਂ ਦੋਂਹ ਵਰ੍ਹਿਆਂ ਬਾਅਦ ਦਿਲ ਦੇ ਰੋਗ ਪਾਰੋਂ ਚੱਲ ਵੱਸੀ। ਮੈਂ ਉਸ ਨੇਕ ਰੂਹ ਨੂੰ ਪਤਾ ਨੀ ਕਿਹੜਾ ਦੁੱਖ ਦਿੱਤਾ। ਪਤਾ ਨੀ ਕੀ ਜ਼ਿਆਦਤੀ ਹੋਈ ਮੇਰੇ ਕੋਲੋਂ ਕਿ ਮੈਂ ਅੰਦਰ ਹੀ ਅੰਦਰ ਦੋਸ਼ੀ ਹੋ ਗਿਆ। ਇਸ ਗੱਲ ਦਾ ਅਹਿਸਾਸ ਬਹੁਤ ਪਿੱਛੋਂ ਹੋਇਆ। ਬਹੁਤ ਹੀ ਰੰਗੀਨ ਤੇ ਸੁਖਦ ਵਿਆਹੁਤਾ ਜੀਵਨ ਦੇ ਵਿਚ ਵਿਚਾਲੇ ਇਕ ਮੁਹੱਬਤ ਨੇ ਬੜੀ ਸਹਿਜ ਨਾਲ ਮੇਰੇ ਜੀਵਨ ਵਿਚ ਪ੍ਰਵੇਸ਼ ਕੀਤਾ। ਮੈਂ ਹਾਬੜਿਆਂ ਵਾਂਗ ਉਹਨੂੰ ਇਕੋ ਡੀਕੇ ਪੀ ਲੈਣਾ ਚਾਹਿਆ। ਸਾਰੀਆਂ ਅਕਲਾਂ ਸਿਆਣਪਾਂ ਨੂੰ ਛਿੱਕੇ ਟੰਗ ਜਿਵੇਂ ਪਿਛਲੇ ਭਾਂਗੇ ਲਾਹੁਣ ਦੀ ਕੋਸ਼ਿਸ਼ ਕੀਤੀ। ਪਰ ਹੱਸਾਸ ਮਨ ਅਜਿਹੇ ਅਮਲਾਂ ਵਿਚ ਪੈਣ ਲਈ ਵੀ ਰਾਜ਼ੀ ਨਾ ਹੋਇਆ। ਉਸ ਮੁਹੱਬਤ ਦੇ ਖਿਆਲੀ ਅਨੁਭਵ ਕਥਾ ਸਾਧਨਾ ਵਿਚ ਢਲ ਕੇ ਆਪਣਾ ਰੰਗ ਵਿਖਾਉਂਦੇ ਰਹੇ ਤੇ ਮੇਰਾ ਲੇਖਕ ਮਨ ਪਰਚਿਆ ਰਿਹਾ।

*? ਤੈਨੂੰ ਯਾਦ ਹੈ ਕਿ ਇਕ ਵਾਰ ਆਪਾਂ ਰਾਮਸਰੂਪ ਅਣਖੀ ਹੋਰਾਂ ਵੱਲੋਂ ਨੱਢੀ 'ਚ ਕਰਵਾਏ ਗਏ ਕਹਾਣੀ ਦਰਬਾਰ 'ਤੇ ਗਏ ਸੀ। ਮੁੜਦੇ ਹੋਏ ਪਹਿਲਾਂ ਮਕਲੋਡਗੰਜ ਗਏ ਸੀ। ਫੇਰ ਭਕਸੂਨਾਥ ਕੋਲ ਆ ਕੇ ਖੜ੍ਹੇ ਹੋਏ ਸੀ। ਮੈਂ ਇਜ਼ਰਾਇਲ ਦੀਆਂ ਗੋਰੀਆਂ ਨਾਲ ਫੋਟੋਆਂ ਖਿੱਚਵਾਈਆਂ ਸਨ। ਦੇਖ ਕੇ ਤੈਥੋਂ ਵੀ ਰਿਹਾ ਨਹੀਂ ਗਿਆ ਸੀ। ਫੇਰ ਤੂੰ ਵੀ ਉਨ੍ਹਾਂ ਨਾਲ ਫੋਟੋਆਂ ਖਿੱਚਵਾਈਆਂ*

*ਸਨ। ਸਾਡੀਆਂ ਬੀਵੀਆਂ ਨੂੰ ਸਾਡੀ ਇਹ ਹਰਕਤ ਚੰਗੀ ਨਹੀਂ ਲੱਗੀ ਸੀ। ਤੇਰੀਆਂ ਬਹੁਤੀਆਂ ਕਹਾਣੀਆਂ-ਖਾਸ ਕਰਕੇ ਹੁਣ ਵਾਲੀਆਂ ਤਾਂ ਹੈ ਹੀ ਔਰਤ-ਮਰਦ ਦੇ ਸੰਬੰਧਾਂ ਬਾਰੇ। ਕੀ ਤੇਰੀਆਂ ਕਹਾਣੀਆਂ ਤੇਰੀ ਬੀਵੀ ਦੀ ਨਜ਼ਰੀਂ ਪੈਂਦੀਆਂ ਨੇ।*

-ਇਹ ਕਿਵੇਂ ਹੋ ਸਕਦੈ ਕਿ ਛਪੀ ਰਚਨਾ ਕਿਸੇ ਨਿੱਜੀ ਕੈਦ ਵਿਚ ਲੁਕਾ ਲਈ ਜਾਏ ? ਇਹ ਤਾਂ ਸੰਭਵ ਹੈ ਕਿ ਅਣਛਪੀ ਚੀਜ਼ ਤੁਸੀਂ ਕਿਸੇ ਨੁੱਕਰ ਖੂੰਜੇ ਵਿਚ ਸਾਂਭ ਕੇ ਮਹਿਫ਼ੂਜ਼ ਕਰ ਲਓ, ਪਰ ਛਪੀ ਤਾਂ ਕਿਵੇਂ ਵੀ ਲੁਕਾਈ ਨਹੀਂ ਜਾ ਸਕਦੀ। ਦੂਜੀ ਗੱਲ, ਮੇਰੀ ਸ਼ਾਇਦ ਹੀ ਕੋਈ ਕਹਾਣੀ ਹੋਵੇ ਜਿਹੜੀ ਮੇਰੀ ਪਤਨੀ ਨੇ ਨਾ ਪੜ੍ਹੀ ਹੋਵੇ। ਪਹਿਲਾਂ ਤਾਂ ਉਹ ਅਣਛਪੀ ਕਹਾਣੀ ਪੜ੍ਹ ਲੈਂਦੀ ਸੀ ਪਰ ਹੁਣ ਜਿਸ ਰਸਾਲੇ 'ਚ ਕਹਾਣੀ ਆਵੇ ਉਹ ਓਨਾ ਚਿਰ ਸਾਂਭ ਛਡਦੀ ਹੈ ਜਿੰਨਾ ਚਿਰ ਪੜ੍ਹਨ ਲਈ ਵਿਹਲ ਨਾ ਕੱਢ ਲਏ।ਕਈ ਵਾਰੀ ਪੁੱਛਦੀ ਵੀ ਹੈ, 'ਇਹ ਫਲਾਣੀ ਪਾਤਰ ਕੌਣ ਹੈ, ਇਹ ਗੱਲ ਕਿਵੇਂ ਮਨ ਵਿਚ ਆਈ ਕਿ ਇਹਨੂੰ ਇਓਂ ਲਿਖਣਾ ਹੈ।' ਉਂਜ ਉਹ ਕਹਾਣੀ ਦੇ ਮੈਂ ਪਾਤਰ ਨੂੰ ਮੇਰੇ ਨਾਲੋਂ ਨਿਖੇੜ ਲੈਂਦੀ ਹੈ। ਅਗਲੀ ਗੱਲ ਜਿਹੜੀ ਵਧੇਰੇ ਅਹਿਮ ਹੈ ਉਹ ਇਹ ਐ ਕਿ, ਉਹ ਮੇਰੀਆਂ ਹੀ ਨਹੀਂ ਤੁਹਾਡੀਆਂ ਸਭ ਦੀਆਂ ਕਹਾਣੀਆਂ ਪੜ੍ਹਦੀ ਹੈ ਤੇ ਬਹੁਤ ਵਾਰੀ ਮੇਰੇ ਨਾਲ ਚਰਚਾ ਵੀ ਕਰਦੀ ਹੈ।ਕਈ ਵਾਰੀ ਹੱਸਦਿਆਂ ਇਹ ਕਹਿ ਕੇ ਕਿ ਲੇਖਕ ਸਾਰੇ ਈ ਰੰਗੀਨ ਤਬੀਅਤ ਹੁੰਦੇ ਨੇ ਮੈਨੂੰ ਬਾਇਜ਼ਤ ਬਰੀ ਕਰ ਦਿੰਦੀ ਹੈ। ਮੇਰਾ ਤਾਂ ਏਨੇ ਵਿਚ ਈ ਸਰ ਜਾਂਦਾ ਈ। ਬਾਕੀ ਵੀਰ ਮੇਰਿਆ ਹੋ ਸਕਦੈ ਤੂੰ ਆਪਣੀਆਂ ਕਹਾਣੀਆਂ ਆਪਣੀ ਬੀਵੀ ਦੀਆਂ ਨਜ਼ਰਾਂ ਤੋਂ ਲੁਕਾਉਣ ਵਿਚ ਕਾਮਯਾਬ ਹੋ ਜਾਂਦਾ ਹੋਵੇਂ, ਪਰ ਏਥੇ ਇੰਜ ਨਹੀਂ ਹੈ।

*? ਮੈਂ ਕਹਾਣੀਆਂ ਵਿਚਲੇ ਮਾਨਸਿਕ ਤਣਾਓ ਦੀ ਗੱਲ ਅਗਾਂਹ ਤੋਰਦਾਂ ਹਾਂ, ਇਹ ਦੱਸ ਕਿ 'ਨੀਲੀਆਂ ਅੱਖਾਂ' ਤੂੰ ਕਿਹੜੇ ਧਰਾਤਲ 'ਤੇ ਉਸਾਰੀ।*

-ਅਸੀਂ ਦੋ ਪਰਿਵਾਰ-ਮੇਰਾ ਤੇ ਦੇਵ ਦਰਦ ਦਾ, ਮੁੰਬਈ ਗਏ ਸਾਂ। ਉਥੇ ਇਕ ਲੋਕਲ ਟਰੇਨ ਵਿਚ ਅਸਾਂ ਸਭ ਨੇ ਚੜ੍ਹਨਾ ਸੀ। ਗੱਡੀ ਦਾ ਠਹਿਰਾਓ ਏਨਾ ਘੱਟ ਸੀ ਕਿ ਕਾਹਲੀ ਵਿਚ ਬੱਚਿਆਂ ਤੇ ਬੀਵੀਆਂ ਨੂੰ ਚੜ੍ਹਾਉਂਦਿਆਂ ਅਸੀਂ ਉਹਨਾਂ ਤੋਂ ਨਿੱਖੜ ਗਏ। ਮੈਂ ਤੇ ਦੇਵ ਸਟੇਸ਼ਨ 'ਤੇ ਖੜੇ ਰਹਿ ਗਏ ਤੇ ਗੱਡੀ ਕਿਤੇ ਦੀ ਕਿਤੇ ਨਿਕਲ ਗਈ। ਮੇਰੇ ਮਨ ਮਸਤਕ 'ਤੇ ਹੋਰ ਕਿਸੇ ਵੀ ਤਣਾਓ ਤੋਂ ਵੱਧ ਇਹ ਸੀ ਮੇਰੀ ਸਤਵੀਂ ਜਮਾਤ ਵਿਚ ਪੜ੍ਹਦੀ ਬੇਟੀ ਕਿਥੇ ਹੋਵੇਗੀ ? ਉਹ ਆਪਣੀ ਮੰਮੀ ਦੇ ਨਾਲ ਹੋਏਗੀ ਜਾਂ ਇਕੱਲੀ ? ਜੇ ਉਹ ਕਿਸੇ ਹੋਰ ਸਟੇਸ਼ਨ ਤੇ ਉਤਰ ਗਈ ਤਾਂ ਕੀ ਬਣੇਗਾ ? ਅਗਲੀ ਗੱਡੀ ਵਿਚ ਬਹਿਣ ਤੋਂ ਮਿਥੇ ਟਿਕਾਣੇ ਪਹੁੰਚਣ ਤੱਕ ਮੈਂ ਜੋ ਜੋ ਕਿਆਸ ਕਰ ਸਕਿਆ, ਇਸ ਕਹਾਣੀ ਵਿਚ ਹੈ। ਕੁਝ ਗੱਲਾਂ ਕਹਾਣੀ ਤੋਰਨ ਲਈ ਵੱਧ ਪਾਈਆਂ ਨੇ। ਇਹ ਕਹਾਣੀ ਮਹਾਨਗਰਾਂ ਵਿਚ ਪੈਦਾ ਹੁੰਦੀ ਵੇਸਵਾਗਮਨੀ ਦੇ ਕਾਰਨਾਂ ਨਾਲ ਜੁੜ ਗਈ। ਮੈਂ ਉਸ ਘਟਨਾ ਨੂੰ ਜੀਵੇ ਬਿਨਾ ਇਹ ਕਹਾਣੀ ਨਹੀਂ ਸੀ ਲਿਖ ਸਕਦਾ।

*? 'ਵਿਚਲੀ ਔਰਤ' ਨੂੰ ਤੂੰ ਕਿਸ ਸੰਦਰਭ ਵਿਚ ਵੇਖਦਾਂ।*

ਇਹ ਭਾਰਤੀ ਸਮਾਜ ਦਾ ਸੰਕਟ ਹੈ ਕਿ ਔਰਤ ਨੂੰ ਹਰ ਪਾਸਿਓਂ ਪਾਬੰਦ ਕੀਤਾ ਹੋਇਆ ਹੈ। ਉਹਨੂੰ ਮਿੱਥੇ ਬਣਾਏ ਨਿਯਮਾਂ ਤਹਿਤ ਸੋਚਣ ਲਈ ਮਜਬੂਰ ਕੀਤਾ ਜਾਂਦਾ ਹੈ। ਧਾਰਮਿਕਤਾ ਵੀ ਅਜਿਹਾ ਹੀ ਇਕ ਜਕੜਬੰਦ ਹੈ। ਮੇਰੇ ਦੋਸਤ ਡਾ. ਸੁਰਿੰਦਰ ਸ਼ਾਂਤ ਨੇ ਆਪਣੀ ਵਾਕਫ਼ੀ ਵਿਚੋਂ ਮੈਨੂੰ ਇਕ ਅਜਿਹੀ ਕੁੜੀ ਦੀ ਗੱਲ ਸੁਣਾਈ ਜੋ ਵਿਆਹ ਪਿੱਛੋਂ ਛੇਤੀ ਹੀ ਵਿਧਵਾ ਹੋ ਗਈ। ਉਹ ਧਾਰਮਕ ਮਰਿਆਦਾਵਾਂ ਤਹਿਤ ਆਪਣੇ ਜਜ਼ਬਿਆਂ ਨੂੰ ਬੰਨ੍ਹ ਮਾਰਨ ਦੀ ਕੋਸ਼ਿਸ਼ ਕਰਦੀ ਹੈ ਪਰ ਉਸਦੀ ਅੰਦਰਲੀ ਹਸਤੀ ਢੁਕਵਾਂ ਵੇਲ਼ਾ ਵੇਖ ਕੇ ਜਾਗ ਉਠਦੀ ਹੈ। ਮੈਂ ਸਮਝਦਾਂ ਕਿ ਬੰਦੇ ਦਾ ਕੁਦਰਤੀ ਪ੍ਰਬੰਧ ਉਸ ਦੁਆਲੇ ਉਸਰੇ ਮਸਨੂਈ ਪ੍ਰਬੰਧਾਂ ਤੋਂ ਕਿਤੇ ਤਾਕਤਵਰ ਹੈ।

*? ਤੇਰੇ ਬਾਰੇ 'ਚ ਇਹ ਗੱਲ ਚਰਚਾ ਵਿਚ ਹੈ ਕਿ ਤਲਵਿੰਦਰ ਲਹੌਰੀਆ ਹੋ ਗਿਆ। ਮੈਂ ਜਦੋਂ ਵੀ ਤੈਨੂੰ ਫੋਨ ਕਰਦਾ ਹਾਂ ਤੇ ਤੇਰਾ ਫੋਨ ਅੱਗੋਂ ਬੰਦ ਹੁੰਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਤੂੰ ਲਾਹੌਰ*



*ਗਿਆ ਹੋਵੇਂਗਾ। ਮੈਨੂੰ ਕੀ-ਸਾਰੇ ਲੇਖਕਾਂ ਨੂੰ ਪਤਾ ਹੈ ਕਿ ਤੇਰੇ ਤਾਅਲੁਕਾਤ ਪਾਕਿਸਤਾਨੀ ਲੇਖਕਾਂ ਨਾਲ ਵਧ ਗਏ ਹਨ। ਮੈਂ ਆਪ ਲਾਹੌਰ ਜਾ ਕੇ ਉਥੋਂ ਦੇ ਲੇਖਕਾਂ ਨੂੰ ਮਿਲਿਆ ਸੀ। ਮੈਂ ਦੇਖਿਆ ਹੈ ਕਿ ਉਹਨਾਂ ਨੂੰ ਤੇਰੇ ਆਉਣ ਬਾਰੇ ਸੁਣ ਕੇ ਚਾਅ-ਚੜ੍ਹ ਜਾਂਦਾ ਹੈ। ਤੂੰ ਉਥੋਂ ਦੀ ਕਹਾਣੀ ਨਾਲ ਵੀ ਜੁੜਿਆ ਹੈਂ। ਤੂੰ ਦੋਹਾਂ ਪੰਜਾਬਾਂ ਦੇ ਲੇਖਕਾਂ 'ਚ ਪੁਲ ਬਣ ਗਿਆਂ। ਮੈਨੂੰ ਆਪਣੇ ਕੀਤੇ ਕੰਮਾਂ ਬਾਰੇ ਖੁੱਲ੍ਹ ਕੇ ਦੱਸ।*

-ਪਿਛਲੇ ਕੁਝ ਸਾਲਾਂ ਵਿਚ ਮੈਂ ਕਈ ਵਾਰ ਪਾਕਿਸਤਾਨ ਗਿਆ। ਜਿਵੇਂ ਹੋਣਾ ਹੀ ਸੀ ਮੇਰੀ ਨੇੜਤਾ ਉਥੋਂ ਦੇ ਅਦੀਬਾਂ ਨਾਲ ਬਣੀ। ਫਿਰ ਰਾਬਤਾ ਕਹਾਣੀਕਾਰਾਂ ਨਾਲ ਵਧਿਆ। ਮੈਂ ਮਹਿਸੂਸ ਕੀਤਾ ਕਿ ਪੰਜਾਹ ਪਚਵੰਜਾ ਸਾਲਾਂ ਦੇ ਵਕਫ਼ੇ ਨੇ ਇਕ ਸਾਹਿਤਕ ਫਾਸਲਾ ਪਾ ਦਿੱਤਾ ਹੈ। ਮੈਂ ਉਥੇ ਮਨਸ਼ਾ ਯਾਦ, ਅਫਜ਼ਲ ਅਹਿਸਨ ਰੰਧਾਵਾ, ਅਫਜ਼ਲ ਤੌਸੀਫ਼, ਫਰਖੰਦਾ ਲੋਧੀ, ਇਲਿਆਸ ਘੁੰਮਣ, ਜ਼ੁਬੈਰ ਅਹਿਮਦ, ਮਕਸੂਦ ਸਾਕਿਬ, ਤੌਕੀਰ ਚੁਗ਼ਤਾਈ ਆਦਿ ਕਹਾਣੀਕਾਰਾਂ ਨੂੰ ਮਿਲਿਆ। ਫਿਰ ਮੈਂ ਤੇ ਘੁੰਮਣ ਨੇ ਰਲ਼ ਕੇ ਇਕ ਕਿਤਾਬ ਸੰਪਾਦਤ ਕੀਤੀ 'ਉਜੜੇ ਗਰਾਂ ਦੇ ਵਾਸੀ'। ਇਸ ਵਿਚ ਪਾਕਿਸਤਾਨੀ ਪੰਜਾਬ ਦੀਆਂ ਬਾਰਾਂ ਕਹਾਣੀਆਂ ਸ਼ਾਮਲ ਕੀਤੀਆਂ। ਪਰ ਮੈਂ ਸੋਚਿਆ ਕਿ ਇਹ ਕਾਫੀ ਨਹੀਂ। ਫਿਰ ਮੈਂ ਖੁਦ 40 ਕਹਾਣੀਆਂ ਦੀ ਚੋਣ ਕੀਤੀ ਤੇ ਆਪਣੇ ਮਿੱਤਰ ਪਾਲ ਸਿੰਘ ਵੱਲਾ ਕੋਲੋਂ ਲਿਪੀਅੰਤਰ ਕਰਵਾ ਕੇ 'ਸਾਂਝੀ ਪੀੜ' ਨਾਂ ਹੇਠ ਪ੍ਰਕਾਸ਼ਤ ਕਰਵਾਈ। ਮੈਨੂੰ ਫਿਰ ਜਾਪਿਆ ਕਿ ਕੁਝ ਚੰਗੇ ਸਮਰੱਥਾਵਾਨ ਕਹਾਣੀਕਾਰ ਰਹਿ ਗਏ ਨੇ। ਇਓਂ ਹੋਰ ਚਾਲ਼ੀਆਂ ਕਹਾਣੀਕਾਰਾਂ ਦੀਆਂ ਕਹਾਣੀਆਂ ਤੇ ਅਧਾਰਤ ਅਗਲੀ ਕਿਤਾਬ 'ਕੱਚੇ ਕੋਠਿਆਂ ਦਾ ਗੀਤ' ਆਈ। ਅਜੇ ਇਕ ਹੋਰ ਅਜਿਹੀ ਕਿਤਾਬ ਦੇ ਸੰਪਾਦਨ ਦੀ ਗੁੰਜਾਇਸ਼ ਹੈ, ਜਿਹਦੇ ਉਪਰ ਮੈਂ ਕੰਮ ਕਰ ਰਿਹਾਂ। ਇਹਨਾਂ ਤੋਂ ਇਲਾਵਾ ਅਨਵਰ ਅਲੀ ਦੀ 'ਗੁੜ ਦੀ ਭੇਲੀ' ਤੇ ਅਫ਼ਜ਼ਲ ਤੌਸੀਫ਼ ਦੀ 'ਬੁਲਬਲੀਨਾ' ਵੀ ਛਪੀਆਂ ਹਨ। ਰਹੀ ਸਾਹਿਤਕ ਫਾਇਦੇ ਦੀ ਗੱਲ, ਉਹ ਤਾਂ ਮੇਰੀ ਸਮਝ ਹੈ ਕਿ ਬਹੁਤ ਹੈ। ਆਖਰਕਾਰ ਅਸੀਂ ਦੋਵੇਂ ਧਿਰਾਂ ਪੰਜਾਬੀ ਅਦਬ ਦੀਆਂ ਸਿਰਜਕ ਹਾਂ। ਕਿਉਂ ਨਹੀਂ ਸਾਰੀ ਰਚਨਾਕਾਰੀ ਨੂੰ ਇਕ ਮੁੱਖਧਾਰਾ ਵਿਚ ਰੱਖ ਕੇ ਵੇਖਿਆ ਜਾਂਦਾ। ਵੱਖਰੀ ਗੱਲ ਹੈ ਕਿ ਹਾਲੇ ਦੋਹਾਂ ਦੇਸ਼ਾਂ ਦੇ ਸਬੰਧ ਉਸ ਪੱਧਰ ਤੱਕ ਨਹੀਂ ਸੁਲਝੇ ਕਿ ਸਾਰਾ ਅਦਬੀ ਮਾਹੌਲ ਸਹਿਜ ਹੋ ਜਾਏ। ਇਹ ਪਲੇਠੇ ਯਤਨ ਅਧੂਰੇ ਵੀ ਨੇ ਤੇ ਥੋੜ੍ਹੇ ਵੀ। ਜਿਸ ਮੁੱਖਧਾਰਾ ਦੀ ਕਾਇਮੀ ਦੀ ਮੈਂ ਗੱਲ ਕਰਦਾਂ ਉਹ ਹਾਲੇ ਬਹੁਤ ਅੱਗੇ ਹੈ। ਪਰ ਕੀ ਏਨਾ ਘੱਟ ਹੈ ਕਿ ਜਿਹੜੇ ਸਾਡੇ ਪਾਠਕ/ ਲੇਖਕ ਪਾਕਿਸਤਾਨੀ ਲੇਖਕਾਂ ਬਾਰੇ ਉੱਕਾ ਈ ਨਹੀਂ ਸਨ ਜਾਣਦੇ ਉਹ ਜਾਨਣ ਲੱਗੇ ਨੇ।

*? ਜੇ ਮੈਂ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਬਾਰੇ ਭਰਵੀਂ ਨਜ਼ਰ ਮਾਰਾਂ ਤਾਂ ਉਹਨਾਂ ਦੀਆਂ ਕਹਾਣੀਆਂ 'ਚ ਮੁਸਲਮਾਨ ਪਾਤਰ ਹੈ ਹੀ ਨਹੀਂ। ਜੇ ਕਿਸੇ ਨੇ ਇੰਡੋ-ਪਾਕ ਵੰਡ ਬਾਰੇ ਲਿਖਿਆ ਹੈ ਤਾਂ ਉਸ 'ਚ ਪੇਤਲਾਪਨ ਭਾਰੂ ਰਿਹਾ ਹੈ। ਮੈਂ ਪਿੱਛੇ ਜਿਹੇ ਛਪੀਆਂ ਤੇਰੀਆਂ ਕਈ ਕਹਾਣੀਆਂ 'ਚ ਵੇਖਿਆ ਕਿ ਕੁਝ ਮੁਸਲਮਾਨ ਪਾਤਰਾਂ ਦੀ ਆਮਦ ਹੋਈ ਹੈ। ਉਹ ਵੀ ਪੂਰੀ ਸ਼ਿੱਦਤ ਨਾਲ ਇਹ ਅਚਨਚੇਤ ਹੋਇਆ ਹੈ ਜਾਂ ਫੇਰ ਤੂੰ ਇਸ ਬਾਰੇ ਸੁਚੇਤ ਸੀ। ਇਸ ਪਿੱਛੇ ਕੋਈ ਖਾਸ ਕਾਰਨ ਵੀ ਹੈ।*

-ਮੇਰਾ ਜਨਮ ਪਾਕਿਸਤਾਨ ਬਣਨ ਤੋਂ ਸੱਤ ਸਾਲ ਬਾਅਦ ਦਾ ਹੈ। ਬਚਪਨ ਵਿਚ ਜਿਹੜੀਆਂ ਗੱਲਾਂ ਮੈਂ ਵੱਡਿਆਂ ਤੋਂ ਸੁਣੀਆਂ ਉਹਨਾਂ ਵਿਚ ਮੁਸਲਮਾਨਾਂ ਦੀ ਤਸਵੀਰ ਬੜੀ ਵਿਗੜੀ ਹੋਈ ਸੀ। ਉਦੋਂ ਤਾਜ਼ੀ ਤਾਜ਼ੀ ਵੰਡ ਹੋਈ ਸੀ ਤੇ ਦੁਸ਼ਮਣੀ ਦੀ ਭਾਵਨਾ ਵੀ ਪ੍ਰਬਲ ਸੀ। ਮੈਂ ਸੋਚਦਾ, ਖਵਰੇ ਸੱਚੀਓਂ ਮੁਸਲਮਾਨ ਏਨੇ ਮਾੜੇ ਹੁੰਦੇ ਨੇ। ਮੇਰੀ ਮਾਂ ਵੀ ਜਦੋਂ ਕਦੇ ਕੰਧ ਬਨੇਰੇ ਤੋਂ ਕਾਂ ਨੂੰ ਉਡਾਉਂਦੀ ਤਾਂ ਕਹਿੰਦੀ, 'ਉੱਡ ਵੇ ਮੁਸਲਿਆ।' ਇਕ ਕਹਾਣੀ ਜੋੜੀ ਹੋਈ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਕਿਹਾ ਹੈ ਕਿ ਮੁਸਲਮਾਨ ਤੇਲ ਵਿਚ ਬਾਂਹ ਭਿਓਂ ਕੇ ਤਿਲਾਂ ਵਿਚ ਲਬੇੜ ਕੇ ਲੈ ਆਵੇ ਤਾਂ ਜਿੰਨੇ ਤਿਲ ਬਾਂਹ ਨਾਲ ਲੱਗਣ, ਉਹ ਓਨੀਆਂ ਵੀ ਸਹੁੰਆਂ ਸੱਚੇ ਹੋਣ ਦੀਆਂ ਖਾਵੇ ਤਾਂ ਵੀ ਯਕੀਨ ਨਾ ਕਰੋ। ਇਹਨਾਂ ਗੱਲਾਂ ਦਾ ਅਸਰ ਤਾਂ ਹੋਣਾ ਈ ਸੀ। ਪਰ ਹੁਣ ਜਦੋਂ ਆਪਸੀ ਮੇਲ ਮਿਲਾਪ ਨੂੰ

ਉਤਸ਼ਾਹ ਮਿਲਿਆ, ਮੈਂ ਪਾਕਿਸਤਾਨ ਗਿਆ ਤਾਂ ਵੇਖਿਆ ਕਿ ਇਹ ਤਾਂ ਉਹ ਬੰਦੇ ਨਹੀਂ ਜਿਹੜੇ ਬਚਪਨ ਵਿਚ ਸਾਡੇ ਮਨਾਂ ਵਿਚ ਵੱਡਿਆਂ ਬਿਠਾ ਛੱਡੇ। ਇਹ ਤਾਂ ਬੜੇ ਮੁਹੱਬਤੀ ਤੇ ਮਿਲਣਸਾਰ ਨੇ। ਖੁੱਲ੍ਹੇ ਡੁੱਲ੍ਹੇ ਤੇ ਪੰਜਾਬੀ ਸੁਭਾ ਦੇ ਐਨ ਅਨੁਕੂਲ। ਮੈਂ ਅਫ਼ਜ਼ਲ ਅਹਿਸਨ ਰੰਧਾਵਾ ਤੇ ਸਲੀਮ ਖਾਨ ਗਿੰਮੀ ਨੂੰ ਪੜ੍ਹਿਆ ਤਾਂ ਉਹਦੇ ਵਿਚ ਸਿੱਖ ਪਾਤਰ ਵੇਖ ਕੇ ਚੰਗਾ ਲੱਗਾ। ਮੈਨੂੰ ਲੱਗਾ ਕਿ ਇਸ ਮਾਮਲੇ ਵਿਚ ਅਸੀਂ ਮਹਿਦੂਦ ਹੋ ਰਹੇ ਹਾਂ। ਮੈਂ ਮੁਸਲਮਾਨ ਘਰਾਂ ਦਾ ਮਾਹੌਲ ਤੇ ਲੋਕਾਂ ਦੇ ਆਮ ਆਚਾਰ ਵਿਹਾਰ ਨੂੰ ਸਮਝਣ ਵਿਚ ਰੁਚੀ ਪੈਦਾ ਕੀਤੀ। ਮੈਂ ਆਪਣੇ ਪਾਕਿਸਤਾਨੀ ਲੇਖਕ ਦੋਸਤਾਂ ਨਾਲ ਅਜਿਹੇ ਮੁੱਦਿਆਂ ਤੇ ਗੱਲਾਂ ਕੀਤੀਆਂ। ਮੇਰੇ ਘਰ ਅਫ਼ਜ਼ਲ ਤੌਸੀਫ਼ ਆਈ ਤਾਂ ਮੈਂ ਉਹਨੂੰ ਮੁਲਤਾਨ ਏਰੀਏ ਦੀ ਇਕ ਸਮੂਹਕ ਬਲਾਤਕਾਰ ਪੀੜਤ ਔਰਤ ਮੁਖ਼ਤਾਰਾਂ ਮਾਈ ਦੇ ਜੀਵਨ ਤੇ ਅਧਾਰਤ ਲਿਖੀ ਕਹਾਣੀ 'ਨਿੱਕੀ ਇੱਟ ਵਾਲੀ ਹਵੇਲੀ' ਸੁਣਾਈ ਤੇ ਉਹਦੇ ਤੋਂ ਤਕਨੀਕੀ ਮਸ਼ਵਰੇ ਲਏ। ਉਹ ਕਹਾਣੀ ਚੰਗੀ ਬਣ ਗਈ। ਇੰਜ ਕੁਝ ਹੋਰਾਂ ਵਿਚ ਵੀ ਸਾਂਝੀ ਰਹਿਤਲ ਨੂੰ ਚਿਤਰਿਆ। ਮੈਨੂੰ ਲੱਗਦੈ ਕਿ ਪੰਜਾਬੀ ਅਦਬ ਨੂੰ ਭਰਪੂਰਤਾ ਦੇਣ ਲਈ ਇਹ ਲਾਜ਼ਮੀ ਐ।

*? ਕਹਾਣੀ ਵਿਚ ਆਪਣੇ ਮਨਭਾਉਂਦੇ ਵਿਸ਼ਿਆਂ ਬਾਰੇ ਤੂੰ ਕੀ ਕਹਿਣਾ ਚਾਹੇਂਗਾ ?*

-ਮੈਨੂੰ ਮਨੋਵਿਗਿਆਨਕ ਸੁਰ ਵਾਲੀ ਗੱਲ ਬੜੀ ਟੁੰਬਦੀ ਹੈ। ਬੰਦੇ ਦੇ ਅਵਚੇਤਨ ਵਿਚ ਇਕ ਮੁਕੰਮਲ ਸੰਸਾਰ ਪਿਆ ਹੁੰਦਾ ਹੈ। ਇਸ ਸੰਸਾਰ ਦੀਆਂ ਸਾਰੀਆਂ ਗੱਲਾਂ ਆਸੇ ਪਾਸੇ ਦੇ ਸਮਾਜ ਸਾਹਮਣੇ ਨਹੀਂ ਕੀਤੀਆਂ ਜਾ ਸਕਦੀਆਂ। ਇਹਨਾਂ ਚੋਂ ਕਈ ਏਨੀਆਂ ਸੂਖ਼ਮ ਤੇ ਤਰਲ ਹੁੰਦੀਆਂ ਨੇ ਕਿ ਖੁਦ ਆਪਣੇ ਵੀ ਹੱਥ ਨਹੀਂ ਆਉਂਦੀਆਂ। ਇਹਨਾਂ ਵਿਚ ਇਨਸਾਨੀ ਰਿਸ਼ਤਿਆਂ ਤੇ ਸਬੰਧਾਂ ਦੀਆਂ ਬੜੀਆਂ ਅਹਿਮ ਤੰਦਾਂ ਫੈਲੀਆਂ ਹੁੰਦੀਆਂ ਨੇ। ਮੇਰੀ ਰੁਚੀ ਇਹਨਾਂ ਨੂੰ ਸਮਝਣ ਤੇ ਫੇਰ ਕਹਾਣੀ ਵਿਚ ਢਾਲ਼ ਕੇ ਪੇਸ਼ ਕਰਨ ਵਿਚ ਮੁਸਲਸਲ ਬਣੀ ਰਹਿੰਦੀ ਹੈ। ਜਿਹੜੇ ਲੋਕ ਆਪਣੇ ਅੰਦਰਲੇ ਸੱਚ ਨੂੰ ਸੁਣਨ ਦੇ ਆਦੀ ਨਹੀਂ ਹੁੰਦੇ ਉਹ ਇਹਨਾਂ ਤੋਂ ਪਾਸਾ ਵੱਟਦੇ ਨੇ। ਜਿਹੜੇ ਜਗਿਆਸੂ ਤੇ ਰਹੱਸਾਂ ਨੂੰ ਖੋਲ੍ਹਣ ਦੇ ਆਸ਼ਕ ਹੁੰਦੇ ਨੇ ਉਹ ਇਸਦੀ ਸਲਾਹੁਤਾ ਵੀ ਕਰਦੇ ਨੇ। ਦੂਜੇ, ਮੈਂ ਸਮਾਜਕ ਤੇ ਆਰਥਕ ਸਰੋਕਾਰਾਂ ਵਾਲੇ ਵਿਸ਼ੇ ਵੀ ਫੜਦਾ ਹਾਂ। ਇਹ ਦਾਇਰਾ ਵੀ ਬੜਾ ਵਸੀਹ ਹੈ। ਬੇਸ਼ਕ ਇਹਨਾਂ ਵਿਸ਼ਿਆਂ ਉਪਰ ਬੜਾ ਕੁਝ ਲਿਖਿਆ ਗਿਆ ਪਰ ਫਿਰ ਵੀ ਹਾਲੇ ਬਥੇਰਾ ਕੁਝ ਅਣਕਿਹਾ ਹੈ। ਮਸਲਿਨ, ਵਿਸ਼ਵ ਕਲਚਰ ਦੀਆਂ ਕਈ ਅਲਾਮਤਾਂ ਅਜਿਹੀਆਂ ਨੇ ਜਿਹੜੀਆਂ ਕਹਾਣੀ ਵਿਚ ਆਉਣੀਆਂ ਚਾਹੀਦੀਆਂ ਨੇ। ਸਿਸਟਮ ਵਿਚ ਆ ਰਹੇ ਬਦਲਾਅ ਨੂੰ ਲੈ ਕੇ ਮੈਂ ਹੁਣੇ ਹੁਣੇ ਇਕ ਕਹਾਣੀ 'ਪੂਛਲ ਤਾਰਾ' ਲਿਖੀ ਹੈ।

*? ਤੂੰ ਸਾਡੀ ਪੀੜ੍ਹੀ ਦਾ ਸਮਰੱਥ ਤੇ ਸਥਾਪਤ ਕਹਾਣੀਕਾਰ ਹੈਂ। ਤੇਰੀ ਹਰੇਕ ਨਵੀਂ ਕਹਾਣੀ ਦਾ ਪਾਠਕਾਂ ਤੇ ਲੇਖਕਾਂ ਨੂੰ ਇੰਤਜ਼ਾਰ ਰਹਿੰਦਾ ਹੈ। ਇਹਨਾਂ ਕਹਾਣੀਆਂ 'ਚ ਵਿਸ਼ਿਆਂ ਦੀ ਵੰਨਸੁੰਵਨਤਾ ਹੁੰਦੀ ਹੈ। ਜੇ ਕੋਈ ਮੈਨੂੰ ਪੁੱਛੇ ਕਿ ਤਲਵਿੰਦਰ ਦੀਆਂ ਕਿਹੜੀਆਂ-ਕਿਹੜੀਆਂ ਕਹਾਣੀਆਂ ਚੰਗੀਆਂ ਹਨ ਤਾਂ ਮੈਂ ਕਈ ਇਕ ਨਾਂ ਗਿਣਾਂ ਦੇਵਾਂਗਾ ਜਿਵੇਂ ਪੈਂਡਾ, ਮਾਇਆ ਜਾਲ, ਵਿਚਲੀ ਔਰਤ, ਤਾਨੀਆ ਦੀ ਪ੍ਰੇਮ ਕਹਾਣੀ, ਰੂਹਾਂ-ਬਦਰੂਹਾਂ, ਇਸ ਵਾਰ, ਵਿਸ਼ ਕੰਨਿਆ... ਤੂੰ ਆਪਣੀਆਂ ਨਵੀਆਂ ਲਿਖੀਆਂ ਕਹਾਣੀਆਂ ਵਿਚੋਂ ਕਿਸੇ ਇਕ ਦਾ ਜ਼ਿਕਰ ਕਰਨਾ ਚਾਹੇਂ ਤਾਂ ਕਿਸਦਾ ਕਰੇਂਗਾ।*

-ਮੇਰੀ ਨਵੀਂ ਕਿਤਾਬ 'ਇਸ ਵਾਰ' ਦੀ ਆਖਰੀ ਕਹਾਣੀ 'ਰੂਹਾਂ ਬਦਰੂਹਾਂ' ਮੈਂ ਇਸ ਵਿਚਾਰ ਨਾਲ ਜੋੜ ਕੇ ਲਿਖੀ ਕਿ ਬੰਦਾ ਆਪਣੇ ਤੋਂ ਤਕੜੀ ਔਰਤ ਤੋਂ ਡਰਦਾ। ਮੈਨੂੰ ਇਸ ਗੱਲ ਦੀ ਸਮਝ ਲੱਗੀ ਕਿ ਵਿਆਹਾਂ ਦੇ ਸਾਥ ਬਣਾਉਂਦਿਆਂ ਸਮਾਜ ਕੁੜੀ ਦੀ ਚੋਣ ਵੇਲੇ ਪੜ੍ਹਾਈ, ਕੱਦ, ਉਮਰ ਤੇ ਸਰੀਰਕ ਤਾਕਤ ਮੁੰਡੇ ਤੋਂ ਘੱਟ ਕਿਉਂ ਲੱਭਦੇ ਨੇ ? ਕਾਰਨ, ਮੁੰਡੇ ਨੂੰ ਕੁੜੀ ਸਾਹਮਣੇ ਮਹਿਫ਼ੂਜ਼ ਕਰਨ ਲਈ। ਮੈਨੂੰ ਯਾਦ ਐ ਪਿੰਡਾਂ 'ਚ ਲੋਕ ਆਂਹਦੇ ਹੁੰਦੇ ਸਨ ਕਿ ਸੈਂਟ ਇਤਰ ਲਾ ਕੇ ਬਾਹਰ ਜਾਓਗੇ ਤਾਂ ਚੁੜੇਲਾਂ ਚੰਬੜ ਜਾਣਗੀਆਂ। ਅਸਲ ਵਿਚ ਇਹ ਚੁੜੇਲਾਂ ਕੋਈ ਪਰਾ ਭੌਤਿਕ ਸ਼ੈਵਾਂ ਨਹੀਂ ਸਗੋਂ ਕਾਮਵੱਤੀਆਂ ਔਰਤਾਂ ਹੀ ਸਨ। ਸਾਨੂੰ ਚੁੜੇਲਾਂ ਬਾਰੇ ਵੱਡੇ ਦੱਸਦੇ ਸਨ ਕਿ ਉਹ ਰਾਤ ਬਾਰਾਂ ਵਜੇ ਤੋਂ ਦੋ ਵਜੇ ਤੱਕ ਜਦੋਂ ਡੂੰਘੀ ਰਾਤ ਹੁੰਦੀ ਉਹ ਨਿਰਵਸਤਰ ਬਾਹਰ ਨਿਕਲਦੀਆਂ। ਉਹਨਾਂ ਆਪਣੀਆਂ ਛਾਤੀਆਂ ਮੋਢਿਆਂ ਤੋਂ ਦੀ ਪਿਛਾਂਹ ਸੁੱਟੀਆਂ ਹੁੰਦੀਆਂ। ਉਹ ਇਕੱਲੇ ਬੰਦੇ ਨੂੰ ਵੇਖ ਕੇ ਚੰਬੜ ਜਾਂਦੀਆਂ। ਮੈਨੂੰ ਲੱਗਦੈ ਕਿ ਇਹ ਬੰਦੇ ਦੇ ਬਲਾਤਕਾਰ ਵਰਗੀ ਕੋਈ ਗੱਲ ਹੈ। ਕਮਜ਼ੋਰ ਤੇ ਦੱਬੂ ਬੰਦਾ ਬਲਾਤਕਾਰ ਨਹੀਂ ਕਰਵਾ ਸਕਦਾ। ਉਹ ਹੀਣਤਾ ਵਿਚ ਗਰਕ ਜਾਂਦਾ ਹੈ। ਏਹੀ ਕਾਰਨ ਹੈ ਬੰਦਾ ਤਕੜੀ ਔਰਤ ਤੋਂ ਤ੍ਰਹਿੰਦਾ ਹੈ। 'ਰੂਹਾਂ ਬਦਰੂਹਾਂ' ਕਹਾਣੀ ਮੈਂ ਅਜਿਹੇ ਕਮਜ਼ੋਰ ਤੇ ਨਿਪੁੰਸਕ ਬੰਦੇ ਦੀ ਹੋਣੀ ਨੂੰ ਲੈ ਕੇ ਲਿਖੀ।

*? ਲੈ-ਹੁਣ ਤੂੰ ਮੈਨੂੰ ਟਾਲੀ ਨਾ। ਇਸ ਸੰਬੰਧੀ ਮੈਂ ਤੈਨੂੰ ਪਹਿਲਾਂ ਹੀ ਸੁਚੇਤ ਕਰ ਰਿਹਾ ਹਾਂ। ਮੈਂ ਇਹ ਜਾਣਦਾ ਹਾਂ ਕਿ ਜੋ ਮੈਂ ਪੁੱਛਣ ਜਾ ਰਿਹਾ ਹਾਂ। ਇਸ ਸੰਬੰਧੀ ਬਹੁਤੇ ਲੇਖਕ ਜਾਂ ਤਾਂ ਟਾਲਮਟੋਲ ਦੀ ਨੀਤੀ ਅਪਨਾਉਂਦੇ ਹਨ। ਜਾਂ ਫੇਰ ਆਪਣੇ ਗਰੁੱਪ, ਆਪਣੇ ਦੋਸਤਾਂ ਦੇ ਨਾਂ ਹੀ ਲੈਂਦੇ ਹਨ। ਇਹ ਸਾਹਿਤਿਕ ਬੇਈਮਾਨੀ ਹੁੰਦੀ ਹੈ। ਮੈਨੂੰ ਇਹ ਬਹੁਤ ਬੁਰਾ ਲੱਗਦਾ ਹੈ। ਸ਼ਾਇਦ ਤੈਨੂੰ ਵੀ ਲੱਗਦਾ ਹੋਵੇਗਾ। ਚੱਲ ਹੋ ਜਾ ਕਾਇਮ। ਇਕ, ਦੋ, ਤਿੰਨ... ਜੇ ਤੂੰ ਚੌਥੀ ਪੀੜ੍ਹੀ ਦੀਆਂ ਬਿਹਤਰੀਨ ਦਸ ਕਹਾਣੀਆਂ ਦੀ ਨਿਸ਼ਾਨਦੇਹੀ ਕਰਨੀ ਹੋਵੇ ਜੋ ਕਿ ਅਗਲੇ ਕਈ ਸਾਲਾਂ ਤੱਕ ਯਾਦ ਕੀਤੀਆਂ ਜਾਣਗੀਆਂ।...ਮੇਰਾ ਸਵਾਲ ਲੰਬਾ ਹੈ। ਉਹ ਕਹਾਣੀਆਂ ਜਿਨ੍ਹਾਂ ਨੂੰ ਛੱਪਣ ਸਾਰ ਲੇਖਕਾਂ, ਆਲੋਚਕਾਂ ਤੇ ਪਾਠਕਾਂ ਵੱਲੋਂ ਵੀ ਭਰਪੂਰ ਹੁੰਗਾਰਾ ਹੋਵੇ ਤਾਂ ਤੇਰੀ ਪਸੰਦ ਦੀਆਂ ਕਿਹੜੀਆਂ-ਕਿਹੜੀਆਂ ਕਹਾਣੀਆਂ ਹੋਣਗੀਆਂ।*

-ਇਹ ਬੜਾ ਸੰਗੀਨ ਮਸਲਾ ਐ ਭਾਈ। ਤੈਨੂੰ ਚਾਹੀਦੈ ਦਸਾਂ ਦੀ ਥਾਂ ਘੱਟੋ ਘੱਟ ਵੀਹਾਂ ਦੀ ਔਪਸ਼ਨ ਦਏਂ। ਫਿਰ ਵੀ ਬਹੁਤ ਸਾਰੀਆਂ ਬਿਹਤਰੀਨ ਕਹਾਣੀਆਂ ਵਿਚੋਂ ਮੈਂ ਜਰਨੈਲ ਸਿੰਘ ਦੀ 'ਦੋ ਟਾਪੂ', ਅਮਨਪਾਲ ਸਾਰਾ ਦੀ 'ਵੀਹਾਂ ਦਾ ਨੋਟ', ਸੁਖਜੀਤ ਦੀ 'ਅੰਤਰਾ', ਬਲਵਿੰਦਰ ਗਰੇਵਾਲ ਦੀ, 'ਸੂਰਜ ਦੀ ਪਿੱਠ ਨਹੀਂ ਹੁੰਦੀ', ਜਸਵਿੰਦਰ ਸਿੰਘ ਦੀ 'ਖੂਹ ਖਾਤੇ', ਅਜਮੇਰ ਸਿੱਧੂ ਦੀ 'ਇਕਬਾਲ ਹੁਸੈਨ ਮੋਇਆ ਨਹੀਂ', ਦੇਸਰਾਜ ਕਾਲ਼ੀ ਦੀ 'ਚੀਕ', ਭਗਵੰਤ ਦੀ 'ਕਸੂਰਵਾਰ'। ਦਸਾਂ ਵਿਚੋਂ ਰਹਿ ਗਏ ਦੋ। ਜਿੰਦਰ ਤੇ ਤਲਵਿੰਦਰ। ਤੇਰੀ 'ਕਤਲ' ਤੇ ਮੇਰੀ 'ਵਿਚਲੀ ਔਰਤ'।

## ਮੈਂ ਤੇ ਤੂੰ/ਰਿਤੂ ਮੰਗਿਆਲਵੀ

ਮੈਂ ਤੇ ਦਰਦ
ਤੂੰ ਤੇ ਖੁਸ਼ੀ
ਮੈਂ ਤੇ ਵਫਾਈ
ਤੂੰ ਤੇ ਬੇਵਫਾਈ
ਮੈਂ ਤੇ ਤਨਹਾਈ
ਤੂੰ ਤੇ ਰੁਸਵਾਈ
ਮੈਂ ਤੇ ਹੰਝੂ
ਤੂੰ ਤੇ ਹਾਸਾ
ਮੈਂ ਤੇ ਤੂੰ
ਤੂੰ ਤੇ ਕੋਈ ਹੋਰ
ਸਭ ਹਮਨਾਮ ਨੇ

## ਨਵੀਆਂ ਪੁਸਤਕਾਂ ਪੜ੍ਹਦਿਆਂ/ਡਾ. ਜਗਦੀਪ ਸਿਘ

### ਜੇਨ ਆਸਟਿਨ ਦਾ ਨਾਵਲ 'ਐਮਾ'

'ਐਮਾ' ਬਰਤਾਨੀਆ ਦੀ ਪ੍ਰਸਿੱਧ ਨਾਵਲਕਾਰਾ ਜੇਨ ਆਸਟਿਨ ਦਾ ਪ੍ਰਸਿੱਧ ਨਾਵਲ ਹੈ। ਨਾਵਲ ਦਾ ਸਿਰਲੇਖ ਨਾਵਲ ਦੀ ਮੁੱਖ ਪਾਤਰ ਐਮਾ ਦੇ ਨਾਂ ਉੱਤੇ ਹੀ ਰੱਖਿਆ ਗਿਆ ਹੈ। ਐਮਾ ਉੱਚ ਵਰਗ ਦੀ ਇਕ ਲੜਕੀ ਹੈ ਜੋ ਆਪਣੇ ਵਰਗ ਦੀਆਂ ਕਦਰਾਂ-ਕੀਮਤਾਂ ਦੀ ਧਾਰਣੀ ਹੋਣ ਦੇ ਨਾਲ-ਨਾਲ ਆਪਣੀ ਉਚੇਰੀ ਸੂਝ-ਬੂਝ ਤੇ ਫੈਸਲੇ ਲੈਣ ਦੀ ਸਮਰੱਥਾ ਪ੍ਰਤਿ ਭਰਮ ਦੀ ਸ਼ਿਕਾਰ ਹੈ। ਇਹ ਭਰਮ ਲਈ ਤੇ ਉਸਦੇ ਸਾਥੀਆਂ/ਰਿਸ਼ਤੇਦਾਰਾਂ ਲਈ ਸਮੱਸਿਆਵਾਂ ਪੈਦਾ ਕਰਦਾ ਹੈ। ਇਸ ਸਭ ਦੇ ਬਾਵਜੂਦ ਉਹ ਆਪਣੀਆਂ ਸਾਥਣਾਂ ਲਈ ਸੁਹਿਰਦਤਾ ਦਾ ਪ੍ਰਦਰਸ਼ਨ ਵੀ ਕਰਦੀ ਹੈ ਪਰ ਉਨ੍ਹਾਂ ਨਾਲ ਆਪਣੇ ਹਿੱਤਾਂ ਦੇ ਟਕਰਾਓ ਤੋਂ ਈਰਖਾਬਾਜੀ ਦਾ ਸ਼ਿਕਾਰ ਵੀ ਹੁੰਦੀ ਹੈ। ਨਾਵਲ ਵਿਚ ਉਨੀਵੀਂ ਸਦੀ ਦੇ ਮੁੱਢਲੇ ਸਾਲਾਂ ਦਰਮਿਆਨ ਦੇ ਬਰਤਾਨੀਆ ਦਾ ਸਮਾਜਕ ਜੀਵਨ ਪੇਸ਼ ਕੀਤਾ ਗਿਆ ਹੈ, ਜਿਥੇ ਔਰਤ ਭਾਵੇਂ ਆਰਥਿਕ ਮਸਲਿਆਂ ਦੇ ਰੂਬਰੂ ਨਹੀਂ ਹੁੰਦੀ ਪਰੰਤੂ ਆਪਣੀ ਜ਼ਿੰਦਗੀ ਤੇ ਰਹਿਣ-ਸਹਿਣ ਦੇ ਫੈਸਲਿਆਂ ਲਈ ਆਜ਼ਾਦ ਹੈ। ਇਸ ਤੋਂ ਇਲਾਵਾ ਉੱਚ-ਵਰਗ ਦੇ ਆਪਸੀ ਸੰਬੰਧਾਂ, ਰਹਿਣ-ਸਹਿਣ, ਮੰਨੋਰੰਜਨ ਲਈ ਕੀਤੀਆਂ ਜਾਂਦੀਆਂ ਡਾਂਸ ਪਾਰਟੀਆਂ, ਰਾਤਰੀ ਭੋਜਨ, ਸੰਗੀਤ ਆਦਿ ਗਤੀਵਿਧੀਆਂ ਨੂੰ ਨਾਵਲ ਵਿਚ ਪੇਸ਼ ਕੀਤਾ ਗਿਆ ਹੈ। ਕੁੱਲ ਮਿਲਾ ਕੇ ਇਹ ਬਰਤਾਨੀਆ ਦੇ ਸਮਾਜਕ ਜੀਵਨ ਨੂੰ ਪੇਸ਼ ਕਰਦਾ ਹੈ। ਪ੍ਰੋ. ਅੱਛਰੂ ਸਿੰਘ ਵੱਲੋਂ ਇਸਦਾ ਸੰਖੇਪ ਅਨੁਵਾਦ ਬੜੇ ਵਧੀਆ ਢੰਗ ਨਾਲ ਕੀਤਾ ਹੈ, ਪਰ ਇਸ ਸੰਖੇਪਤਾ ਵਿਚ ਰੌਚਿਕਤਾ ਹੋਣ ਦੇ ਬਾਵਜੂਦ ਨਾਵਲ ਦਾ 'ਅਸਲ' ਕਿਤੇ ਪਿੱਛੇ ਚਲਾ ਜਾਂਦਾ ਹੈ। ਕਿਸੇ ਵੀ ਰਚਨਾ ਦਾ ਪੂਰਾ ਅਨੁਵਾਦ ਹੀ ਉਸਦੇ ਅਸਲ ਮਰੁਮ ਤੱਕ ਪਾਠਕ ਦੀ ਉਡਾਰੀ ਨੂੰ ਪਹੁੰਚਾ ਸਕਦਾ ਹੈ ਉਸਦਾ ਸੰਖੇਪ ਸਾਰ ਨਹੀਂ। ਫਿਰ ਵੀ ਲੋਕਗੀਤ ਪ੍ਰਕਾਸ਼ਨ ਵੱਲੋਂ ਆਰੰਭਿਆ ਇਹ ਯਤਨ ਸਾਰਥਕ ਹੈ।

### ਐਚ. ਜੀ. ਵੈਲਜ਼ ਦਾ ਨਾਵਲ 'ਅਦਿੱਖ ਆਦਮੀ' (ਦ ਇਨਵਿਜ਼ੀਬਲ ਮੈਨ)

ਹਰਬਰਟ ਜਾਰਜ਼ ਵੈਲਜ਼ ਇੰਗਲੈਂਡ ਦਾ ਜੰਮਪਲ ਨਾਵਲਕਾਰ ਹੈ। ਉਸਨੂੰ ਵਿਗਿਆਨਕ ਗਲਪਕਾਰ ਵਜੋਂ ਵਧੇਰੇ ਪ੍ਰਸਿੱਧੀ ਪ੍ਰਾਪਤ ਹੋਈ। 'ਅਦਿੱਖ ਆਦਮੀ' ਉਸਦੇ 'ਦ ਇਨਵਿਜ਼ੀਬਲ ਮੈਨ' ਨਾਵਲ ਦਾ ਸੰਖੇਪ ਪੰਜਾਬੀ ਅਨੁਵਾਦ ਹੈ, ਜੋ ਪ੍ਰੋ. ਅੱਛਰੂ ਸਿੰਘ ਦੀ ਮਿਹਨਤ ਦਾ ਨਤੀਜਾ ਹੈ, ਜਿਸਨੇ ਸੰਸਾਰ ਪ੍ਰਸਿੱਧ ਰਚਨਾਵਾਂ ਨੂੰ ਲੋਕਗੀਤ ਪ੍ਰਕਾਸ਼ਨ ਦੀ ਮਦਦ ਨਾਲ ਪੰਜਾਬੀ ਪਾਠਕਾਂ ਦੇ ਰੂਬਰੂ ਕਰਵਾਉਣ ਦਾ ਬੀੜਾ ਚੁੱਕਿਆ ਹੋਇਆ ਹੈ।

'ਅਦਿੱਖ ਆਦਮੀ' ਵੈਲਜ਼ ਦੀ ਸ਼ਾਹਕਾਰ ਰਚਨਾ ਹੈ। ਇਸ ਵਿਚ ਵਿਗਿਆਨਕ ਪ੍ਰਯੋਗਾਂ ਦੀ ਕਾਲਪਨਿਕ ਪਰ ਜਾਨਦਾਰ ਉਡਾਰੀ ਹੈ। ਮੁੱਖ ਪਾਤਰ ਜੋ ਆਪਣੀ ਇਕ ਖੋਜ ਦਾ ਆਪਣੇ ਹੀ ਸਰੀਰ ਉੱਤੇ ਪ੍ਰਯੋਗ ਕਰਕੇ ਅਦ੍ਰਿਸ਼ਟ ਬਣ ਜਾਂਦਾ ਹੈ ਤੇ ਫਿਰ ਕਈ ਮੁਸੀਬਤਾਂ ਦਾ ਸਾਹਮਣਾ ਕਰਕੇ ਲੋਕਾਂ ਲਈ ਪਹਿਲਾਂ ਅਲੋਕਾਰ ਤੇ ਫਿਰ ਆਪਣੀ ਬੁਰੀ ਸੋਚ ਕਾਰਣ ਦਹਿਸ਼ਤ ਦਾ ਕਾਰਨ ਬਣ ਜਾਂਦਾ ਹੈ ਤੇ ਆਖਰ ਲੋਕਾਂ ਹੱਥੋਂ ਮਰ ਜਾਂਦਾ ਹੈ। ਵੈਲਜ਼ ਨੇ ਆਪਣੀ ਕਲਪਨਾ ਰਾਹੀਂ ਕਲਪਨਾ ਨੂੰ ਅਸਲ ਵਿਚ ਢਾਲਣ ਦਾ ਕਲਾਤਮਕ ਯਤਨ ਕੀਤਾ ਹੈ। ਅਨੁਵਾਦਕ ਨੇ ਇਸ ਨਾਵਲ ਦਾ ਸੰਖੇਪ ਅਨੁਵਾਦ ਕਰਦਿਆਂ ਇਸੇ ਦੀ ਮੂਲ ਸੁਹਜ ਨੂੰ ਗੁਆਚਣ ਨਹੀਂ ਦਿੱਤਾ। ਪਾਠਕਾਂ ਨੂੰ ਇਹ ਨਾਵਲ ਜ਼ਰੂਰ ਪਸੰਦ ਆਵੇਗਾ।



### ਚਾਰਲਸ ਡਿਕਨਜ਼ ਦੇ ਦੋ ਨਾਵਲ 'ਓਲੀਵਰ ਟਵਿਸਟ' ਤੇ 'ਵੱਡੀਆਂ ਆਸਾਂ'

'ਓਲੀਵਰ ਟਵਿਸਟ' ਚਾਰਲਸ ਡਿਕਨਜ਼ ਦਾ ਅੰਗਰੇਜੀ ਭਾਸ਼ਾ ਵਿਚ ਲਿਖਿਆ ਨਾਵਲ ਹੈ, ਜਿਸ ਦਾ ਅਨੁਵਾਦ ਪ੍ਰੋ. ਅਛੂਰ ਸਿੰਘ ਨੇ ਕੀਤਾ ਹੋ ਤੇ ਇਸਦੀ ਪ੍ਰਕਾਸ਼ਨਾ ਲੋਕਗੀਤ ਵੱਲੋਂ ਕੀਤੀ ਲਈ ਹੈ।

'ਓਲੀਵਰ ਟਵਿਸਟ' ਸੰਸਾਰ ਪ੍ਰਸਿੱਧ ਨਾਵਲਾਂ ਵਿਚੋਂ ਇਕ ਹੈ, ਇਸ ਦੀ ਕਥਾ ਕਾਫੀ ਰੌਚਿਕ ਤੇ ਸਦਾਚਾਰਕ ਸੁਨੇਹਾ ਦੇਣ ਵਾਲੀ ਹੈ। ਨਾਵਲ ਦਾ ਕੇਂਦਰੀ ਪਾਤਰ ਖੁਦ 'ਓਲੀਵਰ ਟਵਿਸਟ' ਨਾਮੀ ਛੋਟਾ ਜਿਹਾ ਲੜਕਾ ਹੈ, ਜੋ ਪਰਿਸਥਿਤੀਆਂ ਦਾ ਮਾਰਿਆਂ ਹੋਇਆ ਹੈ। ਉਹ ਇਕ ਵਰਕ ਹਾਊਸ ਵਿਚ ਜਨਮ ਲੈਂਦਾ ਹੈ ਤੇ ਜਨਮ ਸਮੇਂ ਹੀ ਉਹ ਆਪਣੀ ਮਾਂ ਤੋਂ ਵਾਂਝਿਆਂ ਹੋ ਜਾਂਦਾ ਹੈ। ਫਿਰ ਵਰਕ ਹਾਊਸ ਵਿਚ ਘਟੀਆ ਭੋਜਨ ਤੇ ਘਟੀਆ ਰਹਿਣ-ਸਹਿਣ ਤੋਂ ਤੰਗ ਉਹ ਤਾਬੂਤ ਬਣਾਉਣ ਵਾਲੇ ਤੱਕ ਪਹੁੰਚਦਾ ਹੈ ਜਿਥੋਂ ਭੱਜ ਕੇ ਉਹ ਲੰਡਨ ਵਿਚ ਪੇਸ਼ਾਵਰ ਮੁਜ਼ਰਮਾਂ ਦੇ ਹੱਥੇ ਚੜ੍ਹ ਕੇ ਜੁਰਮ ਨਾ ਕਰਨ ਕਾਰਨ ਉਨ੍ਹਾਂ ਕੋਲੋਂ ਤਸ਼ਦਦ ਸਹਿੰਦਾ ਹੈ ਤੇ ਉਸਨੂੰ ਆਪਣੀ ਪਛਾਣ ਪ੍ਰਾਪਤ ਹੁੰਦੀ ਹੈ। ਨਾਵਲ ਸਦਾਚਾਰਕ ਉਦੇਸ਼ ਵਾਲਾ, ਭਾਵ ਅੰਤ ਭਲੇ ਦਾ ਭਲਾ ਤੇ ਬੁਰੇ ਦਾ ਬੁਰਾ ਵਾਲਾ ਹੈ। ਅਨੁਵਾਦਕ ਨੇ ਨਾਵਲ ਦਾ ਭਾਵੇਂ ਸੰਖੇਪ ਅਨੁਵਾਦ ਕੀਤਾ ਹੈ ਪਰ ਇਸ ਦੀ ਰੌਚਿਕਤਾ ਨੂੰ ਖਾਰਜ ਨਹੀਂ ਹੋਣ ਦਿੱਤਾ। ਪੂਰਾ ਨਾਵਲ ਲੜੀਵਾਰ ਬਿਰਤਾਂਤ ਬਣ ਕੇ ਪੇਸ਼ ਹੁੰਦਾ ਹੈ ਤੇ ਰੌਚਿਕਤਾ ਬਣੀ ਰਹਿੰਦੀ ਹੈ। ਪਾਠਕ ਇਸ ਰਚਨਾ ਦਾ ਭਰਪੂਪ ਆਨੰਦ ਮਾਣ ਸਕਦਾ ਹੈ। ਅਨੁਵਾਦਕ/ਪ੍ਰਕਾਸ਼ਨ ਦਾ ਯਤਨ ਸਲਾਹੁਣ ਯੋਗ ਹੈ।

ਡਿਕਨਜ਼ ਦੇ ਨਾਵਲ 'ਗਰੇਟ ਐਕਸਪੱਕਟੇਸ਼ਨਸ' ਦਾ ਪੰਜਾਬੀ ਅਨੁਵਾਦ 'ਵੱਡੀਆਂ ਆਸਾਂ' ਪ੍ਰੋ. ਅਛਰੂ ਸਿੰਘ ਵੱਲੋਂ ਹੀ ਕੀਤਾ ਗਿਆ ਹੈ। ਇਸ ਨਾਵਲ ਦੇ ਤੇਰਾਂ ਅਧਿਆਇ ਹਨ। ਇਹ ਉਸਦੇ ਪ੍ਰਸਿੱਧ ਨਾਵਲਾਂ ਵਿਚੋਂ ਟਿਕ ਹੈ ਇਸ ਨਾਵਲ ਨੂੰ ਉੱਤਮ ਪੁਰਖੀ ਬਿਰਤਾਂਤ ਸ਼ੈਲੀ ਵਿਚ ਲਿਖਿਆ ਗਿਆ ਹੈ ਤੇ ਇਸ ਦਾ ਮੁੱਖ ਪਾਤਰ ਪਿੱਪ ਉਰਫ ਫਿਲਿਪ ਸਾਰਾ ਬਿਰਤਾਂਤ ਖੁਦ ਪਾਠਕਾਂ ਨੂੰ ਸੁਣਾਉਂਦਾ ਹੈ। ਇਹ ਨਾਵਲ ਸਭ ਤੋਂ ਪਹਿਲਾਂ ਅੰਗਰੇਜ਼ੀ ਦੇ ਪ੍ਰਸਿੱਧ ਰਸਾਲੇ 'ਆਲ ਦ ਯੀਅਰ ਰਾਊਂਡ' ਵਿਚ ਕਿਸ਼ਤਵਾਰ ਪ੍ਰਕਾਸ਼ਤ ਹੋਇਆ ਤੇ ਫਿਰ 1861 ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਤ ਹੋਇਆ। ਨਾਵਲ ਦਾ ਮੁੱਖ ਪਾਤਰ ਪਿਪ ਦੋ ਤਰ੍ਹਾਂ ਦੀ ਜ਼ਿੰਦਗੀ ਦਾ ਸਾਹਮਣਾ ਕਰਦਿਆਂ ਵੱਡਾ ਹੁੰਦਾ ਹੈ। ਇਕ ਪੇਂਡੂ ਜੀਵਨ ਦੇ ਮਿਹਨਤਕਸ਼ ਊਭੜ-ਖਾਭੜ ਤੇ ਦੂਸਰਾ ਸ਼ਹਿਰੀ ਜੀਵਨ ਦਾ ਭੱਦਰ ਪੁਰਸ਼ੀ ਸ਼ਾਲੀਨਤਾ ਭਰਿਆ ਠਾਟ-ਬਾਠ। ਬਚਪਨ ਦੇ ਪੇਂਡੂ ਜੀਵਨ ਤੋਂ ਭੱਦਰਪੁਰਸ਼ੀ ਸ਼ੈਲੀ ਵਿਚ ਪ੍ਰਵੇਸ਼ ਉਸ ਵੱਲੋਂ ਕੀਤਾ ਗਿਆ ਇਕ ਪਰਉਪਕਾਰ ਬਣਦਾ ਹੈ। ਇਸ ਤਰ੍ਹਾਂ ਇਹ ਨਾਵਲ ਨੈਤਿਕ ਉਦੇਸ਼ ਲਈ ਲਿਖਿਆ ਗਿਆ ਜਾਪਦਾ ਹੈ ਕਿ ਨੇਕੀ ਮੁੱਨਖ ਦਾ ਮਹਾਨਤਮ ਗੁਣ ਹੈ, ਇਸ ਤੋਂ ਇਲਾਵਾ ਇਸ ਵਿਚ ਵਚਿੱਤਰ ਕਿਸਮ ਦੇ ਪਾਤਰ ਹਨ ਜੋ ਨਾਵਲ ਵਿਚ ਰਹੱਸ ਤੇ ਰੌਚਿਕਤਾ ਪੈਦਾ ਕਰਦੇ ਹਨ। ਮਿਸ ਹੈਵੀਸ਼ੈਮ ਜੋ ਵਿਆਹ ਦੇ ਐਨ ਮੌਕੇ ਲਾੜੇ ਦੇ ਨਾ ਪੁੱਜਣ 'ਤੇ ਸਾਰੀ ਉਮਰ ਹਨੇਰੇ 'ਚ ਹੀ ਗੁਜ਼ਾਰਦੀ ਹੈ। ਉਸਦਾ ਵਿਆਹ ਵਾਲਾ ਕਮਰਾ ਤੇ ਕੇਕ ਬੁਢਾਪੇ ਤੱਕ ਉਵੇਂ ਹੀ ਸੜੇ ਹੋਏ ਪਏ ਰਹਿੰਦੇ ਹਨ। ਕਮਰੇ ਦਾ ਦ੍ਰਿਸ਼ ਮਨੁੱਖਹੀਣ ਘਰ ਦੇ ਉਜਾੜੇ ਦੀ ਤਸਵੀਰ ਪੇਸ਼ ਕਰਦਾ ਹੈ। ਉਸ ਔਰਤ ਵੱਲੋਂ ਪਾਲੀ ਲੜਕੀ ਇਨਟੈਲਾ ਵੀ-ਹੈਵੀਸ਼ੈਮ ਦੇ ਪ੍ਰਭਾਵ ਹੇਠ ਜ਼ਜਬਾਤਾਂ ਤੋਂ ਰਹਿਤ ਹੋ ਜਾਂਦੀ ਹੈ। ਭਗੌੜਾ ਕੈਦੀ ਜੋ ਪਿਪ ਨੂੰ ਭੱਦਰਪੁਰਸ਼ ਬਣਾਉਂਦਾ ਹੈ ਭਾਵੇਂ ਕਾਨੂੰਨ ਵੱਲੋਂ ਮੁਜਰਮ ਕਰਾਰ ਦਿੱਤਾ ਗਿਆ ਹੈ ਪਰੰਤੂ ਉਸ ਵਿਚ ਮਾਨਵੀਂ ਕਦਰਾਂ ਦਾ ਜਲੌ ਮੱਧਮ ਨਹੀਂ ਪੈਂਦਾ। ਅਨੁਵਾਦਕ ਨੇ ਇਸ ਨਾਵਲ ਨੂੰ ਸੰਖੇਪ ਵਿਚ ਹੀ ਅਨੁਵਾਦਿਆ ਹੈ, ਪਰ ਇਸ ਦੇ ਬਾਵਜੂਦ ਕਹਾਣੀ ਦੀ ਤੋਰ ਵਿਚ ਕੋਈ ਫਰਕ ਨਹੀਂ ਪਿਆ। ਮੇਰੀ ਰਾਏ ਹੈ ਕਿ ਨਾਵਲ ਨੂੰ ਪੂਰਾ ਹੀ ਅਨੁਵਾਦ ਕਰਨਾ ਚਾਹੀਦਾ ਹੈ, ਜਿਸ ਨਾਲ ਪਾਠਕ ਉਸਦੇ ਅਸਲੇ

ਨੂੰ ਚੰਗੀ ਤਰ੍ਹਾਂ ਫੜ ਸਕੇ।

## ਅਵਤਾਰ ਸਿੰਘ ਬਿਲਿੰਗ ਦਾ ਨਾਵਲ : 'ਇਹਨਾਂ ਰਾਹਾਂ ਉਤੇ'

'ਇਹਨਾਂ ਰਾਹਾਂ ਉਤੇ' ਅਵਤਾਰ ਸਿੰਘ ਬਿਲਿੰਗ ਦਾ ਤੀਸਰਾ ਨਾਵਲ ਹੈ। ਇਹ ਨਾਵਲ ਪੇਂਡੂ ਸਮਾਜ ਦੀ ਜਾਇਦਾਦੀ ਰਿਸ਼ਤਿਆਂ ਦੁਆਲੇ ਕੀਤੀ ਪਰਰਆਂ ਦੀ ਗਾਥਾ ਹੈ। ਜ਼ਰ,ਜ਼ੋਰੂ ਤੇ ਜ਼ਮੀਨ ਨਾਲ ਜੁੜੇ ਮਸਲੇ ਪੰਜਾਬੀ ਸਮਾਜ ਦਾ ਅਨਿਖੱੜ ਅੰਗ ਹਨ ਤੇ ਇਨ੍ਹਾਂ ਮਸਲਿਆਂ ਵਿਚ ਉਲਝਿਆ ਵਿਵੇਕਹੀਣ ਮਨੁੱਖ ਰਿਸ਼ਤਿਆਂ ਦਾ ਅਜਿਹਾ ਘਾਣ ਕਰਦਾ ਹੈ ਕਿ ਸੰਵੇਦਨਸ਼ੀਲ ਮਨਾਂ ਵਿਚ ਇਸ ਉਜਾੜੇ ਦੇ ਥੇਹ ਖੜ੍ਹੇ ਹੋ ਜਾਂਦੇ ਹਨ, ਜੋ ਦੂਰੋਂ ਹੀ ਆਪਣੀ ਦਾਸਤਾਨ ਬਿਆਨ ਕਰਦੇ ਵੇਖੇ ਜਾ ਸਕਦੇ ਹਨ। ਅਜਿਹੇ ਹੀ ਥੇਹ ਇਸ ਨਾਵਲ ਦੇ ਪਾਤਰਾਂ ਦੇ ਮਨਾਂ ਵਿਚ ਪੁੜੇ ਹੋਏ ਹਨ। ਇਸਦੇ ਨਾਲ ਹੀ ਨਾਵਲਕਾਰ ਨੇ ਪੰਜਾਬੀ ਪੇਂਡੂ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਬੜੇ ਵਿਸਥਾਰ ਨਾਲ ਗਾਲਪਨਿਕ ਬਿਰਤਾਂਤ ਵਿਚ ਢਾਲਿਆ ਹੈ। ਇਹ ਪਾਸਾਰ ਕੋਈ ਸਿੱਧ-ਪੱਧਰਾ ਨਹੀਂ ਸਗੋਂ ਗੁੰਝਲਦਾਰ ਬਿਰਤਾਂਤ ਹੈ, ਜਿਸ ਵਿਚ ਪੈਸੇ ਦਾ ਪ੍ਰਵਚਨ ਹੈ, ਰਿਸ਼ਤੇ-ਨਾਤੇ ਤੇ ਉਨ੍ਹਾਂ ਦੇ ਘਾਤ ਦੀ ਵੀ ਬਾਤ ਹੈ। ਹਰ ਘਟਨਾ ਦੂਸਰੀ ਨਾਲ ਤਰਤੀਬਬੱਧ ਹੈ ਤੇ ਪਾਠਕ ਅਗਲੇ ਰਹੱਸ ਤੋਂ ਪਰਦਾ ਚੁੱਕਿਆ ਜਾਂਦਾ ਵੇਖਣ ਲਈ ਸਾਰਾ ਨਾਵਲ ਪੜ੍ਹ ਬੈਠਦਾ ਹੈ। ਕਹਾਣੀ ਬੇਹੱਦ ਰੌਚਿਕ ਤੇ ਅਰਥ-ਭਰਪੂਰ ਹੈ। ਪਾਤਰ ਏਨੇ ਸਜੀਵ ਹਨ ਕਿ ਆਲੇ-ਦੁਆਲੇ ਘੁੰਮਦੇ ਵੇਖੇ ਜਾ ਸਕਦੇ ਹਨ। ਪਾਤਰ 'ਗੋਲ' ਹਨ ਤੇ ਹਾਲਾਤ ਅਨੁਸਾਰ ਆਪਣੇ-ਆਪ ਨੂੰ ਢਾਲਣ ਦੀ ਵੀ ਸਮਰਥਾ ਰੱਖਦੇ ਹਨ। ਮੁੱਖ ਪਾਤਰ ਸਰਬਜੀਤ ਕੌਰ ਹੈ, ਜੋ ਸਾਰਾ ਸੰਤਾਪ ਪਿੰਡੇ 'ਤੇ ਹੰਢਾਉਂਦੀ ਆਖਰ ਇਕਲਾਪੇ ਦੀ ਸ਼ਿਕਾਰ ਹੋ ਜਾਂਦੀ ਹੈ ਤੇ ਆਪਣੇ ਪੁੱਤ ਨੂੰ ਭਵਿੱਖ ਦੀ ਰੌਸ਼ਨੀ ਸਮਝ ਕੇ ਸਬਰ ਦਾ ਘੁੱਟ ਭਰ ਲੈਂਦੀ ਹੈ ਪਰ ਪਰਿਵਾਰਕ ਕਦਰਾਂ ਦਾ ਘਾਣ ਨਹੀਂ ਕਰਦੀ। ਉਸਦੀ ਸਥਿਤੀ ਏਨੀ ਮਾਰਮਿਕ ਹੈ ਕਿ ਪਾਠਕ ਦੀ ਹਮਦਰਦੀ ਬਦੋਬਦੀ ਉਸ ਨਾਲ ਜੁੜ ਜਾਂਦੀ ਹੈ। ਇਸ ਨਾਵਲ ਦਾ ਇਕ ਨਿਵੇਕਲਾ ਪਹਿਲੂ ਪੰਜਾਬੀਆਂ ਦੇ ਪਰਵਾਸ ਦਾ ਵਰਨਣ ਵੀ ਹੈ, ਜੋ ਭਾਵੇਂ ਹਲਕਾ ਜਿਹਾ ਹੀ ਹੈ ਪਰ ਪਰਵਾਸ ਨਾਲ ਜੁੜੇ ਅਨੇਕਾਂ ਸਰੋਕਾਰ ਤੇ ਪੈਸਾ-ਕਦਰਾਂ ਸਾਹਮਣੇ ਬੰਦੇ ਦੀ ਤੁੱਛ ਹਸਤੀ ਦਾ ਬਿਰਤਾਂਤ ਵੀ ਪਾਠਕਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ।

## ਵਰਿੰਦਰ ਵਾਲੀਆ ਦਾ ਕਹਾਣੀ ਸੰਗ੍ਰਹਿ : 'ਰੁੱਖਾਂ ਦੀ ਦਾਸਤਾਨ'

'ਰੁੱਖਾਂ ਦਾ ਦਾਸਤਾਨ' ਪ੍ਰਸਿੱਧ ਪੱਤਰਕਾਰ ਵਰਿੰਦਰ ਵਾਲੀਆਂ ਦਾ ਦੂਸਰਾ ਕਹਾਣੀ ਸੰਗ੍ਰਹਿ ਹੈ, ਜੋ ਪਹਿਲੀ ਵਾਰ 2007 'ਚ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਵਾਲੀਆਂ ਦੀਆਂ ਕਹਾਣੀਆਂ ਮਾਨਵੀ ਸੰਵੇਦਨਾ ਦੀਆਂ ਕਹਾਣੀਆਂ ਹਨ। ਉਹ ਭਾਵੇਂ ਜ਼ਿੰਦਗੀ ਦੇ ਕਿਸੇ ਵੀ ਕੋਣ ਤੋਂ ਸ਼ੁਰੂ ਹੋਣ ਲੋਕਾਈ ਦੇ ਦੁੱਖਾਂ ਦੀ ਬਾਤ ਪਾਉਂਦੀਆਂ ਹਨ ਤੇ ਲੋਕਾਂ ਦੇ ਦੁੱਖਾਂ 'ਚ ਸ਼ਰੀਕ ਰਚਨਾਕਾਰ ਹੀ ਸਿਰਜਣਾ ਦੇ ਕਰਤਾਰੀ ਕਰਮ ਦੇ ਅਸਲ ਮਰ੍ਹਮ ਤਕ ਪਹੁੰਚਦਾ ਹੈ। ਉਹ ਆਪਣੇ 'ਆਤਮ ਕਥਨ' ਵਿਚ ਖ਼ੁਦ ਇਹ ਗੱਲ ਮੰਨਦਾ ਹੈ ਕਿ, "ਜੇ ਲਿਖਾਰੀ ਕਿਸੇ ਨੂੰ ਲੱਗੀ ਗੋਲੀ ਦੀ ਪੀਜੜ ਅਨੁਭਵ ਕਰ ਸਕਦਾ ਹੈ ਤਾਂ ਲੋੜ ਵੇਲੇ ਆਪਣੀ ਛਾਤੀ ਡਾਹੁਣ ਵਿਚ ਉਹ ਪਿੱਛੇ ਕਿਉਂ ਹਟੇ ?" ਜੇ ਸਾਹਿਤਕਾਰ ਆਪਣੀ ਕਥਨੀ ਤੇ ਕਰਨੀ ਵਿਚ ਪੂਰੇ ਉਤਰਨ ਵਾਲੇ ਹੋਣ ਤਾਂ ਫਿਰ ਸਮਾਜ ਨੂੰ ਚੇਤਨਾ ਦੀ ਜਾਗ ਉਹ ਵਧੇਰੇ ਸ਼ਕਤੀਸ਼ਾਲੀ ਢੰਗ ਨਾਲ ਲਾ ਸਕਦੇ ਹਨ, ਪਰ ਆਮ ਤੌਰ 'ਤੇ ਅਜਿਹਾ ਨਹੀਂ ਹੁੰਦਾ। ਵਾਲੀਆ ਕਹਾਣੀਆਂ ਵਿਚ 'ਮਸਾਲਾ' ਨਹੀਂ ਪਾਉਂਦਾ ਸਗੋਂ ਤਨ-ਮਨ 'ਤੇ ਵਰਤੀ ਦਾ ਕਲਾਤਮਕ ਬਿਰਤਾਂਤ ਸਿਰਜਦਾ ਹੈ। ਉਸ ਦੀ ਇਸ ਕਲਾਤਮਕਤਾ ਵਿਚ ਵਿਅੰਗ ਦਾ ਹਥਿਆਰ ਵੀ ਹੈ ਤੇ ਪ੍ਰਤੀਕਾਂ ਦਾ ਨਵ-ਸਿਰਜਣ ਵੀ। ਉਸ ਦੀਆਂ ਕਹਾਣੀਆਂ ਵਿਚਲੇ ਵਿਅੰਗ ਦੇ



ਡੰਗ ਦਾ ਨਿਸ਼ਾਨਾ ਨਿਜ਼ਾਮ ਦੇ ਸ਼ੋਸ਼ਣ ਵੱਲ ਤੇ ਸਮਾਜ ਦੇ ਕੁਹਜ ਵੱਲ ਬੱਝਦਾ ਹੈ। ਉਹ ਹਰ ਸ਼ੋਸ਼ਤ ਹੋ ਰਹੇ ਮਨੁੱਖ ਦਾ ਹਮਦਰਦ ਬਣ ਕੇ ਸਾਹਮਣੇ ਆਉਂਦਾ। ਇਹ ਸ਼ੋਸ਼ਣ ਭਾਵੇਂ ਸਟੇਟ ਦਾ ਲੋਕਾਈ ਨਾਲ ਹੈ, ਚਾਹੇ ਪਤੀ ਦਾ ਪਤਨੀ ਨਾਲ, ਜਗੀਰਦਾਰ ਦਾ ਮੁਜ਼ਾਰਿਆਂ ਨਾਲ ਹੈ, ਚਾਹੇ ਅਫ਼ਸਰ ਦਾ ਮਾਤ ਹਿਤ ਨਾਲ, ਉਸਦੀ ਤੀਖਣ ਦ੍ਰਿਸ਼ਟੀ ਤੋਂ ਪਰ੍ਹੇ ਨਹੀਂ ਹੁੰਦਾ। ਦੋ ਵਕਤ ਦੀ ਰੋਟੀ ਖਾਤਰ ਚੀਨਾ-ਚੀਨਾ ਬਿਖਰਦੇ ਮਨੁੱਖਾਂ ਦੀਆਂ ਕਹਾਣੀਆਂ ਵੀ ਲੇਖਕ ਨੇ ਬਾਖ਼ੂਬੀ ਰਚੀਆਂ ਹਨ। ਉਸਦੇ ਪ੍ਰਤੀਕ ਬਹੁਅਰਥੀ ਹਨ, ਪਹਿਲੀ ਨਜ਼ਰੇ ਕਹਾਣੀਆਂ ਆਪਣੇ ਅੰਦਰ ਪ੍ਰਵੇਸ਼ ਨਹੀਂ ਕਰਨ ਦਿੰਦੀਆਂ। ਇਸ ਲਈ ਦਿਮਾਗ਼ ਨੂੰ ਥੋੜ੍ਹਾ ਰੰਦਾ ਲਾਉਣਾ ਪੈਂਦਾ ਹੈ। ਫਿਰ ਸਮਝ 'ਚ ਪੈਂਦਿਆਂ ਹੀ ਉਸਦੀਆਂ ਕਹਾਣੀਆਂ ਮਨ ਦੀਆਂ ਲਹਿਰਾਂ 'ਚ ਹਲਚਲ ਮਚਾਉਂਦੀਆਂ ਹਨ। ਠਹਿਰੇ ਪਾਣੀਆਂ 'ਚ ਢੀਮ ਮਾਰ ਕੇ ਲਹਿਰਾਂ ਪੈਦਾ ਕਰਨਾ ਤੇ ਪਾਣੀ ਨੂੰ ਉਸਦੀ ਫਿਤਰਤ ਤੋਂ ਜਾਣੂ ਕਰਵਾਉਣਾ ਹੀ ਸਾਹਿਤਕਾਰ ਦਾ ਫਰਜ਼ ਹੈ, ਜੋ ਵਰਿੰਜਰ ਵਾਲੀਆ ਨੇ ਬਾਖ਼ੂਬੀ ਨਿਭਾਇਆ ਹੈ। ਆਸ ਹੈ ਕਿ ਪਾਠਕ ਇਸ ਕਹਾਣੀ-ਸੰਗ੍ਰਹਿ ਤੋਂ ਸੇਧ ਲੈਣਗੇ।

## ਘਟਨਾਵਾਂ ਨਾਲ ਕਦਮ ਮਿਲਾਉਣ ਦੀ ਕੋਸ਼ਿਸ਼-ਕਾਲੇ ਫੁੱਲ/ ਪਰਮਿੰਦਰ ਗਿੱਲ

ਰਾਜਵਿੰਦਰ ਮੀਰ ਦਾ ਪਹਿਲਾ ਕਾਵਿ ਸੰਗ੍ਰਹਿ 'ਕਾਲੇ ਫੁੱਲ' ਕਵਿਤਾ ਦੇ ਉਸ ਦੌਰ 'ਚ ਪਾਠਕਾਂ ਸਾਹਮਣੇ ਆਇਆ ਹੈ, ਜਦੋਂ ਪੰਜਾਬੀ ਕਵਿਤਾ ਵਿੱਚ ਖੜੋਤ ਦੀ ਸਥਿਤੀ ਬਣੀ ਹੋਈ ਹੈ। ਅਸਲ ਵਿੱਚ ਇਹ ਸਥਿਤੀ 1990 ਤੋਂ ਬਾਅਦ ਦੀ ਕਵਿਤਾ ਵਿੱਚ ਲਗਾਤਾਰ ਬਰਕਰਾਰ ਹੈ। ਅਜਿਹੀ ਖੜੋਤ ਦੀ ਸਥਿਤੀ ਤੋੜਨ ਲਈ ਮੀਰ ਦੀ ਕਵਿਤਾ ਪੰਜਾਬੀ ਕਵਿਤਾ ਲਈ ਸੁਨਹਿਰੀ ਰਾਹ ਦਿਖਾਉਂਦੀ ਹੈ। ਬੁਰਜੂਆ ਸੁਹਜ 'ਤੇ ਸੱਟ ਮਾਰਨ ਲਈ ਕਲਾ ਤੇ ਸੁਹਜ ਬਾਰੇ ਉਹ ਲਿਖਦਾ ਹੈ:

"ਅਸੀਂ ਵਿਸ਼ਵਾਸ ਨੂੰ
ਪਵਿੱਤਰ ਕਰ ਲੈਣ ਦਾ ਕੰਮ ਕਰ ਲਈਏ
ਕਲਾ ਦਾ, ਸੁਹਜ ਦਾ ਕੀ ਹੈ
ਵਿਸ਼ਵਾਸ ਦੀ ਪਵਿੱਤਰਤਾ 'ਚੋਂ
ਫ਼ਿਰ ਉੱਗ ਪੈਣਗੇ" (ਪੰਨਾ-22)

'ਕਾਲੇ ਫੁੱਲ' ਦੀਆਂ ਕਵਿਤਾਵਾਂ ਨੂੰ ਉਸ ਨੇ ਤਿੰਨ ਭਾਗਾਂ ਵਿੱਚ ਵੰਡਿਆ ਹੈ ਤੇ ਇਹ ਵੰਡ ਉਸ ਨੇ ਸਮੇਂ ਤਰੀਕਾਂ ਦੇ ਆਧਾਰ 'ਤੇ ਨਹੀਂ ਕੀਤੀ, ਸਗੋਂ ਬਹੁਤ ਸੁਚੇਤ ਹੋ ਕੇ ਕੁੱਝ ਆਧਾਰਾਂ ਦੇ ਆਧਾਰ 'ਤੇ ਕੀਤੀ ਹੈ। ਇਹਨਾਂ ਆਧਾਰਾਂ ਨੂੰ ਸਪਸ਼ਟ ਕਰਨ ਲਈ ਉਸਨੇ ਹਰੇਕ ਭਾਗ ਅੱਗੇ ਕ੍ਰਮਵਾਰ ਮੁਕਤੀਬੋਧ, ਬ੍ਰੇਤੋਲਤ ਬ੍ਰੈਖ਼ਤ ਤੇ ਕਾਤਿਆਇਨੀ ਦੀਆਂ ਲਾਈਨਾਂ ਲਿਖੀਆਂ ਹਨ।

ਰਾਜਵਿੰਦਰ ਮੀਰ ਵਿਚਾਰਧਾਰਾ ਪੱਖੋਂ ਪ੍ਰਤੀਬੱਧ ਕਵੀ ਹੈ ਤੇ ਇਹ ਵਿਚਾਰਧਾਰਾ ਉਸ ਨੂੰ ਲਿਖਣ ਲਈ ਪ੍ਰੇਰਦੀ ਹੈ। ਉਹ ਕਵਿਤਾ ਨੂੰ ਸਿਰ 'ਤੇ ਬਿਠਾ ਕੇ ਰੱਖਣ ਵਾਲਾ ਕਵੀ ਨਹੀਂ, ਸਗੋਂ ਕਵਿਤਾ ਉਸਦੇ ਲਈ ਇੱਕ ਜ਼ਰੀਆ ਬਣਦੀ ਹੈ, ਜਿਸ ਰਾਹੀਂ ਉਹ ਆਪਣੇ ਵਿਚਾਰ ਉਹਨਾਂ ਸਾਰੇ ਸੁਪਨਸ਼ੀਲ ਲੋਕਾਂ ਤੱਕ ਪਹੁੰਚਾ ਦੇਣੇ ਚਾਹੁੰਦਾ ਹੈ, ਜਿਨ੍ਹਾਂ ਨੇ ਚੰਗਾ ਵਾਪਰਨ ਦੀ ਆਸ ਨਹੀਂ ਛੱਡੀ। 'ਡਾਇਰੀ' ਉਸ ਦੀ ਅਜਿਹੀ ਹੀ ਬਹੁਤ ਗੰਭੀਰ ਕਵਿਤਾ ਹੈ।

ਅਸਲ 'ਚ ਮੀਰ ਜਿਹੋ ਜਿਹੀਆਂ ਗੱਲਾਂ ਕਰਦਾ ਹੈ ਉਹੋ ਜਿਹੀ ਹੀ ਕਵਿਤਾ ਲਿਖਦਾ ਹੈ ਤੇ ਜਿਹੋ ਜਿਹੀ ਕਵਿਤਾ ਲਿਖਦਾ ਹੈ ਉਹੋ ਜਿਹੀਆਂ ਹੀ ਗੱਲਾਂ ਕਰਦਾ ਹੈ। ਉਸਦੀਆਂ ਗੱਲਾਂ, ਵਿਚਾਰਧਾਰਾ ਅਤੇ ਕਵਿਤਾ 'ਚ ਨਿਖੇੜਾ ਕਰਨਾ ਔਖਾ ਹੈ। ਉਸਦਾ ਵਿਸ਼ਵਾਸ ਹੈ ਕਿ ਸਾਨੂੰ ਕੋਈ ਹੱਕ ਨਹੀਂ ਕਿ ਅਸੀਂਕਵਿਤਾ ਲਿਖੀਏ, ਜੋ ਅਸੀਂ ਕਵਿਤਾ ਜਿਉਂਦੇ ਨਹੀਂ। ਪਹਿਲੇ ਭਾਗ ਵਿੱਚ ਜੇਕਰ

ਇੱਕ ਪਾਸੇ 'ਮਜ਼ਦੂਰ', 'ਡਾਇਰੀ', 'ਕਵਿਤਾ ਨਹੀਂ' ਵਰਗੀਆਂ ਗੰਭੀਰ ਕਵਿਤਾਵਾਂ ਹਨ ਤਾਂ ਦੂਜੇ 'ਹਾਕਰ', 'ਛੋਟਾ ਗੋਰਕੀ', 'ਪਛਾਣ', 'ਘਰੋਂ ਭੱਜੀਆਂ ਮਾਵਾਂ' ਵਰਗੀਆਂ ਸੰਵੇਦਨਸ਼ੀਲ ਕਵਿਤਾਵਾਂ ਵੀ ਹਨ।

ਦੂਜੇ ਭਾਗ 'ਚ ਸ਼ਾਮਿਲ ਕਵਿਤਾਵਾਂ ਉਸ ਦੇ ਨਿਰਾਸ਼ਾ ਦੇ ਵੇਲ਼ੇ ਦੀਆਂ ਕਵਿਤਾਵਾਂ ਹਨ, ਜਿਨ੍ਹਾਂ ਨੂੰ ਉਹ ਬ੍ਰੈਖ਼ਤ ਦੇ ਸ਼ਬਦਾਂ ਵਿੱਚ ਹਨੇਰੇ ਵੇਲਿਆਂ ਦੇ 'ਗੀਤ' ਆਖਦਾ ਹੈ। 'ਪਿੰਡ', 'ਮਾਂ ਆਖਦੀ ਹੈ', 'ਮੈਂ ਤੇ ਮੈਂ' ਵਿਸ਼ੇਸ਼ ਧਿਆਨ ਮੰਗਦੀਆਂ ਹਨ। ਅਖੀਰਲੇ ਭਾਗ ਵਿੱਚ ਉਸਨੇ ਵਿਸ਼ਵ ਪ੍ਰਸਿੱਧ ਸਾਹਿਤਕਾਰਾਂ ਬਾਰੇ ਲਿਖੀਆਂ ਕਵਿਤਾਵਾਂ, ਉਸ ਦੇ ਪੰਜਾਬੀ ਕਵਿਤਾ 'ਚ ਕੀਤੇ ਤਜ਼ਰਬੇ ਹਨ। 'ਨੈਰੂਦਾ ਨੂੰ', 'ਲੋਰਕਾ ਦੇ ਕਾਤਿਲ', 'ਨਾਜ਼ਿਮ ਹਿਕਮਤ ਦੀਆਂ ਕਵਿਤਾਵਾਂ ਕਿਵੇਂ ਛਪੀਆਂ' ਪੰਜਾਬੀ ਕਵਿਤਾ 'ਚ ਬਿਲਕੁਲ ਨਵੀਂ ਕਿਸਮ ਦੀਆਂ ਕਵਿਤਾਵਾਂ ਹਨ। ਅਖੀਰ 'ਚ 'ਕ੍ਰਿਸਟੋਫ਼ਰ ਕਾਡਵੈੱਲ ਵਾਸਤੇ' ਕਵਿਤਾ ਦੀਆਂ ਇਹ ਲਾਈਨਾਂ ਦੇਖੋ,

"ਕ੍ਰਿਸਟੀ
ਤੂੰ ਜਾਣ ਗਿਆ ਹੋਵੇਂਗਾ
ਕਿ ਮੌਤ ਦਾ ਡਰ
ਮਰ ਜਾਣ ਦਾ ਡਰ ਨਹੀਂ ਹੁੰਦਾ
ਕਿਸੇ ਵੀ ਚੀਜ਼ ਬਾਰੇ
ਕੁੱਝ ਵੀ
ਨਾ ਸੋਚ ਸਕਣ ਦਾ ਡਰ ਹੁੰਦਾ ਹੈ" (ਪੰਨਾ 76)

ਅੱਸੀ ਪੰਨਿਆਂ ਦੀ ਇਹ ਕਿਤਾਬ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ ਛਾਪੀ ਹੈ ਤੇ ਇਸਦੀ ਕੀਮਤ ਇੱਕ ਸੌ ਪੱਚੀ ਰੁਪਏ ਰੱਖੀ ਹੈ।

---

## ਕਤਲ/ਰਿਤੂ ਮੰਗਿਆਲਵੀ

ਮੇਰੀ ਹਰ ਖੁਸ਼ੀ ਦਾ ਕਤਲ ਉਸਨੇ ਕੀਤਾ
ਮਾਰ ਮੇਰੇ ਅਰਮਾਨਾਂ ਨੂੰ, ਮੈਨੂੰ ਦਫਨ ਉਸਨੇ ਕੀਤਾ
ਕਤਲ ਕੀਤਾ ਮੇਰਾ ਕਾਤਿਲ ਨੇ
ਤੇ ਖੁਦ ਸਾਹਮਣੇ ਆ ਗਿਆ
ਉਸ ਹੌਲੀ-ਹੌਲੀ ਕਿਹਾ
ਕਿਵੇਂ ਕਤਲ ਹੋ ਗਿਆ
ਉਸਦੇ ਇਸ ਜ਼ੁਲਮ ਨੂੰ, ਵੀ ਮੈਂ ਹੱਸ-ਹੱਸ ਪੀਤਾ
ਮੇਰੀ ਹਰ ਖੁਸ਼ੀ ਦਾ ਕਤਲ ਉਸਨੇ ਕੀਤਾ
ਜਦ ਖੁੱਲ੍ਹੇ ਆਸਮਾਨੀ
ਕੋਈ ਅਜ਼ਾਦ ਉਡਣਾ ਚਾਹੇ।
ਲਾ ਕੋਈ ਨਾ ਕੋਈ ਨਿਸ਼ਾਨਾ
ਉਸ ਨੂੰ ਮਾਰ ਮੁਕਾਵੇ
ਪੁੱਛਾਂ ਉਸ ਬੇਦਰਦੀ ਤੋਂ, ਕੀ ਮੈਂ ਉਸਦਾ ਸੀ ਲੀਤਾ
ਮੇਰੀ ਹਰ ਖੁਸ਼ੀ ਦਾ ਕਤਲ ਉਸਨੇ ਕੀਤਾ
ਕਤਲ ਕਰਕੇ ਕਾਤਿਲ ਨੇ
ਕਾਤਿਲ ਬਾਰੇ ਦੱਸਿਆ
ਡਿਗੱਦੇ ਮੇਰੇ ਹੰਝੂਆਂ ਤੇ
ਉਹ ਕਾਤਿਲਾਨਾ ਅੰਦਾਜ਼ 'ਚ ਹੱਸਿਆ
ਜਾਣਦੇ ਹੋਏ, ਕੀ ਹੈ ਜ਼ਹਿਰ ਖਾ ਕੇ ਮੂੰਹ ਨੂੰ ਮੈਂ ਸੀਤਾ
ਮੇਰੀ ਹਰ ਖੁਸ਼ੀ ਦਾ ਕਤਲ ਉਸਨੇ ਕੀਤਾ
ਮਾਰ ਮੇਰੇ ਅਰਮਾਨਾਂ ਨੂੰ, ਮੈਨੂੰ ਦਫਨ ਉਸਨੇ ਕੀਤਾ ।



## *ਨਵੀਆਂ ਛਪੀਆਂ ਪੁਸਤਕਾਂ*

*ਕਵਿਤਾ ਸਨਮੁਖ, ਰਵਿੰਦਰ ਰਵੀ, ਨੈਸ਼ਨਲ ਬੁਕ ਸ਼ਾਪ, ਦਿੱਲੀ*
*ਰਿਸਟਲੈਸ ਸੋਲ, ਰਵਿੰਦਰ ਰਵੀ, ਨੈਸ਼ਨਲ ਬੁਕ ਸ਼ਾਪ, ਦਿੱਲੀ*
*ਬਦੇਸ਼ੀ ਪੰਜਾਬੀ ਸਾਹਿਤ ਨਸਲਵਾਦੀ ਪਰਿਪੇਖ, ਡਾ. ਕੇਵਲ ਸਿੰਘ ਪਰਵਾਨਾ, ਸੁੰਦਰ ਡਿਪੋ, ਜਲੰਧਰ*
*ਕਾਹਵਾ ਘਰ ਦੀ ਹਸੀਨਾ, ਸੰਪਾਦਕ ਜਿੰਦਰ, ਸੁੰਦਰ ਡਿਪੋ, ਜਲੰਧਰ*
*ਅੰਤਹੀਣ, ਦੇਸ ਰਾਜ ਕਾਲੀ,ਦੀਪਕ ਪਬਲਿਸ਼ਰਜ਼, ਜਲੰਧਰ*
*ਹੂੰ, ਕੰਵਲ ਢਿੱਲੋਂ, ਆਬ ਪ੍ਰਕਾਸ਼ਨ, ਜਲੰਧਰ*
*ਸਪਰਪਿਤ, ਗੁਰਨਾਮ ਢਿਲੋਂ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ*
*ਧੋਤੇ ਪੰਨਿਆਂ ਦੀ ਇਬਾਦਤ, ਮਕਸੂਦ ਸਾਕਿਬ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ*
*ਕਬੂਤਰ ਬਨੇਰੇ ਤੇ ਗਲੀਆਂ, ਜ਼ੁਬੈਰ ਅਹਿਮਦ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ*
*ਕਿੱਸਾ ਮੇਰੇ ਪਿੰਡ ਦਾ, ਆਸ਼ਿਕ ਰਹੀਲ, ਤਲਵਿੰਦਰ ਸਿੰਘ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ*
*ਭਾਊ, ਦਰਸ਼ਨ ਸਿੰਘ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ*
*ਸਮੁੰਦਰੀ ਕਬੂਤਰੀ, ਇੰਦਰ ਸਿੰਘ ਖਾਮੋਸ਼, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ*
*ਲੈਲਾ ਕੇ ਖ਼ਤੂਤ, ਕਾਜ਼ੀ ਅਬੱਦੁਲ ਗਫਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ*
*ਰੋਜ਼ਾ ਮੇਅ, ਜੋਗਿੰਦਰ ਸਿੰਘ ਕੈਰੋਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ*
*ਨੀਲਕੰਠ, ਮਨਮੋਹਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ*
*ਖਾਮੋਸ਼ੀਆਂ, ਮਹਿੰਦਰਪਾਲ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ*
*ਦਿਸਹਦੇ ਤੋਂ ਪਾਰ, ਪਾਲ ਢਿਲੋਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ*
*ਅਨੀਂ ਗਲੀ ਦਾ ਮੋੜ, ਗੁਰਦਿਆਲ ਦਲਾਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ*
*ਸਭਿਆਤਾਵਾਂ ਦਾ ਪਤਨ, ਰਾਜਿੰਦਰ ਬਿਬਰਾ, ਲਿਟਰੇਚਰ ਹਾਊਸ, ਅੰਮ੍ਰਿਤਸਰ*
*ਆਪਣੀ ਆਪਣੀ ਸਲੀਬ, ਸੁਸ਼ੀਲ ਸ਼ਰਮਾ,*
*ਮੈਂ ਪੰਜਾਬ ਹਾਂ, ਫਕੀਰ ਚੰਦ ਤੁਲੀ, ਜੀਵੀ ਪ੍ਰਕਾਸ਼ਨ, ਜਲੰਧਰ*

---

## *ਜਿੰਦਰ ਵੱਲੋਂ ਸੰਪਾਦਿਤ ਕਹਾਣੀ ਸੰਗ੍ਰਹਿ*

### *ਕਾਹਵਾ ਘਰ ਦੀ ਹਸੀਨਾ*


*ਕਲਿਆਣੀ/ਰਾਜਿੰਦਰ ਸਿੰਘ ਬੇਦੀ , ਰਿਸ਼ਤੇ/ਰਾਮ ਲਾਲ , ਕਾਲੀ ਸਲਵਾਰ/ਮੰਟੋ , ਮਾਸ ਦਾ ਦਰਿਆ/ ਕਮਲੇਸ਼ਵਰ , ਮਾਂ/ਅਕਬਰ ਲਹੌਰੀ , ਰਾਣੀ/ਮਸਊਦ ਅਹਿਮਦ ਚੌਧਰੀ , ਬਾਰਾਂ ਆਨਿਆਂ ਦੀ ਔਰਤ/ ਬੁਸ਼ਰਾ ਏਜਾਜ਼ , ਬਿੰਦੀ/ਪ੍ਰੇਮ ਪ੍ਰਕਾਸ਼ , ਕਾਹਵਾ ਘਰ ਦੀ ਹਸੀਨਾ/ਬਲਵੰਤ ਗਾਰਗੀ, ਮੈਨੂੰ ਘਰ ਚਾਹੀਦੈ...ਰੰਜਨ!/ਗੁਰਪਾਲ ਸਿੰਘ ਲਿੱਟ, ਮੇਰਾ ਘਰ/ਕੁਲਦੀਪ ਸਿੰਘ ਬੇਦੀ , ਉਹ ਦੋਵੇਂ/ਬਲਦੇਵ ਸਿੰਘ, ਲਾਲ ਬੱਤੀ ਅਤੇ ਉਸਤੋਂ ਪਰੇ/ਪ੍ਰੀਤਮ, ਨੀਲੀਆਂ ਅੱਖਾਂ/ਤਲਵਿੰਦਰ ਸਿੰਘ, ਤਈਅਬਾ/ਵੀਨਾ ਵਰਮਾ , ਸਾਂਝ/ਜਿੰਦਰ, ਗਲੀ ਨੰਬਰ ਕੋਈ ਨਹੀਂ/ਅਨੇਮਨ ਸਿੰਘ*

### *ਤੈਨੂੰ ਕਿਵੇਂ ਪਤਾ*

*ਸਤਾਈ ਮੀਲ/ਸੁਖਜੀਤ, ਤਾੜੀ/ਤਲਵਿੰਦਰ ਸਿੰਘ, ਟਾਵਰਜ਼/ਜਰਨੈਲ ਸਿੰਘ, ਜ਼ਖ਼ਮਾਂ ਦੇ ਰਸਤਿਉਂ/ ਦੇਸ ਰਾਜ ਕਾਲੀ, ਜੜ੍ਹਾਂ / ਭਗਵੰਤ ਰਸੂਲਪੁਰੀ, ਪੁਲ਼ / ਸਾਂਵਲ ਧਾਮੀ, ਕਰਾਂਤੀ ਕਿਉਂ ਨਹੀਂ ਆਉਂਦੀ/ ਬਲਜਿੰਦਰ ਨਸਰਾਲੀ, ਦਮੂੰਹੀਂ/ਜਸਵਿੰਦਰ ਸਿੰਘ, ਕੀੜੀਆਂ ਦੀ ਮੌਤ/ਬਲਦੇਵ ਸਿੰਘ ਧਾਲੀਵਾਲ, ਹੁਣ ਮੈਂ ਸੈੱਟ ਆਂ/ਵੀਨਾ ਵਰਮਾ, ਕਮਾਈ/ਹਰਜੀਤ ਅਟਵਾਲ, ਸ਼ਾਇਦ ਰੰਮੀ ਮੰਨ ਜਾਏ/ਅਜਮੇਰ ਸਿੱਧੂ, ਲਾਸ਼/ਕੇਸਰਾ ਰਾਮ, ਚੂੜੇ ਵਾਲੀ ਬਾਂਹ/ਜਸਵੀਰ ਸਿੰਘ ਰਾਣਾ, ਪਾਵੇ ਨਾਲ ਬੰਨ੍ਹਿਆ ਹੋਇਆ ਕਾਲ/ ਜਤਿੰਦਰ ਹਾਂਸ, ਪਿਤਾ/ਬਲਬੀਰ ਪਰਵਾਨਾ, ਪਾਪਾ ਆਪਾਂ ਬਰਾੜ ਹੁੰਨੇ ਆ! /ਹਰਜਿੰਦਰ ਸਿੰਘ ਸੁਰੇਵਾਲੀਆ, ਗਲੀ ਨੰਬਰ ਕੋਈ ਨਹੀਂ/ਅਨੇਮਨ ਸਿੰਘ, ਵਿੱਥਾਂ/ਜਿੰਦਰ*

# GURU GOBIND SINGH KHALSA COLLEGE, SARHALI (TARN TARN)

Estd. 1970
Co-Education



This College was established in 1970 Sant Baba Tara Singh Ji was the founder Patron of this college.After that, Sant Baba Charan Singh Ji became Patron of this college. Sant Baba Sukha Singh Ji is the President and S. Mukhtar Singh is the Hony. Secretary of the college managing committee. This college is affiliated to Guru Nanak Dev University, Amritsar . It is a the Grant-in-Aid college.
*Our motto is: QUALITY EDUCATION TO ENSURE BRIGHT FUTURE.*
The college is successfully running the following courses.

## Degree Courses:

B.A. : Sub.- Ele. Eng., Ele.Pbi., Comp. Sc., Home Sc., Phy. Edu., History, Pol. Sc., Eco., Math, Fashion Desig.
B. Sc. (Eco.): Sub.- Eng., Pbi., Comp. Sc., Eco., Math.
B.Sc. (Comp. Sc.): Sub.- Eng., Pbi., Phy, Math, Comp. Sc.
B. Com (Regular) B. Com. (Prof.)
B.C.A. B. Sc. IT

## Master Degree Courses:

M. Sc. (Comp. Sc.) M. Com
M.A. (Punjabi) M. Sc. (Maths) (Under Dist. Edu. Scheme)

## Diploma Courses:

Dip. in Stitching& Tailoring
P.G. Dip. in Dress Des. & Tail (Under Dist. Edu. Scheme)
Dip. in comp. Application (D.C.A. Full Time &Part Time) Post Graduate Dip. in Computer Application ( P.G.D.C.A.)

## Salient Features

*Teaching Report is prepared daily. *Feed-back report the students is obtained.
*Guest Lectures are arranged regularly. * Strees is laid on communication skills.

## Features:

The College has twelve buses for the students. This bus facillity is available from Amritsar, Tarn Taran, Patti, Khemkaran, Bhikhiwind - Chhabal, Sabhra, Goindwal, Zira and Moga . Separate bus facility is available for girl students. Placement cum Guidance Cell for professional Courses. Fully Computerized library. Ultra Modern Science & Computer Labs with Internet facility.Ultra modern Seminar Hall. Double storey Cafeteria & Gymnasium Hall. Book Shop and P.C.O. Facility. The campus is covered under close circuit cameras. Facility of coaching classes for entry into services and remedial coaching classes under U.G.C. Scheme available.

*Jatinder Kumar Arora*
co-ordinator
(M) 98882-34126

*Dr. Mehal Singh*
Principal
(M) 98146-75807

Ph.:01852-324762, Fax:01852-249541,
e-mal: ggscollegesarhali @yahoo.co.in,website: ggscollegesarhali.org.





# ਸ਼ਿਵ ਪ੍ਰਕਾਸ਼ਨ ਲੰਡਨ-ਜਲੰਧਰ

***ਕਵਿਤਾ***

ਨਵ ਮੰਥਨ/ਸਾਧੂ ਸਿੰਘ ਸ਼ੁਦਰਕ
ਨਦੀਓਂ ਵਾਪਸ ਪਰਤ ਆਓ/ਗੁਰਮੀਤ ਕੱਲਰਮਾਜਰੀ
ਸਾਹ ਤੇ ਸੁਪਨੇ/ਸ਼ਿਵਿਕਾ
ਸੁਪਨਾ ਤੇ ਸ਼ਹਿਨਾਈ/ਗੁਰਨਾਮ ਗਿੱਲ
ਮੈਨੂੰ ਮਾਰ ਦਿਓ/ਰਿਤੂ ਮੰਗਿਆਲਵੀ
ਰੁੱਖ ਤੇ ਰਸਤੇ/ਜਸਵਿੰਦਰ ਮਾਨ
ਤੁਪਕਾ ਤੁਪਕਾ ਸਾਗਰ/ਜਸਵਿੰਦਰ ਮਾਨ

***ਨਾਵਲ***

ਰੇਤ/ਹਰਜੀਤ ਅਟਵਾਲ
ਅਧੂਰੇ ਰਿਸ਼ਤੇ/ਕੁਲਵਿੰਦਰ ਕਿੰਦਰ
ਤੇ ਹਵਾ ਰੁਕ ਗਈ/ਗੁਰਨਾਮ ਗਿੱਲ
ਤਿੜਕੇ ਚਿਹਰੇ/ਚਰਨਜੀਤ ਸਿੰਘ ਪੰਨੂ

***ਕਹਾਣੀ***

ਮਰਜਾਣੀ ਜੀਤੋ/ਬਲਜੀਤ ਕੌਰ ਬਲੀ
ਇਕ ਸੱਚ ਮੇਰਾ ਵੀ/ਹਰਜੀਤ ਅਟਵਾਲ
ਖੂਹ ਵਾਲਾ ਘਰ/ਹਰਜੀਤ ਅਟਵਾਲ
ਨਵੇਂ ਗੀਤ ਦਾ ਮੁੱਖੜਾ/ਹਰਜੀਤ ਅਟਵਾਲ
ਅੰਤਹੀਣ/ਗੁਰਦਰਸ਼ਨ ਕੌਰ
Only Dreams/Gurnam Gill

***ਬੱਚਿਆਂ ਲਈ***

ਮੇਰਾ ਸੰਸਾਰ/ਸ਼ਿਵਚਰਨ ਗਿੱਲ

**ਸਫ਼ਰਨਾਮਾ** ਮੌਤ ਦੇ ਸਾਏ ਹੇਠ ਕਸ਼ਮੀਰ ਦੀ ਸੈਰ/ਹਰਜਿੰਦਰ ਸੂਰੇਵਾਲੀਆ

Çôò êÌÕÅôé
**984, ਮਾਡਲ ਹਾਊਸ, ਜਲੰਧਰ**
**ਮੋਬਾਇਲ - 98556-97310**

## ਮੁੱਖ ਵਿਕਰੇਤਾ

**✪ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ**

## ਕੀਮਤ/ਗੁਰਮੀਤ ਕੜਿਆਲਵੀ (23-12-1968)

ਜੀ ਕਰਦਾ ਹੈ ਉਚੀ ਸਾਰੀ ਚੀਕ ਮਾਰਾਂ। ਆਪਣਾ ਸਿਰ ਕੰਧ ਵਿਚ ਮਾਰ ਕੇ ਫੋੜ ਲਵਾਂ।

ਕੀ ਦੱਸਾਂਗਾ ਪੁੱਛਣ ਵਾਲਿਆਂ ਨੂੰ ?

ਇੱਕ ਔਰਤ ਨਾਲ ਬਦਤਮੀਜ਼ੀ ਕੀਤੀ।

ਔਰਤ ਤੇ ਫਿਰ ਉਹ ਵੀ ਸਡਿਊਲਡ ਕਾਸਟ।

ਗੁਲਾਮਾਂ ਦੀ ਗੁਲਾਮ।

ਬਾਪੂ ਦੀ ਰੂਹ ਜ਼ਰੂਰ ਦੁਖੀ ਹੋਈ ਹੋਊ।

ਬਾਪੂ, ਸ. ਕਿਸ਼ਨ ਸਿੰਘ ਸਕੀਮੀਆ ਉਰਫ ਲਾਲ ਸਲਾਮ, ਜਿਹੜਾ ਸਾਰੀ ਉਮਰ ਗਰੀਬਾਂ ਖਾਤਰ ਲੜਦਾ ਰਿਹਾ।

ਵਿਹੜੇ ਵਾਲੇ ਮਜ਼ਦੂਰਾਂ ਖਾਤਰ।

ਔਰਤਾਂ ਖਾਤਰ।

ਉਸ ਸ. ਕਿਸ਼ਨ ਸਿੰਘ ਸਕੀਮੀਏ ਉਰਫ ਲਾਲ ਸਲਾਮ ਦੇ ਪੋਤੇ ਨੇ ਗਰੀਬ ਦਲਿਤ ਔਰਤ ਨਾਲ ਵਧੀਕੀ ਕੀਤੀ। ਉਸਨੂੰ ਜਾਤੀ ਅਧਾਰ 'ਤੇ ਬੁਰਾ ਭਲਾ ਕਿਹਾ। ਧੱਕੇ ਮਾਰੇ। ਅਪਮਾਨਿਤ ਕੀਤਾ। ਉਫ਼!! ਕਿੰਨਾ ਗੰਭੀਰ ਦੋਸ਼ ਲਾਇਆ ਹੈ ਮੇਰੇ 'ਤੇ। ਡਿਪਟੀ ਕਮਿਸ਼ਨਰ ਨੂੰ ਕੀਤੀ ਗਈ ਸ਼ਿਕਾਇਤ ਦੇ ਕਿੰਨੇ ਹੀ ਉਤਾਰੇ ਕੀਤੇ ਗਏ ਨੇ।

ਮਹਿਕਮੇ ਦੇ ਮੰਤਰੀ ਨੂੰ।

ਮਨੁੱਖੀ ਅਧਿਕਾਰ ਕਮਿਸ਼ਨ ਨੂੰ।

ਸੂਬੇ ਦੇ ਐਸ. ਸੀ. ਕਮਿਸ਼ਨ ਨੂੰ।

ਨੈਸ਼ਨਲ ਕਮਿਸ਼ਨ ਫਾਰ ਐਸ. ਸੀ., ਐਸ. ਟੀ ਦਿੱਲੀ ਨੂੰ।

ਮਹਿਲਾ ਆਯੋਗ ਨੂੰ।

ਮਹਿਕਮੇ ਦੇ ਡਾਇਰੈਕਟਰ ਅਤੇ ਸੈਕਟਰੀ ਨੂੰ।

ਸ਼ਿਕਾਇਤ-ਕਰਤਾ ਗਿਆਨ ਕੌਰ ਨੇ ਐਸ. ਸੀ., ਐਸ. ਟੀ. ਐਕਟ 1989 ਤਹਿਤ ਮੇਰੇ ਉਪਰ ਕੇਸ ਦਰਜ ਕਰਨ ਦੀ ਗੁਹਾਰ ਲਾਈ ਹੈ। ਐਸ. ਸੀ., ਐਸ. ਟੀ. ਐਕਟ ਜਿਹੜਾ ਦਲਿਤਾਂ 'ਤੇ ਹੁੰਦੀਆਂ ਵਧੀਕੀਆਂ ਰੋਕਣ ਲਈ ਬਣਾਇਆ ਗਿਆ ਹੈ। ਜਿਹੜਾ ਜਮਾਨਤ ਯੋਗ ਨਹੀਂ ਹੈ। ਜੋ ਕਸੂਰਵਾਰਾਂ ਨੂੰ ਸਖਤ ਸਜ਼ਾ ਦਿੰਦਾ ਹੈ।

ਪਰ ਮੇਰਾ ਕਸੂਰ ?

ਇਹ ਕਿ ਦਫਤਰ ਦੇ ਸਾਮਾਨ ਦੀਆਂ ਨਿੱਕੀਆਂ ਮੋਟੀਆਂ ਚੋਰੀਆਂ ਰੋਕਦਾ ਹਾਂ। ਕਰਮਚਾਰੀਆਂ ਨੂੰ ਡਿਊਟੀ ਸਮੇਂ ਸਿਰ ਕਰਨ ਲਈ ਆਖਦਾ ਹਾਂ!

ਉਪਰਲੇ ਅਫਸਰਾਂ ਲਈ ਕਮਾਊ ਪੁੱਤ ਨਹੀਂ!

ਆਪਣੇ ਮਾਤਹਿਤਾਂ ਨੂੰ 'ਲੁੱਟ' ਦੀ 'ਛੁੱਟੀ ਨਹੀਂ ਦਿੰਦਾ!

ਚਮਚਾਗਿਰੀ ਪਸੰਦ ਨਹੀਂ!

ਸ਼ਾਂਤਮਈ ਜ਼ਿੰਦਗੀ ਜਿਉਣ ਲਈ ਸ਼ਾਂਤਮਈ ਢੰਗ ਨਾਲ ਡਿਊਟੀ ਕਰਨ ਦੇ ਹੱਕ ਵਿੱਚ ਹਾਂ!



ਪਰ-ਟਿਵਾਣੇ ਤੇ ਆਰ. ਕੇ. ਬੋਹਤ ਵਰਗੇ ਆਖਦੇ ਨੇ ਕਿ ਮੈਂ ਦਫਤਰ ਦਾ ਮਾਹੌਲ 'ਸ਼ਾਂਤਮਈ' ਨਹੀਂ ਰਹਿਣ ਦਿੰਦਾ।

ਇੱਕ ਡਿਕਟੇਟਰ ਵਾਂਗੂੰ ਵਿਵਹਾਰ ਕਰਦਾ ਹਾਂ।

ਕੋਆਪਰੇਟਿਵ ਨੇਚਰ ਦਾ ਨਹੀਂ ਹਾਂ। ਮੁਲਾਜ਼ਮਾਂ ਨੂੰ ਫਰਲੋ ਨਹੀਂ ਦਿੰਦਾ।

ਟਿਵਾਣੇ ਤੇ ਬੋਹਤ ਅਨੁਸਾਰ ਮੇਰੀਆਂ ਇਹਨਾਂ ਆਦਤਾਂ ਕਰਕੇ ਹੀ ਮੇਰੀਆਂ ਸ਼ਿਕਾਇਤਾਂ ਹੁੰਦੀਆਂ ਰਹਿੰਦੀਆਂ ਹਨ। ਮੈਨੂੰ ਨੌਕਰੀ ਕਰਨੀ ਨਹੀਂ ਆਉਂਦੀ।

ਪਿਛਲੇ ਸਾਲ ਵੀ ਇੱਕ ਚਾਲੂ ਟਾਈਪ ਔਰਤ ਵੱਲੋਂ ਕੀਤੀ ਸ਼ਿਕਾਇਤ ਨੇ ਸਾਲ ਭਰ ਗਧੀ ਗੇੜ ਵਿਚ ਪਾਈ ਰੱਖਿਆ ਸੀ। ਉਪਰਲੇ ਅਫਸਰ ਤਾਂ ਭਾਲਦੇ ਰਹਿੰਦੇ ਨੇ ਕਦੋਂ ਮੇਰੀ ਝੂਠੀ-ਸੱਚੀ ਸ਼ਿਕਾਇਤ ਉਹਨਾਂ ਕੋਲ ਜਾਏ ਤੇ ਕਦੋਂ ਉਹ ਮੈਨੂੰ ਨੌਕਰੀ ਕਰਨੀ ਸਿਖਾਉਣ।

ਪਰ ਹੁਣ ?

ਹੁਣ ਤਾਂ ਸ਼ਿਕਾਇਤ ਹੀ ਬੜੀ ਗੰਭੀਰ ਕਿਸਮ ਦੀ ਹੈ।

ਸ਼ਿਕਾਇਤ ਨਾਲ ਹੀ ਸ਼ੁਰੂ ਹੋ ਜਾਵੇਗਾ ਇਨਕੁਆਰੀਆਂ ਦਾ ਇੱਕ ਲੰਬਾ ਸਿਲਸਿਲਾ।

ਹਰ ਇਨਕੁਆਰੀ ਅਫਸਰ ਕੋਲ ਗਿੜਗਿੜਾਉਣਾ ਪਊ, "ਸਰ, ਮੈਂ ਬੇਕਸੂਰ ਹਾਂ।"

"ਕੀ ਜਿਸ ਔਰਤ ਨਾਲ ਤੂੰ ਬਦਤਮੀਜੀ ਕੀਤੀ, ਉਹ ਕਸੂਰਵਾਰ ਹੈ ?"

ਪੜਤਾਲੀਆ ਅਫਸਰ ਦੀ ਇਸ ਵਿਅੰਗਮਈ ਪੁੱਛ ਦਾ ਕੀ ਉਤਰ ਦੇਵਾਂਗਾ।

-ਨਹੀਂ ਜੀ.....ਨਹੀਂ ਜੀ...ਮੈਂ ਸੌ ਫੀਸਦੀ ਸੱਚਾਂ।"

-ਇਨਸਾਫ ਕਰਾਂਗੇ।" ਆਖਦਾ ਪੜਤਾਲੀਆਂ ਅਫਸਰ ਤੁਰ ਜਾਵੇਗਾ।

ਕੌਣ ਸੱਚ ਮੰਨੇਗਾ ਕਿ ਮੈਂ ਔਰਤ ਨੂੰ ਜਾਤੀ ਅਧਾਰ 'ਤੇ ਕੁਝ ਨਹੀਂ ਕਿਹਾ। ਕੌਣ ਸੁਣੇਗਾ ? ਕਿੱਥੋਂ ਮਿਲੂ ਇਨਸਾਫ਼ ?

ਡਾਇਰੈਕਟਰ ਤੋਂ.........?

ਸੈਕਟਰੀ ਤੋਂ.............?

ਮੰਤਰੀ ਤੋਂ.......ਜਿਹੜਾ ਆਏ ਸਾਲ ਕਰਮਚਾਰੀਆਂ ਦੀਆਂ ਦੂਰ ਦੁਰਾਡੇ ਬਦਲੀਆਂ ਕਰ ਦਿੰਦਾ ਹੈ ਤੇ ਫਿਰ ਰੱਦ ਕਰਨ ਲਈ ਢੇਰਾਂ ਪੈਸੇ ਲੈਂਦਾ ਹੈ।

ਕੀ ਇਨਸਾਫ ਲਈ ਥਾਂ-ਥਾਂ ਹੱਥ ਅੱਡਣੇ ਪੈਣਗੇ ?

ਪਰ ਹੱਥ ਅੱਡਣਾ ਤਾਂ ਅੱਜ ਤੱਕ ਸਿੱਖਿਆ ਹੀ ਨਹੀਂ। ਜਦੋਂ ਵੀ ਅਜਿਹੀ ਸੋਚ ਦਿਮਾਗ 'ਚ ਆਈ, ਬਾਪੂ ਕਿਸ਼ਨ ਸਿੰਘ ਸਕੀਮੀਆ ਅੱਗੇ ਆ ਖਲੋਂਦਾ, "ਹੱਥ ਅੱਡਿਆਂ ਕੋਈ ਇਨਸਾਫ ਝੋਲੀ ਨੀਂ ਪਾਉਂਦਾ....ਇਨਸਾਫ ਲੈਣ ਲਈ ਜੁੱਤੀ ਕਾਇਮ ਚਾਹੀਦੀ।"

ਕਿਸ-ਕਿਸ ਨੂੰ ਦੱਸੂੰ ਕਿ ਮੇਰੇ ਅੰਦਰ ਤਾਂ ਬਾਪੂ ਕਿਸ਼ਨ ਸਿੰਘ ਦੀ ਰੂਹ ਵੱਸਦੀ ਐ। ਬਾਪੂ ਸਕੀਮੀਆ....ਜਿਹੜਾ ਵਿਹੜਿਆਂ-ਠੱਠੀਆਂ ਵਿੱਚ 'ਸਕੂਲਿੰਗ' ਕਰਕੇ ਮਜ਼ਦੂਰ ਜਮਾਤ ਨੂੰ ਚੇਤੰਨ ਕਰਦਾ ਰਿਹਾ ਸੀ। ਬਾਪੂ ਵਾਂਗ...ਬਿਲਕੁਲ ਉਸੇ ਤਰ੍ਹਾਂ ਮੈਂ ਵੀ ਵਿਹੜੇ ਦੇ ਵਗਦੀਆਂ ਨਲੀਆਂ ਵਾਲੇ, ਲਿਬੜੇ-ਤਿਬੜੇ ਜੁਆਕ ਇਕੱਠੇ ਕਰਕੇ ਮੁਫ਼ਤ ਪੜ੍ਹਾਉਂਦਾ ਰਿਹਾ ਹਾਂ। ਦੱਬੇ-ਕੁਚਲੇ ਲੋਕਾਂ ਪ੍ਰਤੀ ਤਾਂ ਅੱਜ ਵੀ ਮੇਰੇ ਦਿਲ ਅੰਦਰ ਦਰਦ ਹੈ। ਅੱਜ ਵੀ ਆਪਣੇ ਪਿੰਡ ਦੇ ਦੋ ਗਰੀਬ ਬੱਚਿਆਂ ਦੀ ਪੜ੍ਹਾਈ ਦਾ ਸਾਰਾ ਖਰਚ ਚੁੱਕ ਰਿਹਾ ਹਾਂ। ਇਹਨਾਂ ਬੱਚਿਆਂ ਨੂੰ ਉਚ ਵਿਦਿਆ ਦੁਆ ਕੇ 'ਪੈਰਾਂ ਸਿਰ' ਖੜੇ ਕਰਨ ਦਾ ਅਹਿਦ ਕੀਤਾ ਹੋਇਆ ਹੈ।

ਅਹਿਦ ਤਾਂ ਮੈਂ ਨਿੱਕੇ ਹੁੰਦਿਆਂ ਬਾਪੂ ਕਿਸ਼ਨ ਸਿੰਘ ਸਕੀਮੀਏ ਉਰਫ਼ ਲਾਲ ਸਲਾਮ ਨਾਲ ਵੀ ਕੀਤਾ ਸੀ।

ਉਦੋਂ ਦਰਿਆ ਦੇ ਨਾਲ ਲੱਗਦੀ ਤੇਰਾਂ ਵਿੱਘਿਆਂ ਦੀ ਮਾਲਕੀ ਜ਼ਮੀਨ 'ਚ ਬੀਜੀ ਫਸਲ

ਦੂਜੇ-ਚੌਥੇ ਸਾਲ ਰੁੜ ਜਾਂਦੀ ਸੀ।

ਦਰਿਆ ਵਿਚ ਹੜ ਆਏ ਹੀ ਰਹਿੰਦੇ ਸਨ।

ਦਰਅਸਲ ਹੜ ਦਰਿਆ ਵਿਚ ਘੱਟ, ਟੱਬਰ ਦੀ ਜ਼ਿੰਦਗੀ ਵਿੱਚ ਜ਼ਿਆਦਾ ਆਉਂਦੇ ਸਨ।

ਹੜ ਦਾ ਸ਼ੂਕਦਾ ਪਾਣੀ ਮਾਲ-ਅਸਬਾਬ ਹੀ ਨਹੀਂ....ਟੱਬਰ ਦੇ ਸੁਪਨੇ ਵੀ ਰੋੜ ਕੇ ਲੈ ਜਾਂਦਾ ਸੀ।

ਭੁੱਖੇ ਮਰਨ ਦੀ ਨੌਬਤ ਆਣ ਬਣਦੀ ਸੀ।

ਬੇਘਰ ਹੋਏ ਲੋਕਾਂ ਨੂੰ ਮੁਆਵਜ਼ੇ ਦੇ ਰੂਪ ਵਿਚ ਸਰਕਾਰੀ ਮਜ਼ਾਕ ਸਹਿਣ ਕਰਨਾ ਪੈਂਦਾ। ਸਰਕਾਰੀ ਧਿਰ ਛੋਟੀਆਂ-ਛੋਟੀਆਂ ਰਕਮਾਂ ਦੇ ਚੈਕ ਹੜ ਪੀੜਤਾਂ ਨੂੰ ਤਕਸੀਮ ਕਰਕੇ ਅਖ਼ਬਾਰਾਂ ਵਿੱਚ ਵੱਡੀਆਂ-ਵੱਡੀਆਂ ਖ਼ਬਰਾਂ ਲਵਾ ਲੈਂਦੀ।

ਅਫ਼ਸਰਸ਼ਾਹੀ ਮੁਆਵਜ਼ੇ ਦੀ ਬਾਂਦਰ ਵੰਡ ਕਰਦੀ। ਬਾਪੂ ਕਿਸ਼ਨ ਸਿੰਘ ਝੰਡਾ ਚੁੱਕੀ ਰੱਖਦਾ। ਅਫਸਰਸ਼ਾਹੀ ਨਾਲ ਆਢਾ ਲੈਂਦਿਆਂ ਉਸ ਅੰਦਰ ਪੋਤੇ ਨੂੰ ਅਫਸਰ ਬਨਾਉਣ ਦੀ ਸਿੱਕ ਪੈਦਾ ਹੋਈ।

-ਪੋਤਰਿਆਂ। ਦੱਬ ਕੇ ਪੜ੍ਹਲੈ। ਮੇਰੀ ਇੱਛਾ ਤੂੰ ਅਪਸਰ ਬਣੇ ਔਰ ਐਸਾ ਅਪਸਰ ਜਿਹੜਾ ਭੀੜ ਤੋਂ ਵੱਖਰਾ ਖੜਾ ਦਿੱਸੇ।" ਦਾਦੇ ਸ. ਕਿਸ਼ਨ ਸਿੰਘ ਸਕੀਮੀਏ ਨੇ ਆਪਣੀ ਇੱਛਾ ਜਾਹਰ ਕਰਦਿਆਂ ਪਰਿਵਾਰ ਨੂੰ ਹਿਦਾਇਤਾਂ ਜਾਰੀ ਕਰ ਦਿੱਤੀਆਂ ਸਨ,

-ਯੁਧਵੀਰ ਨੂੰ ਅਪਸਰ ਬਣਾਉਣੈ। ਉਹ ਅਪਸਰ ਜੀਹਦੇ ਅਸੂਲ ਹੋਣ। ਜਿਹੜਾ ਟਕਿਆਂ ਦੇ ਪਿੱਛੇ ਜ਼ਮੀਰ ਨਾ ਵੇਚੇ। ਜਿਹੜਾ ਲੋਕਾਂ ਅੱਗੇ ਮੰਗਤਿਆਂ ਵਾਂਗੂੰ ਹੱਥ ਨਾ ਅਡੇ...ਜਿਹੜਾ ਲੋਕਾਂ ਨਾਲ ਇਨਸਾਫ ਕਰੇ। ਟੱਬਰਾ! ਸੁਣਲੋ ਧਿਆਨ ਨਾਲ। ਅੱਜ ਤੋਂ ਏਹਨੂੰ ਘਰਦੇ ਕੰਮ ਨੀ ਲਾਉਣਾ...ਆਵਦਾ ਕੰਮ-ਕਾਜ ਸੰਭਾਲੋਂ ਜਿਵੇਂ ਸੰਭਲਦਾ। ਯੁਧਵੀਰ ਦਾ ਕੰਮ ਸਿਰਫ਼ ਤੇ ਸਿਰਫ਼ ਪੜ੍ਹਾਈ ਕਰਨੀ। ਘਰ ਦੇ ਕੰਮ ਨਾਲ ਕੋਈ ਲਾਗਾ-ਦੇਗਾ ਨੀ।"

ਤੇ ਬਾਪੂ ਕਿਸ਼ਨ ਸਿੰਘ ਸਕੀਮੀਏ ਨਾਲ ਅਹਿਦ ਕਰਦਿਆਂ ਦਿਨ ਰਾਤ ਇੱਕ ਕਰ ਦਿੱਤਾ ਸੀ।

ਇਸੇ ਦੌਰਾਨ ਪਰਿਵਾਰ ਦੀ ਖੇਤੀ ਵਾਲੀ ਜ਼ਮੀਨ ਘਟਦੀ ਗਈ ਪਰ ਮੇਰੀਆਂ ਡਿਗਰੀਆਂ ਦੀ ਗਿਣਤੀ ਵੱਧਦੀ ਗਈ ਸੀ।

ਭਲਾ ਨੌਕਰੀ ਹੱਥ 'ਤੇ ਧਰੀ ਮਿਲਦੀ ਸੀ?

ਖੁੱਲ੍ਹੀ ਮੰਡੀ 'ਚ ਨੌਕਰੀਆਂ ਦੀ ਤਾਂ ਬੋਲੀ ਲੱਗਦੀ ਸੀ।

ਟੈਸਟਾਂ-ਇੰਟਰਵਿਊਆਂ ਦੇ ਲੰਮੇ ਗਧੀ ਗੇੜ

ਹਰ ਵਾਰ ਪੈਸਾ ਅੜਚਨ ਬਣਦਾ ਸੀ।

ਆਖਰ ਜਦੋਂ ਰੂੜੀ ਵਾਂਗ ਬਾਰ੍ਹਾਂ ਵਰ੍ਹਿਆਂ ਬਾਅਦ ਸੁਣੀ ਹੀ ਗਈ...

ਅਫਸਰ ਬਣਿਆ ਵੇਖਣ ਦਾ ਚਾਹਵਾਨ ਦਾਦਾ ਦੁਨੀਆਂ 'ਚ ਨਹੀਂ ਸੀ। ਮੇਰੇ ਅੰਦਰੋਂ ਟੀਸ ਨਿਕਲਦੀ ਸੀ।

ਬਾਪੂ ਜਿਸਨੂੰ ਅਸੀਂ ਸਾਰੇ ਭੈਣ ਭਰਾ 'ਭਾਈ ਜੀ' ਕਹਿੰਦੇ ਸਾਂ, ਦਾ ਪੈਰ ਧਰਤੀ 'ਤੇ ਨਹੀਂ ਸੀ ਲੱਗਦਾ। ਉਹ ਕਿੰਨੇ ਦਿਨ ਯਾਰਾਂ-ਜੁੱਟਾਂ ਨਾਲ ਰਲ ਕੇ ਮੂੰਹ ਕੌੜਾ ਕਰਦਾ ਰਿਹਾ। ਤਰਾਰੇ ਵਿੱਚ ਹੁੰਦਿਆਂ, ਇੱਕ ਦਿਨ ਉਸਨੇ ਉਪਦੇਸ਼ ਦਿੱਤਾ ਸੀ,

-ਯੁਧਵੀਰ ਸਿਆਂ ਪੁੱਤਰਾ! ਵੈਗੁਰੂ ਨੇ ਕੁਰਸੀ ਦਿੱਤੀ ਐ...ਪੈਰ ਨੀ ਛੱਡਣੇ ਪੁੱਤਰ। ਅਸੂਲਾਂ ਤੋਂ ਨੀ ਡਿੱਗਣਾ। ਬਾਬੇ ਦੀ ਮੜ੍ਹੀ ਪੂਜਣੀ ਐ...।"

ਬਾਬੇ ਕਿਸ਼ਨ ਸਿੰਘ ਸਕੀਮੀਏ ਉਰਫ ਲਾਲ ਸਲਾਮ ਦੀ ਮੜ੍ਹੀ ਹੀ ਤਾਂ ਪੂਜਦਾ ਆ ਰਿਹਾਂ।



ਜਦੋਂ ਟਿਵਾਣਾ ਸਾਹਿਬ ਵਰਗੇ, "ਯੱਧਵੀਰ ਸਿੰਘ ਜੀ ਤੁਹਾਨੂੰ ਸਮਾਜ ਨਾਲ ਤੇ ਸਮੇਂ ਨਾਲ ਮਿਲ ਕੇ ਨਹੀਂ ਚੱਲਣਾ ਆਉਂਦਾ।" ਦਾ ਉਲਾਂਭਾ ਦਿੰਦੇ ਹਨ ਤਾਂ ਅੰਦਰੋਂ ਖੁਸ਼ੀ ਹੁੰਦੀ ਹੈ, ਮਹਿਸੂਸ ਹੁੰਦਾ ਜਿਵੇਂ ਦਾਦਾ ਜੀ ਦੇ ਬੋਲਾਂ ਅਨੁਸਾਰ 'ਭੀੜ ਤੋਂ ਵੱਖਰਾ ਖੜਾ' ਦਿੱਸ ਰਿਹਾ ਹੋਵਾਂ। ਮੇਰੇ 'ਭੀੜ ਤੋਂ ਵੱਖਰਾ ਖੜਾ' ਦਿੱਸਣ ਦੀ ਆਰ. ਕੇ. ਬੋਹਤ ਤੇ ਟਿਵਾਣਾ ਵਰਗਿਆਂ ਨੂੰ ਬੜੀ ਔਖਿਆਈ ਹੈ। ਉਹ ਧਮਕੀ ਵਰਗੀ ਨਸੀਹਤ ਦਿੰਦੇ ਹਨ,

-ਸੰਧੂ ਸਾਹਿਬ ਆਪਣੇ-ਆਪ ਨੂੰ ਬਦਲਣ ਦੀ ਟਰਾਈ ਕਰੋ। ਅੱਜ ਕਲ੍ਹ ਦੇ ਮਾਹੌਲ 'ਚ ਐਨਾ ਸਖਤ ਔਰ ਅਲੱਗ ਹੋ ਕੇ ਚੱਲਣਾ ਠੀਕ ਨੀ। ਆਪਣੀ ਕਾਰਜ ਪ੍ਰਣਾਲੀ ਔਰ ਦ੍ਰਿਸ਼ਟੀਕੋਣ 'ਚ ਚੇਂਜ ਲਿਆਉ।" ਮੈਂ ਸਿਰਫ਼ ਮੁਸਕਰਾਉਂਦਾ ਹਾਂ। ਮੇਰੀ ਇਹ ਮੁਸਕਰਾਹਟ ਉਹਨਾਂ ਨੂੰ ਚੀਰ ਕੇ ਰੱਖ ਦਿੰਦੀ ਹੈ।

-ਤੁਹਾਡਾ ਵੇ ਆਫ ਵਰਕਿੰਗ, ਤੁਹਾਡੇ ਲਈ ਕਿਸੇ ਵੀ ਟਾਈਮ ਪਰਾਬਲਮ ਕਰੀਏਟ ਕਰ ਸਕਦਾ।" ਉਹ ਟੇਡੇ ਢੰਗ ਨਾਲ ਧਮਕੀ ਦਿੰਦੇ ਹਨ। ਮੈਨੂੰ ਪਤਾ ਮੇਰੀ ਕਾਰਜ ਪ੍ਰਣਾਲੀ ਮੇਰੇ ਲਈ ਸਮੱਸਿਆਵਾਂ ਪੈਦਾ ਕਰਦੀ ਹੀ ਰਹਿੰਦੀ ਹੈ ਤੇ ਇਹਨਾਂ ਪਿੱਛੇ ਹੱਥ ਟਿਵਾਣੇ ਤੇ ਬੋਹਤ ਵਰਗਿਆਂ ਦਾ ਹੀ ਹੁੰਦਾ ਹੈ। ਹੁਣ ਵਾਲੀ ਸ਼ਿਕਾਇਤ ਪਿੱਛੇ ਵੀ ਬੋਹਤ ਦਾ ਹੀ ਹੱਥ ਹੈ। ਸੇਵਾਦਾਰ ਗਿਆਨ ਕੌਰ ਨੂੰ ਚੁੱਕ-ਚੁੱਕਾ ਕੇ ਸ਼ਿਕਾਇਤ ਕਰਵਾਈ ਗਈ ਹੈ। ਨੌਕਰੀ ਗਿਆਨ ਕੌਰ ਨੂੰ ਪਤੀ ਦੇ ਕਾਰਗਿਲ ਵਿਚ ਸ਼ਹੀਦ ਹੋ ਜਾਣ 'ਤੇ ਮਿਲੀ ਸੀ। ਬੀਬੀ ਆਪਣੀ ਮਰਜ਼ੀ ਨਾਲ ਦਫਤਰ ਆਉਂਦੀ ਹੈ ਤੇ ਬਿਨਾਂ ਛੁੱਟੀ ਪ੍ਰਵਾਨ ਕਰਵਾਇਆਂ ਜਾਂ ਦੱਸਿਆਂ ਚਲੇ ਜਾਂਦੀ ਹੈ। ਉਸਦੀ ਅਜਿਹੀ ਕਾਰਜ ਪ੍ਰਣਾਲੀ ਕਰਕੇ ਕਈ ਵਾਰ ਚੇਤਾਵਨੀ ਦਿੱਤੀ ਗਈ ਹੈ। ਬੀਬੀ ਨੂੰ ਬੋਹਤ ਨੇ ਉਂਗਲਾਂ 'ਤੇ ਚੜ੍ਹਾ ਲਿਆ ਸੀ। ਇੱਕ ਦੋ ਨੂੰ ਛੱਡ ਕੇ ਸਾਰਾ ਦਫਤਰ ਬੀਬੀ ਦੀ ਪਿੱਠ ਪਿੱਛੇ ਆਣ ਖੜਾ ਸੀ। ਮੇਰੇ ਖਿਲਾਫ਼ ਦਲਿਤ ਔਰਤ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਗੁੰਮਰਾਹ ਕਰਨ ਦੇ ਇਲਜ਼ਾਮ ਲਗਾਏ ਜਾ ਰਹੇ ਸਨ। ਆਰ. ਕੇ. ਬੋਹਤ ਦੀ ਅਗਵਾਈ ਵਿੱਚ 'ਸਡਿਊਲਡ ਕਾਸਟ ਚੇਤਨਾ ਮੰਚ' ਦਾ ਇੱਕ ਵਫਦ ਮੇਰੇ ਖਿਲਾਫ ਡਿਪਟੀ ਕਮਿਸ਼ਨਰ ਨੂੰ ਮਿਲਿਆ ਹੈ। ਬੋਹਤ ਨੇ ਮੰਚ ਸਮੇਤ ਕਈ ਕਾਗਜ਼ੀ ਜਥੇਬੰਦੀਆਂ ਆਪਣੇ ਸਵਾਰਥ ਲਈ ਖੜੀਆਂ ਕੀਤੀਆਂ ਹੋਈਆਂ ਹਨ। ਕਿਸੇ ਦਾ ਪ੍ਰਧਾਨ, ਕਿਸੇ ਦਾ ਸਰਪ੍ਰਸਤ, ਕਿਸੇ ਦਾ ਸਲਾਹਕਾਰ ਤੇ ਜਨਰਲ ਸਕੱਤਰ ਬਣਿਆ ਬੈਠਾ ਹੈ। ਸ਼ਿਕਾਇਤਾਂ ਕਰਨ ਤੇ ਪੈਸੇ ਦਾ ਲੈਣ-ਦੇਣ ਕਰਵਾ ਕੇ ਸ਼ਿਕਾਇਤਾਂ ਠੱਪ ਕਰਵਾਉਣ ਦਾ ਪੂਰਾ ਕਾਰੀਗਰ ਹੈ। ਜਥੇਬੰਦੀਆਂ ਦੇ ਲੈਟਰ ਪੈਡ ਮੇਰੇ ਵਰਗੇ 'ਵਿਗੜੇ' ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਕਰਨ ਦੇ ਕੰਮ ਹੀ ਆਉਂਦੇ ਹਨ।

ਵਫਦ ਨੇ ਦੋਸ਼ ਲਗਾਏ ਹਨ ਕਿ ਮੈਂ ਦਲਿਤ ਵਿਰੋਧੀ ਹਾਂ ਤੇ ਮੇਰਾ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਪ੍ਰਤੀ ਰਵੱਈਆ ਠੀਕ ਨਹੀਂ ਹੈ। ਮੈਂ ਦਲਿਤ ਲੀਡਰਸ਼ਿਪ ਪ੍ਰਤੀ ਸਤਿਕਾਰ ਨਹੀਂ ਦਿਖਾਉਂਦਾ। ਕਰਮਚਾਰੀਆਂ ਤੇ ਜਨਤਾ ਨਾਲ ਜਾਤੀਭੇਦ ਰੱਖਦਾ ਹਾਂ। ਵਫਦ ਦੇ ਮੇਰੇ ਖਿਲਾਫ ਸਖ਼ਤ ਕਾਰਵਾਈ ਨਾ ਹੋਣ ਦੀ ਸੂਰਤ ਵਿੱਚ ਧਰਨਾ ਲਾਉਣ ਦੀ ਧਮਕੀ ਦਿੱਤੀ ਹੈ। ਬੋਹਤ ਤੋਂ ਇਲਾਵਾ ਤਾਂ ਵਫ਼ਦ ਵਿੱਚ ਉਪਰੇ ਜਿਹੇ ਲੋਕ ਸਨ।

ਵਫ਼ਦ ਵਿੱਚ ਤਾਂ ਮੈਂ ਵੀ ਜਾਂਦਾ ਰਿਹਾ ਹਾਂ।-ਜਦੋਂ ਵਿਦਿਆਰਥੀ ਸਾਂ। ਬਾਪੂ ਕਿਸ਼ਨ ਸਿੰਘ ਤੇ ਮੇਜਾ ਸਿੰਘ ਕਿਰਤੀ ਨਾਲ। ਕਿਰਤੀ ਲੋਕਾਂ ਦਾ ਇਹ ਵਫ਼ਦ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੁਲਾਵੇਂ ਵਾਲੇ ਸੋਢੀਆਂ ਖਿਲਾਫ ਕਤਲ ਦਾ ਕੇਸ ਦਰਜ ਕਰਕੇ ਗ੍ਰਿਫਤਾਰ ਕਰਨ ਤੇ ਪੀੜਤ ਪਰਿਵਾਰ ਨੂੰ ਢੁੱਕਵਾਂ ਮੁਆਵਜ਼ਾ ਦਿਵਾਉਣ ਵਾਸਤੇ ਮਿਲਦਾ ਸੀ। ਸੋਢੀਆਂ ਨੇ ਆਪਣਾ ਸੀਰੀ ਕਰਮਾ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਸੋਢੀਆਂ ਦੇ ਖੇਤੋਂ ਖਾਦ ਦੀ ਬੋਰੀ ਚੋਰੀ ਹੋ ਗਈ ਸੀ। ਸੋਢੀ ਕਰਮੇ ਨੂੰ ਕੁੱਟ-ਕੁੱਟ ਕੇ ਉਨਾ ਚਿਰ ਚੋਰੀ ਮਨਾਉਂਦੇ ਰਹੇ ਜਿੰਨਾ ਚਿਰ ਉਹ 'ਨਿਕਰਮਾ' ਨਹੀਂ ਹੋ ਗਿਆ। ਕਰਮੇ ਨੇ ਹਿਲਜੁਲ ਬੰਦ ਕੀਤੀ ਤਾਂ ਸੋਢੀਆਂ ਦੇ ਦਿਮਾਗ ਵਿੱਚ ਹਿਲਜੁਲ ਸ਼ੁਰੂ ਹੋ ਗਈ।

ਕਤਲ ਨੂੰ ਦੁਰਘਟਨਾ ਵਿੱਚ ਬਦਲਣ ਲਈ ਸੋਢੀ, ਕਰਮੇ ਨੂੰ ਜੀਪ ਵਿੱਚ ਪਾ ਕੇ ਸ਼ਹਿਰ ਦੇ

ਪ੍ਰਾਈਵੇਟ ਹਸਪਤਾਲ ਲੈ ਗਏ। ਪਿੰਡ ਵਿੱਚ ਗੱਲ ਇਹ ਫੈਲਾਈ ਸੀ ਕਿ ਨਰਮੇ 'ਤੇ ਸਪਰੇਅ ਕਰਦਿਆਂ ਕਰਮੇ ਨੂੰ ਦਵਾਈ ਚੜ੍ਹ ਗਈ ਹੈ।

ਅਗਲੇ ਦਿਨ ਦੇ ਅਖ਼ਬਾਰਾਂ ਦੀਆਂ ਖੇਤਰੀ ਅਡੀਸ਼ਨਾਂ 'ਚ ਕਰਮਾ ਸੋਢੀਆਂ ਦੀ ਮਨਮਰਜ਼ੀ ਦੀ ਇੱਕ ਨਿੱਕੀ ਜਿਹੀ ਖਬਰ ਬਣ ਗਿਆ ਸੀ।

ਪੁਲਿਸ ਸੋਢੀਆਂ ਨੇ ਬੰਨ੍ਹ ਲਈ ਸੀ।

ਪ੍ਰਸ਼ਾਸਨ ਸੋਢੀਆਂ ਨੇ ਰਾਜਧਾਨੀ ਤੋਂ ਫੋਨ ਕਰਾ-ਕਰਾ ਕੇ ਹਿਲਾ ਦਿੱਤਾ ਸੀ।

"ਆਪਾਂ ਨੂੰ ਕੀ ਐ ?" ਪਿੰਡ ਦੇ ਬਹੁਤੇ ਲੋਕ ਸੋਢੀਆਂ ਦੀ ਦਹਿਸ਼ਤ ਹੇਠ ਘੇਸਲ ਵੱਟੀ ਫਿਰਦੇ ਸਨ।

ਅਜਿਹੇ ਸਮੇਂ ਬਾਪੂ ਕਿਸ਼ਨ ਸਿੰਘ ਸਕੀਮੀਏ ਨੇ ਮਜ਼ਦੂਰ ਸਭਾ ਦੇ ਵਰਕਰਾਂ ਨੂੰ ਨਾਲ ਲੈ ਕੇ ਸੰਘਰਸ਼ ਵਿੱਢ ਲਿਆ ਸੀ। ਬਾਪੂ ਬਿਰਧ ਸਰੀਰ ਘੜੀਸੀ ਫਿਰਦੇ ਸਨ। ਉਹਨਾਂ ਦੇ ਰੇਲੇ ਸਾਈਕਲ ਨੇ ਬੰਬੂਕਾਟ ਬਣ ਇੱਕ ਪਿੰਡ ਤੋਂ ਦੂਜੇ ਪਿੰਡ ਦਾ ਪੈਂਡਾ ਗਹੁੰਦਿਆਂ, ਸੋਢੀਆਂ ਖਿਲਾਫ਼ ਇੱਕ ਲਹਿਰ ਖੜੀ ਕਰ ਦਿੱਤੀ ਸੀ। ਸੋਢੀਆਂ ਦਾ ਪੈਸਾ ਬਾਪੂ ਦੀ ਜ਼ਮੀਰ ਖਰੀਦਣ 'ਚ ਅਸਫਲ ਰਿਹਾ। ਸੋਢੀਆਂ ਦੇ ਪਾਲਤੂ ਗੁੰਡੇ ਬਾਪੂ ਨੂੰ 'ਸੁਧਾਰਨ' ਦਾ ਮੌਕਾ ਤਾੜਨ ਲੱਗੇ ਪਰ ਕਿਸ਼ਨ ਸਿੰਘ ਸਕੀਮੀਆ ਤਾਂ ਸੋਢੀਆਂ ਵਰਗੇ ਅਨੇਕਾਂ ਵਿਗੜਿਆਂ ਕਾਕਿਆਂ ਨੂੰ ਸੁਧਾਰ ਚੁੱਕਾ ਸੀ, ਸੋਢੀ ਉਸਨੂੰ ਕੀ ਸੁਧਾਰਦੇ ?

ਜਨਤਕ ਸੰਘਰਸ਼ ਦੀ ਬਦੌਲਤ ਸੋਢੀ ਲਾਲਹਰਮਨਜੀਤ ਸਿੰਘ ਦੀ ਗ੍ਰਿਫਤਾਰੀ ਪਾਉਣੀ ਪਈ।

ਬਾਪੂ ਦੀਆਂ ਅੱਖਾਂ ਵਿਚ ਜਿੱਤ ਦਾ ਅਲੌਕਿਕ ਨਸ਼ਾ ਸੀ। ਉਹ ਇਲਾਕੇ ਦੇ ਸਾਰੇ ਰਜਵਾੜਿਆਂ ਦੀਆਂ ਅੱਖਾਂ ਵਿਚ ਰੜਕਣ ਲੱਗਾ ਸੀ।

ਅੱਖਾਂ ਵਿੱਚ ਤਾਂ ਮੈਂ ਵੀ ਰੜਕਦਾ ਰਹਿਨੈ-ਆਰ. ਕੇ. ਬੋਹਤ ਦੇ ਹੀ ਨਹੀਂ...ਟਿਵਾਣੇ ਵਰਗਿਆਂ ਦੇ ਵੀ। ਜਿੱਥੇ ਆਰ. ਕੇ. ਬੋਹਤ ਦਫਤਰ ਵਿਚਲੀ ਦਲਿਤ ਲਾਬੀ ਦਾ ਸਰਗਣਾ ਹੈ ਉਥੇ ਟਿਵਾਣਾ ਆਪਣੇ ਆਪ ਨੂੰ ਜਨਰਲ ਵਰਗ ਦੇ ਮੁਲਾਜ਼ਮਾਂ ਦੇ ਹਿੱਤਾਂ ਦਾ ਪਹਿਰੇਦਾਰ ਅਖਵਾਉਂਦਾ ਹੈ। ਉਸਨੂੰ ਮੇਰੇ ਨਾਲ ਖੁੰਦਕ ਇਸੇ ਗੱਲ ਦੀ ਹੈ ਕਿ ਮੈਂ ਉਹਨਾਂ ਦੀ ਲਾਬੀ ਵਿਚ ਸ਼ਾਮਲ ਨਹੀਂ ਹੁੰਦਾ। ਹੁਣ ਵਾਲੀ ਸ਼ਿਕਾਇਤ ਦਾ ਕਾਰਨ ਵੀ ਮੇਰੀ 'ਗਦਾਰੀ' ਨੂੰ ਆਖਦਾ ਹੈ। ਅਸਲ ਵਿਚ ਇਸ ਸ਼ਿਕਾਇਤ ਦੇ ਮਾਮਲੇ 'ਚ ਇਹ ਆਰ. ਕੇ. ਬੋਹਤ ਵਰਗਿਆਂ ਦੇ ਨਾਲ ਹੈ। ਸ਼ਿਕਾਇਤ ਰਾਹੀਂ ਮੇਰਾ ਰਿਕਾਰਡ ਖਰਾਬ ਕਰਵਾ ਕੇ ਟਿਵਾਣੇ ਨੂੰ ਲਾਭ ਪਹੁੰਚਾਉਣ ਦੀ ਸਾਜ਼ਿਸ਼ ਹੈ।

-ਲੈ ਲਿਆ ਇਨਾਮ ਜਾਤ ਦੀ ਭਲਾਈ ਦਾ।" ਟਿਵਾਣਾ ਮੈਨੂੰ ਆਖਦਾ ਹੈ। ਉਹ ਮੇਰੇ ਨਾਲ ਹਮਦਰਦੀ ਪ੍ਰਗਟ ਕਰਕੇ ਬੇਵਕੂਫ ਬਣਾਉਂਦਾ ਹੈ। ਅੰਦਰੋਂ ਆਰ. ਕੇ. ਬੋਹਤ ਨਾਲ ਘਿਉ-ਖਿਚੜੀ ਹੈ। ਦੋਵੇਂ ਦਫਤਰ ਵਿੱਚ ਕਿਸੇ ਨਾ ਕਿਸੇ ਮਾਮਲੇ ਵਿੱਚ ਸਿੰਗ ਫਸਾਈ ਰੱਖਦੇ ਹਨ ਪਰ ਕਿਸੇ ਸਾਮੀ ਨੂੰ ਉਗਰਾਹ ਕੇ ਦਾਰੂ ਪੀਣ ਵੇਲੇ ਬਿਨਾਂ ਕਿਸੇ ਜਾਤੀਭੇਦ ਦੇ ਇਕੱਠੇ ਹੁੰਦੇ ਹਨ। ਉਦੋਂ ਉਹ ਪੂਰੀ ਤਰ੍ਹਾਂ ਜਾਤੀਵਾਦ ਦੀਆਂ ਦੀਵਾਰਾਂ ਤੋਂ ਉਪਰ ਉਠ ਜਾਂਦੇ ਹਨ। ਦੋਵੇਂ ਆਪਣੀ-ਆਪਣੀ ਲਾਬੀ ਦੇ ਕਰਮਚਾਰੀਆਂ ਨਾਲ ਲੁਕਣਮੀਚੀ ਖੇਡਦੇ ਰਹਿੰਦੇ ਹਨ।

ਲੁਕਣਮੀਚੀ ਦੀ ਅਜਿਹੀ ਖੇਡ ਤਾਂ ਵਿਹੜੇ ਵਾਲਿਆਂ ਦੇ ਸ਼ੋਸ਼ਲ ਬਾਈਕਾਟ ਵੇਲੇ ਵੀ ਦੇਖੀ ਸੀ। ਉਦੋਂ ਅਜੇ ਛੋਟਾ ਸਾਂ-ਏਹੀ ਚੌਦਾਂ ਕੁ ਦਾ।

ਰੇੜਕਾ ਦਿਹਾੜੀ ਵਧਾਉਣ ਨੂੰ ਲੈ ਕੇ ਪੈਦਾ ਹੋਇਆ ਸੀ।

-ਦਿਹਾੜੀ ਪਿਛਲੇ ਪੰਦਰਾਂ ਵਰ੍ਹਿਆਂ ਤੋਂ ਇੱਕੋ ਥਾਂ ਖੜੀ ਜਦਕਿ ਮਹਿੰਗਾਈ ਕਈ ਗੁਣਾ ਵੱਧ ਗਈ ਐ। ਮਹਿੰਗਾਈ ਨੇ ਚੁਲ੍ਹੇ ਬਾਲਣੇ ਔਖੇ ਕਰ ਦਿੱਤੇ।" ਵਿਹੜੇ ਵਾਲੇ ਦਿਹਾੜੀ ਵਧਾਉਣ ਲਈ ਦਲੀਲ ਦਿੰਦੇ ਸਨ।



-ਮਜ਼ਦੂਰ ਤਾਂ ਮਾਲਕ ਨਾਲੋਂ ਸੌਖਾ। ਮਜ਼ਦੂਰੀ ਦੇ ਨਾਲ-ਨਾਲ ਖੇਤਾਂ ਵਿੱਚੋਂ ਪੱਠਾ-ਨੀਰਾ ਵੀ ਲੈ ਜਾਂਦਾ। ਗਾਹੇ-ਬਗਾਹੇ ਸਾਗ ਸਬਜ਼ੀ ਵੀ ਮੁਫ਼ਤ ਤੋੜ ਲੈਂਦਾ। ਸ਼ਾਦੀ-ਵਿਆਹ ਮੌਕੇ ਦੁੱਧ-ਵਾਧ ਇਕੱਠਾ ਕਰ ਲੈਂਦਾ। ਮਾਲਕ ਨੂੰ ਕੀ ਬਚਦੈ ? ਖੇਤੀ ਦੇ ਖਰਚੇ ਵੱਧ ਗਏ ਐ। ਕਿਵੇਂ ਵੀ ਪੂਰਾ ਨੀ ਪੈਂਦਾ। ਐਹੋ-ਜਿਹੇ 'ਚ ਦਿਹਾੜੀ ਵਧਾਉਣੀ ਵਾਜਬ ਨਹੀਂ।" ਦੂਜੀ ਧਿਰ ਦੀ ਦਲੀਲ ਸੀ।

ਜੱਟਾਂ-ਜ਼ਿਮੀਂਦਾਰਾਂ ਵਿਹੜੇ ਵਾਲਿਆਂ ਨੂੰ ਖੇਤਾਂ ਵਿਚ ਵੜਨ ਤੋਂ ਵਰਜ ਦਿੱਤਾ ਸੀ। ਵਿਹੜੇ ਵਾਲਿਆਂ ਦੇ ਡੰਗਰ ਭੁੱਖ ਨਾਲ ਅੜਿੰਗਦੇ ਕਿੱਲੇ ਪਟਾਉਣ ਲੱਗੇ।

ਗਰੀਬ ਲੋਕ ਜੰਗਲ-ਪਾਣੀ ਜਾਣ ਤੋਂ ਵੀ ਔਖੇ ਹੋ ਗਏ ਸਨ।

ਜੱਟ-ਜ਼ਿਮੀਂਦਾਰ ਟਰਾਲੀਆਂ ਭਰ-ਭਰ ਦਿਹਾੜੀਏ ਦੂਜੇ ਪਿੰਡਾਂ 'ਚੋਂ ਲਿਆਉਣ ਲੱਗੇ।

ਪਿੰਡ ਦੇ ਖੇਤ ਮਜ਼ਦੂਰ ਦੂਰ-ਦੁਰਾਡੇ ਦੇ ਪਿੰਡਾਂ ਵੱਲ ਮੂੰਹ ਕਰਨ ਲੱਗੇ। ਸਦੀਆਂ ਤੋਂ ਬਣਿਆ-ਭਾਈਚਾਰਾ ਤਿੜਕਣ ਲੱਗਾ ਸੀ।

ਮਜ਼ਦੂਰ ਜਮਾਤ ਦਾ ਇਕੱਠ ਦਿਹਾੜੀ ਵਧਾਉਣ ਲਈ ਬਜ਼ਿਦ ਸੀ। ਜੱਟ ਜ਼ਿਮੀਂਦਾਰ ਟਸ ਤੋਂ ਮੱਸ ਨਹੀਂ ਸੀ ਹੋ ਰਹੇ।

ਦੋਨਾਂ ਧਿਰਾਂ ਦੀ ਆਪਾ-ਧਾਪੀ ਦੇ ਸਮੇਂ ਵਿੱਚ ਬਾਪੂ ਕਿਸ਼ਨ ਸਿੰਘ ਸਕੀਮੀਆ ਫੇਰ ਕਿਰਤੀਆਂ ਨਾਲ ਸੀ। ਉਹ ਖੇਤ ਮਜ਼ਦੂਰ ਸਭਾ ਦੇ ਮੈਂਬਰਾਂ ਨੂੰ ਨਾਲ ਲੈ ਕੇ ਸਰਗਰਮ ਹੋ ਗਿਆ ਸੀ। ਉਹ ਬਾਹਰਲੇ ਪਿੰਡਾਂ 'ਚ ਜਾ ਕੇ ਉਥੋਂ ਦੇ ਮਜ਼ਦੂਰਾਂ ਨੂੰ ਦਿਹਾੜੀ ਨਾ ਕਰਨ ਆਉਣ ਲਈ ਪ੍ਰੇਰਿਤ ਕਰਦਾ ਰਿਹਾ।

-ਸਕੀਮੀਏ ਦੀਆਂ ਲੱਤਾਂ ਛਾਂਗੀਏ।" ਪਿੰਡ ਦੇ ਜੱਟ ਬਾਪੂ 'ਤੇ ਔਖੇ ਹੋਏ ਪਏ ਸਨ।

-ਜਾਤ ਨੂੰ ਸਿੱਧੀ ਕਿਹੜਾ ਨਾ ਕਰ ਦੀਏ, ਸਕੀਮੀਏ ਵਰਗੀਆਂ ਕਾਲੀਆਂ ਭੇਡਾਂ ਕਰਕੇ ਆਪਣੀ ਪਲਾਨ ਸਿਰੇ ਨੀ ਚੜ੍ਹਦੀ।" ਕਈ ਬੰਦੇ ਹੱਥਾਂ 'ਤੇ ਦੰਦੀਆਂ ਵੱਡਦੇ ਸਨ।

ਬਾਪੂ ਵਿਹੜੇ ਦੇ ਇਕੱਲੇ-ਇਕੱਲੇ ਘਰ ਜਾ ਕੇ ਮਜ਼ਦੂਰਾਂ ਦਾ ਹੌਂਸਲਾ ਵਧਾਉਂਦਾ ਸੀ।

ਜੱਟ ਹੀ ਨਹੀਂ ਵਿਹੜੇ ਦੇ ਸੋਦਰ ਵਰਗੇ ਕਈ ਨਵੇਂ ਬਣੇ ਮੁਹਰੈਲੀ ਵੀ ਬਾਪੂ 'ਤੇ ਔਖੇ ਸਨ।

-ਇਹ ਜੱਟ ਆਪਣੇ ਅੰਦਰਲੇ ਭੇਦ ਲੈਂਦਾ ਫਿਰਦਾ। ਏਹਨੂੰ ਮੂੰਹ ਲਾਉਣ ਦੀ ਲੋੜ ਨੀ। ਕੋਈ ਲੋੜ ਨੀ ਇਹਦਾ ਤਬਾਰ ਕਰਨ ਦੀ। ਏਹ ਕੌਮ ਨਈਂ ਕਿਸੇ ਦੀ ਸਕੀ ਹੁੰਦੀ।" ਉਹ ਆਖਦੇ ਸਨ।

ਇੱਕ ਦੋ ਨੇ ਤਾਂ ਸਿੱਧਾ ਬਾਪੂ ਨੂੰ ਹੀ ਆਖ ਦਿੱਤਾ ਸੀ, "ਤੂੰ ਘਰੇ ਬੈਠ, ਸਾਨੂੰ ਥੋਡੀ ਹਮਦਰਦੀ ਦੀ ਲੋੜ ਨੀ। ਅਸੀਂ ਆਵਦੀ ਬਣੀ ਆਪੇ ਨਬੇੜ ਲਵਾਂਗੇ।"

ਬਾਪੂ ਨੇ ਉਹਨਾਂ ਦੀ ਕਿਸੇ ਗੱਲ ਦਾ ਗੁੱਸਾ ਨਹੀਂ ਸੀ ਕੀਤਾ। ਉਹ ਆਖਦਾ ਸੀ, "ਹਜ਼ਾਰਾਂ ਸਾਲਾਂ ਦੀ ਗੁਲਾਮੀ ਨੇ ਇਹਨਾਂ ਦੇ ਅੰਦਰੋਂ ਆਜ਼ਾਦੀ ਦਾ ਅਹਿਸਾਸ ਹੀ ਮਾਰ ਦਿੱਤਾ। ਭਲੇ ਬੁਰੇ ਦੀ ਪਛਾਣ ਨਹੀਂ ਰਹੀ। ਇਹਨਾਂ ਦੇ ਵੱਸ ਦੀ ਗੱਲ ਹੈਨੀ। ਇਹਨਾਂ ਨੂੰ ਚੇਤੰਨ ਕਰਨ ਦੀ ਲੋੜ ਐ।"

ਸੱਚਮੁੱਚ ਬਾਪੂ ਵਿਹੜੇ ਵਾਲਿਆਂ ਨੂੰ ਹੱਕਾਂ ਪ੍ਰਤੀ ਚੇਤੰਨ ਕਰਦਾ ਰਿਹਾ ਸੀ। ਬਾਹਰਲੇ ਪਿੰਡਾਂ 'ਚੋਂ ਮਜ਼ਦੂਰਾਂ ਨੇ ਆਉਣਾ ਬੰਦ ਕਰ ਦਿੱਤਾ ਸੀ। ਗੋਹੇ ਦੇ ਭਰੇ ਟੋਕਰੇ ਢੋਹਦਿਆਂ ਮੁਤਰਾਲ ਜੱਟੀਆਂ ਦੇ ਗਲਮਿਆਂ ਵਿੱਚ ਪੈਣ ਲੱਗਾ। ਜੱਟਾਂ ਦੇ ਵੀ ਨੱਕ ਵਿਚ ਦਮ ਆ ਗਿਆ, ਉਹ ਬਾਈਕਟ ਤੋੜਨ ਦਾ ਬਹਾਨਾ ਭਾਲਣ ਲੱਗੇ।

ਉਦੋਂ ਹੀ ਚੱਕਵੇਂ ਪੈਰਾਂ ਵਾਲਿਆਂ ਨੇ ਮਜ਼ਦੂਰਾਂ ਨਾਲ ਲੁਕਣਮੀਚੀ ਖੇਡੀ ਸੀ। ਉਹਨਾਂ ਮਜ਼ਦੂਰ ਜਮਾਤ ਦੇ ਮੁਹਰੈਲੀ ਬਣੇ ਸੋਦਰ ਦੇ ਘਰ ਰਾਤ-ਬਰਾਤੇ ਜਾ ਕੇ ਨੋਟਾਂ ਦੀ ਗੁੱਟੀ ਤੇ ਦਾਰੂ ਦੀ ਕੈਨੀ ਦੇ ਆਂਦੀ ਸੀ। 'ਚੱਕਵੇਂ ਪੈਰਾਂ ਵਾਲਿਆਂ' ਦੀ ਪਲਾਨਿੰਗ ਮੁਤਾਬਕ ਐਸ. ਡੀ. ਐਮ. ਤੇ ਹੋਰ ਅਧਿਕਾਰੀਆਂ ਨੇ ਪਿੰਡ ਵਿਚ ਆ ਕੇ ਦੋਵਾਂ ਧਿਰਾਂ ਦਾ ਸਮਝੌਤਾ ਕਰਵਾ ਦਿੱਤਾ ਸੀ। ਸਮਝੌਤੇ ਮੁਤਾਬਕ ਦਿਹਾੜੀ ਵਿੱਚ ਪੰਜ ਰੁਪਏ ਦਾ ਮਾਮੂਲੀ ਵਾਧਾ ਹੋਇਆ ਸੀ।

ਵਿਹੜੇ ਵਾਲੇ 'ਚੱਕਵੇਂ ਪੈਰਾਂ ਵਾਲਿਆਂ' ਵੱਲੋਂ ਨਿਭਾਈ ਭੂਮਿਕਾ ਤੋਂ ਬਾਗੋ-ਬਾਗ ਸਨ।

ਉਹਨਾਂ ਦੀ ਮਜ਼ਦੂਰ ਹਿਤੈਸ਼ੀ ਵੱਜੋਂ ਪੂਰੀ ਪੈਂਠ ਬਣ ਗਈ ਸੀ। ਵਿਹੜੇ ਵਾਲਿਆਂ ਨੂੰ ਮਹਿਸੂਸ ਹੀ ਨਹੀਂ ਸੀ ਹੋਇਆ ਕਿ ਬਾਈਕਾਟ ਕਰਵਾਉਣ ਵਾਲੇ ਵੀ ਇਹੀ ਸਨ ਤੇ ਤੁੜਵਾਉਣ ਵਾਲੇ ਵੀ। 'ਚੱਕਵੇਂ ਪੈਰਾਂ ਵਾਲਿਆਂ' ਦਾ ਖਾਧਾ ਬੁੜਾ ਬਾਈਕਾਟ ਦੇ ਦਿਨੀਂ ਸੱਥ ਵਿਚ ਪ੍ਰਚਾਰ ਕਰਦਾ ਰਹਿੰਦਾ ਸੀ,

ਢੋਰ, ਗੰਵਾਰ, ਸ਼ੂਦਰ ਤੇ ਨਾਰੀ।

ਚਾਰੇ ਤਾੜਨ ਦੇ ਅਧਿਕਾਰੀ।

ਬਾਈਕਾਟ ਦੇ ਖਾਤਮੇ 'ਤੇ ਉਸਦੀ ਟੋਨ ਬਦਲ ਗਈ ਸੀ, "ਜੱਟ ਤੇ ਮਜ਼੍ਹਬੀ ਦਾ ਨਹੁੰ ਮਾਸ ਦਾ ਰਿਸ਼ਤਾ। ਇਹ ਰੰਘਰੇਟੇ, ਗੁਰੂ ਕੇ ਬੇਟੇ ਨੇ... ਗੁਰੂ ਸਾਹਿਬ ਦਾ ਸੀਸ ਦਿੱਲੀਓਂ ਲਿਆਉਣ ਵਾਲੀ ਕੌਮ। ਜੱਟ ਤੇ ਮਜ਼ਬੀ ਦੀ ਸਾਂਝ ਨੀ ਟੁੱਟ ਸਕਦੀ ਕਦੇ ਵੀ।"

ਲੁਕਣਮੀਚੀ ਦੀ ਖੇਡ ਦੀ ਬਦੌਲਤ 'ਚੱਕਵੇਂ ਪੈਰਾਂ ਵਾਲੇ' ਪਿੰਡ ਦੀ ਸਰਪੰਚੀ ਲੈਣ ਵਿੱਚ ਕਾਮਯਾਬ ਹੋਏ ਸਨ। ਵੋਟਾਂ ਸਮੇਂ ਸਾਰੀ ਮਜ਼ਦੂਰ ਜਮਾਤ 'ਚੱਕਵੇਂ ਪੈਰਾਂ ਵਾਲਿਆਂ' ਦੇ ਹੱਕ ਵਿੱਚ ਭੁਗਤੀ ਸੀ।

ਮਜ਼ਦੂਰ ਜਮਾਤ ਲਈ ਇੱਕ ਮਹੀਨਾ ਨੱਠ-ਭੱਜ ਕਰਨ ਵਾਲੇ ਬਾਪੂ ਕਿਸ਼ਨ ਸਿੰਘ ਸਕੀਮੀਏ ਨੂੰ ਸਮਝੌਤਾ ਕਰਨ ਵੇਲੇ ਕਿਸੇ ਨੇ ਪੁੱਛਿਆ ਤੱਕ ਨਹੀਂ ਸੀ। ਬਾਪੂ ਨੂੰ ਮਜ਼ਦੂਰ ਜਮਾਤ 'ਤੇ ਇਸ ਗੱਲ ਦਾ ਰੰਜ ਨਹੀਂ ਸੀ, ਰੰਜ ਸੀ ਤਾਂ ਇਸ ਗੱਲ ਦਾ ਕਿ ਉਹਨਾਂ ਬਿਨਾਂ ਕੋਈ ਪ੍ਰਾਪਤੀ ਕੀਤਿਆਂ ਹਥਿਆਰ ਸੁੱਟ ਦਿੱਤੇ ਸਨ। ਬਾਪੂ ਨੂੰ ਦੁੱਖ ਸੀ ਤਾਂ ਇਹ ਕਿ ਵਿਹੜੇ ਵਾਲਿਆਂ ਨੂੰ ਕੋਈ ਵੀ ਐਰਾ-ਗੈਰਾ ਗੁੰਮਰਾਹ ਕਰ ਸਕਦਾ। ਉਹਨਾਂ ਨੂੰ ਕੌਣ ਦੁਸ਼ਮਣ ਐ, ਕੌਣ ਦੋਸਤ, ਇਸ ਗੱਲ ਦਾ ਗਿਆਨ ਹੀ ਨਹੀਂ।

ਗਿਆਨ ਤਾਂ ਬੀਬੀ ਗਿਆਨ ਕੌਰ ਨੂੰ ਵੀ ਕੋਈ ਨਹੀਂ ਕਿ ਉਸ ਤੋਂ ਕੀ ਕਰਵਾਇਆ ਜਾ ਰਿਹਾ। ਉਹ ਤਾਂ ਟਿਵਾਣੇ ਤੇ ਬੋਹਤ ਵਰਗਿਆਂ ਦੇ ਹੱਥਾਂ ਦੀ ਕਠਪੁਤਲੀ ਬਣੀ ਹੋਈ ਹੈ।

ਕਠਪੁਤਲੀ ਤਾਂ ਮੈਂ ਵੀ ਬਣ ਸਕਦਾ ਸਾਂ, ਆਪਣੇ ਜੁਆਇੰਟ ਡਾਇਰੈਕਟਰ ਨਿਰਵੈਰ ਸਿੰਘ ਦੇ ਹੱਥਾਂ 'ਚ।

ਨਿਰਵੈਰ ਸਿੰਘ, ਜੋ ਜਾਤੀਵਾਦ ਦੇ ਰੋਗ ਨਾਲ ਪੀੜਤ ਹੈ। ਜੋ ਹਰ ਵਕਤ ਬਹਾਨਾ ਲੱਭਦਾ ਰਹਿੰਦਾ ਕਿ ਕਿਵੇਂ ਕਿਸੇ ਦਲਿਤ ਕਰਮਚਾਰੀ, ਅਧਿਕਾਰੀ ਦਾ ਰਿਕਾਰਡ ਖਰਾਬ ਕੀਤਾ ਜਾਵੇ। ਉਸਨੇ ਮੈਨੂੰ ਫੋਨ ਤੇ ਵਾਰ-ਵਾਰ ਸੀਨੀਅਰ ਸਹਾਇਕ ਮਹਿੰਦਰ ਸਿੰਘ ਦਾ ਰਿਕਾਰਡ ਖਰਾਬ ਕਰਨ ਲਈ ਹਿਦਾਇਤ ਕੀਤੀ ਸੀ।

-ਯੁਧਵੀਰ ਸਿੰਘ ਐਸ ਸੀ ਕਰਮਚਾਰੀਆਂ ਦਾ ਰਿਕਾਰਡ ਨਈਂ ਬਨਣ ਦੇਣਾ।"

-ਕਿਉਂ ਸਰ?"

-ਸਾਲੀਆਂ ਜਾਤਾਂ ਅੱਗੇ ਹੀ ਅੱਗੇ ਵਧਦੀਆਂ ਤੁਰੀਆਂ ਜਾਂਦੀਆਂ। ਨੌਕਰੀ ਲੱਗਣ ਵੇਲੇ ਵੀ ਰੀਜ਼ਰਵੇਸ਼ਨ-ਪਰਮੋਸ਼ਨ ਵੇਲੇ ਵੀ। ਇਹਨਾਂ ਨੂੰ ਨੱਥ ਪਾਉਣ ਦਾ ਇਕੋ ਤਰੀਕਾ-ਰਿਕਾਰਡ ਖਰਾਬ ਕੀਤਾ ਜਾਵੇ। ਨਾ ਰਿਕਾਰਡ ਠੀਕ ਹੋਵੇ, ਨਾ ਤਰੱਕੀ ਲਈ ਇਲੀਜ਼ੀਬਲ ਹੋਣ।"

-ਸਰ ਇਹ ਤਾਂ ਪੂਰੀ ਤਰ੍ਹਾਂ ਸੰਵਿਧਾਨ, ਮਨੁੱਖਤਾ ਤੇ ਰੱਬ ਦੇ ਖਿਲਾਫ ਐ। ਆਪਣੇ ਧਰਮ ਦੇ ਵੀ ਖਿਲਾਫ ਐ।"

-ਸਾਡੀ ਸਿੱਖ ਕੌਮ 'ਚ ਆਹੀ ਭੈੜ ਐ....ਅਸੀਂ ਖਾਹਮਖਾਹ ਧਰਮ-ਅਧਰਮ ਦੇ ਚੱਕਰ 'ਚ ਪੈ ਜਾਨੇ।"

-ਸਰ ਅਸੀਂ ਸਿੱਖ ਦੋਸ਼ ਲਾਉਂਦੇ ਹਾਂ ਕਿ ਸਾਨੂੰ ਦੇਸ਼ ਅੰਦਰ ਦੂਜੇ ਨੰਬਰ ਦੇ ਸ਼ਹਿਰੀ ਸਮਝਿਆ ਜਾ ਰਿਹਾ ਪਰ ਖੁਦ ਅਸੀਂ ਸਮਾਜ ਦੇ ਸਭ ਤੋਂ ਹੇਠਲੇ ਡੰਡਿਆਂ 'ਤੇ ਬੈਠੇ ਲੋਕਾਂ ਨਾਲ ਚੌਥੇ ਦਰਜ਼ੇ ਦੇ ਸ਼ਹਿਰੀਆਂ ਵਾਲਾ ਸਲੂਕ ਕਰਦੇ ਹਾਂ।"

-ਤੂੰ ਸਿੱਧਾ ਕਿਉਂ ਨੀ ਕਹਿੰਦਾ ਕਿ ਕੋਟੇ ਵਾਲਿਆਂ ਦੇ ਗਰੁੱਪ 'ਚ ਸ਼ਾਮਿਲ ਐਂ।" ਜੁਆਇੰਟ ਡਾਇਰੈਕਟਰ ਨੇ ਪੂਰਾ ਮਹਿਕਮਾ ਰੀਜ਼ਰਵ ਤੇ ਗੈਰ-ਰੀਜ਼ਰਵ ਗਰੁੱਪਾਂ ਵਿੱਚ ਵੰਡ ਦਿੱਤਾ ਹੈ। ਇੱਕ ਗਰੁੱਪ ਵਾਲੇ ਦੂਜੇ ਗਰੁੱਪ ਵਾਲਿਆਂ ਦਾ ਨੁਕਸਾਨ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਗਵਾਉਂਦੇ। ਮਹਿਕਮੇ ਵਿੱਚ ਕਰਮਚਾਰੀਆਂ ਦੀਆਂ ਗੁਪਤ ਰਿਪੋਰਟਾਂ ਵੀ ਜਾਤਾਂ ਦੇ ਹਿਸਾਬ ਨਾਲ ਲਿਖੀਆਂ ਜਾਂਦੀਆਂ ਹਨ। ਮੈਂ ਨਿਰਵੈਰ ਸਿੰਘ ਵਰਗਿਆਂ ਦੀਆਂ ਅੱਖਾਂ ਦਾ ਤਿਣ ਹਾਂ ਤਾਂ ਇਸਦਾ ਕਾਰਨ ਹੈ ਕਿ ਉਹਨਾਂ ਦੇ ਆਖੇ ਰੀਜ਼ਰਵੇਸ਼ਨ ਰਾਹੀਂ ਭਰਤੀ ਹੋਏ ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਖਰਾਬ ਨਹੀਂ ਕਰਦਾ। ਜੁਆਇੰਟ ਡਾਇਰੈਕਟਰ ਨਿਰਵੈਰ ਸਿੰਘ ਤੇ ਉਸਦੇ ਗਰੁੱਪ ਵਾਲੇ....ਭੜਾਸ ਕੱਢਦੇ ਰਹਿੰਦੇ ਨੇ।

-ਰੀਜ਼ਰਵੇਸ਼ਨ ਨਹੀਂ ਹੋਣੀ ਚਾਹੀਦੀ। ਇਸ ਕਰਕੇ ਅਯੋਗ ਬੰਦੇ ਨੌਕਰੀਆਂ ਵਿੱਚ ਭਰਤੀ ਹੁੰਦੇ ਨੇ।"

ਇਕ ਵਾਰ ਮੈਥੋਂ ਸੱਚ ਆਖਿਆ ਗਿਆ ਸੀ,

-ਆਪਾਂ ਸਾਰੇ ਵੀ ਤਾਂ ਰੀਜ਼ਰਵੇਸ਼ਨ ਲੈ ਕੇ ਆਏ ਹਾਂ।"

ਕੋਈ ਮੁੱਖ ਮੰਤਰੀ ਦੇ ਹਲਕੇ ਦਾ।

ਕੋਈ ਡਾਇਰੈਕਟਰ ਦਾ ਭਤੀਜਾ।

ਕੋਈ ਮੰਤਰੀ ਦਾ ਦੋਹਤਾ।

ਕੋਈ ਜੁਆਈ...ਤੇ ਕੋਈ ਜੁਆਈ ਦਾ ਭਾਈ।

ਲਾ-ਪਾ ਕੇ ਇਹੀ ਯੋਗਤਾ ਹੈ ਆਪਣੀ-ਨਹੀਂ ਥਰਡ ਕਲਾਸ ਬੀ. ਏ. ਤੇ ਅਫ਼ਸਰੀ ਦਾ ਮੇਲ ਕੋਈ ਨਹੀਂ।

ਮੇਰੀਆਂ ਖਰੀਆਂ-ਖਰੀਆਂ ਸੁਣ ਕੇ ਝੱਗ ਵਾਂਗੂੰ ਥਾਏਂ ਬੈਠ ਜਾਂਦੇ ਨੇ। ਕਈ ਤਾਂ ਬੁਰੀ ਤਰ੍ਹਾਂ ਚਿੜ੍ਹ ਜਾਂਦੇ ਹਨ।

ਚਿੜ੍ਹ ਤਾਂ ਮੈਥੋਂ ਆਰ. ਕੇ. ਬੋਹਤ ਵੀ ਜਾਂਦਾ ਹੈ ਜਦੋਂ ਉਸਨੂੰ ਦਲਿਤਾਂ ਦਾ ਜਾਅਲੀ ਮਸੀਹਾ ਆਖਿਆ ਜਾਂਦਾ ਹੈ।

ਕਦੇ ਉਹ ਆਪਣੇ ਆਪ ਨੂੰ ਅੰਬੇਡਕਰਵਾਦੀ ਦੀ ਆਖਦਾ ਹੈ।

ਕਦੇ ਜਗਜੀਵਨ ਰਾਮ-ਕਦੇ ਬੂਟਾ ਸਿੰਘ ਉਸ ਲਈ ਦਲਿਤਾਂ ਦਾ ਸਭ ਤੋਂ ਵੱਡਾ ਨੇਤਾ ਬਣ ਜਾਂਦਾ ਹੈ।

ਕਦੇ ਕਾਂਸ਼ੀ ਰਾਮ ਦੀ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਦੀ ਲਹਿਰ ਹੀ ਦਲਿਤਾਂ ਦੇ ਕਲਿਆਣ ਦਾ ਮਾਰਗ ਦਿੱਸਦੀ ਹੈ।

ਕਦੇ ਮਾਇਆਵਤੀ ਦੀ ਸ਼ੋਸਲ-ਇੰਜਨੀਅਰਿੰਗ ਦੀ ਥਿਊਰੀ ਦੇ ਗੁਣ-ਗਾਣ ਕਰਦਾ ਹੈ।

ਕਦੇ ਰਾਮ ਵਿਲਾਸ ਪਾਸਵਾਨ ਹੀ ਉਸਨੂੰ ਦਲਿਤਾਂ ਦਾ ਅਸਲ ਮੁਕਤੀਦਾਤਾ ਨਜ਼ਰ ਆਉਂਦਾ ਹੈ।

ਕਦੇ ਉਸਨੂੰ ਜਾਪਣ ਲੱਗਦਾ ਹੈ ਕਿ ਕੇਵਲ ਉਹੀ ਦਲਿਤਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਵਾਲਾ ਸਿਰਲੱਥ ਯੋਧਾ ਹੈ, ਬਾਕੀ ਸਾਰੇ ਦਲਿਤ ਲੀਡਰ ਤਾਂ ਨਿਕੰਮੇ, ਨਾ ਅਹਿਲ ਤੇ ਵਿਕਾਊ ਹਨ।

ਗੱਲ ਕੀ ਬੋਹਤ ਤਾਂ ਰੋਹੀਵਾਲ ਵਾਲੇ ਹੱਡੀ ਚੂਸਣਿਆਂ ਵਾਂਗ ਪੌਣ ਕੁੱਕੜ ਹੈ ਜੋ ਹਵਾ ਦੇ ਰੁੱਖ ਅਨੁਸਾਰ ਘੁੰਮ ਜਾਂਦਾ ਹੈ।

ਹੱਡੀ ਚੂਸਣੇ ਵੀ ਹਵਾ ਦਾ ਰੁੱਖ ਵੇਖ ਘੁੰਮ ਜਾਂਦੇ ਰਹੇ ਹਨ।

ਹੱਡੀ ਚੂਸਣਾ ਨੰਬਰਦਾਰ ਨਰੈਣ ਸਿੰਹੁ ਦੇਸ਼ ਭਗਤਾਂ ਦੇ ਭੇਦ ਅੰਗਰੇਜ਼ੀ ਸਰਕਾਰ ਨੂੰ ਦਿੰਦਾ ਰਿਹਾ। ਥਾਣੇ ਆਉਣ-ਜਾਣ ਬਣਿਆ ਰਹਿੰਦਾ ਸੀ। ਥਾਣੇ ਕਚਹਿਰੀਏ ਉਸਦੀ ਸੱਦ-ਪੁੱਛ ਸੀ।

ਆਜ਼ਾਦੀ ਮਿਲਦਿਆਂ ਹੀ ਨੰਬਰਦਾਰ ਤੇ ਪਰਿਵਾਰ ਖੱਦਰਧਾਰੀ ਬਣ ਕੇ 'ਬਾਪੂ ਗਾਂਧੀ' ਤੇ 'ਨਹਿਰੂ' ਜੀ ਦੇ ਗੁਣ-ਗਾਣ ਕਰਨ ਲੱਗਾ।

ਨੰਬਰਦਾਰ ਨੇ ਆਜ਼ਾਦੀ ਘੁਲਾਟੀਆ ਹੋਣ ਦਾ ਸਰਟੀਫਿਕੇਟ ਤੇ ਤਾਮਰ ਪੱਤਰ ਵੀ ਡੁੱਕ ਲਿਆ। ਅਜ਼ਾਦੀ ਘੁਲਾਟੀਆਂ ਦੇ ਕੋਟੇ ਵਿੱਚੋਂ ਪੈਟਰੋਲ ਪੰਪ ਲੈ ਲਿਆ।

ਪੋਤਾ ਅਫਸਰ ਭਰਤੀ ਕਰਵਾ ਲਿਆ।

ਹਰ ਸਾਲ ਆਜ਼ਾਦੀ ਦਿਹਾੜੇ 'ਤੇ ਪ੍ਰਸ਼ਾਸਨ ਵੱਲੋਂ ਉਚੇਚਾ ਸਨਮਾਨ ਕੀਤਾ ਜਾਂਦਾ ਰਿਹਾ।

ਸਰਕਾਰ ਕੋਈ ਰਹੀ-ਹੱਡੀ ਚੂਸਣੇ ਸਰਕਾਰ ਭਗਤ ਰਹੇ।

ਅੰਗਰੇਜ਼ੀ ਰਾਜ ਸੀ-ਹੱਡੀ ਚੂਸਣੇ ਮਹਾਰਾਣੀ ਵਿਕਟੋਰੀਆ ਦੇ ਅਨਿਨ ਭਗਤ ਰਹੇ।

ਜਵਾਹਰ ਲਾਲ ਨਹਿਰੂ ਉਹਨਾਂ ਲਈ ਅਜ਼ਾਦ ਭਾਰਤ ਦਾ ਨਿਰਮਾਤਾ ਸੀ।

ਇੰਦਰਾ ਗਾਂਧੀ ਉਹਨਾਂ ਲਈ ਦੁਰਗਾ ਦੇਵੀ ਦਾ ਰੂਪ ਸੀ।

ਫੇਰ ਜਨਸੰਘੀਏ, ਭਾਰਤੀ ਜਨਤਾ ਪਾਰਟੀ ਬਣ ਕੇ ਲਾਲ ਕਿਲ੍ਹੇ ਤੇ ਤਿਰੰਗਾ ਲਹਿਰਾਉਣ ਲੱਗੇ-ਹੱਡੀ ਚੂਸਣੇ ਰਾਮ ਪੂਜਕ ਬਣ ਗਏ।

-ਤੇ ਇਹਨਾਂ ਹੱਡੀ ਚੂਸਣਿਆਂ ਦਾ ਹੋਣਹਾਰ ਗੁਰਸੇਵਕ ਸਿੰਘ ਟਿਵਾਣਾ ਅਫ਼ਸਰ ਬਣ ਕੇ ਦੋਵੇਂ ਹੱਥੀਂ ਦੇਸ਼ ਸੇਵਾ ਕਰੀ ਜਾ ਰਿਹਾ।

ਹੱਡੀ ਚੂਸਣੇ, ਪੁੱਠੇ ਪੈਰੀਏ ਤੇ ਬੋਹਤ ਵਰਗੇ ਤਾਂ ਪਹਿਲਾਂ ਵੀ ਦੇਸ਼ ਸੇਵਕ ਸਨ ਤੇ ਅੱਜ ਵੀ ਦੇਸ਼ ਸੇਵਾ ਕਰੀ ਜਾਂਦੇ ਨੇ ਪਰ ਕਿਸ਼ਨ ਸਿੰਘ ਸਕੀਮੀਆ ਉਰਫ਼ ਲਾਲ ਸਲਾਮ ਵਰਗੇ ਗੋਰੇ ਅੰਗਰੇਜ਼ਾਂ ਦੇ ਰਾਜ ਵੇਲੇ ਵੀ ਦੋਸ਼ੀ ਸਨ ਤੇ 'ਕਾਲੇ ਅੰਗਰੇਜ਼ਾਂ' ਦੇ ਰਾਜ ਵੇਲੇ ਵੀ।

ਅੰਗਰੇਜ਼ੀ ਰਾਜ ਵੇਲੇ ਉਸਨੇ ਢਾਈ ਸਾਲ ਕੈਦ ਕੱਟੀ। ਪੁਲਿਸ ਰਿਕਾਰਡ ਵਿੱਚ ਅੱਜ ਤੱਕ ਉਸਦਾ ਨਾਂ ਖਤਰਨਾਕ ਅਪਰਾਧੀ ਵੱਜੋਂ ਦਰਜ ਹੈ। ਆਜ਼ਾਦੀ ਘੁਲਾਟੀਆ ਹੋਣ ਦਾ ਕੋਈ ਤਾਮਰ ਪੱਤਰ ਵੀ ਉਸਨੂੰ ਨਸੀਬ ਨਹੀਂ ਹੋਇਆ। ਦੋਸ਼ ਉਸਦਾ ਇਹ ਸੀ ਕਿ ਅੰਗਰੇਜ਼ਾਂ ਖਿਲਾਫ ਲੜ ਰਹੇ ਦੇਸ਼ ਭਗਤਾਂ ਨੂੰ ਪਨਾਹ ਦਿੰਦਾ ਸੀ।

ਦੇਸੀ ਅੰਗਰੇਜ਼ਾਂ ਦੇ ਰਾਜ ਵਿੱਚ ਕਿਸ਼ਨ ਸਿੰਘ ਸਕੀਮੀਆ ਉਰਫ਼ ਲਾਲ ਸਲਾਮ 'ਤੇ ਦੋਸ਼ ਲਾਇਆ ਗਿਆ ਕਿ ਉਸਨੇ ਮਜ਼੍ਹਬੀਆਂ ਦੀ ਧਰਮਸ਼ਾਲਾ ਵਿੱਚੋਂ ਭਾਂਡੇ ਚੋਰੀ ਕੀਤੇ ਹਨ। ਦੋਸ਼ ਲਾਉਣ ਵਾਲਿਆਂ ਇਹ ਨਹੀਂ ਸੀ ਸੋਚਿਆ ਕਿ ਇਹ ਭਾਂਡੇ ਸਕੀਮੀਏ ਨੇ ਆਪਣੀ ਜੇਬ 'ਚੋਂ ਖਰਚ ਕਰਕੇ, ਧਰਮਸ਼ਾਲਾ ਨੂੰ ਦਾਨ ਕੀਤੇ ਸਨ। 'ਚੱਕਵੇਂ ਪੈਰਾਂ ਵਾਲਿਆਂ' ਪੁਲੀਸ ਕੋਲ ਸ਼ਿਕਾਇਤ ਵਿਹੜੇ ਦੇ ਪੰਚ ਸੂਰਜ ਲਫੈਂਡ ਕੋਲੋਂ ਕਰਵਾਈ ਸੀ। ਉਹ ਵਿਹੜੇ ਵਾਲਿਆਂ ਹੱਥੋਂ ਹੀ ਸਕੀਮੀਏ ਨੂੰ ਜਲੀਲ ਕਰਵਾਉਣਾ ਚਾਹੁੰਦੇ ਸਨ।

ਸਕੀਮੀਏ ਨੂੰ ਫੜ ਕੇ ਲਿਜਾਣ ਦੇ ਦੋ-ਢਾਈ ਘੰਟਿਆਂ ਦੇ ਵਿੱਚ ਹੀ ਮੇਜਾ ਸਿੰਹੁ ਕਿਰਤੀ ਨੇ ਸੈਂਕੜੇ ਖੇਤ ਮਜ਼ਦੂਰ ਇਕੱਠੇ ਕਰਕੇ ਥਾਣੇ ਅੱਗੇ ਧਰਨਾ ਲਾ ਦਿੱਤਾ ਸੀ।

ਆਥਣ ਹੁੰਦੇ ਤੱਕ ਹਜ਼ਾਰਾਂ ਮਜ਼ਦੂਰਾਂ ਨੇ ਥਾਣੇ ਨੂੰ ਘੇਰ ਲਿਆ ਸੀ। ਗੱਲ ਵਿਗੜਦੀ ਵੇਖ ਥਾਣੇਦਾਰ ਨੂੰ ਧਰਨੇ ਵਿਚ ਆ ਕੇ ਕੇਸ ਵਾਪਸ ਲੈਣ ਦਾ ਐਲਾਨ ਕਰਨਾ ਪਿਆ। ਇੰਨਾ ਹੀ ਨਹੀਂ ਝੂਠਾ ਕੇਸ ਦਰਜ ਕਰਵਾਉਣ ਬਦਲੇ ਸੂਰਜੂ ਲਫੈਂਡ ਨੂੰ ਵੀ ਧਾਰਾ 182 ਤਹਿਤ ਅੰਦਰ ਧੱਕਣਾ ਪਿਆ।

'ਚੱਕਵੇਂ ਪੈਰਾਂ ਵਾਲਿਆਂ' ਦੀ ਸਾਰੀ ਚਾਲ ਪੁਠੀ ਹੋ ਗਈ ਸੀ।

ਕਿਸ਼ਨ ਸਿੰਘ ਸਕੀਮੀਆ ਜੇਤੂ ਜਰਨੈਲ ਵਾਂਗ ਹੱਸਦਾ-ਹੱਸਦਾ ਬਾਹਰ ਆਇਆ ਸੀ।

-ਲੋਕਾਂ ਖਾਤਰ ਲੜਨ ਦੀ ਐਨੀ ਕੁ ਕੀਮਤ ਤਾਂ ਚੁਕਾਉਣੀ ਹੀ ਪੈਂਦੀ ਐ।" ਉਹ ਮੁਸਕਰਾਇਆ ਸੀ।

ਹੁਣ ਮੇਰੇ ਭਾਵ ਕਿਸ਼ਨ ਸਿੰਘ ਸਕੀਮੀਏ ਉਰਫ਼ ਲਾਲ ਸਲਾਮ ਦੇ ਪੋਤੇ ਯੁਧਵੀਰ ਸਿੰਘ



ਉਪਰ ਲਾਇਆ ਦੋਸ਼, ਸਕੀਮੀਏ 'ਤੇ ਲਾਏ ਦੋਸ਼ ਨਾਲੋਂ ਕਿਤੇ ਗੰਭੀਰ ਹੈ।

ਮੈਨੂੰ ਪਤਾ ਚਾਲ ਤਾਂ ਬੋਹਤ ਵਰਗਿਆਂ ਦੀ ਵੀ ਪੁੱਠੀ ਕੀਤੀ ਜਾ ਸਕਦੀ ਐ ਪਰ ਇਸ ਲਈ ਲੜਨਾ ਪਏਗਾ।

ਪ੍ਰੇਸ਼ਾਨ ਜ਼ਰੂਰ ਹਾਂ। ਨਿਰਾਸ਼ ਨਹੀਂ। ਉਦਾਸ ਹੋ ਜਾਂਦਾ ਹਾਂ ਤਾਂ ਲੱਗਦਾ ਹੈ ਜਿਵੇਂ ਬਾਪੂ ਕਿਸ਼ਨ ਸਿੰਘ ਕੋਲ ਆ ਖੜ੍ਹੋਤਾ ਹੋਵੇ। ਜਿਵੇਂ ਆਖ ਰਿਹਾ ਹੋਵੇ,

-ਯੁਧਵੀਰ ਸਿਆਂ! ਇਨਸਾਫ ਲੈਣ ਲਈ ਯੁੱਧ ਤਾਂ ਲੜਨਾ ਹੀ ਪੈਂਦਾ। ਭੀੜ 'ਚੋ ਅਲੱਗ ਖੜ੍ਹਾ ਰਹਿ। ਲੋਕਾਂ ਖਾਤਰ ਲੜਨ ਦੀ ਐਨੀ ਕੁ ਕੀਮਤ ਤਾਂ ਚੁਕਾਉਣੀ ਹੀ ਪੈਂਦੀ ਐ। ਲੜੀ ਚੱਲ, ਦਿਲ ਨਾ ਛੱਡੀਂ। ਮੇਜਾ ਸਿੰਹੁ ਕਿਰਤੀ ਵਰਗੇ ਅਜੇ ਬਥੇਰੇ ਨੇ....।"

## ਸੁੱਖਮਣੀ/ਸਾਂਵਲ ਧਾਮੀ (19-6-1969)

ਪਿੰਡ ਦੀ ਜੂਹ ਤੋਂ ਪਾਰ,ਅੱਗ 'ਤੇ ਤਪਾਏ ਤਾਂਬੇ ਦੇ ਥਾਲ ਵਰਗਾ, ਸੂਰਜ ਡੁੱਬ ਰਿਹਾ ਹੈ। ਟਾਹਲੀਆਂ ਦੀਆਂ ਨਿੱਪਤਰੀਆਂ ਟਾਹਣੀਆਂ 'ਚ ਫਸ ਕੇ ਲਹੂ-ਲੁਹਾਨ ਹੋਇਆ। ਉਸਦੀ ਲਾਲਗੀ ਨਾਲ ਸਿਵਿਆਂ 'ਚ ਪਈ ਟੀਨ ਵਾਲੀ ਛੱਤ ਇਉਂ ਲਿਸ਼ਕ ਰਹੀ ਏ ਜਿਉਂ ਲਟ-ਲਟ ਬਲ਼ਦੀ ਚਿਤਾ 'ਚੋਂ ਅੱਗ ਦੀਆਂ ਲਪਟਾਂ ਉੱਠ ਰਹੀਆਂ ਹੋਣ।

'ਪਿੰਡ 'ਚੋਂ ਉੱਠ ਕੇ ਕਿੰਨੇ ਸੂਰਜ ਓਸ ਥਾਂ ਐਸੇ ਅਸਤ ਹੋਏ ਕਿ ਮੁੜ ਨਾ ਚੜ੍ਹੇ।' ਮੈਂ ਦੁਖੀ ਮਨ ਨਾਲ ਸੋਚਿਆ ਏ।

'ਸੂਰਜ ਤਾਂ ਕੱਲ੍ਹ ਫਿਰ ਚੜ੍ਹੇਗਾ,ਪਰ ਦਾਦੀ-ਮਾਂ..?' ਹੁਣ ਮੇਰੀਆਂ ਅੱਖਾਂ ਵਿਚ ਅੱਥਰੂ ਛਲਕ ਆਏ ਨੇ।

ਨਜ਼ਰ ਨੂੰ ਲਹਿੰਦੇ ਵਲੋਂ ਮੋੜ ਕੇ ਮੈਂ ਗਵਾਂਢੀ ਬੰਤੇ ਦੇ ਘਰ ਦੇ ਵਿਹੜੇ 'ਚ ਖੜੀ ਧਰੇਕ 'ਤੇ ਟਿਕਾਉਂਦਾ ਹਾਂ। ਬਾਲ-ਰੁੱਤੇ ਮੈਂ ਸਾਰਾ-ਸਾਰਾ ਦਿਨ ਇਸ ਦੀ ਛਾਵੇਂ ਖੇਡਦਾ ਰਹਿੰਦਾ ਸਾਂ। ਦਾਦੀ-ਮਾਂ ਹਾਕਾਂ ਮਾਰਦੀ ਰਹਿੰਦੀ। ਕਦੇ-ਕਦੇ ਉਹ ਕਾਹਲੇ-ਕਾਹਲੇ ਕਦਮਾਂ ਨਾਲ ਆਉਂਦੀ ਤੇ ਮੈਨੂੰ ਬਾਂਹੋਂ ਫੜ ਘੜੀਸਦੀ ਹੋਈ ਘਰ ਵਲ ਲੈ ਤੁਰਦੀ।

ਧਰੇਕ ਤਾਂ ਲੱਗਪਗ ਸੁੱਕ ਗਈ ਏ।

ਕੁਝ ਸਮਾਂ ਪਹਿਲਾਂ ਤੱਕ ਇਸ ਘਰ 'ਚ ਬੜੀਆਂ ਰੌਣਕਾਂ ਹੁੰਦੀਆਂ ਸਨ। ਕੁਝ ਜੀਅ ਪਰਦੇਸ ਤੁਰ ਗਏ ਤੇ ਕੁਝ ਮੜੀਆਂ ਵਲ।...ਤੇ ਹੁਣ ਇਸ ਘਰ 'ਚੋਂ ਇਕ ਖੋਲ਼ਾ ਨਕਸ਼ ਉਭਾਰਨ ਲੱਗ ਪਿਆ ਏ।

ਦਾਦੀ ਮਾਂ ਠੀਕ ਕਹਿੰਦੀ ਸੀ ਕਿ ਘਰ ਬੰਦਿਆਂ ਨਾਲ ਹੀ ਹੁੰਦੇ ਨੇ। ਬੰਦਿਆਂ ਦੀ ਹਾਰ ਚੁੱਲ੍ਹਿਆਂ 'ਚ ਘਾਹ ਉਗਾ ਦਿੰਦੀ ਏ।

ਜੇ ਦਾਦੀ ਮਾਂ ਵੀ ਦਿਲ ਹਾਰ ਬਹਿੰਦੀ...? ਫਿਰ ਸਾਡੇ ਘਰ ਦੇ ਹਾਲਾਤ ਸ਼ਾਇਦ ਬੰਤੇ ਦੇ ਘਰ ਨਾਲੋਂ ਵੀ ਬਦਤਰ ਹੁੰਦੇ।

ਉਸਨੇ ਅਸਾਨੂੰ ਸ਼ਰੀਕਾਂ ਤੇ ਤੱਤੀਆਂ-ਠੰਡੀਆਂ ਹਵਾਵਾਂ ਕੋਲੋਂ ਇੰਝ ਬਚਾਇਆ,ਜਿਉਂ ਹਰਨਾਲੀ ਦੇ ਮੂਹਰੇ ਵਿਲਕ-ਵਿਲਕ ਕੇ ਟਟੀਹਰੀ ਆਪਣੇ ਮਸੂਮ ਬੋਟਾਂ ਨੂੰ ਬਚਾ ਲੈਂਦੀ ਏ।

'ਹੱਡੀਆਂ ਦੀ ਮੁੱਠ' ਬਣੀ ਉਹ ਔਰਤ,ਅੱਜ ਆਖਰੀ ਸਾਹ ਲੈ ਰਹੀ ਏ।

ਛੱਤ 'ਤੇ ਆਉਣ ਤੋਂ ਪਹਿਲਾਂ ਮੈਂ ਉਸਦੇ ਕੋਲ਼ ਬੈਠਾ ਸਾਂ।

ਭਾਬੀ ਥੋੜ੍ਹੇ-ਥੋੜ੍ਹੇ ਵਕਫੇ ਦੇ ਬਾਅਦ ਉਸਦੇ ਮੂੰਹ 'ਚ ਪਾਣੀ ਦਾ ਚਮਚਾ ਪਾ ਰਹੀ ਸੀ।

***

ਮੈਂ ਹਫਤਾ ਕੁ ਪਹਿਲਾਂ ਘਰੋਂ ਗਿਆ ਸਾਂ। ਚੰਗੀ-ਭਲੀ ਸੀ ਉਹ। ਮੰਜੇ 'ਤੇ ਬੈਠੀ ਮੈਨੂੰ ਨਿੱਕੇ-ਨਿੱਕੇ ਮਖ਼ੌਲ ਕਰ ਰਹੀ ਸੀ,"ਦੇਖੀਂ ਚੰਡੀਗੜ੍ਹੋਂ ਕੋਈ ਪਟਿਆਂ ਵਾਲੀ ਨਾ ਲੈ ਆਈਂ। ਸਾਨੂੰ ਤਾਂ ਉਦ੍ਹੀ ਗਿੱਟ-ਮਿੱਟ ਵੀ ਸਮਝ ਨਈਂ ਔਣੀ ਪੇਂਡੂ ਗਵਾਰਾਂ ਨੂੰ।"

ਤੁਰਨ ਲੱਗਿਆਂ ਮੈਂ ਉਸਦੇ ਪੈਰ ਛੂਹੇ ਤਾਂ ਉਸਨੇ ਕਈ ਦੇਰ ਮੈਨੂੰ ਬੁੱਢੀਆਂ ਬਾਹਵਾਂ 'ਚ ਘੁੱਟੀ ਰੱਖਿਆ ਸੀ। ਉਹ ਹਰ ਵਾਰ ਮੈਨੂੰ ਇੰਜ ਹੀ ਤੋਰਦੀ। ਉਸਦੀਆਂ ਡੂੰਘੀਆਂ ਤੇ ਉਦਾਸ ਅੱਖਾਂ 'ਚ ਚਾਣਚੱਕ ਅੱਥਰੂ ਛਲਕ ਆਉਂਦੇ। ਪਰ ਅਗਲੇ ਹੀ ਪਲ,ਇਹਨਾਂ ਨੂੰ ਬੇਸ਼ਗਨੀ ਸਮਝਦੇ



ਹੋਏ,ਉਹ ਚੁੰਨੀ ਦੇ ਲੜ ਨਾਲ ਪੂੰਝ ਲੈਂਦੀ। ਸੌ-ਸੌ ਨਸੀਹਤਾਂ ਤੇ ਅਸੀਸਾਂ ਨਾਲ ਤੋਰਦੀ।

ਮੈਂ ਘਰ ਪਰਤਦਾ ਤਾਂ ਉਸਨੂੰ ਚਾਅ ਜਿਹਾ ਚੜ੍ਹ ਜਾਂਦਾ। ਬਹੁਤ ਵਾਰ ਆਖਦੀ,"ਪੜ੍ਹ-ਪੜ੍ਹ ਕੇ ਦਿਮਾਗ ਨਾ ਖਰਾਬ ਕਰ ਲਈਂ ਆਪਣਾ।" ..ਤੇ ਸਰ੍ਹੋਂ ਦੇ ਤੇਲ ਦੀ ਕੌਲੀ ਲੈ ਕੇ ਪੀੜ੍ਹੀ 'ਤੇ ਬੈਠ ਜਾਂਦੀ ਤੇ ਮੈਨੂੰ ਆਪਣੇ ਮੂਹਰੇ ਬਿਠਾ ਲੈਂਦੀ। ਸਿਰ 'ਚ ਤੇਲ ਝੱਸਦੀ ਉਹ ਇਕ ਗੱਲ ਜ਼ਰੂਰ ਸੁਣਾਉਂਦੀ,"ਕਿਸੇ ਧੀ ਦੀ ਡੋਲ਼ੀ ਤੁਰਨ ਲੱਗਿਆਂ ਮਾਂ ਨੇ ਨਸੀਹਤ ਕੀਤੀ ਸੀ- ਢਿੱਡੋਂ ਵਿਹੂਣੀ ਰਹੀਂ,ਪਰ ਧੀਏ ਸਿਰੋਂ ਵਿਹੂਣੀ ਨਾ ਰਹੀਂ।"

***

ਮੈਂ ਪਰਸੋਂ ਸ਼ਾਮ ਘਰ ਮੁੜਿਆ ਸਾਂ। ਉਹ ਅੱਧਮੈਲ਼ੀ ਰਜਾਈ ਦੇ ਹੇਠ ਬੇਸੁਰਤ ਪਈ ਸੀ ਉਸ ਮੰਜੇ 'ਤੇ,ਜਿਸ ਨੂੰ ਅਸੀਂ 'ਮਾਤਾ ਵਾਲ਼ੀ ਮੰਜੀ' ਕਹਿੰਦੇ ਹਾਂ। ਇਹ ਗੱਲ ਤਾਂ ਮੈਨੂੰ ਫੋਨ 'ਤੇ ਹੀ ਪਤਾ ਲੱਗ ਗਈ ਸੀ ਕਿ ਉਸਨੂੰ ਹਸਪਤਾਲੋਂ ਜਵਾਬ ਮਿਲ ਗਿਆ ਏ। ਹੁਣ ਸਾਰੇ 'ਆਖਰੀ ਸੇਵਾ' 'ਚ ਰੁੱਝੇ ਉਸਦੀ 'ਵਿਦਾਈ' ਦੀ ਤਿਆਰੀ ਕਰ ਰਹੇ ਨੇ।

ਮੈਂ ਪੈਰਾਂ ਵਾਲੀ ਥਾਂ ਤੋਂ ਰਜਾਈ ਨੂੰ ਛੂਹ ਕੇ ਉਸਦੀ ਸਰਹਾਂਦੀ ਬੈਠ ਗਿਆ ਸਾਂ।ਗੱਲਾਂ ਕਰਦੀਆਂ ਆਂਢਣਾਂ-ਗਵਾਂਢਣਾਂ ਕੁਝ ਦੇਰ ਲਈ ਚੁੱਪ ਹੋ ਗਈਆਂ ਸਨ।

ਦਾਦੀ ਦਾ ਚਿਹਰਾ ਮੈਨੂੰ ਝੁਰੜੀਆਂ ਦੀ ਮੁੱਠ ਜਿਹਾ ਲੱਗਿਆ ਸੀ। ਹਰ ਝੁਰੜੀ ਦੇ ਨਾਲ ਕਾਲ਼ੀ ਭਾਹ ਮਾਰਦੀ ਇਕ ਬਰੀਕ ਜਿਹੀ ਲਕੀਰ ਉੱਭਰ ਆਈ ਸੀ। ਕੁਝ ਦਿਨਾਂ 'ਚ ਜਿਉਂ ਬਹੁਤ ਵੱਡਾ ਛੜੱਪਾ ਮਾਰਿਆ ਹੋਵੇ ਵਕਤ ਨੇ! ਕੇਡੀ ਬੁੱਢੀ ਹੋ ਗਈ ਸੀ ਦਾਦੀ-ਮਾਂ!!

ਮੈਂ ਮੱਥੇ 'ਤੇ ਹੱਥ ਰੱਖਿਆ ਤਾਂ ਉਸਨੇ ਨਿੱਕਾ ਜਿਹਾ ਹੁੰਗਰਾ ਭਰ ਕੇ ਹੌਲ਼ੀ-ਹੌਲ਼ੀ ਅੱਖਾਂ ਖੋਲ੍ਹੀਆਂ ਸਨ। ਆਪਣੇ ਚਿਹਰੇ 'ਤੇ ਝੁਕਿਆ ਮੇਰਾ ਚਿਹਰਾ ਵੇਖਕੇ ਉਸਦੀਆਂ ਥੱਕੀਆਂ ਤੇ ਉਦਾਸ ਅੱਖਾਂ 'ਚ ਕੂਲ਼ੀ ਜਿਹੀ ਹੈਰਾਨੀ ਉੱਭਰ ਆਈ ਸੀ। ਫਿਰ ਉਸਦੀ ਨਜ਼ਰ ਡੂੰਘੇਰੀ ਤੇ ਹੋਰ ਡੂੰਘੇਰੀ ਹੁੰਦੀ ਗਈ। ਅੱਖਾਂ ਵਿਚਲਾ ਡਰ,ਉਦਾਸੀ ਤੇ ਮੋਹ ਸੰਘਣੇ ਹੁੰਦੇ ਗਏ।ਝੁਰੜਾਏ ਹੋਠਾਂ ਤੋਂ ਉੱਭਰ ਕੇ ਇਕ ਬੇਬਸੀ ਭਰੀ ਮੁਸਕਾਨ ਉਸਦੇ ਚਿਹਰੇ ਦੀਆਂ ਝੁਰੜੀਆਂ 'ਚ ਗੁਆਚ ਗਈ।ਹੋਠ ਫਰਕੇ, ਪਰ ਉਹ ਕੁਝ ਬੋਲ ਨਾ ਸਕੀ। ਇਹ ਬੇਬਸੀ ਅੱਥਰੂ ਬਣਕੇ ਉਸਦੀਆਂ ਅੱਖੀਆਂ 'ਚ ਛਲਕ ਆਈ। ਉਸਨੇ ਹਉਕਾ ਭਰਕੇ ਅੱਖਾਂ ਮੀਟੀਆਂ ਤਾਂ ਅੱਥਰੂ ਅੱਖਾਂ 'ਚੋਂ ਨਿਕਲ ਕੇ ਝੁਰੜੀਆਂ 'ਚ ਅਲੋਪ ਹੋ ਗਏ ਸਨ।

ਮੈਂ ਚੁੱਪ ਬੈਠਾ ਉਸਨੂੰ ਵੇਖੀ ਜਾ ਰਿਹਾ ਸਾਂ।

ਪਲ ਕੁ ਬਾਅਦ ਧੌਣ ਭੁਆਂ ਕੇ ਉਸਨੇ ਫਿਰ ਅੱਖਾਂ ਖੋਲ੍ਹੀਆਂ ਸਨ। ਕਚੀਚੀ ਲੈਂਦਿਆਂ ਹਿੱਕ 'ਤੇ ਪਏ ਸੱਜੇ ਹੱਥ ਨੂੰ ਹਿਲਾਉਣ ਦੀ ਕੋਸ਼ਿਸ਼ ਕੀਤੀ, ਪਰ ਇਹ ਹਲਕੀ ਜਿਹੀ ਕੰਬਣੀ ਤੋਂ ਬਾਅਦ ਬੇਹਰਕਤ ਹੋ ਗਿਆ ਸੀ। ਭਾਬੀ ਨੇ ਉਸਦੀ ਖ਼ਾਹਸ਼ ਨੂੰ ਪੜ੍ਹ ਲਿਆ ਸੀ ਤੇ ਅਰਕ ਕੋਲੋਂ ਸੰਭਲ ਕੇ ਫੜਦਿਆਂ,ਉਸਦਾ ਸੱਜਾ ਹੱਥ ਮੇਰੇ ਝੁਕੇ ਸਿਰ 'ਤੇ ਟਿਕਾ ਦਿੱਤਾ ਸੀ।

"ਮਾਂ ਠੀਕ ਆਂ ਤੂੰ?" ਮੈਂ ਭਰੇ ਮਨ ਨਾਲ ਪੁੱਛਿਆ ਸੀ।

"ਹੂੰਅ" ਉਸਦੇ ਹੋਠ ਬੇਹਰਕਤ ਰਹੇ। ਉਸਨੇ ਧੁਰ ਅੰਦਰੋਂ ਹੁੰਗਾਰਾ ਭਰਿਆ ਸੀ।

"ਦੇਖ ਲਓ ਪਛਾਣ ਵੀ ਲਿਆ ਬਿੰਦਰ ਨੂੰ।" ਗਵਾਂਢਣ ਬੋਲੀ ਸੀ।

"ਨੀ ਮੋਹ ਵੀ ਬੜਾ ਸੀ ਭੈਣੇ। ਨਿੱਕੇ-ਨਿੱਕੇ ਤਾਂ ਸੀ,ਬੋਟਾਂ ਅਰਗੇ,ਜਦੋਂ ਸੀਸੋ ਤੁਰਗੀ। ਏਸ ਬੁੜੀ ਨੇ ਕਿੱਦਾਂ ਪਾਲ਼ੇ ਆ ਜਾਂ ਏਹ ਜਾਣਦੀ ਆ ਜਾਂ ਏ੍ਹਦਾ ਰੱਬ।" ਦੂਜੀ ਗਵਾਂਢਣ ਬੋਲੀ ਸੀ।

ਮੇਰੀਆਂ ਅੱਖਾਂ 'ਚ ਅੱਥਰੂ ਛਲਕ ਆਏ ਸਨ।

"ਨਾ ਉਏ ਛੋਟਿਆ। ਐਂ ਤਾਂ ਮਾਂ ਵਿਚਾਰੀ ਹੋਰ ਦੁਖੀ ਹੋਊ।" ਵੱਡੇ ਵੀਰੇ ਨੇ ਮੈਨੂੰ

ਕਲ਼ਾਵੇ 'ਚ ਲੈਂਦਿਆਂ ਕਿਹਾ ਸੀ।

ਦਾਦੀ ਮਾਂ ਦੇ ਹੋਠ ਹਿੱਲੇ ਤਾਂ ਅਸੀਂ ਉਸਦੇ ਮੂੰਹ 'ਤੇ ਸਿਰ ਝੁਕਾ ਲਏ ਸਨ।

"ਲਅੜਨਾ ਨਅਈਂ।" ਉਹ ਮੁਸ਼ਕਲ ਨਾਲ ਬੋਲੀ ਸੀ।

"ਕਅਠੇ ਰੈਅਣਾ,ਸ਼ਅਰੀਕਾਂ ਤੋਂ ਬਚਅ ਕੇ।" ਤੇ ਉਸਦੀ ਜ਼ੁਬਾਨ ਥਥਲਾ ਕੇ ਬੰਦ ਹੋ ਗਈ ਸੀ।

ਚਾਣਚੱਕ ਉਸਦੀਆਂ ਅੱਖਾਂ ਮੱਥੇ ਵਲ ਟੱਡੀਆਂ ਗਈਆਂ ਤੇ ਬੇਹਰਕਤ ਹੋ ਗਈਆਂ। ਚਿਹਰਾ ਸੱਜੇ ਪਾਸੇ ਵਲ ਸੁਤਿਆ ਗਿਆ।ਖੱਬੇ ਪਾਸਿਓਂ ਧੌਣ ਦੀ ਨਾੜ ਉੱਭਰ ਆਈ। ਉਹ ਆਪਣੇ ਦੰਦ-ਵਿਹੂਣੇ ਮੂੰਹ ਨੂੰ ਤੇਜ਼-ਤੇਜ਼ ਹਿਲਾਉਣ ਲੱਗੀ, ਜਿਉਂ ਕਿਸੇ ਅਦਿੱਖ ਠੋਸ ਸ਼ੈਅ ਨੂੰ ਚਬਾਉਣ ਦੀ ਅਸਫਲ ਕੋਸ਼ਿਸ਼ ਕਰ ਰਹੀ ਹੋਵੇ।ਭਾਬੀ ਨੇ ਕਾਹਲ਼ੀ ਨਾਲ ਉੱਠਦਿਆਂ ਪਾਣੀ ਦਾ ਚਮਚਾ ਉਸਦੇ ਮੂੰਹ 'ਚ ਪਾਇਆ, ਜੋ ਕਈ ਦੇਰ ਉਸਦੇ ਗਲ਼ 'ਚ ਗੜ੍ਹਕਦਾ ਰਿਹਾ ਸੀ।

"ਰਹਿ-ਰਹਿ ਕੇ ਏਦਾਂ ਈ ਦੌਰੇ ਪੈਂਦੇ ਆ,ਪਰਸੋਂ ਦੇ । ਵਿੱਚੇ ਠੀਕ ਹੋ ਜਾਂਦੀ ਏ।ਕਦੇ-ਕਦੇ ਤਾਂ ਪਤਾ ਨਈਂ ਕੀ ਬੜਬੜੌਂਦੀ ਆ।ਕਦੇ ਤਾਂ ਬੜੀਆਂ ਸ੍ਹੋਣੀਆਂ ਗੱਲਾਂ ਕਰਦੀ ਆ।ਫਿਰ ਝੱਟੇ ਮੂੰਹ ਵਿੰਗਾ ਹੋ ਜਾਂਦਾ,ਹੁਣ ਆਂਗੂ।" ਭਾਬੀ ਮੈਨੂੰ ਦੱਸਦੀ ਰਹੀ ਸੀ।

ਮੈਂ ਚੁੱਪਚਾਪ ਦਾਦੀ-ਮਾਂ ਦੇ ਚਿਹਰੇ ਵੱਲ ਵੇਖ ਰਿਹਾ ਸਾਂ।ਉਹ ਝੁਰੜਾਇਆ ਚਿਹਰਾ ਜਿਉਂ ਪਗਡੰਡੀਆਂ ਨਾਲ ਭਰਿਆ ਪਹਾੜ ਹੋਵੇ।ਮੈਂ ਪਤਾ ਨਹੀਂ ਕਦੋਂ, ਕਿਹੜੀ ਪਗਡੰਡੀ 'ਤੇ ਪੈਰ ਧਰ ਬੈਠਾ ਤੇ ਪਲ-ਪਲ ਅਤੀਤ ਦੀ ਖੱਡ ਵੱਲ ਉਤਰਦਾ ਗਿਆ। ਉਸ ਅਤੀਤ ਵਲ ਜੋ ਦਾਦੀ-ਮਾਂ ਨੇ ਸਾਨੂੰ ਬਾਤ ਵਾਂਗ ਸੁਣਾਇਆ ਹੋਇਆ ਏ।

***

ਪਿਉ ਦੀਆਂ ਜ਼ਿਆਦਤੀਆਂ ਮੇਰਾ ਬਾਪ ਬਚਪਨ ਤੋਂ ਹੀ ਝੱਲਦਾ ਆਇਆ ਸੀ। ਕਦੇ-ਕਦੇ ਪਿਉ ਉਸਦੇ ਕੇਸ ਕਿੱਲੀ ਨਾਲ ਬੰਨ੍ਹ ਦਿੰਦਾ।ਉਹ ਤੋਰੀ ਵਾਂਗ ਲਮਕਦਾ ਤੇ ਵਿਲਕਦਾ ਰਹਿੰਦਾ। ਦਾਦੀ-ਮਾਂ ਰੋਕਦੀ ਤਾਂ ਬਾਬਾ ਉਸਦਾ ਹੱਥ ਪਲੰਘ ਹੇਠ ਦੇ ਕੇ ਆਪ ਉੱਪਰ ਬੈਠ ਜਾਂਦਾ।ਇਸ ਤਰ੍ਹਾਂ ਦੇ ਕਲ੍ਹਾ-ਕਲੇਸ਼ ਵਾਲੇ ਮਾਹੌਲ 'ਚ ਮੇਰੇ ਬਾਪ ਨੇ ਬਚਪਨ ਬਿਤਾਇਆ ਸੀ। ਦਸਵੀਂ ਪਾਸ ਕਰਦਿਆਂ ਉਹ ਫ਼ੌਜ 'ਚ ਭਰਤੀ ਹੋ ਗਿਆ ਸੀ।

ਪਤਾ ਨਹੀਂ ਇਹ ਪਤਨੀ ਲਈ ਤੜਪ ਸੀ ਜਾਂ ਉਸਨੂੰ ਇਕੱਲਿਆਂ ਛੱਡਣ ਦਾ ਫਿਕਰ,ਉਹ ਸਾਢੇ ਸੱਤ ਸਾਲ ਦੀ ਨੌਕਰੀ ਤੋਂ ਬਾਅਦ,ਫ਼ੌਜ 'ਚੋਂ ਨਾਂ ਕਟਵਾ ਕੇ ਘਰ ਆ ਗਿਆ ਸੀ।ਉਸਨੇ ਫ਼ੌਜੀ ਤੋਂ ਕਿਸਾਨ ਹੋਣਾ ਕਬੂਲ ਕਰ ਲਿਆ ਸੀ।ਮਾਮਲੇ 'ਤੇ ਦਿੱਤੀ ਜ਼ਮੀਨ ਛੁਡਵਾ ਲਈ ਤੇ ਬਲ਼ਦਾਂ ਦੀਆਂ ਦੋ ਜੋਗਾਂ ਖਰੀਦ ਲਈਆਂ ਸਨ।ਇਕ ਜੋਗ ਖੁਰਲੀ 'ਤੇ ਪੱਠੇ ਖਾ ਰਹੀ ਜਾਂ ਅਰਾਮ ਕਰ ਹੁੰਦੀ ਤੇ ਦੂਸਰੀ ਪੰਜਾਲੀ 'ਚ ਜੁੜੀ ਸਿਰਾਂ ਨੂੰ ਸੁੱਟ ਕੇ ਮੇਰੇ ਬਾਪ ਦੇ ਮੂਹਰੇ-ਮੂਹਰੇ ਤੁਰ ਰਹੀ ਹੁੰਦੀ।

ਦਸ-ਬਾਰ੍ਹਾਂ ਸਾਲਾਂ 'ਚ ਮੇਰੇ ਬਾਪ ਨੇ ਵੀਹ ਕੁ ਬਲ਼ਦ ਹੰਢਾ ਲਏ ਸਨ। ਉਹ ਵੱਡੇ ਤੜਕੇ ਖੇਤਾਂ ਨੂੰ ਤੁਰ ਜਾਂਦਾ ਤੇ ਵੱਡੀ ਰਾਤੇ ਘਰ ਮੁੜਦਾ।ਅੱਗੋਂ ਸ਼ਰਾਬੀ ਬਾਪ ਗਾਲ੍ਹਾਂ ਕੱਢ ਰਿਹਾ ਹੁੰਦਾ। ਉਸਦੇ ਸੌਂ ਜਾਣ ਦੀ ਉਡੀਕ ਕਰਦਾ ਉਹ ਘਰ ਸਾਮ੍ਹਣਲੇ ਖੂਹ ਦੀ ਮੌਣ ਨਾਲ ਢਾਸਣਾ ਲਗਾ ਲੈਂਦਾ।ਥੱਕਿਆ-ਟੁੱਟਿਆ ਉਹ ਓਥੇ ਹੀ ਸੌਂ ਜਾਂਦਾ।ਬਾਬੇ ਦੀ ਅੱਖ ਲਗਦੀ ਤਾਂ ਦਾਦੀ-ਮਾਂ ਦੱਬੇ-ਦੱਬੇ ਪੈਰੀਂ ਜਾਂਦੀ ਤੇ ਆਪਣੇ ਪੁੱਤ ਨੂੰ ਉਠਾਲ ਲਿਆਉਂਦੀ।

ਮੇਰੀ ਮਾਂ ਖਾਂਦੇ-ਪੀਂਦੇ ਜੱਟਾਂ ਦੀ ਧੀ ਸੀ।ਉਸਨੇ ਆਪਣੇ ਪਤੀ ਦਾ ਹਰ ਤਰ੍ਹਾਂ ਸਾਥ ਦਿੱਤਾ।ਉਦੋਂ ਮੈਂ ਢਾਈ ਕੁ ਸਾਲਾਂ ਦਾ ਹੋਵਾਂਗਾ ਤੇ ਵੱਡਾ ਵੀਰਾ ਅੱਠ ਕੁ ਸਾਲਾਂ ਦਾ, ਮੇਰੀ ਮਾਂ ਮੋਈ ਧੀ ਨੂੰ ਜਨਮ ਦਿੰਦਿਆਂ, ਏਸ ਜਹਾਨੋਂ ਤੁਰ ਗਈ ਸੀ। ਉਹ ਚੇਤ ਦਾ 'ਮਨਹੂਸ' ਮਹੀਨਾ ਸੀ।ਕਣਕਾਂ ਰੰਗ ਬਦਲ ਰਹੀਆਂ ਸਨ ਤੇ ਮੇਰਾ ਬਾਪ ਮੰਜੇ 'ਤੇ 'ਡਿੱਗ' ਪਿਆ ਸੀ।ਦਾਦੀ-ਮਾਂ ਨੇ



ਉਸਦੇ ਬੜੇ ਮਿੰਨਤਾਂ-ਤਰਲੇ ਕੀਤੇ।ਸਕੇ-ਸਬੰਧੀ ਵੀ ਦਿਲਾਸੇ ਦੇ-ਦੇ ਥੱਕ ਗਏ।ਉਹ ਤਾਂ ਜਿਉਂ ਧੁਰ-ਅੰਦਰੋਂ ਟੁੱਟ ਗਿਆ ਸੀ।ਓਸ ਰੁੱਤ ਦੀ ਕਣਕ ਦਾਦੀ ਨੇ ਹੀ ਵੱਢਵਾਈ, ਕੱਢਵਾਈ ਤੇ ਦਾਣੇ ਘਰ ਸੁਟਵਾਏ ਸਨ।

ਬਾਬੇ ਨੇ ਨੂੰਹ ਦੇ ਭੋਗ ਤੋਂ ਅਗਲੇ ਦਿਨ ਹੀ ਸ਼ਰਾਬ ਮੁੜ ਤੋਂ ਪੀਣੀ ਸ਼ੁਰੂ ਕਰ ਦਿੱਤੀ ਸੀ। ਉਹ ਮੰਜੇ 'ਤੇ ਨਿਢਾਲ ਪਏ ਪੁੱਤ ਨੂੰ ਗੁੱਸੇ ਵਿਚ ਆਖਦਾ, "ਤੂੰ ਕਾ੍ਹਤੋਂ ਪਿਆਂ ਮਚਲਿਆ, ਮਿੱਟੀ-ਖਾਣੇ ਸੱਪ ਆਂਗੂੰ, ਘੇਸ ਮਾਰ ਕੇ ? ਰੋਟੀ ਉੱਪਰੋਂ ਤੇ ਨਈਂ ਡਿੱਗਣੀ ਹਰਾਮਦਿਆ।ਬੰਦੇ ਦਾ ਪੁੱਤ ਬਣ।ਖੇਤੀ ਸੰਭਾਲ।ਨਈਂ ਤਾਂ ਮੈਂ ਘੁੱਗੀ ਫੇਰ ਦੇਣੀ ਆ।"

ਬਾਬਾ ਦਿਨ 'ਚ ਕਈ-ਕਈ ਵਾਰ ਉਸਨੂੰ ਬੇਦਖ਼ਲ ਕਰ ਦੇਣ ਦੇ ਡਰਾਵੇ ਦਿੰਦਾ।

ਪਿਉ ਦੀਆਂ ਨਿੱਤ ਦੀਆਂ ਗਾਲ੍ਹਾਂ ਤੇ ਧਮਕੀਆਂ ਤੋਂ ਅੱਕਿਆ ਉਹ ਹਵੇਲੀ ਸੌਣ ਲੱਗ ਪਿਆ ਸੀ।ਹੁਣ ਬਾਬਾ ਉਸਨੂੰ ਹਵੇਲੀ ਜਾ ਕੇ ਗਾਲ੍ਹਾਂ ਕੱਢਣ ਲੱਗ ਪਿਆ।ਆਖਰ ਮੇਰੇ ਬਾਪ ਨੇ ਪਿੰਡ ਦੇ ਲਹਿੰਦੇ ਪਾਸੇ ਵਾਲੇ ਨਵੇਂ ਗੁਰਦੁਆਰੇ ਵਿਚ ਦਿਨ ਕੱਟਣੇ ਸ਼ੁਰੂ ਕਰ ਦਿੱਤੇ ਸਨ।

ਬਾਬੇ ਨੇ ਦੋ ਬਲ਼ਦ ਵੇਚੇ ਤੇ ਦਿਨ-ਰਾਤ ਸ਼ਰਾਬ ਪੀਣ ਲੱਗਾ, ਪਰ ਸ਼ਰਾਬ ਮੁੱਕਣ ਤੋਂ ਪਹਿਲਾਂ ਉਹ ਮੁੱਕ ਗਿਆ ਸੀ।ਉਸਦੇ ਦਿਮਾਗ਼ ਵਾਲੀ ਨਾੜੀ ਫਟ ਗਈ ਸੀ।

***

ਬਾਬਾ ਅਠਾਈ ਕਿੱਲਿਆਂ ਦਾ ਮਾਲਕ ਸੀ।ਅਠਾਰਾਂ ਜੱਦੀ-ਪੁਸ਼ਤੀ ਤੇ ਦਸ ਧੰਤੇ ਬੁੜੇ ਨੇ ਉਸਦੇ ਨਾਂ ਵਸੀਅਤ ਕਰਵਾਈ ਸੀ।ਏਸ ਔਂਤ ਬੁੜੇ ਨੂੰ ਬਾਬੇ ਨੇ ਆਪਣੇ ਜ਼ੋਰ ਤੇ ਰੋਹਬ ਦੇ ਨਾਲ ਕਈ ਵਾਰ ਬਚਾਇਆ ਸੀ; ਉਸਦੇ ਭਰਾ-ਭਤੀਜਿਆਂ ਦੀਆਂ ਜੁੱਤੀਆਂ ਤੇ ਜ਼ਿਆਦਤੀਆ ਕੋਲੋਂ ।

ਬਾਬੇ ਦਾ ਹਾਲੇ ਸਿਵਾ ਵੀ ਠੰਢਾ ਨਹੀਂ ਸੀ ਹੋਇਆ ਕਿ ਧੰਤੇ ਦੇ ਭਤੀਜਿਆਂ ਨੇ ਜ਼ਮੀਨ ਦੇ ਸਹੀ ਵਾਰਸ ਹੋਣ ਦੀ ਘੋਸ਼ਣਾ ਕਰਦਿਆਂ, ਉਸ ਵਾਲੇ ਦਸ ਕਿੱਲੇ ਜ਼ਮੀਨ 'ਤੇ ਕਬਜ਼ਾ ਕਰ ਲਿਆ ਸੀ।ਜਿਸ ਦਿਨ ਜ਼ਮੀਨ 'ਚ ਧੰਤੇਕਿਆਂ ਦੇ ਹਲ਼ ਚਲ ਰਹੇ ਸਨ, ਉਸ ਦਿਨ ਬਾਪੂ ਬੌਰਾ ਜਿਹਾ ਹੋ ਕੇ ਗ਼ਲੀਆਂ 'ਚ ਫਿਰ ਰਿਹਾ ਸੀ।ਪਤਨੀ ਦੀ ਮੌਤ ਤੋਂ ਬਾਅਦ ਵੀ ਉਹ ਧੁਰ ਅੰਦਰੋਂ ਜ਼ਮੀਨ ਨਾਲ ਜੁੜਿਆ ਰਿਹਾ ਸੀ।ਕਬਜ਼ੇ ਤੋਂ ਬਾਅਦ ਤਾਂ ਜਿਉਂ ਉਸਨੂੰ ਖੇਤਾਂ ਤੇ ਫ਼ਸਲਾਂ ਨਾਲ ਜੋੜਨ ਵਾਲੀ ਤੰਦ ਹਮੇਸ਼ਾਂ ਲਈ ਟੁੱਟ ਗਈ ਹੋਵੇ।

ਦਾਦੀ ਅਣਵਾਹੇ ਖੇਤਾਂ 'ਚੋਂ ਘਾਹ-ਖੱਬਲ ਖੋਤ-ਖੋਤ ਕੇ ਡੰਗਰਾਂ ਅੱਗੇ ਪਾਉਂਦੀ ਰਹੀ।..ਪਰ ਭੁੱਖ ਨਾਲ ਅੜਿੰਗਦੀਆਂ ਮੱਝਾਂ ਤੇ ਰੰਭਦੇ ਬਲਦ ਉਸਨੂੰ ਉਸਦੀ ਅਸਮਰੱਥਾ ਦਾ ਅਹਿਸਾਸ ਕਰਾਉਂਦੇ ਰਹਿੰਦੇ। ਦਿਨ-ਬ-ਦਿਨ ਲਿੱਸੇ ਹੁੰਦੇ ਜਾ ਰਹੇ ਡੰਗਰ ਉਸ ਕੋਲੋਂ ਝੱਲੇ ਨਾ ਜਾਂਦੇ।

ਆਖਰ ਇਕ ਦਿਨ ਉਸਨੇ ਬਲ਼ਦਾਂ ਦਾ ਸੌਦਾ ਕਰ ਲਿਆ। ਵਪਾਰੀਆਂ ਨੂੰ ਚਾਹ ਦੇ ਗਿਲਾਸ ਫੜਾ ਕੇ ਉਹ ਗੁਰਦੁਆਰੇ ਗਈ ਸੀ।ਉਹ ਪਲ਼ੰਘ 'ਤੇ ਬੈਠੇ ਪੁੱਤ ਕੋਲ਼ ਵਿਚਾਰਿਆਂ ਵਾਂਗ ਖੜ ਕੇ ਬੋਲੀ ਸੀ,"ਮੈਂ ਤੇਰੀ ਮਾਂ ਆਂ, ਮੇਰਾ ਆਖਾ ਮੰਨ। ਕਿ੍ਹੜੇ ਕੱਲੇ ਜੱਟ ਦੇ ਹਿੱਸੇ ਤੇਰੇ ਜਿੰਨ੍ਹੇ ਸਿਆੜ ਔਂਦੇ ਆ ਦੱਸ ? ਕੋਈ ਭੁੱਲ ਹੋਈ ਹੋਵੇ ਤਾਂ ਮਾਫ ਕਰ।ਆ ਘਰ ਮੁੜ ਆ।ਆਪਣੀ ਖੇਤੀ ਸੰਭਾਲ।" ਉਸਦੇ ਹੱਥ ਆਪ-ਮੁਹਾਰੇ ਜੁੜ ਗਏ ਸਨ।ਉਸਦੀਆਂ ਬੁੱਢੀਆਂ ਅੱਖਾਂ 'ਚੋਂ ਪਰਲ-ਪਰਲ ਅੱਥਰੂ ਵਗਣ ਲਗੇ,ਪਰ ਬਾਪੂ ਅਡੋਲ ਬੈਠਾ ਰਿਹਾ।

ਬਲ਼ਦਾਂ ਦੀ ਜੋਗ ਪਿੱਛੋਂ ਹੌਲ਼ੀ-ਹੌਲ਼ੀ ਮੱਝਾਂ ਤੇ ਕੱਟੀਆਂ ਵੀ ਵਿਕ ਗਈਆਂ। ਦਾਦੀ ਰੁਪਏ ਫੜਦੀ ਹਰ ਵਾਰ ਰੋ ਪੈਂਦੀ।ਉਹ ਖਰੀਦਦਾਰਾਂ ਪਿੱਛੇ ਤੁਰਦੇ ਡੰਗਰ ਨੂੰ ਮੋੜ ਤੱਕ ਉਦਾਸ ਨਜ਼ਰਾਂ ਨਾਲ ਦੇਖਦੀ ਰਹਿੰਦੀ।ਇਹ ਉਦਾਸੀ ਕਈ ਦਿਨ ਉਸਦੇ ਚਿਹਰੇ 'ਤੇ ਟਿਕੀ ਰਹਿੰਦੀ।

ਜਦੋਂ ਮੈਂ ਹੋਸ਼ ਸੰਭਾਲ਼ੀ ਤਾਂ ਜ਼ਮੀਨ ਵਿਚ ਗੱਡੇ ਸਿਉਂਕ-ਖਾਧੇ ਖੁੰਢ ਤੇ ਪੱਠੇ ਕੁਤਰਨ ਵਾਲ਼ੀ ਜੰਗਾਲੀ ਹੋਈ ਮਸ਼ੀਨ ਏਸ ਗੱਲ ਦੀ ਮਰੀਅਲ ਜਿਹੀ ਗਵਾਹੀ ਦਿੰਦੇ ਸਨ ਕਿ ਇਹ ਘਰ ਵੀ ਕਦੇ ਖੇਤੀ ਨਾਲ ਜੁੜਿਆ ਰਿਹਾ ਏ।

***

ਬਾਬੇ ਦੀ ਮੌਤ ਤੋਂ ਬਾਅਦ ਬਾਪੂ ਨੇ ਘਰ ਸੌਣਾ ਸ਼ੁਰੂ ਕਰ ਦਿੱਤਾ ਸੀ।ਉਹ ਵੱਡੀ ਰਾਤ ਤੱਕ ਵਰਾਂਢੇ 'ਚ ਡੱਠੇ ਮੰਜੇ 'ਤੇ ਬੈਠਾ ਕੋਈ ਪੋਥੀ ਪੜ੍ਹਦਾ ਰਹਿੰਦਾ; ਆਲ਼ੇ-ਦੁਆਲ਼ੇ ਤੋਂ ਬੇਖ਼ਬਰ। ਕਦੇ-ਕਦੇ ਦਾਦੀ-ਮਾਂ ਹੱਥ 'ਚ ਸਰ੍ਹੋਂ ਦੇ ਤੇਲ ਦੀ ਕੌਲੀ ਲੈ ਕੇ ਉਸਦੇ ਸਿਰਹਾਂਦੀ ਜਾ ਖੜ੍ਹਦੀ।

"ਕੁਸ਼ ਨ੍ਹੀਂ ਹੋਇਆ,ਦਿਮਾਗ ਨੂੰ ਖੁਸ਼ਕੀ ਜਹੀ ਚੜ੍ਹਗੀ ਆ।ਲਿਆ ਤੇਲ ਝੱਸਾਂ।ਡੋਲ਼ੀ ਤੁਰਨ ਲੱਗਿਆਂ ਮਾਂ..।"

"ਚੁੱਪ ਕਰ!" ਵਰਕੇ ਤੋਂ ਨਜ਼ਰ ਚੁੱਕੇ ਬਗੈਰ ਬਾਪੂ ਰੁੱਖੀ ਅਵਾਜ਼ 'ਚ ਜਵਾਬ ਦਿੰਦਾ। ਉਹ ਬੇਬਸ ਹੋ ਕੇ ਰਹਿ ਜਾਂਦੀ ਤੇ ਵੱਡੀ ਰਾਤ ਤੱਕ ਸਾਨੂੰ ਸਮਝਾਉਂਦੀ ਰਹਿੰਦੀ,"ਤ੍ਹਾਡੇ ਪੇ ਦੇ ਦਿਲ 'ਤੇ ਸੱਟ ਵੱਜਗੀ ਆ।ਪਹਿਲਾਂ ਤਾਂ ਵਿਚਾਰੀ ਤ੍ਹਾਡੀ ਮਾਂ ਪੂਰੀ ਹੋਗੀ।ਫਿਰ ਇ੍ਹਦਾ ਕੁਲਗਦਾ ਪੇਅ ਮਰ ਗਿਆ।ਧੰਤੇਕਿਆਂ,ਬੇਹ ਹੋਣਿਆਂ ਨੇ ਆਹ ਹੋਰ ਈ ਭਾਣਾ ਵਰਤਾਤਾ।ਰੋਟੀ ਕਦੇ ਧੰਤੇ ਨੂੰ ਪੁੱਛੀ ਨਈਂ, ਹਲ਼ ਜੋੜ ਕੇ ਆ ਗਏ, ਜ਼ਮੀਨਾਂ ਸਾਂਭਣ।ਝੱਲਾ ਜਿਹਾ ਹੋ ਗਿਆ ਵਿਚਾਰਾ।ਓਸ ਅਕਾਲ ਪੁਰਖ ਤੇ ਭਰੋਸਾ ਰੱਖੋ।ਕਦੇ ਤਾਂ ਫਿਰਨਗੇ ਸਾਡੇ ਵੀ ਦਿਨ।ਅਸੀਂ ਕਿਹੜਾ ਰੱਬ ਦੇ ਮਾਂਹ ਮਾਰੇ ਆ।"

ਕਿਸੇ-ਕਿਸੇ ਦਿਨ, ਟਿਕੀ ਦੁਪਹਿਰੇ, ਉਹ ਸਾਨੂੰ ਖੇਤਾਂ ਵਲ ਲੈ ਤੁਰਦੀ।ਓਸ ਵਕਤ ਜਦ ਸਭ ਕਿਸਾਨ-ਕਰਿੰਦੇ ਘਰਾਂ ਵਲ ਪਰਤ ਗਏ ਹੁੰਦੇ ਨੇ।

"ਏਹ ਆਪਣੇ ਖੇਤ ਨੇ।" ਉਹ ਹੱਥ ਨਾਲ ਇਸ਼ਾਰਾ ਕਰਦਿਆਂ ਉਦਾਸ ਸੁਰ 'ਚ ਕਹਿੰਦੀ।

"ਤੇ ਉਹ ਵੀ ਆਪਣੇ ਈ ਨੇ।" ਧੰਤੇ ਵਾਲੇ ਖੇਤਾਂ ਵਲ ਹੱਥ ਕਰਦੀ ਉਹ ਤੜਫ ਉੱਠਦੀ।

"ਆਵੇ ਕਿਤੇ ਇਹਨਾਂ ਨੂੰ ਢਾਈ ਘੜੀਆਂ ਦੀ।ਬਣ ਬੈਠੇ ਧੰਤੇ ਦੇ ਵਾਰਸ।ਉਦ੍ਹੀ ਵੱਢੀ ਉਂਗਲੀ 'ਤੇ ਕਦੇ ਮੂਤਿਆ ਨਈਂ।" ਤੇ ਵੈਰੀਆਂ ਨੂੰ ਗਾਲ੍ਹਾਂ ਕੱਢਦੀ-ਕੱਢਦੀ ਉਹ ਆਪਣੇ ਮੋਏ ਪਤੀ ਤੱਕ ਪਹੁੰਚ ਜਾਂਦੀ।

"ਤੈਨੂੰ ਨਰਕਾਂ 'ਚ ਵੀ ਢੋਈ ਨਾ ਮਿਲੇ ਪਾਪੀਆ।ਆਪ ਤਾਂ ਛੁੱਟ ਗਿਆਂ ਮਰ ਕੇ ਤੇ ਸਾਡਾ ਵੈਰ ਪੁਆ ਗਿਆਂ ਪੂਰੇ ਪਿੰਡ ਨਾਲ।"

ਫਿਰ ਉਹ ਸਾਨੂੰ ਹੱਲਾ-ਸ਼ੇਰੀ ਦੇਣ ਲੱਗ ਪੈਂਦੀ,"ਛੇਤੀਂ-ਛੇਤੀਂ ਜਵਾਨ ਹੋਵੋ ਮੇਰੇ ਸ਼ੇਰੋ। ਅਸੀਂ ਮੁੜ ਤੋਂ ਆਪਣੀ ਜ਼ਮੀਨ ਸਾਂਭਣੀ ਆਂ।"

ਇਕ ਵਾਰ ਮੈਂ ਦਾਦੀ ਨੂੰ ਬਾਬੇ ਦੇ ਉਹਨਾਂ 'ਕਾਰਨਾਮਿਆਂ' ਦੇ ਬਾਰੇ ਪੁੱਛਿਆ ਸੀ ਜਿਨ੍ਹਾਂ ਨੂੰ ਉਹ ਧੁੰਦਲੇ ਜਿਹੇ ਬੋਲਾਂ 'ਚ ਅਕਸਰ ਪੁਣਦੀ ਰਹਿੰਦੀ ਸੀ।

"ਕੀ-ਕੀ ਦੱਸਾਂ ?ਕਿਤੇ ਇਕ ਕਾਰਾ ਕੀਤਾ ਉਨ੍ਹੇ!" ਉਸਨੇ ਫਿੱਕਾ ਜਿਹਾ ਦਰਦੀਲਾ ਹਾਸਾ ਹੱਸ ਕੇ ਗੱਲ ਸ਼ੁਰੂ ਕਰ ਲਈ ਸੀ।

"ਲੰਬੜਾ ਦਾ ਬੁੜ੍ਹਾ ਇ੍ਹਨੇ ਕੁੱਟਿਆ ਸੀ ਜੁੱਤੀਆਂ ਨਾਲ।ਉਹ ਵੀ ਬਗਾਨੇ ਪਿੰਡ ਕਿਸੇ ਦੀ ਬਰਾਤੀ ਗਏ ਨੇ।ਆਹ ਅਮਰੋ ਦੀ ਮਾਂ ਤਾਂ ਕੁੱਟੀ ਸੀ,ਉਨ੍ਹਾਂ ਦੇ ਘਰ ਜਾ ਕੇ।ਬੰਦਾ ਥੋੜੋ ਸੀ ਉਹ,ਦਿਓ ਸੀ ਦਿਓ।ਜਿਧਰੋਂ ਦੀ ਲੰਘਣਾ ਤੀਵੀਆਂ ਨੇ ਦੌੜ-ਦੌੜ ਘਰੀਂ ਵੜ ਜਾਣਾ।ਕਿਤੇ ਰੋਬ ਸੀ ਚੋਬਰ ਦਾ!ਸਾਰੀ ਤਾਂ ਗਲ਼ੀ ਮੱਲ ਕੇ ਤੁਰਦਾ ਸੀ।" ਉਸਦੇ ਚਿਹਰੇ 'ਤੇ ਆਪਣੇ ਪਤੀ ਲਈ



ਇਕ ਮਾਣ ਜਿਹਾ ਜਾਗਿਆ ਜੋ ਅਗਲੇ ਪਲ ਕਿਸੇ ਕੁਸੈਲ਼ੀ ਯਾਦ ਨੇ ਖਾ ਲਿਆ ਸੀ।

"ਕੀ ਦੱਸਾਂ ਗੋਲ਼ੀ ਵੱਜਣਾ ਕੀ-ਕੀ ਕਰਤੂਤਾਂ ਕਰਦਾ ਰਿਹਾ।ਮੈਨੂੰ ਤਾਂ ਦੱਸਦਿਆਂ ਵੀ ਸ਼ਰਮ ਔਂਦੀ ਆ।ਬੇਹ ਹੋਣੇ ਨੇ ਪਿੰਡ ਦੀ ਧੀ ਸ਼ਰੇਆਮ ਘਰ ਰੱਖ ਛੱਡੀ।ਵੱਢ ਖਾਣਿਆ ਨੇ ਐਵੇਂ ਨਈਂ ਉਸ ਦਿਨ ਧੰਤੇਕਿਆਂ ਨਾਲ ਹਲ਼ ਜੋੜੇ।ਲੋਕੀਂ ਢਿੱਡੋਂ ਨਈਂ ਭੁਲੌਂਦੇ ਹੁੰਦੇ ਕੋਈ ਵੀ ਗੱਲ। ਨਾਲੇ ਸੇਵੇ ਦਾ ਪੁੰਨੂੰ ਨਈਂ ਸੀ ਮਾਰਤਾ ਡੁੱਬ ਜਾਣੇ ਨੇ ਸ਼ਰਾਬ 'ਚ ਕੁਸ਼ ਦੇ ਕੇ।"

ਦਾਦੀ ਕੋਲ਼ ਤਾਂ ਬਾਬੇ ਦੇ ਕੁਕਰਮਾਂ ਦਾ ਅਮੁੱਕ 'ਬੰਸਾਵਲੀਨਾਮਾ' ਸੀ।

"ਉਦ੍ਹੇ ਗੁਨਾਹਾਂ ਦੀ ਸਜ਼ਾ ਭੁਗਤਦਾ ਸਾਰਾ ਟੱਬਰ।ਨਈਂ ਤਾਂ ਤੇਰੇ ਬਾਪ ਨੇ ਤਾਂ ਕਦੇ ਚਿੜੀ ਦੇ ਵੀ ਬੱਟਾ ਨਈਂ ਮਾਰਿਆ ਹੋਣਾ।" ਗੱਲ ਮੁਕਾ ਉਹ ਕੁਝ ਪਲ ਸਿਰ ਝੁਕਾਈ ਮੂੰਹ ਵਿਚ ਹੀ ਬੁੜ-ਬੁੜ ਕਰਦੀ ਰਹੀ ਸੀ।

"ਮਾਂ ਪੁੰਨੂੰ ਕਿਉਂ ਮਾਰਿਆ ਸੀ ਬਾਬੇ ਨੇ?"

ਮੇਰਾ ਇਹ ਸਵਾਲ ਸੁਣਕੇ ਉਸਦੇ ਚਿਹਰੇ ਦੀਆਂ ਝੁਰੜੀਆਂ ਚਾਣਚੱਕ ਕੰਬਣ ਲੱਗ ਪਈਆਂ ਸਨ।

"ਤੇਰੇ ਬਾਬੇ ਦਾ ਪੱਕਾ ਬੇਲੀ ਸੀ ਉਹ।ਪੁੰਨੂ ਨੇ ਈ ਵਾਹੇ ਸਾਰੀ ਉਮਰ ਖੋਰੜ ਵਾਲੇ ਖੇਤ ਅੱਧ ਤੇ।ਹਾੜ੍ਹੀ-ਸੌਣੀ ਬਣਦਾ-ਸਰਦਾ ਦਾਣਾ-ਫੱਕਾ ਆਪੇ ਘਰ ਸੁੱਟ ਜਾਣਾ।ਬਾਬਾ ਤੇਰਾ ਤਾਂ ਦੌਰੇ ਤੇ ਈ ਚੜ੍ਹਿਆ ਰ੍ਹੈਂਦਾ ਸੀ।ਕਦੇ ਮੇਲੇ ਤੇ ਕਦੇ ਥਾਣੇ।ਲੋਕਾਂ ਨੇ ਪਤਾ ਨ੍ਹੀਂ ਕੀ ਪੱਟੀ ਪੜ੍ਹਾ ਦਿੱਤੀ।ਰੱਬ ਜਾਣੇ ਜਾਂ ਉਹ ਜਾਣੇ।ਦੋਨਾਂ ਕੱਠਿਆਂ ਨੇ ਦਾਰੂ ਪੀਤੀ ਤੇ ਓਸ ਰਾਤ ਤੋਂ ਬਾਦ ਉਹ ਮੰਜੇ ਤੋਂ ਨ੍ਹੀਂ ਉੱਠਿਆ।ਠਾਈ ਦਿਨ ਮੰਜੇ 'ਤੇ ਰਿੜਕ ਹੁੰਦਾ ਰਿਹਾ ਵਿਚਾਰਾ।ਪਤਾ ਨਈਂ ਦਾਰੂ 'ਚ ਪਾ ਕੇ ਕੀ ਦੇ ਦਿੱਤਾ ਸੀ ਏਸ ਪਾਪੀ ਨੇ?ਓਦ੍ਹਾ ਹੁੰਦਾ ਕੋਈ ਪੁੱਤ ਤਾਂ ਇ੍ਹਤੋਂ ਬਦਲਾ ਲੈਂਦਾ।ਸੰਤੀ ਤੇ ਧੀਆਂ ਦੜ ਵੱਟ ਕੇ ਬੈਠ ਗਈਆਂ।ਵਿਚਾਰੀਆਂ! ਤੀਵੀਆਂ-ਮਾਨੀਆਂ!!" ਉਸਦੇ ਆਖਰੀ ਬੋਲ ਇਕ ਨਿੱਕੇ ਜਿਹੇ ਹਉਕੇ ਵਿਚ ਡੁੱਬ ਗਏ ਸਨ।

***

ਉਸ ਦੁਪਹਿਰ ਦਾਦੀ-ਮਾਂ ਮੈਨੂੰ ਤੇ ਵੀਰੇ ਨੂੰ ਧੰਤੇ ਵਾਲੇ ਖੇਤ ਦਿਖਾ ਰਹੀ ਸੀ।ਚਰ੍ਹੀ ਦੇ ਓਹਲਿਓਂ ਚਾਣਚੱਕ ਧੰਤੇ ਦਾ ਭਤੀਜਾ ਆਣ ਪ੍ਰਗਟ ਹੋਇਆ।ਗਾਲ੍ਹਾਂ ਕੱਢਦੀ ਉਹ ਡਰ ਕੇ ਚੁੱਪ ਕਰ ਗਈ।ਅਸੀਂ ਵੀ ਸਹਿਮ ਗਏ।ਉਸਨੇ ਪਹਿਲਾਂ ਤਾਂ ਖੰਘੂਰਾ ਮਾਰਿਆ ਤੇ ਫਿਰ ਮੁੱਛਾਂ ਨੂੰ ਤਾਅ ਦਿੰਦਿਆਂ ਬੋਲਿਆ,"ਇਧਰ ਕੀ ਕਰਦੀ ਆਂ ਤੂੰ ਬੁੜੀਏ ਸਿਖਰ ਦਪ੍ਹੈਰੇ?"

"ਆਪਣੇ ਖੇਤਾਂ 'ਚ ਗੇੜਾ ਮਾਰਨ ਆਈ ਆਂ।ਹੋਰ ਮੈਂ ਕਿ੍ਹੜੇ ਤਬੀਤ ਦੱਬਦੀ ਫਿਰਦੀ ਆਂ?" ਦਾਦੀ ਨੇ ਏਨੀ ਸਹਿਜਤਾ ਨਾਲ ਉੱਤਰ ਦਿੱਤਾ ਕਿ ਮੈਂ ਹੈਰਾਨ ਹੋ ਗਿਆ।ਧੰਤੇ ਦਾ ਭਤੀਜਾ ਤੜਫ ਉੱਠਿਆ ਤੇ ਫਿੱਕਾ ਜਿਹਾ ਮੁਸਕੌਂਦਿਆਂ ਬੋਲਿਆ,"ਤੇਰੇ ਖੇਤ ਇਹ ਕਿ੍ਹੜੇ ਪਾਸਿਓਂ ਲੱਗਦੇ ਆ ?"

"ਮੈਥੋਂ ਕੀ ਪੁੱਛਦਾਂ ਜਾ ਕੇ ਪੁੱਛ ਲੈ ਧੰਤੇ ਦੀ ਮੜ੍ਹੀ ਨੂੰ, ਜਿਹੜਾ ਆਪ ਲਿਖ ਕੇ ਗਿਆ,ਪੱਕੀ ਵਸੀਅਤ॥"

ਸਾਨੂੰ ਆਪਣੇ ਨਾਲ ਘੁੱਟਦਿਆਂ ਫਿੱਕਾ ਜਿਹਾ ਹੱਸ ਕੇ ਉਸਨੇ ਨਿਧੜਕਤਾ ਨਾਲ ਜਵਾਬ ਦਿੱਤਾ ਸੀ।

"ਉਹ ਕਿਓਂ ਨਾ ਲਿਖਕੇ ਗਿਆ ਜਿ੍ਹਨੇ ਤੈਨੂੰ ਪੁੱਤ ਦਿੱਤਾ ਸੀ?"

ਇਹ ਸਵਾਲ ਸੁਣਕੇ ਦਾਦੀ ਇਕ ਪਲ ਦੇ ਲਈ ਯਰਕ ਗਈ,ਪਰ ਫਿਰ ਸੰਭਲਦਿਆਂ ਬੋਲੀ,"ਬਾਤਾਂ ਜਹੀਆਂ ਕੀ ਪੌਣ ਲੱਗਾਂ ਏ?ਜੇ ਹਿੰਮਤ ਆ ਤਾਂ ਨਾਂ ਬੋਲ ਓਸ ਪਿਓ ਦਾ।"

ਦਾਦੀ-ਮਾਂ ਦੀ ਇਹ ਗੱਲ ਸੁਣ ਉਸਨੇ ਖਚਰਾ ਜਿਹਾ ਹਾਸਾ ਹੱਸਿਆ ਸੀ।

"ਵੀਹ ਪਿੰਡਾਂ ਨੂੰ ਪਤਾ।ਅੱਛਾ ਤੈਨੂੰ ਨਈਂ ਪਤਾ ਉਹਦਾ ਨਾਂ?ਮੈਂ ਉਦ੍ਹੀ ਗੱਲ ਕਰਦਾਂ

ਜ਼ਿੜਾ ਸਾਰੀ ਉਮਰ ਅੱਧ 'ਤੇ ਜ਼ਮੀਨ ਵ੍ਹੌਂਦਾ ਰਿਹਾ। ਮੰਗਦੀ ਉਢ੍ਹੇ ਕੋਲੋਂ ਤਾਰੇ ਦਾ ਹਿੱਸਾ, ਨਾਲੇ ਹੱਕ ਵੀ ਬਣਦਾ ਸੀ।"

ਦਾਦੀ-ਮਾਂ ਨੇ ਉਸਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਉਹ ਬੁੜ-ਬੁੜ ਕਰਦੀ ਸਾਨੂੰ ਦੋਹਾਂ ਭਰਾਵਾਂ ਨੂੰ ਬਾਹਾਂ ਤੋਂ ਫੜ ਕੇ ਘੜੀਸਦੀ ਹੋਈ ਪਿੰਡ ਵਲ ਮੁੜ ਪਈ ਸੀ। ਉਸਨੇ ਕਈ ਦਿਨ ਨੀਵੀਂ ਜਿਹੀ ਪਾ ਰੱਖੀ। ਉੱਚੀ ਅਵਾਜ਼ 'ਚ ਗੱਲ ਨਾ ਕੀਤੀ। ਰਾਤ ਵੇਲੇ ਬਾਪੂ ਕੋਈ ਸਲੋਕ ਉਚਾਰਦਾ ਤਾਂ ਉਹ ਸਾਨੂੰ ਉਂਗਲੀ ਨਾਲ ਚੁੱਪ ਰਹਿਣ ਦਾ ਇਸ਼ਾਰਾ ਕਰ ਕੇ ਅੱਖਾਂ ਮੀਟ ਲੈਂਦੀ।

***

ਹੁਣ ਤੱਕ ਮਾਮਿਆਂ ਦੇ ਸਹਾਰੇ ਦਿਨ ਰਿੜੀ ਜਾ ਰਹੇ ਸਨ। ਚਾਰਾਂ 'ਚੋਂ ਕੋਈ ਨਾ ਕੋਈ,ਦਸੀਂ-ਪੰਦਰੀਂ ਦਿਨੀਂ ਜ਼ਰੂਰ ਗੇੜਾ ਮਾਰਦਾ। ਉਹ ਕਦੇ ਵੀ ਖਾਲੀ ਹੱਥ ਨਾ ਆਉਂਦੇ। ਕੋਈ ਨਾ ਕੋਈ ਲੋੜ ਦੀ ਵਸਤੂ ਉਹਨਾਂ ਕੋਲ਼ ਹੁੰਦੀ।..ਤੇ ਜਾਣ ਲੱਗੇ ਵੀ ਉਹ ਦਾਦੀ-ਮਾਂ ਦੇ ਨਾਂਹ-ਨੁੱਕਰ ਕਰਦਿਆਂ, ਕੁਝ ਰੁਪਏ ਉਸਦੇ ਹੱਥ 'ਤੇ ਧਰ ਜਾਂਦੇ।

ਜਦੋਂ ਵੀਰਾ ਅੱਠਵੀਂ 'ਚੋਂ ਫੇਲ ਹੋਇਆ ਤਾਂ ਇਕ ਸਵੇਰ ਦਾਦੀ-ਮਾਂ ਉਸਨੂੰ ਨਾਨਕਿਆਂ ਦੇ ਲੈ ਤੁਰੀ ਸੀ।

"ਤ੍ਹਾਡੀ ਪਿੱਠ ਸੁਣਦੀ ਆ ਜੱਟੋ। ਤ੍ਹਾਡੇ ਅਰਗੇ ਕ੍ਹਿਨੇ ਹੋ ਜਾਣਾ ਜੱਗ-ਜਹਾਨ ਤੇ। ਤੁਸੀਂ ਹੱਟ ਭੰਨ,ਭੱਠ ਭੰਨ ਆਪਣੀ ਭੈਣ ਦੇ ਘਰ ਨੂੰ ਇੱਥੇ ਤੱਕ ਲਿਆਂਦਾ।" ਉਸਨੇ ਸੁੱਕੇ ਤੇ ਮੈਲ਼ੇ ਹੱਥ ਜੋੜ ਲਏ ਸਨ।

"ਗਾਂਹ ਮੇਰੀ ਇਕ ਹੋਰ ਬਿੰਤੀ ਆ ਤ੍ਹਾਡੇ ਮੂਹਰੇ। ਆਹ ਜੀਤੇ ਨੂੰ ਰੱਖੋ ਕੋਲ਼ ਆਪਣੇ। ਜਦੋਂ ਹਲ਼ ਦੀ ਮੁੰਨੀ ਫੜਨੀ ਸਿੱਖ ਜਾਏ,ਉਦੋਂ ਭੇਜਣਾ। ਬੱਸ ਇੱਕ ਵਾਰ ਖੇਤੀ ਦਾ ਕੰਮ ਰਿੜ ਜਾਏ ਫਿਰ ਨਈਂ ਮੈਂ ਹਾਰਦੀ।"

ਵੀਰਾ ਚਾਰ ਕੁ ਵਰ੍ਹੇ ਨਾਨਕਿਆਂ ਦੇ ਰਿਹਾ। ਏਸ ਸਮੇਂ ਦੌਰਾਨ ਉਹ ਪੰਜ-ਸੱਤ ਵਾਰ ਹੀ ਪਿੰਡ ਆਇਆ ਹੋਵੇਗਾ। ਉਸਨੂੰ ਦੇਖ ਕੇ ਦਾਦੀ-ਮਾਂ ਨੂੰ ਚਾਅ ਚੜ੍ਹ ਜਾਂਦਾ। ਉਹ ਉਸਨੂੰ ਹਿੱਕ ਨਾਲ ਲਾ ਕੇ ਕਈ ਦੇਰ ਅਸੀਸਾਂ ਦਿੰਦੀ ਰਹਿੰਦੀ। ਰਾਤ ਪਈ ਤੇ ਜਦ ਬਾਪੂ ਘਰ ਆਉਂਦਾ ਤਾਂ ਵੀਰਾ ਉਸਦੇ ਪੈਰਾਂ 'ਤੇ ਝੁਕ ਜਾਂਦਾ। ਬਾਪੂ ਕਾਹਲ਼ੀ ਨਾਲ ਪੈਰ ਪਿਛਾਂਹ ਖਿਸਕਾ ਕੇ ਘਿਰਣਾ 'ਚ ਬੋਲਦਾ,"ਠੀਕ ਆ! ਠੀਕ ਆ ਬੱਸ!!"

ਬਾਪੂ ਮੇਰੇ ਨਾਲ ਵੀ ਬਹੁਤ ਘੱਟ ਗੱਲ ਕਰਦਾ ਸੀ। ਉਸ ਵਲੋਂ ਰੱਖੀਆਂ ਪੋਥੀਆਂ ਨੂੰ ਮੈਂ ਜਦ ਕਦੇ ਛੋਹ ਲੈਂਦਾ ਤਾਂ ਉਹ ਮੇਰੀ ਬਾਂਹ ਏਡੀ ਜ਼ੋਰ ਦੀ ਘੁੱਟਦਾ ਕਿ ਮੇਰੀ ਲੇਰ ਨਿਕਲ ਜਾਂਦੀ। ਅਜਿਹੇ ਮੌਕਿਆਂ 'ਤੇ ਵੀਰੇ ਤੇ ਅਣਦੇਖੀ ਮੋਈ ਮਾਂ ਦੀ ਯਾਦ ਮੈਨੂੰ ਹੋਰ ਵੀ ਸਤਾਉਂਦੀ। ਮੈਂ ਹਟਕੋਰੇ ਭਰ-ਭਰ ਰੋਣ ਲੱਗ ਪੈਂਦਾ। ਮੇਰਾ ਸਿਰ ਪਲੋਸਦੀ ਦਾਦੀ-ਮਾਂ ਵੀ ਰੋਣ ਲੱਗ ਪੈਂਦੀ। ਫਿਰ ਉਹ ਵੱਡੀ ਰਾਤ ਤੱਕ ਕੋਈ ਬਾਤ ਸੁਣਾਉਂਦੀ ਰਹਿੰਦੀ। ਉਸਦੀ ਬਾਤ ਮੁਕਣ ਤੋਂ ਪਹਿਲਾਂ ਮੈਂ ਸੌਂ ਜਾਂਦਾ।

***

ਉਸ ਸ਼ਾਮ ਮੈਂ ਕੀਤੇ ਕੇ ਵਾੜੇ 'ਚ ਖੇਡ ਰਿਹਾ ਸਾਂ। ਗਲ਼ੀ ਦਾ ਮੋੜ ਕੱਟ ਕੇ ਚਾਣਚੱਕ ਮੇਰੀਆਂ ਅੱਖਾਂ ਸਾਹਵੇਂ ਖੇਤੀ ਦੇ ਸੰਦਾਂ ਨਾਲ ਭਰਿਆ ਗੱਡਾ ਆਣ ਪ੍ਰਗਟ ਹੋਇਆ। ਗੱਡੇ ਦੀ ਮੰਜੀ 'ਤੇ ਵੱਡਾ ਮਾਮਾ ਬੈਠਾ ਸੀ ਤੇ ਉਸਦੇ ਪਿੱਛੇ ਸੀ ਵੀਰਾ। ਮੈਂ ਘਰ ਨੂੰ ਦੌੜ ਪਿਆ ਸਾਂ। ਦਾਦੀ-ਮਾਂ ਤਾਂ ਖੁਸ਼ੀ 'ਚ ਕਮਲ਼ੀ ਹੋ ਗਈ ਸੀ। ਵਾਰ-ਵਾਰ ਧਰਤੀ ਨੂੰ ਮੱਥਾ ਟੇਕੀ ਜਾ ਰਹੀ ਸੀ।

"ਹੇ ਪਰਮਾਤਮਾ ਸ਼ੁਕਰ ਆ ਤੇਰਾ! ਕਿਤੇ ਵਰ੍ਹਿਆਂ ਬਾਦ ਤੁੱਠਿਆਂ ਤੂੰ ਸਾਡੇ ਅਰਗੇ ਪਾਪੀਆਂ ਦੇ ਘਰ। ਹੁਣ ਹਮੇਸ਼ਾਂ ਮਿਹਰ ਦਾ ਹੱਥ ਰੱਖੀਂ ਸਿਰਾਂ ਤੇ।" ਖੁਸ਼ੀ 'ਚ ਉਸਦੇ ਪੈਰ ਧਰਤੀ 'ਤੇ ਨਹੀਂ ਸਨ ਲੱਗ ਰਹੇ ਉਹ ਦੁਪੱਟਾ ਸੰਭਾਲਦੀ, ਨੰਗੇ ਪੈਰੀਂ ਹਵੇਲੀ ਵਲ ਦੌੜ ਪਈ ਸੀ। ਮਾਮੇ ਨੇ



ਪੈਰੀਂ ਹੱਥ ਲਾਇਆ ਤਾਂ ਉਸਤੋਂ ਅੱਥਰੂ ਸੰਭਾਲੇ ਨਹੀਂ ਸੀ ਗਏ।

"ਸਦਕੇ ਜਾਵਾਂ ਬਈ ਮੋਈ ਭੈਣ ਨਾਲ ਵਫਾ ਕਰਨ ਆਲੇ ਭਰਾਵੋ ਤ੍ਹਾਡੇ ਜੁੱਗ-ਜੁੱਗ ਜੀਵੋ। ਤੁਸੀਂ ਨਾ ਹੁੰਦੇ ਤਾਂ ਮੇਰੀ ਇਹ ਟੱਬਰੀ ਸੁੱਕੇ ਤੀਲ੍ਹਿਆਂ ਆਂਗੂੰ ਖਿੱਲਰ ਜਾਣੀ ਸੀ।" ਇਸੇ ਤਰ੍ਹਾਂ ਵਡਿਆਈ ਕਰਦੀ ਤੇ ਅਸੀਸਾਂ ਦਿੰਦੀ ਉਹ ਮਾਮੇ ਨੂੰ ਘਰ ਲੈ ਆਈ ਸੀ ਤੇ ਉਸਦੇ ਨਾਂਹ-ਨੁੱਕਰ ਕਰਦਿਆਂ ਉਸਨੂੰ ਰੋਟੀ ਖੁਆ ਕੇ ਤੋਰਿਆ ਸੀ॥

ਉਸ ਰਾਤ ਮੈਨੂੰ ਚਾਅ 'ਚ ਨੀਂਦ ਨਹੀਂ ਸੀ ਆ ਰਹੀ। ਮੇਰੇ ਨਾਲ ਲੰਮਾ ਪਿਆ ਵੀਰਾ ਮੈਨੂੰ ਬਲ਼ਦਾ ਦੀਆਂ ਸਿਫਤਾਂ ਸੁਣਾਉਂਦਾ ਰਿਹਾ ਸੀ। ਵੱਡੀ ਰਾਤੇ ਬਾਪੂ ਘਰ ਆਇਆ ਤਾਂ ਦਾਦੀ-ਮਾਂ ਬੋਲੀ ਸੀ,"ਮਸੀਂ-ਮਸੀਂ ਦਿਨ ਫਿਰੇ ਆ ਸਾਡੇ। ਤਾਰਿਆ ਹੁਣ ਨਈਂ ਸਰਨਾ ਮਿੱਟੀ ਦਾ ਮਾਧੋ ਬਣਿਆਂ।"

ਬਾਪੂ ਨੇ ਜੁੱਤੀ ਲਾਹ ਕੇ ਪੈਰ ਝਾੜੇ ਤੇ ਚੌਂਕੜੀ ਮਾਰ ਕੇ ਚੁੱਪ-ਚਾਪ ਮੰਜੇ 'ਤੇ ਬੈਠ ਗਿਆ ਸੀ।

"ਅਗਲਿਆਂ ਨੇ ਭੈਣ ਦੇ ਘਰ ਸਭ ਸੰਦ-ਸੰਦੇੜਾ, ਦਾਣਾ-ਫੱਕਾ ਤੇ ਦੋ ਬੌਲ਼ਦ ਭੇਜੇ ਆ ਕੋਤਲ਼ ਘੋੜਿਆਂ ਅਰਗੇ। ਏਦਾਂ ਦੇ ਮਿਲਣ-ਵਰਤਣ ਵਾਲੇ ਬੰਦੇ ਤਾਂ ਚੰਗੇ ਕਰਮਾ ਵਾਲਿਆਂ ਨੂੰ ਮਿਲਦੇ ਆ। ਤੂੰ ਤਾਂ ਕਿਸੇ ਨੂੰ ਸਿੱਧੇ ਮੂੰਹ ਬੁਲਾ ਵੀ ਨਈਂ ਸਕਦਾ। ਕੋੜ੍ਹਿਆਂ ਆਂਗੂ ਮੰਜਾ ਈ ਮੱਲੀ ਰੱਖੂ ਚੌਬੀ ਘੰਟੇ। ਬਸ ਕਿਤਾਬਾਂ, ਕਿਤਾਬਾਂ, ਕਿਤਾਬਾਂ ਹੁਣ ਏਹ ਕਿਤਾਬਾਂ ਛੱਡ ਤੇ ਸਿੱਧਾ ਹੋ ਕੇ ਹਲ਼ ਦੀ ਮੁੰਨੀ ਫੜ ਲੈ।"

"ਅਕਲ ਕਰੋ ਕੁਸ਼ ਦੁਨੀਆਵੀ ਕੀੜਿਓ। ਇਹ ਕਿਤਾਬਾਂ ਨਈਂ ਕੁਸ਼ ਸੋਚੋ!" ਬਾਪੂ ਉਸ ਵਲ ਕੌੜੀ ਨਜ਼ਰ ਨਾਲ ਵੇਖਦਿਆਂ ਕੁੜੱਤਣ ਨਾਲ ਬੋਲਿਆ ਸੀ।

"ਤੇ ਆਹ ਜਿਹੜੇ ਤੂੰ ਪੁੱਤ ਜਣੇ ਆਂ,ਦੱਸ ਇਨ੍ਹਾਂ ਦੇ ਬਾਰੇ ਦੂਲੇ ਲੰਬੜ ਨੇ ਸੋਚਣਾ?" ਮਾਂ ਦੀ ਇਸ ਗੱਲ ਦਾ ਪੁੱਤ ਕੋਲ਼ ਜਵਾਬ ਨਹੀਂ ਸੀ ਸ਼ਾਇਦ। ਉਸਨੇ ਕੁਝ ਦੇਰ ਬੁੜ-ਬੁੜ ਕਰਨ ਤੋਂ ਬਾਅਦ ਮੁੜ ਵਰਕੇ 'ਤੇ ਨਜ਼ਰ ਟਿਕਾ ਲਈ ਸੀ।

"ਕੀੜ੍ਹੇ ਪੈ ਕੇ ਮਰਨਾ ਤੂੰ ਪਾਪਣੇ!" ਕੁਝ ਦੇਰ ਬਾਅਦ ਬਾਪੂ ਨੇ ਚਾਣਚੱਕ ਇਹ ਗੱਲ ਆਖੀ ਸੀ ਤੇ ਚਾਦਰ 'ਚ ਮੂੰਹ-ਸਿਰ ਲਪੇਟ ਕੇ ਲੰਮਾ ਪੈ ਗਿਆ ਸੀ।

ਦਾਦੀ-ਮਾਂ ਵਾਰ-ਵਾਰ ਉੱਠ ਕੇ ਪਾਣੀ ਪੀਂਦੀ ਰਹੀ ਸੀ।

ਵੀਰਾ ਬਹੁਤ ਦੱਬਵੀਂ ਅਵਾਜ਼ 'ਚ ਮੈਨੂੰ ਖੇਤੀ ਦੇ ਤਜਰਬੇ ਸੁਣਾਉਂਦਾ ਰਿਹਾ ਸੀ।

"ਮੁੰਡਿਓ ਸੌਂਬੋ ਹੁਣ। ਸਵੇਰੇ ਵੱਡੇ ਤੜਕੇ ਫੇ ਉੱਠਣਾ। ਖੋਰੜ ਆਲੇ ਖੇਤਾਂ 'ਚ ਹਲ਼ ਜੋੜਨਾ।"

ਦਾਦੀ ਦੀ ਇਸ ਗੱਲ ਤੋਂ ਬਾਅਦ ਅਸੀਂ ਗੱਲਾਂ ਬੰਦ ਕਰਕੇ ਅੱਖਾਂ ਮੀਟ ਲਈਆਂ ਸਨ।

***

ਅਗਲੀ ਸਵੇਰ ਦਾਦੀ ਨੇ ਸਾਨੂੰ ਸਵੱਖਤੇ ਜਗਾ ਲਿਆ ਸੀ। ਹੱਥਾਂ 'ਚ ਚਾਹ ਦੇ ਗਿਲਾਸ ਫੜਾਉਂਦਿਆਂ ਮੂਹਰੇ ਪਰੌਂਠੇ ਰੱਖ ਦਿੱਤੇ ਸਨ। ਘਰੋਂ ਤੁਰਦਿਆਂ ਉਹ ਬਾਪੂ ਦੇ ਮੂਹਰੇ ਜੰਦਰਾ ਰੱਖਦਿਆਂ ਬੋਲੀ ਸੀ,"ਗੇੜਾ ਮਾਰ ਲਈ ਤਾਰਿਆ ਦਿਨ ਚੜ੍ਹੇ ਤੇ। ਹੋਰ ਨਈਂ ਤਾਂ ਨਿਆਣਿਆਂ ਨੂੰ ਆਸਰਾ ਈ ਬੜਾ ਹੁੰਦਾ। ਨਾਲੇ ਬੰਦੇ ਦੀ ਰੂਹ ਹੋਧਰੇ ਪੈਂਦੀ ਆ।"

ਬਾਪੂ ਖ਼ਾਮੋਸ਼ ਬੈਠਾ ਰਿਹਾ ਸੀ।

ਖੋਰੜ ਵਾਲੇ ਖੇਤਾਂ 'ਚ ਪਹੁੰਚ ਕੇ ਵੀਰਾ ਹਲ਼ ਜੋੜਨ ਦੀ ਤਿਆਰੀ ਕਰਨ ਲੱਗ ਪਿਆ।

ਦਾਦੀ-ਮਾਂ ਨੇ ਸਿਰ ਨੂੰ ਦੁਪੱਟੇ ਨਾਲ ਚੰਗੀ ਤਰ੍ਹਾਂ ਢੱਕਦਿਆਂ ਧਰਤੀ ਨੂੰ ਨਮਸਕਾਰ ਕੀਤੀ ਸੀ। ਫਿਰ ਉਹ ਜੁੱਤੀ ਉਤਾਰ ਦੋ ਕੁ ਕਦਮ ਅਗਾਂਹ ਵੱਧ ਗਈ ਤੇ ਅੱਖਾਂ ਮੀਟ ਕੇ ਖੜ ਗਈ

ਸੀ। ਉਹ ਕੁਝ ਪਲ ਮੂੰਹ ’ਚ ਹੀ ਕੁਝ ਬੋਲਦੀ ਰਹੀ। ਸਾਨੂੰ ਆਖਰੀ ਲਫ਼ਜ਼ ਹੀ ਸੁਣੇ ਸਨ,“ਤੂੰ ਦਾਤਾ ਦਾਤਾਰ ਤੇਰਾ ਦਿੱਤਾ ਖਾਵਣਾ। ਮਿਹਰ ਰੱਖੀਂ ਸਾਈਆਂ। ਅਸੀਂ ਮਿਹਨਤ ਕਰਾਂਗੇ, ਤੂੰ ਬਰਕਤਾਂ ਪਾਵੀਂ ਅਕਾਲ ਪੁਰਖਾ।” ..ਤੇ ਮੁੜ ਜੁੱਤੀ ਪਾਉਂਦਿਆਂ ਉਹ ਮਾਣ ’ਚ ਬੋਲੀ, “ਚਲ ਪੁੱਤਰਾ ਦੇ ਗੇੜਾ ਵਾ੍ਹਗੁਰੂ ਦਾ ਨਾਂ ਲੈ ਕੇ।”

ਉਹ ਕਈ ਦੇਰ ਵੀਰੇ ਨੂੰ ਇਕ ਚਾਅ ਜਿਹੇ ਨਾਲ ਵੇਖਦੀ ਰਹੀ ਤੇ ਫਿਰ ਬੋਲੀ,“ਦੇਖ ਲਈਂ ਬਿੰਦਰਾ ਤੇਰੇ ਪੇਅ ਨੇ ਦਸ-ਪੰਦਰਾਂ ਦਿਨਾਂ ’ਚ ਆਪੇ ਆ ਕੇ ਹਲ਼ ਦੀ ਮੁੰਨੀ ਫੜ ਲੈਣੀ ਆਂ। ਜੱਟ ਦੇ ਅੰਦਰੋਂ ਜਮੀਨ ਦਾ ਮੋਹ ਨਈਂ ਮਰ ਸਕਦਾ। ਦੇਖੀਂ ਖੇਤਾਂ ਨੇ ਆਪੇ ਧੂਹ ਲੈਣਾ ਉਹਨੂੰ ਆਪਣੇ ਵਲ।”

ਲਹਿੰਬਰ ਪਹਿਲਾ ਬੰਦਾ ਸੀ, ਜਿਹੜਾ ਰਾਹੇ ਤੁਰਿਆ ਜਾਂਦਾ ਸਾਡੇ ਵਲ ਮੁੜ ਪਿਆ ਸੀ।

“ਵਧਾਈਆਂ ਭਾਈ ਦਿੱਤੀਏ ਤੈਨੂੰ। ਪੋਤੇ ਜਵਾਨ ਹੋ ਗਏ ਭਾਈ ਤੇਰੇ ਸੁੱਖ ਨਾਲ। ਫਿਰਗੇ ਤੇਰੇ ਵੀ ਦਿਨ ਭਾਈ ਵਾਖਰੂ ਦੀ ਕਿਰਪਾ ਨਾਲ।” ਉਹ ਮਿਣਮਣਾਉਂਦੀ ਅਵਾਜ਼ ਵਿਚ ਬੋਲਿਆ ਸੀ।

“ਹੋਰ ਭਾਈ ਕਿਤੇ ਇਕ ਸਾੜਸਤੀ ਕੱਟੀ ਆ। ਕਦੇ ਬੰਦਿਆਂ ਤੇ ਕਦੇ, ਜ਼ਮੀਨਾ ਦੀ, ਕਿਤੇ ਇਕ ਹਾਰ ਝੱਲੀ ਆ। ਬਾਰ੍ਹੀਂ ਵਰ੍ਹੀਂ ਤਾਂ ਰੱਬ ਰੂੜੀ ਦੀ ਵੀ ਸੁਣਦਾ। ਮੈਨੂੰ ਤਾਂ ਭਾਈ ਚੌਦਾਂ ਸਾਲ ਹੋ ਗਏ, ਬਨਵਾਸ ਕੱਟਦੀ ਨੂੰ।” ਦਾਦੀ-ਮਾਂ ਨੇ ਜਵਾਬ ਦਿੱਤਾ ਸੀ।

ਦੁਪਹਿਰ ਤੱਕ ਲੋਕ ਆਉਂਦੇ ਰਹੇ, ਜਾਂਦੇ ਰਹੇ। ਬਹੁਤੇ ਤਾਂ ਮਾਮਿਆਂ ਵਲੋਂ ਨਿਭਾਈ ਭੂਮਿਕਾ ਦੀ ਤਾਰੀਫ ਕਰਦੇ। ਕੋਈ ਬਲ਼ਦਾਂ ਦੀਆਂ ਸਿਫਤਾਂ ਕਰਦਾ ਤੇ ਕੋਈ ਵੀਰੇ ਦੇ ਹਲ਼ ਵਾਹੁਣ ਦੀਆਂ। ਕੋਈ ਵਿਰਲਾ-ਟਾਵਾਂ ਸਾਡੇ ਪਰਿਵਾਰ ਨਾਲ ਰੱਬ ਤੇ ਰੱਬ ਦੇ ਬੰਦਿਆਂ ਵਲੋਂ ਕੀਤੇ ਧਰੋਹ ਤੇ ਜ਼ਿਆਦਤੀਆਂ ਦਾ ਕਿੱਸਾ ਛੇੜ ਬਹਿੰਦਾ। ਹਰ ਕੋਈ ਵਧਾਈਆਂ ਜ਼ਰੂਰ ਦਿੰਦਾ। ਉਹ ਸਭ ਦੀਆਂ ਵਧਾਈਆਂ ਕਬੂਲਦੀ ਤਕਰੀਬਨ ਇੱਕੋ ਜਿਹਾ ਜਵਾਬ ਦਿੰਦੀ,

“ਪਤਾ ਨਈਂ ਖਨੀ ਤੁਹਾਡੇ ਪੈਰਾਂ ਪਿੱਛੇ ਈ ਆਹ ਦਿਨ ਆਏ ਆ।”

ਪਰ ਹਰੇਕ ਸ਼ਖ਼ਸ ਦੇ ਤੁਰ ਜਾਣ ਪਿੱਛੋਂ ਉਹ ਮੇਰੇ ਕੰਨਾਂ ਕੋਲ਼ ਮੂੰਹ ਕਰਕੇ ਹੌਲ਼ੀ ਜਿਹੀ ਕਹਿੰਦੀ,“ਤੂੰ ਖੁਸ਼ ਨਾ ਜਾਣੀ ਇ੍ਹਨਾਂ ਨੂੰ। ਅੰਦਰੋਂ ਤਾਂ ਸੜ੍ਹ ਕੇ ਸੁਆਹ ਹੋਏ ਪਏ ਆ। ਉੱਤੋਂ-ਉੱਤੋਂ ਵਧਾਈਆਂ ਦਿੰਦੇ ਆ ਬੱਸ। ਕੌਣ ਚਾਹੁੰਦਾ ਸ਼ਰੀਕ ਰੱਜਵੀਂ ਰੋਟੀ ਖਾਣ। ਇਹ ਤਾਂ ਸਾਨੂੰ ਭੀਖ ਮੰਗੌਣ ਤੇ ਤੁਲਿਓ ਸੀ। ਤੇਰੇ ਪਿਓ ਨੂੰ ਵੀ ਇ੍ਹਨਾਂ ਪੁੱਠੀਆਂ ਪੱਟੀਆਂ ਪੜ੍ਹਾ ਕੇ ਕਮਲ਼ਾ ਕੀਤਾ।ਨਈਂ ਤਾਂ ਉਦ੍ਹੇ ਅਰਗੀ ਖੇਤੀ ਕਿਨ੍ਹੇ ਕਰ ਲੈਣੀ ਆ!”

ਉਹ ਜਿਉਂ ਪਿੰਡ ਦੇ ਹਰੇਕ ਬੰਦੇ ਦੀ ਨਬਜ਼ ਪਛਾਣਦੀ ਹੋਵੇ।

“ਮਾਂ ਇੱਥੇ ਕੀ ਬੀਜਣਾ?” ਮੈਂ ਉਤਸੁਕਤਾ ਨਾਲ ਪੁੱਛਿਆ ਸੀ।

“ਤੇਰਾ ਪੇ ਤਾਂ ਇੱਥੇ ਨੇੜਾ ਹੋਣ ਕਰਕੇ ਬਹੁਤੇ ਪੱਠੇ ਈ ਬੀਜਦਾ ਰਿਹਾ। ਮੇਰਾ ਤਾਂ ਗਾ੍ਹਦਾ ਕਿ ਅੱਧੇ ਕੁ ਪੱਠੇ ਤੇ ਅੱਧੀ ਕੁ ਮੱਕੀ ਬੀਜ ਲਈਏ। ਖਾਣ ਜੋਗਾ ਅੰਨ੍ਹ ਹੋ ਜਾਣਾ ਬੜਾ ਸੌ੍ਹਣਾ।” ਉਹ ਮੈਨੂੰ ਬੰਨੇ ’ਤੇ ਬਿਠਾ ਕੇ ਦੱਸਣ ਲਗ ਪਈ ਸੀ।

“ਮਾਂ ਇੱਥੇ ਹੋ ਜਾਊ ਮੱਕੀ?”

ਮੇਰਾ ਸਵਾਲ ਸੁਣਕੇ ਉਹ ਮਾਣ-ਭਰਿਆ ਹਾਸਾ ਹੱਸਦਿਆਂ ਬੋਲੀ ਸੀ,“ਲੈ ਮੱਕੀ! ਕਿ੍ਹੜੀਆਂ ਗੱਲਾਂ ਕਰਦਾਂ ਤੂੰ? ਝੋਟੇ ਦੇ ਸਿਰ ਅਰਗੀ ਜ਼ਮੀਨ ਆ ਏਹ। ਪੂਰੇ ਪਿੰਡ ’ਚ ਟੱਕ ਨਈਂ ਹੋਣਾ ਇ੍ਹਦੇ ਅਰਗਾ। ਏਥੇ ਤਾਂ ਵੱਢ ਕੇ ਗੱਡਿਆ ਬੰਦਾ ਫੁੱਟ ਪਊ।”

ਫਿਰ ਉਸਦੀਆਂ ਅੱਖਾਂ ਪੈਰਾਂ ਹੇਠਲੀ ਮਿੱਟੀ ’ਤੇ ਟਿਕ ਗਈਆਂ ਸੀ, ਪਰ ਉਸਦੀ ਨਜ਼ਰ



ਨਿਰੰਤਰ ਡੂੰਘੀ ਹੁੰਦੀ ਗਈ। ਜਿਉਂ ਉਹ ਦੂਰ, ਬਹੁਤ ਦੂਰ ਵੇਖ ਰਹੀ ਹੋਵੇ।

“ਮੱਕੀ ਤਾਂ ਇੱਥੇ ਬੰਦੇ ਨਾਲੋਂ ਵੀ ਦੋ-ਦੋ ਹੱਥ ਉੱਚੀ ਹੁੰਦੀ ਸੀ।” ਇਸ ਵਾਰ ਉਸਦੀ ਅਵਾਜ਼ ਮੱਧਮ ਸੀ।

“ਮਾਰ ਕਿਤੇ ਬੰਦਾ ਗੁਆਚਿਆ ਨਾ ਲੱਭਣਾ। ਹੱਥ-ਹੱਥ ਪੂਣਾ ਪੈਣੀਆਂ।...ਖਨੀ ਪੁਨੂੰ ਦੇ ਈ ਹੱਥ ਨੂੰ ਬਖਸ਼ ਸੀ ਕੋਈ। ਜਿੱਥੇ ਦਾਣਾ ਸੁੱਟਦਾ ਬਸ ਫੁੱਟ ਕੇ ਸਿੱਧਾ ਅੰਬਰ ਵਲ ਨੂੰ ਈ ਵੱਧਦਾ ਜਾਂਦਾ।”

ਉਹ ਕਈ ਦੇਰ ਸਿਫਤਾਂ ਕਰਦੀ ਰਹੀ ਸੀ। ਪਤਾ ਨਹੀਂ ਖੋਰੜ ਵਾਲੇ ਖੇਤ ਦੀਆਂ ਕਿ ਸੇਵੇ ਦੇ ਪੁੰਨੂੰ ਦੀਆਂ।

***

ਖੇਤੀ ਦਾ ਕੰਮ ਸ਼ੁਰੂ ਹੋਇਆ ਤਾਂ ਦਾਦੀ-ਮਾਂ ਜਿਉਂ ਮੁੜ ਤੋਂ ਜਵਾਨ ਹੋ ਗਈ ਹੋਵੇ। ਉਸਨੇ ਤਾਂ ਸਾਰਾ ਕੰਮ ਸਿਰ ’ਤੇ ਚੁੱਕ ਲਿਆ ਸੀ। ਕਦੇ ਉਹ ਵੀਰੇ ਦੇ ਹਲ਼ ਪਿੱਛੇ ਤੁਰਦੀ ਸਿਆੜਾਂ ’ਚ ਬੀਜ ਕੇਰ ਰਹੀ ਹੁੰਦੀ। ਕਦੇ ਤੇਜ਼-ਤੇਜ਼ ਕਦਮਾਂ ਨਾਲ ਖੇਤਾਂ ਵਲ ਰੋਟੀ ਲੈ ਕੇ ਜਾ ਰਹੀ ਹੁੰਦੀ। ਕਦੇ ਪੱਠੇ ਵੱਢ, ਕਦੇ ਕੁਤਰ ਰਹੀ ਹੁੰਦੀ। ਕਦੇ ਮੱਝਾਂ ਨੂੰ ਪਾਣੀ ਪਿਲਾ,ਕਦੇ ਨਹਾ ਰਹੀ ਹੁੰਦੀ। ਕਦੇ ਗੋਹਾ ਚੁੱਕ,ਕਦੇ ਮੱਝ ਚੋ,ਕਦੇ ਆਹ ਕੰਮ,ਕਦੇ ਓਹ ਕੰਮ।ਮੈਂ ਉਸਨੂੰ ਮੁੜ ਕਦੇ ਵਿਹਲੀ ਨਹੀਂ ਵੇਖਿਆ। ਉਹ ਹਰ ਕੰਮ ਨੱਠ-ਨੱਠ ਕਰਦੀ। ਉਹ ਸਾਡੇ ਸੌਂ ਜਾਣ ਤੋਂ ਪਿੱਛੋਂ ਸੌਂਦੀ ਤੇ ਸਾਡੇ ਜਾਗਣ ਤੋਂ ਪਹਿਲਾਂ ਜਾਗੀ ਹੁੰਦੀ। ਹਰ ਵੀਰਵਾਰ ਉਹ ਰਾਂਝੇ ਸ਼ਾਹ ਦੀ ਖ਼ਾਨਗਾਹ ’ਤੇ ਦੀਵਾ ਬਾਲਣ ਜਾਂਦੀ ਤੇ ਗੁਰਪੁਰਬ ਅਤੇ ਸੰਗਰਾਦ ਨੂੰ ਦਾਣਿਆਂ ਦੀ ਥਾਲੀ ਭਰ ਕੇ ਗੁਰਦੁਆਰੇ।

“ਵਾਖਰੂ ਨੇ ਮੇਰੇ ਦਿਨ ਫੇਰੇ ਆ। ਮੈਂ ਤਾਂ ਚਰਨ ਧੋ-ਧੋ ਪੀਵਾਂ।”

ਉਹ ਸਾਰੀ ਵਾਟ ਸ਼ੁਕਰਾਨੇ ਨਾਲ ਭਰੇ ਇਹੋ ਜਿਹੇ ਬੋਲ ਦੁਹਰਾਉਂਦੀ ਤੁਰੀ ਜਾਂਦੀ।

ਸਾਡੇ ਦਿਨ ਸੱਚੀਂ ਫਿਰ ਗਏ ਸਨ। ਜਿਹਨਾਂ ਖੁੰਢਾਂ ਤੋਂ ਬਲ਼ਦ ਗਏ ਸਨ,ਉਹਨਾਂ ਖੁੰਢਾਂ ’ਤੇ ਫਿਰ ਤੋਂ ਬਲ਼ਦ ਬੱਝ ਗਏ ਸਨ; ਜਿਹਨਾਂ ਤੋਂ ਮੱਝੀਆਂ-ਕੱਟੀਆਂ,ਉਹਨਾਂ ’ਤੇ ਮੱਝੀਆਂ-ਕੱਟੀਆਂ। ਜਹਾਨੋਂ ਤੁਰ ਗਿਆਂ ਨੇ ਤਾਂ ਕੀ ਪਰਤਣਾ ਸੀ! ਬਸ ਇਕ ਬਾਪੂ ਦੀ ਉਦਾਸੀਨਤਾ ਤੇ ਨਿਰਮੋਹਾਪਨ ਮੇਰੇ ਮਨ ਨੂੰ ਉਦਾਸ ਕਰੀ ਰੱਖਦਾ ਸੀ।

***

ਜਦੋਂ ਸਾਡਾ ਪਰਿਵਾਰ ਕੁਝ ਪੈਰਾਂ ’ਤੇ ਆਇਆ ਤਾਂ ਮਾਮਿਆਂ ਨੇ ਵੀਰੇ ਦਾ ਰਿਸ਼ਤਾ ਕਰਵਾ ਦਿੱਤਾ ਸੀ।

ਵਿਆਹ ਵਾਲ਼ੇ ਦਿਨ ਤਾਂ ਦਾਦੀ-ਮਾਂ ਜਿਉਂ ਖੁਸ਼ੀ ’ਚ ਕਮਲ਼ੀ ਹੀ ਹੋ ਗਈ ਹੋਵੇ। ਉਹ ਤਾਂ ਨੱਚਦੀ ਫਿਰਦੀ ਸੀ। ਮੈਂ ਉਸ ਨੂੰ ਓਨਾ ਖੁਸ਼ ਨਾ ਕਦੇ ਪਹਿਲਾਂ ਵੇਖਿਆ, ਨਾ ਬਾਅਦ ਵਿਚ। ਉਸ ਦਿਨ ਤਾਂ ਉਹ ਲਾਗਣਾਂ ਨੂੰ ਵੀ ਜੱਫੀਆਂ ਪਾ-ਪਾ ਮਿਲਦੀ ਸੀ। ਪਰ ਕਦੇ-ਕਦੇ ਉਸਦੇ ਬੁੱਢੇ ਪੈਰ ਆਪਣੀ ਤਾਲ ਗੁਆ ਬਹਿੰਦੇ। ਉਸਦੀਆਂ ਡੂੰਘੀਆਂ ਅੱਖਾਂ ’ਚ ਅੱਥਰੂ ਛਲਕ ਆਉਂਦੇ।

“ਕਿਤੇ ਅੱਜ ਸੀਸੋ ਹੁੰਦੀ ਆਹ ਦਿਨ ਦੇਖਣ ਨੂੰ!” ਤੇ ਘੜੀ-ਪਲ ਪਿੱਛੋਂ ਉਹ ਫਿਰ ਕਿਸੀ ਰਸਮ ਜਾਂ ਕਿਸੇ ਕਾਰਜ ’ਚ ਰੁੱਝ ਜਾਂਦੀ। ਇਹਨਾਂ ਮਸਰੂਫੀਅਤ ਦੇ ਪਲਾਂ ’ਚ ਵੀ,ਮੁੜ-ਮੁੜ ਦਰਵਾਜ਼ੇ ਵਲ ਵੇਖਦੀ। ਮੈਨੂੰ ਵਾਰ-ਵਾਰ ਬਾਪੂ ਬਾਰੇ ਪੁੱਛਦੀ।ਉਹ ਪਿਛਲੇ ਪੰਜ ਦਿਨਾਂ ਤੋਂ ਘਰ ਨਹੀਂ ਸੀ ਆਇਆ। ਗੁਰਦੁਆਰੇ ਸੌਣ ਲੱਗ ਪਿਆ ਸੀ। ਉਹ ਆਪਣੇ ਪੁੱਤ ਨੂੰ ਸੱਦਣ ਲਈ ਕਈ ਵਾਰ ਗੁਰਦੁਆਰੇ ਗਈ ਸੀ,ਪਰ ਉਹ ਘਰ ਆਉਣ ਲਈ ਮੰਨਿਆ ਨਹੀਂ ਸੀ। ਵਿਆਹ ਵਾਲ਼ੀ ਸਵੇਰ ਉਹ ਮੈਨੂੰ ਨਾਲ ਲੈ ਕੇ ਗੁਰਦੁਆਰੇ ਵਲ ਤੁਰ ਪਈ ਸੀ।

“ਵੇ ਤਾਰਿਆ ਭੋਰਾ ਸ਼ਰਮ ਹੈ ਕਿ ਨਹੀਂ ਤੈਨੂੰ? ਪੁੱਤ ਦਾ ਹੋਵੇ ਵਿਆਹ ਤੇ ਤੂੰ ਕੁੜੀ ਦੱਬ ਕੇ ਆਇਆਂ ਵਾਂਗੂ ਬੈਠਾ ਹੋਵੇਂ ਘਰੋਂ ਬਾ੍ਹਰ। ਚੱਲ ਉੱਠ ਘਰ ਚੱਲ। ਤਿਆਰ-ਬਿਆਰ ਹੋ। ਸਾਰੇ

ਕਾਰ-ਬਹਾਰ ਕਰ ਬੰਦੇ ਦਾ ਪੁੱਤ ਬਣਕੇ।" ਉਹ ਇੱਕੋ ਸਾਹੇ ਸਾਰਾ ਕੁਝ ਕਹਿ ਗਈ ਸੀ।

"ਮੈਂ ਕ੍ਰਿੜੇ ਬੰਦੇ ਦਾ ਪੁੱਤ ਆਂ,ਮੈਨੂੰ ਪਤਾ!" ਪਲੰਘ 'ਤੇ ਬੈਠੇ ਬਾਪੂ ਨੇ ਦਾਦੀ-ਮਾਂ ਨੂੰ ਘਿਰਣਾ ਨਾਲ ਵੇਖਦਿਆਂ ਕਿਹਾ ਸੀ।

"ਜ੍ਹਿਦੇ ਅੱਜ ਸੇਹਰੇ ਬੱਝਣੇ ਆ,ਉਹ ਕ੍ਰੇੜੇ ਬੰਦੇ ਦਾ ਪੁੱਤ ਆ ਹੁਣ ਏਹ ਵੀ ਦੱਸਦੇ ਜਾਣੀ-ਜਾਣਾਂ? ਲੱਗਾਂ ਆਂ ਤੀਵੀਆਂ ਆਂਗੂੰ ਖੇਖਣ ਕਰਨ।" ਦਾਦੀ-ਮਾਂ ਦੇ ਬੋਲਾਂ 'ਚ ਵਿਅੰਗਮਈ ਤਲਖ਼ੀ ਸੀ।

"ਮੈਥੋਂ ਨਈਂ ਹੁੰਦੇ ਏਹ ਦੁਨਿਆਵੀ ਖੇਲ-ਤਮਾਸ਼ੇ।ਜਿੱਥੇ ਲੱਗਣਾ ਸੀ ਲੱਗ ਗਿਆ ਏ ਮਨ ਮੇਰਾ।ਤੰਗ ਨਾ ਕਰੋ ਮੈਨੂੰ।" ਬਾਪੂ ਨੇ ਥੋੜ੍ਹਾ ਤਣਦਿਆਂ ਫਕੀਰਾਨਾ ਬੇਪ੍ਰਵਾਹੀ 'ਚ ਕਿਹਾ ਸੀ।

"ਤੇ ਜ੍ਹਿਨਾਂ ਖੇਲ-ਤਮਾਸ਼ਿਆਂ ਨੇ ਆਹ ਮੁੰਡੇ ਜੰਮੇ ਆ ਪਹਿਲਾਂ ਉਹ ਤਾਂ ਨਜਿੱਠ ਲੈ। ਫੇ ਲਾ ਲਈਂ ਜਿੱਥੇ ਲੌਣਾ ਹੋਊ ਮਨ।ਲੱਗ ਗਿਆ ਤੇਰਾ ਮਨ ਸਵਾਹ ਨਾਲੇ ਖੇਹ।" ਇਹ ਗੱਲ ਸੁਣ ਕੇ ਬਾਪੂ ਨੇ ਨੀਵੀਂ ਪਾ ਲਈ ਸੀ।

"ਬੀਬੀ ਨਾ ਕਰੋ ਤੰਗ ਏਸ ਰੱਬ ਦੇ ਬੰਦੇ ਨੂੰ।ਬ੍ਰਹਮ-ਗਿਆਨੀ ਲਈ ਨਿਰਲੇਪਤਾ ਜ਼ਰੂਰੀ ਹੁੰਦੀ ਆ।" ਭਾਈ ਨੇ ਕੋਲ਼ ਆਉਂਦਿਆਂ ਕਿਹਾ ਸੀ।

"ਦੱਸੋ ਬਾਬਾ ਜੀ ਏਸ ਬ੍ਰਹਮ-ਗਿਆਨ ਲਈ ਨਿਆਣਿਆਂ ਦੀ ਡਾਰ ਜੰਮਣੀ ਵੀ ਜ਼ਰੂਰੀ ਹੁੰਦੀ ਆ?"

ਦਾਦੀ-ਮਾਂ ਦੀ ਗੱਲ ਸੁਣਕੇ ਭਾਈ ਚੁੱਪ ਕਰ ਗਿਆ ਸੀ।ਸਭ ਨੂੰ ਪਤਾ ਕਿ ਏਸ ਭਾਈ ਦੇ ਸੱਤ ਜੁਆਕ ਨੇ ਤੇ ਇਹ ਕਬੀਲਦਾਰੀ ਦੇ ਫ਼ਰਜ਼ਾਂ ਤੋਂ ਭੱਜਿਆ ਇੱਥੇ ਲੁਕ ਕੇ ਬੈਠਾ ਏ।ਉਹ ਕੁਝ ਪਲ ਭਾਈ ਦਾ ਹੁੰਗਾਰਾ ਉਡੀਕਦੀ ਰਹੀ ਤੇ ਫਿਰ ਕੜਕ ਕੇ ਬੋਲੀ,"ਫੜ ਹਿੱਧਰੋਂ ਏ੍ਹਦੀ ਬਾਂਹ। ਇ੍ਹਨੇ ਐਂ ਨਈਂ ਮੰਨਣਾ ਮਹਾਂਪੁਰਖ ਨੇ।"

ਬਾਪੂ ਦੇ ਰੋਕਦਿਆਂ-ਰੋਕਦਿਆਂ ਇਕ ਬਾਂਹ ਮੈਂ ਤੇ ਦੂਜੀ ਦਾਦੀ-ਮਾਂ ਨੇ ਫੜ ਕੇ ਉਸਨੂੰ ਪਲੰਘ ਤੋਂ ਉਠਾਲ ਲਿਆ ਸੀ।

"ਲੱਗਾ ਆ ਸ਼ਗਨਾਂ ਆਲੇ ਦਿਨ ਤਮਾਸ਼ੇ ਦਖੌਣ।ਦੱਸ ਕ੍ਹਿੜੇ ਗੁਰੂ ਨੇ ਕਿਹਾ ਏ ਗੁਰੂ-ਘਰ ਬਹਿ ਕੇ ਬੇਹਲੀਆਂ ਖਾਣ ਨੂੰ? ਕਿਰਤ ਬਗੈਰ ਕ੍ਰਿੜੇ ਰੱਬ ਨੂੰ ਪਾ ਲਊਂਗੇ ਦੱਸੋ? ਆਂਦਰਾਂ ਲੂਹਣ ਲੱਗਾ ਏ ਮੇਰੀਆਂ।ਓਨਾ ਤਾਂ ਵੈਰੀ-ਦੁਸ਼ਮਣਾ ਨੇ ਨਈਂ ਸਾੜਿਆ ਹੋਣਾ, ਜਿੰਨ੍ਹੇ ਕੋਲੇ ਤੂੰ ਕੀਤੇ ਆ ਮੇਰੇ,ਤਾਰਿਆ ਬੰਦਿਆ।" ਉਹ ਬੱਚਿਆਂ ਵਾਂਗ ਹਟਕੋਰੇ ਭਰਨ ਲੱਗ ਪਈ ਸੀ।

ਗੇਟ ਲੰਘ, ਗਲ਼ੀ 'ਚ ਆਉਂਦਿਆਂ ਬਾਪੂ ਨੇ ਮੋਢੇ ਝੰਜੋੜ ਕੇ ਇਕ ਝਟਕੇ ਨਾਲ ਸਾਥੋਂ ਬਾਹਵਾਂ ਛੁਡਵਾ ਲਈਆਂ ਸਨ ਤੇ ਨੀਵੀਂ ਪਾਈ ਸਾਡੇ ਮੂਹਰੇ-ਮੂਹਰੇ ਘਰ ਵਲ ਤੁਰ ਪਿਆ ਸੀ।

ਉਸਨੇ ਪਿਉ ਵਾਲੇ ਸ਼ਗਨ-ਵਿਹਾਰ ਤਾਂ ਪੂਰੇ ਕੀਤੇ ਸਨ,ਪਰ ਬੁਝੇ-ਬੁਝੇ ਮਨ ਨਾਲ।

ਭਾਬੀ ਚੰਗੇ ਸੁਭਾਅ ਦੀ ਸੀ।ਉਹ ਚੰਗੇ ਪਰਿਵਾਰ 'ਚੋਂ ਆਈ ਸੀ, ਚੰਗੇ ਗੁਣ ਲੈ ਕੇ। ਸਵੇਰ-ਸਾਰ ਉਹ ਜਦੋਂ ਦਾਦੀ-ਮਾਂ ਦੇ ਪੈਰੀਂ ਹੱਥ ਲਾਉਂਦੀ ਤਾਂ ਉਹ ਉਸਦੀ ਝੋਲੀ ਅਸੀਸਾਂ ਨਾਲ ਭਰ ਦਿੰਦੀ।ਬਾਪੂ ਨੇ ਪਹਿਲੇ ਦਿਨ ਹੀ ਪੈਰ ਪਿਛਾਂਹ ਖਿਸਕਾਉਂਦਿਆਂ ਬੇਰੁਖੀ 'ਚ ਕਿਹਾ ਸੀ,"ਇਕ ਅਕਾਲ ਪੁਰਖ ਮੂਹਰੇ ਝੁਕਿਆ ਕਰੋ, ਜ੍ਹਿਨੇ ਸਗਲ ਜਗਤ ਬਣਾਇਆ।ਦੁਨਿਆਵੀ ਕੀੜਿਆਂ ਅੱਗੇ ਝੁਕਣਾ ਮਹਾਂਪਾਪ ਹੁੰਦਾ।"

ਭਾਬੀ ਨੇ ਮੁੜ ਬਾਪੂ ਦੇ ਪੈਰਾਂ 'ਤੇ ਝੁਕਣ ਦੀ ਹਿੰਮਤ ਨਹੀਂ ਸੀ ਕੀਤੀ।

ਵੀਰੇ ਦੇ ਵਿਆਹ ਪਿੱਛੋਂ ਵੀ ਬਾਪੂ ਦੀ ਰੁਟੀਨ 'ਚ ਕੋਈ ਫਰਕ ਨਹੀਂ ਸੀ ਪਿਆ।ਉਹ ਉਂਝ ਹੀ ਬੇਪ੍ਰਵਾਹੀ ਦੀ ਚਾਲ ਤੁਰ ਰਿਹਾ ਸੀ: ਘਰ ਦੀਆਂ ਸਭ ਰੌਣਕਾਂ ਤੇ ਤਬਦੀਲੀਆਂ ਤੋਂ



ਬੇਖ਼ਬਰ।

***

ਪਰਸੋਂ ਰਾਤ ਜਦੋਂ ਮੈਂ ਘਰ ਪਰਤਿਆਂ ਤਾਂ ਮੈਂ ਬਾਪੂ ਨੂੰ ਵੇਖਕੇ ਹੈਰਾਨ ਸਾਂ ਕਿ ਉਹ ਹਮੇਸ਼ਾਂ ਦੀ ਤਰ੍ਹਾਂ ਅਡੋਲ ਸੀ।ਉਸ ਲਈ ਮਾਂ ਦੇ ਤੁਰ ਜਾਣ ਦਾ ਦਰਦ ਸ਼ਾਇਦ ਉਸ ਪੀੜ ਦੇ ਜੰਗਲ 'ਚ ਕਿਤੇ ਗਵਾਚ ਗਿਆ ਸੀ, ਜਿਸਦੇ ਹਰ ਰੁੱਖ 'ਤੇ ਉਸ ਲਈ ਇਕ ਬਦਨੁਮਾ ਗਾਲ਼ ਉੱਕਰੀ ਹੋਈ ਸੀ।

"ਬਾਪੂ!" ਮੈਂ ਉਸਦੇ ਪੁਆਂਦੀ ਬੈਠਦਿਆਂ ਕਿਹਾ ਸੀ।

ਉਹ ਉਵੇਂ ਲੰਬਾ ਪਿਆ ਰਿਹਾ; ਚੁੱਪ ਤੇ ਅਹਿੱਲ।

ਮੈਂ ਕੁਝ ਪਲ ਆਪਣੇ ਅੰਦਰ 'ਉਸ ਗੱਲ' ਦੇ ਲਈ ਹਿੰਮਤ ਇਕੱਠੀ ਕਰਦਾ ਰਿਹਾ ਸੀ।

"ਮੈਨੂੰ ਪਅਤਾ ਏ ਕੇਅ...ਬਾਪੂ ਕਿਅ.. ਤੇਰਾ ਦੁੱਖ ਬਹੁਤ ਵਅੱਡਾ...।" ਇਹ ਕਹਿੰਦਿਆਂ ਮੇਰੀ ਜ਼ੁਬਾਨ ਕੰਬ ਗਈ ਸੀ।

ਉਹ ਤਭਕ ਕੇ ਉੱਠ ਬੈਠਾ ਸੀ।

"ਇੱਦਾਂ ਦੀ ਕੋਈ ਗੱਲ ਨਾ ਕਰੀਂ ਮੇਰੇ ਨਾਲ।" ਉਹ ਗੁੱਸੇ 'ਚ ਕੰਬਦਿਆਂ ਬੋਲਿਆ ਸੀ।

ਮੈਂ ਕੁਝ ਕਹਿਣ ਹੀ ਲੱਗਾ ਸਾਂ ਕਿ ਉਹ ਮੇਰੇ ਮੂਹਰੇ ਹੱਥ ਜੋੜਦਿਆਂ ਵਿਚਾਰਿਆਂ ਵਾਂਗ ਬੋਲਿਆ ਸੀ, "ਤੈਨੂੰ ਰੱਬ ਦਾ ਵਾਸਤਾ।ਮੈਨੂੰ ਜਿਉਂਦੇ ਜੀ ਮਾਰਨ ਆਲੀ ਕੋਈ ਗੱਲ ਬਿਲਕੁਲ ਨਾ ਕਰੀਂ!"

ਇਹ ਆਖ ਉਹ ਬੱਚਿਆਂ ਵਾਂਗ ਹਟਕੋਰੇ ਭਰਨ ਲੱਗ ਪਿਆ ਸੀ।ਮੈਂ ਚੁੱਪ ਬੈਠਾ ਉਸਦੇ ਬੋਲਾਂ ਦੀ ਉਡੀਕ ਕਰਦਾ ਰਿਹਾ ਸਾਂ।ਉਹ ਕੁਝ ਨਾ ਬੋਲਿਆ।ਮੈਂ ਕੁਝ ਦੇਰ ਪਿੱਛੋਂ ਭਰੇ ਮਨ ਨਾਲ ਦਾਦੀ-ਮਾਂ ਦੇ ਸਰਹਾਂਦੀ ਜਾ ਬੈਠਾ ਸਾਂ।ਇਕ ਪਲ ਲਈ ਮਨ 'ਚ ਇਹ ਖਿਆਲ ਆਇਆ ਸੀ ਕਿ ਮੈਂ ਦਾਦੀ-ਮਾਂ ਦਾ ਗਲ਼ ਘੁੱਟ ਦਿਆਂ ਤੇ ਚੀਕ ਕੇ ਆਖਾਂ-ਬਾਪੂ ਮੈਂ ਤੇਰੀ ਨਮੋਸ਼ੀ ਦਾ ਬਦਲਾ ਲੈ ਲਿਆ ਏ।

ਪਰ ਅਗਲੇ ਹੀ ਪਲ ਅੱਖਾਂ ਸਾਹਵੇਂ ਕੁਝ ਦ੍ਰਿਸ਼ ਉੱਭਰੇ ਸਨ।ਪਰਿਵਾਰ ਦੇ ਲਈ ਟੁੱਟ-ਟੁੱਟ ਮਰਦੀ, ਵਕਤਾਂ ਦੀ ਮਾਰੀ ਇਕ ਸੁੱਕੀ ਜਿਹੀ ਔਰਤ ਦੇ ਦ੍ਰਿਸ਼।...ਤੇ ਮੇਰਾ ਮਨ ਉਸ ਲਈ ਮੁੜ ਤੋਂ ਸ਼ਰਧਾ ਨਾਲ ਭਰਦਾ ਗਿਆ ਸੀ।

***

"ਕਿਤੇ ਇਕ ਭੱਠ ਝੋਕੀ ਆ ਵਿਚਾਰੀ ਨੇ ਸਾਰੀ ਉਮਰ।ਆਹੀ ਤਾਂ ਚਾਰ ਦਿਨ ਆਏ ਸੀ ਮੌਜ ਨਾਲ ਬਹਿ ਕੇ ਖਾਣ ਦੇ।ਰੱਬ ਨੇ ਸਭ ਕੁਸ਼ ਦੇਤਾ ਸੀ ਮੁੜ ਕੇ।" ਗਵਾਂਢਣ ਚਿੰਤੀ ਦਾਦੀ-ਮਾਂ ਦੇ ਦੁੱਖਾਂ ਦੀ ਗਵਾਹੀ ਪਾ ਰਹੀ ਸੀ।

"ਹੱਠ ਵੀ ਬੜਾ ਸੀ ਭੈਣੇ ਏਸ 'ਚ।ਇਹ ਬੁੜੀ ਨਈਂ ਬੰਦਾ ਸੀ ਬੰਦਾ।ਭਰੀ ਜਵਾਨੀ 'ਚ ਏ੍ਹਦਾ ਤੇਜ਼ ਕਿਤੇ ਝੱਲਿਆ ਜਾਂਦਾ ਸੀ!ਇਕ ਵਾਰ ਤਾਰੇ ਦਾ ਪਿਉ ਕਿਤੇ ਜੇਲ੍ਹ 'ਚ ਸੀ।ਅੱਧੀ ਕੁ ਰਾਤੇ ਕਿਸੇ ਬੰਦੇ ਨੇ ਕੰਧ ਉੱਤੋਂ ਦੀ ਝਾਕਿਆ ।ਭੈਣੇ ਇ੍ਹਨੇ ਤਾਂ ਮੰਜੇ ਥੱਲੇ ਪਈ ਡਾਂਗ ਚੁੱਕ ਲਈ।ਅਗਲਾ ਭੱਜ ਗਿਆ।" ਤਾਈ ਸੁੱਖੋ ਉਸਦੀ ਬਹਾਦਰੀ ਦਾ ਕਿੱਸਾ ਸੁਣਾ ਰਹੀ ਸੀ।

"ਆਹ ਬਿੰਦਰ ਹੁਰੀਂ ਇ੍ਹਨੇ ਜਿੰਦਾਂ ਪਾਲ਼ੇ ਆ, ਸਾਰਾ ਜੱਗ ਸਿਫਤਾਂ ਕਰਦਾ।ਕਿਤੇ ਪਲ ਭਰ ਦਾ ਵਿਸਾਹ ਨਾ ਖਾਣਾ।ਆਹ ਬਿੰਦਰ ਉਦੋਂ ਮਸਾਂ ਤਿੰਨ ਕੁ ਸਾਲਾਂ ਦਾ ਹੋਣਾ।ਭੈਣੇ ਇਹ ਕਿਤੇ ਮੰਜੇ ਥੱਲੇ ਬੜਕੇ ਸੌਂ ਗਿਆ।ਇਹ ਬੁੜੀ ਗਲੀਆਂ 'ਚ ਸ਼ੁਦੈਣਾਂ ਆਂਗੂੰ ਭੱਜੀ ਫਿਰੇ।ਉਹ ਤਾਂ ਨਿਗ੍ਹਾ

ਪੈਗੀ ਕਿਸੇ ਦੀ, ਨਈਂ ਇਹ ਤਾਂ ਡਾਂਗ ਚੁੱਕ ਕੇ ਤੁਰ ਪਈ ਸੀ ਧੰਤੇ ਦਿਆਂ ਭਤੀਜਿਆਂ ਦੇ ਘਰ।" ਨਾਮੋ ਬੁੜੀ ਦੀ ਇਸ ਗੱਲ ਨੇ ਮੇਰੇ ਸਬਰ ਦਾ ਕੜ ਪਾੜ ਦਿੱਤਾ ਸੀ ਤੇ ਮੈਂ ਅੱਥਰੂ ਵਹਾਉਂਦਾ ਬੇਸੁਰਤ ਦਾਦੀ ਕੋਲੋਂ ਉੱਠ ਪਿਆ ਸਾਂ।

***

ਹੁਣ ਮੈਂ ਛੱਤ 'ਤੇ ਟਹਿਲ ਰਿਹਾ ਹਾਂ। ਜਿਸ ਵੀ ਸ਼ੈਅ ਨੂੰ ਵੇਖਦਾ ਹਾਂ ਉਸ 'ਚੋਂ ਹੀ ਮੌਤ ਦੇ ਨਕਸ਼ ਉੱਭਰ ਰਹੇ ਨੇ। ਮੈਂ ਨਾ ਚਾਹੁੰਦੇ ਹੋਏ ਵੀ,ਡਰੇ ਮਨ ਦੇ ਨਾਲ, ਭਾਬੀ ਦੀ ਉਸ ਲੇਰ ਨੂੰ ਉਡੀਕ ਰਿਹਾ ਹਾਂ,ਜਿਸਨੇ ਦਾਦੀ-ਮਾਂ ਦੀ ਮੌਤ ਦੀ ਪੁਸ਼ਟੀ ਕਰ ਦੇਣੀ ਏ।

ਮੈਨੂੰ ਭਾਬੀ ਨੇ ਅਵਾਜ਼ ਮਾਰੀ ਏ। ਮੈਂ ਤਭਕਿਆਂ ਹਾਂ।ਪਰ ਕੋਈ ਰੋਣ ਦੀ ਅਵਾਜ਼ ਨਹੀਂ। ਇਸੀ ਢਾਰਸ ਦੇ ਸਹਾਰੇ ਮੈਂ ਪੌੜੀਆਂ ਉੱਤਰਿਆਂ ਹਾਂ।

"ਹੋਸ਼ ਆ ਗਿਆ। ਬਹਿ ਲਾ ਕੋਲ਼। ਕਰ ਲਾ ਗੱਲਾਂ।" ਭਾਬੀ ਨੇ ਉਦਾਸ ਸੁਰ 'ਚ ਕਿਹਾ ਹੈ।

ਦਾਦੀ ਨੇ ਪੂਰੀਆਂ ਅੱਖਾਂ ਖੋਲ੍ਹੀਆਂ ਹੋਈਆਂ ਨੇ। ਉਸਦੇ ਚਿਹਰੇ 'ਤੇ ਉਸ ਤਰ੍ਹਾਂ ਦੀ ਸ਼ਾਂਤੀ ਏ, ਜੋ ਲੰਬੀ ਪਦ-ਯਾਤਰਾ ਤੋਂ ਬਾਅਦ ਘਰ ਪਹੁੰਚ ਕੇ ਮੰਜਾ ਨਸੀਬ ਹੋਣ ਨਾਲ ਮਿਲਦੀ ਏ।

ਮੈਂ ਉਸਦੇ ਸਰਹਾਂਦੀ ਬੈਠ ਗਿਆ ਹਾਂ।

ਉਸਦੀਆਂ ਅੱਖਾਂ ਮੇਰੇ ਚਿਹਰੇ 'ਤੇ ਟਿਕ ਗਈਆਂ ਨੇ। ਉਹ ਮੈਨੂੰ ਇਉਂ ਵੇਖ ਰਹੀ ਏ ਜਿਉਂ ਪਹਿਲੀ ਤੇ ਆਖਰੀ ਵਾਰ ਵੇਖ ਰਹੀ ਹੋਵੇ। ਹੁਣ ਦਾਦੀ-ਮਾਂ ਦੀ ਨਜ਼ਰ ਛੱਤ 'ਤੇ ਟਿਕ ਗਈ ਏ। ਮੈਨੂੰ ਇਉਂ ਮਹਿਸੂਸ ਹੋ ਰਿਹਾ ਏ ਕਿ ਜਿਉਂ ਇਹ ਇਕ ਬਾਲੜੀ ਹੋਵੇ। ਮੈਂ ਉਸਨੂੰ ਛੱਤ ਦੇ ਬਾਲੇ ਗਿਣਨ ਤੋਂ ਰੋਕਣਾ ਚਾਹੁੰਦਾ ਹਾਂ।

'ਪਰ ਡੁੱਬਦੇ ਸੂਰਜ ਨੂੰ ਕੋਈ ਵੀ ਨਹੀਂ ਰੋਕ ਸਕਦਾ!' ਇਹ ਸੋਚਦਿਆਂ ਦਲਾਨ ਕਿਸੇ ਅਦਿੱਖ ਡਰ ਤੇ ਉਦਾਸੀ ਨਾਲ ਭਰ ਗਿਆ ਏ।

"ਮਾਂ ਗੱਲ ਕਰ ਕੋਈ।" ਮੈਂ ਉਸਦੇ ਮੱਥੇ 'ਤੇ ਹੱਥ ਰੱਖਦਿਆਂ ਕਿਹਾ ਏ।

ਉਸਨੇ ਠੰਢਾ ਹਉਕਾ ਭਰਦਿਆਂ ਕਚੀਚੀ ਵੱਟੀ ਏ। ਉਸਦਾ ਚਿਹਰਾ ਅਚਾਨਕ ਸੁੰਗੜ ਗਿਆ ਏ। ਸ਼ਾਇਦ ਉਸਦੀ ਪਿੱਠ 'ਚ ਅਸਹਿ ਪੀੜ ਉੱਠੀ ਹੋਵੇ।ਉਸਦੇ ਹੋਠ ਹਿੱਲੇ ਨੇ। ਮੈਂ ਉਸਦੇ ਕੋਲ਼ ਹੋ ਗਿਆ ਹਾਂ।

"ਤਾ..ਅ..ਰਾ?" ਉਸਨੇ ਆਪਣੇ ਪੁੱਤ ਬਾਰੇ ਪੁੱਛਿਆ ਏ। ਇਹ ਜਾਣਦੇ ਹੋਏ ਕਿ ਬਾਪੂ ਏਥੇ ਨਹੀਂ ਹੈ, ਮੈਂ ਪਤਾ ਨਹੀਂ ਕਿਉਂ ਦਲਾਨ 'ਚ ਨਜ਼ਰ ਦੁੜਾਈ ਏ।

ਹੁਣ ਮੈਂ ਗੁਰਦੁਆਰੇ ਵਲ ਜਾ ਰਿਹਾ ਹਾਂ।

ਸੂਰਜ ਤਾਂ ਡੁੱਬ ਚੁੱਕਾ ਏ,ਪਰ ਉਸਦੀ ਮੱਧਮ ਜਿਹੀ ਰੋਸ਼ਨੀ ਅਜੇ ਬਾਕੀ ਏ।

ਉੱਘੜ-ਦੁਘੜ ਗਲ਼ੀ 'ਚ ਤੁਰਦਿਆਂ ਮੈਨੂੰ ਆਪਣਾ ਉੱਘੜ-ਦੁਘੜ ਬਚਪਨ ਯਾਦ ਆ ਰਿਹਾ ਏ।

ਮੈਂ ਗਲ਼ੀ 'ਚ ਖੇਡ ਰਿਹਾ ਹਾਂ। ਦਾਦੀ-ਮਾਂ ਦੀ ਅਵਾਜ਼ ਗੂੰਜ ਰਹੀ ਏ।

'ਵੇ ਬਿੰਦਰਾ ਆਜਾ ਪੁੱਤ ਚਾਹ ਪੀ ਲੈ।'

'ਵੇ ਬਿੰਦਰਾ ਸ਼ਰਮ ਕਰ ਕੁਸ਼। ਵੇ ਦੁਪੈ੍ਰ ਦਾ ਭੁਖਣ-ਭਾਣਾ ਨਿਕਲਿਆਂ ਘਰੋਂ।'

'ਵੇ ਦੇਖੀ ਕੁਸ਼ ਲੜਾ ਨਾ ਲਈਂ। ਆਜਾ ਬਹੁੜ ਆ ਹੁਣ। ਰੁੱਤ ਬੜੀ ਕਸੂਤੀ ਆ ਵੇ ਬਿੰਦਰਾ।'

'ਦੇਖ ਕਿੱਦਾਂ ਆਲ੍ਹਣੇ ਅਰਗਾ ਤੇਰਾ ਸਿਰ ਹੋਇਆ ਪਿਆ ਪਤੰਦਰਾ। ਆ ਨਹਾਵਾਂ।'

ਦਰਦ ਨਾਲ਼ ਨੱਕੋ-ਨੱਕ ਭਰਿਆ ਦਿਲ ਚਾਹੁੰਦਾ ਏ ਕਿ ਦੌੜ ਕੇ ਘਰ ਜਾਵਾਂ ਤੇ



ਦਾਦੀ-ਮਾਂ ਦੀ ਗੋਦੀ 'ਚ ਬੈਠ ਜਾਵਾਂ।

'ਪਰ ਕਿੱਥੇ?' ਇਹ ਸੋਚ ਕੇ ਮੈਂ ਵਿਲਕ ਉੱਠਿਆਂ ਹਾਂ। ਅੱਖਾਂ ਪੂੰਝਦਿਆਂ ਮੈਂ ਗੁਰਦੁਆਰੇ ਦਾ ਗੇਟ ਲੰਘਿਆਂ ਹਾਂ। ਪਲੰਘ 'ਤੇ ਬੈਠਾ ਬਾਪੂ ਕੰਗਣੀ ਵਾਲੇ ਗਿਲਾਸ 'ਚੋਂ ਦੁੱਧ 'ਛਕ' ਰਿਹਾ ਏ।

"ਬਾਪੂ ਜੀ ਤੁਹਾਨੂੰ ਮਾਂ ਯਾਦ ਕਰਦੀ ਏ । ਛੇਤੀ ਘਰ ਚਲੋ।"

ਮੇਰੀ ਗੱਲ ਸੁਣ ਬਾਪੂ ਮੇਰੇ ਵੱਲ ਧਿਆਨ ਦਿੱਤੇ ਬਗੈਰ ਬੇਪ੍ਰਵਾਹੀ 'ਚ ਮੁਸਕਾਉਂਦਿਆਂ ਭਾਈ ਨੂੰ ਮੁਖਾਤਿਬ ਹੋਇਆ ਏ,"ਦੇਖ ਲਓ ਜੀ ਮੋਹ ਮਾਇਆ। ਨਾ ਏਹ ਚੈਨ ਨਾਲ ਜੀਣ ਦੇਵੇ ਤੇ ਨਾ ਅਰਾਮ ਨਾਲ ਮਰਨ ਦੇਵੇ। ਕੋਈ ਪੁੱਛੇ ਕਿ ਹਾਲੇ ਵੀ ਅੱਖਾਂ ਨਈਂ ਖੁੱਲ੍ਹੀਆਂ। ਫੇ ਕ੍ਹੈਣਗੇ ਗੀਤਾ ਸੁਣਾਓ। ਸੁਖਮਣੀ ਸਾਹਿਬ ਸੁਣਾਓ। ਇੱਦਾਂ ਤਾਂ ਮੁਕਤੀ ਨਈਂ ਮਿਲ ਜਾਂਦੀ। ਧਰਮ ਨੂੰ ਜ਼ਿੰਦਗੀ ਬਣੌਂਣ ਦੀ ਲੋੜ ਹੁੰਦੀ ਆ ਭਾਈ ਜੀ। ਕੌਣ ਸਮਝਾਏ ਏ੍ਹਨਾਂ ਦੁਨੀਆਵੀ ਕੀੜਿਆਂ ਨੂੰ?" ਤੇ ਬਾਪੂ ਗਿਲਾਸ 'ਚ ਬਚਦੇ ਦੁੱਧ ਨੂੰ ਇੱਕੋ ਡੀਕੇ ਪੀ ਗਿਆ ਏ।

"ਧੰਨ ਜੇ ਤੁਸੀਂ ਮਹਾਂਪੁਰਸ਼ੋ! ਨਾ ਦੁੱਖ ਦਾ ਦੁੱਖ, ਨਾ ਖੁਸ਼ੀ ਦੀ ਖੁਸ਼ੀ। ਕੋਈ ਵਿਰਲਾ ਈ ਪਹੁੰਚਦਾ ਏਸ ਪਰਮਪੱਦ ਨੂੰ।" ਭਾਈ ਦੇ ਸ਼ਰਧਾ 'ਚ ਹੱਥ ਜੁੜ ਗਏ ਨੇ।

"ਇਹ ਵਿਖਿਆਨ ਫਿਰ ਕਰ ਲਈਂ ਬਾਪੂ। ਹੁਣ ਘਰ ਨੂੰ ਤੁਰ ਪੈ।" ਮੈਂ ਜਾਣ-ਬੁਝ ਕੇ ਆਪਣੇ ਬੋਲਾਂ 'ਚ ਤਲਖੀ ਭਰੀ ਏ ਤੇ ਬਾਪੂ ਨੂੰ ਇਕ ਨਾਟਕੀ ਗੁੱਸੇ ਨਾਲ ਘੂਰ ਕੇ ਘਰ ਵਲ ਮੁੜ ਪਿਆ ਹਾਂ।

ਗੇਟ ਲੰਘਦਿਆਂ ਮੈਂ ਮੁੜ ਕੇ ਦੇਖਿਆ ਏ। ਬਾਪੂ ਪਲੰਘ ਤੋਂ ਉੱਤਰ ਕੇ ਜੁੱਤੀ ਪਾ ਰਿਹਾ ਏ।

ਸੁਣਿਆ ਏ ਕਿ ਉਹ ਸਾਰੀ ਉਮਰ ਆਪਣੇ ਬਾਪ ਕੋਲੋਂ ਛਿੱਤਰ ਤੇ ਗਾਲ੍ਹਾਂ ਖਾਂਦਾ ਰਿਹਾ, ਪਰ ਉਸ ਮੂਹਰੇ ਕਦੇ ਅੱਖ ਨਾ ਚੁੱਕੀ। ਉਹ ਜਿੰਨੇ ਸਾਲ ਫੌਜ 'ਚ ਰਿਹਾ ਨੇਮ ਨਾਲ ਘਰ ਤਨਖਾਹ ਭੇਜਦਾ ਰਿਹਾ। ਉਸਦੀ ਮਾਂ ਛੁੱਟੀ ਆਏ ਨੂੰ ਇਸ ਤੋਂ ਵਰਜਦੀ ਰਹਿੰਦੀ। ਕਿਉਂਕਿ ਉਸਦਾ ਪਤੀ ਇਹਨਾਂ ਸਭ ਰੁਪਈਆਂ ਦੀ ਸ਼ਰਾਬ ਪੀ ਜਾਂਦਾ ਸੀ। ਪਰ ਉਹ ਆਖਦਾ ਕਿ ਉਸਦਾ ਬਾਪ ਕੁਝ ਵੀ ਕਰੇ, ਰੁਪਏ ਭੇਜਣੇ ਉਸਦਾ ਫਰਜ਼ ਏ। ਜਦ ਉਹ ਨੌਕਰੀ ਛੱਡ ਕੇ ਖੇਤੀ ਕਰਨ ਲੱਗਾ ਉਸਨੇ ਉਦੋਂ ਵੀ ਆਪਣੇ ਫਰਜ਼ ਨਾ ਭੁਲਾਏ। ਉਹ ਮੰਡੀ ਜਿਣਸ ਸੁੱਟ ਆਉਂਦਾ। ਰੁਪਏ ਲੈਣ ਬਾਬਾ ਜਾਂਦਾ।

ਮੈਂ ਮੁੜ ਪਿਛਾਂਹ ਵਲ ਵੇਖਿਆ ਏ। ਉਹ ਨੀਵੀਂ ਗੱਡੀ ਤੁਰਿਆ ਆ ਰਿਹਾ ਏ, ਇਉਂ ਜਿਉਂ ਅਣਮੰਨੇ ਮਨ ਨਾਲ ਅਣਚਾਹੀ ਦਿਸ਼ਾ ਵਿਚ ਤੁਰ ਰਿਹਾ ਹੋਵੇ।

ਮੈਂ ਚਾਣਚੱਕ ਉਸ ਲਈ ਹਮਦਰਦੀ ਨਾਲ ਭਰ ਗਿਆ ਹਾਂ।

ਸੋਚਾਂ 'ਚ ਉਲਝਿਆ ਮੈਂ ਘਰ ਦਾ ਦਰ ਲੰਘਿਆ ਹਾਂ। ਹੁਣ ਅਹਿਸਾਸ ਹੋਇਆ ਏ ਕਿ ਮੈਂ ਕੁਝ ਸਮੇਂ ਲਈ ਮਰ ਰਹੀ ਦਾਦੀ-ਮਾਂ ਨੂੰ ਤਾਂ ਜਿਉਂ ਭੁੱਲ ਹੀ ਗਿਆ ਸਾਂ।

ਦਲਾਨ 'ਚ ਬੈਠੇ ਚੇਤੂ ਕਾਣੇ ਤੇ ਜ਼ੈਲੇ ਪੰਚ ਅੱਗੇ ਸਿਰ ਝੁਕਾ ਮੈਂ ਦਾਦੀ-ਮਾਂ ਦੇ ਸਰਹਾਂਦੀ ਬੈਠ ਗਿਆ ਹਾਂ।

ਦਾਦੀ-ਮਾਂ ਨੇ ਕੰਬਦੀ ਨਜ਼ਰ ਮੇਰੇ ਚਿਹਰੇ 'ਤੇ ਟਿਕਾ ਲਈ ਏ।

"ਮਾਂ ਆਉਂਦਾ ਪਿਆ ਏ ਬਾਪੂ।" ਮੈਂ ਉਸਦੇ ਬੱਗੇ ਵਾਲਾਂ ਵਾਲੇ ਸਿਰ ਨੂੰ ਪਲੋਸਦਿਆਂ ਕਿਹਾ ਹੈ।

ਦਾਦੀ ਦੀਆਂ ਅੱਖਾਂ ਵਿਚ ਹਲਕੀ ਜਿਹੀ ਚਮਕ ਉੱਭਰ ਆਈ ਹੈ।

"ਵਾਖਰੂ ਤੇਰਾ ਸ਼ੁਕਰ ਏ।" ਬਾਪੂ ਦਲਾਨ 'ਚ ਪ੍ਰਵੇਸ਼ ਕਰਦਿਆਂ ਬੋਲਿਆ ਏ ਤੇ ਬਿਨਾਂ ਕਿਸੇ ਨੂੰ ਬੁਲਾਏ ਖਾਲੀ ਮੰਜੇ 'ਤੇ ਬੈਠ ਗਿਆ ਏ। ਹੁਣ ਦਾਦੀ ਦੀ ਨਜ਼ਰ ਬਾਪੂ ਵਲ ਗਈ ਏ। ਪਰ

ਉਹ ਤਾਂ 'ਨਿਸਚਿੰਤ' ਬੈਠਾ ਏ :ਅੱਖਾਂ ਮੀਟੀ, ਮੂੰਹ 'ਚ ਪਾਠ ਕਰਦਾ। ਸਭ ਕੁਸ਼ ਤੋਂ 'ਬੇਲਾਗਤਾ' ਪ੍ਰਗਟਾਉਂਦਾ।

ਦਾਦੀ-ਮਾਂ ਦੀਆਂ ਅੱਖਾਂ ਵਿਚਲੀ ਚਮਕ ਅੱਥਰੂਆਂ ਵਿਚ ਡੁੱਬ ਗਈ ਏ। ਉਸਨੇ ਆਪਣਾ ਸਿਰ ਪਛਤਾਵੇ ਵਿਚ ਇਉਂ ਹਿਲਾਇਆ ਏ ਜਿਉਂ ਉਹ ਵੀ ਬਾਪੂ ਦੀ ਪੀੜ ਨੂੰ ਸਮਝ ਰਹੀ ਹੋਵੇ। ਉਸਦੀਆਂ ਸ੍ਰਿਲੀਆਂ ਅੱਖਾਂ 'ਚ ਉੱਤਰੀ ਗਿਲਾਨੀ ਦੱਸ ਰਹੀ ਏ ਕਿ ਉਸਨੂੰ ਆਪਣੇ 'ਗੁਨਾਹ' ਦਾ ਅਹਿਸਾਸ ਏ। ਉਸਦੇ ਚਿਹਰੇ 'ਤੇ ਚਾਣਚੱਕ ਵਿਚਾਰਗੀ ਫੈਲ ਗਈ ਏ। ਸ਼ਾਇਦ ਉਹ ਆਪਣੇ ਪੁੱਤ ਕੋਲੋਂ ਮੁਆਫੀ ਮੰਗਣਾ ਚਾਹੁੰਦੀ ਏ।

"ਮਾਂ ਗੱਲ ਕਰ ਕੋਈ।" ਮੈਂ ਉਸਦਾ ਧਿਆਨ 'ਬੇਪ੍ਰਵਾਹ' ਪੁੱਤ ਵਲੋਂ ਹਟਾਉਣ ਲਈ ਪੁੱਛਿਆ ਏ।

ਜੁਗਨੂੰ ਵਾਂਗ ਜਗਦੀ-ਬੁਝਦੀ ਉਸਦੀ ਨਜ਼ਰ ਹੁਣ ਮੇਰੇ ਚਿਹਰੇ 'ਤੇ ਟਿਕਣ ਦੀ ਕੋਸ਼ਿਸ਼ ਕਰ ਰਹੀ ਏ।

"ਓਹ!" ਉਹ ਹੌਲ਼ੀ ਜਿਹੀ ਬੋਲੀ ਏ।

"ਓਹ ਕੌਣ ਮਾਂ?" ਮੈਂ ਉਸਦੇ ਚਿਹਰੇ 'ਤੇ ਝੁਕਦਿਆਂ ਪੁੱਛਿਆ ਏ।

"ਜਮ...ਦੂਅਤ!" ਉਹ ਅਜੀਬ ਜਿਹੇ ਡਰ,ਖੁਸ਼ੀ ਤੇ ਬੱਚਿਆਂ ਵਾਲੀ ਹੈਰਾਨੀ 'ਚ ਬੋਲੀ ਏ।

"ਕੀ ਕਹਿੰਦੇ ਸੀ ਮਾਂ?" ਮੈਂ ਗੱਲ ਜਾਰੀ ਰੱਖਣ ਦੀ ਖ਼ਾਹਸ਼ ਨਾਲ ਪੁੱਛਿਆ ਏ।

"ਉਹਅ.. ਲੈਅ.. ਗੇ ਸੀ ਮੇਅ..ਨੂੰ।" ਉਹ ਏਨੀ ਤੋਤਲੀ ਜ਼ੁਬਾਨ 'ਚ ਬੋਲੀ ਏ ਕਿ ਮੈਂ ਉਸਨੂੰ ਹੈਰਾਨੀ ਨਾਲ ਵੇਖ ਰਿਹਾ ਹਾਂ।

"ਕਿੱਥੇ ਮਾਂ?" ਮੇਰੀ ਦੇਹ 'ਚ ਝਰਨਾਟ ਛਿੜ ਗਈ ਏ।

"ਓਥੇ...ਸੁਅਰਗਾਂ 'ਚ!" ਉਸਦੀ ਗੱਲ 'ਚ ਫ਼ਖ਼ਰ ਤੇ ਚਾਅ ਜਿਹਾ ਏ।

"ਮਾਂ ਕੀ-ਕੀ ਸੀ ਓਥੇ?" ਮੈਂ ਪੁੱਛਿਆ ਏ।

ਹੁਣ ਉਸਦੇ ਚਿਹਰੇ 'ਤੇ ਏਨਾ ਅਨੰਦ ਫੈਲ ਗਿਆ ਏ ਕਿ ਝੁਰੜੀਆਂ ਨੂੰ ਪੂਰ ਕੇ ਬਾਹਰ ਡੁੱਲ ਰਿਹਾ ਏ।

"ਓਤਅਥੇ! ਚ..ਅਨਣ ਦੇ ਰੁਖ..ਅ! ਦ੍..ਅਧ ਦੀਆਂ ਨਅਦੀਆਂ! ਸੋਅਨੇ ਦੇਅ.. ਪਹਾਅੜ! ਤੇਅਰਾ ਬਾਅਬਾ...!" ਉਹ ਇਕ ਲੈਅ 'ਚ ਬੋਲ ਰਹੀ ਏ। ਜਿਉਂ ਕੋਈ ਬਾਲੜੀ ਕਵਿਤਾ ਸੁਣਾ ਰਹੀ ਹੋਵੇ।

"ਬਾਬਾ ਕੀ ਕਰਦਾ ਸੀ ਓਥੇ ਮਾਂ?" ਮੈਂ ਉਸਦੇ ਚਿਹਰੇ 'ਤੇ ਥੋੜ੍ਹਾ ਹੋਰ ਝੁਕਦਿਆਂ ਪੁੱਛਿਆ ਏ।

ਉਸਦੇ ਝੁਰੜਾਏ ਚਿਹਰੇ 'ਤੇ ਫੈਲਿਆ ਅਨੰਦ ਹੌਲ਼ੀ-ਹੌਲ਼ੀ ਗੁਆਚ ਗਿਆ ਏ।

"ਉਹ..ਅ ਪੈਰੇਦਾਅਰ.. ਆ ਓਥੇ। ਨੇਜ਼ਾਅ.. ਲੈ ਕੇਅ.. ਖੜ..ਆ ! ਸੁਅਰਗਾ ਦੇ ਦਰ ਤੇ।"

"ਕੋਈ ਗੱਲ ਨਈਂ ਕੀਤੀ ਮਾਂ ਉਹਨੇ।"

"ਕੈਂਦਾਅ ਤੈਨੂਅ ਸੁਅਰਗਾਅ 'ਚ ਵਾਅੜ ਲੈਣਾਅ ਚੋਅਰੀ-ਚੋਅਰੀ।ਕੈਂਦਾ ..ਭਾਅਵੇ ਤੂ ਵਡਾ..ਅ ਧੋਖਾਅ ਕੀਤਾ..ਅ ਮੇਅਰੇ ਨਾਅ..ਲ।" ਹੁਣ ਉਸਦੇ ਚਿਹਰੇ 'ਤੇ ਉਦਾਸੀ ਪਸਰ ਗਈ ਏ।

ਬਾਪੂ ਦਾ ਮੰਜਾ ਚੂਕਿਆ ਏ।

"ਮਾਂ ਹੋਰ ਕੌਣ ਸੀ ਓਥੇ?" ਮੈਂ ਤਾਂ ਉਸਦਾ ਮਨ ਇਸ ਉਦਾਸੀ ਵਲੋਂ ਮੋੜਨ ਲਈ ਪੁੱਛਿਆ ਏ।

"ਓਤੇ.. ਪੁਅਨੂੰ ਵੀਅ ਸੀਅ ਸੇ..ਅਵੇ ਦਾ ਨ..ਅਰਕਾਂ 'ਚ!"



ਹੁਣ ਬਾਪੂ ਦੀ ਸਮਾਧੀ ਭੰਗ ਹੋ ਗਈ ਏ।

"ਚੁੱਪ ਕਰ ਉਏ ਮਨਮੁਖਾ।" ਉਹ ਗੁੱਸੇ 'ਚ ਬੋਲਿਆ ਏ।

"ਤੈਨੂੰ ਪਤਾ ਨਈਂ ਮੈਂ ਸੁਖਮਣੀ ਸਾਹਿਬ ਦਾ ਪਾਠ ਕਰੀਂ ਜਾਂਦਾ, ਬ੍ਹੇਦੀ ਆਤਮਕ ਸ਼ਾਂਤੀ ਲਈ। ਤੂੰ ਬ੍ਹੇਨੂੰ ਮਰ ਲੈਣ ਦੇ ਸ਼ਾਂਤੀ ਨਾਲ।" ਇਹ ਕਹਿੰਦਿਆਂ ਉਸਦਾ ਬੋਲ ਭਾਰਾ ਹੋ ਗਿਆ ਏ।

ਹੁਣ ਉਹ ਉੱਚੀ-ਉੱਚੀ ਪਾਠ ਕਰ ਰਿਹਾ ਏ, ਪਰ ਅਵਾਜ਼ ਵਿਚਲੀ ਲੈਅ ਗੁਆਚ ਚੁੱਕੀ ਏ। ਬੋਲ ਥਿੜਕਦੇ ਜਾ ਰਹੇ ਨੇ।

ਮੇਰੇ ਚਿਹਰੇ ਨੂੰ ਨਿਹਾਰਦੀਆਂ ਦਾਦੀ-ਮਾਂ ਦੀਆਂ ਅੱਖਾਂ ਉਦਾਸੀ, ਬੇਵਸੀ ਤੇ ਅੱਥਰੂਆਂ ਨਾਲ ਭਰ ਗਈਆਂ ਨੇ।

ਉਸਦੇ ਹੋਠ ਫਰਕੇ ਨੇ। ਮੈਂ ਆਪਣਾ ਕੰਨ ਉਸਦੇ ਮੂੰਹ ਨਾਲ ਜੋੜ ਦਿੱਤਾ ਏ। ਬਾਪੂ ਦੀ ਅਵਾਜ਼ ਹੋਰ ਉੱਚੀ ਹੋ ਗਈ ਏ। ਦਾਦੀ-ਮਾਂ ਨੇ ਮੱਧਮ ਅਵਾਜ਼ 'ਚ ਕੁਝ ਕਿਹਾ ਜ਼ਰੂਰ ਏ,ਪਰ ਉਸਦੀ ਗੱਲ ਤੇ ਮੇਰੇ ਕੰਨ ਦਰਮਿਆਨ ਬਾਪੂ ਦੀ ਅਵਾਜ਼ ਪਹਿਰਾ ਦੇ ਰਹੀ ਏ।

ਹੁਣ ਦਾਦੀ-ਮਾਂ ਦੇ ਹੋਠ ਤੇਜ਼-ਤੇਜ਼ ਫਰਕਣ ਲੱਗ ਪਏ ਨੇ। ਧੌਣ ਸੱਜੇ ਪਾਸੇ ਵਲ ਸੂਤੀ ਗਈ ਏ।ਅੱਖਾਂ ਉੱਪਰ ਵਲ ਟੱਡੀਆਂ ਗਈਆਂ ਨੇ।

"ਫੇ ਦੌਰਾ ਪੈ ਗਿਆ।" ਭਾਬੀ ਨੇ ਨਿਰਾਸ਼ਤਾ ਨਾਲ ਕਿਹਾ ਏ।

ਚਾਣਚੱਕ ਉਸਨੇ ਦੋ ਵੱਡੇ-ਵੱਡੇ ਹਉਕੇ ਲਏ ਨੇ। ਉਸਦੀ ਇਕ ਪਲ ਲਈ ਝੰਜੋੜੀ ਗਈ ਦੇਹ 'ਚੋਂ ਪੈਦਾ ਹੋਈ ਕੰਪਨ ਨੂੰ ਮੈਂ ਆਪਣੇ ਸਰੀਰ 'ਚ ਵੀ ਮਹਿਸੂਸ ਕੀਤਾ ਏ। ਉਸਦੇ ਫਰਕਦੇ ਹੋਠ ਬੇਹਰਕਤ ਹੋ ਗਏ ਨੇ। ਸੂਤੀ ਧੌਣ ਇਕ ਪਾਸੇ ਨੂੰ ਲੁੜਕ ਗਈ ਏ। ਉੱਪਰ ਵਲ ਟੱਡੀਆਂ ਅੱਖਾਂ ਤਣਾਉ ਮੁਕਤ ਹੋ ਗਈਆਂ ਨੇ।

ਭਾਬੀ ਚੀਕ ਮਾਰ ਕੇ ਉਸਦੀ ਸੁੱਕੀ ਦੇਹ 'ਤੇ ਡਿਗ ਪਈ ਏ।

ਸੁਖਮਣੀ ਸਾਹਿਬ ਦਾ ਪਾਠ ਪੂਰਾ ਹੋਣ ਤੋਂ ਪਹਿਲਾਂ ਦਾਦੀ-ਮਾਂ ਪੂਰੀ ਹੋ ਗਈ ਏ।

# ਜਹਾਜ਼ ਵਾਲੀ ਟੈਂਕੀ/ਅਜਮੇਰ ਸਿੱਧੂ (17-05-1970)

ਰਾਤ ਪੀਤੀ ਵੀ ਨਈਂ। ਫਿਰ ਵੀ ਤੜਕੇ ਅੱਖ ਖੁੱਲ੍ਹ ਗਈ। ਤੌਬਾ! ਤੌਬਾ!! ਮੈਂ ਪਾਪੀ ਬੰਦਾ। ਕਿਸ ਬਲਾਅ ਦਾ ਨਾਂ ਲੈ ਬੈਠਾ। ਸੰਤਾਂ ਦਾ ਪਤਾ? ਉਨ੍ਹਾਂ ਨੂੰ ਤਾਂ, ਜੋ ਬੰਦਾ ਸੋਚੇ ਉਹਦੀ ਵੀ ਖ਼ਬਰ ਹੋ ਜਾਂਦੀ ਆ। ਮੈਂ ਤਾਂ ਨਾ ਪੀਣ ਦੀ ਕਸਮ ਖਾਧੀ ਹੋਈ ਆ, ਸੰਤਾਂ ਕੋਲ । ਨਾਲੇ ਮੈਂ ਕਿਹੜਾ ਕਸਮ ਨਿਭਾਈ ਨਈਂ। ਮੇਰੇ 'ਤੇ ਸੰਤਾਂ ਦੀ ਮਿਹਰ ਹੋ ਗਈ ਸੀ। ਅੱਜ ਹੋਰ ਹੋਣ ਵਾਲੀ ਆ।

ਠੰਡ ਤਾਂ ਰਜਾਈ 'ਚ ਪਏ ਦੇ ਵੀ ਹੱਢ ਚੀਰੀ ਜਾਂਦੀ ਆ। ਮੈਂ ਰਜਾਈ ਨੂੰ ਪੈਰਾਂ ਥੱਲੇ ਨੱਪਿਆ ਏ। ਰਾਤ ਸੁਪਨੇ 'ਚ ਮੇਰੀ ਧੀ ਪੁਨੀਤ ਜਹਾਜ਼ ਉਡਾਉਂਦੀ ਫਿਰਦੀ ਸੀ। ਸੁਪਨਾ ਤਾਂ ਮੈਨੂੰ ਏਅਰ ਫਰਾਂਸ ਵਾਲੇ ਜਹਾਜ਼ ਦਾ ਆਇਆ ਸੀ। ਸ਼ਰਾਬ ਦਾ ਤਾਂ ਆਇਆ ਨਈਂ। ਇਹ ਪਤਾ ਨਈਂ—।

ਮੈਂ ਚਾਰ-ਪੰਜ ਸਾਲ ਪੀਤੀ ਵੀ ਬੜੀ। ਠੇਕੇ 'ਤੇ ਲੱਗਾ ਹੁੰਦਾ ਸੀ। ਹਰ ਟੈਮ ਟੱਲੀ ਹੋਇਆ ਰਹਿੰਦਾ। ਅੱਧੀ ਰਾਤ ਨੂੰ ਅੱਖ ਖੁੱਲ੍ਹ ਜਾਣੀ। ਸਰੀਰ ਟੁੱਟਣ ਲੱਗ ਪੈਣਾ। ਲੱਸੀ ਲੱਭਦੇ ਫਿਰਨਾ। ਲੱਸੀ ਇਸ ਘਰ 'ਚ ਕਿਥੋਂ? ਬੱਸ ਫਿਰ ਮੈਂ ਸਵੇਰੇ ਪੀਣੀ ਸ਼ੁਰੂ ਕਰ ਦੇਣੀ। ਮੇਰੀ ਸ਼੍ਰੀਮਤੀ ਬਖਸ਼ਿੰਦਰ ਕੌਰ ਦੀ ਔਖਾ ਆ ਜਾਣੀ। ਇਹਦੇ ਮੌਰ ਭੰਨ ਸੁੱਟਣੇ। ਇਹਨੇ ਅੱਕੀਓ ਨੇ ਮੇਰੀ ਠੇਕੇ ਤੋਂ ਛੁੱਟੀ ਕਰਵਾ ਦਿੱਤੀ। ਇਹਦੇ ਭਰਾਵਾਂ ਦਾ ਜ਼ੋਰ ਚੱਲ ਗਿਆ। ਫੇਰ ਕੀ ਸੀ। ਸ਼ਰਾਬ ਨਾ ਮਿਲਦੀ ਤਾਂ ਮੈਂ ਸਪਿਰਿਟ ਪੀ ਲੈਂਦਾ। ਭਲਾ ਹੋਵੇ ਚਾਚੇ ਹੁਣਾਂ ਦਾ ਜਿਹੜੇ ਮੈਨੂੰ ਸੰਤਾਂ ਕੋਲ ਲੈ ਗਏ।

ਰਾਤ ਤਾਕੀ ਖੁੱਲ੍ਹੀ ਰਹਿ ਗਈ ਸੀ। ਉਥੋਂ ਹਵਾ ਆਉਂਦੀ ਹੋਣੀ ਆ। ਆਹ ਕਮਲੀਆਂ ਰਜਾਈ ਵੀ ਨਈਂ ਲੈਂਦੀਆਂ। ਛੋਟੀ ਤਾਂ ਵਗਾਹ-ਵਗਾਹ ਕੇ ਮਾਰਦੀ ਆ।— ਇਨ੍ਹਾਂ 'ਤੇ ਰਜਾਈ ਦੇ ਦੇਵਾਂ। ਗੁਰਦੁਆਰਾ ਸਾਹਿਬ ਇਨ੍ਹਾਂ ਨੂੰ ਅੱਜ ਨਈਂ ਲੈ ਕੇ ਜਾਣਾ। ਜਿੱਦਣ ਜਹਾਜ਼ ਚੜ੍ਹਨਾ ਹੋਇਆ, ਉਹਤੋਂ ਪਹਿਲਾਂ ਇਨ੍ਹਾਂ ਦਾ ਮੱਥਾ ਟਿਕਾ ਕੇ ਲਿਆਊਂਗਾ। ਜਾ ਕੇ ਪਹਿਲੀ ਤਨਖ਼ਾਹ ਭੇਜੂੰਗਾ। ਉਹਦੇ ਵਿੱਚੋਂ ਇਹ ਅਖੰਡ ਪਾਠ ਰੱਖਵਾ ਲਊਂਗੀਆਂ।

ਰਾਤੀਂ ਸੁੱਤੇ ਪਏ ਨੂੰ ਕਦੇ ਜਹਾਜ਼ ਦਾ ਸੁਪਨਾ ਆ ਜਾਂਦਾ, ਕਦੇ ਸੰਤਾਂ ਦੇ ਦਰਸ਼ਨ ਹੋ ਜਾਂਦੇ। ਦੁੱਧ ਚਿੱਟੇ ਵਸਤਰ, ਦੁੱਧ ਚਿੱਟੀ ਦਾੜ੍ਹੀ। ਅੱਖਾਂ 'ਚ ਨਾਮ ਦੀ ਖੁਮਾਰੀ। ਮਾਅਰ ਕਿਤੇ ਦੱਗ-ਦੱਗ ਕਰਦਾ ਨੂਰਾਨੀ ਚਿਹਰਾ। ਬੰਦਾ ਤਾਂ ਉਨ੍ਹਾਂ ਦੇ ਚਰਨਾਂ 'ਚ ਈ ਜਾ ਡਿੱਗਦਾ ਆ। ਮੇਰੇ ਵਰਗਾ ਬੰਦਾ, ਰਾਤ ਦਿਨ ਪੀਣ ਵਾਲਾ, ਕਿਤੇ ਦਾਰੂ ਛੱਡ ਸਕਦਾ ਸੀ? ਇਹ ਤਾਂ ਉਨ੍ਹਾਂ ਦਾ ਆਸ਼ੀਰਵਾਦ ਆ ਕਿ ਮੈਂ ਮੁੜ ਕੇ ਨਈਂ ਮੂੰਹ ਨੂੰ ਲਾਈ। ਹਰ ਸੰਗਰਾਂਦ 'ਤੇ ਮੱਥਾ ਟੇਕਣ ਜਾਂਦਾ ਆ। ਉੱਥੇ ਕਿਤੇ ਸੰਗਤ ਜੁੜੀ ਹੁੰਦੀ ਆ! ਤਿਲ ਸੁੱਟਣ ਨੂੰ ਜਗ੍ਹਾ ਨਈਂ ਹੁੰਦੀ। ਪੰਜ ਕਿੱਲਿਆਂ ਵਿੱਚ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਉਸਰੀ ਹੋਈ ਆ। ਇਲਾਕੇ ਦੇ ਜਿੰਨੇ ਕਨੈਡਾ ਅਮਰੀਕਾ ਇੰਗਲੈਂਡ ਗਏ ਹੋਏ ਆ। ਸੱਭ ਲੱਖਾਂ ਰੁਪਈਆਂ ਦਾ ਦਾਨ ਪੁੰਨ ਕਰਦੇ ਆ। ਬਖਸ਼ਿੰਦਰ ਵੀ ਰਾਤੀਂ ਇਹੀ ਕਹਿੰਦੀ ਪਈ ਸੀ।

" ਕਰਨ ਵੀ ਕਿਉਂ ਨਾ। ਉਨ੍ਹਾਂ ਦੇ ਆਸ਼ੀਰਵਾਦ ਨਾਲ ਬਿਗਾਨੇ ਮੁਲਕਾਂ 'ਚ ਖੱਟੀ ਕਮਾਈ ਕਰਦੇ ਆ।"



ਬਖਸ਼ਿੰਦਰ ਹਾਲੇ ਤੱਕ ਘਰਾੜੇ ਮਾਰੀ ਜਾਂਦੀ ਆ। ਇਹਨੂੰ ਉੱਥੇ ਦੀ ਦੁੱਧ ਵਾਲੀ ਖੀਰ ਬੜੀ ਪਸੰਦ ਆ। ਜਿਸ ਦਿਨ ਪਾਸਪੋਰਟ ਤੇ ਪੈਸੇ ਦੇਣ ਗਏ ਸੀ। ਇਹ ਅਖੰਡ ਪਾਠ ਕਰੌਣ ਦੀ ਸੁੱਖ ਸੁਖ ਆਈ ਸੀ। ਉਥੇ ਪਤਾ ਨਈਂ ਕਿੰਨੇ ਪਾਠ ਰਖਵਾਏ ਹੁੰਦੇ ਆ। ਲੜੀ ਨਈਂ ਟੁੱਟਦੀ। ਆ ਪਿੱਛਲੇ ਜੋੜ ਮੇਲੇ 'ਤੇ ਕੋਤਰ ਸੌ ਪਾਠਾਂ ਦੇ ਭੋਗ ਪਏ । ਉਨ੍ਹਾਂ ਵਿੱਚੋਂ ਇੱਕੀ ਅਖੰਡ ਪਾਠ ਤਾਂ ਇਕੱਲੇ ਜੌਹਨ ਸਿੰਘ ਸ਼ੇਰਗਿੱਲ ਦੇ ਸੀ।

ਉਹ ਵੀ ਸੱਚੀਂ ਸ਼ੇਰ ਆ। ਮੈਂ ਉਹਨੂੰ ਦੋ ਸਾਲ ਤੋਂ ਦੇਖਦਾ ਪਿਆਂ। ਤੁਰਿਆ-ਤੁਰਿਆ ਜਾਂਦਾ ਚਾਲੀ-ਪੰਜਾਹ ਹਜ਼ਾਰ ਦਾ ਮੱਥਾ ਟੇਕ ਜਾਊ। ਛੇ ਮਹੀਨੇ ਪਹਿਲਾਂ ਸਾਢੇ ਪੰਜ ਲੱਖ ਦੀ ਸਕਾਰਪਿਓ ਗੱਡੀ ਦੀਆਂ ਚਾਬੀਆਂ ਸੰਤਾਂ ਦੇ ਚਰਨਾਂ 'ਚ ਰੱਖ ਗਿਆ। ਨਵੇਂ ਲੰਗਰ ਹਾਲ ਦੀ ਸਾਰੀ ਉਸਾਰੀ ਉਹਨੀਂ ਕਰਵਾਈ ਆ। ਪਹਿਲਾਂ-ਪਹਿਲਾਂ ਸੋਚਿਆ, ਸਾਲੇ ਚੋਰ ਠੱਗ ਹੋਣੇ ਆ। ਇੱਥੇ ਰੋਟੀ ਦੇ ਲਾਅਲੇ ਪਏ ਹੋਏ ਆ। ਇੰਨਾ ਪੈਸਾ ਦਸਾਂ ਨੰਹੁਾਂ ਦੀ ਕਿਰਤ-ਕਮਾਈ 'ਚੋਂ ਕਿੱਥੇ ਦਾਨ ਹੁੰਦਾ। ਫਿਰ ਛੋਟੇ ਸੰਤਾਂ ਨੇ ਮੈਨੂੰ ਸ਼ੰਕਾ ਨਵਿਰਤ ਕੀਤਾ ਸੀ।

"ਇਹ ਕਨੈਡਾ ਅਮਰੀਕਾ ਤੇ ਇੰਗਲੈਂਡ ਬੰਦੇ ਭੇਜਦੇ ਆ। ਗੁਰੂ ਮਾਰ੍ਹਾਜ ਦੀ ਕਿਰਪਾ ਨਾਲ ਬੰਦੇ ਚੜ੍ਹੀ ਜਾਂਦੇ ਆ। ਇਹ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਗੁਰਦੁਆਰਾ ਸਾਹਿਬ ਭੇਟਾ ਕਰ ਜਾਂਦੇ ਆ। ਵਾਹੇਗੁਰੂ ਇਨ੍ਹਾਂ ਤੇ ਮਿਹਰ ਰੱਖੇ।"

ਮੈਂ ਕਿਤੇ ਬਖਸ਼ਿੰਦਰ ਨਾਲ ਗੱਲ ਕਰ ਬੈਠਾ। ਇਹ ਤੇ ਮਾਰ੍ਹ ਕਿਤੇ ਗੁਰਦੁਆਰਾ ਸਾਹਿਬ ਗੇੜੇ 'ਤੇ ਗੇੜਾ ਕੱਢਣ ਲੱਗ ਪਈ। ਹੁਣ ਇਹਦੇ ਘਰਾੜੇ ਨਈਂ ਬੰਦ ਹੁੰਦੇ। ਸਾਲੀ ਨੇ ਰਾਤ ਸਿਰ ਖਾਈ ਰੱਖਿਆ। ਇਹਦੀਆਂ ਡਿਮਾਂਡਾਂ ਨਈਂ ਸੀ ਮੁਕਦੀਆਂ। ' ਮੈਨੂੰ ਆਹ ਭੇਜੀਂ—ਉਹ ਭੇਜੀਂ। ਕੁੜੀਆਂ ਨੂੰ—।' ਹੁਣ ਤੇ ਉੱਠ ਪਾ। ਘੰਟਾ ਤਾਂ ਪਾਠੀ ਨੂੰ ਹੋ ਗਿਆ, ਪਾਠ ਕਰਦੇ ਨੂੰ। ਨਾ ਇਹਨੂੰ ਚਿੜੀਆਂ ਕਾਵਾਂ ਦੀ ਚੀਂ—ਚੀਂ—ਕਾਂ—ਕਾਂ ਸੁਣਦੀ ਆ। ਚਲੋ ਸੌਂ ਲਏ 'ਰਾਮ ਨਾਲ। ਇਹਨੇ ਕਿਹੜਾ ਮੇਰੇ ਨਾਲ ਗੁਰਦੁਆਰੇ ਜਾਣਾ।

ਭਾਵੇਂ ਸਰਦਾਰ ਜੌਹਨ ਸਿੰਘ ਸ਼ੇਰਗਿੱਲ ਨੇ ਪਾਸਪੋਰਟ ਤੇ ਟਿਕਟ ਭੋਗ ਪੈਣ ਤੋਂ ਬਾਅਦ ਦੇਣੇ ਆ। ਪਰ ਮੈਂ ਪਹਿਲਾਂ ਜਾਣਾ ਚਾਹੁੰਦਾ। ਮਹਾਂਪੁਰਖਾਂ ਦੇ ਪ੍ਰਵਚਨ ਵੀ ਸੁਣ ਲਈਏ। ਫੇਰ ਪਤਾ ਨਈਂ ਕਦੋਂ ਮੌਕਾ ਮਿਲਣੈ। ਨਾਲੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਹਾਜ਼ਰੀ ਵੀ ਤਾਂ ਭਰਨੀ ਆ। ਉਹਨਾਂ ਦੀ ਹਾਜ਼ਰੀ ਵਿੱਚ ਈ ਤਾਂ ਗੱਲ ਨੇਪਰੇ ਚੜ੍ਹੀ ਸੀ। ਬਈ ਬਖਸ਼ਿੰਦਰ ਦੀ ਕੀਤੀ ਨੱਠ ਭੱਜ ਕੰਮ ਆ ਗਈ। ਸੰਤਾਂ ਨੇ ਏਜੰਟ ਸ਼ੇਰਗਿੱਲ ਨਾਲ ਸ਼ਰਧਾਲੂਆਂ ਦੀ ਗੱਲ ਕਰਵਾ ਦਿੱਤੀ ਸੀ।

ਉਹ ਪੁੰਨਿਆਂ ਦਾ ਪਵਿੱਤਰ ਦਿਹਾੜਾ ਸੀ।

" ਸਾਧ ਸੰਗਤ ਜੀਓ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਜੋ ਬੋਲਣਾ ਸੱਚ ਬੋਲਣਾ ਏ। ਭਾਈ, ਅਸੀਂ ਅਮਰੀਕਾ ਚੜ੍ਹਾਉਣ ਦਾ ਦਸ ਲੱਖ ਲੈਂਦੇ ਆਂ। ਅੱਠ ਲੱਖ ਤਾਂ ਸਾਡੀ ਲਾਗਤ ਆਉਂਦੀ ਆ। ਗੁਰੂ ਜੀ ਦੀ ਸੰਗਤ ਕੋਲੋਂ ਬੱਸ ਲਾਗਤ ਈ ਲੈ ਲਵਾਂਗੇ। ਬਾਕੀ ਦੋ ਲੱਖ ਗੁਰੂ ਚਰਨਾਂ ਵਿੱਚ ਚੜ੍ਹਾ ਦਿਓ—।"

ਅੱਠ ਲੱਖ ਰੁਪਈਆ ਸੁਣਕੇ ਮੇਰਾ ਸਾਹ ਸੂਤਿਆ ਗਿਆ ਸੀ। ਐਨੀ ਰਕਮ ਕਿਥੋਂ ਇਕੱਠੀ ਕਰਾਂਗੇ। ਬਖਸ਼ਿੰਦਰ ਦੇ ਮਾਪਿਆਂ ਵੱਲ ਹੱਥ ਅੱਡਣੇ ਪੈਣੇ ਸੀ। ਇਸ ਤੀਵੀਂ ਦਾ ਕੀ ਪਤਾ। ਇਹਦੇ ਵੀ ਕਈ ਰੂਪ ਆ। ਮੈਨੂੰ ਇਹਤੋਂ ਸੁੱਤੀ ਪਈ ਤੋਂ ਵੀ ਭੈਅ ਆਉਂਦਾ। ਇਹ—। ਪਰ ਇਹਨੇ ਪੈਸੇ ਇਕੱਠੇ ਕਰਨ ਲਈ ਬੜੀ ਨੱਠ ਭੱਜ ਕੀਤੀ। ਮੈਨੂੰ ਤਾਂ ਕਿਸੇ ਨੇ ਕੀ ਦੇਣੇ ਸੀ। ਨਾ ਚਾਹੁੰਦਿਆਂ ਹੋਇਆਂ ਵੀ, ਮੈਂ ਛੋਟੀ ਭੈਣ ਹਰਕੰਵਲ ਨੂੰ ਫ਼ੋਨ ਕਰ ਦਿੱਤਾ ਸੀ। ਤਿੰਨ ਲੱਖ ਉਹਨੇ ਭੇਜ ਦਿੱਤੇ। ਫ਼ੇਰ ਮੈਂ ਹੌਂਸਲਾ ਫੜ੍ਹ ਲਿਆ। ਮੈਂ ਅਮਰੀਕਾ ਜਾਣ ਦਾ

ਪੱਕਾ ਮਨ ਬਣਾਈ ਬੈਠਾ। ਆਖ਼ਰੀ ਵਾਰ ਟਰਾਈ ਮਾਰ ਕੇ ਦੇਖ ਲੈਂਦੇ ਆ। ਇੱਕ ਮਹੀਨਾ ਮੇਰੀ, ਚਾਚੇ ਦੀ ਤੇ ਬਖਸ਼ਿੰਦਰ ਦੀ ਭੂਤਨੀ ਘੁੰਮੀਂ ਰਹੀ। ਸੰਤਾਂ ਦੇ ਭਰੋਸੇ 'ਤੇ ਪਾਸਪੋਰਟ ਤੇ ਅੱਠ ਲੱਖ ਏਜੰਟ ਨੂੰ ਫੜਾ ਆਏ ਸੀ। ਬਈ ਐਨੀ ਰਕਮ ਦਾ ਨਾਂ ਲੈਂਦਿਆਂ ਈ ਕਾਂਬਾ ਛਿੜਦਾ। ਉੱਦਾਂ ਮੈਂ ਕਿਹੜਾ ਇਕੱਲਾ। ਉੱਦਣ ਦੀ ਦੋ ਸੌ ਬੰਦੇ ਨੇ ਰਕਮ ਫੜਾਈ ਹੋਈ ਆ।

ਇਹ ਸੋਚਦਿਆਂ ਰਜਾਈ ਵਿੱਚ ਵੀ 'ਸੁੰਨ' ਚੜ੍ਹੀ ਜਾਂਦੀ ਆ। ਦੋ ਘੰਟੇ ਹੋ ਗਏ ਆ ਉੱਸਲਵੱਟੇ ਲੈਂਦੇ ਨੂੰ। ਮੈਨੂੰ ਹੁਣ ਉੱਠਣਾ ਚਾਹੀਦਾ। ਠੰਢ ਤਾਂ ਇੱਦ੍ਹਾ ਈ ਰਹਿਣੀ ਆ। ਸੰਤਾਂ ਦੇ ਵਚਨ ਸੁਣਨ ਤੋਂ ਨਾ ਰਹਿ ਜਾਵਾਂ। ਉਨ੍ਹਾਂ ਕਰਕੇ ਤਾਂ—। ਬਖਸ਼ਿੰਦਰ ਨੂੰ ਵੀ ਉਠਾਏ ਦੇਵਾਂ। ਕੁੜੀਆਂ ਨੂੰ ਵੀ ਟੈਮ ਸਿਰ ਸਕੂਲ ਭੇਜਣਾ ਆ।

ਮੈਂ ਪਸ਼ੂਆਂ ਵੱਲ ਦੇ ਪਾਸੇ ਆਇਆ ਹਾਂ। ਸ਼ੁਕਰ ਆ ਕਿ ਅੱਜ ਕੋਰਾ ਨਈਂ ਪਿਆ।—– ਮੈਂ ਟਾਹਲੀ ਨਾਲੋਂ ਦਾਤਣ ਤੋੜਦਾ ਆਂ। ਬਰਾਂਡੇ ਕੋਲ ਬਹਿ ਕੇ ਕਰਨ ਲੱਗ ਪਿਆ ਹਾਂ। ਬਰਾਂਡਾ ਵੀ ਬੱਸ—। ਟਰੈਕਟਰ ਤਾਂ ਕੀ ਲੈਣਾ ਸੀ। ਇੱਕ ਵਾਰ ਵੇਚੇ ਬਲਦ ਮੁੜ ਨਈਂ ਲੈ ਹੋਏ। ਲੈ ਕੇ ਵੀ *ਕੀ* ਕਰਾਂਗੇ ? *ਖੇਤੀ— ?* ਬਲਦਾਂ ਦੀਆਂ ਢੂੰਠਾਂ 'ਤੇ ਹੱਥ ਫੇਰਨ ਵਾਲਾ ਤਾਂ ਦੌਣ ਵਿੱਚ ਫਸ ਕੇ ਪਿਆ।

"ਵਾਹ! ਬਈ ਚਾਚਾ ਸ਼ਿੰਗਾਰਾ ਸਿਆਂ। ਕਿਸਮਤ ਦਾ ਮਾਰਿਆ—।"

ਇਹ ਵਿਚਾਰਾ ਭੱਜ-ਭੱਜ ਕੇ ਖੱਲ ਵੜੇਵੇਂ ਪਾਉਂਦਾ ਹੁੰਦਾ ਸੀ। ਵਾਹੀ ਦਾ ਜੋਤਾ ਜੂੰ ਲਾਉਣਾ ਹੁੰਦਾ ਸੀ। ਮਾਰ ਕਿਤੇ ਚਾਚੀ ਨੇ ਮੱਝਾਂ ਨੂੰ ਗੁਤਾਵਾ ਕਰਦੀ ਨੇ ਫਿਰਨਾ। ਕਦੇ ਘਰ ਦੁੱਧ ਨਈਂ ਸੀ ਮੁੱਕਾ। ਹੁਣ ਤਿੰਨ-ਚਾਰ ਖੁਰਲੀਆਂ 'ਚੋ ਕੋਈ ਸਾਬਤੀ ਨਈਂ ਹੋਣੀ। ਆਹ ਇੱਕ ਦੋ ਖੁੰਢੇ ਮੀਣੀ ਮੱਝ ਕਰਕੇ ਖੜ੍ਹੇ ਆ। ਇਹ ਮੱਝ ਵੀ ਬਖਸ਼ਿੰਦਰ ਦੇ ਭਰਾ ਛੱਡ ਗਏ ਸੀ। ਐਦਾਂ ਦੀਆਂ 'ਬਖ਼ਸ਼ਿਸ਼ਾਂ' ਕਰਕੇ ਤਾਂ ਇਹ ਤੀਵੀਂ ਤੀਂਗੜ੍ਹਦੀ ਰਹਿੰਦੀ ਆ। ਅੱਜ ਇਹਦਾ ਮੂਡ ਕੁੱਝ ਠੀਕ ਆ। ਤਦੇ ਤਾਂ ਰਸੋਈ 'ਚ ਭਾਂਡੇ ਭੰਨਣ ਦੀ ਆਵਾਜ਼ ਨਈਂ ਆ ਰਹੀ। ਨਈਂ ਤਾਂ ਇਹਦੀ ਗੰਦੀ ਜ਼ੁਬਾਨ ਸਵੇਰੇ-ਸਵੇਰੇ——। ਹੁਣ ਤਾਂ ਪਾਠ ਕਰਦੀ ਲਗਦੀ ਆ।

ਲੈ ਹੁਣ ਚਾਚੇ ਨੂੰ ਖੰਘ ਛਿੜ ਪਈ ਆ। ਇੱਕ ਵਾਰ ਛਿੜ ਪਈ, ਫੇਰ ਝਿਦਾ ਹੁੱਥੂ ਨਈਂ ਬੰਦ ਹੁੰਦਾ। ਏਹੀ ਹਾਲ ਵਿਚਾਰੀ ਚਾਚੀ ਦਾ ਆ। ਇੱਕ ਹੱਥ ਗੋਡੇ 'ਤੇ ਰੱਖ ਲੈਂਦੀ ਆ ਤੇ ਦੂਜਾ ਲੱਕ ਤੇ। ਵਿਚਾਰੀ ਮਾਂ ਸਾਡੀ ਕੁੱਬੀ ਹੋ ਗਈ! ਚੱਲੋ, ਕੋਈ ਗੱਲ ਨਈਂ। ਹੁਣ ਮੈਂ ਅਮਰੀਕਾ ਚਲੇ ਜਾਣਾ । ਸੱਭ ਦੁੱਖ ਦੂਰ ਕਰ ਦੇਣੇ ਆ। ਹੁਣ ਚਾਹ ਪੀਵਾਂ ਤੇ ਬਾਹਰ-ਅੰਦਰ ਜਾ ਆਵਾਂ।

"ਸਾਡੇ ਤੋਂ ਨਈਂ ਹੁਣ ਖੇਤਾਂ 'ਚ ਹੱਗ ਹੁੰਦਾ।"

ਬਖਸ਼ਿੰਦਰ ਦੀ ਇਹ ਗੱਲ ਠੀਕ ਈ ਆ। ਅੱਜ ਕਿਤੇ ਘਰ ਟੋਲਟ ਹੁੰਦੀ ਤਾਂ ਐਨੀ ਠੰਢ 'ਚ ਬਾਹਰ ਨਾ ਆਉਣਾ ਪੈਂਦਾ। ਨਾਲੇ ਹੁਣ ਇਹ ਖੇਤ ਕਿਹੜਾ ਸਾਡੇ ਰਹੇ ਆ। ਮੈਂ ਵੱਟ ਤੇ ਬੈਠਾ ਜ਼ਰੂਰ ਆਂ। ਭਾਵੇਂ ਅਗਲੇ ਆ ਕੇ ਮਾਂ ਭੈਣ ਇੱਕ ਕਰ ਦੇਣ। ਹਰਦੇਵ ਸੁੰਹ ਕਿਆਂ ਨੂੰ ਤਾਂ ਭੈਣ ਦੇਣਿਆਂ ਨੂੰ ਬੋਲਣਾ ਵੀ ਨਈਂ ਆਉਂਦਾ। ਪਿੰਡ ਵਿੱਚ ਸੱਭ ਤੋਂ ਵੱਡੀ ਧਿਰ ਆ। ਪਹਿਲਾਂ ਤਾਂ ਇਹ ਸਾਲੇ ਜ਼ੈਲਦਾਰ ਕਹਾਂਦੇ ਸੀ, ਹੁਣ ਬਾਜ਼ ਵਾਲੇ ਬਣ ਗਏ ਆ। ਇਨ੍ਹਾਂ ਦੀ ਕੋਠੀ ਤੇ ਬਾਜ਼ ਵਾਲੀ ਟੈਂਕੀ ਜੂੰ ਬਣੀ ਹੋਈ ਆ। ਇਹ ਲੋਕਾਂ ਨੂੰ ਕਰਜ਼ਾ ਦਿੰਦੇ ਆ। ਫੇਰ ਉਹਦੀ ਜ਼ਮੀਨ ਦੱਬ ਲੈਂਦੇ ਆ। ਚਾਚੇ ਨੇ ਵੀ ਇਨ੍ਹਾਂ ਕੋਲ ਈ ਜ਼ਮੀਨ ਗਹਿਣੇ ਰੱਖੀ ਸੀ। ਬੱਸ ਛੁਡਾ ਨਈਂ ਹੋਈ । ਇਹ ਮਾਲਕ ਬਣ ਕੇ ਬਹਿ ਗਏ। ਇਨ੍ਹਾਂ ਨੂੰ ਕਾਹਦਾ ਦੋਸ਼ ਦੇਣਾ। ਜਦੋਂ ਆਪਣੇ ਈ——!



ਤਾਏ ਚਰਨ ਸੁੰਹ ਨੇ ਚਾਚੇ ਨੂੰ ਤਿੰਨ ਖੇਤ ਦਿੱਤੇ ਸੀ। ਆਪ ਛੇ ਖੇਤ ਮੱਲ ਲਏ ਸੀ। ਸਾਲੇ ਨੇ ਬੁੜਾ ਆਪਣੇ ਕੋਲ ਰੱਖ ਲਿਆ। ਤਾਈ ਵੀ ਸਿਰੇ ਦੀ ਕੰਜ਼ਰੀ ਆ। ਉਹਨੇ ਈ ਬਾਬਾ ਹਿੱਲਣ ਨਈਂ ਦਿੱਤਾ। ਉਹਦੇ ਹਿੱਸੇ ਦੇ ਤਿੰਨ ਕਿੱਲੇ ਵੀ ਢੂਹੇ 'ਚ ਲੈ ਲਏ। ਉਹਨਾਂ ਜੋ ਕੀਤੀ, ਉਹ ਤਾਂ ਚਾਚੇ ਨੇ ਜ਼ਰ ਲਈ। ਪਰ ਕੁਦਰਤ ਅੱਗੇ ਕਿਹਦਾ ਜ਼ੋਰ। ਉਸ ਸਾਲ ਆਲੂਆਂ ਦੀ ਫ਼ਸਲ ਹੋਈ ਵੀ ਬੜੀ। ਢੇਰਾਂ ਦੇ ਢੇਰ ਸੜ ਕੇ ਸੁਆਹ ਹੋ ਗਏ ਸਨ। ਸੜੇ ਢੇਰ ਦੇਖ ਕੇ ਅੰਦਰੋਂ ਲਾਟ ਨਿਕਲਦੀ ਸੀ। ਚਾਚੇ ਨੇ ਉਦੋਂ, ਪਹਿਲੀ ਵਾਰ ਮੰਜਾ ਮੱਲਿਆ ਸੀ।

" ਚਾਚਾ ਹੁਣ ਮਰ ਤਾਂ ਨਈਂ ਜਾਣਾ।—– ਚੱਲ ਉੱਠ। ਕੋਈ ਚਾਰਾ ਕਰੀਏ।" ਮੈਂ ਇਹਨੂੰ ਹੌਂਸਲਾ ਦਿੱਤਾ ਸੀ। ਮੈਂ ਉਦੋਂ ਵੀ ਅੱਜ ਵਾਂਗ ਪੂਰੀ ਚੜ੍ਹਦੀ ਕਲਾ ਵਿੱਚ ਸੀ।

ਮੈਂ ਜੇਠਾ ਆਂ। ਅਸੀਂ ਤਾਏ ਦੇ ਨਿਆਣਿਆਂ ਦੀ ਰੀਸੇ ਪਿਓ ਨੂੰ ਚਾਚਾ ਤੇ ਮਾਂ ਨੂੰ ਚਾਚੀ ਸੱਦਦੇ ਆਂ। ਪਹਿਲਾਂ ਸਾਡਾ ਇੱਕ ਟੱਬਰ ਹੁੰਦਾ ਸੀ। ਬੜਾ ਮੋਹ ਤੇਹ ਸੀ।

ਫੇਰ ਪਤਾ ਨਈਂ ਇਨ੍ਹਾਂ ਦੋਨਾਂ ਭਰਾਵਾਂ ਨੂੰ ਕੀ ਸੱਪ ਸੁੰਘ ਗਿਆ। ਤਾਏ ਨੇ ਜ਼ਮੀਨ ਵੰਡਾ ਲਈ ਸੀ।——ਉਹ ਜਲਦੀ ਪਰਿਵਾਰ ਸਣੇ ਇੰਗਲੈਂਡ ਜਾ ਵਸਿਆ। ਸ਼ਾਇਦ ਆਪਸੀ ਕੁੜੱਤਣ ਘੱਟ ਜਾਂਦੀ। ਪਰ ਉਹ ਜਦੋਂ ਪੰਜ ਕੁ ਵਰ੍ਹਿਆਂ ਬਾਅਦ ਆਇਆ ਤਾਂ ਉਹਨੇ ਹੋਰ ਭਾਣਾ ਵਰਤਾਤਾ। ਹਵੇਲੀ ਵਾਲੀ ਜਗ੍ਹਾ ਵੀ ਹਥਿਆ ਲਈ । ਸਾਨੂੰ ਆਪਣੇ ਪਸ਼ੂ ਘਰ ਵਿੱਚ ਹੀ ਬੰਨ੍ਹਣੇ ਪੈ ਗਏ । ਅਸੀਂ ਇੱਕ ਪਾਸੇ ਨੂੰ ਬਰਾਂਡਾ ਪਾ ਲਿਆ ਸੀ। ਤਾਇਆ ਹਵੇਲੀ ਵਾਲੀ ਜਗ੍ਹਾ ਤੇ ਦੋ ਸਾਲ ਕੋਠੀ ਪਾਉਂਦਾ ਰਿਹਾ। ਕੋਠੀ ਉੱਤੇ ਜਹਾਜ਼ ਵਾਲੀ ਟੈਂਕੀ ਬਣਾਈ। ਪਿੰਡ ਵਿੱਚ ਬਾਜ਼ ਵਾਲੀ ਤੋਂ ਬਾਅਦ ਇਹ ਦੂਜੇ ਨੰਬਰ ਦੀ ਕੋਠੀ ਆ। ਇਸ ਕੋਠੀ ਨੂੰ ਦੇਖ ਕੇ ਮੈਂ ਆਪੇ ਤੋਂ ਬਾਹਰ ਹੋ ਜਾਂਦਾ ਹਾਂ। —ਹੁਣ ਵੀ ਮੈਂ ਢੀਮ ਕੋਠੀ ਵੱਲ ਮਾਰੀ ਆ। ਮੋਟਰ ਤੇ ਹੱਥ ਧੋ ਕੇ ਤੁਰ ਪਿਆ ਹਾਂ।

ਹੁਣ ਆਹ ਪੈਲੀ ਧੁਰ ਘਰਾਂ ਤੱਕ ਬਾਜ਼ ਵਾਲਿਆਂ ਦੀ ਆ। ਉਦੋਂ ਸਾਡੇ ਕੰਮ ਵੀ ਇਹੀ ਆਏ ਸੀ। ਚਾਚੇ ਨੇ ਤਾਂ ਉਦੋਂ ਤਬਾਹ ਹੋਈ ਫ਼ਸਲ ਦੇਖ ਹੌਂਸਲਾ ਢਾਹਿਆ ਹੋਇਆ ਸੀ। ਮੈਂ ਉਹਨੂੰ ਬੈਠਦਾ ਕੀਤਾ ਸੀ। ਮੈਂ ਮੁੜ ਇਹਨੂੰ ਢੇਰੀ ਢਾਹੁੰਦਿਆਂ ਨਈਂ ਦੇਖਿਆ । ਹੁਣ ਬਿਮਾਰ-ਬਿਮਾਰ ਵੀ ਮੇਰੇ ਲਈ ਪੈਸੇ ਇਕੱਠੇ ਕਰਨ ਲਈ ਦੌੜ ਭੱਜ ਕਰਦਾ ਰਿਹਾ ਆ। ਉਦਾਂ ਪਿੰਡ ਵਾਲੇ ਸਾਡੀ ਮਸੰਦਾਂ ਪੱਟੀ ਵਾਲਿਆਂ ਨੂੰ ਵਿਹਲੀਆਂ ਖਾਣ ਵਾਲੇ ਗਿਣਦੇ ਆ। ਪਰ ਸਾਡਾ ਟੱਬਰ ਕਿਰਸੀ ਵੀ ਬੜਾ ਸੀ ਤੇ ਮਿਹਨਤੀ ਵੀ। ਆਹ ਮੇਰੇ ਘਰੋਂ ਬਖਸ਼ਿੰਦਰ ਸਾਨੂੰ ਕੰਜੂਸਾਂ ਦਾ ਟੱਬਰ ਸੱਦਦੀ ਆ ਤੇ ਕਦੇ ਭੁੱਖਿਆਂ ਨੰਗਿਆਂ ਦਾ। ਇਹਨੂੰ ਸਾਲੀ ਨੂੰ ਕੀ ਪਤਾ ਕਿ ਸਾਡੇ ਟੱਬਰ ਨੇ ਕਿੰਨੀ ਮੇਹਨਤ ਕੀਤੀ ਆ। ਚਾਚੀ ਚਾਚੇ ਨੂੰ ਜਦੋਂ ਦੇਖਿਆ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋਏ ਦੇਖਿਆ। ਸਾਨੂੰ ਤਿੰਨਾਂ ਭੈਣ ਭਰਾਵਾਂ ਨੂੰ ਵੀ ਕੰਮ ਦਾ ਚੂੰਡ ਬੜਾ ਸੀ। ਪਰ ਨਸੀਬਾਂ ਦੀ ਮਾਰ ਨੇ ਸਾਨੂੰ ਕੱਖੋਂ ਹੌਲੇ ਕਰ ਦਿੱਤਾ ਸੀ। ਚਾਚੇ ਨੂੰ ਤਾਂ ਮੈਂ ਹੌਂਸਲਾ ਦੇਈ ਜਾਂਦਾ ਸੀ। ਪਰ ਸੁੱਝ ਕੁਸ਼ ਨਈਂ ਰਿਹਾ ਸੀ।

ਉਦੋਂ ਸ਼ਾਇਦ ਕਿਸੇ ਨੇ ਤਾਏ ਚਰਨ ਸੁੰਹ ਨੂੰ ਇੰਗਲੈਂਡ ਖਬਰ ਕਰ ਦਿੱਤੀ ਹੋਵੇ। ਉਹਦੀ ਚਿੱਠੀ ਆ ਗਈ। ਉਹਨੇ ਮੈਨੂੰ ਵਲੈਤ ਲਈ ਟਰਾਈ ਮਾਰਨ ਨੂੰ ਲਿਖਿਆ ਸੀ। ਏਜੰਟ ਨਾਲ ਗੱਲ ਕਰ ਕੇ ਚਿੱਠੀ ਲਿਖਣ ਨੂੰ ਕਿਹਾ ਸੀ। ਜਿੱਦਣ ਚਿੱਠੀ ਆਈ। ਚਾਚਾ ਘਰ ਨਈਂ ਸੀ। ਮੁਆਵਜ਼ਾ ਲੈਣ ਦੇ ਚੱਕਰ 'ਚ ਤਹਿਸੀਲ ਗਿਆ ਹੋਇਆ ਸੀ। ਮੈਂ ਉਹਦੀ ਉਡੀਕ ਨਈਂ ਸੀ ਕੀਤੀ। ਛੋਕਰ ਟਰੈਵਲ ਵਾਲੇ ਏਜੰਟ ਗੁਰਜੰਟ ਸੁੰਹ ਨਾਲ ਮੁਕੰਦਪੁਰ ਗੱਲ ਵੀ ਕਰ ਆਇਆ ਸੀ। ਸ਼ਾਮ ਨੂੰ ਚਾਚੇ ਨੂੰ ਪਤਾ ਲੱਗਿਆ ਤਾਂ ਉਹ ਭੜਕ ਪਿਆ ਸੀ।

"ਓਏ ਦਲਜਿੰਦਰਾ, ਢੱਕਿਆ ਰਹਿ। ਕਾਹਨੂੰ ਮੂਤ 'ਚ ਮੱਛੀਆਂ ਭਾਲਦਾ। ਚਰਨ ਸੁੰਹ ਦੇ ਤਾਂ ਮੈਂ ਹੱਗਿਓ 'ਤੇ ਨਈਂ ਯਕੀਨ ਕਰਦਾ। ਐਨੇ ਸਾਲ ਹੋ ਗਏ ਵਲੈਤ ਗਏ। ਕਦੇ ਬਾਤ ਪੁੱਛੀ ਆ?"

ਮੈਂ ਚਾਚੇ ਨੂੰ ਮੁਕੰਦਪੁਰੀਏ ਏਜੰਟ ਨਾਲ ਗੱਲ ਕਰਕੇ ਔਣ ਬਾਰੇ ਦੱਸਦਾ ਰਿਹਾ। ਪਰ ਉਹਦਾ ਸਿਰ ਨਾਂਹ ਵਿੱਚ ਵੱਜਦਾ ਰਿਹਾ ਸੀ। ਫ਼ਸਲ ਦੀ ਤਬਾਹੀ ਹੋਈ ਪਈ ਸੀ। ਚਾਚਾ ਇਹ ਜੂਆ ਖੇਡਣ ਲਈ ਤਿਆਰ ਨਈਂ ਸੀ ਹੋ ਰਿਹਾ। ਉਹ ਕਿਹੜਾ ਨਿਆਣਾ ਸੀ। ਸਾਡੇ ਪਿੰਡਾਂ ਦਾ ਜੰਮਦਾ ਜੁਆਕ ਤਾਂ ਬਾਹਰ ਜਾਣ ਲਈ ਪਾਸਪੋਰਟ ਬਣਾਈ ਬੈਠਾ। ਜਿਹੜੇ ਸ਼ਰੀਕ ਕਦੇ *ਸਾਡੇ* ਘਰ ਤੋਂ ਮੰਗ ਕੇ ਖਾਂਦੇ ਰਹੇ, ਉਹ ਵੀ ਵਿਦੇਸ਼ ਚਲੇ ਗਏ। ਅਗਲਿਆਂ ਨੇ ਜ਼ਮੀਨਾਂ ਗਹਿਣੇ ਧਰੀਆਂ, ਏਜੰਟਾਂ ਰਾਹੀਂ ਬਾਹਰ ਸੈਟਲ ਹੋ ਗਏ। ਪਿੰਡਾਂ ਵਿੱਚ ਮਹਿਲਾਂ ਦੇ ਮਹਿਲ ਖੜ੍ਹੇ ਕਰ ਗਏ। ਪਰ ਚਾਚੇ ਨੂੰ ਕਿਹੜਾ ਸਮਝੌਂਦਾ। ਫੇਰ ਪਤਾ ਨਈਂ ਇਹਦੇ ਕਿਥੋਂ ਮਨ ਸੁਮੱਤਿਆ ਪੈ ਗਈ। ਪਤਾ ਨਈਂ ਕਿਹੜਾ ਸਲਾਹੂ ਟੱਕਰਿਆ। ਜ਼ਮੀਨ ਬਾਜ਼ ਵਾਲਿਆਂ ਦੇ ਗਹਿਣੇ ਧਰੀ। ਰਕਮ ਏਜੰਟ ਨੂੰ ਜਾ ਫੜਾਈ।

ਛੋਕਰ ਏਜੰਟ ਨੇ ਸਾਡੀ ਤੇਰ੍ਹਾਂ ਜਣਿਆਂ ਦੀ ਇੰਗਲੈਂਡ ਵਿੱਚ ਐਂਟਰੀ ਕਰਵਾਈ ਸੀ। ਸਿੱਖਾਂ ਦੀ ਪੱਟੀ ਵਿੱਚੋਂ ਵੀ ਦੋ ਮੁੰਡੇ ਸਨ। ਉਹ ਤਾਂ ਇੰਗਲੈਂਡ ਪੁੱਜਦਿਆਂ ਈ ਛੂ-ਮੰਤਰ ਹੋ ਗਏ। ਅਸੀਂ ਛੇ ਜਣੇ ਪੁਲਿਸ ਦੇ ਕਾਬੂ ਆ ਗਏ। ਚਾਰ ਮਹੀਨੇ ਜੇਲ੍ਹ ਵਿੱਚ ਰਹੇ। ਬਾਅਦ ਵਿੱਚ ਉਨ੍ਹਾਂ ਨੇ ਡੀਪੋਰਟ ਕਰ ਦਿੱਤੇ। ਤਾਇਆ ਜੇਲ੍ਹ ਵਿੱਚ ਮੁਲਾਕਾਤ ਕਰਨ ਵੀ ਨਈਂ ਸੀ ਆਇਆ।

ਆਹ ਜਹਾਜ਼ ਵਾਲੀ ਕੋਠੀ ਨੂੰ ਦੇਖ ਕੇ ਮੇਰੇ ਅੱਗ ਲੱਗ ਗਈ ਆ। ਮੈਂ ਮਿੱਟੀ ਨਾਲ ਲਿਬੜੀ ਜੁੱਤੀ ਕੋਠੀ ਦੀ ਥੜ੍ਹੀ ਨਾਲ ਝਾੜੀ ਆ। ਇੱਥੇ ਕੋਠੀ ਵਿੱਚ ਭਈਏ ਰਹਿੰਦੇ ਆ। ਥਾਂ ਸਾਡਾ——। ਸਾਲੇ ਮੌਜਾਂ ਮਾਣਦੇ ਆ।

ਉਹ ਤਾਇਆ ਸਦਾ ਰਾਮ ਆਉਂਦਾ ਪਿਆ। ਮੇਰੇ ਯਾਰ ਭੱਜੀ ਦਾ ਪਿਓ। ਹੁਣ ਇਹਦੀ ਨਿਗ੍ਹਾ ਘੱਟ ਗਈ ਆ। ਫੇਰ ਵੀ ਮੈਨੂੰ ਪਛਾਣ ਲਿਆ। ਮੈਂ ਤਾਏ ਦਾ ਹਾਲ ਚਾਲ ਪੁੱਛਿਆ ਹੈ। ਹੁਣ ਵਿਚਾਰੇ ਦਾ ਹਾਲ ਕਾਹਦਾ। 'ਹੂੰ-ਹਾਂ' ਜਿਹਾ ਕਰਕੇ ਮੇਰੀ ਪਿੱਠ ਥਾਪੜ ਕੇ ਤੁਰ ਪਿਆ ਏ।

ਉਦੋਂ ਵੀ ਅੱਜ ਕੱਲ੍ਹ ਵਰਗੀ ਹਾਲਤ ਸੀ। ਕੁੜੀ ਦੇਣੇ—ਗੁਰਜੰਟ ਸੁੰਹ ਨੇ ਸਾਨੂੰ ਵਿਕਣ ਲਾ ਦਿੱਤਾ ਸੀ। ਸਾਨੂੰ ਕਦੇ ਦਿੱਲੀ ਲੈ ਜਾਂਦਾ, ਕਦੇ ਬੰਬੇ। ਮੈਂ ਦੋ-ਤਿੰਨ ਸਾਲ ਦਿੱਲੀ-ਬੰਬੇ ਦੇ ਚੱਕਰ ਕੱਟਦਾ ਰਿਹਾ। ਉਸ ਖੁੱਸੜ ਜੱਟ ਦਾ ਕੀ ਜਾਂਦਾ ਸੀ। ਪੈਸੇ ਅਸੀਂ ਖਰਚਦੇ ਸੀ। ਮਹੀਨਿਆਂ *ਬੱਧੀ* ਬੇਗਾਨਿਆਂ ਸ਼ਹਿਰਾਂ ਵਿੱਚ ਅਸੀਂ ਭੁੱਖਾਂ ਕੱਟਦੇ ਰਹੇ, ਤਿਰਹਾਏ ਰਹੇ, ਉਹਨੂੰ ਕੀ ਸੀ? ਉਹ ਤਾਂ ਟਰਾਈਆਂ ਮਰਵਾਉਂਦਾ ਰਿਹਾ। ਚਾਚੇ ਦਾ ਵਾਲ-ਵਾਲ ਕਰਜ਼ੇ ਵਿੱਚ ਵਿਨ੍ਹਿਆਂ ਗਿਆ ਸੀ। ਬਾਜ਼ ਵਾਲਿਆਂ ਨੂੰ ਦੋ ਚਾਰ ਕਨਾਲ ਜ਼ਮੀਨ ਗਹਿਣੇ ਧਰ ਦਿੱਤੀ ਜਾਂਦੀ।ਆੜ੍ਹਤੀਏ ਦਾ—- ਬੈਂਕ ਦਾ ਵਿਆਜ਼ ਮੋੜ ਦਿੱਤਾ ਜਾਂਦਾ। ਐਨੇ ਯਤਨਾਂ ਦੇ ਬਾਵਜੂਦ ਵੀ ਮੈਂ ਇੰਗਲੈਂਡ ਨਾ ਜਾ ਸਕਿਆ।

**ਇਹ** ਤੇ ਭਲਾ ਹੋਵੇ ਭੱਜੀ ਦਾ। ਚਲੋ ਇੱਕ ਵਾਰ ਤਾਂ ਉਹਨੇ ਜਿੱਲਣ੍ਹ 'ਚੋਂ ਕੱਢਤਾ ਸੀ॥ ਮੈਨੂੰ ਡੁਬਈ ਲੈ ਗਿਆ। ਆਪਣਿਆਂ ਨਾਲੋਂ ਤਾਂ ਇਹ ਸੱਤ ਪਰਾਇਆ ਚੰਗਾ ਨਿਕਲਿਆ। ਆਹ ਤਾਇਆ ਸਦਾ ਰਾਮ ਦਾਤਣ ਕਰਦਾ ਤੁਰਿਆ ਜਾਂਦਾ। ਇਹਦੇ ਕੋਲੋਂ ਵੀ ਹੁਣ ਤੁਰ ਨਈਂ ਹੁੰਦਾ। ਇਹਦਾ ਹਾਲ ਵੀ ਮੇਰੇ ਪਿਓ ਸ਼ਿੰਗਾਰੇ ਵਾਲਾ ਆ।

ਉਹ ਵੀ ਕਿਹਾ ਮਨਹੂਸ ਦਿਨ ਸੀ।



ਸਾਰਾ ਪਿੰਡ ਭੱਜੀ ਦੀ ਟਾਹਲੀ ਨਾਲ ਲਟਕਦੀ ਲਾਸ਼ ਦੇਖ ਕੇ ਦੰਗ ਰਹਿ ਗਿਆ ਸੀ। ਉਹਦੀ ਅਰਥੀ ਚੁੱਕਣ ਵਾਲਿਆਂ ਵਿੱਚ ਮੈਂ ਵੀ ਸ਼ਾਮਿਲ ਸੀ। ਪਰ ਉਹਦੇ ਮਰਨ ਦਾ ਯਕੀਨ ਮੈਨੂੰ ਹੁਣ ਤੱਕ ਵੀ ਨਈਂ ਆਉਂਦਾ। ਉਹਨੇ ਦਸ-ਬਾਰ੍ਹਾਂ ਸਾਲ ਡੁਬਈ ਲਾਏ। ਉਹ ਆਪਣੇ ਵਿਹੜੇ ਦੇ ਅੱਧੇ ਮੁੰਡੇ ਤਾਂ ਡੁਬਈ ਲੈ ਗਿਆ ਹੋਣਾ। ਉਹ ਕਿਸੇ ਨਾ ਕਿਸੇ ਸ਼ੇਖ ਕੋਲੋਂ ਵੀਜ਼ਾ ਲੈ ਆਉਂਦਾ। ਪਿੰਡ ਦਾ ਕੋਈ ਨਾ ਕੋਈ ਮੁੰਡਾ ਦੁਬਈ ਲੈ ਜਾਂਦਾ। ਉਹਦੇ ਕੋਲੋਂ ਕੰਪਨੀ ਛੁਡਾ ਲੈਂਦਾ। ਆਪ ਸ਼ਰਾਬ ਕੱਢਦਾ। ਅਗਲੇ ਨੂੰ ਵੇਚਣ ਲਾ ਲੈਂਦਾ। ਖਜੂਰਾਂ ਦੀ ਸ਼ਰਾਬ ਕੱਢਣ ਦਾ ਬੜਾ ਮਾਹਿਰ ਸੀ ਉਹ। ਮੈਨੂੰ ਕਹਿਣਾ-

" ਪਹਿਲੇ ਤੋੜ ਦੀ ਦਾ ਲਾ ਪੈੱਗ। ਤੇ ਫੇਰ ਧੰਦੇ ਲਈ ਸ਼ੂਟ ਵੱਟ ਲੈ।"

ਆਪ ਤਾਂ ਉਹ ਪੁਲਿਸ ਦੇ ਹੱਥ ਨਈਂ ਸੀ ਆਇਆ। ਮੈਨੂੰ ਪੰਜ ਮਹੀਨੇ ਦੀ ਕੈਦ ਹੋ ਗਈ ਸੀ।

ਪਿੰਡ ਵਿੱਚ ਉਹਨੂੰ ਸਾਰੇ 'ਖੜੱਪਾ ਸੱਪ' ਸੱਦਦੇ ਹੁੰਦੇ ਸੀ। ਉਹਦਾ ਇਉਂ ਆਤਮ-ਹੱਤਿਆ ਕਰਨਾ ਹੈਰਾਨੀ ਵਾਲੀ ਗੱਲ ਸੀ। ਤਾਏ ਸਦਾ ਰਾਮ ਤੇ ਤਾਈ ਦਾ ਹਾਲ ਨਈਂ ਸੀ ਦੇਖਿਆ ਜਾਂਦਾ। ਜੋ ਹਾਲ ਇਨ੍ਹਾਂ ਦਾ ਉਦੋਂ ਹੋਇਆ ਸੀ। ਮੇਰੇ ਘਰ ਚਾਚੇ ਚਾਚੀ ਦਾ ਹੁਣ ਹੋਇਆ ਪਿਆ। ਜੀਉਂਦੇ ਵੀ ਮਰਿਆ ਵਰਗੇ। ਪੁੱਠੀ ਮੱਤ ਵਾਲੀ ਬਖਸ਼ਿੰਦਰ ਰਾਤ ਕਹਿਣ ਲੱਗੀ।

"ਆਪਣੇ ਜੱਟਾਂ ਜ਼ਿਮੀਦਾਰਾਂ ਨੂੰ ਬਚਾਅ ਲਿਆ ਕਨੈਡਾ, ਅਮਰੀਕਾ, ਵਲੈਤ ਨੇ। ਛੋਟੀਆਂ ਬਰਾਦਰੀਆਂ ਨੂੰ ਅਰਬ ਨੇ। —- ਸਾਹਿਬ ਜੀ, ਹੁਣ ਚੰਗੀ ਨੀਅਤ ਨਾਲ ਜਾਇਓ ।"

ਰਾਤ ਫਿਰ ਭੱਜੀ ਦੀ ਗੱਲ ਚੱਲੀ ਸੀ। ਪਤਾ ਨਈਂ ਮੈਤੋਂ ਕਾਹਤੋਂ ਬਾਹਰ ਜਾਣ ਖਿਲਾਫ਼ ਬੋਲ ਹੋ ਗਿਆ ਸੀ। ਇਹ ਆਪਣਾ ਭਾਸ਼ਣ ਲੈ ਕੇ ਬਹਿ ਗਈ। ਦੱਸ ਭਲਾ ਮੈਂ ਕਿੱਦਾਂ ਭੱਜੀ ਨੂੰ ਭੁੱਲ ਜਾਵਾਂ। ਆਹ ਉਹ ਟਾਹਲੀ ਆ, ਜਿਹਦੇ ਨਾਲ ਉਹਨੇ ਫਾਹਾ ਲਿਆ ਸੀ।

ਭੈਣ ਮਰਾਵੇ ਭੱਜੀ। ਭੱਜ ਉਏ ਇੱਥੋਂ ਹੋਰ ਕਿਤੇ—। ਬਖਸ਼ਿੰਦਰ ਦੀ ਗੱਲ ਵੀ ਠੀਕ ਆ। ਮੈਂ ਤਾਂ ਐਵੇਂ ਭੱਜੀ ਨੂੰ ਲੈ ਕੇ ਬਹਿ ਜਾਂਦੈ। ਆਪਣੇ ਕੰਮ ਵਿੱਚ ਖਰੋੜ ਪਾਉਣ ਲੱਗਿਆ ਆਂ। ਸੰਤਾਂ ਨੇ ਕੀ ਕਿਹਾ ਸੀ? ਭੁੱਲ ਗਿਆ? ਅਰਾਮ ਨਾਲ ਬੰਦਾ ਬਣ ਕੇ ਤੁਰ ਪਾ। ਮੈਂ ਤਾਂ ਅਮਰੀਕਾ ਜਾਣਾ ਆ। ਮੈਂ ਉਹਤੋਂ ਕੀ ਲੈਣਾ?

ਮੈਂ ਤੇਜ਼ ਕਦਮੀਂ ਘਰ ਵੱਲ ਨੂੰ ਤੁਰ ਪਿਆ ਹਾਂ।

ਇੱਕ ਆਹ ਕਲਮੂੰਹਾਂ ਹਰ ਥਾਂ ਟੱਕਰ ਪੈਂਦਾ। ਹੁਣ ਇਹ ਮੇਰਾ ਫਿਰ ਲਹੂ ਪੀਊ। ਬਣੀ ਫਿਰਦਾ ਕਿਸਾਨ ਯੂਨੀਅਨ ਦਾ ਪ੍ਰਧਾਨ। ਇਹਨੂੰ ਪਿੰਡ ਵਿੱਚ ਕੋਈ ਨਈਂ ਪੁੱਛਦਾ। ਅਖੇ ਮੈਂ ਪ੍ਰਧਾਨ, ਜੀਤਾ ਭਲਵਾਨ। ਸਾਰੇ ਇਹਨੂੰ ਬਾਜਾ ਭਲਵਾਨ ਸੱਦਦੇ ਆ। ਕੰਨ ਇਹਦੇ ਸੂਰ ਦੇ ਬੁਲ੍ਹਾਂ ਵਰਗੇ ਸੁੱਜਿਉ ਆ। ਸਿਰ ਵੀ ਵਿੰਗਾ। ਇਹ ਹਰ ਥਾਂ ਲੱਤ ਅੜੌਂਦਾ। ਭੱਜੀ ਦੇ ਦਾਗਾਂ ਤੋਂ ਬਾਅਦ ਆਪਣਾ 'ਅਖਾੜਾ' ਲਾ ਕੇ ਬਹਿ ਗਿਆ।

"ਜਿਸ ਜਮਾਤ ਵਿੱਚ ਆਤਮ ਹੱਤਿਆਵਾਂ ਹੋ ਰਹੀਆਂ ਹੋਣ। ਉਹਦਾ ਸੰਕਟ ਕਿੰਨਾ ਗਹਿਰਾ ਹੋਏਗਾ। ਮਨੁੱਖ ਵੀ ਮੰਡੀ ਦਾ ਮਾਲ ਬਣ ਗਿਆ। ਉਹਦੀ ਕਿਰਤ ਵੀ।"

ਬਈ ਦੱਸ ਤੂੰ ਜਲਸਾ ਕਰਦਾ ਪਿਆਂ। ਅਗਲਿਆਂ ਦਾ ਮੁੰਡਾ ਮੁੱਕ ਗਿਆ। ਇਹ ਹੋਰੇ ਗੱਲਾਂ ਲੈ ਕੇ ਬਹਿ ਗਿਆ।

"ਵਿਆਹ ਕਰਵਾ ਕੇ ਝੱਟ ਜੁਦੇ ਹੋ ਜਾਂਦੇ ਆ। ਮੁਸ਼ਕਲਾਂ ਦੇ ਪਹਾੜ ਡਿੱਗਦੇ ਆ। ਦੁੱਖ ਸੁਣਨ ਵਾਲਾ ਕੋਲ ਕੋਈ ਹੁੰਦਾ ਨਈਂ। ਤਣਾਅ ਵੱਧਦਾ ਜਾਂਦਾ ਆ। ਨਸ਼ੇ ਦਾ ਸਹਾਰਾ ਲੈਂਦੇ ਆ ਤੇ ਫੇਰ—।"

ਮੈਂ ਤਾਂ ਸ਼ੁਕਰ ਕਰਦਾਂ ਭਰਾਵੋ ਸੰਤਾਂ ਦਾ। ਲੰਘ ਗਈ ਜਲੇਧ। ਜੇ ਦੇਖ ਲੈਂਦਾ ਤਾਂ ਇਹਨੇ ਇੱਥੇ ਪ੍ਰੀਣ ਪਾ ਕੇ ਬਹਿ ਜਾਣਾ ਸੀ। ਅਜੇ ਇਹਨੂੰ ਇਹ ਨਈਂ ਪਤਾ ਹੋਣਾ ਕਿ ਮੈਂ ਅਮਰੀਕਾ ਚੱਲਿਆਂ। ਨਈਂ ਤਾਂ ਇਹਨੇ ਝੱਟ ਰਸਤਾ ਰੋਕ ਲੈਣਾ ਸੀ ਤੇ ਆਖਣਾ ਸੀ -

"ਦਲਜਿੰਦਰ ਸਿਆਂ, ਆਪਾਂ ਆਪਣੇ ਦੇਸ਼ ਨੂੰ ਸਵਰਗ ਬਣਾਉਣ ਲਈ ਕਿਉਂ ਨਾ ਲੜੀਏ?"

ਇਹ ਸਾਨੂੰ ਲੜਾਈ ਲੜਨ ਲਈ ਕਹਿੰਦਾ ਰਹਿੰਦਾ। ਆਪਣੇ ਦੋਨੋਂ ਨਿਆਣੇ ਕਨੈਡਾ ਭੇਜ ਦਿੱਤੇ ਆ। ਕੁੜੀ ਦਾ ਰਿਸ਼ਤਾ ਕਰਨ ਲੱਗੇ ਨੇ ਕੁਸ਼ ਸੋਚਿਆ ਵੀ ਨਈਂ ਕਿ ਕੁੜੀ ਮੁੰਡੇ ਦਾ ਹਾਣ ਮੰਗਲ ਹੈ ਵੀ ਜਾਂ ਨਈਂ। ਇਹਨਾਂ ਦਾ ਵੱਡਾ ਲੀਡਰ ਸਰਕਾਰ ਕੋਲੋਂ ਚੇਅਰਮੈਨੀ ਲੈ ਕੇ ਬਹਿ ਗਿਆ।—- ਵਧੀਆ ਹੋਇਆ, ਦੜਾ ਹੋ ਗਿਆ। ਐਵੇਂ ਸੰਤਾਂ ਕੋਲ ਜਾਣ ਤੋਂ ਲੇਟ ਕਰ ਦਿੰਦਾ। ਕੰਮ 'ਚ ਘੜੰਮ ਪੌਂਦਾ।

ਮੇਰੀ ਵੀ ਆਦਤ ਠੀਕ ਨਈਂ। ਪਤਾ ਨਈਂ ਕਿਹੜੇ ਵਹਿਣ ਵਿੱਚ ਵਹਿ ਜਾਂਦਾ ਆ। ਗੱਲ ਤਾਂ ਮੈਂ ਜਹਾਜ਼ ਵਾਲੀ ਕੋਠੀ ਦੀ ਕਰਦਾ ਪਿਆ ਸੀ। ਮੇਰੀ ਗੁਰਦੁਆਰਾ ਸਾਹਿਬ ਜਾਣ ਦੀ ਦੇਰ ਆ। ਅੱਜ ਉਥੋਂ ਪਾਸਪੋਰਟ ਤੇ ਟਿਕਟ ਲੈ ਆਉਣੇ ਆ। ਤੇ ਫਿਰ ਫੁਅ— —ਫੁਅਰ। ਆਹ ਕੋਈ ਜਹਾਜ਼ ਆ, ਜਿਹੜਾ ਤਾਏ ਨੇ ਕੋਠੀ 'ਤੇ ਬਣਾਇਆ। ਨਹਿਰੂ ਦੇ ਵੇਲਿਆਂ ਦਾ। ਮੈਨੂੰ ਸਰਦਾਰ ਜੌਹਨ ਸਿੰਘ ਸ਼ੇਰਗਿੱਲ ਕਹਿੰਦਾ ਸੀ।

" ਸਿੰਘ ਸਾਹਿਬ, ਏਅਰ ਫਰਾਂਸ ਦੇ ਜਹਾਜ਼ ਦੇਖਣ ਵਾਲੇ ਆ। ਉਨ੍ਹਾਂ ਵਿੱਚ ਸਫ਼ਰ ਕਰਨ ਦਾ ਮਜ਼ਾ ਈ ਵੱਖਰਾ। ਆਪਣੇ ਖਾਸ-ਖਾਸ ਬੰਦੇ ਅਸੀਂ ਉਦੇ 'ਚ ਭੇਜਦੇ ਆ।"

ਮੈਨੂੰ ਅਮਰੀਕਾ ਪੁੱਜ ਲੈਣ ਦਿਉ। ਉਧਾਰ ਮੋੜਨ ਨੂੰ ਬੜੀ ਹੱਦ ਦੋ ਸਾਲ ਲੱਗ ਜਾਣਗੇ। ਪੰਜਾਂ ਸਾਲਾਂ ਬਾਅਦ ਤਾਏ ਦੇ ਬਰਾਬਰ ਕੋਠੀ ਪਾ ਦੇਣੀ ਆ। ਪਹਿਲਾਂ ਬਾਜ਼ ਵਾਲਿਆਂ ਤੋਂ ਜ਼ਮੀਨ ਛੁਡਾਉਣੀ ਆ। ਬੱਸ ਫ਼ੇਰ ਕੋਠੀ ਪਾਉਣ ਦਾ ਕੰਮ ਕਰਨਾ। ਤਾਏ ਦੀ ਹਿੱਕ 'ਤੇ ਸੱਪ ਲਿਟੌਣਾ। ਏਅਰ ਫਰਾਂਸ ਵਾਲਾ ਜਹਾਜ਼ ਕੋਠੀ 'ਤੇ ਬਣੌਣਾ। ਇਲਾਕੇ ਵਿੱਚ ਨਮੂਨੇ ਦੀ ਟੈਂਕੀ ਬਣੂ। ਜਦੋਂ ਟੈਂਕੀ ਪਾਣੀ ਨਾਲ ਫੁੱਲ ਹੋ ਜਾਇਆ ਕਰੂ। ਜਿੱਦਾਂ ਜਹਾਜ਼ ਦੀ ਪੂੰਛ ਧੂੰਆਂ ਛੱਡਦੀ ਆ। ਸਾਡੇ ਵਾਲੇ ਜਹਾਜ਼ ਦੀ ਪੂੰਛ ਪਾਣੀ ਦੀ ਬੁਛਾੜ ਕਰਿਆ ਕਰੂ। ਜਦੋਂ ਟੈਂਕੀ ਪਾਣੀ ਤੋਂ ਖਾਲੀ ਹੋ ਜਿਆ ਕਰੂ। ਉਹਦੇ ਫਰ ਉੱਪਰ ਥੱਲੇ ਹੋਇਆ ਕਰਨਗੇ।

ਮੇਰੇ ਜਹਾਜ਼ ਦਾ ਦੂਜਾ ਹਮਲਾ ਬਾਜ਼ ਵਾਲੀ ਟੈਂਕੀ 'ਤੇ ਹੋਣਾ ਆ। ਜਿੱਦਾਂ 'ਜਹਾਦੀਆਂ' ਨੇ ਬਿੱਲੀਆਂ ਅੱਖਾਂ ਵਾਲੇ ਦੇ ਦੇਸ਼ ਦੇ ਟਾਵਰ ਤਬਾਹ ਕਰ ਦਿੱਤੇ। ਉਹ ਵੱਡਾ 'ਬਾਜ਼' ਬਣੀ ਫਿਰਦਾ ਸੀ। ਅਗਲਿਆਂ ਨੇ ਮਿੰਟ ਨਈਂ ਲਾਇਆ। ਮੈਂ ਵੀ ਸੱਭ ਕੁੱਸ਼ ਉਡਾ ਦੇਣਾ ਆ। ਹਰਦੇਵ ਸੁੰਹ ਕਿਆਂ ਦੇ ਹੱਥ ਲਾ-ਲਾ ਕੇ ਦੇਖਣਗੇ। ਬਾਜ਼ ਵਾਲੀ ਟੈਂਕੀ ਤਾਂ ਮੂਧੇ ਮੂੰਹ ਹਊ। ਸਾਲੇ ਚੜਿਓ ਵੀ ਬਹੁਤ ਆ।

ਜਦੋਂ ਬਾਹਰੋਂ ਇਨ੍ਹਾਂ ਦੇ ਭਰਾ ਆਉਂਦੇ ਆ। ਲੋਕਾਂ ਨੂੰ ਡਾਲਰ ਦਿਖੌਂਦੇ ਫ਼ਿਰਨਗੇ। ਡਾਲਰ ਮੈਂ ਨਾ ਲਿਆਊਂਗਾ? ਕਾਰ ਵਿੱਚ ਧੂੜਾਂ ਪੁੱਟੀ ਫਿਰਨਗੇ। ਦੱਸ ਮੈਤੋਂ ਨਾ ਕਾਰ ਲੈ ਹਊ। ਨਵਾਂ ਮਾਡਲ ਲਊਂ। ਇੱਕ ਵਾਰ ਤਾਂ ਇਨ੍ਹਾਂ ਦੀਆਂ ਅੱਖਾਂ ਅੱਡੀਆਂ ਰਹਿ



ਜਾਊਗੀਆਂ। ਮਾਰ੍ਹ ਕਿਤੇ ਗਲੇ ਵਿੱਚ ਸੋਨੇ ਦੀਆਂ ਚੈਨੀਆਂ, ਬਾਹਾਂ ਵਿੱਚ ਕੜੇ ਤੇ ਉਂਗਲੀਆਂ ਵਿੱਚ ਮੁੰਦੀਆਂ ਪਾਈ ਫਿਰਨਗੇ। ਸਾਲੇ ਖੁਸਰੇ ਜਿਹੇ।—ਮੈਂ ਇਹਤੋਂ ਵੱਧ ਸੋਨਾ ਆਪਣੀ ਜੱਟੀ ਨੂੰ ਲੈ ਕੇ ਦਊਂ। ਉਹਦੇ ਸਾਰੇ ਉਲਾਂਭੇ ਲਾਹ ਦੇਣੇ ਆ। ਉਹ ਵੀ ਕੀ ਯਾਦ ਕਰੂੰਗੀ। ਨਾਲੇ ਸਹੁਰਿਆਂ ਨੂੰ ਪਤਾ ਲੱਗ ਜਾਊ। ਐਵੇਂ ਕਿੜ-ਕਿੜ ਕਰਦੇ ਰਹਿੰਦੇ ਆ। ਉਨ੍ਹਾਂ ਨਾਲ ਵੀ ਅਗਲਾ ਪਿਛਲਾ ਹਿਸਾਬ ਕਰਨਾ। ਚਾਰ ਛਿੱਲੜ ਦੇ ਕੇ ਧੌਂਸ ਦਿਖੌਂਦੇ ਆ।

ਉੱਦਾਂ ਕਦੇ-ਕਦੇ ਮੈਂ ਬਖਸ਼ਿੰਦਰ ਨਾਲ ਵਿਆਹ ਕਰਵਾ ਕੇ ਪਛਤੋਂਦਾ ਵੀ ਆਂ। ਇਸ ਮਾਂ ਜਾਆਬ੍ਰੀ ਨੇ ਸਾਡਾ ਜਲੂਸ ਕੱਢਿਆ ਪਿਆ ਆ। ਜੇ ਸੁਖਮਣੀ ਤੇ ਪੁਨੀਤ ਨਾ ਹੁੰਦੀਆਂ। ਮੈਂ ਕਦੋਂ ਦਾ ਛੱਡ ਛੁਡਈਆ ਕਰ ਲੈਂਦਾ। ਚਾਚੀ ਨੇ ਤਾਂ ਕਈ ਵਾਰ ਛੱਡਣ ਲਈ ਕਿਹਾ ਆ। ਪਰ ਵਿਆਹ ਕਰੌਣੇ ਕਿਹੜਾ ਸੌਖੇ ਆ। ਇਸ ਦੇਸ਼ ਵਿੱਚ ਮਾਤ੍ਰੜ ਦਾ ਤਾਂ ਇੱਕ ਵਿਆਹ ਮਸੀਂ ਹੁੰਦਾ ਆ। ਛੱਡ ਕੇ——। ਖ਼ੈਰ—! ਦੋਸ਼ ਸਾਡਾ ਵੀ ਆ। ਅਸੀਂ ਵੀ ਤਾਂ ਝੂਠ ਈ ਬੋਲਿਆ ਸੀ।

"ਦਲਜਿੰਦਰ ਦਾ ਇੰਗਲੈਂਡ ਕੇਸ ਚਲਦਾ ਸੀ। ਉਦੋਂ ਮੁੜਨਾ ਪੈ ਗਿਆ ਸੀ। ਅਸੀਂ ਸੋਚਿਆ, ਜਿੰਨਾ ਚਿਰ ਕੇਸ ਚਲਦਾ ਦੁਬਈ ਜਾ ਆਵੇ। ਇਹਨੇ ਇੱਕ ਦਿਨ ਤਾਂ ਵਲੈਤ ਚਲੇ ਈ ਜਾਣਾ ਆ।"

ਜਦੋਂ ਮੈਨੂੰ ਦੁਬਈ ਤੋਂ ਡਿਪੋਰਟ ਕੀਤਾ ਸੀ। ਹਾਅ ਗੱਲਾਂ ਚਾਚੀ ਤਾਂ ਕੀ ਸਾਰਾ ਟੱਬਰ ਕਰਦਾ ਰਿਹਾ ਸੀ। ਬੀਬੀ ਬਖਸ਼ਿੰਦਰ ਕੌਰ ਦੇ ਘਰ ਦਿਆਂ ਨੇ ਇੰਗਲੈਂਡ ਲਈ ਇਹਨੂੰ ਮੇਰੇ ਨਾਲ ਨੂੜ ਦਿੱਤਾ। ਦੋ-ਚਾਰ ਸਾਲ ਤਾਂ ਮੈਂ ਗੱਲਾਂ ਵਿੱਚ ਟਪਾ ਦਿੱਤੇ। ਜਦੋਂ ਦੀ ਇਨ੍ਹਾਂ ਨੂੰ ਅਸਲੀਅਤ ਪਤਾ ਲੱਗੀ ਆ। ਇਨ੍ਹਾਂ ਦਾ ਟੱਬਰ ਖੁੰਢੀ ਗੰਡਾਸੀ ਕੱਢੀ ਫਿਰਦਾ। ਇਹ ਮੈਨੂੰ ਗੱਲ-ਗੱਲ 'ਤੇ ਠਿੱਠ ਕਰਦੀ ਰਹਿੰਦੀ ਆ। ਇਹ ਕਿਸੇ ਨਾ ਕਿਸੇ ਤਰੀਕੇ ਮੈਨੂੰ ਬਾਹਰ ਭੇਜਣਾ ਚਾਹੁੰਦੀ ਰਹੀ ਆ। ਛੇ ਕੁ ਸਾਲ ਪਹਿਲਾਂ ਸਿੱਖਾਂ ਦੀ ਪੱਟੀ ਵਾਲਾ ਉਹ ਮੁੰਡਾ ਪਿੰਡ ਆਇਆ ਹੋਇਆ ਸੀ, ਜਿਹੜਾ ਇੰਗਲੈਂਡ ਪੁੱਜਣ ਵਿੱਚ ਸਫ਼ਲ ਹੋ ਗਿਆ ਸੀ। ਉਹਦੀਆਂ ਗੱਲਾਂ ਸੁਣ ਕੇ, ਇਹ ਮੇਰੇ ਉਂਗਲੀ ਦੇਣ ਲੱਗ ਪਈ। ਮੈਂ ਕਿੱਦਾਂ ਟਰਾਈ ਮਾਰ ਲੈਂਦਾ। ਕਰਜ਼ਾ ਤਾਂ ਪਹਿਲਾਂ ਵੀ ਨਈਂ ਸੀ ਉਤਰਿਆ। ਨਾਲੇ ਮੈਂ ਇਹਦੇ ਕੋਲ ਰਹਿਣਾ ਚਾਹੁੰਦਾ ਸੀ। ਇਹਦੇ ਗੋਡੇ ਨਾਲ ਗੋਡਾ ਜੋੜ ਕੇ ਬੈਠਣਾ ਚਾਹੁੰਦਾ ਸੀ।

ਇਹਦੀਆਂ ਕੁੱਸ਼ ਸਹੇਲੀਆਂ ਬਾਹਰ ਨੇ ਤੇ ਜਾਂ ਉਨ੍ਹਾਂ ਦੇ ਘਰ ਵਾਲੇ ਬਾਹਰ ਗਏ ਹੋਏ ਨੇ। ਉਹ ਪਿੱਛੇ ਮੌਜਾਂ ਕਰਦੀਆਂ ਨੇ। ਮੈਨੂੰ ਲੱਗਦਾ ਸੀ ਇਹ ਵੀ 'ਉਹ' ਮੌਜਾਂ ਕਰਨੀਆਂ ਚਾਹੁੰਦੀ ਸੀ। ਸਾਰਾ ਦਿਨ ਕੰਨਾਂ ਨੂੰ ਮੋਬਾਇਲ ਲਾਈ ਰੱਖਦੀਆਂ ਨੇ। ਸ਼ਹਿਰ ਸ਼ਾਪਿੰਗ ਕਰਨ ਤੁਰੀਆਂ ਰਹਿੰਦੀਆਂ ਆ। ਕੋਈ ਕਾਰ ਲਈ ਫਿਰਦੀ ਆ ਤੇ ਕੋਈ ਸਕੂਟਰੀ। ਮੈਨੂੰ ਇਹਦੀਆਂ ਗੱਲਾਂ 'ਤੇ ਸ਼ੱਕ ਹੋਣ ਲੱਗ ਪਈ ਸੀ। ਤਦੇ ਤਾਂ ਮੈਂ ਬਾਹਰ ਜਾਣ ਲਈ ਮੰਨਿਆ ਨਈਂ ਸੀ। ਇਹਨੇ ਚੱਕ ਚੁਕਾ ਕੇ ਮੇਰੇ ਤੋਂ ਛੋਟੇ ਕੇਸਰ ਨੂੰ ਗਰੀਸ ਭੇਜ ਦਿੱਤਾ। ਰਹਿੰਦਾ ਕਿੱਲਾ ਵੀ ਬਾਜ਼ ਵਾਲਿਆਂ ਨੂੰ ਬੈਅ ਕਰ ਦਿੱਤਾ ਸੀ। ਇਹ ਮੈਨੂੰ ਝਈਆਂ ਲੈ-ਲੈ ਪੈਂਦੀ ਸੀ।

"ਇੱਕ ਵਾਰ ਬੰਦਾ ਬਾਹਰ ਸੈੱਟ ਹੋ ਜਾਵੇ। ਕੁੱਲਾਂ ਤਰ ਜਾਂਦੀਆਂ। ਇੱਥੇ ਭਾਵੇਂ ਸਾਰੀ ਉਮਰ ਭੱਠ ਝੋਕੀ ਜਾਓ, ਚਾਰ ਛਿੱਲੜ ਨਈਂ ਜੁੜਦੇ।"

ਇਹ ਮੈਨੂੰ ਬਾਰ ਬਾਰ ਉਨ੍ਹਾਂ ਲੋਕਾਂ ਦੇ ਕਿੱਸੇ ਸੁਣੌਂਦੀ ਰਹਿੰਦੀ, ਜਿਹੜੇ ਇੱਥੇ ਭੁੱਖੇ ਮਰਦੇ ਸੀ। ਵਿਦੇਸ਼ ਜਾ ਕੇ ਲੱਖਾਂਪਤੀ ਬਣ ਗਏ। ਉਨ੍ਹਾਂ ਦੀਆਂ ਕਾਰਾਂ ਕੋਠੀਆਂ ਦੇ ਮਿਹਣੇ ਦਿੰਦੀ ਰਹਿੰਦੀ। ਇਹਨੂੰ ਗਹਿਣਿਆਂ ਨਾਲ ਲੱਦੀਆਂ, ਕਾਰਾਂ ਵਿੱਚ ਘੁੰਮਦੀਆਂ ਤੇ

ਮੋਬਾਇਲਾਂ ਤੇ ਪਟਾਕ ਪਟਾਕ ਗੱਲਾਂ ਕਰਦੀਆਂ ਜ਼ਨਾਨੀਆਂ ਦਿੱਸਦੀਆਂ ਆ। ਹੋਰ ਕੁੱਝ ਨਈਂ। ਕੇਸਰ ਦੋ ਤਿੰਨ ਸਾਲ ਤਾਂ ਬੜੇ ਸੋਹਣੇ ਪੈਸੇ ਭੇਜਦਾ ਰਿਹਾ। ਇਹ ਉਹਦੀਆਂ ਸਿਫਤਾਂ ਕਰਦੀ ਨਈਂ ਸੀ ਥੱਕਦੀ ਹੁੰਦੀ। ਦੋਨਾਂ ਕੁੜੀਆਂ ਨੂੰ ਅੰਗਰੇਜ਼ੀ ਸਕੂਲ ਪੜ੍ਹਨ ਲਾਇਆ। ਫ਼ੇਰ ਉਹ ਇੰਡੀਆ ਆਇਆ, ਭੁਲੱਥ ਵੱਲ ਵਿਆਹ ਕਰਵਾ ਗਿਆ। ਕੇਸਰ ਦੇ ਸਹੁਰਿਆਂ ਨੇ ਉਨ੍ਹਾਂ ਲਈ ਭੁਲੱਥ ਵੱਲ ਹੀ ਮਕਾਨ ਬਣਾ ਦਿੱਤਾ। ਕਿਥੇ ਤਾਂ ਉਹ ਮੈਨੂੰ ਗਰੀਸ ਲਿਜਾਣ ਨੂੰ ਫਿਰਦਾ ਸੀ। ਬਾਅਦ 'ਚ ਮੈਂ ਵੀ ਗਰੀਸ ਜਾਣ ਦਾ ਮਨ ਬਣਾ ਲਿਆ ਸੀ। ਕਿੱਥੇ ਮੁੜ ਕੇ ਉਹਦਾ ਕੋਈ ਚਿੱਠੀ ਪੱਤਰ ਵੀ ਨਾ ਆਇਆ। ਅਸੀਂ ਤਾਂ ਉਹਦੀ ਘਰ ਵਾਲੀ ਤੇਜੀ ਦੀ ਕਈ ਸਾਲਾਂ ਤੋਂ ਸ਼ਕਲ ਨਈਂ ਦੇਖੀ। ਆਹ ਜਿਹੜੀ ਮੇਰੇ ਵਾਲੀ ਸਵੇਰੇ ਸ਼ਾਮ ਟੌਂਕਦੀ ਸੀ, ਮੂਤ ਦੀ ਝੱਗ ਵਾਂਗੂੰ ਬਹਿ ਗਈ। ਰਾਤ ਕਹਿਣ ਲੱਗੀ।

"ਗੱਲ ਸੁਣਿਓ ਜੀ, ਅਸੀਂ ਬਥੇਰਾ ਨਰਕ ਭੋਗ ਲਿਆ। ਹੁਣ ਅਮਰੀਕਾ ਜਾ ਕੇ ਖਿਆਲ ਰੱਖਿਓ। ਮੇਰਾ ਨਾ ਸਹੀ। ਮੇਰੀਆਂ ਧੀਆਂ ਨਈਂ ਤਰਸਣੀਆਂ ਚਾਹੀਦੀਆਂ ਕਿਸੇ ਚੀਜ਼ ਨੂੰ।"

ਇਹ ਚੀਜ਼ਾਂ ਦੇ ਨਾਂ ਗਿਣੌਣ ਲੱਗ ਪਈ। ਮੈਨੂੰ ਤਾਂ ਕਈ ਨਾਂ ਵੀ ਨਈਂ ਲੈਣੇ ਆਉਂਦੇ। ਸੁਖਮਣੀ ਤੇ ਪੁਨੀਤ ਦੀ ਲਿਸਟ ਇਹਦੇ ਨਾਲੋਂ ਵੀ ਲੰਬੀ ਆ। ਪੁਨੀਤ ਪੁੱਤ ਕਹੀ ਜਾਵੇ।

"ਪਾਪਾ, ਮੇਰੇ ਲਈ ਜਹਾਜ਼ ਭੇਜਿਓ। ਉਡਣ ਵਾਲਾ। ਜਿਹਦੀਆਂ ਲਾਈਟਾਂ ਜਗਣ।"

ਘਰ ਆ ਗਿਆ ਹਾਂ। ਮੈਂ ਸੋਚਦਾਂ ਔਖਾ ਸੌਖਾ ਨਹਾਏ ਲਵਾਂ। ਗੁਰਦੁਆਰਾ ਸਾਹਿਬ ਜਾਣਾ ਕਿਹੜਾ ਖਾਲਾ ਜੀ ਦਾ ਵਾੜਾ। ਸੰਤ ਕਹਿੰਦੇ ਸੀ ਸੁੱਚੇ ਹੋ ਕੇ ਆਇਆ ਕਰੋ। ਜਦੋਂ ਗੁਰੂ ਦੇ ਲੜ੍ਹ ਲੱਗ ਈ ਗਏ।.. ਅੱਜ ਕੱਲ੍ਹ ਪਾਣੀ ਕਿਹੜਾ ਪਿੰਡੇ ਤੇ ਪੈਂਦਾ। ਜਾਨ ਕੱਢੀ ਜਾਂਦਾ। ਸਤਿਨਾਮ..ਵਾਖਰੂ।.. ਲੈ ਨਿਬੜ ਗਿਆ ਕੰਮ। ਮੈਂ ਗੁਸਲ ਖਾਨੇ 'ਚੋਂ ਬਾਹਰ ਆਇਆ ਹਾਂ। ਤਿਆਰ ਹੋਣ ਲੱਗਦਾ ਹਾਂ। ਸੁਖਮਣੀ ਤੇ ਪੁਨੀਤ ਮੇਰੇ ਗਲ ਨੂੰ ਚੁੰਬੜ ਗਈਆਂ ਨੇ। ਰਾਤ ਵਾਲੀਆਂ ਚੀਜ਼ਾਂ ਗਿਣਾਉਣ ਲੱਗ ਪਈਆਂ ਆ।

ਮੈਂ ਸੰਤਾਂ ਦੀ ਫੋਟੋ ਅੱਗੇ ਮੱਥਾ ਟੇਕਿਆ ਹੈ। ਧੂਫ ਦੀ ਸੁਗੰਧ ਕਮਰੇ ਅੰਦਰ ਫੈਲੀ ਹੋਈ ਆ। ਚਾਚੀ ਸਵੇਰੇ ਉੱਠ ਕੇ ਧੂਫ ਬੱਤੀ ਕਰਨ ਦਾ ਹੀ ਕੰਮ ਕਰਦੀ ਹੈ। ਅੱਜ ਤਾਂ ਮੈਂ ਚਾਚੀ ਚਾਚੇ ਦੇ ਵੀ ਪੈਰੀਂ ਹੱਥ ਲਾ ਆਇਆਂ ਹਾਂ।

" ਠਹਿਰੋ ਜੀ, ਦਹੀਂ ਖਾ ਕੇ ਜਾਇਓ।"

ਮੈਂ ਬਖਸ਼ਿੰਦਰ ਦੀ ਆਵਾਜ਼ ਸੁਣ ਕੇ ਰੁਕ ਗਿਆ ਹਾਂ। ਉਹ ਦਹੀਂ ਦੀ ਕੌਲੀ ਲੈ ਆਈ ਹੈ। ਮੈਂ ਚਾਰ ਚਮਚੇ ਮੂੰਹ 'ਚ ਪਾਏ ਨੇ। ਇਹ ਕਿੰਨੇ ਲਾਡ ਨਾਲ ਬੋਲੀ ਹੈ ।

" ਸਿੱਧੇ ਘਰ ਆ ਜਾਣਾ, ਨ੍ਹੇਰਾ ਨਈਂ ਕਰਨਾ। ਅਸੀਂ ਮੂੰਹ ਚੁੱਕ-ਚੁੱਕ ਦੇਖਦੇ ਨਾ ਰਹੀਏ। ਇੱਕ ਗੱਲ ਹੋਰ..। ਖਾਲੀ ਹੱਥ ਨਈਂ ਔਣਾ। ਇੱਕ ਹੱਥ ਵਿੱਚ ਪਾਸਪੋਰਟ ਤੇ ਟਿਕਟ ਹੋਵੇ। ਦੂਜੇ ਹੱਥ ਵਿੱਚ ਮਠਿਆਈ ਦਾ ਡੱਬਾ ਤੇ ਫਰੂਟ ਹੋਵੇ।"

ਬਾਜ਼ ਤੇ ਜਹਾਜ਼ ਵਾਲੀ ਕੋਠੀ ਦੇ ਸਾਹਮਣੇ ਬੱਸਾਂ ਰੁਕਦੀਆਂ ਨੇ। ਮੈਂ ਥੜ੍ਹੇ ਕੋਲ ਖੜ੍ਹ ਗਿਆ ਹਾਂ। ਬੱਸ ਦੀ ਉਡੀਕ ਵਿੱਚ। ਮੈਂ ਵਾਹਿਗੁਰੂ-ਵਾਹਿਗੁਰੂ ਜੱਪੀ ਜਾ ਰਿਹਾ ਹਾਂ। ਪਰ ਮੇਰਾ ਮਨ ਨਈਂ ਟਿਕ ਰਿਹਾ। ਮੇਰੀ ਅੱਖ ਕਦੇ ਜਹਾਜ਼ ਵਾਲੀ ਟੈਂਕੀ ਵੱਲ ਜਾਂਦੀ ਆ ਤੇ ਕਦੇ ਬਾਜ਼ ਵਾਲੀ ਟੈਂਕੀ ਵੱਲ। ਕੇਸਰ ਧੋਖਾ ਦੇ ਗਿਆ, ਸਾਲਾ। ਪਾਪੀ ਬੰਦਾ ਜ਼ਨਾਨੀ ਜੋਗਾ ਹੋ ਕੇ ਰਹਿ ਗਿਆ। ਬਈ ਜੇ ਤੂੰ ਟੱਬਰ ਨੂੰ ਠੁਮਣਾ ਦੇ ਦਿੰਦਾ ਤਾਂ ਤੇਰਾ ਕੀ ਘੱਸ ਜਾਣਾ ਸੀ। ਆਹ ਸ਼ਰੀਕਾਂ ਦੇ ਕਰਜ਼ਾਈ ਤਾਂ ਨਾ ਹੁੰਦੇ।



ਉਸ ਨੂੰ ਤਾਂ ਪਿਓ ਤੇ ਵੀ ਤਰਸ ਨਾ ਆਇਆ। ਜ਼ਮੀਨ ਬਾਜ਼ ਵਾਲਿਆਂ ਕੋਲ ਆਪਣੇ ਹੱਥੀਂ ਗਹਿਣੇ ਰੱਖਕੇ ਗਿਆ ਸੀ। ਕਈ ਸਾਲ ਚਾਚਾ ਜ਼ਮੀਨ ਵਾਹੁੰਦਾ ਰਿਹਾ। ਅਗਲਿਆਂ ਨੇ ਸਾਨੂੰ ਹੀ ਹਾਲੇ ਤੇ ਦੇ ਛੱਡੀ ਸੀ। ਉਨ੍ਹੀਂ ਤਾਂ ਫਿਰ ਵੀ ਕਈ ਸਾਲ ਇੱਜ਼ਤ ਰੱਖੀ ਛੱਡੀ। ਉਨ੍ਹਾਂ ਖੇਤਾਂ 'ਚੋਂ ਰੋਟੀ ਖਾਂਦੇ ਰਹੇ। ਦਰਬਾਰਾ ਸੁੰਹ ਸਮਰੇ ਆੜ੍ਹਤੀ ਤੋਂ ਕਰਜ਼ਾ ਲੈਂਦੇ ਰਹੇ। ਬੈਂਕ ਵਾਲਿਆਂ ਦੇ ਜੂੰ ਉੱਪਰ ਥੱਲੇ ਕਰਨੇ ਹੁੰਦੇ ਸੀ। ਨਾ ਆੜ੍ਹਤੀ ਦਾ ਕਰਜ਼ਾ ਲੱਥਾ ਤੇ ਨਾ ਬੈਂਕ ਦਾ। ਇਨਈਂ ਬਾਜ਼ ਵਾਲਿਆਂ ਨੇ ਵੀ ਜ਼ਮੀਨ ਛੁਡਾ ਲਈ ਸੀ। ਇਹ ਸਾਰੇ ਇਕੋ ਥਾਲੀ ਦੇ ਚੱਟੇ-ਵੱਟੇ ਆ। ਹੁਣ ਉਹ ਆੜ੍ਹਤੀ ਸਮਰਾ ਚਾਰ ਛਲਾਰੂ ਲੈ ਕੇ ਘਰ ਆ ਧਮਕਦਾ ਹੈ। ਬੈਂਕ ਵਾਲਿਆਂ ਦੇ ਛਾਪੇ ਵੱਖਰੇ। ਇਕ ਉਹ ਬਾਜੇ ਭਲਵਾਨ ਨੇ ਲਹੂ ਪੀਤਾ ਹੋਇਆ ਆ।

" ਤੁਸੀਂ ਕਿਹੜਾ ਸੰਘਰਸ਼ਾਂ ਵਿੱਚ ਕੁੱਦਦੇ ਆ। ਤੁਹਾਨੂੰ ਨਈਂ ਪਤਾ ਕਿ ਲਹਿਰਾਂ ਬੰਦੇ ਨੂੰ ਮਰਨ ਨਈਂ ਦਿੰਦੀਆਂ ਹੁੰਦੀਆਂ। ਹਾਰੇ ਮਨੁੱਖ ਨੇ ਤਾਂ ਮਰਨਾ ਈ ਹੋਇਆ।"

ਦੱਸ ਬਈ ਅਸੀਂ ਕਾਹਨੂੰ ਮਰੀਏ, ਮਰਨ ਸਾਡੇ ਦੁਸ਼ਮਣ। ਮੇਰਾ ਅੱਜ ਕੰਮ ਹੋ ਜਾਏ। ਇਹ ਆੜ੍ਹਤੀਏ, ਇਹ ਬੈਂਕ ਵਾਲੇ..ਸੱਭ ਸਿੱਧੇ ਕਰਨੇ ਆ। ਲਉ ਬੱਸ ਆ ਗਈ।

ਬੱਸ ਤੁਰ ਪਈ ਆ। ਮੈਂ ਸੋਚਿਆ ਸੀ ਕਿ ਬੱਸ ਵਿੱਚ ਆਰਾਮ ਕਰੂੰਗਾ। ਇਹ ਸਮਰਾ ਐਕਸਪ੍ਰੈੱਸ ਦਰਬਾਰਾ ਸੁੰਹ ਦੀ ਆ। ਕਿਤੇ ਸਾਲਾਂ ਬੱਸ ਚੈੱਕ ਕਰਦਾ ਕਰਦਾ ਆਈ ਨਾ ਜਾਵੇ। ਐਵੇਂ..। ਚਲੋ ਸੰਤ ਮੇਹਰ ਕਰਨ। ਪਤਾ ਨਈਂ ਮੈਨੂੰ ਔਚੋਆਈ ਜਿਹੀ ਕਿਉਂ ਲੱਗੀ ਹੋਈ ਆ। ਨਾਲੇ ਇਹ ਕਿਹੜਾ ਹੁੰਮਸ ਦੀ ਰੁੱਤ ਆ? ਮੈਂ ਥੋੜਾ ਜਿਹਾ ਸ਼ੀਸ਼ਾ ਖੋਲ੍ਹਦਾ ਹਾਂ। ਠੰਡੀ ਹਵਾ ਅੰਦਰ ਆ ਵੜੀ ਹੈ। ਸਵਾਰੀਆਂ ਮੇਰੇ ਵੱਲ ਔਖਾ-ਔਖਾ ਦੇਖਣ ਲੱਗ ਪਈਆਂ ਨੇ। ਮੈਂ ਸ਼ੀਸ਼ਾ ਬੰਦ ਕਰ ਦਿੱਤਾ ਏ।

ਬੱਸ ਹੌਲੀ ਹੋਈ ਆ। ਸੜਕ ਤੇ ਸਕੂਲੀ ਬੱਚਿਆਂ ਦੀਆਂ ਵੈਨਾਂ ਦਾ ਰਸ਼ ਪਿਆ ਹੋਇਆ। ਹਾਅ ਵੈਨ ਤਾਂ ਸੈਂਟ ਸੋਲਜ਼ੀਅਰ ਪਬਲਿਕ ਸਕੂਲ ਵਾਲਿਆਂ ਦੀ ਆ। ਸੁਖਮਣੀ ਤੇ ਪੁਨੀਤ ਦੀ ਵੀ ਤਾਂ ਇਹੀ ਬੱਸ ਸੀ। ਪੰਜ ਸਾਲ ਇਸ ਬੱਸ ਵਿੱਚ ਸਕੂਲ ਜਾਂਦੀਆਂ ਰਹੀਆਂ। .. ਕਾਹਨੂੰ ਮਨਾਂ ਦਿਲ ਥੋੜ੍ਹਾ ਕਰਦਾਂ। ਹਟੌਂਦਾ ਨਾ ਤਾਂ ਕੀ ਕਰਦਾ? ਪਿੰਡ ਦੇ ਸਰਕਾਰੀ ਸਕੂਲ 'ਚ ਪੜ੍ਹਨ ਲਾ ਦਿੱਤੀਆਂ। ਕੇਸਰ ਦਾ ਬੇੜਾ ਬਹਿ ਗਿਆ। ਖੈਰ ..। ਕੋਈ ਨਈਂ ਪੁੱਤ, ਮੈਨੂੰ ਜਾ ਲੈਣ ਦਿਓ। ਮੈਂ ਸੱਭ ਧੋਣੇ ਧੋ ਦਿਆਂਗਾ। ਆਪਣੀਆਂ ਧੀਆਂ ਨੂੰ ਸ਼ਹਿਰ ਵਾਲੇ ਸਕੂਲਾਂ ਵਿੱਚ ਪੜ੍ਹਾਊਂਗਾ। ਨਾਲੇ ਜਿਹੜੀ ਇਨ੍ਹਾਂ ਦੀ ਮਾਂ ਮਿਹਣੇ ਮਾਰਦੀ ਰਹਿੰਦੀ ਆ, ਉਹ ਵੀ ..। ਇੱਕ ਤੇ ਇਸ ਗਰੀਬੀ ਨੇ ਮਾਰ ਲਏ। ਫਿਰ ਇਹ ਹਰਕੰਵਲ ਦੀਆਂ ਗੱਲਾਂ ਲਾ-ਲਾ ਕੇ ਕਰੂੰਗੀ। ੜਡੈਣ ਜ਼ਨਾਨੀ।

ਸ਼ਹਿਰ ਆ ਗਿਆ। ਬੱਸ ਤੋਂ ਉਤਰਿਆ ਹਾਂ। ਇਥੋਂ ਗੁਰਦੁਆਰਾ ਸਾਹਿਬ ਲਈ ਹੋਰ ਬੱਸ ਲੈਣੀ ਪੈਣੀ ਆ। ਉਥੇ ਲਈ ਬੱਸਾਂ ਗੜ੍ਹਸ਼ੰਕਰ ਰੋਡ ਤੋਂ ਚਲਦੀਆਂ ਨੇ। ਮੈਂ ਉੱਧਰ ਨੂੰ ਪੈਦਲ ਚੱਲ ਪਿਆ ਹਾਂ।—ਨਾ ਚਾਹੁੰਦਿਆਂ ਹੋਇਆਂ ਵੀ ਬਣਵੈਤ ਪ੍ਰਿੰਟਿੰਗ ਪ੍ਰੈੱਸ ਕੋਲ ਮੇਰੇ ਪੈਰ ਰੁਕ ਗਏ ਨੇ। ਸ਼ਾਇਦ ਅੰਦਰੋਂ ਕੋਈ ਝਾਕਦਾ ਪਿਆ। ਮੈਂ ਦੁਕਾਨ ਵੱਲੋਂ ਮੂੰਹ ਘੁਮਾ ਲਿਆ ਏ। —- ਤੇ ਤੇਜ਼ ਕਦਮੀਂ ਤੁਰ ਪਿਆ ਆਂ।

ਉਦੋਂ ਇਸ ਪ੍ਰਿੰਟਿੰਗ ਪ੍ਰੈਸ ਦੇ ਨਾਲ ਕੰਪਿਊਟਰ ਇੰਸਟੀਚਿਊਟ ਹੁੰਦਾ ਸੀ। ਹਰਕੰਵਲ ਉਸੇ ਇੰਸਟੀਚਿਊਟ ਪੜ੍ਹਨ ਆਉਂਦੀ ਹੁੰਦੀ ਸੀ। ਉਹ ਇੱਥੇ ਦੋ ਸਾਲ ਕੀ ਗੁੱਲ ਖੁਲਾਂਦੀ ਰਹੀ। ਇਹਦਾ ਸਾਨੂੰ ਪਤਾ ਈ ਨਈਂ ਲੱਗਾ। ਉਹ ਬਣਵੈਤਾਂ ਦੇ ਮੁੰਡੇ ਦੇ ਕਿਵੇਂ ਨੇੜੇ ਹੋਈ। ਉਹ ਮੁੰਡਾ ਕਦੋਂ ਕਨੈਡਾ ਗਿਆ। ਕਦੋਂ ਵਾਪਸ ਆਇਆ। ਕਿੱਥੇ ਉਹਨਾਂ ਨੇ ਵਿਆਹ ਕਰਵਾਇਆ। ਬਈ ਸਾਨੂੰ ਤਾਂ ਉਹਦਾ ਕਨੈਡਾ ਗਈ ਦਾ ਈ ਪਤਾ ਲੱਗਾ। ਲੋਕਾਂ ਨੇ ਬਥੇਰੀਆਂ ਗੱਲਾਂ ਕੀਤੀਆਂ ਸੀ। ਮੂੰਹ ਦਿਖਾਉਣ ਜੋਗੇ ਨਈਂ ਸੀ ਰਹੇ।

"ਉਹ ਛੱਡੋ ਜੀ ਜਾਤਾਂ ਜੂਤਾਂ ਨੂੰ। ਹੁਣ ਕੌਣ ਪੁੱਛਦਾ? ਕੁੜੀ ਕਨੈਡਾ ਸੈਟਲ ਹੋ ਗਈ। ਹੈਥੇ ਸਾਰੀ ਉਮਰ ਘਰ ਬੈਠੀ ਰਹਿਣੀ ਸੀ।"

ਬਖਸ਼ਿੰਦਰ ਪਰਦਾ ਪਾ ਰਹੀ ਸੀ ਜਾਂ ਆਰੀ ਲਾ ਰਹੀ ਸੀ। ਉਦੋਂ ਸਮਝ ਨਈਂ ਸੀ ਲੱਗੀ। ਅਸੀਂ ਸਾਰੇ ਟੱਬਰ ਨੇ ਹਰਕੰਵਲ ਦਾ ਬਾਈਕਾਟ ਕਰੀ ਰੱਖਿਆ। ਉੱਦਾਂ ਸਾਰੇ ਅੰਦਰੋਂ ਖੁਸ਼ ਸਨ। ਚਲੋ, ਹੁਣ ਤਾਂ ਗੱਲ ਆਈ ਗਈ ਹੋ ਗਈ। ਪਰ ਆਹ ਮੇਰੇ ਵਾਲੀ ਜ਼ਨਾਨੀ ਚੋਭ ਲਾਉਣ ਤੋਂ ਨਈਂ ਟੱਲਦੀ। ਜਿੱਦਣ ਇਹਦੀ ਆਪਣੀ ਮਾਸੀ ਦੀ ਕੁੜੀ ਦੌੜੀ ਸੀ, ਚੀਕਾਂ ਮਾਰਦੀ ਫਿਰਦੀ ਸੀ।

ਚਲੋ ਆਹ ਬੱਸ ਸੋਹਣੀ ਮਿਲ ਗਈ। ਇਹਨੇ ਅੱਧੇ ਘੰਟੇ 'ਚ ਪਹੁੰਚਾ ਦੇਣਾ। ਹੁਣ ਮੈਂ ਕੋਈ ਗੱਲ ਨਈਂ ਸੋਚਣੀ। ਸਿਰਫ਼ ਨਾਮ ਸਿਮਰਨ ਕਰਨਾਂ ਆ। ਵਾਹਿਗੁਰੂ—ਵਾਹਿਗੁਰੂ।

ਮੈਂ ਗੁਰਦੁਆਰਾ ਸਾਹਿਬ ਦੇ ਅੰਦਰ ਆਣ ਵੜਿਆ ਹਾਂ। ਇੱਥੇ ਆ ਕੇ ਚਿੱਤ ਸ਼ਾਂਤ ਹੋ ਜਾਂਦੈ। ਸਾਰੇ ਦੁੱਖ ਦਲਿੱਦਰ ਪਿੱਛੇ ਛੁੱਟ ਜਾਂਦੇ ਆ। ਵਾਖਰੂ.. ਇਦੈਂ ਚੜਦੀਆਂ ਕਲਾਂ 'ਚ ਰੱਖੇ। ਹੁਣ ਮੈਂ ਮੱਥਾ ਟੇਕਿਆ ਤੇ ਪੰਡਾਲ 'ਚ ਜੁੜੀ ਸੰਗਤ ਵਿੱਚ ਬੈਠ ਗਿਆ ਹਾਂ। ਅੱਜ ਤਾਂ ਸੰਗਤ ਵਾਲੀ ਕਮਾਲ ਈ ਹੋ ਗਈ ਆ।ਰਸ ਭਿੰਨਾ ਕੀਰਤਨ ਹੋਈ ਜਾ ਰਿਹਾ ਏ।

ਮੈਨੂੰ ਘੰਟਾ ਹੋ ਗਿਆ ਆਏ ਨੂੰ। ਕੋਈ ਦਿਖ ਨਈਂ ਰਿਹਾ। ਸਰਦਾਰ ਜੌਹਨ ਸਿੰਘ ਸ਼ੇਰਗਿੱਲ ਤਾਂ ਸਾਹਮਣੇ ਬਹਿੰਦੇ ਹੁੰਦੇ ਸੀ। ਦਿੱਲੀਉਂ ਆਉਂਦੇ ਲੇਟ ਨਾ ਹੋ ਗਏ ਹੋਣ। ਸੰਤ ਜੀ ਵੀ ਨਈਂ ਦਿਖਦੇ।

ਛੋਟੇ ਸੰਤ ਪਾਠ ਵਿੱਚ ਮਗਨ ਨੇ।ਮੈਂ ਸਿਰ ਝੁਕਾ ਕੇ ਲੰਗਰ ਹਾਲ ਵੱਲ ਤੁਰ ਆਇਆ ਹਾਂ। ਸੇਵਾਦਾਰ ਮੇਰੇ ਮੋਹਰੇ ਵੀ ਥਾਲ ਰੱਖ ਗਿਆ ਹੈ। ਵਰਤਾਵੇ ਨੇ ਦਾਲ ਪਾਈ ਹੈ। ਦੂਜੇ ਤੋਂ ਫੁਲਕਾ ਲਿਆ ਏ। ਮੈਂ ਬੁਰਕੀ ਮੂੰਹ ਵਿੱਚ ਪਾਈ ਹੈ। ਅੰਦਰ ਨਈਂ ਲੰਘ ਰਹੀ। ਫੁੱਲੀ ਜਾ ਰਹੀ ਹੈ। ਮੈਂ ਲੰਗਰ ਵਿਚੇ ਛੱਡ ਕੇ ਛੋਟੇ ਸੰਤਾਂ ਕੋਲ ਆ ਗਿਆ ਹਾਂ। ਇਹਨੀਂ ਮੇਰੇ ਕੰਨ ਵਿੱਚ ਘੁਸਰ ਮੁਸਰ ਕੀਤੀ ਏ।

ਮੈਂ ਕਮਰਾ ਨੰਬਰ ਅਠਾਰਾਂ ਵਿੱਚ ਪੁੱਜਾ ਹਾਂ। ਸੰਤ ਜੀ ਲੰਮੇ ਪਏ ਨੇ। ਮੈਂ ਪੈਰੀਂ ਹੱਥ ਲਾ ਕੇ ਕੋਲ ਬੈਠ ਗਿਆ ਹਾਂ।

" ਦਲਜਿੰਦਰ ਸਿਆਂ, ਜੌਹਨ ਸਿੰਘ ਅਜੇ ਤੱਕ ਪੁੱਜਾ ਨਈਂ । ਪਿਛਲੇ ਹਫ਼ਤੇ ਆਇਆ ਸੀ। ਸੱਤ-ਸੱਤ ਲੱਖ ਹੋਰ ਮੰਗਦਾ ਸੀ। ਕਹਿੰਦਾ ਹੁਣ ਪੰਦਰ੍ਹਾਂ ਲੱਖ ਰੇਟ ਹੋ ਗਿਆ। ਮੈਂ ਤਾਂ ਭਾਈ ਸਿਰ ਫੇਰ ਦਿੱਤਾ ਸੀ। ਉਹਨੂੰ ਅੱਜ ਸੱਦਿਆ ਸੀ, ਬਈ ਸੰਗਤ ਨਾਲ ਆਪੇ ਗੱਲ ਕਰ ਲਈਂ। ਅਜੇ ਤੱਕ ਨਈਂ ਬਹੁੜਿਆ। ਦੇਖੋ ਕਦੋਂ ਆਉਂਦਾ? ਆਉਂਦਾ ਵੀ ਆ ਕਿ...।"

ਮੈਂ ਉੱਠ ਕੇ ਖੜ੍ਹਾ ਹੋ ਗਿਆ ਹਾਂ। ਮੇਰੀਆਂ ਲੱਤਾਂ ਵਿੱਚ ਜਾਨ ਨਈਂ ਰਹੀ। ਮਸੀਂ ਪੰਡਾਲ ਤੱਕ ਆਇਆ ਹਾਂ। ਕੰਧ ਨਾਲ ਢੋਅ ਲਾ ਕੇ ਬਹਿ ਗਿਆ ਹਾਂ। ਰਾਗੀ ਜਥਾ ਹਾਲੇ ਵੀ ਕੀਰਤਨ ਕਰੀ ਜਾ ਰਿਹਾ ਹੈ। ਮੇਰੇ ਕੰਨ ਸੁੰਨ ਹੋਏ ਪਏ ਆ। ਮੈਨੂੰ ਕੁਸ਼ ਨਈਂ ਸੁਣਾਈ ਦੇ ਰਿਹਾ।

ਮੈਂ ਹੋਸ਼ ਵਿੱਚ ਆਇਆ ਹਾਂ। ਦਿਨ ਢੱਲ ਚੱਲਿਆ ਏ। ਹੁਣ ਤਾਂ ਸੰਗਤ ਟਾਂਵੀਂ-ਟਾਂਵੀਂ ਰਹਿ ਗਈ ਆ। ਜੌਹਨ ਸਿੰਘ ਕਿਤੇ ਨਜ਼ਰ ਨਈਂ ਆ ਰਿਹਾ। ਮੇਰੇ ਵਰਗੇ ਕਈ ਓਦਰੇ ਚਿਹਰੇ ਬੈਠੇ ਨੇ। ਛੋਟੇ ਸੰਤਾਂ ਨੇ ਮੈਨੂੰ ਉਠਾਇਆ ਹੈ।

" ਕਾਕਾ ਤੁਹਾਡੀ ਕਿਸਮਤ ਮਾੜੀ। ਉਹਨੂੰ ਪ੍ਰਮਾਤਮਾ ਸਜ਼ਾ ਜ਼ਰੂਰ ਦਊ। ਗੁਰੂ ਘਰ ਨਾਲ ਧੋਖਾ। ਨਰਕਾਂ ਵਿੱਚ ਵੀ ਢੋਈ ਨਈਂ ਮਿਲਣੀ।"



ਮੈਂ ਲੱਤਾਂ ਘੜੀਸਦਾ ਬੱਸ 'ਚ ਆ ਬੈਠਾ ਆਂ। ਮੈਨੂੰ ਹਰਕੰਵਲ, ਬਖਸ਼ਿੰਦਰ, ਚਾਚਾ ਹੀ ਨਈਂ ਦਿਸ ਰਹੇ ਸਗੋਂ ਉਨ੍ਹਾਂ ਨਾਲ ਤਰ੍ਹਾਂ ਤਰ੍ਹਾਂ ਦੇ ਹੋਰ ਵੀ ਬੰਦੇ ਆ। ਮੈਂ ਉਨ੍ਹਾਂ ਦੇ ਚਿਹਰੇ ਨਈਂ ਪਛਾਣਦਾ। ਮੂੰਹ ਤਾਂ ਦੋੜਫਾੜ ਹੋਏ ਪਏ ਆ। ਕਿੱਦਾਂ ਪਛਾਣਾਂ? '... ਹਾਂ, ਇਨ੍ਹਾਂ ਦੇ ਸਿਰਾਂ 'ਤੇ ਰੁਪਈਆਂ ਦੀਆਂ ਪੰਡਾਂ ਨੇ। ਲੱਗਦਾ ਚਾਚੇ ਨੇ ਪੰਡ ਦੇ ਭਾਰ ਨਾਲ ਮਰ ਜਾਣਾ ਤੇ ਬਖਸ਼ਿੰਦਰ ਨੇ——। ਘੱਟੋ ਘੱਟ ਹਰਕੰਵਲ ਨੂੰ ਨਈਂ ਛੱਡਣ ਲੱਗੇ ਬਣਵੈਤ। ਮੇਰੀ ਮਾਂ ਮਿੰਦੋ ਦਾ ਕੀ ਬਣੇਗਾ? ਉਹ ਵੀ ਮੂਰਤਾ ਸੁੰਹ ਦੀ ਮਾਂ ਵਾਂਗ ਇੱਟਾਂ ਰੋੜੇ ਮਾਰੂ।

ਕਹਿੰਦੇ ਮੂਰਤਾ ਸੁੰਹ ਨੂੰ ਵੀ ਮੇਰੇ ਵਾਂਗ ਇੱਕ-ਇੱਕ ਬੰਦੇ ਦੇ ਕਈ-ਕਈ ਦਿਸਣ ਲੱਗ ਪਏ ਸੀ। ਉਨ੍ਹਾਂ ਦੇ ਵੀ ਪੰਜੇ ਜੀਅ ਨੋਟਾਂ ਦੀਆਂ ਪੰਡਾਂ ਲਈ ਜਾਂਦੇ ਸੀ। ਜਦੋਂ ਪੰਡਾਂ ਭਾਰੀਆਂ ਹੋਣ ਫੇਰ ਬੰਦਾ ਉਨ੍ਹਾਂ ਦੇ ਭਾਰ ਨਾਲ ਹੀ ਮਰ ਜਾਂਦਾ। ਮੇਰੀਆਂ ਫੁੱਲ ਭਰ ਬੱਚੀਆਂ ਦਾ ਕੀ ਕਸੂਰ ਆ। ਹਾਏ ਓ ਰੱਬਾ! ਅੱਜ ਤਾਂ ਉਹ ਵੀ ਪੰਡਾਂ ਥੱਲੇ ਦੱਬੀਆਂ ਹੋਈਆਂ ਆ। ਉਨ੍ਹਾਂ ਮਾਸੂਮਾਂ ਨੂੰ ਤਾਂ ਕੋਈ ਬਚਾਓ।

ਮੂਰਤਾ ਸੁੰਹ ਤਾਂ ਪਿੰਡ ਵਿੱਚ ਪੜ੍ਹਿਆ ਲਿਖਿਆ ਵੀ ਸਾਰਿਆਂ ਤੋਂ ਜ਼ਿਆਦਾ ਸੀ। ਖੇਤੀ ਮਾਹਿਰ ਸੀ——ਸਫ਼ਲ ਕਿਸਾਨ। ਚਾਹੇ ਖੇਤੀ ਦੇ ਸੰਦ ਲੈਣੇ ਹੋਣ, ਚਾਹੇ ਕੋਠੀ ਬਣੌਣੀ ਹੋਵੇ ਤੇ ਚਾਹੇ ਬੱਚਿਆਂ ਨੂੰ ਕਾਨਵੈਂਟ ਸਕੂਲ ਵਿੱਚ ਪੜੌਣਾ ਹੋਵੇ, ਇਲਾਕੇ ਵਿੱਚ ਉਹ ਮੋਹਰੀ ਬਣਿਆ। ਪਤਾ ਨਈਂ ਕਿਹੜੀ ਕਿਹੜੀ ਬੈਂਕ ਤੋਂ ਲੋਨ ਲਿਆ ਹੋਣਾ। ਸਰਕਾਰੇ ਦਰਬਾਰੇ—ਬੀਜਾਂ ਦੀਆਂ ਕੰਪਨੀਆਂ——— ਸੱਭ ਨਾਲ ਉਹਦਾ ਮੇਲ-ਜੋਲ ਸੀ। ਬੱਸ ਕੁਰਕੀ ਦੇ ਵਾਰੰਟ ਆਏ ਸੀ। ਸਾਰੇ ਟੱਬਰ ਨੂੰ ਸਲਫ਼ਾਸ ਦੇ ਦਿੱਤੀ। ਇੱਕ ਉਹਦੀ ਮਾਂ ਬਚੀ ਸੀ। ਗਲੀਆਂ ਵਿੱਚ ਤੁਰੀ ਫਿਰਦੀ ਆ। ਇੱਟਾਂ ਰੋੜੇ ਉਹਦੇ ਹੱਥ ਵਿੱਚ ਹੁੰਦੇ ਆ। ਮੇਰੀ ਮਾਂ ਦੇ ਹੱਥ ਵਿੱਚ ਵੀ...।

"ਆਹ ਜਿਹੜੇ ਟੀ ਵੀ ਘਰਾਂ 'ਚ ਰੱਖਿਓ ਆ, ਨਵੀਆਂ-ਨਵੀਆਂ ਚੀਜ਼ਾਂ ਖ਼ਰੀਦਣ ਲਈ ਇਹ ਉਕਸਾਉਂਦੇ ਆ।-- ਖੇਤੀ ਦੇ ਸਾਮਰਾਜੀ ਮਾਡਲ ਨੇ ਕਈ 'ਮੂਰਤਾ ਸੁੰਹ' ਖਾ ਲਏ।"

ਸਮਝ ਨਈਂ ਲੱਗੀ, ਇਹ ਮੈਂ ਬੋਲਿਆ ਹਾਂ ਜਾਂ ਜੀਤਾ ਭਲਵਾਨ। ਉਹ ਬਾਜਾ ਭਲਵਾਨ ਇੱਦਾਂ ਦੇ ਭਾਸ਼ਣ ਈ ਕਰ ਸਕਦਾ ਆ। ਪਰ ਧੁਰ ਅੰਦਰੋਂ ਮੈਂ ਈ ਬੋਲ ਸਕਦਾ।—– ਹੁਣ ਮੈਨੂੰ ਬੱਸ ਉਤਰਨ ਤੋਂ ਵੀ ਡਰ ਲਗਦਾ ਏ। ਮੋਹਰੇ ਬਣਵੈਤ ਪ੍ਰਿੰਟਿੰਗ ਪ੍ਰੈੱਸ——। ਭੱਜੀ ਤੇ ਮੂਰਤਾ ਸੁੰਹ—। ਮੈਨੂੰ ਹੁਣ ਧੁੰਦਲਾ-ਧੁੰਦਲਾ ਯਾਦ ਔਂਦਾ ਕਿ ਜਦੋਂ ਮੈਂ ਸਵੇਰੇ ਥੜ੍ਹੇ ਕੋਲੋਂ ਬੱਸ ਫੜੀ ਸੀ। ਬਾਜ਼ ਵਾਲੀ ਟੈਂਕੀ 'ਤੇ ਮਰੀਓ ਘੁੱਗੀ ਟੰਗੀ ਹੋਈਓ ਸੀ। ਭੱਜੀ ਤੇ ਮੂਰਤਾ ਸੁੰਹ ਵੀ——। ਡਰੈਵਰ ਨੇ ਹਾਰਨ ਮਾਰਿਆ ਹੈ। ਮੈਂ ਡਰਦੇ-ਡਰਦੇ ਨੇ ਬੱਸ ਚੋਂ ਛਾਲ ਮਾਰੀ ਏ।

ਮੈਂ ਬਣਵੈਤ ਪ੍ਰਿੰਟਿੰਗ ਪ੍ਰੈੱਸ ਕੋਲੋਂ ਭੱਜ ਕੇ ਲੰਘਿਆ ਹਾਂ। ਹੁਣ ਤਾਂ ਅੱਡੇ ਦੇ ਕੋਲ ਚਾਰ ਠੇਕੇ ਨੇ। ਮੈਂ ਬੋਤਲ ਲਈ ਆ। —- ਅਹਾਤੇ ਵਿੱਚ ਆ ਗਿਆ ਹਾਂ। ਅੱਧੀ ਨਿਬੇੜ ਦਿੱਤੀ ਆ। ਹੁਣ ਸਾਰਾ ਆਹਾਤਾ ਉਨ੍ਹਾਂ ਦੁਖਿਆਰਿਆਂ ਨਾਲ ਭੱਰਿਆ ਲੱਗਦੈ, ਜਿਨ੍ਹਾਂ ਨੂੰ ਭੈਣ ਚੋ ਸ਼ੇਰਗਿੱਲ ਰੱਗੜ ਗਿਆ ਏ। ਨਾਲੇ ਉਹ ਝੂਠੇ ਬਾਬੇ। ਮੈਨੂੰ ਤਾਂ ਲਗਦੈ ਸਾਰਿਆਂ ਦੀ ਮਿਲੀ ਭੁਗਤ ਆ। ਲੈ ਹੁਣ ਬਖਸ਼ਿੰਦਰ ਦੀ ਫਰਮਾਇਸ਼ ਚੇਤੇ ਆ ਗਈ। ਉਹ ਕਹਿੰਦੀ ਸੀ ਖਾਲੀ ਹੱਥ ਨਾ ਆਈਂ।—ਮੈਂ ਨਾਮਧਾਰੀ ਸੀਡ ਸਟੋਰ ਤੇ ਪੁੱਜਾ ਹਾਂ।

ਹੁਣ ਮੈਂ ਬੱਸ ਅੱਡੇ ਵੱਲ ਤੁਰ ਪਿਆ ਹਾਂ। ਉਹ ਕਿਸ਼ਨ ਸੁੰਹ ਦਾ ਆਰਾ ਚੱਲੀ ਜਾਂਦਾ। ਇਹ ਤਾਂ ਮੇਰੇ ਸਿਰ ਨੂੰ ਚੀਰੀ ਜਾਂਦਾ ਆ। ਜਦੋਂ ਬਖਸ਼ਿੰਦਰ ਨੇ ਮੇਰੀ ਠੇਕੇ ਤੋਂ ਛੁੱਟੀ ਕਰਵਾਈ ਸੀ ਤਾਂ ਮੈਂ ਇੱਕ ਦੋ ਵਾਰ ਇਨ੍ਹਾਂ ਕੋਲ ਕੰਮ ਕਰਨ ਦੀ ਗੱਲ ਕਰ ਕੇ ਗਿਆ ਸੀ। ਪਰ ਸਾਲਾ ਫੱਟੇ ਖਿੱਚਣ ਦਾ ਕੰਮ ਜੱਟਾਂ। ਪਰ ਭੁੱਖੇ ਮਰਨ ਨਾਲੋਂ ਤਾਂ ਚੰਗਾ। ਚਲੋ ਸਵੇਰੇ ਇਹਦੇ ਨਾਲ ਗੱਲ ਕਰੂੰਗਾ।

ਸ਼ੁਕਰ ਆ, ਪਿੰਡ ਜਾਣ ਵਾਲੀ ਆਖਰੀ ਬੱਸ ਮਿਲ ਗਈ। ਜੇ ਨਾ ਮਿਲਦੀ, ਬਖਸ਼ਿੰਦਰ ਨੇ ਉਡੀਕਦੀ ਨੇ ਰਹਿ ਜਾਣਾ ਸੀ। ਸੁਖਮਨੀ ਤੇ ਪੁਨੀਤ ਕਹਿੰਦੀਆਂ ਸੀ—ਜਦ ਤੱਕ ਮੈਂ ਘਰ ਨਾ ਗਿਆ, ਉਹ ਸੌਣਗੀਆਂ ਨਈਂ। ਹੁਣ ਜਾ ਕੇ ਸੁਲਾ ਦੇਣੀਆਂ ਆ। ਸਾਲੀ

## ਪ੍ਰਕਾਸ਼ਤ ਪੁਸਤਕਾਂ

1. ਮਨਿੰਦਰ ਕਾਂਗ : ਉਦਾਸੀਆਂ (1981), ਵਿਰਲਾਪ (1986), ਜੂਨ (1998)

2. ਬਲਜਿੰਦਰ ਨਸਰਾਲੀ : ਡਾਕਖਾਨਾ ਖਾਸ (1995)

3. ਬਲਵਿੰਦਰ ਗਰੇਵਾਲ : ਯੁੱਧ ਖੇਤਰ (2003)

4. ਜਰਨੈਲ ਸਿੰਘ : ਮੈਨੂੰ ਕੀ (1981), ਮਨੁੱਖ ਤੇ ਮਨੁੱਖ (1983), ਸਮੇਂ ਦੇ ਹਾਣੀ (1987), ਦੋ ਟਾਪੂ (1999), ਟਾਵਰਜ਼ (2005)

5. ਵੀਨਾ ਵਰਮਾ : ਮੁੱਲ ਦੀ ਤੀਵੀਂ (1992), ਫਰੰਗੀਆਂ ਦੀ ਨੂੰਹ (2002)

6. ਅਮਨਪਾਲ ਸਾਰਾ : ਸਰਦ ਰਿਸ਼ਤੇ (1993), ਵੀਹਾਂ ਦਾ ਨੋਟ (2000),

7. ਤਲਵਿੰਦਰ ਸਿੰਘ : ਰਾਤ ਚਾਨਣੀ (1992), ਨਾਇਕ ਦੀ ਮੌਤ (1996), ਵਿਚਲੀ ਔਰਤ (2001), ਇਸ ਵਾਰ (2007)

8. ਜਿੰਦਰ : ਮੈਂ, ਕਹਾਣੀ ਤੇ ਉਹ (1990), ਤੁਸੀਂ ਨਹੀਂ ਸਮਝ ਸਕਦੇ (1996), ਨਹੀਂ, ਮੈਂ ਨਹੀਂ (2000), ਬਿਨਾਂ ਵਜ੍ਹਾ ਤਾਂ ਨਹੀਂ (2004)

9. ਕੇਸਰਾ ਰਾਮ : ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ (2004), ਪੁਲਸੀਆ ਕਿਉਂ ਮਾਰਦਾ ਹੈ.... ? (2006)

10. ਜਸਵਿੰਦਰ ਸਿੰਘ : ਖੂਹ ਖਾਤੇ (1996), ਘਰ ਦਾ ਜੀਅ (2004)

11. ਬਲਦੇਵ ਧਾਲੀਵਾਲ : ਉਪਰੀ ਹਵਾ (1996)

12. ਦੇਸਰਾਜ ਕਾਲੀ : ਕਥਕਾਲੀ (1996), ਫਕੀਰੀ (2005)

13. ਭਗਵੰਤ ਰਸੂਲਪੁਰੀ : ਅੱਕ ਦਾ ਬੂਟਾ (1992), ਮੈਂ, ਸ਼ੈਤਾਨ ਤੇ ਇਦੂੰਮਣੀ (1997), ਤੀਜਾ ਨੇਤਰ (2005)

14. ਸੁਕੀਰਤ : ਜਲਾਵਤਨ (2003)

15. ਬਲਬੀਰ ਪਰਵਾਨਾ : ਗਾਥਾ ਇਕ ਪਿੰਡ ਦੀ (1996), ਧੂੰਆਂ (2004), ਅਚਾਨਕ ਸਾਹਮਣੇ (2007)

16. ਮੱਖਣ ਮਾਨ :

17. ਹਰਜੀਤ ਅਟਵਾਲ : ਸੁੱਕਾ ਪੱਤਾ ਤੇ ਹਵਾ (1983), ਕਾਲਾ ਲਹੂ (1985), ਸੱਪਾਂ ਦਾ ਭਰ ਬਰਤਾਨੀਆਂ (1988), ਖੂਹ ਵਾਲਾ ਘਰ (1994), ਇਕ ਸੱਚ ਮੇਰਾ ਵੀ (1996), ਨਵੇਂ ਗੀਤ ਦਾ ਮੁਖੜਾ (2005)

18. ਕੁਲਵੰਤ ਗਿੱਲ : ਦਾਦੇ ਮਗ੍ਹਾਉਣਾ (2005)

19. ਅਨੇਮਨ ਸਿੰਘ : ਗਲੀ ਨੰਬਰ ਕੋਈ ਨਹੀਂ (2007)

20. ਪ੍ਰਵੇਜ ਸੰਧੂ : ਮੁੱਠੀ ਭਰ ਸੁਪਨੇ (1997), ਟਾਹਣੀਉਂ ਟੁੱਟੇ (2005)

21. ਹਰਪ੍ਰੀਤ ਸੇਖਾ : ਬੀ ਜੀ ਮੁਸਕਰਾ ਪਏ (2006)



22. ਸੁਖਜੀਤ : ਅੰਤਰਾ (1997)

23. ਜਗਰੂਪ ਸਿੰਘ ਦਾਤੇਵਾਸ : ਬੰਜਰ (1998)

24. ਜਤਿੰਦਰ ਹਾਂਸ : ਪਾਵੇ ਨਾਲ ਬੰਨ੍ਹਿਆ ਹੋਇਆ ਕਾਲ (2005)

25. ਅਜਮੇਰ ਸਿੱਧੂ : ਨਚੀਕੇਤਾ ਦੀ ਮੌਤ (1998), ਖੂਹ ਗਿੜਦਾ ਹੈ (2004)

26. ਬਲਦੇਵ ਸਿੰਘ ਢੀਂਡਸਾ : ਕਸ਼ਮਕਸ਼ (2001)

27. ਅਵਤਾਰ ਸਿੰਘ ਬਿਲਿੰਗ : ਮੌਤ ਦੇ ਸਾਏ ਹੇਠ (1991), ਆਪਣਾ ਖੂਨ (1998), ਨਿਆਜ਼ (1998)

28. ਗੁਰਮੀਤ ਕੜਿਆਲਵੀ : ਅੱਕ ਦਾ ਬੂਟਾ (1993), ਊਣੇ (2001), ਆਤੂ ਖੋਜੀ (2006)

29. ਹਰਜਿੰਦਰ ਸਿੰਘ ਸੂਰੇਵਾਲੀਆ : ਇਕ ਰਾਤ ਦਾ ਸਫਰ (1986), ਤੂੰ ਕਲ੍ਹ ਨਾ ਆਵੀਂ (2000)

30. ਬਲੀਜੀਤ : ਸੌ ਗੱਲਾਂ (2006)

31. ਵਰਿੰਦਰ ਸਿੰਘ : ਖ਼ਬਰਨਾਮਾ (1983), ਰੁੱਖਾਂ ਦੀ ਦਾਸਤਾਨ (2007)

32. ਕੁਲਜੀਤ ਮਾਨ : ਪੁੱਤਰ ਦਾਨ (2002), ਵਿਚਲੀ ਉਂਗਲ (2007)

33. ਜਸਵੀਰ ਰਾਣਾ : ਸਿਖਰ ਦੁਪਹਿਰਾ (2003)

34. ਕੁਲਬੀਰ ਬਡੇਸਰੋਂ : ਇਕ ਖਤ ਪਾਪਾ ਦੇ ਨਾਂ (1987), ਮੁਹੱਬਤ (1990), ਕਦੋਂ ਆਏਂਗੀ (2006), ਪਲੀਜ਼ ਮੈਨੂੰ ਪਿਆਰ ਦਿਉ (2006)

35. ਬਲਜੀਤ ਰੈਣਾ : ਇਕ ਜਮਾਂ ਦੋ ਮਨਫੀ (1985), ਘਰ ਪਰਤ ਰਿਹਾ ਆਦਮੀ (1989), ਮਿੱਠੀ-ਮਿੱਠੀ ਚੋਭ (1991), ਅਜੀਬ ਆਦਮੀ (1991), ਕਥਾ ਅਜਬ ਦੇਸ਼ ਦੀ (1997)

36. ਸੁਰਿੰਦਰ ਨੀਰ : ਦਸਤਕ ਦੀ ਉਡੀਕ (2002)

37. ਦਵਿੰਦਰ ਮੰਡ : ਖੁਸ਼ਬੂ ਤੇ ਖੰਡਰ (1998), ਬਾਕੀ ਦਾ ਦਰਦ (2003)

38. ਸਰਵਮੀਤ : ਤਰਲੋਮਛੀ ਕਾਇਨਾਤ (1992)

## ਚੌਥੀ ਪੀੜ੍ਹੀ ਦੀ ਕਹਾਣੀ/ਕਿੰਨੀ ਗੁਣਕਾਰੀ, ਕਿੰਨੀ ਦੋਸ਼ਮਾਰੀ-ਡਾ. ਜਸਵਿੰਦਰ ਕੌਰ ਬਿੰਦਰਾ (24-6-1960)

ਪੰਜਾਬੀ ਕਹਾਣੀ ਆਪਣੀ ਉਮਰ ਦੇ ਸੱਤ-ਅੱਠ ਦਹਾਕੇ ਬਿਤਾ ਕੇ ਅੱਜ ਉਸ ਪੜ੍ਹਾਅ 'ਤੇ ਪੁੱਜ ਚੁੱਕੀ ਹੈ, ਜਿਸ ਵਿੱਚ ਉਸ ਤੋਂ ਕਈ ਉਮੀਦਾਂ ਦੇ ਪੂਰੇ ਹੋਣ ਦੀ ਸਤੁੰਸ਼ਟੀ ਵੀ ਆਉਂਦੀ ਹੈ ਤੇ ਕੁਝ-ਕੁਝ ਅਸਤੁੰਸ਼ਟੀ ਦੀ ਭਾਵਨਾ ਵੀ ਜਾਗ੍ਰਿਤ ਹੁੰਦੀ ਹੈ। ਇਸ ਲੰਮੇ ਸਫਰ ਦਾ ਲੇਖਾ-ਜੋਖਾ ਕਰਦਿਆਂ ਇਕ ਗੱਲ ਸਹਿਜੇ ਹੀ ਸਪੱਸ਼ਟ ਹੁੰਦੀ ਹੈ ਕਿ ਪਿਛਲੇ ਕੁਝ ਵਰ੍ਹਿਆਂ ਵਿੱਚ ਪੰਜਾਬੀ ਕਹਾਣੀ ਨੇ ਉਸ ਬੁਲੰਦੀ ਨੂੰ ਵੀ ਛੂਹਿਆ ਹੈ, ਜੋ ਸਿਰਫ਼ ਯੂਰਪੀਨ ਤੇ ਹੋਰ ਵਿਦੇਸ਼ੀ ਸਾਹਿਤ ਦਾ ਹੀ ਹਿੱਸਾ ਮੰਨੀ ਜਾਂਦੀ ਸੀ। ਕਹਾਣੀ ਦੀਆਂ ਪਹਿਲੀਆਂ ਤਿੰਨ ਪੀੜ੍ਹੀਆਂ ਨੂੰ ਜੇ ਛੱਡ ਕੇ ਵਰਤਮਾਨ ਚੱਲ ਰਹੀ ਚੌਥੀ ਪੀੜ੍ਹੀ ਦੀ ਸਮਕਾਲੀ ਕਹਾਣੀ ਦੀ ਚਰਚਾ ਕਰੀਏ ਤਾਂ ਕਈ ਹੈਰਤਕੁਨ ਤੱਥ ਸਾਹਮਣੇ ਆਉਂਦੇ ਹਨ।

ਉਂਜ ਇਹ ਚੌਥੀ ਪੀੜ੍ਹੀ ਵੀ ਹੁਣ ਨਵੀਂ-ਨਵੇਲੀ ਨਹੀਂ ਰਹੀ ਸਗੋਂ 15-20 ਵਰ੍ਹਿਆਂ ਦੀ ਸੁੱਖ ਨਾਲ ਜਵਾਨ ਹੋ ਗਈ ਹੈ। ਇਸ ਦੌਰ ਵਿੱਚ ਨਿਤ ਨਵੇਂ ਕਹਾਣੀਕਾਰ ਦਬਾਦਬ ਆਪਣਾ ਯੋਗਦਾਨ ਪਾ ਕੇ ਇਸ ਦਾ ਖੇਤਰ ਵਿਸ਼ਾਲ ਕਰਨ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ।

ਜੇ ਪੁੱਛਿਆ ਜਾਏ ਕਿ ਪੀੜ੍ਹੀਆਂ ਦੀ ਵੰਡ ਦਾ ਫਾਰਮੂਲਾ ਕੀ ਹੈ? ਕੀ ਇਸ ਦਾ ਸੰਬੰਧ ਸਿਰਫ਼ ਉਮਰ ਨਾਲ ਹੈ? ਸ਼ਾਇਦ ਨਹੀਂ। ਕਿਉਂਕਿ ਸਾਹਿਤ ਵਿੱਚ ਉਮਰ ਕੋਈ ਮਾਅਨੇ ਨਹੀਂ ਰੱਖਦੀ, ਜੇ ਇਹੋ ਜਿਹੀ ਗੱਲ ਹੁੰਦੀ ਤਾਂ ਅੱਠਾਸੀ ਸਾਲਾਂ ਦੀ ਉਮਰ ਵਿੱਚ ਖੁਸ਼ਵੰਤ ਸਿੰਘ 'ਵੁਮੈਨ' ਨਾਵਲ ਨਾ ਲਿਖਦਾ ਤੇ ਤ੍ਰੇਹਤਰ ਸਾਲਾਂ ਦੀ ਉਮਰ ਦਾ ਪ੍ਰੇਮ ਪ੍ਰਕਾਸ਼ ਔਰਤ-ਮਰਦਾਂ ਦੇ ਨਜ਼ਦੀਕੀ ਸੰਬੰਧਾਂ ਦੀ ਪੈੜ ਨਾ ਪਾਉਂਦਾ। ਉਮਰ ਤੋਂ ਵੱਧ ਸਾਹਿਤ ਦਾ ਸੰਬੰਧ ਵਿਚਾਰਾਂ ਦੀ ਨਵੀਨ ਸੋਚ ਅਤੇ ਪ੍ਰਗਟਾਓ ਨਾਲ ਹੁੰਦਾ ਹੈ। ਹਰ ਦੌਰ ਆਪਣੇ-ਆਪ ਵਿੱਚ ਆਧੁਨਿਕ ਤੇ ਨਵੀਨ ਹੀ ਹੁੰਦਾ ਹੈ, ਇਹ ਤਾਂ ਸਮੇਂ ਦੀ ਧੂੜ ਉਸ ਨੂੰ ਪੁਰਾਤਨ ਜਾਂ ਬੀਤਿਆਂ ਕਾਲ ਬਣਾ ਦੇਂਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਜੇ ਕੋਈ ਆਮ ਪੰਧ ਦੇ ਰਾਹ ਤੋਂ ਜਾਂ ਜਿਸ ਸੋਚ ਵੱਲ ਕਿਸੇ ਦਾ ਧਿਆਨ ਨਾ ਗਿਆ ਹੋਵੇ, ਉਸ ਵੱਲ ਕਦਮ ਪੁੱਟੇ ਜਾਂ ਉਸ ਸੋਚ ਦੀ ਪੈਰਵੀ ਇੰਨੇ ਸਸ਼ਕਤ ਢੰਗ ਨਾਲ ਕਰੇ ਕਿ ਨਾ ਚਾਹੁੰਦੇ ਹੋਏ ਵੀ ਲੋਕਾਂ ਨੂੰ ਲੱਗੇ ਕਿ ਕਿਸੇ ਨਵੇਂ ਸਵੇਰੇ ਦੀਆਂ ਕਿਰਨਾਂ ਬੰਦ ਦਰਵਾਜ਼ਿਆਂ ਦੀਆਂ ਝੀਥਾਂ ਵਿਚੋਂ ਵੀ ਆਪਣੇ ਪ੍ਰਕਾਸ਼ ਦਾ ਉਜਾਲਾ ਕਰਨ ਦੇ ਰਾਹ 'ਤੇ ਨਿਕਲ ਪਈਆਂ ਹਨ ਤੇ ਹਵਾ ਦਾ ਰੁਖ਼ ਅਜਿਹਾ ਹੋ ਸਕਦਾ ਹੈ ਕਿ ਕਿਸੇ ਵੇਲੇ ਵੀ ਸੁੱਤੇ ਪਏ ਸਮਾਜ ਨੂੰ ਹਲੂਣਾ ਦੇ ਕੇ ਜਗਾਇਆ ਜਾ ਸਕਦਾ ਹੈ। ਕਿਸੇ ਦੀ ਕੀਤੀ ਪਹਿਲਕਦਮੀ ਜਦੋਂ ਨਵੀਨ ਸੋਚ ਦੀ ਦਸਤਕ ਦੇ, ਝੰਝੋੜਦੀ ਹੈ, ਜੇ ਇਹ ਝਿੰਝੋੜ ਕਈਆਂ ਦੇ ਬੰਦ ਦਰਵਾਜ਼ੇ ਖੋਲ੍ਹ, ਖੁੱਲ੍ਹੀਆਂ ਬਾਹਾਂ ਨਾਲ ਉਸ ਪਹਿਲਕਦਮੀ ਦਾ ਸਵਾਗਤ ਕਰਨ ਲਈ ਅੱਗੇ ਵੱਧਦੇ ਹਨ ਤੇ ਉਸ ਨੂੰ ਇਕ ਸੇਧ ਸਮਝ ਉਸ ਪਿੱਛੇ ਤੁਰ ਪੈਂਦੇ ਹਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਮਾਜ ਵਿਚ, ਪਰਿਵਾਰ ਵਿਚ, ਸਾਹਿਤ ਵਿਚ ਕੋਈ ਨਵੀਂ ਕਿੱਲੀ ਪੁੱਟੀ ਗਈ ਹੈ ਤੇ ਹੁਣ ਇਸ ਨੇ ਹੀ ਮੀਲ ਦਾ ਪੱਥਰ ਬਣ ਇਸ ਤੋਂ ਅੱਗੇ ਨਿਕਲਣ ਦਾ ਰਾਹ ਬਣਾਉਣ ਦੀ ਸ਼ੁਰੂਆਤ ਕਰ ਦਿੱਤੀ ਹੈ।

ਪੰਜਾਬੀ ਵਿੱਚ ਚੌਥੀ ਪੀੜ੍ਹੀ ਦੀ ਕਹਾਣੀ ਦੀ ਸ਼ੁਰੂਆਤ ਵੀ ਕੁਝ ਇਸ ਤਰ੍ਹਾਂ ਹੀ ਹੋਈ। ਪ੍ਰੇਮ ਪ੍ਰਕਾਸ਼ ਨੇ ਇਸ ਪੀੜ੍ਹੀ ਦੀ ਕਹਾਣੀ ਦੀ ਨਿਸ਼ਾਨਦੇਹੀ ਕਰਦੇ ਹੋਏ ਇਸ ਨੂੰ 'ਚੌਥੀ ਕੂੰਟ' ਕਿਹਾ, ਭਾਵ ਵਰਜਨਾ ਦੇ ਰਾਹ 'ਤੇ ਬੇਧੜਕ ਤੁਰਨ ਦਾ ਹੌਂਸਲਾ ਵਿਖਾਉਣਾ। ਇੱਥੇ ਵਰਜਨਾ ਤੋਂ ਭਾਵ ਸਿਰਫ਼ ਵਰਜਿਤ ਰਿਸ਼ਤਿਆਂ ਤੋਂ ਨਹੀਂ ਹੈ। ਵਰਜਨਾ, ਕਿਸੇ ਵੀ ਔਖੀ ਜਾਂ ਹਨੇਰੀ ਘਾਟੀ ਵੱਲ ਪੈਰ ਪੁੱਟਣ ਤੋਂ ਵਰਜਨਾ, ਹੋੜਣਾ। ਮੈਂ ਪ੍ਰੇਮ ਪ੍ਰਕਾਸ਼ ਦੀ ਇਸ ਗੱਲ ਨਾਲ ਸਹਿਮਤੀ ਦਰਸਾਉਂਦੇ ਹੋਏ ਹੀ ਆਪਣੀ ਗੱਲ ਤੋਰਦੀ ਹਾਂ।

ਸਾਡਾ ਭਾਰਤੀ ਸਮਾਜ ਇੱਕੀਵੀਂ ਸਦੀ ਦੇ ਅਰੰਭ ਵਿੱਚ ਪਹੁੰਚ ਕੇ ਵੀ ਵਰਜਨਾਵਾਂ ਦਾ ਸਮਾਜ ਹੈ। ਇਥੇ ਤਬਦੀਲੀ ਛੇਤੀ-ਛੇਤੀ ਨਹੀਂ ਵਾਪਰਦੀ। ਇਸ ਦਾ ਕਾਰਣ ਸ਼ਾਇਦ ਇਹ ਵੀ ਹੈ ਕਿ



ਜਿੱਥੇ ਸੰਸਕ੍ਰਿਤੀਆਂ ਦੀ ਉਮਰ ਕਈ ਹਜ਼ਾਰ ਵਰ੍ਹਿਆਂ ਵਿੱਚ ਹੋਵੇ, ਉਥੇ ਬਦਲਾਵ ਛੇਤੀ ਆ ਹੀ ਨਹੀਂ ਸਕਦਾ, ਕਾਰਣ ਜੜ੍ਹਾਂ ਬਹੁਤ ਡੂੰਘੀਆਂ ਹੁੰਦੀਆਂ ਹਨ, ਸੰਸਕਾਰ ਪੀੜ੍ਹੀਆਂ ਰਾਹੀਂ ਖੂਨ ਵਿੱਚ ਘੁਲ ਜਾਂਦੇ ਹਨ। ਇੱਥੇ ਦੋ ਕਦਮ ਇਕੱਠੇ ਚਲਨਾ ਜਾਂ ਬਰੇਤੇ ਦੇ ਢੂਹ ਨੂੰ ਪਾਰ ਕਰਨਾ ਕਦੇ ਹੈਰਤਕੁਨ ਅੰਦਾਜ਼ ਵਿੱਚ ਪਹਾੜ ਦੀ ਟੀਸੀ ਜਿਹੇ ਜਾਪਦੇ ਹਨ ਤੇ ਕਦੇ-ਕਦੇ ਇਕ-ਅੱਧ ਮਾਰਿਆ ਹੰਭਲਾ ਅਣਗੌਲਿਆ ਵੀ ਰਹਿ ਜਾਂਦਾ ਹੈ। ਇਹੋ ਜਿਹੇ ਸਮਾਜਾਂ ਵਿੱਚ ਹਰ ਤਰ੍ਹਾਂ ਦੀ ਸੰਭਾਵਨਾ ਹੋ ਸਕਦੀ ਹੈ। ਇਹੋ ਸਮਾਜ, ਇੱਥੋਂ ਦੇ ਰਹਿੰਦੇ ਲੋਕ ਤੇ ਉਨ੍ਹਾਂ ਦੀ ਸਭਿਅਤਾ, ਸੰਸਕ੍ਰਿਤੀ ਵਿੱਚ ਵਿਰਲੇ-ਵਿਰਲੇ ਆਉਂਦੇ ਬਦਲਾਵ, ਜਦੋਂ ਗਤੀ ਪਕੜਣ ਲੱਗਦੇ ਹਨ ਤਾਂ ਫਿਰ ਧਿਆਨ ਖਿੱਚਣ ਵੀ ਲੱਗ ਪੈਂਦੇ ਹਨ। ਅਜਿਹੇ ਹੀ ਬਦਲਾਵਾਂ ਤੇ ਧਿਆਨ ਖਿੱਚਣ ਲੱਗਦੀਆਂ ਕਹਾਣੀਆਂ ਤੋਂ ਅਸੀਂ ਚੌਥੀ ਪੀੜ੍ਹੀ ਦੀਆਂ ਕਹਾਣੀਆਂ ਦੀ ਸ਼ੁਰੂਆਤ ਮੰਨ ਸਕਦੇ ਹਾਂ।

ਜ਼ਰੂਰੀ ਨਹੀਂ ਜਿਨ੍ਹਾਂ ਕਹਾਣੀਆਂ ਦਾ ਜ਼ਿਕਰ ਮੈਂ ਨਵੇਂ ਦੌਰ ਦਾ ਆਰੰਭ ਕਰਨ ਤੋਂ ਮੰਨ੍ਹਾਂ, ਉਸ ਵਿਚ ਸਾਰਿਆਂ ਦੀ ਸਹਿਮਤੀ ਹੋਵੇ ਪਰ ਫਿਰ ਵੀ ਕੁਝ ਕਹਾਣੀਆਂ ਅਜਿਹੀਆਂ ਹਨ, ਜੋ ਪੰਜਾਬੀ ਕਹਾਣੀ ਦੇ ਪੁਰਾਣੇ ਸਾਰੇ ਪ੍ਰਤਿਮਾਨਾਂ ਨੂੰ ਨਾ ਸਿਰਫ਼ ਰੱਦ ਕਰਦੀਆਂ ਹਨ, ਸਗੋਂ ਇਕ ਅਜਿਹੀ ਸੋਚ ਦਾ ਦਵਾਰ ਖੋਲ੍ਹਦੀਆਂ ਹਨ, ਜਿੱਥੇ ਮਨੁੱਖ ਸਿਰਫ਼ ਮਨੁੱਖ ਹੈ। ਨਾ ਉਹ ਦੇਵਤਾ ਹੈ ਨਾ ਸ਼ੈਤਾਨ, ਸਗੋਂ ਦੋਵੇਂ ਹੈ। ਜੇ ਇਹ ਕਿਹਾ ਜਾਏਗਾ ਕਿ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਨੇ ਜਿੰਨਾ ਮਨੁੱਖ ਨੂੰ ਨੇੜਿਉਂ ਹੋ ਕੇ ਵੇਖਿਆ, ਉਸ ਨੂੰ ਜਾਨਣ ਦੀ ਬਜਾਏ ਸਮਝਣ ਦਾ ਜਤਨ ਕੀਤਾ ਤਾਂ ਗਲਤ ਨਹੀਂ ਹੋਏਗਾ। ਇਸ ਤੋਂ ਪਹਿਲਾਂ ਕਦੇ ਵੀ ਸਾਹਿਤਕ-ਖੇਤਰ ਵਿੱਚ ਅਜਿਹਾ ਵਰਤਾਰਾ ਨਹੀਂ ਕੀਤਾ ਗਿਆ ਸੀ।

ਕਹਾਣੀ ਦਾ ਅਸਲ ਮੰਤਵ ਤਾਂ ਸੁਣਨ-ਸੁਣਾਉਣ ਵਾਲਾ ਹੀ ਹੈ, ਜਿਸ ਰਾਹੀਂ ਆਪਣੇ ਮਿੱਥ, ਬਾਤਾਂ, ਕਿੱਸਿਆਂ ਜਿਹੇ ਅਮੀਰ ਵਿਰਸੇ ਦੀ ਕੋਈ ਨਾ ਕੋਈ ਸੀਖ ਜਾਂ ਡੂੰਘੇ ਅਨੁਭਵਾਂ ਦਾ ਘੋਲ ਚੰਗੇ-ਮਾੜੇ ਪਾਤਰਾਂ ਰਾਹੀਂ ਨਾਟਕੀ ਅੰਦਾਜ਼ ਵਿੱਚ ਦਰਸਾਇਆ ਜਾਂਦਾ ਰਿਹਾ। ਚੰਗੇ ਬਹੁਤ ਚੰਗੇ, ਹੱਦੋਂ ਬਾਹਰੇ ਸਹਿਨਸ਼ੀਲ ਤੇ ਮਿੱਠੇ, ਦੂਜੇ ਪਾਸੇ ਮਾੜੇ ਅਤਿ ਦਰਜੇ ਦੇ ਮਾੜੇ, ਸ਼ੈਤਾਨ ਨੂੰ ਵੀ ਪਿੱਛੇ ਛੱਡਣ ਵਾਲੇ....। ਚੌਥੀ ਪੀੜ੍ਹੀ ਦੀ ਕਹਾਣੀ ਨੇ ਸਭ ਤੋਂ ਪਹਿਲਾਂ ਇਸ ਵੰਡ ਨੂੰ ਖਤਮ ਕਰ ਦਿੱਤਾ। ਉਸ ਨੇ ਚੰਗੇ-ਮਾੜੇ ਚਰਿੱਤਰਾਂ ਦੇ ਪਾੜ ਨੂੰ ਦਰਸਾਉਣ ਦੀ ਥਾਂ ਪਾਤਰਾਂ ਨੂੰ ਪੇਸ਼ ਕਰਨਾ ਸ਼ੁਰੂ ਕੀਤਾ। ਇਸ ਪੇਸ਼ਕਾਰੀ ਦਾ ਸਭ ਤੋਂ ਵੱਡਾ ਅਸੂਲ ਹੈ ਕਿ ਇਸ ਵਿੱਚ ਪਾਤਰ ਘੜੇ ਨਹੀਂ ਜਾਂਦੇ, ਪੇਸ਼ ਕੀਤੇ ਜਾਂਦੇ ਹਨ। ਫਿਰ ਇਹ ਪਾਠਕਾਂ ਦੀ ਸੋਚ ਉਤੇ ਨਿਰਭਰ ਹੈ ਕਿ ਉਹ ਕਿਸ ਪਾਤਰ ਨੂੰ ਕਿਸ ਨਿਗਾਹ ਨਾਲ ਦੇਖਦੇ-ਪਰਖਦੇ ਹਨ। ਅੱਜ ਦੀਆਂ ਤਕਰੀਬਨ ਸਾਰੀਆਂ ਹੀ ਕਹਾਣੀਆਂ ਪਾਤਰ ਨੂੰ ਰਲੇ-ਮਿਲੇ ਅੰਦਾਜ਼ ਵਿੱਚ ਪੇਸ਼ ਕਰਦੀਆਂ ਹਨ, ਜਿਸ ਵਿੱਚ ਚਰਿੱਤਰ ਦੀ ਕੋਈ ਸਪੱਸ਼ਟ ਲੀਕ ਖਿੱਚੀ ਹੋਈ ਨਹੀਂ ਹੁੰਦੀ। ਇਸ ਸੰਬੰਧ ਵਿਚ ਅਮਨਪਾਲ ਸਾਰਾ ਦੀ ਕਹਾਣੀ 'ਵੀਹਾਂ ਦਾ ਨੋਟ' ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਮਾਸਟਰ ਗੁਰਮੁੱਖ ਸਿੰਘ ਤੇ ਮਹਿੰਦਰ ਸਿੰਘ ਨੂੰ ਉਹ ਇਕੋ ਹੀ ਪਲੜੇ ਵਿੱਚ ਰੱਖਦਾ ਹੈ। ਮਾਸਟਰ ਦਾ ਸ਼ਰਾਬ ਵਿਰੋਧੀ ਵਖਿਆਨ ਤੇ ਸ਼ਰਾਬੀਆਂ ਨੂੰ ਮਾੜਾ ਸਮਝਣ ਦੀ ਸੋਚ ਤੇ ਦੂਜੇ ਪਾਸੇ ਸਵੈ ਦਾ ਕਿਸੇ ਦੇ ਕੰਮ ਨਾ ਆਉਣ ਦਾ ਖੁੰਡਾਪਨ, ਵੀਹਾਂ ਦੇ ਨੋਟ ਨੂੰ ਹਾਸਿਲ ਕਰਨ ਲਈ ਦਿੱਤੀਆਂ ਦਲੀਲਾਂ ਅਤੇ ਫਰ ਦੇ ਕੋਟ ਨੂੰ ਅੱਖ ਬਚਾ ਕੇ ਸਾਂਭ ਲੈਣ, ਝੂਠ ਬੋਲਣ ਦੀ ਪ੍ਰਵਿਰਤੀ ਉਸ ਦੀ ਗੁਰਮੁਖਤਾ ਨੂੰ ਅਸਿੱਧੇ ਢੰਗ ਨਾਲ ਦਰਸਾਉਂਦੀ ਹੈ। ਮਹਿੰਦਰ ਸਿੰਘ ਵੱਲੋਂ ਸ਼ਰਾਬ ਦੇ ਨਸ਼ੇ ਦੀ ਵਰਤੋਂ, ਪਰ ਪ੍ਰਵਾਸ ਵਿੱਚ ਆਪਣਿਆਂ ਦਾ ਹਮਾਇਤੀ, ਸਾਥੀ, ਪੱਲੋਂ ਖਿਆਉਣ-ਪਿਲਾਉਣ ਵਾਲਾ ਦਿਲਦਾਰ ਆਦਮੀ। ਕਹਾਣੀ ਵਿੱਚ ਦੋਵੇਂ ਪਾਤਰ ਤੇ ਕਥਾਨਕ ਵਿੱਚ ਅਜਿਹਾ ਸਤੁੰਲਨ ਹੈ ਕਿ ਪਾਠਕਾਂ ਨੂੰ ਸਮਝਣ ਵਿੱਚ ਦੇਰ ਨਹੀਂ ਲੱਗਦੀ ਕਿ ਸਿਰਫ਼ ਸ਼ਰਾਬੀ ਹੋਣਾ ਮਾੜੇ ਚਰਿੱਤਰ ਦੀ ਨਿਸ਼ਾਨੀ ਨਹੀਂ ਤੇ ਆਪਣੇ ਧਰਮ ਦੀ ਨਿਸ਼ਠਾ ਨਾਲ ਪਾਲਣਾ ਕਰਨਾ ਕੋਈ ਬਹੁਤ ਵੱਡੀ ਖੂਬੀ ਨਹੀਂ। ਅਸਲ ਗੱਲ ਮਾਨਵੀ ਗੁਣਾਂ ਦੀ ਹੈ। ਇਨ੍ਹਾਂ ਗੁਣਾਂ ਸਦਕਾ ਹੀ 'ਸ਼ਰਾਬੀ' ਮਹਿੰਦਰ ਸਿੰਘ ਕਹਾਣੀ ਵਿੱਚ ਲੋਕਾਂ ਦਾ

ਹੀ ਨਹੀਂ, ਸਾਹਿਤ ਵਿੱਚ ਪਾਠਕਾਂ ਦਾ ਵੀ ਦਿਲ ਜਿੱਤ ਲੈਂਦਾ ਹੈ। ਇਸ ਨੂੰ ਪਹਿਲਕਦਮੀ ਕਿਹਾ ਜਾ ਸਕਦਾ ਹੈ, ਇੱਥੇ ਸ਼ਰਾਬੀ ਨੂੰ ਨਾਇਕ ਵੱਜੋਂ ਪੇਸ਼ ਨਹੀਂ ਕੀਤਾ ਗਿਆ, ਸਗੋਂ ਉਸ ਦੇ ਜੀਵਨ ਦੇ ਦੋਵੇਂ ਪੱਖ ਦਰਸਾਏ ਗਏ, ਨਤੀਜੇ ਵੱਜੋਂ ਉਹ ਕਥਨੀ ਤੇ ਕਰਨੀ ਵਿੱਚ ਅੰਤਰ ਵਾਲੇ ਗੁਰਮੁੱਖ ਸਿੰਘ ਤੋਂ ਬਾਜ਼ੀ ਮਾਰ ਲੈ ਗਿਆ। ਨਾਲ ਹੀ ਇਸਨੇ ਇਕ ਨਵੀਂ ਕਿੱਲੀ ਪੁੱਟ ਦਿੱਤੀ, ਮਗਰੋਂ ਆਉਣ ਵਾਲੇ ਕਹਾਣੀਕਾਰਾਂ ਨੇ ਇਸ ਨੂੰ ਝੱਟ ਅਪਣਾ ਲਿਆ।

ਅਮਨਪਾਲ ਸਾਰਾ ਸਪੱਸ਼ਟ ਤੇ ਸਤੁੰਲਿਤ ਕਹਾਣੀ ਲਿਖਦਾ ਹੈ, ਪਰ ਚੌਥੀ ਪੀੜ੍ਹੀ ਦੇ ਸਾਰੇ ਕਹਾਣੀਕਾਰ ਇਸ ਤਰ੍ਹਾਂ ਨਹੀਂ ਲਿਖਦੇ, ਸਗੋਂ ਉਹ ਉਲਝੇਵੇਂ ਤੇ ਵਿਰੋਧਾਭਾਸ ਨੂੰ ਕਹਾਣੀ-ਜੁਗਤ ਵਜੋਂ ਅਪਣਾਉਂਦੇ ਹਨ। ਕਹਾਣੀ ਇਕ ਸਿਰ੍ਹੇ ਤੋਂ ਚਲ ਕੇ ਸਿੱਧੇ ਦੂਜੇ ਤੇ ਆਖਰੀ ਸਿਰ੍ਹੇ ਤੱਕ ਨਹੀਂ ਚੱਲਦੀ, ਇਹ ਕਹਿਣਾ ਵਧੇਰੇ ਬਿਹਤਰ ਹੋਏਗਾ ਕਿ ਉਹ ਆਖਰੀ ਸਿਰ੍ਹੇ ਤੱਕ ਪੁੱਜਦੀ ਵੀ ਨਹੀਂ। ਇਹ ਆਖਰੀ ਸਿਰ੍ਹਾ ਪੜ੍ਹਨ ਵਾਲਿਆਂ ਲਈ ਛੱਡ ਦਿੱਤਾ ਜਾਂਦਾ ਹੈ ਤਾਂ ਕਿ ਉਹ ਆਪਣੀ ਸੋਚ-ਸਮਝ ਅਨੁਸਾਰ ਇਸ ਦੇ ਅੰਤ ਨੂੰ ਨਿਸ਼ਚਿਤ ਕਰ ਸਕਣ। ਚੌਥੀ ਪੀੜ੍ਹੀ ਦੀ ਕਹਾਣੀ ਦਾ ਇਹ ਦੂਸਰਾ ਵੱਡਾ ਗੁਣ ਕਿਹਾ ਜਾ ਸਕਦਾ ਹੈ। ਇਸ ਸੰਬੰਧ ਵਿਚ ਜਿੰਦਰ ਦੀ ਕਹਾਣੀ 'ਕਤਲ' ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਜਿੰਦਰ ਦੇ ਆਉਣ ਨਾਲ ਪੰਜਾਬੀ ਕਹਾਣੀ ਵਿੱਚ ਮਨੋਬਿਰਤੀਆਂ ਦੀ ਆਮਦ ਹੋਈ। ਮਨੋਬਿਰਤੀਆਂ, ਮਾਨਸਿਕ ਤਨਾਵਾਂ ਆਦਿ ਨੂੰ ਸਪੱਸ਼ਟਤਾ ਨਾਲ ਬਿਆਨ ਕੀਤਾ ਵੀ ਨਹੀਂ ਜਾ ਸਕਦਾ, ਕਿਉਂਕਿ ਇਹ ਆਪਣੇ-ਆਪ ਵਿੱਚ ਹੀ ਬੜੇ ਅਸਪੱਸ਼ਟ ਤੇ ਉਲਝੇ ਹੋਏ ਹੁੰਦੇ ਹਨ, ਇਸ ਲਈ ਜਿਹੋ ਜਿਹਾ ਕਥਾਨਕ ਉਹੀ ਜਿਹੀ ਉਸ ਦੀ ਬੁਣਤੀ।

'ਕਤਲ' ਦਾ ਪਾਤਰ ਆਪਣੇ ਬਾਪ ਪ੍ਰਤੀ ਅੰਦਰ ਹੀ ਅੰਦਰ ਅਕ੍ਰੋਸ਼ ਰੱਖਣ ਵਾਲਾ, ਬਾਪ ਦੇ ਦਬਦਬੇ ਕਾਰਣ ਕੁਝ ਕਹਿਣ ਤੋਂ ਸਦਾ ਅਸਮਰੱਥ ਹੀ ਰਹਿੰਦਾ ਹੈ। ਮਾਂ ਪ੍ਰਤੀ ਬਾਪ ਦੇ ਅਣਸੁਖਾਵੇਂ ਵਤੀਰੇ ਕਾਰਣ ਉਹ ਮਾਂ ਨਾਲ ਪਿਆਰ ਤੇ ਹਮਦਰਦੀ ਰੱਖਦਾ ਹੈ। ਪਰ ਆਪਣੇ ਮਨ ਵਿੱਚ ਬਾਪ ਤੋਂ ਬਦਲਾ ਲੈਣ ਦੀ ਇੱਛਤ ਪ੍ਰਵਿਰਤੀ ਲਈ ਮਾਂ ਨੂੰ ਹੀ ਮੋਹਰਾ ਬਣਾਉਂਦਾ ਹੈ, ਉਸ ਵਿਚਲੀ ਹੀਣਭਾਵਨਾ ਉਸ ਨੂੰ ਕੁਝ ਕਰਨ ਲਈ ਉਕਸਾਉਂਦੀ ਜ਼ਰੂਰ ਹੈ, ਪਰ ਇਹੀ ਹੀਣਭਾਵਨਾ, ਸਵੈਵਿਸ਼ਵਾਸ ਤੇ ਆਤਮਬਲ ਤੋਂ ਖੁਣੇ ਹੋਣ ਕਾਰਣ ਮਨ ਇੱਛਤ ਕਾਰਵਾਈ ਨੂੰ ਮਾਂ ਹੱਥੋਂ ਪੂਰਾ ਹੋਣ ਦੀ ਸਤੁੰਸ਼ਟੀ ਲੈਣਾ ਚਾਹੁੰਦੀ ਹੈ, ਤਾਂ ਕਿ ਸੱਪ ਵੀ ਮਰ ਜਾਏ ਤੇ ਸੋਟੀ ਵੀ ਨਾ ਟੁੱਟੇ। ਉਹ ਚਾਹੁੰਦਾ ਹੈ ਕਿ ਉਸਦੇ ਨਾਲ-ਨਾਲ ਮਾਂ ਵੀ ਉਸ ਦੇ ਬਾਪ ਤੋਂ ਬਦਲਾ ਲਵੇ, ਮਾਂ ਇਕ ਪਰੰਪਰਿਕ ਇਸਤਰੀ ਹੋਣ ਦੇ ਨਾਤੇ ਪਤਨੀ-ਧਰਮ ਨੂੰ ਹਰ ਹਾਲ ਵਿੱਚ ਖਿੜ੍ਹੇ ਮੱਥੇ ਨਿਭਾਉਂਦੀ ਹੈ, ਜਦਕਿ ਪੁੱਤਰ ਮਾਨਸਿਕ ਸਤੁੰਸ਼ਟੀ ਲਈ ਸਹਿਜ ਹੋਈ ਮੌਤ ਨੂੰ 'ਕਤਲ' ਹੋਏ ਦੇ ਅਰਥਾਂ ਵਿੱਚ ਗ੍ਰਹਿਣ ਕਰਦਾ ਹੈ। ਇਹੋ ਜਿਹੇ ਮਨੋਵਿਗਿਆਨਕ ਵਿਸ਼ਿਆਂ ਵਿੱਚ ਪਾਤਰਾਂ ਦੀ ਨਮੋਸ਼ੀ, ਹੀਣਭਾਵਨਾ ਤੇ ਬਦਲੇ ਲੈਣ, ਅਕ੍ਰੋਸ਼ ਤੇ ਕੁਝ ਨਾ ਕਰ ਸਕਣ ਦੇ ਲਿਜਲਿਜੇਪਨ ਦਾ ਅਹਿਸਾਸ ਤੀਬਰਤਾ ਨਾਲ ਹੁੰਦਾ ਹੈ। ਇਸ ਨੇ ਪੰਜਾਬੀ ਕਹਾਣੀ ਦੇ ਖੇਤਰ ਨੂੰ ਹੋਰ ਵੀ ਮੋਕਲਾ ਤੇ ਵਿਸਤ੍ਰਿਤ ਕਰ ਦਿੱਤਾ। ਚੌਥੀ ਪੀੜ੍ਹੀ ਦੀ ਇਕ ਇਹ ਵੀ ਪ੍ਰਾਪਤੀ ਕਹੀ ਜਾ ਸਕਦੀ ਹੈ। ਇਹ ਨਹੀਂ ਕਿ ਇਸ ਤੋਂ ਪਹਿਲਾਂ ਪੰਜਾਬੀ ਵਿੱਚ ਮਨੋਵਿਗਿਆਨਕ ਵਿਸ਼ਿਆਂ ਨੂੰ ਲੈ ਕੇ ਕਹਾਣੀਆਂ ਨਹੀਂ ਰਚੀਆਂ ਗਈਆਂ ਸਨ, ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ ਆਦਿ ਕਈ ਕਹਾਣੀਕਾਰਾਂ ਨੇ ਇਸ ਨੂੰ ਅਪਣਾਇਆ। ਪਰ ਸਮਕਾਲੀ ਕਹਾਣੀ ਨੇ ਮਨੋਬਿਰਤੀਆਂ ਦੇ ਨਕਾਰਾਤਮਕ ਪੱਖ ਵੱਲ ਉਚੇਚਾ ਧਿਆਨ ਕੇਂਦਰਿਤ ਕੀਤਾ, ਜਿਸ ਵਿਚੋਂ ਸਕਾਰਾਤਮਕ ਰੁਖ਼ ਦੀ ਵੀ ਪਛਾਣ ਕੀਤੀ ਜਾ ਸਕੇ।

ਚੌਥੀ ਪੀੜ੍ਹੀ ਦੀ ਕਹਾਣੀ ਨੇ ਵਿਸ਼ਿਆਂ ਦੇ ਖੇਤਰ ਵਿੱਚ ਇਕ ਮਾਰਅਕਾ ਉਦੋਂ ਮਾਰਿਆ, ਜਦੋਂ ਸੁਖਜੀਤ ਦੀ 'ਅੰਤਰਾ' ਕਹਾਣੀ ਸਾਹਮਣੇ ਆਈ। ਉਸ ਨੇ ਪਹਿਲੀ ਵਾਰ ਪੰਜਾਬੀ ਕਹਾਣੀ ਵਿੱਚ ਦਰਸ਼ਨ ਜਾਂ ਫਿਲਾਸਫੀ ਦੇ ਵਿਸ਼ੇ ਨੂੰ ਛੂਹਿਆ। ਜ਼ਿੰਦਗੀ ਅਤੇ ਮੌਤ ਸੰਬੰਧੀ ਸੰਕਲਪਾਂ ਨੂੰ



ਕਹਾਣੀ ਵਿੱਚ ਬੁਣ ਕੇ ਪੇਸ਼ ਕਰਨ ਦੀ ਪਹਿਲ ਕੀਤੀ ਗਈ। ਅਜਿਹੇ ਗੰਭੀਰ ਵਿਸ਼ੇ ਨੂੰ, ਬਗੈਰ ਕੋਈ ਖਿਲੇਰਾ ਜਾਂ ਵਖਿਆਨ ਦਿੱਤੇ, ਬੜੀ ਸੰਜੀਦਗੀ ਨਾਲ ਬਿਆਨ ਕੀਤਾ ਗਿਆ। ਭਾਵੇਂ ਉਸ ਮਗਰੋਂ ਇਸ ਵਰਗੀ ਕੋਈ ਹੋਰ ਕਹਾਣੀ ਸਾਹਮਣੇ ਨਹੀਂ ਆਈ, ਪਰ ਇਸ ਗੱਲ ਦੀ ਸਤੁੰਸ਼ਟੀ ਤਾਂ ਹੈ ਕਿ ਪੰਜਾਬੀ ਵਿੱਚ ਇਹੋ ਜਿਹੇ ਫਿਲਾਸਫੀ ਪ੍ਰਧਾਨ ਵਿਸ਼ੇ 'ਤੇ ਵੀ ਕਹਾਣੀ ਰਚੀ ਗਈ, ਰਚੀ ਜਾ ਸਕਦੀ ਹੈ। ਕਹਾਣੀ ਦਾ ਇਕ-ਇਕ ਵਾਕ, ਇਕ-ਇਕ ਸੰਵਾਦ ਐਨਾ ਅਰਥ ਭਰਪੂਰ ਤੇ ਡੂੰਘਾ ਹੈ, ਇਸ ਨੂੰ ਵਾਰ-ਵਾਰ ਪੜ੍ਹਿਆ ਜਾ ਸਕਦਾ ਹੈ। ਹਾਲਾਂਕਿ ਕਵਿਤਾ ਵਿੱਚ ਦਾਰਸ਼ਨਿਕ, ਫਲਸਫੇ ਸੰਬੰਧੀ ਕਈ ਕਵਿਤਾਵਾਂ ਪੜ੍ਹਨ ਨੂੰ ਮਿਲਦੀਆਂ ਹਨ, ਪਰ ਕਹਾਣੀ ਵਿੱਚ ਇਸ ਵਿਸ਼ੇ ਨੂੰ ਅਜੇ ਵਧੇਰੇ ਅਪਣਾਇਆ ਨਹੀਂ ਗਿਆ। ਇਸ ਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਇਸ ਵਿਸ਼ੇ ਲਈ ਡੂੰਘੇ ਅਧਿਅਨ ਦੀ ਲੋੜ ਹੈ, ਤਾਂ ਹੀ ਇਸ ਵਿਸ਼ੇ ਨਾਲ ਆਸਾਨੀ ਨਾਲ ਨਿਭਾਅ ਕੀਤਾ ਜਾ ਸਕਦਾ ਹੈ।

ਨਜ਼ਦੀਕੀ ਰਿਸ਼ਤਿਆਂ ਵਿੱਚ ਸੈਕਸ ਸੰਬੰਧਾਂ ਨੂੰ ਚਿਤ੍ਰਿਤ ਕਰ ਪ੍ਰੇਮ ਪ੍ਰਕਾਸ਼ ਨੇ 'ਡੈਡਲਾਈਨ' ਰਾਹੀਂ ਅਸਲੋਂ ਹੀ ਵਰਜਨਾ ਵੱਲ ਜਾਣ ਦਾ ਨਵਾਂ ਰਾਹ ਖੋਲ੍ਹ ਦਿੱਤਾ। 'ਡੈਡਲਾਈਨ' ਦੀ ਭਾਬੀ ਅੱਜ ਵੀ ਮੀਲ ਦਾ ਪੱਥਰ ਹੈ ਤੇ ਕੋਈ ਵੀ ਪਾਠਕ ਤੇ ਆਲੋਚਕ ਉਸ ਨੂੰ ਸ਼ਰਮਸਾਰ ਨਹੀਂ ਕਰ ਸਕਿਆ, ਕਿਉਂਕਿ ਉਸ ਕੋਲ ਅਜਿਹਾ ਵਰਤਾਰਾ ਕਰਨ ਲਈ ਪਰਿਸਥਿਤੀਆਂ ਸਨ, ਪਰਿਸਥਿਤੀਆਂ ਅਨੁਸਾਰ ਢੱਲਣ ਲਈ ਤੱਥ ਮੌਜੂਦ ਹਨ ਤੇ ਸੱਤੀ ਦੀ ਮੌਤ ਨੇ ਹਾਰ-ਜਿੱਤ ਦਾ ਨਿਰਣਾ ਵੀ ਸੌਖਾ ਕਰ ਦਿੱਤਾ। ਇਸ ਕਹਾਣੀ ਨੇ ਜੋ ਰਾਹ ਉਲੰਘਿਆ, ਉਹ ਅੱਜ ਵੀ ਜਾਰੀ ਹੈ। ਇਸ ਬਾਰੇ ਚਰਚਾ ਅੱਗੇ ਜਾ ਕੇ ਕਰਾਂਗੇ। ਇੱਥੇ ਗੱਲ ਨਜ਼ਦੀਕੀ ਰਿਸ਼ਤਿਆਂ ਸੰਬੰਧੀ ਹੋ ਰਹੀ ਹੈ ਤਾਂ ਬਲਵਿੰਦਰ ਗਰੇਵਾਲ ਦੀ ਕਹਾਣੀ 'ਸੂਰਜ ਦੀ ਪਿੱਠ ਨਹੀਂ ਹੁੰਦੀ' ਦੀ ਚਰਚਾ ਜ਼ਰੂਰੀ ਲੱਗਦੀ ਹੈ। ਇਹ ਕਹਾਣੀ ਸਾਡੇ ਸਮਾਜ ਵਿੱਚ ਉਲੰਘਣਾ ਦਾ ਇਕ ਕਦਮ ਹੋਰ ਪੁੱਟਦੀ ਹੈ। ਪੰਜਾਬੀ ਸਮਾਜ ਵਿੱਚ ਮਾਮੇ-ਭਣੇਵੀਂ ਦਾ ਰਿਸ਼ਤਾ ਬਾਪ-ਬੇਟੀ ਸਮਾਨ ਮੰਨਿਆ ਜਾਂਦਾ ਹੈ। ਦੱਖਣੀ ਭਾਰਤ ਵਿੱਚ ਮਾਮੇ ਦਾ ਆਪਣੀ ਭਣੇਵੀਂ ਨਾਲ ਵਿਆਹ ਕਰਨਾ ਉਨ੍ਹਾਂ ਦੇ ਪਰੰਪਰਿਕ ਰੀਤੀ ਦਾ ਹਿੱਸਾ ਹੈ, ਪਰ ਪੰਜਾਬੀ ਅਤੇ ਹਿੰਦੂ ਸਮਾਜ ਵਿੱਚ ਵਿਆਹ ਵੇਲੇ ਕੁੜੀ ਨੂੰ ਚੂੜ੍ਹਾ-ਚਾੜਣ ਤੇ ਡੋਲੀ ਵਿੱਚ ਪਾਉਣ ਦੀ ਰਸਮ ਮਾਮਾ ਹੀ ਨਿਭਾਉਂਦਾ ਹੈ। ਬਲਵਿੰਦਰ ਨੇ ਇਸ ਨਜ਼ਦੀਕੀ ਰਿਸ਼ਤੇ ਦੀ ਨੇੜਤਾ ਨੂੰ ਕੰਮ ਤੇ ਹਾਲਾਤਾਂ ਤਹਿਤ, ਹਾਣ ਉਮਰ ਕਾਰਣ ਆਪਸੀ ਅਕਾਰਸ਼ਣ ਵਿੱਚ ਬੰਨ੍ਹ ਦਿੱਤਾ। ਹਾਣ ਉਮਰ ਦਾ ਆਪਣਾ ਹੀ ਨਿੱਘ ਹੁੰਦਾ ਹੈ ਤੇ ਜਵਾਨੀ ਦੀ ਆਪਣੀ ਹੀ ਖਿੱਚ। ਜਿਸ ਰਿਸ਼ਤੇ ਨੂੰ ਕਾਗਜ਼ਾਂ ਉਤੇ ਉਤਾਰ ਰਾਹਦਾਰੀ ਭੇਜਣ ਦਾ ਸਬੱਬ ਬਣਾਇਆ ਗਿਆ ਸੀ, ਉਹ ਅਸਲ ਜ਼ਿੰਦਗੀ ਵਿਚ ਸੱਚ ਹੋਣ ਲਈ ਰਾਹ ਲੱਭਣ ਲੱਗ ਪਿਆ ਸੀ। ਇਸ ਪਿੱਛੇ ਕਸੂਰ ਕਿਸ ਦਾ ਸੀ, ਰਾਹਦਾਰੀ ਦੇ ਕਾਨੂੰਨ ਦਾ, ਕਾਨੂੰਨ ਦੀ ਪਾਲਣਾ ਲਈ ਅਕਾਨੂੰਨੀ ਰਾਹ ਅਪਣਾਉਣ ਦਾ ਤੇ ਪਰਿਵਾਰ ਵਾਲਿਆਂ ਵੱਲੋਂ ਆਪ ਹੀ ਇਸ ਰਿਸ਼ਤੇ ਦੀ ਗਹਿਮਾ ਨੂੰ ਖਤਮ ਕਰ ਇਸ ਨੂੰ ਕਾਗਜ਼ੀ ਤੇ ਕਾਨੂੰਨੀ ਕਾਰਵਾਹੀ ਦਾ ਹਿੱਸਾ ਬਣਾਉਣ ਦਾ। ਕਸੂਰ ਉਨ੍ਹਾਂ ਦੋਵਾਂ ਪਾਤਰਾਂ ਦਾ ਤਾਂ ਹੋ ਹੀ ਨਹੀਂ ਸਕਦਾ, ਉਹ ਤਾਂ ਮੋਹਰੇ ਬਣਾਏ ਗਏ। ਪਰ ਮੋਹਰਿਆਂ ਵਾਲੀ ਅਸਲ ਬਾਜ਼ੀ ਖੇਡਣ ਦੀ ਜ਼ੁਰਅਤ ਉਨ੍ਹਾਂ ਜ਼ਰੂਰ ਕਰ ਲਈ। ਇਸ ਜ਼ੁਰਅਤ ਨੇ ਪੰਜਾਬੀ ਕਹਾਣੀ ਵਿੱਚ ਉਚੀ ਛਾਲ ਮਾਰਨ ਦੀ ਜ਼ੁਰਅਤ ਵੀ ਕਰ ਵਿਖਾਈ।

ਪੰਜਾਬੀ ਕਹਾਣੀ ਵਿੱਚ ਚੌਥੀ ਪੀੜ੍ਹੀ ਦੇ ਰਚਨਾਕਾਰਾਂ ਨੇ ਇਸਤਰੀ ਦੀ ਸਥਿਤੀ ਨੂੰ ਸੁਧਾਰਨ ਤੇ ਸਨਮਾਨਮਈ ਸਥਾਨ ਦਿਵਾਉਣ ਵਿੱਚ ਬੜਾ ਯੋਗਦਾਨ ਪਾਇਆ। ਇਸ ਸੰਬੰਧ ਵਿੱਚ ਕਈ ਕਹਾਣੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਪਰ ਪ੍ਰਮੁੱਖ ਤੌਰ 'ਤੇ ਤਿੰਨ ਕਹਾਣੀਆਂ ਦੀ ਚਰਚਾ ਕਰਾਂਗੇ।

ਜਰਨੈਲ ਸਿੰਘ ਦੀ 'ਦੋ ਟਾਪੂ' ਨੇ ਇਸਤਰੀ ਨੂੰ ਮਰਦ ਸਮਾਨ ਹੀ ਆਪਣੇ ਗੱਲ 'ਤੇ ਡਟੇ ਰਹਿਣ ਦੀ ਪੁਖ਼ਤਗੀ ਹੀ ਨਹੀਂ ਦਿਖਾਈ, ਸਗੋਂ ਮਰਦ ਕੋਲੋਂ ਸਵੀਕ੍ਰਿਤੀ ਵੀ ਦਿਵਾਈ। ਜੇ ਮਰਦ ਦੀ

ਜ਼ਿੰਮੇਵਾਰੀ ਆਪਣੇ ਪਰਿਵਾਰ ਪ੍ਰਤੀ, ਉਹਨਾਂ ਦੀ ਜ਼ਿੰਦਗੀ ਨੂੰ, ਭਵਿੱਖ ਨੂੰ ਸਥਿਰ ਕਰਨ ਪ੍ਰਤੀ ਹੁੰਦੀ ਹੈ ਤੇ ਔਰਤ ਅਜਿਹਾ ਕਿਉਂ ਨਹੀਂ ਕਰ ਸਕਦੀ ? ਜੇ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਘਰ ਤੇ ਨੌਕਰੀ ਦੀਆਂ ਜ਼ਿੰਮੇਵਾਰੀਆਂ ਨਿਭਾਅ ਸਕਦੀ ਹੈ ਤਾਂ ਫਿਰ ਸਿਰਫ਼ ਸਹੁਰਿਆਂ ਦਾ ਹੱਕ ਉਸ 'ਤੇ ਜ਼ਿਆਦਾ ਕਿਉਂ ਹੋ ਸਕਦਾ ਹੈ, ਪੇਕਿਆਂ ਦਾ ਕਿਉਂ ਨਹੀਂ ? 'ਦੋ ਟਾਪੂ' ਕੁਝ ਅਜਿਹੇ ਹੀ ਸਵਾਲ ਖੜ੍ਹੀ ਕਰਦੀ ਹੈ। ਜਦੋਂ ਤਾਂ ਔਰਤ ਸਿਰਫ਼ ਘਰ ਦੀ ਚਾਰ ਦੀਵਾਰੀ ਵਿੱਚ ਰਹਿ, ਪਤੀ 'ਤੇ ਹੀ ਪੂਰੀ ਤਰ੍ਹਾਂ ਨਿਰਭਰ ਹੁੰਦੀ ਹੈ ਤਾਂ ਸਹੁਰਿਆਂ ਪ੍ਰਤੀ ਫਰਜ਼ ਵਧੇਰੇ ਨਿਭਾਉਣਾ ਵੀ ਬਣਦਾ ਹੈ ਪਰ ਜੇ ਔਰਤ ਪੜ੍ਹੀ-ਲਿਖੀ ਹੋ, ਪਤੀ ਸਮਾਨ ਕਮਾ ਕੇ ਲਿਆਏ, ਘਰ ਤੇ ਘਰ ਦਾ ਹਰ ਸਾਮਾਨ ਖਰੀਦਣ ਲਈ ਪਤੀ-ਪਤਨੀ ਦੋਵਾਂ ਦੀ ਕਮਾਈ ਦੀ ਬਰਾਬਰ ਦੀ ਹਿੱਸੇਦਾਰੀ ਹੋਵੇ ਤਾਂ ਫਿਰ ਦੋਵਾਂ ਦੇ ਮਾਪਿਆਂ ਪ੍ਰਤੀ ਫਰਜ਼ ਵੀ ਸਾਂਝੇ ਕਿਉਂ ਨਾ ਹੋਣ ? ਔਰਤ ਦੀ ਪੜ੍ਹਾਈ-ਲਿਖਾਈ, ਉਸ ਦੇ ਕੰਮਕਾਜੀ ਹੋਣ ਤੇ ਹਰ ਪਾਸੇ ਬਰਾਬਰ ਦੀ ਹਿੱਸੇਦਾਰੀ ਨੇ ਪਹਿਲੇ ਦੇ ਸਾਰੇ ਸਮੀਕਰਣ ਬਦਲ ਕੇ ਰੱਖ ਦਿੱਤੇ। ਇਨ੍ਹਾਂ ਬਦਲੇ ਸਮੀਕਰਨਾਂ ਨੇ ਔਰਤ ਨੂੰ ਡਟ ਕੇ ਖੜ੍ਹਾ ਹੋਣਾ ਸਿੱਖਾ ਦਿੱਤਾ, ਕਿਉਂਕਿ ਉਸ ਦੇ ਪੈਰ ਆਪਣੀ ਹੀ ਬਣਾਈ ਜ਼ਮੀਨ 'ਤੇ ਮਜ਼ਬੂਤੀ ਨਾਲ ਖੜੇ ਹਨ। ਔਰਤ ਦੀ ਮਜ਼ਬੂਤੀ ਤੇ ਉਸ ਦੀ ਜ਼ਿੱਦ ਬਾਬਤ ਤਾਂ ਅੱਗੇ ਵੀ ਕਈ ਵਾਰ ਚਰਚਾ ਹੋਈ, ਪਰ ਉਸ ਨੂੰ ਕਿਸੇ ਨਾ ਕਿਸੇ ਢੰਗ ਨਾਲ ਕਮਜ਼ੋਰ ਜਾਂ ਭਾਵੁਕ ਪੱਧਰ ਤੇ ਬਲੈਕਮੇਲ ਕਰ ਮਰਦ ਤੇ ਸਮਾਜ ਨੇ ਹੇਠਾਂ ਡਿਗਾਉਣ ਜਾਂ ਸਮਝੌਤਾ ਕਰਦੇ ਵਿਖਾਇਆ, ਪਰ ਜਰਨੈਲ ਸਿੰਘ ਨੇ ਔਰਤ ਦੇ ਫੈਸਲੇ ਨੂੰ ਮਰਦ ਤੇ ਪਰਿਵਾਰ ਵੱਲੋਂ ਸਵੀਕ੍ਰਿਤ ਹੋਣਾ ਦਰਸਾਇਆ, ਇਹ ਇਸ ਕਹਾਣੀ ਦੀ ਵਡਿਆਈ ਹੈ। ਇਸ ਵਿੱਚ ਮਰਦ ਤੇ ਇਸਤਰੀ ਨਾਮਕ ਦੋ ਟਾਪੂ ਆਪਣੀ-ਆਪਣੀ ਥਾਂ ਪੂਰੀ ਸੁਤੰਤਰਤਾ ਨਾਲ ਕਾਇਮ ਹਨ।

ਤਲਵਿੰਦਰ ਸਿੰਘ ਦੀ 'ਵਿਚਲੀ ਔਰਤ' ਨੇ ਔਰਤ ਨੂੰ ਹਰ ਹਾਲ ਵਿੱਚ ਹਾਲਾਤਾਂ ਨੂੰ ਸਵੀਕਾਰ ਕਰਨ ਦੀ ਥਾਂ ਆਪਣੀ ਅੰਦਰਲੀ ਸੱਚਾਈ ਨੂੰ ਪ੍ਰਤੱਖ ਕਰ ਵਿਖਾਉਣ ਪ੍ਰਤੀ ਰੁਚਿਤ ਵਿਖਾਇਆ। ਭਰੀ ਜਵਾਨੀ ਵਿੱਚ ਵਿਧਵਾ ਹੋ ਜਾਣਾ ਇਕ ਹਾਦਸਾ ਹੈ। ਪਰ ਉਸ ਹਾਦਸੇ ਨੂੰ ਬਾਕੀ ਉਮਰ ਲਈ ਆਪਣੀ ਤਕਦੀਰ ਸਮਝ ਕੇ ਸਵੀਕਾਰ ਕਰ ਲੈਣਾ ਅੱਜ ਦੇ ਜ਼ਮਾਨੇ ਵਿੱਚ ਬੁਜ਼ਦਿਲੀ ਹੈ। 'ਵਿਚਲੀ ਔਰਤ' ਦੀ ਨਾਇਕਾ ਭਾਵੇਂ ਪਿੰਡ ਤੇ ਪਰਿਵਾਰ ਦੇ ਪਰੰਪਰਿਕ ਡਰ ਤੇ ਸੰਸਕਾਰਾਂ ਕਾਰਣ ਮੂੰਹ ਖੋਲ੍ਹ ਕੇ ਇਸ ਸੱਚਾਈ ਨੂੰ ਪ੍ਰਗਟ ਨਹੀਂ ਕਰਦੀ ਕਿ ਉਹ 'ਸੁਹਣੂ' ਨੂੰ ਆਪਣੇ ਇਕ ਸਾਥੀ ਦੇ ਰੂਪ ਵਿੱਚ ਚਿਤਵਦੀ ਹੈ, ਪਰ ਉਸ ਨੂੰ ਦੇਖ ਕੇ ਉਸ ਦਾ ਬੇਹਾਲ ਹੋ ਜਾਣਾ, ਉਸ ਦੇ ਗਿਲਾਸ ਵਿੱਚ ਬਾਕੀ ਬਚੇ ਪਏ ਝੂਠੇ ਪਾਣੀ ਨੂੰ ਪੀਣਾ ਅਚੇਤ ਤੌਰ 'ਤੇ ਉਸ ਦੀ ਅੰਦਰੂਨੀ ਹਾਲਤ ਨੂੰ ਦਰਸਾਉਂਦੇ ਹਨ ਕਿ ਉਹ ਜਵਾਨ ਔਰਤ ਕੀ ਚਾਹੁੰਦੀ ਹੈ। ਧਰਮ ਵਿੱਚ ਸ਼ਰਧਾ ਵਿਖਾਉਣਾ ਜਾਂ ਬੁੱਢੇ ਸੱਸ-ਸਹੁਰੇ ਦੀ ਸੇਵਾ ਕਰਨਾ, ਉਸ ਦੇ ਹਰ ਵੇਲੇ ਕੰਮ ਵਿੱਚ ਰੁਝੇ ਹੋਣ ਨੂੰ ਬੇਸ਼ੱਕ ਵਿਖਾਉਣ ਪਰ ਸਰੀਰ ਦੀ ਮੰਗ ਆਪਣੀ ਜਗ੍ਹਾ 'ਤੇ ਹੁੰਦੀ ਹੈ। ਇਸ ਮੰਗ ਨੂੰ ਇਕ ਸੱਚਾਈ ਨਾਲ ਸਵੀਕਾਰ ਕਰਨਾ ਹੀ ਮਨੁੱਖ ਹੋਣ ਦੀ ਨਿਸ਼ਾਨੀ ਹੈ।

ਇਨ੍ਹਾਂ ਤੋਂ ਵੀ ਅੱਗੇ ਜਾ ਕੇ ਵੀਨਾ ਵਰਮਾ ਦੀ 'ਰਜਾਈ' ਵਿਚਲੀ ਇਸਤਰੀ ਅਨਪੜ੍ਹ ਤੇ ਬੇਹੱਦ ਸਿੱਧੀ-ਸਾਦੀ, ਛਲ ਫਰੇਬ ਤੋਂ ਦੂਰ ਰਹਿਣ ਵਾਲੀ, ਪਿਆਰ ਭਿੱਜੇ ਸਪਰਸ਼ ਤੇ ਨਿੱਘ ਨੂੰ ਪਛਾਣਨ ਵਾਲੀ, ਅਨਜਾਣੇ ਹੀ ਸਹੀ ਯੂਰਪੀਨ ਜ਼ਿੰਦਗੀ ਦਾ ਹਿੱਸਾ ਬੜੇ 'ਲਿਵ ਇਨ ਰਿਲੇਸ਼ਨਸ਼ਿਪ' ਨੂੰ ਅਪਨਾ ਲੈਂਦੀ ਹੈ। ਇੱਥੇ ਜਿਸਮਾਨੀ ਸੰਬੰਧ ਨਾਲੋਂ ਇਕ-ਦੂਸਰੇ ਉਤੇ ਵਿਸ਼ਵਾਸ ਤੇ ਮਾਨਵੀ ਹਿੱਤ ਸਦਕਾ ਇਕ-ਦੂਸਰੇ ਦੀ ਮੱਦਦ ਤੇ ਸਹਾਰਾ ਬਣਨਾ ਵਧੇਰੇ ਮਾਅਨੇ ਰੱਖਦਾ ਹੈ। ਸਵਾਰਥ ਰਹਿਤ ਕਿਸੇ ਦੇ ਕੰਮ ਆਉਣਾ ਸਭ ਤੋਂ ਪ੍ਰਮੁੱਖ ਮਾਨਵੀ ਗੁਣ ਹੈ। ਇਹ ਕਹਾਣੀ ਇਨ੍ਹਾਂ ਮਾਨਵੀ ਗੁਣਾਂ ਦੀ ਤਰਜ਼ਮਾਨੀ ਕਰਦੀ ਹੀ ਹੈ, ਨਾਲ ਹੀ ਔਰਤ ਦੇ ਹੌਸਲੇ ਤੇ ਦ੍ਰਿੜ ਨਿਸ਼ਚੇ ਦੀ ਵੀ ਨਿਸ਼ਾਨਦੇਹੀ ਕਰਦੀ ਹੈ। ਇਸ ਕਹਾਣੀ ਦੇ ਹਾਲਾਤਾਂ ਨੇ ਉਸ ਔਰਤ ਨੂੰ ਲਿਵ ਇਨ ਰਿਲੇਸ਼ਨ ਵਿੱਚ ਰਹਿਣ ਲਈ ਪ੍ਰੇਰਿਤ ਕੀਤਾ, ਜਿੱਥੇ ਦੋ ਮਾਸੂਮ ਬੱਚਿਆਂ ਦੀ ਜ਼ਿੰਦਗੀ ਦਾ ਸਵਾਲ ਸੀ। ਪਤਾ ਨਹੀਂ ਯੂਰਪੀਨ ਸਭਿਅਤਾ ਨੂੰ ਤੇਜ਼ੀ ਨਾਲ ਅਪਨਾਉਂਦੀ ਸਾਡੀ ਨੌਜਵਾਨ ਪੀੜ੍ਹੀ ਕਦੋਂ ਆਪਣੀ ਆਜ਼ਾਦੀ ਨਾਲ ਜਿਉਣ ਲਈ



ਇਸ ਲਿਵ ਇਨ ਰਿਲੇਸ਼ਨਸ਼ਿਪ ਨੂੰ ਵੀ ਅਪਨਾ ਲਵੇ। ਆਉਣ ਵਾਲੇ ਸਮੇਂ ਬਾਰੇ ਕੀ ਕਿਹਾ ਜਾ ਸਕਦਾ ਹੈ।

ਉਪਰ ਕੁਝ ਅਜਿਹੀਆਂ ਕਹਾਣੀਆਂ ਦੀ ਚਰਚਾ ਕੀਤੀ, ਜਿਹੜੀਆਂ ਵਿਸ਼ੇ, ਬੁਣਤੀ ਤੇ ਪਾਤਰਾਂ ਵਜੋਂ ਚੌਥੀ ਪੀੜ੍ਹੀ ਦੀ ਕਹਾਣੀ ਦਾ ਨਕਸ਼ਾ ਖਿੱਚਦੀਆਂ ਹਨ। ਨਵੇਂ-ਨਵੇਂ ਵਿਸ਼ਿਆਂ ਦੀ ਆਮਦ, ਜਿਨ੍ਹਾਂ ਬਾਰੇ ਲਿਖਣ ਦਾ ਹੌਂਸਲਾ ਜਾਂ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਉਸ ਪਾਸੇ ਬਾਰੇ ਲਿਖਣ ਦਾ ਵਿਚਾਰ ਹੀ ਲੇਖਕਾਂ ਨੂੰ ਕਦੇ ਨਹੀਂ ਆਇਆ ਸੀ। ਇਨ੍ਹਾਂ ਨਵੇਂ ਤੇ ਵਿਭਿੰਨ ਵਿਸ਼ਿਆਂ ਨੇ ਇਹ ਦਰਸਾ ਦਿੱਤਾ ਕਿ ਪੰਜਾਬੀ ਕਹਾਣੀ ਨੂੰ ਸਮੇਂ ਦੀ ਤੋਰ ਨਾਲ ਤੁਰਨਾ ਆਉਂਦਾ ਹੈ। ਇਹ ਆਪਣੇ ਸਮੇਂ ਦੇ ਹਾਣ ਦੀ ਹੋਣ ਦੀ ਕਾਬਲੀਅਤ ਰੱਖਦੀ ਹੈ। ਜਦੋਂ ਕਿਸੇ ਭਾਸ਼ਾ ਦਾ ਸਾਹਿਤ ਆਪਣੇ ਵਿਰਸੇ ਨੂੰ ਨਾਲ ਲੈ ਕੇ, ਵਰਤਮਾਨ ਦੀਆਂ ਪੈੜਾਂ ਪੁੱਟਦਾ, ਆਉਣ ਵਾਲੇ ਭਵਿੱਖ ਦੀਆਂ ਨਵੀਆਂ ਤੇ ਕੁਝ-ਕੁਝ ਅਸੰਭਵ ਲੱਗਦੀਆਂ ਸੰਭਾਵਨਾਵਾਂ ਜਗਾਉਣ ਦੀ ਲੋਅ ਜਲਾਉਂਦਾ ਹੈ ਤਾਂ ਉਹ ਭਾਸ਼ਾ ਕਦੇ ਨਹੀਂ ਮਰਦੀ, ਉਸ ਦਾ ਸਾਹਿਤ ਸਦਾ ਜਿਉਂਦਾ ਰਹਿੰਦਾ ਹੈ। ਇਨ੍ਹਾਂ ਕਹਾਣੀਆਂ ਦੀ ਚੋਣ ਵੇਲੇ ਮੈਂ ਇਸ ਗੱਲ ਦਾ ਧਿਆਨ ਰੱਖਿਆ ਕਿ ਨਵੀਆਂ ਲੀਕਾਂ ਪਾਉਣ ਵਾਲੀਆਂ ਕਹਾਣੀਆਂ ਦੀ ਹੀ ਚੋਣ ਕਰਾਂ, ਜਿਸ ਨੇ ਚੌਥੀ ਪੀੜ੍ਹੀ ਦੀ ਕਹਾਣੀ ਦਾ ਮੁਹਾਂਦਰਾ ਨਿਸ਼ਚਿਤ ਕੀਤਾ।

ਚੌਥੀ ਪੀੜ੍ਹੀ ਦੀਆਂ ਨਵੀਆਂ ਲੀਹਾਂ ਪੈਣ ਮਗਰੋਂ ਇਸ 'ਤੇ ਤੁਰਨ ਵਾਲੇ ਅਨੇਕਾਂ ਨੌਜਵਾਨ ਕਹਾਣੀਕਾਰ ਸਾਹਮਣੇ ਆਏ, ਉਨ੍ਹਾਂ ਵਿਚੋਂ ਕਈਆਂ ਨੇ ਚੰਗੇ ਹੰਭਲੇ ਵੀ ਮਾਰੇ। ਪਰ ਕਈ ਵਾਰ ਕੁਝ ਕਹਾਣੀਆਂ ਪੜ੍ਹ ਕੇ ਇੰਜ ਵੀ ਪ੍ਰਤੀਤ ਹੁੰਦਾ ਹੈ ਕਿ ਸਾਡੀ ਕਹਾਣੀ ਕਿੱਧਰ ਜਾ ਰਹੀ ਹੈ। ਉਹ ਉਚੀਆਂ ਪੁਲਾਘਾਂ ਪੁੱਟਣ ਦੀ ਥਾਂ ਨਿਘਰਤਾ ਤੇ ਖੱਡ ਵਿੱਚ ਕਿਉਂ ਡਿੱਗਦੀ ਜਾ ਰਹੀ ਹੈ। ਭਾਵੇਂ ਕਹਾਣੀਆਂ ਵਿੱਚ ਆਦਰਸ਼ ਤੇ ਨਾਇਕਤਵ ਦੇ ਸੰਕਲਪ ਨਹੀਂ ਰਹੇ ਪਰ ਫਿਰ ਵੀ ਕਹਾਣੀ ਵਿੱਚ ਐਨੀ ਨਿਰਾਸਤਾ ਵੀ ਨਹੀਂ ਹੋਣੀ ਚਾਹੀਦੀ ਕਿ ਸਾਰੇ ਰਸਤੇ ਬੰਦ ਹੀ ਹੁੰਦੇ ਦਿੱਸਣ।

ਅਜਿਹੀ ਹੀ ਇਕ ਕਹਾਣੀ ਪਿਛਲੇ ਦਿਨੀਂ ਚਰਚਿਤ ਰਹੀ ਜਸਵੀਰ ਰਾਣਾ ਦੀ 'ਚੂੜ੍ਹੇ ਵਾਲੀ ਬਾਂਹ' ਹੈ। ਮੈਨੂੰ ਇਸ ਕਹਾਣੀ ਵਿਚੋਂ ਨਿਘਰਤਾ ਤੇ ਨਿਰਾਰਤਾ ਦੀ ਬੂ ਆਉਂਦੀ ਹੈ। ਰਾਣਾ ਨੌਜਵਾਨ ਪੀੜ੍ਹੀ ਦਾ ਚੰਗਾ ਕਹਾਣੀਕਾਰ ਹੈ। ਉਸ ਕੋਲ ਕਹਾਣੀ ਕਹਿਣ ਦੀ ਕਲਾ ਹੈ। ਆਪਣੀ ਇਸ ਕਲਾ ਰਾਹੀਂ ਇਕ ਵਾਰ ਤਾਂ ਉਹ ਪਾਠਕ ਨੂੰ ਕਹਾਣੀ-ਰਸ ਵਿੱਚ ਡੁੱਬੋ ਹੀ ਲੈਂਦਾ ਹੈ, ਇਹ ਉਸ ਦੇ ਕਹਾਣੀਕਾਰ ਵੱਜੋਂ ਸਥਾਪਿਤ ਹੋਣ ਵਿਚਲਾ ਗੁਣ ਹੈ। ਪਰ 'ਚੂੜ੍ਹੇ ਵਾਲੀ ਬਾਂਹ' ਵਿਚਲੇ ਸਾਰੇ ਹੀ ਪਾਤਰ ਬੱਗੇ ਸਮੇਤ ਇਕੋ ਹੀ ਗੋਲ ਦਾਇਰੇ ਵਿੱਚ ਘੁੰਮਦੇ ਹਨ ਤੇ ਕੇਂਦਰ ਔਰਤ ਨੂੰ ਭੋਗਣ ਦੀ ਭੁੱਖ ਨਾਲ ਸਿਮਟਿਆ ਹੋਇਆ ਹੈ। ਕਈ ਵੇਰਵੇ ਕਈ ਘਟਨਾਵਾਂ ਕਹਾਣੀਕਾਰ ਦੱਸਦਾ ਹੈ, ਪਰ ਕਹਾਣੀ ਵਿਚੋਂ ਨਿਕਲਦਾ ਕੱਖ ਵੀ ਨਹੀਂ। ਸੋਚ ਸਿਰਫ਼ ਭੋਗਣ ਦੀ ਭੁੱਖ ਤੇ ਲਾਲਸਾ ਨਾਲ ਜੁੜੀ ਹੋਈ ਹੈ। ਸਾਰੇ ਪਾਤਰ ਹਮਦਰਦੀ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹਨ। ਪਰ ਉਹਨਾਂ ਨਾਲ ਹਮਦਰਦੀ ਕਿਉਂ ਕੀਤੀ ਜਾਏ, ਕਿਉਂਕਿ ਉਹ ਇਕ ਦੁੱਖ ਨੂੰ ਭੁਲਾਉਣ ਖਾਤਿਰ ਨਸ਼ਿਆਂ ਰਾਹੀਂ ਸੱਪਣੀ ਦੇ ਡੰਗ ਤੱਕ ਜਾ ਪਹੁੰਚਦੇ ਹਨ, ਇਸ ਕਰਕੇ..... ? ਨਿਘਾਰ ਦਾ ਰਾਹ ਢੱਠੇ ਖੂਹ ਵੱਲ ਹੀ ਜਾਂਦਾ ਹੈ। ਅਜਿਹੀਆਂ ਢੱਠ ਪੈਣ ਵਾਲੀਆਂ ਜਵਾਨੀਆਂ ਕਿਸ ਨੂੰ ਮੋਹਦੀਆਂ ਹਨ ? ਬੱਗੇ ਦਾ ਸ਼ਰੀਕਾਂ ਕੋਲ ਜ਼ਮੀਨ ਚਲੇ ਜਾਣ ਦਾ ਕਾਰਣ ਬੇਜ਼ਮੀਨੇ ਹੋਣਾ ਫਿਰ ਦਿਹਾੜੀ ਲਾਉਣਾ ਤਾਂ ਸਮਝ ਆਉਂਦਾ ਹੈ, ਪਰ ਔਰਤ ਦੀ ਭੁੱਖ ਦਾ ਇਹ ਨਿਘਾਰਵਾਦੀ ਰਾਹ ਕਹਾਣੀ ਨੂੰ ਬਹੁਤ ਹੀ ਨਿਰਾਸ਼ਤਾ, ਉਦਾਸੀਨਤਾ ਤੇ ਤਰਸ ਵੱਲ ਨੂੰ ਲੈ ਜਾਂਦਾ ਹੈ।

ਇਸੇ ਤਰ੍ਹਾਂ ਅਜਮੇਰ ਸਿੱਧੂ ਦੀ ਨਵੀਂ ਕਹਾਣੀ 'ਸ਼ਾਇਦ ਰੰਮੀ ਮਨ ਜਾਏ' ਨਜ਼ਰ ਆਉਂਦੀ ਹੈ। ਇਹ ਕਹਾਣੀ ਆਰਥਿਕ ਸੁਖ-ਸਹੂਲਤਾਂ ਤੇ ਭੋਗਵਾਦੀ ਦ੍ਰਿਸ਼ਟੀ ਨੂੰ ਹਰ ਪੱਖੋਂ ਉਭਾਰ ਕੇ ਇਕ ਆਸਾਨ ਰਾਹ ਚੁਣਨ ਉਤੇ ਜ਼ੋਰ ਦੇਂਦੀ ਪ੍ਰਤੀਤ ਹੁੰਦੀ ਹੈ। ਮਾਂ ਹੀ ਚਾਹੁੰਦੀ ਹੈ ਕਿ ਉਸ ਦੀ ਜਵਾਨ ਧੀ ਆਰਕੈਸਟਰਾ ਵਿੱਚ ਨਚਾਰ ਕੁੜੀਆਂ ਵਾਂਗ ਨੱਚਣਾ ਮੰਨ ਜਾਏ ਤਾਂ ਕਿ ਘਰ ਦੀ ਹਾਲਤ ਸੁਧਰ ਜਾਏ ਤੇ ਸ਼ਰਾਬੀ ਬਾਪ ਤੇ ਕਾਲਜੀਏਟ ਮੁੰਡੇ ਦਾ ਤੋਰਾ ਚਲਦਾ ਰਹੇ। ਉਸ ਨੂੰ ਮੋਟਰ ਸਾਈਕਲ ਤੇ ਮੋਬਾਇਲ

ਜ਼ਰੂਰ ਮਿਲ ਸਕੇ। 'ਸ਼ਾਇਦ' ਲਫਜ਼ ਵਿੱਚ ਗੱਲ ਦੇ ਸਿਰ੍ਹੇ ਚੜ੍ਹ ਜਾਣ ਦੀ ਸੰਭਾਵਨਾ ਵੱਧ ਨਜ਼ਰ ਆਉਂਦੀ ਹੈ। ਸਾਡੀਆਂ ਇਹ ਕਹਾਣੀਆਂ ਸਾਡੀ ਨੌਜਵਾਨ ਪੀੜ੍ਹੀ ਨੂੰ ਕਿਹੜੀ ਸੇਧ ਦੇਣ ਦਾ ਜਤਨ ਕਰ ਰਹੀਆਂ ਹਨ। ਜਿਸਮਾਂ ਦੀ ਨੁਮਾਇਸ਼ ਲੱਗਾ ਆਰਥਿਕ ਤੌਰ ਤੇ ਸੁਖਾਲਾ ਹੋਣ ਦੇ ਰਵਾਇਤੀ ਰਾਹ ਅਪਨਾਉਣ ਦੀ ਸਲਾਹ....। ਇਹ ਵੇਖ ਕੇ ਲੱਗਦਾ ਹੈ ਕਿ, ਕਿੱਧਰੇ ਕੁਝ ਨਹੀਂ ਬਦਲਿਆ। ਬੰਦਾ ਵੀ ਉਹੀ ਹੈ, ਬੰਦੇ ਦੀ ਸੋਚ ਵੀ ਉਹੀ ਹੈ। ਘਰ ਦਾ ਗੱਡਾ ਰੇੜ੍ਹਣ ਦੀ ਜ਼ਿੰਮੇਵਾਰੀ ਜਦੋਂ ਔਰਤ ਦੇ ਸਿਰ ਪੈ ਜਾਏ ਤਾਂ ਉਸ ਕੋਲ ਕੀ ਹੈ, ਸਿਰਫ਼ ਉਸ ਦਾ ਜਿਸਮ, ਹੋਰ ਕੁਝ ਨਹੀਂ। ਸਾਨੂੰ ਉਸ ਦੇ ਮਜ਼ਬੂਤ ਹੱਥ-ਪੈਰ ਤੇ ਤਰਕਸ਼ੀਲ ਦਿਮਾਗ ਕਿਉਂ ਭੁੱਲ ਜਾਂਦਾ ਹੈ? ਅਜਿਹੇ ਪਾਤਰ ਬੇਬੱਸੀ, ਮਜ਼ਬੂਰੀ ਤੇ ਹਾਲਾਤਾਂ ਵੱਸ ਆਸਾਨ ਰਾਹ ਚੁਣਨ ਲਈ ਅੱਗੇ ਵੱਧਦੇ ਹਨ। ਉਂਜ ਇਹ ਕਹਾਣੀ ਕਈ ਸਵਾਲ ਖੜ੍ਹੇ ਕਰਦੀ ਹੈ, ਪਰ ਉਹ ਸਾਰੇ ਚਮਕ-ਦਮਕ ਤੇ ਖੁਸ਼ਹਾਲੀ ਦੇ ਪੱਖ ਵਿੱਚ ਜਾਂਦੇ ਹਨ। ਅਜਮੇਰ ਨੇ ਇਸ ਖੁਸ਼ਹਾਲੀ ਹੇਠ ਪੈਰ ਪਸਾਰਦੇ ਹਨ੍ਹੇਰੇ ਨੂੰ ਅਣਦੇਖਿਆ ਕਿਵੇਂ ਕਰ ਦਿੱਤਾ?

ਭਾਵੇਂ ਅੱਜ ਦੀ ਕਹਾਣੀ ਦਾ ਮੰਤਵ ਉਹ ਨਹੀਂ ਰਹਿ ਗਿਆ, ਜਿਸ ਮੰਤਵ ਦੀ ਪੂਰਤੀ ਲਈ ਇਹ ਰਚੀ ਜਾਣ ਲੱਗੀ ਸੀ ਪਰ ਇਹ ਗੱਲ ਅੱਜ ਵੀ ਸੱਚ ਹੈ ਕਿ ਕਹਾਣੀ ਵਿੱਚ ਕਹਾਣੀ-ਰਸ ਹੋਣਾ ਬਹੁਤ ਜ਼ਰੂਰੀ ਹੈ, ਜੇ ਇਹ ਰਸ ਨਹੀਂ ਹੋਏਗਾ ਤਾਂ ਉਹ ਹੋਰ ਜੋ ਕੁਝ ਮਰਜ਼ੀ ਹੋਵੇ, ਕਹਾਣੀ ਦੇ ਨਾਂ ਹੇਠ ਵੀ ਕਹਾਣੀ ਨਹੀਂ ਹੋਏਗੀ। ਕੇਸਰਾ ਰਾਮ ਦੀ ਕਹਾਣੀ 'ਪੁਲਸੀਆ ਕਿਉਂ ਮਾਰਦਾ ਹੈ' ਕੁਝ ਇਸੇ ਪ੍ਰਕਾਰ ਦੀ ਜਾਪਦੀ ਹੈ। ਕਹਾਣੀ ਵਿੱਚ ਕਹਾਣੀ-ਰਸ ਤੋਂ ਵੱਧ ਚਿੰਤਨ ਭਾਰੂ ਹੈ, ਜੋ ਇਸਨੂੰ ਕਮਜ਼ੋਰ ਬਣਾਉਂਦਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਅੱਜ ਦੇ ਅਤਿ ਚਰਚਿਤ ਕਹਾਣੀਕਾਰ ਜਿਵੇਂ ਸੁਖਜੀਤ (ਚੰਦਰੀ), ਜਿੰਦਰ (ਘੇਰੇ ਦੇ ਅੰਦਰ ਬਾਹਰ), ਤਲਵਿੰਦਰ ਸਿੰਘ (ਤਾੜੀ, ਵਿਸਰਜਨ) ਜਿਹੀਆਂ ਸਧਾਰਨ ਕਹਾਣੀਆਂ ਕਿਉਂ ਲਿਖਦੇ ਹਨ।

ਅੱਜ ਜ਼ਿਆਦਾਤਰ ਸਵੈ ਕੇਂਦਰਿਤ ਕਹਾਣੀ ਲਿਖੀ ਜਾ ਰਹੀ ਹੈ। ਹਰ ਗੱਲ 'ਮੈਂ, ਦੇ ਨਜ਼ਰੀਏ ਤੋਂ ਦੇਖੀ ਤੇ ਦਿਖਾਈ ਜਾ ਰਹੀ ਹੈ। ਮੇਰੇ ਵਿਚਾਰ ਵਿੱਚ ਇਹ ਜੁਗਤ ਬਹੁਤੀ ਕਾਰਗਰ ਨਹੀਂ। ਬਹੁਤੇ ਕਹਾਣੀਕਾਰ ਮੈਂ ਪੱਖੋਂ ਰਚਨਾ ਕਰਨ ਲੱਗ ਪਏ ਹਨ। ਕਿਸੇ ਵੀ ਗੱਲ ਦਾ ਫੈਲਣਾ ਜਾਂ ਡੂੰਘੇ ਹੋਣਾ ਇਕ ਚੰਗੀ ਨਿਸ਼ਾਨੀ ਹੁੰਦਾ, ਪਰ ਇਕ ਹੀ ਨੁਕਤੇ 'ਤੇ ਕੇਂਦਰਿਤ ਹੋ ਜਾਣਾ ਮਾੜਾ ਹੈ। ਇਸ ਪੱਖੋਂ ਮੈਂ ਕਿਸੇ ਇਕ ਕਹਾਣੀ ਦੀ ਚਰਚਾ ਨਹੀਂ ਕਰਨਾ ਚਾਹੁੰਦੀ, ਮੇਰਾ ਮੰਤਵ ਚੌਥੀ ਪੀੜ੍ਹੀ ਦੀ 'ਮੈਂ ਪੱਖੀ' ਜੁਗਤ ਵੱਲ ਧਿਆਨ ਦਿਵਾਉਣਾ ਹੈ। ਇਹੋ ਜਿਹੀ ਰਚੀ ਕਹਾਣੀ ਦਾ ਸਭ ਤੋਂ ਵੱਡਾ ਦੋਸ਼ ਇਹ ਹੁੰਦਾ ਹੈ ਕਿ ਇਹ ਕਹਾਣੀ 'ਪੇਸ਼ ਨਹੀਂ ਹੁੰਦੀ' 'ਪੇਸ਼ ਕੀਤੀ ਜਾਂਦੀ ਹੈ।' ਦੋਹਾਂ ਵਿਚਕਾਰ ਬਹੁਤ ਅੰਤਰ ਹੈ। ਜਦੋਂ ਕੁਝ ਪੇਸ਼ ਜਾਂ ਪਰੋਸਿਆ ਜਾਂਦਾ ਹੈ ਤਾਂ ਉਸ ਵਿੱਚ ਕਰਤਾ ਦੀ ਨਿੱਜੀ ਹੋਂਦ, ਨਿੱਜੀ ਦ੍ਰਿਸ਼ਟੀ ਕੋਣ ਅਚੇਤ ਸੁਚੇਤ ਤੌਰ 'ਤੇ ਸ਼ਾਮਿਲ ਹੁੰਦੇ ਹੀ ਹਨ। ਆਪਣੇ ਪੱਖ ਨੂੰ ਸਹੀ ਸਾਬਤ ਕਰਨ ਲਈ 'ਕਰਤਾ' ਨਜਾਇਜ਼ ਨੂੰ ਵੀ ਜਾਇਜ਼ ਕਰਨ 'ਤੇ ਜ਼ੋਰ ਦੇਂਦਾ ਹੈ। ਘਟਨਾ ਨੂੰ ਬਿਆਨ ਹੀ ਇੰਜ ਕੀਤਾ ਜਾਂਦਾ ਹੈ ਕਿ 'ਮੈਂ ਪੱਖੀ' ਪੱਖ ਹੀ ਉਭਰ ਕੇ ਸਾਹਮਣੇ ਆਵੇ। ਮੈਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਅਜਿਹੀਆਂ ਕਹਾਣੀਆਂ ਵਿੱਚ ਜਕੜਨ ਬਹੁਤੀ ਹੁੰਦੀ ਹੈ ਤੇ ਫੈਲਾਓ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਦੂਸਰਾ ਪੱਖ ਘੱਟ-ਵੱਧ ਹੀ ਸਾਹਮਣੇ ਆ ਪਾਉਂਦਾ ਹੈ। ਪੇਸ਼ਕਾਰੀ ਇੰਜ ਹੋਵੇ ਕਿ ਘਟਨਾ ਪ੍ਰਤੱਖ ਵਾਪਰੀ ਦਿੱਸੇ। ਮੇਰਾ ਇਹ ਸੁਝਾਓ ਹੀ ਹੈ ਕਿ ਇਸ ਮੈਂ ਪੱਖੀ ਤੇ ਸਵੈ-ਕੇਂਦਰਿਤ ਜੁਗਤ ਦੀ ਵਰਤੋਂ ਹਰ ਕਹਾਣੀ ਵਿੱਚ ਹੁੰਦੀ ਨਾ ਦਿੱਸੇ, ਉਸ ਨੂੰ ਪੂਰੀ ਤਰ੍ਹਾਂ ਵਿਗਸਣ ਤੇ ਪੁੰਗਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਇਹ ਕਹਿੰਦਿਆਂ ਅਫਸੋਸ ਵੀ ਹੁੰਦਾ ਹੈ ਕਿ ਅੱਜ ਦਬਾਦਬ ਲਿਖੀ ਜਾ ਰਹੀ ਕਹਾਣੀ ਵਿੱਚ ਵਿਸ਼ੇ ਸਿਰਫ ਦੋ ਹੀ ਨਜ਼ਰ ਆਉਂਦੇ ਹਨ-ਦਲਿਤ ਚੇਤੰਨਤਾ ਤੇ ਸੈਕਸ। ਮੈਨੂੰ 'ਸੈਕਸ' ਲਫਜ਼ ਕਹਿਣਾ ਹੀ ਵਧੇਰੇ ਉਚਿਤ ਲੱਗਾ, ਕਿਉਂਕਿ ਉਹ ਇਸਤਰੀ-ਮਰਦ ਦੇ ਉਨ੍ਹਾਂ ਸੰਬੰਧਾਂ ਦਾ ਬਿਆਨ ਨਹੀਂ ਲੱਗਦੇ, ਜਿਨ੍ਹਾਂ ਦੀ ਪੈੜ ਪ੍ਰੇਮ ਪ੍ਰਕਾਸ਼ ਨੇ ਪਾਈ ਸੀ। ਹੁਣ ਤਾਂ ਇੰਜ ਲੱਗਦਾ ਹੈ ਕਿ ਪ੍ਰੇਮ ਪ੍ਰਕਾਸ਼ ਨੇ ਚਮਤਕਾਰੀ ਬੋਤਲ ਦੀ ਡਾਟ ਖੋਲ੍ਹ ਜਿਸ ਜਿੰਨ ਰਾਹੀਂ ਆਪਣੀ ਸਾਹਿਤਕ ਪ੍ਰਤਿਭਾ ਵਿਖਾਉਣ ਦਾ



ਓਹਲਾ ਲਿਆ ਸੀ, ਉਸ ਜਿੰਨ ਨੇ ਹੁਣ ਬਹੁਤੇ ਨਵੇਂ ਕਹਾਣੀਕਾਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਉਹ ਇਹ ਸੋਚਦੇ ਹਨ ਕਿ ਜੇ ਉਨ੍ਹਾਂ ਇਸਤਰੀ-ਮਰਦ ਸੰਬੰਧੀ ਕੋਈ ਕਹਾਣੀ ਨਾ ਲਿਖੀ ਤਾਂ ਉਹਨਾਂ ਵੱਲ ਕਿਸੇ ਦਾ ਧਿਆਨ ਨਹੀਂ ਜਾਏਗਾ। ਇਸੇ ਲਈ ਉਹ ਇਸਤਰੀ-ਮਰਦ ਦੇ ਆਪਸੀ ਸੰਬੰਧਾਂ ਦੀ ਆੜ ਵਿੱਚ 'ਸੈਕਸ' ਨੂੰ ਪਰੋਸ ਰਹੇ ਹਨ, ਜਿਸ ਵਿੱਚ ਭੋਗਵਾਦੀ ਪ੍ਰਵਿਰਤੀ ਵਧੇਰੇ ਫੋਕਸ ਹੁੰਦੀ ਦਿਖਾਈ ਦੇਂਦੀ ਹੈ। ਸਿਰਫ਼ ਸੈਕਸ ਸੰਬੰਧੀ ਛਪਦੀਆਂ ਪੁਸਤਕਾਂ ਦੀ ਅਸਲ ਥਾਂ ਸੜਕ ਤੇ ਵਿਕਦੀਆਂ ਸਸਤੀਆਂ ਤੇ ਚੋਰੀ-ਛੁਪੇ ਵਿਕਦੀਆਂ ਪੁਸਤਕਾਂ ਹੀ ਹੁੰਦੀ ਹੈ। ਸੈਕਸ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ, ਇਸਨੂੰ ਜ਼ਿੰਦਗੀ ਜਾਂ ਸਾਹਿਤ ਜਾਂ ਕਿਸੇ ਵੀ ਕਲਾ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ, ਪਰ ਇਸ ਨੂੰ ਹੀ ਜ਼ਿੰਦਗੀ ਤੇ ਸਾਹਿਤ ਮੰਨ ਲਿਆ ਜਾਵੇ, ਇਹ ਨਹੀਂ ਹੋ ਸਕਦਾ। ਇਹ ਵਿਸ਼ਾ ਐਨਾ ਜਟਿਲ ਹੈ ਕਿ ਐਨੀਆਂ ਸਦੀਆਂ ਮਗਰੋਂ ਵੀ ਅਜੇ ਤੱਕ ਇਸ ਨੂੰ ਪੂਰੀ ਤਰ੍ਹਾਂ ਸਮਝਣ ਦਾ ਦਾਅਵਾ ਕਿਸੇ ਵੱਲੋਂ ਨਹੀਂ ਕੀਤਾ ਗਿਆ।

ਲੇਕਿਨ ਅੱਜ ਦੀ ਮਿਲਦੀ ਕਹਾਣੀ ਵਿੱਚ ਇਸ ਨੂੰ ਬੜਾ ਸੌਖਾ ਮੰਨਿਆ ਜਾ ਰਿਹਾ ਹੈ। ਕਿਸੇ ਵੀ ਨਜ਼ਦੀਕੀ ਜਾਂ ਸ਼ਰੀਕੇਦਾਰੀ ਦੇ ਰਿਸ਼ਤੇ ਵਿੱਚ ਇਸਤਰੀ-ਮਰਦ ਦੇ ਸੰਬੰਧਾਂ ਨੂੰ ਪੇਸ਼ ਕਰ ਦੇਣਾ ਤੇ ਸਮਝਣਾ ਕਿ ਪੜ੍ਹਨ ਵਾਲੇ ਸਮਝਣ ਕਿ ਲੇਖਕ ਨੇ ਕੋਈ ਗੰਭੀਰ ਮਨੋਗੁੰਥੀ ਪੇਸ਼ ਕਰ ਦਿੱਤੀ ਜਾਂ ਮਨੁੱਖੀ ਮਨ ਦੀ ਕੋਈ ਅੰਤਰ-ਦਵੰਦਤਾ ਪੇਸ਼ ਕਰ ਦਿੱਤੀ। ਇਹ ਕਿਵੇਂ ਸੰਭਵ ਹੈ। ਜਿੰਨੀ ਦੇਰ ਤੱਕ ਕਹਾਣੀ ਦੇ ਕੇਂਦਰ ਵਿੱਚ ਕੋਈ ਵਿਚਾਰ ਜਾਂ ਮੁੱਦੇ ਨਾਲ ਜੁੜਿਆ ਥੀਮ ਨਹੀਂ ਹੋਏਗਾ, ਉਹ ਕਹਾਣੀ ਇਸਤਰੀ-ਮਰਦ ਦੇ ਨੇੜਲੇ ਸੰਬੰਧਾਂ ਦੀ ਦੁਹਾਈ ਨਹੀਂ ਦੇ ਸਕੇਗੀ। ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ।

ਦਲਿਤ ਚੇਤੰਨਤਾ ਹੋਣੀ ਚਾਹੀਦੀ ਹੈ। ਸਦੀਆਂ ਮਗਰੋਂ ਜੇ ਇਹ ਚੇਤੰਨਤਾ ਆਈ ਹੈ ਤਾਂ ਇਸ ਦਾ ਸਵਾਗਤ ਕਰਨਾ ਚਾਹੀਦਾ ਹੈ। ਪਰ ਕੀ ਇਸ ਤਰ੍ਹਾਂ ਨਹੀਂ ਲੱਗਦਾ ਕਿ ਇਸ ਤਰ੍ਹਾਂ ਦਲਿਤ ਚੇਤੰਨਤਾ ਦਾ ਝੰਡਾ ਚੁੱਕਣ ਵਾਲੇ ਆਪਣਾ ਵੱਖਰਾ ਹੀ ਗਰੁੱਪ ਬਣਾਈ ਬੈਠੇ ਹਨ। ਐਨੀ ਸਦੀਆਂ ਤੋਂ ਉਹ ਵੱਖਰੇ ਰਹਿਣ ਦਾ ਦੰਸ਼ ਹੀ ਭੋਗਦੇ ਆਏ ਹਨ ਹੁਣ ਉਹ ਫਿਰ ਮੁੱਖ ਧਾਰਾ ਤੋਂ ਪਰ੍ਹੇ ਜਾ ਕੇ ਆਪਣੀ ਪਛਾਣ ਬਣਾਉਣ ਵੱਲ ਰੁਚਿਤ ਨਜ਼ਰ ਆ ਰਹੇ ਹਨ। ਦਲਿਤ ਲੇਖਕ ਆਪਣੇ ਅਨੁਭਵਾਂ, ਆਪਣੇ ਦੁੱਖਾਂ ਦਾ ਜੰਮ-ਜੰਮ ਪ੍ਰਗਟਾਵਾ ਕਰਨ, ਆਪਣੀ ਚੇਤੰਨਤਾ ਵੀ ਦਰਸਾਉਣ, ਆਪਣੇ ਰੋਸੇ ਵੀ ਦੱਸਣ। ਪਰ ਉਨ੍ਹਾਂ ਦੇ ਆਲੇ-ਦੁਆਲੇ ਹੋਰ ਵੀ ਜੋ ਨਵਾਂ ਵਾਪਰ ਰਿਹਾ ਹੈ, ਉਸ ਨੂੰ ਅਣਵੇਖਿਆ ਨਾ ਕਰਨ। ਇਸ 'ਚੇਤੰਨਤਾ' ਲਫਜ਼ ਵਿੱਚ ਵਿਸ਼ਾਲਤਾ ਲੈ ਆਉਣ ਇਸ ਨੂੰ ਸਿਰਫ਼ 'ਦਲਿਤ' ਨਾਲ ਹੀ ਜੋੜ ਕੇ ਨਾ ਸਮਝਣ।

ਚੌਥੀ ਪੀੜ੍ਹੀ ਦੀ ਕਹਾਣੀ ਬਾਬਤ ਜੋ ਚਰਚਾ ਅਰੰਭੀ, ਉਸ ਵਿਚ ਉਭਰਦੇ ਪੱਖਾਂ ਉਤੇ ਰੋਸ਼ਨੀ ਪਾਉਣ ਦਾ ਯਤਨ ਕੀਤਾ। ਇਹ ਪੱਖ ਚੰਗੇ ਵੀ ਹਨ ਤੇ ਮਾੜੇ ਵੀ। ਗੁਣ ਵੀ ਹਨ, ਕਮੀਆਂ ਵੀ ਹਨ, ਸੰਭਾਵਨਾਵਾਂ ਵੀ ਹਨ....। ਇਸ ਲਈ ਜਿੱਥੇ ਸੰਭਾਵਨਾ ਦੀ ਉਮੀਦ ਕਾਇਮ ਰਹੇ, ਉਥੇ ਫਿਕਰ ਦੀ ਲੋੜ ਨਹੀਂ ਹੁੰਦੀ, ਹਾਂ, ਥੋੜ੍ਹਾ ਜਿਹਾ ਚੌਕੰਨਾ ਹੋਣ ਦੀ ਲੋੜ ਜ਼ਰੂਰ ਹੁੰਦੀ ਹੈ। ਮੈਂ ਤਾਂ ਮੰਨਦੀ ਹਾਂ ਕਿ ਜੇ ਦੱਸ ਕਹਾਣੀਆਂ ਮਾੜੀਆਂ ਪੜ੍ਹਨ ਨੂੰ ਮਿਲਦੀਆਂ ਹਨ, ਉਥੇ ਇਕ ਚੰਗੀ ਕਹਾਣੀ ਰੂਹ ਦੀ ਖੁਰਾਕ ਬਣ ਜਾਂਦੀ ਹੈ। ਇਹ ਚੱਕਰ ਨਿਰੰਤਰ ਇੰਜ ਹੀ ਚਲਦੇ ਰਹਿਣਾ ਚਾਹੀਦਾ ਹੈ....ਜ਼ਿੰਦਗੀ ਵਾਂਗੂ, ਕੁਦਰਤ ਵਾਂਗੂ। ਬਦਲਾਵ ਤਾਂ ਆਉਂਦੇ ਹੀ ਰਹਿੰਦੇ ਹਨ, ਆਉਂਦੇ ਰਹਿਣੇ ਚਾਹੀਦੇ ਹਨ ਤਾਂ ਕਿ ਕਿੱਧਰੇ ਵੀ ਖੜੋਤ ਨਾ ਆਏ, ਨਾ ਜ਼ਿੰਦਗੀ ਵਿੱਚ ਤੇ ਨਾ ਹੀ ਜ਼ਿੰਦਗੀ ਦਾ ਝਾਵਲਾ ਪਾਉਂਦੇ ਸਾਹਿਤ ਵਿੱਚ।

## 'ਬਿਨਾਂ ਵਜ੍ਹਾ ਤਾਂ ਨਹੀਂ' ਦਾ ਕਹਾਣੀ-ਸ਼ਾਸਤਰ/ਡਾ. ਰਮਿੰਦਰ ਕੌਰ (21.6.1961)

*ਕਹਾਣੀ-ਸ਼ਾਸਤਰ ਤੋਂ ਭਾਵ ਅਰਥ-ਸਿਰਜਣ ਦੀ ਕਲਾਤਮਿਕ ਪ੍ਰਕਿਰਿਆ ਤੋਂ ਹੈ। ਇਸ ਕਹਾਣੀ ਵਿਚ ਅਰਥਾਂ ਦੀ ਸਿਰਜਣਾ ਕਿਵੇਂ ਦੇ ਕਲਾ ਨੇਮਾਂ ਰਾਹੀਂ ਹੋਈ ਹੈ? ਇਸ ਲੇਖ ਵਿਚ ਅਜੇਹਾ ਜਾਣਨ ਦੀ ਕੋਸ਼ਿਸ਼ ਕੀਤੀ ਜਾਵੇਗੀ।*

ਇਹ ਕਹਾਣੀ ਟੈਲੀਫਿਲਮ ਵਜੋਂ ਪੇਸ਼ ਹੋਈ ਹੈ ।ਫਿਲਮ ਸ਼ੁਰੂ ਕਰਨ ਤੋਂ ਪਹਿਲਾਂ ਫਿਲਮਕਾਰ ਦੁਚਿੱਤੀ ਵਿਚ ਹੈ ।ਕਹਾਣੀ ਕਿਸ ਐਪੀਸੋਡ ਤੋਂ ਸ਼ੁਰੂ ਹੋਵੇ ? ਕਹਾਣੀਕਾਰ ਕਹਾਣੀ ਦੇ ਸ਼ੁਰੂ ਅਤੇ ਅੰਤ ਬਾਰੇ ਸਪੱਸ਼ਟ ਹੈ ।ਪਰ ਵਿਚ-ਵਿਚਾਲੇ ਸੰਬੰਧੀ ਦੁਬਿਧਾ ਹੈ ।ਏਵੇਂ, ਜਿਵੇਂ ਬੰਦੇ ਦਾ ਜਨਮ-ਮਰਨ (ਆਉਣ-ਜਾਣ) ਤਾਂ ਸਪੱਸ਼ਟ ਹੈ ਪਰ ਜੀਵਨ ਨਹੀਂ ।ਸ਼ੁਰੂ ਨੇ ਅੰਤ ਤੱਕ ਕਿਵੇਂ ਜਾਣਾ ਹੈ ? ਇਹ ਜੀਵਨ ਦੀ ਸਮੱਸਿਆ ਹੈ ।ਅਜੇਹੀ ਹੀ ਸਮੱਸਿਆ ਕਹਾਣੀਕਾਰ ਦੀ ਹੈ ।ਸਾਹਿਤਕਾਰੀ ਜੀਵਨ ਵਰਗੀ ਹੀ ਹੈ ।ਕਹਾਣੀਕਾਰ ਦਾ ਇਹ ਮੰਨਣਾ ਹੈ ਕਿ ਇਸ ਵਿਚ ਬਹੁਤ ਕੁਝ ਸੁਚੇਤ ਨਹੀਂ ਅਚੇਤ ਵੀ ਹੈ ।ਲੇਖਕ ਆਪਣੀ ਕਲਾਕਾਰੀ ਬਾਰੇ ਦੱਸਦਾ ਵੀ ਹੈ ਤੇ ਇਸ ਦੇ ਖੁਦ ਰੁਬਰੂ ਵੀ ਹੈ ।ਇਸ ਕਹਾਣੀ ਦੇ ਪੰਜ ਐਪੀਸੋਡ ਦੱਸੇ ਗਏ ਹਨ ।ਪੰਜ ਦੇ ਕੋਈ ਖਾਸ ਅਰਥ ਜਾਪਦੇ ਹਨ ।ਬੰਦਾ ਪੰਜ ਤੱਤਾਂ ਦਾ ਪੁਤਲਾ ਮੰਨਿਆ ਜਾਂਦਾ ਹੈ ।ਹਰ ਤੱਤ ਦਾ ਆਪਣਾ ਵਿਸ਼ੇਸ਼ ਮਹੱਤਵ ਹੈ ।ਬੰਦੇ ਦੀ ਬਣਤਰ ਇਕਹਰੀ ਨਹੀਂ ਬਹੁ-ਤੱਤੀ ਹੈ ।ਜੀਵਨ ਲਈ ਪੰਜ ਖੰਡ ਬਹੁਤ ਅਹਿਮ ਮੰਨੇ ਗਏ ਹਨ, ਜਿਵੇਂ ਜਪੁਜੀ ਸਾਹਿਬ ਵਿਚ ।ਕਈ ਵਾਰ ਕਈ ਵੇਰਵੇ ਅਚੇਤ ਹੀ ਰਚਨਾ ਵਿਚ ਆਣ ਟਿਕਦੇ ਹਨ ।ਇਹ ਪੰਜ ਦਾ ਗਣਿਤ ਬੰਦੇ ਦੀ ਬਹੁ-ਭਾਂਤੀ ਸੰਰਚਨਾ ਸੰਬੰਧੀ ਕੋਈ ਸੰਕੇਤ ਜਾਪਦਾ ਹੈ ।

ਇਹ ਟੈਲੀਫਿਲਮ ਫਲੈਸ਼-ਬੈਕ ਦੀ ਜੁਗਤ ਨਾਲ ਆਰੰਭ ਹੁੰਦੀ ਹੈ ।ਅਖੀਰਲੇ ਪਾਸੇ ਵਿਚੋਂ ਕੁਝ ਪਹਿਲਾਂ ਵਿਖਾਇਆ ਜਾਂਦਾ ਹੈ ।ਇਸ ਦੀ ਸ਼ੁਰੂਆਤ ਫੋਨ ਕਰਨ ਸੰਬੰਧੀ ਹੈ ।ਫੋਨ ਰਾਹੀਂ ਧੀਆਂ ਨਾਲ ਕੋਈ ਖੁਸ਼ੀ ਸਾਂਝੀ ਕਰਨ ਦਾ ਵਲਵਲਾ ਹੈ ।ਇਹ ਖੁਸ਼ੀ ਕਾਹਦੀ ਹੈ ? ਧੀਆਂ ਨੂੰ ਫੋਨ ਕਰਨ ਵਿਚ ਸੰਕੋਚ ਕਿਉਂ ਹੈ ? ਇਸ ਸੰਬੰਧੀ ਰਹੱਸ ਸਿਰਜਿਆ ਗਿਆ ਹੈ ।ਇਸ ਵਿਚ ਪਾਤਰ ਸੰਕੋਚ ਵਿਚ ਹਨ ।ਸ਼ਾਇਦ ਕੋਈ ਫੈਸਲਾ ਲੈਣ ਵਿਚ ਦੁਚਿੱਤੀ ਹੈ ।ਇਹ ਕਹਾਣੀ ਫਿਲਮਾਈ ਗਈ ਹੈ ।ਪਰ ਇਹ ਫਿਲਮੀ ਫਾਰਮੂਲੇ ਤੋਂ ਬਿਲਕੁਲ ਵੱਖਰੀ ਹੈ ।ਸਾਡੀਆਂ ਬੌਲੀਵੁਡ ਮਾਰਕਾ ਫਿਲਮਾਂ ਰੌਲਾ-ਪ੍ਰਧਾਨ ਹਨ ।ਇਸ ਟੈਲੀ ਫਿਲਮ ਵਿਚ ਸ਼ੋਰ ਨਹੀਂ ਹੈ ।ਇਹ ਕਹਾਣੀ ਸਹਿਜਤਾ ਦੇ ਕਲਾ-ਸ਼ਾਸਤਰ ਵਿਚ ਬੱਝੀ ਵਿਖਾਈ ਦੇਂਦੀ ਹੈ ।ਇਸ ਦੇ ਸ਼ੁਰੂਆਤ ਵਿਚ ਬੁਝਾਰਤ ਸਿਰਜੀ ਗਈ ਹੈ ।ਸਾਹਿਤਕਾਰੀ ਸਿੱਧਾ, ਸਪੱਸ਼ਟ ਜਾਂ ਇਕਹਰਾ ਅਰਥ ਹੁੰਦੀ ਹੀ ਨਹੀਂ ਹੈ ।ਇਸ ਵਿਚ ਸੰਦੇਸ਼ ਢੱਕਿਆ ਹੁੰਦਾ ਹੈ ।ਇਹ ਕਹਾਣੀ ਬਿਲਕੁਲ ਹੀ ਧੀਮੀ ਸੁਰ ਵਾਲੀ ਹੈ ।ਕਹਾਣੀ ਵਿਚ ਪਾਤਰ ਬੋਲਦੇ ਘੱਟ ਹਨ ਪਰ ਇਕ ਦੂਜੇ ਨੂੰ ਨਿਹਾਰਦੇ ਵਧੇਰੇ ਹਨ ।ਪਤਨੀ ਦੀ ਚੁੱਪ ਤੋਂ ਪਤੀ ਜਾਣੂ ਹੈ ।"ਹੁਣ ਇਹਨੇ ਨਹੀਂ ਬੋਲਣਾ ।ਘੰਟਾ, ਦੋ ਘੰਟੇ ਜਾਂ ਸਾਰੀ ਰਾਤ ਵੀ ।" ਥੋੜ੍ਹੀ ਗੱਲ ਵਿਚ ਸੰਕੇਤ ਜ਼ਿਆਦਾ ਆ ਗਏ ਹਨ ।ਪਾਤਰਾਂ ਦਾ ਸੁਭਾਅ ਕਹਾਣੀ ਦੇ ਕਲਾ-ਸ਼ਾਸਤਰ ਮੁਤਾਬਕ ਹੈ ।ਕਹਾਣੀ ਵਿਚ ਗੱਲ ਥੋੜ੍ਹੀ ਦੱਸੀ ਜਾਂਦੀ ਹੈ ।ਵਧੇਰੇ ਗੱਲ ਆਪ ਸਮਝਣੀ ਪੈਂਦੀ ਹੈ ।ਦੋਨੋਂ ਪਾਤਰ ਥੋੜ੍ਹਾ ਪਰ ਅਰਥ ਭਰਪੂਰ ਬੋਲਦੇ ਹਨ ।ਕਲਾਕਾਰੀ ਵਿਚ ਫਜ਼ੂਲ ਜਾਂ ਵਾਧੂ ਦੀ ਗੁੰਜਾਇਸ਼ ਹੁੰਦੀ ਹੀ ਨਹੀਂ ਹੈ ।ਕਿਸੇ ਖੁਸ਼ੀ ਬਾਰੇ, ਫੋਨ ਕਰਨ ਤੇ ਚੁੱਪ ਸੰਬੰਧੀ ਵੇਰਵੇ ਆ ਚੁੱਕੇ ਹਨ ।ਪਰ ਇਨ੍ਹਾਂ ਦੀ ਵਜ੍ਹਾ ਅਜੇ ਭੇਤ ਵਿਚ ਹੈ ।ਬਿਨਾ ਵਜ੍ਹਾ ਤਾਂ ਕੁਝ ਵੀ ਵਾਪਰਦਾ ਨਹੀਂ ਹੈ ।ਫਿਰ ਗਿਆਨੋ ਨੂੰ ਦੌਰੇ ਪੈਣ ਦਾ ਜ਼ਿਕਰ ਹੈ ।ਇਹ ਦੌਰਾ ਪਹਿਲੀ ਵਾਰ ਬੱਬੇ ਦੀ ਲਾਸ਼ ਵੇਖ ਕੇ ਪੈਂਦਾ ਹੈ ।ਬੱਬੇ ਦਾ ਹੋਰਨਾਂ ਨਾਲ ਰਿਸ਼ਤਾ ਕੀ ਹੈ ? ਇਸ ਤਰ੍ਹਾਂ ਬਿਰਤਾਂਤ ਨੂੰ ਜਾਣਨ ਸੰਬੰਧੀ ਹੋਰ ਉਤਸੁਕਤਾ ਜਾਗਦੀ ਹੈ ।ਦੁਰਗਾ ਦਾਸ (ਪਤੀ) ਨੂੰ ਪਤਨੀ (ਗਿਆਨੋ) ਦੇ ਅਜੇਹੇ ਚੁੱਪ



ਵਾਲੇ ਵਿਹਾਰ ਤੋਂ ਡਰ ਲੱਗਦਾ ਹੈ ।ਬੀਤੇ ਦੇ ਸਦਮੇ ਤਹਿਤ ਗਿਆਨੋ ਕਦੇ-ਕਦੇ ਢੇਰੀ ਢਾਹ ਬਹਿੰਦੀ ਹੈ ।ਵਰਤਮਾਨ ਉੱਤੇ ਬੀਤ ਗਏ ਦਾ ਗਹਿਰਾ ਪ੍ਰਭਾਵ ਹੈ ।ਚੇਤਨ ਉਤੇ ਅਵਚੇਤਨ ਦੀ ਛਾਪ ਹੈ ।

ਪਤੀ-ਪਤਨੀ ਦੁੱਖ ਵਿਚ ਹਨ ।ਪਰ ਇਸ ਵਿਚੋਂ ਨਿਕਲਣ ਲਈ ਯਤਨਸ਼ੀਲ ਵੀ ਹਨ ।ਇਹ ਇਕ ਦੂਜੇ ਨੂੰ ਮਾਨਸਿਕ ਧਰਵਾਸ ਦੇਂਦੇ ਹਨ ।ਧਰਵਾਸ ਜਾਂ ਆਸਰੇ ਦੇਣ ਦੀ ਵਿਸ਼ੇਸ਼ ਕਲਾ-ਜੁਗਤ ਹੈ ।ਇਹ ਜੁਗਤ ਅੰਤਰ-ਪਾਠ ਵਜੋਂ ਹੈ।ਕਹਾਣੀ ਅੰਦਰ ਕਹਾਣੀਆਂ ਹਨ ।ਜਿਵੇਂ ਬੰਦੇ ਅੰਦਰ ਬੰਦੇ ।ਇਸ ਦਾ ਬਿਰਤਾਂਤ ਇਕਹਰਾ ਨਹੀਂ ਅੰਤਰ-ਪਾਠਤਾ ਨਾਲ ਭਰਪੂਰ ਹੈ ।ਇਹ ਅੰਤਰ-ਪਾਠ ਸਾਖੀ ਰੂਪ ਵਿਚ ਹੈ ।ਦੁਰਗਾ ਦਾਸ ਸਾਖੀ ਰਾਹੀਂ ਗਿਆਨੋ ਨੂੰ ਢਾਰਸ ਦੇਂਦਾ ਹੈ ।ਇਹ ਸਾਖੀ ਬਾਬੇ ਨਾਨਕ ਤੇ ਮਰਦਾਨੇ ਸੰਬੰਧੀ ਹੈ ।ਇਸ ਦਾ ਇਕ ਧਾਰਮਿਕ ਪਹਿਲੂ ਹੈ ।ਕਿਉਂਕਿ, ਬਾਬਾ ਨਾਨਕ ਸਿੱਖ ਪਰੰਪਰਾ ਦਾ ਆਦਿ ਗੁਰੂ ਹੈ ।ਪਰ ਉਸ ਨਾਲ ਸੰਬੰਧਿਤ ਸਾਖੀਆਂ ਦਾ ਖਾਸਾ ਮਿਥਕ ਰੂਪ ਵਾਲਾ ਹੈ ।ਭਾਵ ਮਿਥਿਆ ਹੋਇਆ ਸੱਚ ।ਏਵੇਂ ਹੀ, ਜਿਵੇਂ ਸਾਹਿਤ ਤੱਥਾਂ ਤੇ ਕਲਪਨਾ ਦਾ ਸੁਮੇਲ ਹੁੰਦਾ ਹੈ ।ਧਰਮ, ਮਿਥਿਹਾਸ ਤੇ ਲੋਕ ਸਿਆਣਪ ਸਾਖੀ ਵਿਚ ਇਕਮਿਕ ਹੈ ।ਮਰਦਾਨਾ ਗੁਰੂ ਸਾਹਿਬ ਨੂੰ 'ਸੱਚ' ਤੇ 'ਝੂਠ' ਬਾਰੇ ਸਵਾਲ ਕਰਦਾ ਹੈ ।ਗੁਰੂ ਸਾਹਿਬ ਸਿੱਧਾ ਜਵਾਬ ਨਹੀਂ ਦੇਂਦੇ ਹਨ।ਸਾਹਿਤ ਵਿਚ ਸਵਾਲਾਂ ਦਾ ਸਿੱਧਾ ਸਪਾਟ ਉੱਤਰ ਹੁੰਦਾ ਹੀ ਨਹੀਂ ਹੈ।ਅੰਤਰ-ਪਾਠ ਰੂਪੀ ਵੇਰਵੇ ਵੀ ਕਹਾਣੀ ਦੇ ਕਲਾ-ਸ਼ਾਸਤਰ ਮੁਤਾਬਕ ਹਨ ।ਗੁਰੂ ਸਾਹਿਬ ਮਰਦਾਨੇ ਨੂੰ ਦੋ ਪੈਸੇ ਦੇਂਦੇ ਹਨ ।ਮੂਲੇ ਖਤਰੀ ਤੋਂ ਇਕ ਪੈਸੇ ਦਾ ਸੱਚ ਤੇ ਇਕ ਪੈਸੇ ਦਾ ਝੂਠ ਖਰੀਦਣ ਲਈ ਕਿਹਾ ਜਾਂਦਾ ਹੈ ।ਮੂਲਾ ਦੋ ਪੁੜੀਆਂ ਬੰਨ੍ਹ ਦੇਂਦਾ ਹੈ ।ਮਰਦਾਨੇ ਨੂੰ ਵਸਤ ਮਿਲੀ ਤਾਂ ਹੈ ਪਰ ਪੁੜੀਆਂ ਰੂਪ ਵਿਚ ।ਏਵੇਂ ਹੀ ਪਾਠਕ ਨੂੰ ਸਾਹਿਤਕ ਪੁੜੀ ਵਿਚੋਂ ਸੱਚ ਖੋਜਣਾ ਪੈਂਦਾ ਹੈ। ਇਕ ਪੁੜੀ ਵਿਚ 'ਮਰਨਾ ਸੱਚ' ਤੇ ਦੂਜੀ ਵਿਚ 'ਜਿਊਣਾ ਝੂਠ' ਲਿਖਿਆ ਮਿਲਦਾ ਹੈ ।ਦੋਨੋਂ ਪੁੜੀਆਂ ਦੇ ਅਰਥ ਇਕ ਹਨ ।ਇਕ ਸੱਚ ਨੂੰ ਜਾਣਨ ਦੇ ਇਕ ਤੋਂ ਵੱਧ ਤਰੀਕੇ ਹਨ ।ਦੋਨੋਂ ਸਵਾਲਾਂ ਦੇ ਜਵਾਬ ਇਕੋ ਅਰਥ ਵਾਲੇ ਹਨ ।ਜੀਵਨ ਨਾਸ਼ਵਾਨ ਹੈ ।ਮਰਨਾ ਜਾਂ ਚਲੇ ਜਾਣਾ ਹੀ ਅੰਤਮ ਸੱਚ ਹੈ ।ਗਿਆਨੋ ਨੂੰ ਵੀ ਅਜੇਹੇ ਮਨੋਬਲ ਨਾਲ ਜੁੜਣ ਦੀ ਪ੍ਰੇਰਣਾ ਹੈ ।ਸਾਹਿਤ ਜਾਂ ਗਿਆਨ ਦੁੱਖਾਂ ਵਾਲਿਆਂ ਲਈ ਵਰਚਾਉਣ ਦੀ ਲੀਲਾ ਹੀ ਹੈ ।ਇਸ ਨੇ ਦੁੱਖਾਂ ਤੋਂ ਛੁਟਕਾਰਾ ਨਹੀਂ ਢਾਰਸ ਦੇਣੀ ਹੈ ।ਇਹ ਢਾਰਸ ਸਮਝ ਜਾਂ ਰਮਜ਼ ਦੇ ਰੂਪ ਵਾਲੀ ਹੈ ।

ਪਹਿਲਾਂ ਜੀਵਨ ਦੀ ਨਾਸ਼-ਮਾਨਤਾ ਦਾ ਜ਼ਿਕਰ ਹੈ ।ਹੁਣ ਗਿਆਨੋ ਆਪਣੀ ਕਥਾ ਰਾਹੀਂ ਮੌਤ ਨੂੰ ਅਟੱਲ ਹੋਣੀ ਵਜੋਂ ਦਸਦੀ ਹੈ ।ਇਹ ਕਥਾ ਰਾਜੇ ਤੇ ਸੱਪ ਸੰਬੰਧੀ ਹੈ ।ਰਾਜ ਜੋਤਸ਼ੀ ਦੀ ਭਵਿੱਖਬਾਣੀ ਮੁਤਾਬਕ ਰਾਜੇ ਦੀ ਮੌਤ ਸੱਪ ਲੜਨ ਨਾਲ ਹੋਣੀ ਹੈ ।ਰਾਜੇ ਵਲੋਂ ਬਚਾਅ ਲਈ ਵੱਡੇ ਪ੍ਰਬੰਧ ਕੀਤੇ ਜਾਂਦੇ ਹਨ ।ਇਕ ਸੁਰੱਖਿਅਤ ਕਿਸ਼ਤੀ ਬਣਾਈ ਜਾਂਦੀ ਹੈ ।ਰਾਜੇ ਨੂੰ ਵਜ਼ੀਰ ਫੁੱਲਾਂ ਦਾ ਗੁਲਦਸਤਾ ਭੇਂਟ ਕਰਦਾ ਹੈ ।ਇਸ ਗੁਲਦਸਤੇ ਵਿਚ ਬੈਠੇ ਸੱਪ ਦੇ ਲੜਨ ਨਾਲ ਰਾਜਾ ਮਰ ਜਾਂਦਾ ਹੈ ।ਹੋਣੀ ਅਟੱਲ ਵਾਪਰਦੀ ਹੈ ।ਤੁਸੀਂ ਦੁੱਖਾਂ ਜਾਂ ਮੁਸੀਬਤਾਂ ਵਿਰੁੱਧ ਪ੍ਰਬੰਧ ਜਾਂ ਸੰਘਰਸ਼ ਤਾਂ ਕਰ ਸਕਦੇ ਹੋ, ਪਰ ਮੁਕੰਮਲ ਬਚਾਅ ਸੰਭਵ ਨਹੀਂ ਹੈ ।ਜੀਵਨ ਬਚਾਅ ਲਈ ਸਿਰਫ਼ ਸੰਘਰਸ਼ ਦੀ ਗਾਥਾ ਹੈ, ਜਿੱਤ ਦੀ ਨਹੀਂ ।ਜਿੱਤ ਜਾਂ ਸਫ਼ਲਤਾ ਜੀਵਨ ਦਾ ਉਦੇਸ਼ ਹੋ ਸਕਦਾ ਹੈ ਪਰ ਇਹ ਵੱਡਾ ਸੰਭਾਵੀ ਸੱਚ ਨਹੀਂ ਹੈ ।ਸਾਹਿਤ ਨੇ ਜਿਊਣ ਪ੍ਰਤੀ ਆਸਰਾ ਹੀ ਦੇਣਾ ਹੈ ।ਜਿਵੇਂ ਪਤੀ-ਪਤਨੀ ਸਾਖੀਆਂ ਰਾਹੀਂ ਇਕ ਦੂਜੇ ਨੂੰ ਮਾਨਸਿਕ ਆਸਰੇ ਦੇਂਦੇ ਹਨ ।ਦੁੱਖ ਜਾਂ ਸੰਕਟ ਤਾਂ ਫੁੱਲਾਂ ਵਿਚੋਂ ਵੀ ਨਿਕਲ ਸਕਦਾ ਹੈ ।ਪਰਜਾ ਹੀ ਨਹੀਂ ਰਾਜਾ ਵੀ ਸੰਕਟ ਵਿਚ ਹੈ ।ਅਜੇਹਾ ਸੱਚ ਹੀ ਹਰੀਸ਼ ਚੰਦਰ - ਤਾਰਾਮਤੀ ਦੀ ਕਥਾ ਵਿਚ ਹੈ ।ਇਹ ਕਥਾ ਵੀ ਰਾਜਾ ਦੇ ਰੰਕ ਬਣ ਜਾਣ ਸੰਬੰਧੀ ਹੈ ।ਤਬਦੀਲੀ ਵਾਪਰਦੀ ਹੀ ਹੈ ।ਇਹ ਕੁਦਰਤੀ ਨੇਮ ਵਾਂਗ ਅਟੱਲ ਹੈ ।ਕਹਾਣੀ ਛੋਟੇ-ਵੱਡੇ ਤੋਂ ਹਟ ਕੇ ਕਿਸੇ ਅਟੱਲ ਫਲਸਫ਼ੇ ਦਾ ਸੰਕੇਤ ਦੇਂਦੀ ਹੈ ।ਇਹ ਸਾਖੀ ਗਿਆਨੋ ਦੀ ਆਪਣੀ ਨਹੀਂ ਹੈ ।ਇਹ ਉਸ ਨੂੰ ਇਕ ਸੌ ਦੱਸ ਨੰਬਰ

ਵਾਲੀ (ਗੁਆਂਢਣ) ਨੇ ਸੁਣਾਈ ਸੀ ।ਹੁਣ ਗਿਆਨੋ ਅੱਗੇ ਵਰਤਾ ਰਹੀ ਹੈ ।ਗਿਆਨ ਕਿਸੇ ਇਕ ਦੀ ਜਾਗੀਰ ਜਾਂ ਮਲਕੀਅਤ ਨਹੀਂ ਹੈ । ਇਹ ਵੱਖ-ਵੱਖ ਹੱਥਾਂ ਵਿਚ ਗੁਜ਼ਰਦਾ, ਨਿਖਰਦਾ ਤੇ ਬਿਖਰਦਾ ਹੈ ।ਅਜੇਹੇ ਸਾਖੀ ਰੂਪੀ ਅੰਤਰ-ਪਾਠ ਬਿਰਤਾਂਤ ਵਿਚ ਸੰਘਣਨ ਪੈਦਾ ਕਰਦੇ ਹਨ ।ਇਸ ਕਹਾਣੀ ਵਿਚ ਬਣਤਰ ਨਾਲੋਂ ਬੁਣਤੀ 'ਤੇ ਵਿਸ਼ੇਸ਼ ਬਲ ਹੈ ।ਕਹਾਣੀ ਆਪਣੇ ਸੁਭਾਅ ਕਰਕੇ ਨਿੱਕੀ ਹੈ ।ਪਰ ਇਸ ਦੇ ਸੰਕੇਤ ਤੇ ਅਰਥ ਨਿੱਕੇ ਨਹੀਂ ਹਨ ।ਜੀਵਨ ਸੰਬੰਧੀ ਸੱਚ ਵੱਡੇ ਹਨ ।ਬੰਦਾ ਛੋਟਾ ਹੈ ।ਜੀਵਨ ਨਾਸ਼ਮਾਨ ਵੀ ਹੈ ਤੇ ਦੁੱਖਾਂ ਨਾਲ ਭਰਪੂਰ ਵੀ ।ਹੋਣੀ ਦੀ ਹਨ੍ਹੇਰੀ ਅੱਗੇ ਬੰਦਾ ਤੀਲਾ ਹੀ ਹੈ । ਇਹ ਕਹਾਣੀ ਨਿੱਕੇ ਵੇਰਵਿਆਂ ਵਿਚ ਵੱਡੀ ਰਮਜ ਹੈ । ਇਹ ਰਮਜ਼ ਕਿਸੇ ਸਰਬ-ਵਿਆਪਕ ਸੱਚਾਈ ਵਰਗੀ ਹੈ ।

ਦੁਰਗਾ ਦਾਸ ਮੋਚੀ ਹੈ । ਗਿਆਨੋ ਹੋਰਨਾਂ ਦੇ ਘਰਾਂ ਵਿਚ ਕੰਮ ਕਰਦੀ ਹੈ ।ਇਹ ਦੋਨੋਂ ਸਾਧਾਰਨ ਪਾਤਰ ਹਨ ।ਇਹ ਇਕਹਰੇ ਸੁਭਾਵ ਵਾਲੇ ਨਹੀਂ ਹਨ ।ਇਨ੍ਹਾਂ ਪਾਤਰਾਂ ਦੀ ਮਨੋਸਥਿਤੀ ਬਹੁ-ਪਰਤੀ ਹੈ ।ਸਾਧਾਰਨ ਤੋਂ ਸਾਧਾਰਨ ਬੰਦਾ ਵੀ ਜਟਿਲ ਹੈ ।ਪਰੰਪਰਕ ਸੰਸਕਾਰ ਵੀ ਹਨ ।ਲੋਭ-ਲਾਲਚ ਵੀ ਹਨ ।ਛੋਟੇ ਤਬਕੇ ਵਿਚ ਸ੍ਵੈ-ਮਾਣ ਨਾਲ ਜਿਊਣ ਦਾ ਗੌਰਵ ਵੀ ਹੈ ।ਜੀਵਨ ਦੇ ਰਣ-ਤੱਤੇ ਦੀਆਂ ਆਪਣੀਆਂ ਕਠੋਰ ਹਕੀਕਤਾਂ ਵੀ ਹਨ ।ਕਹਾਣੀ ਵਿਚ 'ਘੱਟ ਲੋੜਾਂ' ਦਾ ਜ਼ਿਕਰ ਹੈ । "ਦੋ ਜੀਆਂ ਨੇ ਦੋ ਰੋਟੀਆਂ ਹੀ ਖਾਣੀਆਂ ਹਨ ।ਇਕ ਵੀ ਕੰਮ ਕਰ ਲਵੇ ਤਾਂ ਬਹੁਤ ਹੈ ।" ਪਰ ਇਹ ਕੇਵਲ ਮਨ ਦੇ ਧਰਵਾਸ ਲਈ ਹੈ, ਕੇਵਲ ਕਹਿਣ ਦੀਆਂ ਗੱਲਾਂ ।ਕਹਿਣ ਤੇ ਕਰਨ ਅਰਥਾਤ ਸੋਚ ਤੇ ਅਮਲ ਦੀ ਦੁਫ਼ੇੜ ਨੂੰ ਪਕੜਨਾ ਹੀ ਸਾਹਿਤਕਾਰੀ ਹੈ। ਪਾਤਰਾਂ ਨੂੰ ਟੈਲੀਵਿਜ਼ਨ ਵੇਖਣ ਦੀ ਲਾਲਸਾ ਹੈ ।ਧੀਆਂ ਵੀ ਟੈਲੀਵਿਜ਼ਨ ਦੇਣ ਨੂੰ ਤਿਆਰ ਹਨ ।ਇਹ ਉਲਟ ਵਰਤਾਰਾ ਹੈ ।ਸਾਹਿਤ ਨਵੇਂ ਦੀ ਮਾਨਤਾ ਸੰਬੰਧੀ ਸੰਭਾਵਨਾਵਾਂ ਵੀ ਪੈਦਾ ਕਰਦਾ ਹੈ ।ਧੀਆਂ ਨੂੰ ਤਾਂ ਮਾਪੇ ਦੇਂਦੇ ਹਨ ।ਇਹ ਪਰੰਪਰਾ ਦੀ ਰੀਤ ਹੈ ।ਇਸ ਕਰਕੇ ਧੀਆਂ ਤੋਂ ਲੈਣ ਸੰਬੰਧੀ ਝਿਜਕ ਹੈ ।ਪਰ ਮਨ ਵਿਚ ਦੋ ਘੜੀਆਂ ਟੀ. ਵੀ. ਵੇਖਣ ਦੀ ਰੀਝ ਹੈ ।ਦੱਸ ਨੰਬਰ ਵਾਲੀ (ਗੁਆਂਢਣ) ਰਾਹੀਂ ਕਿਸ਼ਤਾਂ 'ਤੇ ਟੀ. ਵੀ. ਲੈਣ ਦਾ ਖਿਆਲ ਵੀ ਉਭਰਦਾ ਹੈ ।ਬਹੁਤ ਸਾਰੇ ਮਾਨਸਿਕ ਉੱਸਲ ਵੱਟੇ ਹਨ ।ਇਨ੍ਹਾਂ ਦੀ ਅੰਦਰੂਨੀ ਹਲਚਲ ਹੈ ।ਬੰਦਾ ਮਾਰਕੀਟ ਦੀਆਂ ਰੁਚੀਆਂ ਅਧੀਨ ਹੈ ।ਜੀਵਨ ਸਿਰਫ਼ ਜੂਨ ਭੋਗਣ ਦਾ ਨਾਮ ਨਹੀਂ ਹੈ ।ਜਿਊਣ ਲਈ ਸੁਆਦ ਵੀ ਹੋਣ ।ਮਾਰਕੀਟ ਨੇ ਸੁਆਦ ਸਾਹਮਣੇ ਲਿਆਂਦੇ ਹਨ ।ਮੰਡੀ ਖਰੀਦਦਾਰਾਂ ਵੱਲ ਉਧਾਰ ਦੀ ਪੌੜੀ ਸੁੱਟਦੀ ਹੈ ।ਅਜੇਹੀ ਪੌੜੀ ਵੱਲ ਮਨੋਸਥਿਤੀ ਉੱਲਰਦੀ ਵਿਖਾਈ ਦੇਂਦੀ ਹੈ ।

ਕਹਾਣੀ ਦਾ ਘਟਨਾ-ਸਥਲ ਸ਼ਹਿਰੀ ਹੈ ।ਪਰ ਇਹ ਦਸਿਆ ਨਹੀਂ, ਚਿਤ੍ਰਿਆ ਗਿਆ ਹੈ ।ਇਹ ਜਾਣਕਾਰੀ ਪਾਤਰਾਂ ਦੀ ਪਹਿਚਾਣ ਵਿਚੋਂ ਸਮਝੀ ਜਾ ਸਕਦੀ ਹੈ ।ਥਾਂ ਪਰ ਥਾਂ ਦੱਸ ਨੰਬਰ, ਇਕ ਸੌ ਦਸ, ਇਕ ਸੌ ਪੰਜ ਤੇ ਪੰਦਰਾਂ ਨੰਬਰ ਵਾਲੀਆਂ ਗੁਆਂਢਣਾਂ/ਮੈਡਮ ਦਾ ਜ਼ਿਕਰ ਹੈ । ਗੁਆਂਢਣਾਂ ਹਨ ।ਪਰ ਇਨ੍ਹਾਂ ਦੇ ਨਾਮ ਨਹੀਂ ਹਨ ।ਬੰਦੇ ਦੀ ਪਹਿਚਾਣ ਮਿੱਟ ਗਈ ਹੈ ।ਸਿਰਫ ਘਰਾਂ ਦੇ ਨੰਬਰਾਂ ਤੋਂ ਹੋਂਦ ਹੈ ।ਇਹ ਬੰਦੇ ਦੀ ਨਿਗੂਣੀ ਸਥਿਤੀ ਦਾ ਇਕ ਹੋਰ ਪਹਿਲੂ ਹੈ ।ਮਕਾਨਾਂ/ਕੋਠੀਆਂ ਦੇ ਨੰਬਰਾਂ ਨੂੰ ਪਹਿਲ ਹੈ ।ਘਰ ਵਾਲੇ ਬੇ-ਪਛਾਣ ਹਨ ।ਘਰਾਂ ਦੇ ਨੰਬਰ ਸਿਰਫ ਜਾਣਕਾਰੀ ਲਈ ਹੁੰਦੇ ਹਨ ।ਸਾਂਝ ਜਾਂ ਰਿਸ਼ਤੇ ਤਾਂ ਮਨੁੱਖ ਨਾਲ ਹੁੰਦੇ ਹਨ ।ਇਕ ਦੂਜੇ ਨਾਲ ਸੰਬੰਧ ਸਿਰਫ਼ ਪ੍ਰੋਫੈਸ਼ਨਲ ਹਨ ।ਰਸਮੀ ਜਾਂ ਫਰਜ਼ੀ ।ਸ਼ਹਿਰੀ ਮਾਹੌਲ ਵਿਚ ਨਿੱਜੀ ਸ਼ਨਾਖ਼ਤ ਗੁੰਮ ਹੈ ।ਸੁਰਜੀਤ ਪਾਤਰ ਦੀਆਂ ਕਾਵਿ ਪੰਗਤੀਆਂ ਵਾਂਗ; 'ਪਿੰਡ ਜਿਨ੍ਹਾਂ ਦੇ ਗੱਡੇ ਚਲਣ, ਨਾਲ ਚੱਲੇ ਸਰਦਾਰੀ ।ਸ਼ਹਿਰ 'ਚ ਆ ਕੇ ਬਣ ਜਾਂਦੇ ਨੇ ਬਸ ਦੀ ਇਕ ਸਵਾਰੀ' । ਬੰਦਾ ਵਿਸ਼ੇਸ਼ ਨਹੀਂ ਵਿਅਕਤੀ ਹੋ ਗਿਆ ਹੈ ।

ਕਹਾਣੀ ਵਿਚ ਪਤੀ-ਪਤਨੀ ਦਾ ਰਿਸ਼ਤਾ ਵੀ ਰਸਮੀ ਹੈ ।'ਔਰ ਭੀ ਗਮ ਹੈ ਜ਼ਮਾਨੇ ਮੇਂ



ਮੁਹੱਬਤ ਕੇ ਸਿਵਾ' ਦਾ ਸੱਚ ਪ੍ਰਧਾਨ ਹੈ।ਇਨ੍ਹਾਂ ਦਾ ਰਿਸ਼ਤਾ ਸੰਕੋਚਵਾਂ ਹੈ ।ਪਤਨੀ ਫਿਰ ਹੁੰਗਾਰਾ ਦੇਣੋਂ ਹਟ ਜਾਂਦੀ ਹੈ । ਬਿਰਤਾਂਤ ਵਿਚ ਗਤੀਰੋਧ ਆ ਜਾਂਦਾ ਹੈ । ਦੂਜੇ ਦੇ ਹੁੰਗਾਰੇ ਜਾਂ ਸੰਵਾਦ ਬਿਨ੍ਹਾਂ ਕਹਾਣੀ ਅੱਗੇ ਕਿਵੇਂ ਤੁਰੇ ? ਏਵੇਂ, ਜਿਵੇਂ ਜੀਵਨ ਇਕੱਲੇ ਦਾ ਨੇਮ ਨਹੀਂ ਹੈ ।ਇਸ ਨੇ ਹੁੰਗਾਰੇ ਵਿਚ ਚਲਣਾ ਹੈ ।ਗਿਆਨੋ ਨੂੰ ਬੱਬੇ ਦੀ ਮੌਤ ਦਾ ਵੱਡਾ ਸਦਮਾ ਹੈ ।ਸਦਮੇ ਬਾਰੇ ਪਤਾ ਲੱਗ ਚੁੱਕਾ ਹੈ ।ਪਰ ਬੱਬੇ ਦੀ ਮੌਤ ਕਿਵੇਂ ਹੋਈ ਹੈ ? ਇਹ ਜਾਣਕਾਰੀ ਅਜੇ ਲੁਪਤ ਹੈ ।ਕਹਾਣੀ ਬਾਰੇ ਹੌਲੀ-ਹੌਲੀ ਪੱਤੇ ਖੇਡੇ ਜਾ ਰਹੇ ਹਨ ।ਇਕੋ ਦਮ ਸਾਰਾ ਖਲਾਰਾ ਨਹੀਂ ਹੈ ।ਉਹਲੇ, ਪ੍ਰਗਟਾ ਤੇ ਫਿਰ ਉਹਲੇ ਦਾ ਨੇਮ ਨਿਰੰਤਰ ਜਾਰੀ ਹੈ ।ਇਸ ਨਾਲ ਕਹਾਣੀ ਸੰਬੰਧੀ ਜਿਗਿਆਸਾ ਵੱਧਦੀ ਹੈ ।ਬਿਰਤਾਂਤ ਦੀ ਜੇ ਇਕ ਗੰਢ ਖੁਲ੍ਹਦੀ ਹੈ ਤਾਂ ਅੱਗੇ ਹੋਰ ਨਵੀਂ ਗੰਢ ਬਣਦੀ ਵਿਖਾਈ ਦੇਂਦੀ ਹੈ ।ਇਹ ਦੱਸਣ-ਲੁਕਾਉਣ ਦੀ ਤੋਰੇ ਤੁਰਦੀ ਹੈ ।ਕਹਾਣੀ ਧੀਮੀ ਗਤੀ ਵਿਚ ਅੱਗੇ ਸਰਕਦੀ ਹੈ ।ਕਿਉਂਕਿ ਸਾਹਿਤਕਾਰ ਗੱਲ ਕੇਵਲ ਦੱਸਦਾ ਨਹੀਂ, ਬਹੁ-ਅਰਥੀ ਚਿਹਨ ਵਜੋਂ ਸਿਰਜਦਾ ਹੈ ।ਵੇਰਵਿਆਂ ਦੇ ਦੱਸਣ ਦੀ ਕਾਹਲ ਪੱਤਰਕਾਰੀ ਨੂੰ ਹੁੰਦੀ ਹੈ, ਸਾਹਿਤਕਾਰੀ ਨੂੰ ਨਹੀਂ ।ਪਤੀ-ਪਤਨੀ ਦੇ ਆਪਸੀ ਸੰਵਾਦ ਬਿਨਾਂ ਮੁੜ ਖੜੋਤ ਆ ਜਾਂਦੀ ਹੈ ।ਕਹਾਣੀ ਮੁੜ ਮੋਨੋਲਾਗ ਵੱਲ ਪਰਤਦੀ ਹੈ ।ਜੀਵਨ ਆਤਮ-ਅਨਾਤਮ ਦਾ ਜਮ੍ਹਾਂ-ਜੋੜ ਹੈ ।ਚੇਤਨ-ਅਵਚੇਤਨ ਇਕੋ ਸਿੱਕੇ ਦੇ ਦੋ ਪਾਸੇ ਹਨ ।ਪਾਤਰ ਕਦੇ ਦੂਜੇ ਨਾਲ ਵਾਬਸਤਾ ਹਨ ਤੇ ਕਦੀ ਆਪਣੇ ਅੰਦਰਲੀ ਉਧੇੜਬੁਣ ਵਿਚ ।ਦੁਰਗਾਦਾਸ ਨੂੰ ਆਪਣੇ ਅੰਦਰੋਂ 'ਕਮੀਨਾ' ਹੋਣ ਦੀ ਆਵਾਜ਼ ਸੁਣਦੀ ਹੈ ।ਇਹ ਕਮੀਨਗੀ ਕੀ ਹੈ ? ਇਹ ਨਵਾਂ ਭੇਤ ਆ ਗਿਆ ਹੈ ।ਇਹ ਅੰਤਰ-ਆਤਮਾ ਦੀ ਆਵਾਜ਼ ਹੈ ਜਾਂ ਗਿਆਨੋ ਦੀ ।ਪਰ ਆਵਾਜ਼ ਕਿਸਦੀ ਹੈ, ਇਹ ਮਹੱਤਵ ਪੂਰਨ ਨਹੀਂ ਹੈ ।ਜ਼ਰੂਰੀ ਨੁਕਤਾ ਆਵਾਜ਼ ਦੇ ਹੋਣ ਦਾ ਹੈ ।ਕਦੀ ਇਹ ਜ਼ਨਾਨਾ ਆਵਾਜ਼ ਲੱਗਦੀ ਹੈ ।ਜ਼ਨਾਨਾ ਆਵਾਜ਼ ਕੋਮਲਤਾ ਦੀ ਪ੍ਰਤੀਕ ਹੈ ।ਆਪਣੇ ਅੰਦਰ ਦੀ ਕੋਮਲਤਾ ਨੂੰ ਮਾਰਨਾ ਸੰਭਵ ਨਹੀਂ ਹੈ ।ਇਹ ਆਵਾਜ਼ ਖੱਬੇ ਪਾਸੇ ਤੋਂ ਹੈ ।ਖੱਬੇ ਪਾਸੇ ਦਿਲ ਹੈ ।ਇਹ ਦਿਲ ਦੀ ਆਵਾਜ਼ ਹੋ ਸਕਦੀ ਹੈ ।ਇਹ ਦਿਮਾਗ ਦੀ ਯਾਦ ਸ਼ਕਤੀ ਦੇ ਖੱਬੇ ਪਾਸੇ ਬਣੇ ਸਟੋਰ ਵੱਲ ਵੀ ਸੰਕੇਤ ਜਾਪਦਾ ਹੈ ।ਇਹ ਅਵਚੇਤਨ ਦਾ ਮਸਲਾ ਹੈ ।ਇਹ 'ਦਿਲ ਦਰਿਆ ਸਮੁੰਦਰੋਂ ਡੂੰਘੇ' ਵਰਗੀ ਸਥਿਤੀ ਹੈ ।ਦਿਲ ਦੀ ਆਵਾਜ਼ ਨੂੰ ਨਜ਼ਰ-ਅੰਦਾਜ਼ ਕਰਨ ਦੀ ਕੋਸ਼ਿਸ਼ ਹੈ ।ਪਰ ਇਹ ਕੇਵਲ ਕੋਸ਼ਿਸ਼ ਹੈ ।ਫਿਰ ਇਸ ਆਵਾਜ਼ ਸੰਬੰਧੀ ਗੁੰਝਲ ਬਜ਼ੁਰਗ ਪਾਤਰ ਰਾਹੀਂ ਖੁੱਲ੍ਹਣ ਲੱਗਦੀ ਹੈ ।ਬਜ਼ੁਰਗ ਤੇ ਦੁਰਗਾ ਦਾਸ ਦੋਵੇਂ ਕਚਿਹਰੀ ਦੇ ਚੱਕਰ ਵਿਚ ਹਨ ।ਦੋਵਾਂ ਦਾ ਵਕੀਲ ਇਕ ਹੈ ।ਬਜ਼ੁਰਗ ਵੀ ਉੱਜੜਿਆ ਹੋਇਆ ਹੈ ।ਪਰ ਫਿਰ ਵੀ ਬੇ-ਪ੍ਰਵਾਹ ਹੈ ।ਉਹ ਘਬਰਾਉਣ ਦੀ ਥਾਂ ਮੁੜ ਸਰਗਰਮ ਹੈ ।ਉਸ ਦਾ ਵਿਸ਼ਵਾਸ ਹੈ, "ਬੰਦਾ ਤਾਂ ਬਣਿਆ ਹੀ ਸੰਘਰਸ਼ ਕਰਨ ਲਈ ਆ ।" ਜੀਵਨ ਮੁੜ-ਮੁੜ ਰੁਮਕਣ ਵਾਲੀ ਸ਼ੈਅ ਹੈ ।ਕਰਮਸ਼ੀਲਤਾ ਹੀ ਧਰਮ ਹੈ ।ਇਹ 'ਬਾਜਾਂ ਵਾਲੇ' ਮਹਾਂਪੁਰਖ ਦੀ ਸਿੱਖਿਆ ਵੀ ਹੈ ।ਇਸ ਤਰ੍ਹਾਂ ਧਰਮ-ਸ਼ਾਸਤਰ, ਇਤਿਹਾਸ ਤੇ ਸਾਹਿਤ ਦਾ ਸਾਂਝਾ ਉਦੇਸ਼ ਵੀ ਹੈ ।ਸੰਘਰਸ਼ ਜਾਂ ਕੁਝ ਕਰਨ ਵਿਚ ਹੀ ਬੰਦੇ ਦੀ ਸ਼ਾਨ ਹੈ ।ਜਿੱਤ-ਹਾਰ ਵੱਡਾ ਸਾਹਿਤਕ ਮਸਲਾ ਨਹੀਂ ਹੈ।ਮਹੱਤਤਾ ਕਰਮਯੋਗੀ ਹੋਣ ਦੀ ਹੈ ।ਬਜ਼ੁਰਗ ਨਾਲ ਸੰਵਾਦ ਵਿਚ ਬਿਰਤਾਂਤ ਅੱਗੇ ਤੁਰਦਾ ਹੈ ।ਜੇ ਗਿਆਨੋ ਜਾਂ ਅੰਤਰ-ਆਤਮਾ ਚੁੱਪ ਹੈ ਤਾਂ ਤੀਸਰਾ ਪਾਤਰ ਨਾਲ ਆ ਰਲਿਆ ਹੈ ।ਜਿਊਣ ਦੇ ਇਕ ਤੋਂ ਵੱਧ ਆਸਰੇ ਤਰੀਕੇ ਹਨ ।ਬਿਰਤਾਂਤ ਵਿਚ ਫਿਰ ਗਤੀਸ਼ੀਲਤਾ ਆਉਂਦੀ ਹੈ ।ਪਤਾ ਲੱਗਦਾ ਹੈ ਕਿ 'ਬੱਬਾ' ਦੀ ਮੌਤ ਬੱਸ ਥੱਲੇ ਆ ਕੇ ਹੋਈ ਸੀ ।ਇਸ ਕਰਕੇ 'ਕਲੇਮ' ਲੈਣ ਦਾ ਕੇਸ ਚਲ ਰਿਹਾ ਹੈ ।ਬਜ਼ੁਰਗ ਇਸ ਨੂੰ 'ਹੱਕੀ ਕੇਸ' ਮੰਨਦਾ ਹੈ । ਪਰ ਦੁਰਗਾ ਦਾਸ ਮੁੰਡੇ ਦੀ ਮੌਤ ਦਾ ਮੁੱਲ ਪਵਾਉਣ ਨੂੰ ਅੰਦਰੋਂ ਗੁਨਾਹ ਸਮਝਦਾ ਹੈ ।ਉਸ ਨੂੰ ਇਹ ਕਮੀਨਾਪਨ ਜਾਪਦਾ ਹੈ ।ਇਹ ਅੰਦਰ ਦੇ ਸੰਸਕਾਰ ਹਨ ।ਅੰਦਰ ਦੀ ਆਵਾਜ਼ ਦਾ ਪੈਂਤੜਾ ਅਪਣਾ ਹੈ ।ਬਜ਼ੁਰਗ ਦੀ ਦਲੀਲ ਵਿਚ ਵੀ ਵਜ਼ਨ ਹੈ।ਦੋਨਾਂ ਪੱਖਾਂ ਦੀ ਵਿਸ਼ੇਸ਼ ਵਜ੍ਹਾ ਹੈ ।ਦੁਰਗਾ ਦਾਸ ਦੋ ਮੂੰਹੀ-ਧਾਰਾ ਦੇ ਰੁਬਰੂ ਹੈ ।ਦੁਰਗਾਦਾਸ ਨੂੰ ਆਪਣੇ ਬੁਢਾਪੇ ਦੀ ਅਨਿਸ਼ਚਤਤਾ ਹੈ ।ਭਵਿੱਖ ਦਾ ਭੈਅ

ਹੈ ।ਉਹ ਵਕੀਲ ਰਾਹੀਂ ਕਚਿਹਰੀ ਵਿਚ ਝੂਠ ਬੋਲਣ ਤੋਂ ਡਰਦਾ ਹੈ।ਫਿਰ ਉਹ ਝੂਠ ਦੀ ਐਕਟਿੰਗ ਸੰਬੰਧੀ ਕਮਾਲ ਕਰ ਦੇਂਦਾ ਹੈ ।ਲੇਖਕ ਜਾਂ ਫਿਲਮਕਾਰ ਕਚਿਹਰੀ ਦਾ ਅਜੇਹਾ ਸੀਨ ਵਿਖਾਉਣ ਬਾਰੇ ਸਸ਼ੋਪੰਜ ਵਿਚ ਹੈ । ਕਿਉਂਕਿ, ਇਕ ਪਾਸੇ ਫਿਲਮਕਾਰ ਨੂੰ ਹੇਠਲੇ ਤਬਕੇ ਦੇ ਗ਼ੈਰਤਮੰਦ ਹੋਣ ਦਾ ਅਨੁਭਵ ਹੈ ।ਪਰ ਨਾਲ ਹੀ ਹਰੇਕ ਦੇ, ਕਿਤੇ ਵੀ, ਕਦੇ ਵੀ, ਡੋਲ ਜਾਣ ਦਾ ਅਹਿਸਾਸ ਹੈ ।ਲੇਖਕ ਦਾ ਅਜੇਹਾ ਜ਼ਿਕਰ ਫਿਕਰ ਰੂਪ ਵਾਲਾ ਹੈ ।ਇਸ ਤਰ੍ਹਾਂ ਫਿਲਮਕਾਰ ਵਕਫੇ ਵਿਚ ਆਪਣੀ ਫਿਲਮ (ਕਹਾਣੀ) ਨੂੰ ਨਿਹਾਰਦਾ ਵੀ ਹੈ ।ਕਹਾਣੀ-ਪਾਠ ਦਰਸ਼ਕ ਜਾਂ ਪਾਠਕ ਮੁੱਖ ਹੈ ।ਕਹਾਣੀਕਾਰ ਖੁਦ ਵੀ ਕਿੰਤੂ-ਪ੍ਰੰਤੂ ਦੀ ਸਥਿਤੀ ਵਿਚ ਹੈ ।ਕਥਾਕਾਰ ਭਾਵੁਕਤਾ ਦੇ ਵਹਿਣ ਵਿਚ ਨਹੀਂ ਹੈ ।ਉਹ ਆਪਣੀ ਰਚਨਾ-ਵਸਤੂ ਤੋਂ ਵਿਥ 'ਤੇ ਖਲੋਤਾ ਜਾਪਦਾ ਹੈ ।

ਫਿਲਮਕਾਰ ਕਮਲ ਤੇ ਜਰਨਲਿਸਟ ਰਮਣੀਕ ਦੋਵੇਂ ਵਕਫ਼ੇ ਵਿਚ ਟੈਲੀ ਫਿਲਮ ਦੀ ਕਹਾਣੀ ਡਿਸਕਸ ਵੀ ਕਰਦੇ ਹਨ ।ਰਮਣੀਕ ਵਕਫੇ ਵਿਚ ਆਪਣੀ ਮੰਮੀ ਨੂੰ 'ਚਾਈਲਡ ਈਟਰ ਮਦਰ' ਟੈਲੀਫਿਲਮ ਵੇਖਣ ਲਈ ਫੋਨ ਵੀ ਕਰਦੀ ਹੈ ।ਇਸ ਫਿਲਮ ਵਿਚ ਪੰਜਵੀਂ ਸਦੀ ਦੇ ਕਬੀਲੇ ਦੀ ਕਹਾਣੀ ਹੈ ।ਇਸ ਵਿਚ ਔਰਤ ਆਪਣੇ ਮਰੇ ਬੱਚੇ ਨੂੰ ਹੋਰਨਾਂ ਔਰਤਾਂ ਨਾਲ ਰਲ ਕੇ ਖਾਂਦੀ ਹੈ। ਵਕਫ਼ੇ ਦੇ ਅਜੇਹੇ ਵੇਰਵੇ ਦਾ ਕਹਾਣੀ ਨਾਲ ਕੋਈ ਤੁਅੱਲਕ ਲੱਗਦਾ ਹੈ।ਇਸ ਵਿਖਾਈ ਜਾ ਰਹੀ ਟੈਲੀਫਿਲਮ ਵਿਚ ਵੀ ਬੱਬੇ ਸੰਬੰਧੀ ਕਚਿਹਰੀ ਵਿਚੋਂ ਕੋਈ ਲਾਹ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।ਇਸ ਵਕਫ਼ੇ ਵਿਚ ਹੀ ਕਹਾਣੀਕਾਰ ਦੁਰਗਾਦਾਸ ਦਾ ਪਿਛੋਕੜ ਦਸਦਾ ਹੈ ।ਘਰ-ਪਰਿਵਾਰ ਦੀ ਜ਼ੁੰਮੇਂਵਾਰੀ ਤਹਿਤ ਦੁਰਗਾਦਾਸ ਦੇ ਸ਼ੌਕ ਮੁੱਕਣ ਲੱਗਦੇ ਹਨ ।ਸਪੱਸ਼ਟ ਹੈ ਕਿ ਜੀਵਨ ਇਕ ਆਲ-ਜੰਜਾਲ ਹੈ ।ਇਸ ਵਿਚ ਬੰਦਾ ਸੀਮਤ ਹੋਣ ਲੱਗਦਾ ਹੈ ।ਜੀਵਨ ਮੁਸ਼ੱਕਤ ਦੀ ਮਾਰ ਹੇਠ ਹੈ ।ਨਿੱਜ ਤੋਂ ਹੱਟ ਕੇ ਲੋੜਾਂ ਤਹਿਤ ਜਿਊਣਾ ਪੈਂਦਾ ਹੈ ।ਇਸ ਤਰ੍ਹਾਂ ਕਹਾਣੀ ਵਿਚ ਵਿਖਾਏ ਦੇ ਨਾਲ-ਨਾਲ ਦੱਸੇ ਵੇਰਵਿਆਂ ਦੇ ਵੀ ਵਿਸ਼ੇਸ਼ ਅਰਥ ਹਨ ।

ਲੰਮੇ ਵਕਫ਼ੇ ਤੋਂ ਬਾਅਦ ਫਿਰ ਟੈਲੀਫਿਲਮ ਦੁਰਗਾ ਦਾਸ ਵੱਲ ਮੁੜਦੀ ਹੈ ।ਉਹ ਗੁਰਪਾਲ ਸਿੰਘ ਦੇ ਘਰ ਬਰਫੀ ਦਾ ਡੱਬਾ ਦੇਣ ਜਾਂਦਾ ਹੈ ।ਗੁਰਪਾਲ ਸਿੰਘ ਨੇ ਹੀ 'ਮੋਟਰ ਐਕਸੀਡੈਂਟ ਕਲੇਮ' ਅਧੀਨ ਪੰਜ ਲੱਖ ਦਾ ਕੇਸ ਕਰਨ ਦੀ ਸਲਾਹ ਦਿੱਤੀ ਸੀ ।ਬੰਦਾ ਆਪਣੇ ਹੀ ਨਹੀਂ ਹੋਰਨਾਂ ਮੁਤਾਬਕ ਵੀ ਚੱਲਦਾ ਹੈ ।ਲੋਕ ਲੱਜ ਵਜੋਂ ਕਲੇਮ ਲੈਣ ਵਿਚ ਨਿਮੋਸ਼ੀ ਹੈ ।ਪਰ ਹੋਰ ਲੋਕ ਹੀ ਕਲੇਮ ਲੈਣ ਦੀ ਪ੍ਰੇਰਣਾ ਦੇਂਦੇ ਹਨ ।ਲੋਕ ਵੀ ਦੋ-ਮੂੰਹਾਂ ਰੁਝਾਣ ਹਨ ।ਪਹਿਲਾਂ ਧੀਆਂ ਤੋਂ ਲੈਣ ਸੰਬੰਧੀ ਝਿਜਕ ਸੀ ਤੇ ਫਿਰ ਸਰਕਾਰ ਤੋਂ ਲੈਣ ਸੰਬੰਧੀ ।ਬੱਬੇ ਦੀ ਮੌਤ ਤੋਂ ਛੇ ਮਹੀਨੇ ਬਾਅਦ ਘਰ ਵਿਚ ਸ਼ਾਂਤੀ ਹੋਣ ਲੱਗਦੀ ਹੈ ।ਦੁਰਗਾ ਦਾਸ ਤੇ ਗਿਆਨੋ ਆਪਣੇ ਨਿੱਤ ਦੇ ਖਲਜਗਣ ਵਿਚ ਰੁੱਝ ਜਾਂਦੇ ਹਨ ।ਹੁਣ ਦੋਵਾਂ ਦਾ ਮਨ ਜਾਂ ਧਿਆਨ ਕਚਹਿਰੀ ਵੱਲ ਹੈ ।ਅਦਾਲਤ ਵੱਲੋਂ ਰਾਹਤ ਮਿਲਣ ਦੀ ਝਾਕ ਹੈ ।ਮੁੰਡੇ ਦੀ ਮੌਤ ਦਾ ਗ਼ਮ ਪਿਛੇ ਚਲਾ ਜਾਂਦਾ ਹੈ । 'ਅੱਜ ਮਰੇ ਕੱਲ ਦੂਜਾ ਦਿਨ' ਵਾਂਗ।ਗਿਆਨੋ ਨੂੰ ਵੀ ਬੱਬੇ ਦਾ ਮੁਕਦਮਾ ਜਿੱਤ ਲੈਣ ਦੇ ਸੁਪਨੇ ਆਉਂਦੇ ਹਨ ।ਸੁਪਨੇ ਮਨੁੱਖੀ ਮਨ ਦੇ ਅੰਦਰ ਪਈ ਅਭਿਲਾਸ਼ਾ ਵਿਚੋਂ ਹੀ ਫੁੱਟਦੇ ਹਨ ।ਪਹਿਲਾ ਜੋ ਸੁਪਨਾ ਸੀ ਹੁਣ ਉਹ ਹਕੀਕਤ ਹੈ ।ਅਦਾਲਤ ਵੱਲੋਂ ਦੋ ਲੱਖ ਮਿਲ ਜਾਂਦਾ ਹੈ ।ਮੁੰਡੇ ਦੀ ਮੌਤ ਦਾ ਦੁੱਖ ਵਕਤ ਦੇ ਗੇੜ ਵਿਚ ਖੁਸ਼ੀ ਵੱਲ ਬਦਲਦਾ ਹੈ ।ਇਸ ਕਰਕੇ ਬਰਫ਼ੀ ਤੇ ਲੱਡੂ ਵੰਡੇ ਜਾਂਦੇ ਹਨ ।ਪਰ ਇਸ ਖੁਸ਼ੀ ਵਿਚ ਨਿਮੋਸ਼ੀ ਵੀ ਹੈ ।'ਸਵੇਰੇ ਵੇਲੇ ਦੇ ਦੁਰਗਾ ਦਾਸ ਤੇ ਹੁਣ ਵਾਲੇ ਦੁਰਗਾ ਦਾਸ 'ਚ ਬਹੁਤ ਫ਼ਰਕ ਆ ਗਿਆ ਹੈ ।' ਗਿਆਨੋ ਦਾ ਬਦਲਦਾ ਵਿਹਾਰ ਸਾਹਮਣੇ ਆਉਂਦਾ ਹੈ ।"ਤੈਨੂੰ ਆਪਣੇ ਮਰੇ ਪੁੱਤ ਦੀ ਖੁਸ਼ੀ ਹੋਈ ਆ ?" ਉਸ ਨੂੰ ਇਹ ਮਰੇ ਪੁੱਤ ਦੀ ਵਟਕ ਲੈਣ ਵਰਗੀ ਗੱਲ ਲੱਗਦੀ ਹੈ ।ਇਹ ਮਸਲਾ ਲੋਕ ਲੱਜ ਜਾਂ ਪਰੰਪਰਕ ਸੰਸਕਾਰਾਂ ਦਾ ਹੈ ।ਗਿਆਨੋ ਨੂੰ ਹੋਰ ਆਵਾਜ਼ਾਂ ਵੀ ਸੁਣਾਈ ਦੇਂਦੀਆਂ ਹਨ । ਪੈਸਾ ਮਿਲਣ 'ਤੇ ਬੁਢਾਪਾ ਸੁਰੱਖਿਅਤ ਹੋ ਜਾਣ ਦਾ



ਵਿਸ਼ਵਾਸ ਹੈ ।ਉਸ ਦੀ ਮਾਲਕਣ ਉਸ ਨੂੰ ਵਧਾਈਆਂ ਦੇਂਦੀ ਹੈ ।ਮਾਲਕਣ ਵੀ ਆਪਣੇ ਕਾਲਜ ਪੜ੍ਹਦੇ ਮੁੰਡੇ ਦੇ ਮਰਨ ਬਾਰੇ ਦੱਸਦੀ ਹੈ ।ਨਾਲ ਹੀ ਸੰਭਲਣ ਦਾ ਹੌਂਸਲਾ ਦੇਂਦੀ ਹੈ ।ਜੋ ਹੋ ਗਿਆ, ਸੋ ਹੋ ਗਿਆ, ਹੁਣ ਬਾਕੀ ਬਚੇ ਜਾਂ ਮਿਲੇ ਅਨੁਸਾਰ ਜਿਊਣ ਦੀ ਨਸੀਹਤ ਹੈ ।ਸੰਸਾਰ ਵਿਚ ਕਈ ਮਿਹਣੇ ਹਨ ।ਕਈ ਹੱਲਾ-ਸ਼ੇਰੀ ਤੇ ਵਧਾਈ ਦੇਣ ਵਾਲੇ ਹਨ ।ਹਰ ਉਲਟ-ਪੁਲਟ ਸਥਿਤੀ ਦਾ ਆਪਣਾ ਸੱਚ ਹੈ ।ਦਿੱਸਦੇ ਦੇ ਹੇਠਾਂ ਕਾਰਜਸ਼ੀਲ ਅਣਦਿਸਦੇ ਦਾ ਜਲੌਅ ਆਪਣਾ ਹੈ ।ਅਜੇਹੇ ਸੱਚ ਦੀ ਪੇਸ਼ਕਾਰੀ ਹੀ ਵਿਡੰਬਨਾ ਹੈ। ਦੁੱਖ ਵੀ ਹਨ ।ਪਰ ਜਿਊਣਾ ਵੀ ਪੈਣਾ ਹੈ ।ਇਸ ਵੇਰਵੇ ਵਿਚ ਸਮਝਾਉਣ ਵੀ ਹੈ, ਸਮਝੌਤਾ ਵੀ ਤੇ ਜਿਊਣਾ ਵੀ । ਪਾਤਰਾਂ ਵਿਚ ਦੁਵੱਲਤਾ ਹੈ । ਵਿਰੋਧਾਭਾਸ ਵੀ ਹਨ । ਅਵਚੇਤਨ ਉੱਤੇ ਚੇਤਨ ਭਾਰੂ ਹੋਣ ਲੱਗਦਾ ਹੈ ।ਜੀਵਨ ਮਰਜ਼ੀਆਂ ਨਹੀਂ ਮਜ਼ਬੂਰੀਆਂ ਵੱਸ ਹੈ । ਅੰਦਰਲੇ ਸੰਸਕਾਰਾਂ ਦੀ ਆਪਣੀ ਆਵਾਜ਼ ਹੈ ।ਦੁਨਿਆਵੀ ਲੋੜਾਂ-ਗਰਜ਼ਾਂ ਦੀ ਆਪਣੀ ਮਾਰ ਹੈ । ਦੋਵੇਂ ਸਥਿਤੀ-ਸਾਪੇਖ ਸੱਚ ਹਨ ।ਹਰ ਵਿਚਾਰ ਦੀ ਵਜ੍ਹਾ ਹੈ ।ਤੋੜ-ਵਿਛੋੜਾ ਕਿਸੇ ਨਾਲ ਵੀ ਸੰਭਵ ਨਹੀਂ ਹੈ ।ਪਹਿਲਾਂ ਮੁਕਦਮੇ ਜਾਂ ਪੈਸੇ ਮਿਲਣ ਸੰਬੰਧੀ ਉਤਸੁਕਤਾ ਸੀ।ਪਰ ਫਿਰ ਫੈਸਲਾ ਹੋਣ 'ਤੇ ਨਮੋਸ਼ੀ ਮਹਿਸੂਸ ਹੁੰਦੀ ਹੈ ।ਇਸ ਤਰ੍ਹਾਂ ਲਾਲਚ ਜਾਂ ਉਮੀਦ ਦਾ ਵੀ ਆਧਾਰ ਹੈ ਤੇ ਸੰਕੋਚ ਦਾ ਵੀ । ਮਨੋਸਥਿਤੀ ਗੁੰਝੋਲ-ਗੁੰਝਲ ਹੈ ।ਜੀਵਨ ਦੀ ਲੌਕਿਕਤਾ ਇਕਹਰੀ ਨਹੀਂ ਹੈ ।ਇਹ ਵਿਭਿੰਨ ਤੰਦਾਂ ਦਾ ਤਾਣਾ-ਬਾਣਾ ਹੈ ।ਕਦੇ ਖਿਆਲ ਦੀ ਕੋਈ ਤੰਦ ਅਗਰਭੂਮੀ 'ਤੇ ਹੁੰਦੀ ਹੈ ਤੇ ਕਦੇ ਕੋਈ । ਸਾਹਿਤਕਾਰੀ ਕੋਈ ਇਕਹਰਾ ਤੱਥ ਜਾਂ ਸੱਚ ਤਾਂ ਹੁੰਦੀ ਹੀ ਨਹੀਂ ਹੈ ।ਇਸ ਵਿਚ ਸਮੁੱਚਤਾ ਜਾਂ ਵੱਧ ਤੋਂ ਵੱਧ ਸੰਭਾਵਨਾਵਾਂ ਦੀਆਂ ਸੁਰਾਂ ਛਿੜਦੀਆਂ ਹਨ ।ਜੀਵਨ ਰਾਗ ਦੀਆਂ ਵੱਧ ਤੋਂ ਵੱਧ ਤਰਜ਼ਾਂ ਨੂੰ ਪਕੜਨਾ ਹੀ ਕਲਾਕਾਰੀ ਹੈ ।

ਅਖੀਰ ਅਦਾਲਤ ਦੇ ਫੈਸਲੇ ਦਾ ਭੇਤ ਖੁਲ੍ਹਦਾ ਹੈ ।"ਇਕ ਮੋਚੀ ਦਾ ਮੁੰਡਾ ਵੱਡਾ ਆਦਮੀ ਨੀ ਬਣ ਸਕਦਾ ।" ਇਸ ਕਰਕੇ ਜੱਜ ਵਲੋਂ ਦੋ ਲੱਖ ਹਰਜ਼ਾਨਾ ਦੇਣ ਦਾ ਹੁਕਮ ਦਿੱਤਾ ਜਾਂਦਾ ਹੈ ।"ਜੇ ਮੁੰਡਾ ਕਿਸੇ ਵੱਡੇ ਘਰ ਦਾ ਹੁੰਦਾ ਤਾਂ ਕਲੇਮ ਦੀ ਰਾਸ਼ੀ ਦਸ-ਪੰਦਰਾਂ ਲੱਖ ਹੋਣੀ ਸੀ।" ਅਦਾਲਤ ਦੇ ਫੈਸਲੇ ਦਾ ਅਪਣਾ ਤੁਅੱਸਬ ਹੈ ।ਇਸ ਵਿਚ ਕਟਾਖ਼ਸ਼ ਹੈ ।ਛੋਟੀਆਂ ਜਾਤਾਂ ਲਈ ਛੋਟੇ ਫੈਸਲੇ ਹਨ ।ਇਹ ਪੂਰਵ-ਨਿਸ਼ਚਤ ਫੈਸਲਾ ਹੈ ।ਅਦਾਲਤ ਦਾ ਖ਼ਲੂਸ ਜਮਾਤੀ ਹੈ ਤੇ ਜਾਤੀ ਵੀ ।ਨਿੱਕੀ ਜਾਤ ਤੇ ਜਮਾਤ ਨੂੰ ਛੋਟੀ ਸਹੂਲਤ ਤੇ ਰਾਹਤ ਹੈ ।ਫੈਸਲਾ ਕਿਸੇ ਹਕੀਕਤ ਤੋਂ ਉਪਜਿਆ ਜਾਪਦਾ ਹੈ ।ਪਰ ਹਕੀਕਤਾਂ ਬਣਦੀਆਂ ਕਿਵੇਂ ਹਨ ? ਇਹ ਜ਼ੋਰਾਵਰਾਂ ਦੇ ਜ਼ੋਰ ਹੇਠ ਬਣੇ ਸੱਚ ਹਨ ।ਅਦਾਲਤੀ ਮਨੋਸਥਿਤੀ 'ਤੇ ਵੀ ਅਜੇਹਾ ਪ੍ਰਚੱਲਤ ਆਵੇਸ਼ ਭਾਰੂ ਹੈ ।ਫੈਸਲਾ ਇਨਸਾਫ਼ ਵਰਗਾ ਹੈ ।ਪਰ ਫੈਸਲੇ ਦੀ ਵਿਆਖਿਆ ਵਿਚ ਬੇ-ਇਨਸਾਫ਼ੀ ਰੜਕਦੀ ਹੈ ।ਇਸ ਕਰਕੇ ਗਿਆਨੋ ਫਿਰ ਆਪਣੇ ਸੰਕੋਚ ਵਿਚੋਂ ਬਾਹਰ ਆਉਂਦੀ ਹੈ ।ਕਰਮ ਵਿਚੋਂ ਪ੍ਰਤਿਕਰਮ ਦੀ ਲੀਲਾ ਉਪਜਦੀ ਹੈ ।ਗਿਆਨੋ ਮੁਤਾਬਕ "ਉਸ ਦਾ ਬੱਬਾ ਪੜ੍ਹਨ ਨੂੰ ਹੁਸ਼ਿਆਰ ਸੀ ।ਅੱਠਵੀਂ 'ਚੋਂ ਜ਼ਿਲ੍ਹੇ 'ਚੋਂ ਪਹਿਲੇ ਨੰਬਰ 'ਤੇ ਆਇਆ ਸੀ ।ਕਲਾਸ ਦਾ ਮਨੀਟਰ । ... ਸ਼ੀਲਾ ਜਿੰਨੀ ਵਾਰੀ ਵੀ ਆਉਂਦੀ-ਇਹੀ ਕਹਿੰਦੀ ਸੀ ਆਪਣਾ ਬੱਬਾ ਵੱਡਾ ਅਫਸਰ ਬਣੂੰ ।ਜੱਜ ਨੇ ਇਹ ਕਿਵੇਂ ਕਹਿਤਾ।" ਪਹਿਲਾ ਮਸਲਾ ਕਲੇਮ ਮਿਲਣ ਸੰਬੰਧੀ ਸੀ । ਹੁਣ ਇਹ ਕਲੇਮ ਦੀ ਰਾਸ਼ੀ ਲਈ ਹੈ ।ਜੱਜ ਜਾਂ ਅਦਾਲਤ ਦੀ ਟਿੱਪਣੀ ਤੋਂ ਗਿਆਨੋ ਨਾਬਰ ਜਾਪਦੀ ਹੈ ।ਉਸ ਨੂੰ ਆਪਣੇ ਲਾਇਕ ਪੁੱਤਰ ਦੇ ਵੱਡੇ ਬਣਨ ਦੀ ਆਸ ਸੀ ।ਇਸ ਕਰਕੇ ਮੁਆਵਜ਼ਾ ਵੀ ਵੱਡਾ ਹੋਣਾ ਚਾਹੀਦਾ ਹੈ ।ਗਿਆਨੋ ਮੁੜ ਸਰਗਰਮ ਹੈ ।ਉਹ ਦੁਰਗਾ ਦਾਸ ਨੂੰ ਹੱਲਾ ਸ਼ੇਰੀ ਦੇਂਦੀ ਹੈ । "ਤੂੰ ਚੰਡੀਗੜ੍ਹ ਕੇਸ ਕਰ ।ਪੈਸਿਆਂ ਦੀ ਪ੍ਰਵਾਹ ਨਾ ਕਰੀਂ ।ਮੈਨੂੰ ਇਕ ਸੌ ਪੰਜ ਤੇ ਪੰਦਰਾਂ ਵਾਲੀਆਂ ਮੈਡਮਾਂ ਦੇ ਸੁਨੇਹੇ ਮਿਲੇ ਆ ।ਮੈਂ ਉਨ੍ਹਾਂ ਦਾ ਕੰਮ ਵੀ ਸੰਭਾਲ ਲੈਣਾ ।ਤੂੰ ਜੱਜ ਨੂੰ ਬੱਬੇ ਦਾ ਅੱਠਵੀਂ ਦਾ ਸਰਟੀਫਿਕੇਟ ਦਿਖਾਈਂ ।ਦੇਖੀਂ ਚੰਡੀਗੜ੍ਹ ਵਾਲੀ ਕਚਿਹਰੀ 'ਚ ਉਹਦਾ ਮੁੱਲ ਘੱਟੋ-ਘੱਟ ਦਸ ਲੱਖ ਪਊ ।" ਇਸ ਵਤੀਰੇ ਵਿਚ ਹੱਕ ਮੰਗਣ ਦੀ ਅਭਿਲਾਸ਼ਾ ਹੈ ।ਇਹ ਸ੍ਵੈ-ਮਾਣ ਵੀ ਹੈ ਤੇ ਸ੍ਵੈ ਦੀ

ਪਹਿਚਾਣ ਵੀ ।ਫ਼ੈਸਲੇ ਪ੍ਰਤੀ ਨਾਬਰੀ ਵੀ ਹੈ ।ਲੋਭ ਵੀ ਹੈ ।ਪਹਿਲਾਂ ਮੁੱਲ ਪੈਣ ਜਾਂ ਪਵਾਉਣ ਪ੍ਰਤੀ ਨਿਮੋਸ਼ੀ ਸੀ ।ਹੁਣ ਮੁੱਲ ਘੱਟ ਪੈਣ ਦਾ ਗਿਲਾ ਹੈ ।ਹੀਣਤਾ ਉਲਾਂਭੇ ਵਿਚ ਬਦਲਦੀ ਹੈ ।ਇਹ ਜਾਤ ਪ੍ਰਤੀ ਪੂਰਵ ਨਿਸ਼ਚਤ ਫ਼ੈਸਲੇ ਨੂੰ ਵੰਗਾਰ ਹੈ ।ਬਣੇ-ਬਣਾਏ ਵਿਸ਼ਵਾਸ ਪ੍ਰਤੀ ਰੋਸ ਹੈ ।ਦੁਰਗਾ ਦਾਸ ਨੂੰ ਗਿਆਨੋ ਪ੍ਰਤੀ ਹੈਰਾਨੀ ਹੁੰਦੀ ਹੈ ।ਗਿਆਨੋ ਤਾਂ ਚੁੱਪ ਰਹਿੰਦੀ ਸੀ ।ਹੁਣ ਉਹਦੇ ਵਿਚ ਉਤਸ਼ਾਹ ਹੈ ।ਇਹ ਇਕ ਚਿਹਨ ਹੈ ।ਇਸ ਦੇ ਅਰਥ ਗਹਿਰੇ ਹਨ ।ਇਹ ਸਮਾਜਕ ਰਵਾਇਤ ਤੇ ਅਦਾਲਤੀ ਪ੍ਰਬੰਧ ਅੱਗੇ ਨਾਬਰੀ ਹੈ ।ਰੋਸ ਦੀ ਚਿਣਗ ਹੈ ।ਇਥੇ ਆ ਕੇ ਹੀ ਕਹਾਣੀ (ਟੈਲੀਫਿਲਮ) ਆਪਣੀ ਚਰਮਸੀਮਾ ਨੂੰ ਪਹੁੰਚਦੀ ਹੈ ।ਕਹਾਣੀ ਵਿਚ ਹਰ ਸੋਚ ਜਾਂ ਕਾਰਜ ਦਾ ਕਾਰਣ ਹੈ ।ਹਰ ਮਨੋਸਥਿਤੀ ਦਾ ਆਧਾਰ ਹੈ ।ਛੋਟਿਆਂ ਪ੍ਰਤੀ ਛੋਟੇ ਹੋਣ ਦੇ ਫੈਸਲੇ ਪ੍ਰਤੀ ਕਿੰਤੂ-ਪ੍ਰੰਤੂ ਹੈ ।ਅਜੇਹਾ ਪ੍ਰਤਿਕਰਮ ਜਾਂ ਰੋਸ ਨਾਬਰੀ ਵਜੋਂ ਕਿਸੇ ਜਾਗਰਤੀ ਦਾ ਮੁੱਢ ਹੈ ।ਪਰ ਇਨ੍ਹਾਂ ਦੀ ਆਪਣੀ ਸੀਮਾ ਵੀ ਹੈ ।ਨਾ-ਇਨਸਾਫੀ ਕਰਨ ਵਾਲਿਆਂ ਤੋਂ ਹੀ ਫਿਰ ਇਨਸਾਫ ਦੀ ਝਾਕ ਹੈ ।ਛੋਟੀ ਅਦਾਲਤ ਵਿਚੋਂ ਨਿਕਲ ਕੇ ਵੱਡੀ ਅਦਾਲਤ ਦੇ ਕਲਾਵੇ ਵਿਚ ਆਉਣ ਦੀ ਸਥਿਤੀ ਹੈ ।ਰੋਸ ਵਿਵਸਥਾ ਦੇ ਇਕ ਅੰਗ ਪ੍ਰਤੀ ਹੈ ।ਸਮੁੱਚੀ ਵਿਵਸਥਾ ਵਿਚ ਤਾਂ ਯਕੀਨ ਹੈ ।ਪਰਜਾ ਦੀ ਮੁਨਸਬ ਅੱਗੇ ਬੇਵਸੀ ਹੈ ।'ਚਿੜੀ ਵਿਚਾਰੀ (ਕਾਂ ਅੱਗੇ) ਕੀ ਕਰੇ' ਵਰਗੀ ਹਾਲਤ ਹੈ ।ਕਹਾਣੀ ਬਿਰਤਾਂਤ ਅਸੰਤੁਸ਼ਟੀ ਵਿਚ ਮੁੱਕਦਾ ਹੈ ।ਇਹ ਖਤਮ ਹੋ ਕੇ ਵੀ ਖਤਮ ਨਹੀਂ ਹੈ ।ਇਹ ਖੁੱਲ੍ਹਾ ਅੰਤ ਹੈ ।ਪਾਠਕ ਲਈ ਗਹਿਰ-ਗੰਭੀਰਤਾ ਬਣੀ ਰਹਿੰਦੀ ਹੈ ।ਇਹ ਕਹਾਣੀ ਦੀ ਤਾਕਤ ਹੈ ।ਕਿਉਂਕਿ, ਬੰਦ ਅੰਤ ਵਾਲੀਆਂ ਰਚਨਾਵਾਂ ਵਿਚ ਸੋਚਣ-ਵਿਚਾਰਨ ਦੀ ਗੁੰਜਾਇਸ਼ ਨਹੀਂ ਰਹਿੰਦੀ ਹੈ ।

ਰਚਨਾਕਾਰ ਜਾਂ ਫਿਲਮਕਾਰ ਦਾ ਪਾਤਰਾਂ ਪ੍ਰਤੀ ਆਪਣਾ ਨਜ਼ਰੀਆ ਤੇ ਵਤੀਰਾ ਹੈ । ਕਮਲ ਤੇ ਰਮਣੀਕ ਦੋਵਾਂ ਦੀ ਆਪਣੀ ਮਾਨਸਿਕਤਾ ਹੈ ।ਰਮਣੀਕ ਮੁਤਾਬਕ "ਗਿਆਨੋ ਇਥੋਂ ਤਕ ਵੀ ਸੋਚ ਸਕਦੀ ਸੀ ? ਕੀ ਛੋਟੀਆਂ ਜਾਤਾਂ ਦਾ ਇਹੀ ਕਿਰਦਾਰ ਹੁੰਦਾ ?" ਇਹ ਨਜ਼ਰੀਆ ਅਦਾਲਤ ਵਰਗਾ ਹੈ ।ਫਿਲਮਕਾਰ ਜਾਂ ਜਰਨਿਲਸਟ ਵੀ ਛੋਟੀਆਂ ਜਾਤਾਂ ਦੀ ਵੱਡੀ ਸੋਚ ਜਾਂ ਵੱਡਾ ਮੰਗਣ ਤੋਂ ਸ਼ੱਕੀ ਹਨ ।ਅਜੇਹੀ ਸਥਿਤੀ ਤੋਂ ਰਮਣੀਕ ਦਾ ਮਨ ਖਰਾਬ ਹੁੰਦਾ ਹੈ ।ਇਹ ਕਿਤੇ ਨਾ ਕਿਤੇ ਗਿਆਨੋ ਨੂੰ 'ਚਾਈਲਡ ਈਟਰ ਮਦਰ' ਵਾਂਗ ਸਮਝਦੀ ਹੈ ।ਗਿਆਨੋ 'ਤੇ ਫਿਲਮਾਏ ਐਪੀਸੋਡ ਬਾਰੇ ਦੁਬਿਧਾ ਹੈ ।ਅਦਾਲਤ ਵਾਂਗ ਫਿਲਮ ਨਿਰਮਾਤਾ ਵਿਚੋਂ ਵੀ ਪੂਰਵ-ਨਿਸ਼ਚਤ ਧਾਰਨਾ ਦੀ ਰੜਕ ਵਿਖਾਈ ਦੇਂਦੀ ਹੈ ।ਫਿਲਮਕਾਰ ਕੰਵਲ ਆਪਣੀ ਚਾਚੀ ਗਿਆਨੋ ਬਾਰੇ ਦੁਬਾਰਾ ਸੋਚਣ ਲੱਗਦਾ ਹੈ ।ਪਾਤਰ ਰਚਨਾਕਾਰ ਤੋਂ ਅੱਗੇ ਨਿਕਲ ਗਏ ਹਨ ।ਸਾਹਿਤ ਉਹ ਮਹੱਤਵਪੂਰਣ ਹੁੰਦਾ ਹੈ ਜਿਸ ਬਾਰੇ ਮੁੜ-ਮੁੜ ਸੋਚਣਾ ਪਵੇ ।ਇਹ ਰਚਨਾ ਦੀ ਤਾਕਤ ਹੈ ।ਜੋ ਪੇਸ਼ ਹੋ ਗਿਆ, ਸੋ ਹੋ ਗਿਆ ।ਇਸ ਬਾਰੇ ਬਦਲਣਾ ਕੁਝ ਨਹੀਂ ਹੈ ।ਇਹ ਤਾਂ ਬਸ ਲੇਖਕ ਦੀ ਆਪਣੀ ਕਲਾ-ਜੁਗਤ ਹੈ ।ਅਵਚੇਤਨ ਦੇ ਜ਼ੋਰ ਵਿਚ ਕਹਾਣੀ ਦੀ ਨੁਹਾਰ ਆਪਣੀ ਹੈ ।ਪਾਤਰਾਂ ਵਾਂਗ ਲੇਖਕ ਵੀ ਬਹੁ-ਰਾਵੀਂ ਹੈ ।ਪਹਿਲਾਂ ਵੀ ਲੇਖਕ (ਫਿਲਮਕਾਰ) ਦੁਰਗਾ ਦਾਸ ਦੇ ਅਦਾਲਤੀ ਵਿਹਾਰ ਤੋਂ ਦੁਬਾਰਾ ਸੋਚ ਵਿਚ ਹੈ ।ਪਰ ਕਹਾਣੀ ਆਪਣੇ ਅੰਦਰਲੇ ਦੇ ਵੇਗ ਅਨੁਸਾਰ ਹੈ ।ਇਥੇ ਮੱਧ-ਸ਼੍ਰੇਣਿਕ ਕਲਾਕਾਰੀ ਜਾਂ ਬੌਧਿਕਤਾ ਦੀ ਸੀਮਾ ਵੱਲ ਵੀ ਇਸ਼ਾਰਾ ਹੈ ।ਸਾਹਿਤ ਪਾਰਗਾਮੀ ਹੈ। ਇਹ ਕਈ ਵਾਰ ਰਚਨਾਕਾਰ ਤੋਂ ਵੀ ਪਾਰ ਹੋ ਜਾਂਦਾ ਹੈ।

ਇਸ ਕਹਾਣੀ ਦੀ ਤਕਨੀਕ ਵਿਸ਼ੇਸ਼ ਹੈ ।ਇਹ ਤਿੰਨ ਧਿਰੀ ਜੁਗਤ ਵਿਚ ਉਸਰੀ ਨਜ਼ਰ ਆਉਂਦੀ ਹੈ ।ਇਹ ਕਹਾਣੀ ਸਾਡੇ ਪ੍ਰਚੱਲਿਤ ਕਹਾਣੀ ਸ਼ਾਸਤਰ ਮੁਤਾਬਕ ਵੀ ਹੈ ਤੇ ਇਸ ਨੂੰ ਵਿਸਤਾਰ ਵੀ ਦੇਂਦੀ ਹੈ ।ਬਹੁਤੀ ਕਹਾਣੀ ਟੈਲੀਫਿਲਮ ਦੁਆਰਾ ਪੇਸ਼ ਹੈ ।ਇਸ ਦੇ ਵਿਚ-ਵਿਚ ਵਕਫ਼ੇ ਹਨ ।ਕਿਤੇ-ਕਿਤੇ ਲੇਖਕ (ਫਿਲਮਕਾਰ) ਪਾਤਰਾਂ ਦੇ ਪਿਛੋਕੜ ਬਾਰੇ ਬਿਆਨ ਕਰਦਾ ਹੈ । ਫਿਲਮਕਾਰ ਪਾਤਰਾਂ ਦੇ ਵਿਹਾਰ ਬਾਰੇ ਪੂਰੀ ਤਰ੍ਹਾਂ ਸਹਿਮਤ ਨਹੀਂ ਹੈ ।ਇਹ ਹੈ ਤਾਂ ਕਹਾਣੀ, ਪਰ ਇਸ ਦਾ ਅੰਦਾਜ਼ੇ-ਬਿਆਨ ਵੱਖਰਾ ਹੈ । ਫਿਲਮਕਾਰ ਖ਼ੁਦ ਵੀ ਪਾਤਰਾਂ ਨੂੰ ਨਿਹਾਰਦੇ ਹਨ ।ਇਹ ਦਰਸ਼ਕ ਜਾਂ ਪਾਠਕ ਦੀ ਭੂਮਿਕਾ ਵਿਚ ਵੀ ਹਨ ।ਜੋ ਸਵਾਲ ਪਾਠਕ ਜਾਂ ਦਰਸ਼ਕ ਦੇ ਮਨ ਵਿਚ ਆ ਸਕਦੇ ਹਨ, ਉਸ ਤੋਂ ਲੇਖਕ ਵੀ ਸੁਰਖ਼ਰੂ ਨਹੀਂ ਹੈ ।ਇਸ ਤਰ੍ਹਾਂ ਕਹਾਣੀਕਾਰ ਸਰਬ-ਗਿਆਤਾ ਦੇ ਰੂਪ ਵਿੱਚ ਨਹੀਂ ਹੈ ।ਸਾਹਿਤਕਾਰ ਆਪਣੀ ਰਚਨਾ ਦੇ ਅੰਤਮ-ਸੱਚ ਹੋਣ ਦੇ ਗਰੂਰ ਵਿਚ ਨਹੀਂ ਹੈ। ਇਹ ਕਹਾਣੀ ਸੁਚੇਤ ਪਾਠਕ ਜਾਂ ਦਰਸ਼ਕ ਦੀ ਹਾਜ਼ਰੀ ਦੇ ਮੱਦੇ-ਨਜ਼ਰ ਹੈ ।ਪਾਠਕ ਜਾਂ ਦਰਸ਼ਕ ਦੀ ਸੂਝ ਨੂੰ ਧਿਆਨ ਹਿੱਤ ਰੱਖਣਾ ਵੀ ਕਲਾਕਾਰੀ ਹੈ ।

ਇਸ ਕਹਾਣੀ ਵਿਚ ਨਾ ਘਟਨਾਵਾਂ ਪ੍ਰਧਾਨ ਹਨ ਨਾ ਹੀ ਪਾਤਰ ।ਵਿਸ਼ੇਸ਼ ਪਾਤਰਾਵਲੀ ਤੇ ਘਟਨਾਵਾਂ ਦੀ ਬਹੁਲਤਾ ਇਤਿਹਾਸ ਦਾ ਖਾਸਾ ਤਾਂ ਹੈ ਪਰ ਸਾਹਿਤ ਦਾ ਨਹੀਂ ।ਸਾਹਿਤ ਘਟਨਾਵਾਂ ਵਿਚ ਵਿਚਰਦੇ ਪਾਤਰਾਂ ਦੀ ਮਨੋਸਥਿਤੀ ਦੇ ਉਤਰਾਅ-ਚੜ੍ਹਾਅ ਦੀ ਚਿਤਰਕਾਰੀ ਹੈ । ਇਹ ਕਹਾਣੀ ਫਿਲਮਾਈ ਗਈ ਹੈ ।ਪਰ ਇਸ ਵਿਚ ਫਿਲਮੀ ਮਸਾਲਾ ਨਹੀਂ ਹੈ ।ਸਾਹਿਤ ਨਾਹਰਾ ਨਹੀਂ ਹੈ ।ਕਹਾਣੀ ਵਿਚ ਸੋਚ-ਸਮਝ ਪ੍ਰਤੀ ਜ਼ੁੰਬਸ਼ ਹੈ ।ਇਸ ਵਿਚ ਨਾ ਹੀ ਭਾਵੁਕਤਾ ਹੈ ਨਾ ਹੀ ਉਲਾਰਤਾ ।ਪਾਤਰਾਂ ਦਾ ਵਿਹਾਰ ਸੁਭਾਵਕ ਰੂਪ ਹੈ ।ਸੁਭਾਵਿਕਤਾ ਕਲਾਕਾਰੀ ਦਾ ਲੱਛਣ ਹੈ । ਪਾਤਰ ਇਕ ਸਹਿਜ ਮਨੋਸਥਿਤੀ ਵਿਚ ਵੀ ਹਨ ਤੇ ਗਤੀਸ਼ੀਲ ਵੀ। ਕਹਾਣੀ ਵਿਚ ਕਟਾਖਸ਼ ਜਾਂ ਚੋਭ ਦੀ ਨਸ਼ਤਰ ਹੈ ।ਸਮਝ ਦੀਆਂ ਪਰਤਾਂ ਹਨ ।ਪਰ ਇਹ ਕਿਸੇ ਸਿੱਧੇ ਸਿਆਸੀ ਜਾਂ ਭਾਰੇ ਬੁੱਧੀ ਸੰਦੇਸ਼ ਤੋਂ ਹਟ ਕੇ ਹਨ ।ਕਹਾਣੀ ਵਿਚ ਕਿਸੇ ਵਾਦ ਦਾ ਉਪਦੇਸ਼ ਨਹੀਂ ਹੈ ।ਬੰਦ ਜਾਂ ਆਖਰੀ ਸੱਚ ਵਜੋਂ ਕੁਝ ਨਹੀਂ ਹੈ ।ਦੁਬਾਰਾ ਸੋਚਣ, ਵੇਖਣ, ਪਰਖਣ ਦੀ ਗੁੰਜਾਇਸ਼ ਹੈ ।ਪਾਤਰਾਂ ਦਾ ਬਦਲਦਾ ਵਿਹਾਰ ਬਿਨਾਂ ਵਜ੍ਹਾ ਨਹੀਂ ਹੈ । ਹਰ ਵਿਹਾਰ ਦਾ ਕੋਈ ਤਰਕ ਜਾਂ ਆਧਾਰ ਹੈ ।ਨਾ ਸਮਾਜ ਦੀ ਬਣਤਰ ਇਕਹਰੀ ਹੈ ਨਾ ਮਨੁੱਖ ਦੀ ।ਨਾ ਆਧਾਰ ਇਕਹਰੇ ਹਨ ਤੇ ਨਾ ਉਸਾਰ ।ਇਸ ਗਤੀਸ਼ੀਲ ਵਰਤਾਰੇ ਵਿਚ ਇਕ ਸੋਚ ਤੋਂ ਅੱਗੇ ਹੋਰ ਸੋਚ ਹੈ ।ਇਕ ਅਦਾਲਤ ਤੋਂ ਅੱਗੇ ਹੋਰ ਵੱਡੀ ਅਦਾਲਤ ਦੇ ਰੁਬਰੂ ਹੋਣ ਦੀ ਗਤੀਸ਼ੀਲਤਾ ਹੈ ।ਕਹਾਣੀ ਨਿਰੰਤਰ ਸਫ਼ਰ ਵਿਚ ਹੈ ।ਇਹ ਕਲਾ-ਸਾਸ਼ਤਰ ਦਾ ਇਕ ਹੋਰ ਅਹਿਮੀਅਤ ਹੈ ।ਕਹਾਣੀ ਵਿਚ ਠਹਿਰਾ ਹਨ ।ਪਰ ਕਹਾਣੀਕਾਰ ਦੀ ਰਚਨਾ-ਦ੍ਰਿਸ਼ਟੀ ਗਤੀਬੋਧ ਵਾਲੀ ਹੈ ।ਇਸ ਕਹਾਣੀ ਵਿਚ ਦਲਿਤ ਚੇਤਨਾ ਦਾ ਆਪਣਾ ਸੁਭਾਵਕ ਪਹਿਲੂ ਹੈ । ਨੀਵੇਂ, ਪੱਛੜੇ ਜਾਂ ਦੱਬੇ ਕਿਰਿਆਸ਼ੀਲ ਤਾਂ ਹਨ, ਭਾਵੇਂ ਕਿ ਇਹ ਬਹੁਤੇ ਸੰਘਰਸ਼ਸ਼ੀਲ ਨਹੀਂ ਹਨ। ਇਸ ਵਿਚ ਪਾਠਕ-ਦਰਸ਼ਕ ਦੀ ਸੋਚ ਨੂੰ ਹਲੂਣਾ ਹੈ ।ਦਲਿਤਾਂ ਬਾਰੇ ਬਣੀ-ਬਣਾਈ ਧਾਰਨਾ ਵਿਚੋਂ ਨਿਕਲਣ ਦਾ ਝਰੋਖਾ ਵੀ ਹੈ ।ਕਹਾਣੀ ਵਿਚ ਨੀਵੀਆਂ ਜਾਂ ਨਿਮਾਣਿਆਂ ਦੇ ਜੀਣ-ਥੀਣ ਦੀ ਤਸਵੀਰ ਹੈ ।ਜੀਵਨ ਦੀਆਂ ਕਰੂਰ ਤੇ ਕਠੋਰ ਹਕੀਕਤਾਂ ਹਨ ।ਦੁੱਖਾਂ ਦਾ ਜ਼ਹਿਰ ਡੀਕ ਕੇ ਜਿਊਣ ਦੀ ਸਥਿਤੀ ਹੈ ।ਜੀਵਨ-ਨਿਰਬਾਹ ਲਈ ਕਿਤੋਂ ਮਿਲਦਾ ਕੋਈ ਲਾਹ ਹੱਕ-ਵਾਜ਼ਬ ਹੈ ।ਇਹ ਨਿਮਨ ਵਰਗ ਦੀ ਹੀ ਨਹੀਂ, ਆਮ ਮਨੁੱਖੀ ਸੁਭਾਅ ਦੀ ਫ਼ਿਤਰਤ ਹੈ ।ਕਹਾਣੀ ਵਿਚੋਂ ਉਭਰਦੀ ਅਜੇਹੀ ਸੁਰ ਦਾ ਖਾਸਾ ਫਲਸਫ਼ੇ ਵਰਗਾ ਹੈ ।ਇਸ ਰਚਨਾ ਦੀ ਹੈਸੀਅਤ ਚਿਰ-ਜੀਵੀ ਤੇ ਮੁਕੰਮਲ ਕਲਾ-ਰੂਪ ਵਾਲੀ ਜਾਪਦੀ ਹੈ ।

## *ਸਮੁੰਦਰ ਅਤੇ ਟਾਪੂ ਦੀ ਦਾਸਤਾਨ : ਦੋ ਟਾਪੂ*

***ਡਾ. ਗੁਰਪਾਲ ਸਿੰਘ ਸੰਧੂ (1.9.1961)***

'ਦੋ ਟਾਪੂ' ਕਹਾਣੀ ਕਨੇਡਾ ਵਿਚ ਰਹਿੰਦੇ ਕਹਾਣੀਕਾਰ ਜਰਨੈਲ ਸਿੰਘ ਦੀ ਲੋਕਪ੍ਰਿਅ ਕਹਾਣੀ ਹੈ। ਸਮਕਾਲੀ ਪੰਜਾਬੀ ਕਹਾਣੀ ਵਿਚ ਜਰਨੈਲ ਸਿੰਘ ਦੀ ਵਿਲੱਖਣਤਾ ਸਿਰਫ਼ ਪਰਵਾਸੀ ਕਥਾ-ਦ੍ਰਿਸ਼ਾਂ ਨੂੰ ਸਿਰਜਣ ਤੱਕ ਸੀਮਤ ਨਾ ਰਹਿ ਕੇ, ਪੰਜਾਬੀ ਭਾਈਚਾਰੇ ਵਿਚ ਅਸਤ-ਵਿਅਸਤ ਹੋ ਰਹੇ ਜੀਵਨ-ਮੁੱਲਾਂ, ਪਹਿਲਤਾਵਾਂ ਅਤੇ ਭਾਵਨਾਤਮਕ ਸੰਤੁਲਨਾਂ ਦੀ ਤਹਿ ਵਿਚ ਜਾਣ ਦੀ ਸੰਜੀਦਾ ਕੋਸ਼ਿਸ਼ ਕਰਨਾ ਹੈ। ਜ਼ਾਹਿਰ ਹੈ ਕਿ ਇਸ ਕੋਸ਼ਿਸ ਵਿਚ ਲੇਖਕ ਦੀ ਪ੍ਰਗਤੀਵਾਦੀ ਰਚਨਾ ਦ੍ਰਿਸ਼ਟੀ ਪਰਵਾਸੀ ਮਨੁੱਖ ਨੂੰ ਸਿਰਫ਼ ਵਿਅਕਤੀਵਾਦੀ ਸੰਦਰਭਾਂ ਅਤੇ ਸਰੋਕਾਰਾਂ ਤੋਂ ਅੱਗੇ ਲਿਜਾ ਕੇ ਉਸਨੂੰ ਪੱਛਮੀ ਮੁਆਸ਼ਰੇ ਦੇ ਪਰਤ-ਦਰ-ਪਰਤ ਜੁੜੇ ਹੋਏ ਮਨੋਰਥਾਂ ਅਤੇ ਉਦੇਸ਼ਾਂ ਨਾਲ ਸੰਜੋਅ ਕੇ ਪੇਸ਼ ਕਰਦੀ ਹੈ। 'ਦੋ ਟਾਪੂ' ਇਸ ਨਜ਼ਰੀਏ ਤੋਂ ਖ਼ੂਬਸੂਰਤ ਕਹਾਣੀ ਹੈ, ਜੋ ਪੰਜਾਬੀ ਮੂਲਵਾਸ ਅਤੇ ਪਰਵਾਸ ਦੇ ਆਪਸ ਵਿਚ ਜੁੜੇ ਹੋਏ ਬਹੁ ਪਰਤੀ ਰਿਸ਼ਤੇ ਦੇ ਹਵਾਲੇ ਨਾਲ ਪਰਵਾਸੀ ਪੰਜਾਬੀ ਮਨੁੱਖ ਦੀ ਸਮਾਜਿਕ, ਭਾਵਨਾਤਮਕ ਅਤੇ ਅਸਤਿਤਵੀ ਸਪੇਸ ਵਿਚ ਵਿਆਪ ਚੁੱਕੇ ਖਲਾਅ ਅਤੇ ਖਲਾਅ ਦੇ ਸੰਤਾਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਰਤਾਂਤਕ ਸਰੂਪ ਪ੍ਰਦਾਨ ਕਰਦੀ ਹੈ।

(1)

'ਦੋ ਟਾਪੂ' ਕਹਾਣੀ ਦੇ ਸ਼ੁਰੂ ਵਿਚ ਹੀ ਕਹਾਣੀਕਾਰ ਉਚੇਚ ਨਾਲ ਨਾਇਕ ਬਲਰਾਜ ਅਤੇ ਨਾਇਕਾ ਪਾਸ਼ੀ ਨੂੰ 'ਦੋ ਟਾਪੂ' ਨਾਮਜ਼ਦ ਕਰਦਾ ਹੈ। ਨਾਲ ਹੀ ਉਹ ਬਲਰਾਜ ਲਈ 'ਸਮੁੰਦਰ 'ਚ ਗੁਆਚੇ ਮਲਾਹ' ਦਾ ਇਸ਼ਤਿਆਰਾ ਵਰਤਦਾ ਹੈ। ਇਸ ਪ੍ਰਕਾਰ ਇਸ ਕਥਾ ਬਿਰਤਾਂਤ ਵਿਚ 'ਸਮੁੰਦਰ' 'ਟਾਪੂ' ਅਤੇ ਗੁਆਚਿਆ ਹੋਇਆ 'ਮਲਾਹ' ਦੇ ਅਰਥਗਤ ਸੰਦਰਭ ਨਿਰੰਤਰ ਜਾਰੀ ਰਹਿੰਦੇ ਹਨ। ਜੇਕਰ ਅਸੀਂ 'ਸਮੁੰਦਰ' ਅਤੇ 'ਟਾਪੂ' ਨੂੰ ਕਥਾ-ਚਿਹਨ ਤਸਲੀਮ ਕਰ ਲੈਂਦੇ ਹਾਂ ਤਾਂ ਇਨ੍ਹਾਂ ਵਿੱਚੋਂ ਟਾਪੂ ਤੋਂ ਭਾਵ ਇਕਾਈ ਰੂਪ ਅਤੇ ਸਮੁੰਦਰ ਤੋਂ ਸਮੁੱਚ ਦੀ ਉਜਾਗਰ ਹੋ ਜਾਂਦਾ ਹੈ। ਨਾਲ ਹੀ ਇਹ ਵਿਅਕਤੀ ਅਤੇ ਸਮੂਹ ਦੇ ਅਰਥ ਦੀ ਕਨਸੋਅ ਵੀ ਦੇ ਦਿੰਦੇ ਹਨ। ਇਸ ਤਰ੍ਹਾਂ ਆਪਣੇ ਚਿਹਨਾਤਮਕ ਅਰਥਾਂ ਵਿਚ ਸਮੁੰਦਰ ਪੱਛਮੀ ਮੁਆਸ਼ਰੇ ਦਾ ਸੰਕੇਤਿਕ ਬਣ ਜਾਂਦਾ ਹੈ ਅਤੇ ਟਾਪੂ ਉਸ ਵਿਚ ਵਿਚਰ ਰਹੇ ਵਿਅਕਤੀ ਦਾ। ਵਿਅਕਤੀ ਅਤੇ ਮੁਆਸ਼ਰੇ ਦੇ ਆਪਸੀ ਰਿਸ਼ਤੇ ਨੂੰ ਟਾਪੂ ਅਤੇ ਸਮੁੰਦਰ ਨਾਲ ਮੇਲ ਕੇ ਵੇਖਣ ਨਾਲ ਅਸੀਂ ਪੱਛਮੀ ਨਿਜ਼ਾਮ ਵਿਚ ਮੁਮਕਿਨ ਹੋਣ ਵਾਲੀ ਪਰਵਾਸੀ ਮਨੁੱਖ ਦੀ ਜ਼ਾਹਿਰਾ ਅਤੇ ਅਸਲੀ ਹਸਤੀ ਵਿਚਲੇ ਫਰਕ ਦਾ ਅੰਦਾਜ਼ਾ ਲਗਾਉਣ ਦੇ ਵੀ ਯੋਗ ਹੋ ਜਾਂਦੇ ਹਾਂ ਤੇ ਉਸ ਵਿਚੋਂ ਪੈਦਾ ਹੋਣ ਵਾਲੀ ਅਰਥਹੀਣਤਾ, ਅਧੀਨਗੀ ਅਤੇ ਅਸਤਿਤਵੀ ਹੱਦ-ਬੰਦੀ ਬਾਰੇ ਵੀ ਚੇਤੰਨ ਹੋ ਜਾਂਦੇ ਹਾਂ। ਇਸੇ ਲਈ ਕਥਾ ਦੇ ਸ਼ੁਰੂ ਵਿਚ ਹੀ ਕਹਾਣੀਕਾਰ 'ਗੁਆਚੇ' ਹੋਏ 'ਮਲਾਹ' ਦੇ ਚਿਹਨ ਰਾਹੀਂ ਵੀ ਮੁਆਸ਼ਰੇ ਦੀ ਸਰਗਰਮੀ ਦੇ ਫਲਸਰੂਪ ਸੰਭਵ ਹੋਣ ਵਾਲੀ ਮਨੁੱਖ ਦੀ ਹੋਣੀ ਵੱਲ ਇਸ਼ਾਰਾ ਕਰ ਦਿੰਦਾ ਹੈ।

ਦੂਜੇ ਪਾਸੇ 'ਦੋ ਟਾਪੂ' ਕਹਾਣੀ ਦੀ ਬਿਰਤਾਂਤਕ ਵਿਉਂਤ ਵੀ ਉਚੇਚੇ ਰੂਪ ਵਿਚ 'ਸਮੁੰਦਰ' 'ਟਾਪੂ' ਅਤੇ 'ਮਲਾਹ' ਨੂੰ ਸੰਪੂਰਨ ਕਥਾ-ਸੰਦਰਭ ਵਿਚ ਬੰਨਣ ਦਾ ਯਤਨ ਕਰਦੀ ਹੈ। ਇਸੇ ਕਰਕੇ ਇਕ ਬਿਰਤਾਂਤਕ ਕਾਲ ਦੇ ਨਜ਼ਰੀਏ ਤੋਂ ਵਰਤਮਾਨ ਤੋਂ ਸ਼ੁਰੂ ਹੋ ਕੇ ਵਾਰ ਵਾਰ ਵਰਤਮਾਨ ਤੋਂ ਭੂਤ ਅਤੇ ਭੂਤ ਤੋਂ ਵਰਤਮਾਨ ਵਿੱਚ ਰੂਪਾਂਤਰਿਤ ਹੁੰਦੀ ਰਹਿੰਦੀ ਹੈ। ਵਰਤਮਾਨ ਨੂੰ ਪੇਸ਼ ਕਰਨ ਵਾਲਾ ਕਥਾ ਸੰਦਰਭ 'ਟਾਪੂ' ਦੀ ਕਥਾ ਨੂੰ ਬਿਆਨ ਕਰਦਾ ਹੈ, ਅਤੇ ਭੂਤ ਨੂੰ ਬਿਆਨ ਕਰਨ ਵਾਲਾ ਕਥਾ-ਸੰਦਰਭ 'ਸਮੁੰਦਰ' ਦੀ ਕਥਾ ਦਾ ਚਿਤਰਨ ਕਰਦਾ ਹੈ। ਇਸੇ ਕਰਕੇ ਹੀ 'ਮਲਾਹ' ਦੀ ਕਥਾ ਦੀ ਪੇਸ਼ਕਾਰੀ ਕਰਨ ਲਈ ਕਹਾਣੀ ਦੀ ਬਿਰਤਾਂਤਕ ਵਿਉਂਤ ਨੂੰ ਵਾਰ ਵਾਰ ਵਰਤਮਾਨ ਤੋਂ ਭੂਤ ਅਤੇ ਭੂਤ ਤੋਂ ਵਰਤਮਾਨ ਵਿਚ ਰੂਪਾਂਤਰਿਤ ਕੀਤਾ ਜਾਂਦਾ ਹੈ। ਹਾਲਾਂਕਿ 'ਟਾਪੂ', 'ਸਮੁੰਦਰ ਅਤੇ 'ਮਲਾਹ' ਦੀਆਂ ਕਥਾਵਾਂ



ਆਪਸ ਵਿਚ ਪੂਰੀ ਤਰ੍ਹਾਂ ਜੁੜੀਆਂ ਹੋਈਆਂ ਹਨ ਅਤੇ ਤਿੰਨਾਂ ਦੇ ਕਥਾ-ਸੰਦਰਭ ਹੀ ਇਕ ਦੂਜੇ ਨੂੰ ਅਸਰ-ਅੰਦਾਜ਼ ਕਰਦੇ ਹਨ। ਫਿਰ ਵੀ ਇਹਨਾਂ ਰਾਹੀਂ ਪੇਸ਼ ਤਿੰਨੇ ਪਾਤਰ ਖ਼ੁਦ ਮੁਖ਼ਤਾਰ ਅਤੇ ਸੁਤੰਤਰ ਹੋਣ ਦਾ ਭਰਮ ਪੈਦਾ ਕਰਦੇ ਹਨ। ਪਰ ਸਮੁੱਚੇ ਕਥਾ ਸੰਦਰਭ ਰਾਹੀਂ ਉਭਰ ਰਹੀ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਉਹ ਇਸ ਭਰਮ ਦੇ ਹੁਲਾਸ ਨੂੰ ਅੰਗੀਕਾਰ ਕਰਕੇ ਨਵੇਂ ਸੰਤਾਪ ਦਾ ਸ਼ਿਕਾਰ ਹੋ ਜਾਂਦੇ ਹਨ। ਜ਼ਾਹਿਰ ਹੈ ਕਿ 'ਗੁਆਚੇ ਹੋਏ ਮਲਾਹ' ਦਾ ਚਿਹਨ ਕਹਾਣੀ ਦੀ ਇਸੇ ਮੂਲ ਸੁਰ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ।

(2)

**ਕਥਾ ਟਾਪੂ ਦੀ** : ਇਸ ਕਹਾਣੀ ਵਿਚ ਪੇਸ਼ ਮੂਲ ਕਥਾ 'ਟਾਪੂ' ਦੀ ਕਥਾ ਹੈ। ਹਾਲਾਂਕਿ ਕਹਾਣੀ ਦਾ ਸਿਰਲੇਖ 'ਦੋ ਟਾਪੂ' ਤੋਂ ਜਾਪਦਾ ਹੈ ਕਿ ਇਹ 'ਦੋ ਟਾਪੂਆਂ' ਦੀ ਕਹਾਣੀ ਨੂੰ ਬਿਆਨ ਕਰਦਾ ਹੈ। 'ਪਾਸ਼ੀ ਤੇ ਬਲਰਾਜ ਆਹਮੋ-ਸਾਹਮਣੇ ਖੜੇ ਸਨ, ਕੋਲ ਕੋਲ ਖਲੋਤੇ ਦੋ ਟਾਪੂਆਂ ਵਾਂਗ। ਆਪੋ ਆਪਣੀ ਹਸਤੀ ਦੇ ਮਾਲਕ।' ਦੇ ਸੰਦਰਭ ਰਾਹੀਂ ਵੀ ਕਹਾਣੀ ਦੋ ਟਾਪੂਆਂ ਦੀ ਹੀ ਪ੍ਰਤੀਤ ਹੁੰਦੀ ਹੈ। ਪਰ, ਅਸਲ ਵਿਚ ਇਹ ਕਥਾ ਇਕ ਟਾਪੂ ਦੀ ਹੈ। ਕਹਾਣੀ ਦਾ ਪਹਿਲਾ ਅਤੇ ਆਖਰੀ ਵਾਕ ਵੀ ਇਕ ਟਾਪੂ ਪੁਸਵਿੰਦਰ/ਪਾਸ਼ੀ ਵੱਲ ਹੀ ਸੰਕੇਤ ਕਰਦਾ ਹੈ। ਦੂਜਾ ਟਾਪੂ ਬਲਰਾਜ ਤਾਂ ਹਮੇਸ਼ਾ ਪੁਸਪਿੰਦਰ ਦੇ ਹਵਾਲੇ ਨਾਲ ਹੀ ਪੇਸ਼ ਹੁੰਦਾ ਹੈ। ਇਸੇ ਕਰਕੇ ਹੀ ਬਲਰਾਜ ਦੇ ਕਿਰਦਾਰ ਨੂੰ ਉਭਾਰਨ ਵਾਲੇ ਕਥਾ-ਸੰਦਰਭ ਵੀ ਪੁਸਵਿੰਦਰ ਦੇ ਕਿਰਦਾਰ ਨੂੰ ਹੀ ਉਭਾਰਦੇ ਹਨ। ਕਹਾਣੀ ਦੇ ਆਰੰਭ ਵਿਚ ਕਥਾਕਾਰ ਦੋ ਟਾਪੂਆਂ ਦਾ ਜ਼ਿਕਰ ਕਰਨ ਦੇ ਨਾਲ ਨਾਲ ਉਹ 'ਸਮੁੰਦਰ 'ਚ ਗੁਆਚੇ ਹੋਏ ਮਲਾਹ ਵਰਗਾ ਬਲਰਾਜ ਦਾ ਚਿਹਰਾ ਵੇਖਦਿਆਂ ਪਾਸ਼ੀ ਅੰਦਰੋਂ 'ਮੈਨੂੰ ਕੀ ਦੀ ਆਵਾਜ਼ ਆਈ ਸੀ' ਦੇ ਸੰਕੇਤ ਰਾਹੀਂ 'ਦੂਜੇ ਟਾਪੂ' ਨੂੰ 'ਗੁਆਚੇ ਹੋਏ ਮਲਾਹ' ਵਿਚ ਰੂਪਾਂਤਰਿਤ ਕਰ ਜਾਂਦਾ ਹੈ। ਸਿੱਟੇ ਵਜੋਂ ਸਾਨੂੰ ਬਲਰਾਜ ਕਦੇ ਟਾਪੂ ਅਤੇ ਕਦੇ ਗੁਆਚਿਆ ਹੋਇਆ ਮਲਾਹ ਜਾਪਣ ਲੱਗ ਪੈਂਦਾ ਹੈ। ਪਰ ਪੁਸਪਿੰਦਰ ਦੀ ਕਥਾ ਨਿਰੋਲ ਰੂਪ ਵਿਚ ਸਮੁੰਦਰ ਵਿਚ ਖੜੇ ਟਾਪੂ ਵਰਗੀ ਹੈ, ਜਿਸਦੀ ਆਪਣੀ ਹਸਤੀ ਤਾਂ ਹੈ, ਪਰ ਉਸਦੀ ਹਸਤੀ ਸਮੁੰਦਰ ਦੇ ਰਹਿਮੋ-ਕਰਮ ਅਤੇ ਮਿਜ਼ਾਜ ਦੇ ਅਨੁਸਾਰ ਹੀ ਸੰਭਵ ਹੁੰਦੀ ਹੈ।

"ਉਸ ਇਸ ਗੱਲੋਂ ਵੀ ਖੁਸ਼ ਸੀ ਕਿ 'ਬਾਹਰਲੇ ਮੁਲਕ' ਦੇ ਲਾਲਚ ਵਿਚ ਉਸਨੂੰ ਕਿਸੇ ਬੁੱਢੇ-ਠੇਰੇ, ਕਾਣੇ, ਟੀਰੇ ਜਾਂ ਦੁਹਾਜੂ ਨਾਲ ਨਹੀਂ ਸੀ ਨਰੜਿਆ ਗਿਆ।"

ਸੁਪਨਿਆਂ ਦੇ ਦੇਸ਼ ਕਨੇਡਾ ਪਹੁੰਚ ਕੇ ਪਾਸ਼ੀ ਨੂੰ ਪ੍ਰਸੰਨਤਾ ਹੋਈ ਸੀ।......ਤੇ ਦਿਨ-ਬ-ਦਿਨ ਕਿਰਦੇ ਜਾ ਰਹੇ ਆਪਣੇ ਉਤਸ਼ਾਹ ਨੂੰ ਬਿਆਨ ਕਰਦਿਆਂ ਉਸਨੇ ਘਰਦਿਆਂ ਨੂੰ ਚਿੱਠੀ ਲਿਖੀ ਕਿ ਕੁਝ ਨਹੀਂ ਰੱਖਿਆ ਹੋਇਆ ਕਨੇਡਾ ਵਿੱਚ। (ਜਰਨੈਲ ਸਿੰਘ, ਦੋ ਟਾਪੂ, ਪੰਨਾ 13)

ਇਸ ਕਥਾ-ਸੰਦਰਭ ਵਿੱਚ ਦੋ ਗੱਲਾਂ ਉਭਰਦੀਆਂ ਹਨ। ਪਹਿਲੀ, ਭਾਵੇਂ ਉਸਨੂੰ ਕਿਸੇ ਬੁੱਢੇ-ਠੇਰੇ, ਕਾਣੇ, ਟੀਰੇ ਜਾਂ ਦੁਹਾਜੂ ਨਾਲ ਨਹੀਂ ਸੀ, ਨਰੜਿਆ ਗਿਆ, ਪਰ ਫਿਰ ਵੀ 'ਨਰੜਿਆ', ਜ਼ਰੂਰ ਗਿਆ ਸੀ। ਇਸੇ ਕਰਕੇ ਉਸਨੂੰ ਵਿਆਹ ਤੋਂ ਬਾਅਦ 'ਸੁਪਨਿਆਂ ਦੇ ਦੇਸ਼' ਪਹੁੰਚ ਕੇ ਹੀ ਖੁਸ਼ੀ ਹੁੰਦੀ ਹੈ, 'ਕੰਤ' ਨੂੰ ਮਿਲਕੇ ਨਹੀਂ। ਦੂਜੀ 'ਕੰਤ' ਦੇ ਮੇਲ ਨਾਲ ਉਪਜੀ ਉਦਾਸੀਨਤਾ ਸਿਰਫ ਕੰਤ ਤੱਕ ਸੀਮਤ ਨਹੀਂ ਰਹਿੰਦੀ ਅਤੇ ਜਲਦੀ ਹੀ ਉਹ 'ਸੁਪਨਿਆਂ ਦੇ ਦੇਸ਼' ਨਾਲ ਹੋਏ ਮੇਲ ਉਪਰ ਵੀ ਛਾਂ ਜਾਂਦੀ ਹੈ। ਇਸੇ ਕਰਕੇ ਉਸਦਾ ਉਤਸ਼ਾਹ ਕਿਰਨਾ ਸ਼ੁਰੂ ਹੋ ਜਾਂਦਾ ਹੈ। ਪਰ ਉਹ ਕੰਤ ਨਾਲ ਰਸਾਈ ਕਾਇਮ ਕਰਨ ਤੋਂ ਵੱਧ 'ਦੇਸ਼' ਨਾਲ ਹੀ ਰਸਾਈ ਕਾਇਮ ਕਰਨ ਦੀ ਕੋਸ਼ਿਸ਼ ਕਰਦੀ ਹੈ। ਹਾਲਾਂਕਿ ਇਸ ਰਸਾਈ ਨਾਲ ਮਿਲਣ ਵਾਲੇ ਫਾਇਦੇ ਅਤੇ ਪ੍ਰਾਪਤੀਆਂ ਰਾਹੀਂ ਬਲਰਾਜ ਵੀ ਨਿਹਾਲ ਹੁੰਦਾ ਹੈ, ਪਰ ਇਸ ਖੁਸ਼ਹਾਲੀ ਵਿੱਚੋਂ ਹੀ ਉਸਦੇ 'ਗੁੰਮ ਹੋਣ' ਦਾ ਰਸਤਾ ਤਿਆਰ ਹੋ ਜਾਂਦਾ ਹੈ। ਉਹ ਜਿਸ 'ਕਿਸ਼ਤੀ' ਨੂੰ ਸਮੁੰਦਰ ਵਿਚੋਂ ਕੰਢੇ ਉਤੇ ਲਿਆਉਣ ਲਈ ਸਰਗਰਮ ਸੀ, ਉਹ ਕਿਸ਼ਤੀ ਆਪਣੇ ਆਪ ਹੀ 'ਸਮੁੰਦਰ ਵਿੱਚ ਜਾ ਰਹੀ ਸੀ ਅਤੇ 'ਮਲਾਹ' ਕੰਢਿਆਂ ਤੋਂ ਉਲਟ ਦਿਸ਼ਾ ਵਿਚ ਜਾ ਰਹੀ 'ਕਿਸ਼ਤੀ' ਨੂੰ ਰੋਕਣ ਜਾਂ ਕੋਈ ਦਿਸ਼ਾ ਦੇਣ ਤੋਂ ਅਸਮਰਥ ਹੋ ਕੇ ਬਜਾਤੇ ਖੁਦ ਹੀ ਗੁਆਚ ਜਾਂਦਾ ਹੈ। ਪਾਸ਼ੀ ਦਸਵੀ ਪਾਸ ਬਲਰਾਜ ਤੋਂ ਆਪਣੀ ਵੱਖਰਤਾ ਅਤੇ ਉਚਤਾ ਸਥਾਪਤ ਕਰਨ ਦੀ ਪਹਿਲੀ ਕੋਸ਼ਿਸ਼ ਅਧੀਨ ਹੋਰ

ਪੜ੍ਹਾਈ ਕਰਕੇ ਵਧੀਆ ਨੌਕਰੀ ਘਰ ਅਤੇ ਐਸ਼ੋ-ਆਰਾਮ ਦੀ ਜ਼ਿੰਦਗੀ ਨੂੰ ਪ੍ਰਾਪਤ ਕਰਨ ਵਿਚ ਕਾਮਯਾਬ ਹੁੰਦੀ ਹੈ। ਫਿਰ ਆਪਣੇ ਮਾਂ-ਪਿਉ, ਭੈਣ ਅਤੇ ਭਰਾ ਨੂੰ ਸਪਾਂਸਿਰਸ਼ਿਪ ਭੇਜ ਕੇ ਕਨੇਡਾ ਮੰਗ ਲੈਂਦੀ ਹੈ। ਇਸ ਸਭ ਕੁਝ ਵਿਚ ਬਲਰਾਜ ਪੂਰਾ ਸਾਥ ਦਿੰਦਾ ਹੈ।

'ਕੰਤ' ਦੀ ਥਾਂ 'ਸੁਪਨਿਆਂ ਦੀ ਦੇਸ਼' ਨਾਲ ਕਾਇਮ ਹੋਣ ਵਾਲੀ ਰਸਾਈ ਦਾ ਹੀ ਮਸਲਾ ਪਾਸ਼ੀ ਦੀ ਭੈਣ ਨਾਲ ਰਿਸ਼ਤਾ ਕਰਕੇ ਆਪਣੇ ਭਤੀਜੇ ਮਨਿੰਦਰ ਨੂੰ ਕਨੇਡਾ ਲੈ ਜਾਣ ਦੀ ਮੰਗ ਨਾਲ ਨਵਾਂ ਰੂਪ ਅਖ਼ਤਿਆਰ ਕਰ ਲੈਂਦਾ ਹੈ। ਹੁਣ ਪੜ੍ਹੀ ਲਿਖੀ ਪਾਸ਼ੀ ਦੀ ਭੈਣ ਲਈ ਘੱਟ ਪੜ੍ਹਿਆ ਮਨਿੰਦਰ ਕਬੂਲ ਨਹੀਂ ਕੀਤਾ ਜਾਂਦਾ। ਪੜ੍ਹੀ ਲਿਖੀ ਕੁੜੀ ਅਤੇ ਘੱਟ ਪੜ੍ਹੇ ਮੁੰਡੇ ਦਾ ਸੁਆਲ ਪਾਸ਼ੀ ਅਤੇ ਬਲਰਾਜ ਦੇ ਰਿਸ਼ਤੇ ਨੂੰ ਵੀ ਨਵੇਂ ਸਿਰੇ ਤੋਂ ਪਰਿਭਾਸ਼ਤ ਕਰ ਦਿੰਦਾ ਹੈ।

"ਜਦੋਂ ਮੇਰਾ ਰਿਸ਼ਤਾ ਹੋਇਆ ਉਦੋਂ ਤੁਸੀਂ ਕਿਥੇ ਗਇਓਂ ਸੀ ਬੜੇ ਪੜਾਕੂ। ਤੇ ਮੈਂ ਤੁਹਾਥੋਂ ਕੋਈ ਲੁਕੋਅ ਨਹੀਂ ਸੀ ਰੱਖਿਆ।" ਬਲਰਾਜ ਦੇ ਬੋਲਾਂ ਵਿਚਲੀ ਕੁੜੱਤਣ ਉਸਦੀਆਂ ਅੱਖਾਂ ਵਿਚ ਉਤਰ ਆਈ ਸੀ।

"ਆਪਣੀ ਗੱਲ ਹੋਰ ਸੀ ਤੇ ਮਨਿੰਦਰ ਦੀ ਹੋਰ ਆ।" ਲਿਵਿੰਗ ਰੂਪ ਦੇ ਨਾਲ ਲੱਗਦੀ ਰਸੋਈ ਵਿਚੋਂ ਪਾਸ਼ੀ ਬੋਲ ਪਈ ਸੀ।

"ਗੱਲ ਹੋਰ ਕੀ ਸੀ ? ਏਹੀ ਪਈ ਤੁਹਾਡਾ ਸਾਰਾ ਟੱਬਰ ਕਨੇਡਾ ਆਉਣਾ ਚਾਹੁੰਦਾ ਸੀ। ਹੁਣ ਜਦੋਂ ਮਤਲਬ ਨਿਕਲ ਗਿਆ, ਤੂੰ ਕੌਣ ਤੇ ਮੈਂ ਕੌਣ ?" ਬਾਕੀਆਂ ਵੱਲੋਂ ਹੱਟ ਕੇ ਬਲਰਾਜ ਪਾਸ਼ੀ ਦੇ ਗਲ ਪੈ ਗਿਆ। (ਦੋ ਟਾਪੂ : ਪੰਨਾ 20)

ਪਾਸ਼ੀ ਅਤੇ ਬਲਰਾਜ ਦੇ ਰਿਸ਼ਤੇ ਦੀ ਉਪਰੋਕਤ ਪੁਨਰ-ਪਰਿਭਾਸ਼ਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਦੋਵਾਂ ਵਿਚ ਲੜਾਈ ਹੋ ਜਾਂਦੀ ਹੈ ਅਤੇ ਤਲਾਕ ਦਾ ਕੇਸ ਚਲ ਪੈਂਦਾ ਹੈ। ਅਦਾਲਤ ਵਲੋਂ ਬਲਰਾਜ ਨੂੰ ਬੱਚਿਆਂ ਨੂੰ ਮਹੀਨੇ ਦੇ ਇਕ ਵੀਕ-ਐਂਡ ਉਤੇ ਮਿਲਣ ਦੀ ਪ੍ਰਵਾਨਗੀ ਹੀ ਹੁਣ ਪਾਸ਼ੀ ਅਤੇ ਬਲਰਾਜ ਵਿਚ ਮੇਲ ਦਾ ਆਧਾਰ ਬਣਦੀ ਹੈ। ਤਲਾਕ ਦੇ ਰਾਹੇ ਪਈ ਪਾਸ਼ੀ ਲਈ ਉਸਦਾ ਪਿਉ ਉਸ ਰਾਹੀਂ ਆਪਣੀ ਭਤੀਜੀ ਦੇ ਦਿਉਰ ਨੂੰ ਕਨੇਡਾ ਬਲਾਉਣਾ ਚਾਹੁੰਦਾ ਹੈ ਅਤੇ ਉਸਦਾ ਸਹਿਕਰਮੀ ਮਨੋਹਰ ਨਫ਼ਸ ਦੀਆਂ ਪੀਘਾਂ ਝੂਟਣੀਆਂ ਚਾਹੁੰਦਾ ਹੈ। ਇਸ ਤੋਂ ਬਗੈਰ ਉਸਦੇ ਆਪਣੀ ਹਸਤੀ ਅਤੇ ਸਾਰਥਕਤਾ ਬਾਰੇ ਬਣੇ ਭਰਮ ਟੁੱਟ ਜਾਂਦੇ ਹਨ। ਉਹ ਮਾਂ-ਪਿਉ ਤੋਂ ਵੀ ਵੱਖ ਰਹਿਣ ਲੱਗ ਪਈ ਸੀ। ਮਾਂ-ਪਿਉ ਕਨੇਡਾ ਵਿਚ ਟਿਕ ਚੁੱਕੇ ਸਨ। ਬਖਸ਼ਿੰਦਰ ਦਾ ਘਰ ਵਸ ਰਿਹਾ ਸੀ। ਬੱਚਿਆਂ ਨੇ ਆਪਣੇ ਪਿਉ ਨਾਲ ਮੋਹ ਪਾ ਲਿਆ ਸੀ ਅਤੇ ਆਪਣੇ ਪਿਉ ਨਾਲ ਰਹਿ ਕੇ ਖੁਸ਼ੀ ਭਰੀਆਂ ਗੱਲਾਂ ਆਪਣੀ ਮਾਂ ਨੂੰ ਦੱਸਣ ਲੱਗ ਪਏ ਸਨ। "ਉਹ ਉਸ ਨਾਲ ਘੁੰਮਦੇ ਫਿਰਦੇ, ਖਾਂਦੇ ਪੀਂਦੇ ਅਤੇ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ....ਉਸ ਉਤੇ ਮੋਹ ਛਿੜਕਦੇ...ਤੇ ਫੇਰ ਇਕ ਦਿਨ ਉਨ੍ਹਾਂ ਦੇ ਸਰਦਲ ਤੇ ਬਲਰਾਜ ਨੂੰ ਲਿਵਿੰਗ ਰੂਪ ਵਿਚ ਖਿੱਚ ਲਿਆ ਸੀ।" ਇਸ ਤਰ੍ਹਾਂ ਬਲਰਾਜ ਦੀ ਇਹ ਵਾਪਸੀ ਇਕ ਪਾਸੇ ਤਾਂ ਸਮਝੌਤਾ ਪ੍ਰਤੀਤ ਹੁੰਦੀ ਹੈ ਅਤੇ ਦੂਜੇ ਪਾਸੇ ਪਾਸ਼ੀ ਅਤੇ ਬਲਰਾਜ ਦਾ ਭਰਮ ਦੀ ਥਾਂ ਹਕੀਕਤ ਦੇ ਸਨਮੁੱਖ ਹੋਣ ਦੇ ਸੱਚ ਨੂੰ ਬਿਆਨ ਕਰਦਾ ਹੈ।

ਪਾਸ਼ੀ ਅਤੇ ਬਲਰਾਜ ਦੇ ਰਿਸ਼ਤੇ ਦੀ ਹਕੀਕਤ ਦੀ ਤਹਿ ਵਿਚ ਪਤੀ ਪਤਨੀ ਦੀ ਉਹ ਭਾਵੁਕ, ਮਰਯਾਦਾਤਮਕ ਅਤੇ ਸਭਿਆਚਾਰਕ ਸੰਵੇਦਨਾ ਵੀ ਵੱਸੀ ਹੋਈ ਹੈ, ਜੋ ਮਨੋਰਥ-ਸਿੱਧੀਆਂ, ਹਉਮੈ ਅਤੇ ਭਰਮ-ਜਾਲ ਤੋਂ ਪਾਰ ਵੱਸਦੀ ਹੈ। ਹਾਲਾਂਕਿ ਪੱਛਮੀ ਮੁਆਸ਼ਰਾ ਖੁੱਲ੍ਹ, ਆਜ਼ਾਦੀ ਅਤੇ ਖ਼ੁਦ ਮੁਖ਼ਤਾਰੀ ਦਾ ਅਜਿਹਾ ਖਿਆਲ ਅਤੇ ਮਾਹੌਲ ਦੇਣ ਦਾ ਯਤਨ ਕਰਦਾ ਹੈ, ਜਿੱਥੇ ਹਕੀਕਤ ਤੋਂ ਵੱਧ ਪ੍ਰਛਾਈਆਂ ਮਨੁੱਖ ਪਹਿਚਾਣ ਦਾ ਹਿੱਸਾ ਬਣ ਜਾਂਦੀਆਂ ਹਨ। ਪਰ ਮਨੁੱਖ ਦੀ ਹਕੀਕਤ ਤਾਂ ਇਨ੍ਹਾਂ ਪਰਛਾਈਆਂ ਤੋਂ ਪਾਰ ਵਸਦੀ ਹੈ, ਟਾਪੂ ਦੀ ਆਪਣੀ ਹਸਤੀ ਵਾਂਗ। ਇਕ ਪਾਸੇ ਤਾਂ ਟਾਪੂ ਸਮੁੰਦਰ ਦੀਆਂ ਛੱਲਾਂ, ਸਿਤਮਾਂ ਅਤੇ ਮਿਜ਼ਾਜ ਤੋਂ ਅਭਿੱਜ ਨਹੀਂ ਰਹਿ ਸਕਦਾ ਅਤੇ ਦੂਜੇ ਪਾਸੇ, ਸੁਮੰਦਰ ਟਾਪੂ ਨੂੰ ਤਬਾਹ ਹੀ ਕਰ ਸਕਦਾ ਹੈ, ਵਜੂਦਹੀਣ ਨਹੀਂ ਕਰ ਸਕਦਾ।

"ਸਵੀ ਅਤੇ ਨਿਕੋ ਦੇ ਮੱਥੇ ਚੁੰਮਕੇ ਜਦੋਂ ਬਲਰਾਜ ਟੁਰਨ ਲੱਗਾ ਤਾਂ ਉਸਦੀਆਂ ਅੱਖਾਂ ਤੱਕ



ਪਹੁੰਚਦਿਆਂ ਪਾਸ਼ੀ ਬੋਲੀ, "ਆਪਣਾ ਖਿਆਲ ਰੱਖਿਓ।" ਪਾਸ਼ੀ ਦੇ ਹੱਥਾਂ ਨਾਲ ਲੱਗੇ ਸਵੀ ਅਤੇ ਨਿਕੋ ਹੱਥ ਹਿਲਾ-ਹਿਲਾ ਬਲਰਾਜ ਨੂੰ ਬਾਇ ਕਰ ਰਹੇ ਸਨ।

ਪਾਸ਼ੀ ਦੀ ਕਹਾਣੀ ਪਰਛਾਈਆਂ ਦੀ ਤਲਬ ਅਤੇ ਹਕੀਕਤ ਦੀ ਪਕੜ ਦੀ ਕਥਾ ਹੈ। ਇਸੇ ਕਰਕੇ ਇਹ ਪੱਛਮੀ ਮੁਆਸ਼ਰੇ ਅਤੇ ਪੰਜਾਬੀ ਮਨੁੱਖ ਦੋਹਾਂ ਦੀ ਵਿਡੰਬਨਾਮਈ ਸਥਿਤੀ ਉਤੇ ਪ੍ਰਸ਼ਨ-ਚਿੰਨ੍ਹ ਲਾਉਂਦੀ ਹੈ। ਇਹਨਾਂ ਦੀ ਇਸ ਸਥਿਤੀ ਨੂੰ 'ਟਾਪੂ' ਦਾ ਪ੍ਰਤੀਕ ਸਹੀ ਰੂਪ ਵਿਚ ਬਿਆਨ ਕਰਨ ਵਿਚ ਵੀ ਸਫਲ ਹੁੰਦਾ ਹੈ। ਪਾਸ਼ੀ ਦੀ ਮੂਲ ਕਥਾ ਨਾਲ ਜੁੜ ਕੇ ਪੇਸ਼ ਹੋਏ ਭਿੰਨ ਭਿੰਨ ਕਥਾਗਤ ਪਾਸਾਰ 'ਮਨੁੱਖ' ਤੋਂ 'ਟਾਪੂ' ਵਿਚ ਰੂਪਾਂਤਰਿਤ ਹੁਣ ਅਜੋਕੇ ਪੰਜਾਬੀ ਪਰਵਾਸੀ ਮਨੁੱਖ ਅਤੇ ਖਾਸ ਕਰਕੇ ਪੰਜਾਬੀ ਪਰਵਾਸੀ ਔਰਤ ਦੀ ਕਥਾ ਨੂੰ ਬਿਆਨ ਕਰ ਦਿੰਦੇ ਹਨ।

(3)

**ਕਥਾ ਸਮੁੰਦਰ ਦੀ** : 'ਟਾਪੂ' ਸ਼ਬਦ ਦਾ ਖਿਆਲ ਪੈਦਾ ਹੁੰਦੇ ਹੀ ਸਮੁੰਦਰ ਦਾ ਖਿਆਲ ਆਪਣੀ ਵਿਸ਼ਾਲਤਾ ਸਮੇਤ ਹਾਜ਼ਰ ਹੋ ਜਾਂਦਾ ਹੈ। ਟਾਪੂ ਦੀ ਹੋਂਦ ਅਤੇ ਪਹਿਚਾਣ ਦਾ ਆਧਾਰ ਵੀ ਸਮੁੰਦਰ ਹੀ ਹੈ ਅਤੇ ਉਸਦੀ ਆਪਣੀ ਹੱਦ-ਬੰਦੀ ਅਤੇ ਬਾਰੇ ਚੇਤੰਨਤਾ ਦਾ ਮੂਲ ਵੀ ਸਮੁੰਦਰ ਦੀ ਵਿਸ਼ਾਲਤਾ ਹੀ ਬਣਦੀ ਹੈ। ਇਹ ਹੀ ਵਜ੍ਹਾ ਹੈ ਕਿ ਕਹਾਣੀ 'ਦੋ ਟਾਪੂ' ਦੇ ਸਮੁੱਚੇ ਕਥਾਗਤ ਪਾਸਾਰ 'ਸਮੁੰਦਰ' ਦੇ ਵੰਨ ਸਵੰਨੇ ਅਰਥਗਤ ਸੰਦਰਭਾਂ ਨੂੰ ਬਿਆਨ ਕਰਦੇ ਹਨ। ਪਾਸ਼ੀ ਦੇ 'ਕਰਮਾਂ ਵਾਲੀ' ਹੋਣ ਦੀ ਬੁਨਿਆਦ ਵੀ ਉਸਦੇ ਸਮੁੰਦਰ ਨਾਲ ਕਾਇਮ ਹੋਣ ਵਾਲਾ ਰਿਸ਼ਤਾ ਹੀ ਬਣਿਆ ਸੀ ਅਤੇ ਉਸ ਦੀ 'ਸੁਪਨਿਆਂ ਦਾ ਦੇਸ਼' ਪਹੁੰਚ ਜਾਣ ਦੀ 'ਪ੍ਰਸੰਨਤਾ' ਵੀ 'ਸਮੁੰਦਰ' ਦੀ ਹੀ ਬੋਧਕ ਹੈ।

ਹੁਣ ਥਾਂ ਸਫ਼ਾਈ ਸੀ। ਘਰ ਵਿਚ ਗਰਮ-ਠੰਡੇ ਪਾਣੀ, ਬਿਜਲੀ ਨਾਲ ਚਲਦੇ ਚੁੱਲ੍ਹੇ, ਮਾਈਕਰੋਵੇਵ, ਟੀ. ਵੀ., ਵੀ. ਸੀ. ਆਰ. ਤੇ ਅਨੇਕ ਤਰ੍ਹਾਂ ਦੀਆਂ ਸਹੂਲਤਾਂ ਸਨ। ਪਹਿਨਣ ਲਈ ਚੰਗਾ ਕੱਪੜਾ-ਲੀੜਾ, ਖਾਣ ਲਈ ਚਿਕਨ, ਮੀਟ, ਫਰੂਟ, ਸਬਜ਼ੀਆਂ ਤੇ ਪੀਣ ਲਈ ਦੁੱਧ, ਭਾਂਤ-ਸਭਾਂਤੇ ਜੂਸ ਅਤੇ ਪੋਪ ਡਰਿੰਕਸ। ਪਰ ਇਹ ਸਾਰਾ ਕੁਝ ਐਵੇਂ ਨਹੀਂ ਸੀ ਪ੍ਰਾਪਤ ਹੁੰਦਾ। ਪਲਾਸਟਿਕ ਫੈਕਟਰੀ ਵਿਚ ਅੱਠ ਘੰਟੇ ਖੜ੍ਹੀ-ਲੱਤੇ ਕੰਮ ਕਰਦਿਆਂ ਪਾਸ਼ੀ ਹੰਭ ਜਾਂਦੀ। ਡਾਲਰਾਂ ਦੀ ਲੋੜ ਕਰਕੇ ਓਵਰਟਾਈਮ ਛੱਡ ਨਾ ਹੁੰਦਾ। ਪਰ ਸਰੀਰ ਦੀ ਬਸ ਹੋ ਜਾਂਦੀ।......ਖਪਤ ਦੀ ਇਸ ਚੁੱਪ ਚੁਪੀਤੀ ਮੰਡੀ ਵਿਚ ਮਨੁੱਖ ਵੀ ਇਕ ਖਪਤ-ਵਸਤੂ ਬਣ ਕੇ ਰਹਿ ਗਿਆ ਸੀ... ਤੇ ਦਿਨ-ਬਦਿਨ ਕਿਰਦੇ ਜਾ ਰਹੇ ਆਪਣੇ ਉਤਸ਼ਾਹ ਨੂੰ ਬਿਆਨ ਕਰਦਿਆਂ ਜਦੋਂ ਉਸਨੇ ਘਰਦਿਆਂ ਨੂੰ ਚਿੱਠੀ ਲਿਖੀ ਕਿ ਕੁਝ ਨਹੀਂ ਸੀ ਰੱਖਿਆ ਹੋਇਆ ਕਨੇਡਾ ਵਿਚ, ਉਹ ਇੰਡੀਆ ਹੀ ਸੀ ਜਾਣਾ।

(ਉਹੀ ਪੰਨਾ :13)

ਪਰ ਟਾਪੂ ਦੀ ਸੀਮਾ ਅਤੇ ਸਮੁੰਦਰ ਦੀ ਵਿਸ਼ਾਲਤਾ ਦੇ ਸੱਚ ਮੁਤਾਬਕ 'ਘਰਵਾਲੇ' ਉਸ ਨੂੰ ਛੇਤੀ-ਛੇਤੀ ਸਪਾਂਸਰਸ਼ਿਪ ਭੇਜਣ ਲਈ ਤਾਕੀਦ ਕਰਦੇ ਹਨ। ਇਹ ਵੀ ਧਿਆਨ ਰੱਖਣ ਵਾਲੀ ਗੱਲ ਹੈ ਕਿ 'ਸਮੁੰਦਰ' ਸਿਰਫ਼ ਪੱਛਮ ਦਾ ਹੀ ਮੁਆਸ਼ਰਾ ਨਹੀਂ ਹੈ। ਪੂਰਬ ਦੇ ਮੁਆਸ਼ਰਾ ਦਾ ਵੀ ਆਪਣਾ 'ਸਮੁੰਦਰ' ਹੈ। ਦੋਵਾਂ ਦੀ ਹੀ ਆਪਣੀਆਂ ਆਪਣੀਆਂ ਗਹਿਰਾਈਆਂ, ਛੱਲਾਂ ਅਤੇ ਤੂਫ਼ਾਨ ਹਨ। ਪੂਰਬੀ ਮੁਆਸ਼ਰੇ ਦਾ ਚਲਨ ਆਪਣੇ ਮਨੁੱਖ ਨੂੰ 'ਧੱਕਣਾ' ਅਤੇ ਆਪਣੇ ਵਿਚ ਬਾਹਰ ਕੱਢਣਾ ਹੈ ਜਦਕਿ ਪੱਛਮੀ ਮੁਆਸ਼ਰੇ ਦਾ ਕਾਰਜ ਆਪਣੇ ਵਿਚ ਮਨੁੱਖ ਨੂੰ ਸ਼ਾਮਲ ਕਰਕੇ ਰਵਾਂਦਾਰ ਕਰਨਾ ਹੈ। ਇਸੇ ਕਰਕੇ 'ਪਾਸ਼ੀ' ਰਾਹੀਂ ਪੂਰਬੀ ਸਮਾਜ ਉਸਦੇ ਮਾਂ-ਪਿਉ ਅਤੇ ਭੈਣ-ਭਰਾ ਨੂੰ ਆਪਣੇ ਵਿਚੋਂ ਬਾਹਰ ਧੱਕ ਦਿੰਦਾ ਹੈ ਜਦਕਿ ਪੱਛਮੀ ਮੁਆਸ਼ਰੇ ਆਪਣੇ ਵਿਚ ਜਜ਼ਬ ਹੋਣ ਦੀ ਜਗ੍ਹਾ ਦੇ ਦਿੰਦਾ ਹੈ। ਇਹ ਸਾਰੇ ਕਿਉਂਕਿ 'ਸਮੁੰਦਰ' ਦੇ ਤਰੀਕਾਕਾਰ ਮੁਤਾਬਕ ਚੱਲਦੇ ਹਨ, ਇਸੇ ਕਰਕੇ ਜਲਦੀ ਉਸਦੇ ਅਨੁਸਾਰੀ ਹੋ ਜਾਂਦੇ ਹਨ। ਜਿਸ ਤਰ੍ਹਾਂ ਕਦੇ ਘੱਟ ਪੜ੍ਹੇ ਬਲਰਾਜ ਨੂੰ ਕਨੇਡਾ ਦੇ ਪਾਸਪੋਰਟ ਨੇ ਅਰਥਸ਼ੀਲ ਬਣਾਇਆ ਸੀ, ਹੁਣ ਪਾਸ਼ੀ ਅਤੇ ਉਸਦੇ ਟੱਬਰ ਦੇ ਜੀ ਉਸੇ ਪਾਸਪੋਰਟ ਦੀ ਵਜ੍ਹਾ ਨਾਲ ਬਲਰਾਜ ਤੋਂ ਵੀ ਵਧੇਰੇ ਅਹਿਮ ਬਣ ਗਏ ਹਨ। ਇਸੇ ਕਰਕੇ ਉਹ ਉਸਦੇ ਘੱਟ ਪੜ੍ਹੇ ਭਤੀਜੇ ਨੂੰ ਸਵੀਕਾਰ ਨਹੀਂ ਕਰਦੇ ਅਤੇ 'ਗੱਲ ਵੱਖਰੀ ਹੋ' ਜਾਂਦੀ ਹੈ।

ਸਮੁੰਦਰ ਵਿਚ ਰਲਣ ਆਏ ਮਨੁੱਖ ਨੂੰ ਉਹ 'ਹੋਂਦ' ਵੀ ਬਖ਼ਸ਼ ਦਿੰਦਾ ਹੈ, ਜਿਵੇਂ ਪਾਸ਼ੀ ਨੂੰ 'ਕਨੇਡਾ ਆ ਕੇ ਗੁਆਂਚ ਚੁੱਕੀ ਹੋਂਦ, ਪੜ੍ਹਾਈ ਦੇ ਸਿਲਸਿਲੇ ਰਾਹੀਂ ਉਸਨੂੰ ਮੁੜ ਲੱਭ ਪੈਂਦੀ ਹੈ।' ਪਰ ਇਸ ਨਾਲ ਬਲਰਾਜ ਗੁਆਚ ਜਾਂਦਾ ਹੈ। ਸਮੁੰਦਰ ਉਥੋਂ ਦੇ ਵਾਤਾਵਰਣ, ਚੀਜ਼ਾ, ਵਸਤਾਂ, ਰਿਸ਼ਤਿਆਂ-ਨਾਤਿਆਂ, ਘਰਾਂ-ਬਾਜਾਰਾਂ, ਸੜਕਾਂ-ਫੈਕਟਰੀਆਂ ਅਤੇ ਦਫ਼ਤਰਾਂ-ਕਚਹਿਰੀਆਂ ਹਰ ਥਾਂ ਉਤੇ ਛਾਇਆ ਹੋਈਆਂ ਹੈ। ਇਸੇ ਕਰਕੇ ਪਾਸ਼ੀ ਅਤੇ ਬਲਰਾਜ ਦਾ ਤਕਰਾਰ ਹੁੰਦੇ ਸਾਰ ਹੀ ਵੱਖ ਹੋਣਾ ਸਮਾਨ ਦਾ ਵੰਡਣਾ, ਤਲਾਕ ਲੈਣਾ, ਬੱਚਿਆਂ ਨੂੰ ਵੰਡ ਲੈਣਾ ਅਤੇ ਵੀਕ ਐਂਡ ਉਤੇ ਫਿਰ ਕੱਢੇ ਹੋ ਜਾਣਾ ਅਨੇਕਾਂ ਕੰਮ 'ਸਮੁੰਦਰ' ਪੂਰੇ ਨਿਜ਼ਾਮ ਦੇ ਰੂਪ ਵਿਚ ਤਿਆਰ ਕਰੀ ਬੈਠਾ ਹੈ। ਪੂਰਬੀ ਸਮਾਜ ਤੋਂ ਵੀ ਅਨੇਕਾਂ ਮਨੁੱਖ ਅਤੇ ਚੀਜ਼ਾਂ ਇਸ ਮੌਕੇ ਦੀ ਉਡੀਕ ਕਰ ਰਹੀਆਂ ਦਿਖਾਈ ਦਿੰਦੀਆਂ ਹਨ। ਖਾਸ ਕਰਕੇ ਬਲਰਾਜ ਅਤੇ ਪਾਸੀ ਦੇ ਤਕਰਾਰ ਹੋਣ ਦੀ ਖਬਰ ਘੱਟੋ ਘੱਟ ਦੋ-ਪਰਿਵਾਰਾਂ ਵਿਚ ਕਨੇਡਾ ਪਹੁੰਚਣ ਦੀ ਆਸ ਜਗਾ ਦਿੰਦਾ ਹੈ। ਵਿਡੰਬਨਾ ਤਾਂ ਇਹ ਹੈ ਕਿ ਪਾਸ਼ੀ ਦਾ ਆਪਣਾ ਪਿਓ ਹੀ ਉਸ ਰਾਹੀਂ ਆਪਣੀ ਭਤੀਜੀ ਦੇ ਦਿਉਰ ਨੂੰ ਕਨੇਡਾ ਮੰਗਵਾਉਣਾ ਚਾਹ ਰਿਹਾ ਹੈ। ਤਲਾਕ ਦਾ ਵਰਤਾਰਾ ਬੇਸ਼ੁਰਮਾਰ 'ਫੈਮਿਲੀ-ਕੋਰਟਾਂ' ਦੇ 'ਕਰਿੰਦਿਆਂ' ਲਈ 'ਜੌਬ' ਬਖਸ਼ ਰਿਹਾ ਹੈ। ਹਰ ਮਹੀਨੇ ਦੇ ਤੀਜੀ 'ਵੀਕ-ਐਂਡ' ਉਤੇ ਬਲਰਾਜ ਦੀ ਬੱਚਿਆਂ ਲਈ ਖਿੱਚ ਦੇ ਫਲਸਰੂਪ ਉਸਨੂੰ ਖਰਚਣ ਲਈ ਡਾਲਰ, ਖਵਾਉਣ-ਪਿਉਣ ਲਈ ਹੋਟਲ ਅਤੇ ਘੁੰਮਾਉਣ ਲਈ ਥਾਵਾਂ ਦਾ ਪ੍ਰਬੰਧ ਕਰੀ ਬੈਠਾ ਹੈ। ਇਸ ਸਾਰੇ ਕੁਝ ਵੀ 'ਮਨੁੱਖ' ਦਾ ਹਸਰ ਕੁਝ ਵੀ ਹੁੰਦਾ ਹੋਵੇ ਪਰ ਮੁਆਸ਼ਰਾ ਦੀ ਸਰਗਰਮੀ ਵਿਚ ਇਹ ਸਾਰੇ ਤੱਤ ਪੂਰੀ ਤਰ੍ਹਾਂ ਸ਼ਰੀਕ ਹੋ ਜਾਂਦੇ ਹਨ ਅਤੇ 'ਖੁਸਹਾਲ ਮੁਆਸ਼ਰਾ' ਤਾਮੀਲ ਹੋ ਜਾਂਦਾ ਹੈ। ਇਹ ਅਜਿਹਾ 'ਸਮੁੰਦਰ' ਹੈ, ਜਿਸਦੀ ਅਨੇਕਾਂ ਪਰਤਾਂ ਅਤੇ ਗਹਿਰਾਈਆਂ ਹਨ। ਹਰ ਮਨੁੱਖ ਕਿਸੇ ਇਕ ਪਰਤ ਉਤੇ ਬੈਠਾ, ਇਸਦੇ ਉਸ ਰੂਪ ਨੂੰ ਹੀ ਪੂਰਨ ਸੱਚ ਸਥਾਪਤ ਕਰੀ ਜਾ ਰਿਹਾ ਹੈ। ਉਸਦਾ ਆਪਣੀ ਆਜ਼ਾਦੀ, ਖੁਸ਼ਹਾਲੀ ਅਤੇ ਬਿਹਤਰੀ ਲਈ ਕੀਤਾ ਗਿਆ ਹਰ ਕੰਮ 'ਸਮੁੰਦਰ' ਦੀ ਬਿਹਤਰੀ ਦਾ ਹੀ ਕਾਰਜ ਬਣ ਜਾਂਦਾ ਹੈ। ਇਹ ਹੀ 'ਦੋ ਟਾਪੂ' ਵਿਚੋਂ ਉਭਰਨ ਵਾਲੀ ਸਮੁੰਦਰ ਦੀ ਕਥਾ ਹੈ।

(4)

**ਕਥਾ ਗੁਆਚੇ ਮਲਾਹ ਦੀ** : ਕਹਾਣੀ 'ਦੋ ਟਾਪੂ' ਵਿਚ ਸੰਜੋਈ ਹੋਈ ਦੂਜੇ ਟਾਪੂ ਦੀ ਕਥਾ ਅਸਲ ਵਿਚ 'ਗੁਆਚੇ ਹੋਏ ਮਲਾਹ' ਦੀ ਕਥਾ ਹੈ। ਕਹਾਣੀ ਦੇ ਸ਼ੁਰੂ ਵਿਚ ਪੇਸ਼ ਇਹ ਸੰਦਰਭ ਧਿਆਨ ਨਾਲ ਵਿਚਾਰਨ ਵਾਲਾ ਹੈ :-

ਪਾਸ਼ੀ ਦੇ ਬਲਰਾਜ ਆਹਮੋ-ਸਾਹਮਣੇ ਖੜੇ ਸਨ, ਕੋਲ ਕੋਲ ਖਲੋਤੇ ਦੋ ਟਾਪੂਆਂ ਵਾਂਗ। ਆਪੋ ਆਪਣੀ ਹਸਤੀ ਦੇ ਮਾਲਕ।....ਸਮੁੰਦਰ 'ਚ ਗੁਆਚੇ ਹੋਏ ਮਲਾਹ ਵਰਗਾ ਬਲਰਾਜ ਦਾ ਚਿਹਾਰ ਵੇਖਦਿਆਂ ਪਾਸ਼ੀ ਦੇ ਅੰਦਰ 'ਮੈਨੂੰ ਕੀ' ਦੀ ਆਵਾਜ਼ ਆਈ ਸੀ ਜਾਂ ਕੁਝ ਹੋਰ, ਉਹ ਸਮਝ ਨਹੀਂ ਸੀ ਸਕੀ। (ਦੋ ਟਾਪੂ ਪੰਨਾ, 12)

ਸੋ 'ਦੋ ਟਾਪੂਆਂ' ਵਿਚੋਂ ਬਲਰਾਜ ਪਾਸ਼ੀ ਦੇ ਬਰਾਬਰ ਦਾ ਟਾਪੂ ਸਥਾਪਤ ਹੀ ਨਹੀਂ ਹੁੰਦਾ। ਇਸੇ ਕਰਕੇ ਇਹ ਕਥਾ ਇੱਕ ਟਾਪੂ ਦੀ ਆਵਾਜ਼ ਬਣ ਜਾਂਦੀ ਹੈ। ਬਲਰਾਜ ਦਾ 'ਸਮੁੰਦਰ 'ਚ ਗੁਆਚੇ ਹੋਏ ਮਲਾਹ' ਵਰਗਾ ਚਿਹਰਾ ਅਤੇ ਪਾਸ਼ੀ ਦੇ ਅੰਦਰੋਂ', 'ਮੈਨੂੰ ਕੀ' ਦੀ ਆਵਾਜ਼ ਵੀ ਬਲਰਾਜ ਨੂੰ ਟਾਪੂ ਤੋਂ ਗੁਆਚੇ ਮਲਾਹ ਵਿਚ ਰੂਪਾਂਤਰਿਤ ਕਰ ਦਿੰਦਾ ਹੈ। ਇਸ ਕਹਾਣੀ ਦਾ ਬਿਰਤਾਂਤਕਾਰ ਵੀ ਪਾਸ਼ੀ ਹੋਣ ਕਰਕੇ ਹਰ ਇਕ ਕਥਾ-ਖੰਡ ਉਸ ਅਨੁਸਾਰ ਹੀ ਆਪਣੀ ਨੁਹਾਰ ਨੂੰ ਵਿਉਂਤਦਾ ਹੈ। ਇੱਥੋਂ ਤੱਕ ਕਿ ਬਲਰਾਜ ਅਤੇ ਬੱਚੇ ਵੀ ਪਾਸ਼ੀ ਅਨੁਸਾਰ ਆਪਣੇ ਪ੍ਰਕਾਰਜੀ ਅਰਥਾਂ ਵਿਚ ਹੀ ਵਿਉਂਤੇ ਵਿਖਾਈ ਦਿੰਦੇ ਹਨ। ਬਹਿਰ ਹਾਲ ਬਲਰਾਜ ਨੂੰ 'ਸਮੁੰਦਰ 'ਚ ਗੁਆਚੇ ਮਲਾਹ' ਦੇ ਇਸ਼ਤਿਆਰੇ ਰਾਹੀਂ ਪ੍ਰਗਟ ਕਰਨ ਦੇ ਕਥਨ ਦੇ ਦੋ ਪਹਿਲੂ ਬਣ ਜਾਂਦੇ ਹਨ। ਪਹਿਲਾ, ਇਸ ਕਥਨ ਤੋਂ ਪਹਿਲਾਂ ਵਾਪਰ ਚੁੱਕੇ ਘਟਨਾ ਕ੍ਰਮ ਵਿਚ 'ਮਲਾਹ ਦੇ ਸਮੁੰਦਰ 'ਚ ਗੁਆਚਣ ਦਾ ਸੰਦਰਭ। ਦੂਜਾ, ਗੁਆਚ ਜਾਣ ਤੋਂ ਬਾਅਦ ਫਿਰ ਤੋਂ ਗੁਆਚੇ ਹੋਏ ਸ੍ਵੈ ਦੀ ਤਲਾਸ਼ ਦਾ ਯਤਨ। ਪਹਿਲਾਂ ਕਥਾ-ਸੰਦਰਭਾ ਕਾਲ ਦੀ ਦ੍ਰਿਸ਼ਟੀ ਤੋਂ ਗਲਪੀ-ਭੂਤ ਦਾ ਹੈ, ਜਦਕਿ ਦੂਜਾ ਕਥਾ-ਸੰਦਰਭ ਗਲਪੀ ਵਰਤਮਾਨ ਦਾ ਹੈ। ਮੁੱਖ ਕਥਾ ਵਰਤਮਾਨ ਵਿੱਚ



ਪੇਸ਼ ਹੋ ਰਹੀ ਹੈ, ਜਿਸ ਵਿਚ ਬਲਰਾਜ ਨੂੰ ਆਪਣੀ ਆਵਾਜ਼ 'ਥੱਕੀ ਥੱਕੀ ਮਹਿਸੂਸ ਹੁੰਦੀ ਹੈ' ਅਤੇ ਪਾਸ਼ੀ ਦੀ ਅੰਸਰਿਗ ਮਸ਼ੀਨ ਵਰਗੀ। ਭੂਤ ਕਾਲ ਦੀ ਕਥਾ ਤਾਂ ਉਨ੍ਹਾਂ ਬਚਾਈਆਂ ਦਾ ਮਜੱਸਮਾ ਹੈ, ਜਿਹਨਾਂ ਦੀ ਬਦੌਲਤ ਇਕ 'ਖੁਸ਼ਹਾਲ ਜ਼ਿੰਦਗੀ' ਦੁਖਾਂਤ ਦਾ ਸਰੂਪ ਅਖ਼ਤਿਆਰ ਕਰ ਗਈ।

ਇਸ ਦੁਖਾਂਤ ਦਾ ਕਾਰਨ ਕੁਝ ਵੀ ਹੋਵੇ ਸਿੱਟੇ ਜ਼ਰੂਰ ਬਲਰਾਜ ਨੂੰ ਗੁਆਚਿਆਂ ਹੋਇਆ ਮਲਾਹ ਬਣਾ ਦਿੰਦਾ ਹੈ। ਜੇਕਰ ਅਸੀਂ ਪਾਸ਼ੀ ਨੂੰ 'ਟਾਪੂ' ਅਤੇ ਕਨੇਡਾ ਦੇ ਮੁਆਸ਼ਰੇ ਨੂੰ 'ਸਮੁੰਦਰ' ਮੰਨ ਲਈਏ ਤਾਂ ਵੀ ਬਲਰਾਜ ਦਾ ਬੱਚਿਆਂ ਦੇ ਵਸੀਲੇ ਨਾਲ ਵਾਰ ਵਾਰ ਪਾਸ਼ੀ ਦੇ ਘਰ ਆਉਣਾ ਅਤੇ ਬੱਚਿਆਂ ਵਿਚ ਪੂਰੀ ਦਿਲਚਸਪੀ ਲੈਣਾ ਉਸ ਦੀ ਕਿਸੇ 'ਤਲਾਸ਼' ਦਾ ਸੰਕੇਤ ਦਿੰਦਾ ਹੈ। ਇਸੇ ਤਰ੍ਹਾਂ ਪਾਸ਼ੀ ਅੰਦਰੋਂ 'ਮੈਨੂੰ ਕੀ' ਦੀ ਆਵਾਜ਼ ਆਈ ਸੀ ਜਾਂ 'ਕੁਝ ਹੋਰ' ਤੇ ਉਸਨੂੰ ਸਮਝ ਨਾ ਲੱਗਣਾ ਵੀ ਦੱਸ ਰਿਹਾ ਹੈ ਕਿ ਪਾਸ਼ੀ ਦੇ ਮਨ ਵਿਚ ਅਜੇ ਕੁਝ ਹੋਰ ਵੀ ਮੌਜੂਦ ਹੈ, ਜੋ ਉਨ੍ਹਾਂ ਦੇ ਅਤੀਤ ਦਾ ਸਿੱਟਿਆਂ ਤੋਂ ਅਭਿੱਜ ਹੈ। ਜ਼ਾਹਿਰ ਹੈ ਕਿ ਗੁਆਚੇ ਮਲਾਹ ਦੀ ਕਥਾ ਗਲਪੀ ਵਰਤਮਾਨ ਦੀ ਕਥਾ ਹੋ ਸਕੇ ਇਸ ਕਥਾ-ਖੰਡ ਵਿਚ ਬਲਰਾਜ, ਪਾਸ਼ੀ ਅਤੇ ਬੱਚੇ ਕਿਸੇ ਨਾ ਕਿਸੇ ਰੂਪ ਵਿਚ ਇਕ ਇਕਾਈ ਵਿਚ ਹੀ ਬੱਝੇ ਹੋਏ ਹਨ। ਭਾਵੇਂ ਇਸ ਇਕਾਈ ਦੇ ਵੱਖੋ-ਵੱਖਰੇ ਜੁਜ਼ਾਂ ਦੇ ਆਪਸੀ ਰਿਸ਼ਤੇ ਵਿਚ ਤਰੇੜਾਂ ਮੌਜੂਦ ਹਨ। ਇਸ ਕਾਲ-ਬਿੰਦੂ ਉਤੇ ਹੀ ਕਾਰ ਵਿਚ ਬੈਠਾ ਰਹਿਣ ਵਾਲਾ ਬਲਰਾਜ ਅੱਜ ਦਰਾਂ ਤੱਕ ਆਇਆ ਸੀ ਅਤੇ ਆਪ ਪਾਸ਼ੀ ਨੂੰ ਮੁਖਾਤਿਬ ਹੋਇਆ ਸੀ :

ਮੈਂ ਅੱਜ ਵੈਨਕੂਵਰ ਜਾ ਰਿਹਾਂ। ਇਹਨਾਂ ਨੂੰ ਬੜਾ ਮਿੱਸ ਕਰਾਂਗਾ-ਕਦੀ ਕਦੀ ਫੋਨ ਕਰ ਲਿਆ ਕਰਾਂਗਾਂ।

ਸਵੀ ਅਤੇ ਨਿਕੋ ਦੇ ਮੱਥੇ ਚੁੰਮ ਕੇ ਜਦੋਂ ਬਲਰਾਜ ਟੁਰਨ ਲੱਗਾ ਤਾਂ ਉਸਦੀ ਅੱਖਾਂ ਤੱਕ ਪਹੁੰਚਦਿਆਂ ਪਾਸ਼ੀ ਬੋਲੀ, "ਆਪਣਾ ਖਿਆਲ ਰੱਖਿਓ"

ਪਾਸ਼ੀ ਦੇ ਹੱਥਾਂ ਨਾਲ ਲੱਗੇ, ਸਦੀ ਅਤੇ ਨਿਕੋ ਹੱਥ ਹਿਲਾ-ਹਿਲਾ ਕੇ ਬਲਰਾਜ ਨੂੰ 'ਬਾਇ' ਕਰ ਰਹੇ ਸਨ।

ਇਥੇ ਨਾ ਤਾਂ ਬਲਰਾਜ ਦੀ ਆਵਾਜ਼ 'ਥੱਕੀ ਥੱਕੀ' ਹੈ ਅਤੇ ਨਾ ਹੀ ਪਾਸ਼ੀ ਦੀ 'ਅੰਸਰਿੰਗ ਮਸ਼ੀਨ' ਵਰਗੀ। ਇਸਦੇ ਉਲਟ ਇਹ ਤਾਂ 'ਸਮੁੰਦਰ 'ਚ ਗੁਆਚੇ ਮਲਾਹ' ਲਈ ਆਸ ਦੀ ਕਿਰਨ ਵਰਗੀ ਗੱਲ ਹੈ। ਬਲਰਾਜ ਤੇ ਪਾਸ਼ੀ ਦੋਵਾਂ ਲਈ ਇਸ ਕਥਨ ਤੋਂ ਇਹ ਵੀ ਸੰਕੇਤ ਮਿਲਦੇ ਹਨ ਕਿ ਜਿਵੇਂ ਉਨ੍ਹਾਂ ਦੀ 'ਗੁਆਚੇ ਹੋਂਦ' ਜੇਕਰ ਲੱਭ ਨਹੀਂ ਪਈ ਤਾਂ ਉਸਦੀ 'ਝਲਕ' ਜ਼ਰੂਰ ਦਿਸ ਪਈ ਹੋਈ ਹੈ। ਜਿਸ ਤਰ੍ਹਾਂ ਬਲਰਾਜ ਦੇ ਕਥਨ "ਇਨ੍ਹਾਂ ਨੂੰ ਮੈਂ ਬੜਾ ਮਿੱਸ ਕਰਾਂਗਾ" ਵਿਚ ਪਾਸ਼ੀ ਦੀ ਪਰਛਾਈ ਵੀ ਸ਼ਾਮਲ ਹੈ, ਉਸੇ ਤਰ੍ਹਾਂ 'ਪਾਸ਼ੀ ਦੇ ਹੱਥਾਂ ਨਾਲ ਲੱਗੇ ਸਵੀ ਅਤੇ ਨਿੱਕੋ ਦੇ' ਹੱਥਾਂ ਨੂੰ ਹਿਲਾ-ਹਿਲਾ ਹੋ ਰਹੀ 'ਬਾਇ' ਵਿਚ ਪਾਸ਼ੀ ਦੀ 'ਬਾਇ' ਵੀ ਸ਼ਾਮਲ ਹੋ ਚੁੱਕੀ ਹੈ। ਇਹ ਸਮੁੰਦਰ 'ਚ ਗੁਆਚੇ ਹੋਏ ਮਲਾਹ ਦੀ ਪ੍ਰਾਪਤੀ ਵੀ ਹੈ ਅਤੇ ਉਸਦੀ ਕਥਾ ਵੀ।

(5)

**ਅਕੱਥ ਕਥਾ** : ਕਹਾਣੀ 'ਦੋ ਟਾਪੂ' ਦਾ ਮਕਸਦ 'ਟਾਪੂ', 'ਸਮੁੰਦਰ' ਅਤੇ 'ਗੁਆਚੇ ਮਲਾਹ' ਦੇ ਕਥਾ ਖੰਡਾਂ ਦੀ ਖੇਡ ਦੀ ਜੁਗਤ ਰਾਹੀਂ 'ਮਨੁੱਖ ਅਤੇ ਮੁਆਸ਼ਰੇ' ਦੇ ਆਪਸੀ ਰਿਸ਼ਤੇ ਦੀ ਸੂਖਮ ਅਤੇ ਗੁੰਝਲਦਾਰ ਅੰਤਰ-ਕਿਰਿਆ ਨੂੰ ਬਿਆਨ ਕਰਨਾ ਹੈ। ਹਰ ਥਾਂ ਉਤੇ ਮਨੁੱਖ, ਭਾਈਚਾਰੇ ਅਤੇ ਮੁਆਸ਼ਰੇ ਦੇ ਆਪਣੇ ਆਪਣੇ ਮਕਸਦ, ਮਨਸੂਬੇ ਅਤੇ ਤਰੀਕਾਕਾਰ ਹੁੰਦੇ ਹਨ। ਆਮ ਤੌਰ ਤੇ ਮਨੁੱਖ, ਭਾਈਚਾਰੇ ਅਤੇ ਮੁਆਸ਼ਰੇ ਇਕ ਦੂਜੇ ਮੁਤਾਬਕ ਆਪਣੀ ਰਸਾਈ ਕਾਇਮ ਕਰਕੇ, ਆਮ ਜ਼ਿੰਦਗੀ ਜਿਉਣ ਲਈ ਰਵਾਇਤਾਂ, ਕਸੌਟੀਆਂ ਅਤੇ ਪ੍ਰਤੀਮਾਨ ਤਿਆਰ ਕਰ ਲੈਂਦੇ ਹਨ। ਅਤੇ ਹਰ ਮਨੁੱਖ ਉਨ੍ਹਾਂ ਨੂੰ ਸਹਿਜ ਰੂਪ ਵਿਚ ਨਿਭਾਉਣ ਲੱਗ ਪੈਂਦਾ ਹੈ। ਪਾਸ਼ੀ ਅਤੇ ਬਲਰਾਜ ਲਈ ਇਹ ਮਸਲਾ ਮੁਆਸ਼ਕੇ ਦੀ ਤਬਦੀਲੀ ਦੇ ਫਲਸਰੂਪ ਵਾਪਰਦਾ ਹੈ। ਉਹ ਦੋਵੇਂ ਉਂਜ ਮੁਆਸ਼ਰੇ ਵਿਚ ਮੌਜੂਦ ਮਨੁੱਖ ਦੇ ਮੁਆਸ਼ਰੇ ਦੀਆਂ ਰਵਾਇਤਾਂ, ਕਸੌਟੀਆਂ ਤੇ ਪ੍ਰਤੀਮਾਨਾਂ ਨਾਲ ਸਹਿਜ ਰਸਾਈ ਕਾਇਮ ਹੀ ਨਹੀਂ ਕਰ ਸਕੇ।

ਬਾਕੀ ਪੰਨਾ 199 'ਤੇ ਦੇਖੋ

## ਚੌਥੀ ਪੀੜ੍ਹੀ ਦੇ ਚੋਣਵੇਂ ਕਹਾਣੀਕਾਰ ਅਤੇ ਕਹਾਣੀਆਂ : ਇੱਕ ਸੰਵਾਦ/ਡਾ. ਬਲਕਾਰ ਸਿੰਘ (2-3-1969)

ਆਧੁਨਿਕ ਪੰਜਾਬੀ ਕਹਾਣੀ ਦਾ ਇਤਿਹਾਸ ਲਗਭਗ ਵੀਹਵੀਂ ਸਦੀ ਦੇ ਇਤਿਹਾਸਕ ਕਾਲ, ਵਿਕਾਸ ਅਤੇ ਸੰਕਟਾਂ ਦਾ, ਮਾਨਵੀ ਹੁੰਗਾਰੇ ਅਤੇ ਅਹਿਸਾਸਾਂ ਦੇ ਰੂਪ ਵਿਚ ਬਿਰਤਾਂਤਕ ਉਚਾਰਣ ਹੈ। ਇਸ ਸਦੀ ਵਿਚ ਬੜੇ ਉਤਰਾਅ-ਚੜ੍ਹਾਅ, ਪ੍ਰਾਪਤੀਆਂ, ਪਰਿਵਰਤਨ, ਸੰਕਟ ਅਤੇ ਭੁਲੇਖੇ ਵਾਪਰੇ। ਭਾਵ ਸਾਰੀ ਸਦੀ ਦੀ ਤੋਰ ਇਕਸਾਰ ਨਾ ਹੋਣ ਕਰਕੇ, ਕਹਾਣੀ ਦਾ ਵਿਕਾਸ-ਸਫ਼ਰ ਵੀ ਇਕਸਾਰ ਨਹੀਂ ਰਿਹਾ ਹੈ। ਕਹਾਣੀ ਵਿਕਾਸ ਵਿਚਲੀ ਇਕਸਾਰਤਾ ਵਿਚ ਜਿਥੇ ਵੀ ਨਵੇਂ ਮੋੜ, ਕੱਟ ਵਾਪਰੇ, ਉਨ੍ਹਾਂ ਨੂੰ ਕਹਾਣੀ-ਆਲੋਚਨਾ ਦੀ ਭਾਸ਼ਾ ਵਿੱਚ 'ਪੈਰਾਡਾਈਮ ਸਿਫ਼ਟ' ਕਹਿ ਕੇ, ਨਵੇਂ ਪੈਰਾਡਾਈਮ ਦੇ ਪੁਰਾਣੇ ਨਾਲੋਂ ਨਵੇਂ ਲੱਛਣਾਂ ਦੀ ਪਛਾਣ ਹਿੱਤ, ਕਹਾਣੀ ਆਲੋਚਕਾਂ ਨੇ ਕੁਝ ਕਹਾਣੀ-ਪੜਾਉ ਅਤੇ ਪੀੜ੍ਹੀਆਂ ਦੇ ਨਿਖੇੜੇ ਸਥਾਪਿਤ ਕੀਤੇ ਹਨ। ਕਹਾਣੀ-ਵਿਕਾਸ ਦੀ ਇਸ ਸਦੀ ਵਿਚ ਚਾਰ-ਪੜਾਵਾਂ ਦੀ ਵੰਡ ਬਾਰੇ ਕਹਾਣੀ-ਇਤਿਹਾਸਕਾਰਾਂ ਵਿਚ ਲਗਭਗ ਸਹਿਮਤੀ ਅਤੇ ਪ੍ਰਵਾਨਗੀ ਹੈ ਪਰ ਇਹਨਾਂ ਦੇ ਨਾਮਕਰਣ ਕਰਨ ਵੇਲੇ ਮਤਭੇਦ ਜ਼ਰੂਰ ਹਨ।

### ਚੌਥਾ ਪੜ੍ਹਾਅ-ਪੀੜ੍ਹੀ ਅਤੇ ਕੂੰਟ : ਕਹਾਣੀ ਇਤਿਹਾਸਕਾਰਾਂ ਦੀ ਦ੍ਰਿਸ਼ਟੀ

ਸਮਕਾਲੀ ਨਵੀਂ ਪੰਜਾਬੀ ਕਹਾਣੀ, ਜਿਸ ਨੂੰ ਕਹਾਣੀ-ਇਤਿਹਾਸਕਾਰੀ ਵਿਚ ਆਲੋਚਕਾਂ ਨੇ ਚੌਥਾ ਪੜਾਅ ਸਵੀਕਾਰ ਕੀਤਾ ਹੈ, ਉਸ ਵਿਚ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦਾ ਅਹਿਮ ਯੋਗਦਾਨ ਹੈ। ਪੜ੍ਹਾਅ ਅਤੇ ਪੀੜ੍ਹੀ ਦਾ ਆਪਸ ਵਿਚ ਬੜਾ ਜਟਿਲ ਸਬੰਧ ਹੈ। 'ਪ੍ਰੇਮ ਪ੍ਰਕਾਸ਼' ਦੀ ਨਜ਼ਰ ਵਿਚ ਚੌਥੀ ਪੀੜ੍ਹੀ, ਉਹ ਚੌਥੀ ਕੂੰਟ ਹੈ ਜੋ ਹਰ ਸਮੇਂ, ਹਰ ਪੀੜ੍ਹੀ ਵਿਚ 'ਵਰਜਣਾਵਾਂ'/ਵਿਵਰਜਿਤ ਨੂੰ ਵੰਗਾਰਦੀ ਆਪਣਾ ਨਵਾਂ ਰਾਹ ਤਲਾਸ਼ਦੀ ਹੈ। ਟਕਸਾਲੀ ਕਹਾਣੀ-ਆਲੋਚਨਾ ਵਿਚ ਪੀੜ੍ਹੀ ਨਾਲੋਂ ਪੜਾਅ ਮਹੱਤਵਪੂਰਨ ਹੈ ਕਿਉਂਕਿ ਚੌਥੇ ਪੜਾਅ ਵਿਚ ਕੇਵਲ ਚੌਥੀ ਪੀੜ੍ਹੀ ਹੀ ਨਹੀਂ ਸਗੋਂ ਤੀਜੀ ਪੀੜ੍ਹੀ ਦੇ ਕਥਾਕਾਰ ਵੀ ਤੀਜੇ ਪੜਾਅ ਦੇ ਕਥਾ-ਮਾਡਲ ਤੋਂ ਅੱਗੇ ਵਧ ਕੇ ਇਸ ਵਿਚ ਯੋਗਦਾਨ ਪਾ ਰਹੇ ਹਨ। ਚੌਥਾ ਪੜਾਅ, ਇਸ ਚੌਥੀ ਪੀੜ੍ਹੀ ਵਿਚ ਪੈਦਾ ਹੋਣ ਕਰਕੇ ਨਹੀਂ ਬਲਕਿ ਕਾਲ ਦੇ ਉਤਰ-ਆਧੁਨਿਕ-ਉਤਰ-ਯਥਾਰਥ ਕਥਾ-ਮਾਡਲਾਂ ਨੂੰ ਚਿਤਾਉਣ ਦੀ ਦ੍ਰਿਸ਼ਟੀ ਕਰਕੇ ਹੈ। ਇਹ ਉਹ ਦੌਰ ਹੈ ਜਿਸ ਵਿਚ ਯਥਾਰਥ ਨੂੰ ਉਸ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਜਿਵੇਂ ਯਥਾਰਥਵਾਦੀ ਚਿੰਤਨ ਅਤੇ ਵਿਚਾਰਧਾਰਾ ਦੇ ਇਕਹਿਰੇ ਪਰਿਪੇਖ ਵਿਚ ਸਮਝਿਆ ਜਾਂਦਾ ਸੀ। ਇਹ ਉਹ ਸਥਿਤੀ ਹੈ ਜਿੱਥੇ ਇਕ ਪਾਸੇ ਵਿਦਵਾਨਾਂ ਵਿਚ ਇਸ ਉਤਰ-ਆਧੁਨਿਤਾ, ਸੰਕਲਪ, ਵਰਤਾਰੇ ਨੂੰ ਨਾ ਕੇਵਲ ਨਕਾਰਿਆ ਹੀ ਜਾ ਰਿਹਾ ਹੈ ਸਗੋਂ ਇਹ ਵੀ ਆਖਿਆ ਜਾਂਦਾ ਹੈ ਕਿ ਅਜੇ ਪੰਜਾਬੀ ਸਮਾਜ ਅਤੇ ਭਾਈਚਾਰਾ ਆਧੁਨਿਕ ਹੀ ਨਹੀਂ ਹੋਇਆ, ਉਤਰ-ਆਧੁਨਿਕ ਕਿਵੇਂ ਹੋ ਸਕਦਾ ਹੈ ? ਅਜਿਹੇ ਵਿਵਾਦਾਂ ਦੇ ਬਾਵਜੂਦ ਵੀ ਜਦੋਂ ਚੌਥੀ ਪੀੜ੍ਹੀ ਨਾਲੋਂ ਪੜ੍ਹਾਅ ਦੀ ਨਿਸ਼ਾਨਦੇਹੀ, ਪਛਾਣ ਅਤੇ ਨਾਮਕਰਣ ਹੋ ਰਹੀ ਹੈ, ਉਸ ਵਿਚ ਉਤਰ-ਆਧੁਨਿਕ ਦ੍ਰਿਸ਼ਟੀ ਅਤੇ ਚਿੰਤਨ ਹੀ ਪ੍ਰਮੁੱਖ ਅਤੇ ਭਾਰੂ ਨਜ਼ਰ ਆਉਂਦਾ ਹੈ। ਚੌਥੇ ਪੜ੍ਹਾਅ ਅਤੇ ਪੀੜ੍ਹੀ ਦੇ ਸਬੰਧ ਵਿਚ ਡਾ. ਬਲਦੇਵ ਧਾਲੀਵਾਲ ਦਾ ਨਜ਼ਰੀਆ ਅਤੇ ਸਥਾਪਨਾ ਹੈ :

"ਚੌਥੇ ਪੜ੍ਹਾਅ ਨੂੰ ਨਿਰਧਾਰਤ ਕਰਨ ਵਾਲਾ ਪ੍ਰਮੁੱਖ ਮਾਪਦੰਡ ਕਹਾਣੀਕਾਰ ਦਾ ਚੌਥੀ ਪੀੜ੍ਹੀ ਵਿਚ ਪੈਦਾ ਹੋਣਾ ਨਹੀਂ ਬਲਕਿ ਉਹ ਰਚਨਾ-ਦ੍ਰਿਸ਼ਟੀ ਹੈ ਜਿਸ ਰਾਹੀਂ ਉਹ ਵਸਤੂ-ਯਥਾਰਥ ਦਾ ਪ੍ਰਤੱਖਣ ਅਤੇ ਪੇਸ਼ਕਾਰੀ ਤੀਜੇ ਪੜਾਅ ਦੇ ਕਹਾਣੀਕਾਰਾਂ ਤੋਂ ਨਿਵੇਕਲੇ ਅਤੇ ਨਵੇਂ ਢੰਗ ਨਾਲ ਕਰਨ ਲੱਗਿਆ।" -(ਪੰਜਾਬੀ ਕਹਾਣੀ ਦਾ ਇਤਿਹਾਸ, ਪੰਨਾ 285)

ਡਾ. ਧਾਲੀਵਾਲ ਦੀ ਨਜ਼ਰ ਵਿਚ ਇਹ ਦ੍ਰਿਸ਼ਟੀ ਬੁਨਿਆਦੀ ਰੂਪ ਵਿਚ 'ਉਤਰ-ਯਥਾਰਥਵਾਦੀ ਪੰਜਾਬੀ ਕਹਾਣੀ' ਵਜੋਂ ਗ੍ਰਹਿਣ ਕਰਦਾ ਹੈ। ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚੋਂ ਇਸ ਦ੍ਰਿਸ਼ਟੀ ਦੇ ਸਾਹਿਤਕ ਲੱਛਣਾਂ ਅਤੇ ਬਿਰਤਾਂਤਕ ਸੰਚਾਰ ਦੇ ਉਤਰ-



ਯਥਾਰਥਵਾਦੀ ਕਥਾ-ਮਾਡਲ ਨੂੰ ਪ੍ਰਮਾਣਿਕ ਬਣਾਉਣ ਲਈ ਡਾ. ਗੁਰਬਚਨ ਅਤੇ ਡਾ. ਜਸਵਿੰਦਰ ਸਿੰਘ ਦੀਆਂ ਧਾਰਨਾਵਾਂ ਨੂੰ ਹਵਾਲਿਆਂ ਵਜੋਂ ਵਰਤਦਿਆਂ ਲਿਖਦਾ ਹੈ -

"ਇਹ ਕਹਾਣੀਆਂ ਪ੍ਰਵਚਨ ਦਾ ਦਰਜਾ ਰੱਖਦੀਆਂ ਹਨ...ਅਰਥਾਂ ਦੀਆਂ ਪ੍ਰਤੀਧੁਨੀਆਂ ਪੈਦਾ ਕਰਦੀ ਹੈ।...ਕਥਾ ਅੰਸ਼ ਮੁੱਦਾ ਨਹੀਂ, ਸਗੋਂ ਬਿਰਤਾਂਤ ਉਸਾਰੀ ਦੀ ਜੁਗਤ ਹੈ। ਇਹ ਕਹਾਣੀਕਾਰ ਘਟਨਾ ਸਥਿਤੀ ਦੇ ਅਚੇਤ ਤੱਕ ਪੁੱਜਦੇ ਹਨ। ਅਚੇਤ ਦੀਆਂ ਆਵਾਜ਼ਾਂ ਤੱਕ ਪਾਠਕ ਨੂੰ ਪਹੁੰਚਾਣ ਲਈ ਭਾਸ਼ਕ-ਸ਼ੈਲੀ ਨਾਲ ਜੱਦੋ ਜਹਿਦ ਕਰਦੇ ਹਨ। ਰਵਾਇਤੀ ਬਿਰਤਾਂਤ ਤੋਂ ਪਾਰ ਜਾਂਦੇ ਹਨ। ਚੌਥੀ ਪੀੜ੍ਹੀ ਦੇ ਸਹੀ ਨੁਮਾਇੰਦੇ ਬਣਦੇ ਹਨ।"

(ਉਹੀ-ਪੰਨਾ 283)

'ਇਹ ਬਹੁ ਸੁਰ ਅਤੇ ਮੈਂਮੂਲਕਤਾ ਦੀ ਸੰਵਾਦੀ ਜਟਿਲ ਕਹਾਣੀ ਹੈ।"

(ਉਹੀ-284)

ਡਾ. ਧਾਲੀਵਾਲ, ਡਾ. ਗੁਰਬਚਨ ਅਤੇ ਡਾ. ਜਸਵਿੰਦਰ ਸਿੰਘ ਦੇ ਅਧਿਐਨ ਅਤੇ ਹਵਾਲਿਆਂ ਰਾਹੀਂ ਆਪਣੀ ਉਤਰ-ਯਥਾਰਥਵਾਦੀ ਦ੍ਰਿਸ਼ਟੀ ਦੇ ਕਥਾ ਮਾਡਲ ਦੀ ਉਚਿਤਤਾ ਸਿੱਧ ਕਰ ਲੈਂਦਾ ਹੈ। ਇਸ ਅਧਿਐਨ ਤੋਂ ਇਸ ਪੜਾਅ ਅਤੇ ਪੀੜ੍ਹੀ ਦਾ ਨਿਵੇਕਲਾਪਣ ਅਤੇ ਗੌਰਵ ਉਸ ਮਾਡਲ ਕਰਕੇ ਹੈ ਜਿਸ ਵਿੱਚ ਪ੍ਰਵਚਨਮੂਲਕ, ਅਵਚੇਤਨ ਮੂਲਕ, ਪ੍ਰਤੀਧੁਨੀਾਤਮਕ, ਅਨਿਸ਼ਚਿਤ ਵਿਚਾਰਧਾਰਾਵਾਂ ਕਰਕੇ ਕਾਮੁਕਤਾ, ਦਲਿਤ, ਕਿਸਾਨੀ ਆਦਿ ਦੇ ਦ੍ਰਿਸ਼ਟੀ-ਬਿੰਦੂ ਬਿਰਤਾਂਤਕ ਫੋਕਸ ਵਿਚ ਸਹਿਧੁਨੀਆਂ ਬਣ ਕੇ ਉਭਰਦੇ ਹਨ। ਇਹਨਾਂ ਲੱਛਣਾਂ ਦੇ ਧਾਰਨੀ ਬਿਰਤਾਂਤਕਾਰ ਹੀ ਚੌਥੀ ਪੀੜ੍ਹੀ ਵਾਲੇ ਹਨ, ਨਾ ਕਿ ਉਮਰ ਜਾਂ ਕਾਲ ਮੁਤਾਬਕ ਇਸ ਪੀੜ੍ਹੀ ਸਮੇਂ ਪੈਦਾ ਹੋਏ ਕਹਾਣੀਕਾਰ। ਭਾਵ ਕਾਲ ਦੇ ਚੌਥੇ ਪੜ੍ਹਾਅ ਵਿਚਲਾ ਹਰ ਕਹਾਣੀਕਾਰ ਚੌਥੀ ਪੀੜ੍ਹੀ ਦਾ ਕਹਾਣੀਕਾਰ ਨਹੀਂ ਬਲਕਿ ਇਸ ਕਾਲ ਦੀ ਯੁੱਗ-ਸੰਵੇਦਨਾ/ਅਨੁਭਵ ਨੂੰ ਉਸ ਅਨੁਸਾਰ ਰੂਪਾਕਾਰਕ ਵਿਧੀਆਂ ਅਤੇ ਬਿਰਤਾਂਤ ਵਿਚ ਸਿਰਜਣ ਵਾਲਾ ਹੀ ਚੌਥੀ ਪੀੜ੍ਹੀ ਦਾ ਹੱਕਦਾਰ ਹੈ, ਕਿਉਂਕਿ ਇਹ ਤੀਜੇ ਪੜ੍ਹਾਅ ਦੇ ਕਥਾ-ਮਾਡਲ ਦੀਆਂ ਸੀਮਾਵਾਂ ਅਤੇ ਪੈਰਾਡਾਈਮ ਨੂੰ ਸਿਫ਼ਟ ਕਰਨ ਵਾਲੇ ਹਨ। ਪੀੜ੍ਹੀ ਅਤੇ ਪੜਾਅ ਬਾਰੇ ਅਜਿਹੀ ਸੋਚ ਅਤੇ ਵਿਧੀ ਉਪਰੰਤ ਜਦੋਂ ਧਾਲੀਵਾਲ ਕਹਾਣੀ-ਇਤਿਹਾਸ ਵਿਚ ਇਸ ਪੜਾਅ ਦੇ ਕਹਾਣੀਕਾਰਾਂ ਨੂੰ ਸ਼ਾਮਲ ਕਰਨ ਲੱਗਦਾ ਹੈ ਤਾਂ ਇਸ ਕਸਵੱਟੀ ਨਾਲੋਂ, ਇਸ ਸਮੇਂ ਵਿਚ ਲਿਖਣ ਵਾਲੇ ਕਹਾਣੀਕਾਰਾਂ ਨੂੰ ਜਨਮ ਤਾਰੀਖਾਂ/ਸਾਲਾਂ ਅਨੁਸਾਰ ਮੁਖ ਰੱਖ ਕੇ ਦਰਜ ਕਰਦਾ ਹੋਇਆ, ਕਥਾ-ਮਾਡਲ ਨੂੰ ਅਣਗੌਲਿਆਂ ਕਰ ਲੈਂਦਾ ਹੈ ਅਤੇ ਵਿਅਕਤੀਗਤ ਭੂਮਿਕਾ ਅਤੇ ਯੋਗਦਾਨ ਵਿਚ ਹਰ ਤਿਲਫੁਲ ਪਾਉਣ ਵਾਲੇ ਨੂੰ ਨਾ ਕੇਵਲ ਸਾਹਿਤ-ਇਤਿਹਾਸ ਬਲਕਿ ਇਸ ਪੜ੍ਹਾਅ ਵਿਚ ਸਥਾਨ ਦੇ ਦਿੰਦਾ ਹੈ। ਗੰਭੀਰ ਅਧਿਐਨ ਕਹਾਣੀਕਾਰਾਂ ਦੀ ਐਂਟਰੀ ਵੇਲੇ ਲਿਖਾਰੀ ਕੋਸ਼ ਬਣ ਜਾਂਦਾ ਹੈ ਪਰ ਇਸ ਦੇ ਸਮੁੱਚੇ ਅਧਿਐਨ ਤੇ ਪਛਾਣ-ਚਿੰਨਾਂ ਵੇਲੇ ਮੁੜ ਇਤਿਹਾਸਕਾਰੀ ਦੇ ਸੰਕਲਪ ਵੱਲ ਵੱਧਦਾ ਹੈ।

ਡਾ. ਜਸਵਿੰਦਰ ਸਿੰਘ ਆਪਣੇ ਪੇਪਰ 'ਪੰਜਾਬੀ ਕਹਾਣੀ ਦੀ ਇਤਿਹਾਸਕਾਰੀ' ਵਿਚ ਨਵੀਂ ਪੰਜਾਬੀ ਕਹਾਣੀ ਦੇ ਚੌਥੇ ਪੜ੍ਹਾਅ ਨੂੰ 'ਬਹੁ-ਸੁਰ ਅਤੇ ਮੈਂਮੂਲਕਤਾ ਦੀ ਸੰਵਾਦੀ ਜਟਿਲ ਕਹਾਣੀ' ਮੰਨਦਾ ਹੈ। ਇਹ ਪੜ੍ਹਾਅ ਅਤੇ ਨਾਮਕਰਣ, ਉਸ ਸਥਿਤੀ ਦੀ ਉਪਜ ਹੈ ਜੋ ਵਿਸ਼ਵੀਕਰਨ, ਰੂਸੀ ਸਮਾਜਵਾਦ ਦੇ ਡਿੱਗਣ, ਇਨਕਲਾਬੀ ਬਦਲਾਂ ਦੀ ਅਣਹੋਂਦ, ਮੁਕਤੀ, ਚੇਤਨਾ ਅਤੇ ਵਿਚਾਰਧਾਰਾ ਬਾਰੇ ਬੜੇ ਅਨਿਸ਼ਚਿਤ ਸੁਆਲਾਂ ਨਾਲ ਪੈਦਾ ਹੋਇਆ ਹੈ। ਇਸ ਸਥਿਤੀ ਵਿਚ ਕਥਾ-ਪ੍ਰਸੰਗ ਅਤੇ ਸੰਦਰਭ ਹੀ ਨਹੀਂ ਬਦਲੇ ਬਲਕਿ ਬਿਰਤਾਂਤ, ਬਿਰਤਾਂਤ ਦੀ ਹੋਂਦ-ਵਿਧੀ, ਪ੍ਰਕਾਰਜਤਾ, ਸੰਚਾਰ ਵੀ ਨਵੀਆਂ ਚੁਣੌਤੀਆਂ ਅੱਗੇ ਜੂਝ ਰਿਹਾ ਹੈ, ਇਸ ਜੂਝਣ ਵਿਚ 'ਇਸ ਪੜ੍ਹਾਅ ਦੀਆਂ ਕਹਾਣੀਆਂ ਦੇ ਮੁਢਲੇ ਲੱਛਣਾਂ ਦੀ ਪਛਾਣ ਤਾਂ ਹੈ ਪਰ ਭਵਿੱਖ ਵਿੱਚ ਇਸ ਸਾਰੀ ਕਹਾਣੀ ਵਿਚੋਂ ਕਿਹੜੀ ਤੇ ਕਿੰਨੀ ਕਹਾਣੀ ਮੂਲੋਂ ਨਵੇਂ ਅਤੇ ਚਿਰ-ਸਦੀਵੀ ਕਿਸ ਪ੍ਰਕਾਰ ਦੇ ਨਕਸ਼ ਛੱਡ ਸਕੇਗੀ' ਬਾਰੇ ਕਹਿਣਾ ਬਹੁਤਾ ਵਾਜਬ ਨਹੀਂ ਹੈ। ਬਦਲਦੇ ਯਥਾਰਥ ਦੀ ਗਤੀਸ਼ੀਲਤਾ ਅਤੇ ਅਵਚੇਤਨੀ-

ਚੇਤਨੀ ਸਰੋਕਾਰਾਂ ਵਾਂਗ ਜਿਹਨਾਂ ਕਹਾਣੀਕਾਰਾਂ ਨੇ ਕਹਾਣੀ ਵਿਧਾ ਦੇ ਰੂਪਕਾਰ ਨੂੰ ਢਾਲਿਆ ਅਤੇ ਵਿਕਸਿਤ ਕੀਤਾ ਹੈ, ਉਸ ਕਰਕੇ ਇਸ ਪੜ੍ਹਾਅ ਦੀ ਕਹਾਣੀ 'ਨੁਸਖਿਆਂ', 'ਸੂਤਰਾਂ' ਅਤੇ 'ਸਪਾਟ-ਬਿਆਨ' ਤੋਂ ਮੁਕਤ ਹੋ ਕੇ ਉਭਰੀ ਹੈ। ਇਸ ਉਭਾਰ ਨੂੰ ਉਲੀਕਣ ਵਾਲੇ "ਇਸ ਨਵੀਂ ਪੀੜ੍ਹੀ ਦੇ ਜ਼ਿਕਰਯੋਗ ਕਹਾਣੀਕਾਰ ਜਿੰਦਰ, ਹਰਜੀਤ ਅਟਵਾਲ, ਅਮਨਪਾਲ ਸਾਰਾ, ਦੇਸਰਾਜ ਕਾਲੀ, ਤਲਵਿੰਦਰ ਸਿੰਘ, ਸੁਖਜੀਤ, ਰਾਜਕੁਮਾਰ ਆਦਿ ਹਨ।" ਇੰਜ ਇਸ ਪੜ੍ਹਾਅ ਦੀ ਕਹਾਣੀ ਅਤੇ ਕਹਾਣੀਕਾਰਾਂ ਬਾਰੇ ਮੁੱਢਲੀ ਪਛਾਣ ਦਾ ਦਾਅਵਾ ਹੈ ਪਰ ਚਿਰਸਥਾਈ ਅਤੇ ਯਾਦਯੋਗ ਲਿਖਤਾਂ ਬਾਰੇ ਪੈਗੰਬਰੀ ਬੋਲਾਂ ਤੋਂ ਬਚਾਅ ਹੈ। ਇਕ ਦ੍ਰਿਸ਼ ਦੀ ਪੜ੍ਹਤ ਹੈ, ਮੁਲਾਂਕਣੀ ਪ੍ਰਵਿਰਤੀ ਨਹੀਂ ਕਿਉਂਕਿ ਮੁਲਾਂਕਣ ਦੇ ਆਧਾਰ ਹੀ ਕੋਈ ਨਹੀਂ ਬਚੇ। ਜਦੋਂ ਆਧਾਰ ਹੀ ਨਹੀਂ ਬਚੇ ਤਾਂ ਉਸ ਸਮੇਂ ਅਧਿਐਨ ਹੀ ਸੰਭਵ ਹੈ, ਮੁਲਾਂਕਣ ਨਹੀਂ। ਲਿਖਤਾਂ ਦੀ ਚਿਰਸਥਾਈ ਅਤੇ ਯਾਦਯੋਗਤਾ ਲਈ ਸਾਹਿਤ ਦੀ ਪ੍ਰਕਿਰਤੀ, ਭੂਮਿਕਾ ਦੇ ਆਧਾਰ ਤਲਾਸ਼ਣੇ ਜ਼ਰੂਰੀ ਹੁੰਦੇ ਹਨ। ਨਾਲ ਹੀ ਸਮੇਂ ਦਾ ਬੀਤਣਾ ਵੀ ਉਤਨਾ ਹੀ ਲਾਹੇਵੰਦ ਹੁੰਦਾ ਹੈ।

ਉਪਰੋਕਤ ਆਲੋਚਨਾਤਮਿਕ ਕਾਰਜ ਵਿਚ ਜੇਕਰ ਪੈਗੰਬਰੀ ਬੋਲਾਂ ਦੀ ਘਾਟ ਹੈ ਤਾਂ ਨਾਲ ਹੀ ਨਵੀਂ ਕਹਾਣੀ ਦੇ ਦ੍ਰਿਸ਼ ਵਿਚ ਚਰਚਿਤ ਹੋਏ ਕਹਾਣੀਕਾਰਾਂ ਦੀ ਪਛਾਣ ਬਣਨ ਵਾਲੀਆਂ ਕਹਾਣੀਆਂ ਦੀ ਮੁੱਢਲੀ ਪਛਾਣ ਜ਼ਰੂਰ ਹੋਈ ਹੈ। ਦੋਵੇਂ ਆਲੋਚਕ ਇਤਿਹਾਸਕ ਨਿਸ਼ਾਨਦੇਹੀ ਕਰਨ ਲਈ ਕਹਾਣੀਪਾਠਾਂ, ਕਥਾ-ਪੈਟਰਨ, ਰਚਨਾਤਮਿਕ ਸਰੋਕਾਰਾਂ/ਸੰਦਰਭਾਂ ਨੂੰ ਭਾਵੇਂ ਮੁੱਖ ਰੱਖ ਰਹੇ ਹਨ ਪਰ ਬੁਨਿਆਦੀ ਰੂਪ ਵਿਚ ਇਸ ਨਿਸ਼ਾਨਦੇਹੀ ਨਾਲੋਂ ਵਿਸ਼ਵ ਚਿੰਤਨ ਵਿਚ ਪੈਦਾ ਹੋਇਆ ਉਤਰ-ਆਧੁਨਿਕ ਅਤੇ ਉਤਰ-ਸੰਰਚਨਾਵਾਦੀ ਚਿੰਤਨ ਅਤੇ ਕਾਵਿ-ਸ਼ਾਸਤਰ ਪਿਛੋਕੜ ਵਿਚ ਬੁਨਿਆਦੀ ਆਧਾਰ ਹੈ। ਇਸ ਕਾਵਿ-ਸ਼ਾਸਤਰ ਦੇ ਤਰਕ, ਸੂਤਰਾਂ ਨੂੰ ਹੀ ਕਹਾਣੀ-ਪਾਠਾਂ ਉਤੇ ਲਾਗੂ ਕਰਕੇ ਧਾਰਨਾਵਾਂ ਬਣੀਆਂ ਹਨ। ਇਸ ਬਿਰਤੀ ਕਰਕੇ ਹੀ ਇਸ ਦੌਰ ਦੇ ਨਿਵੇਕਲੇ ਪਛਾਣ-ਚਿੰਨ੍ਹ, ਕਹਾਣੀਆਂ ਅਤੇ ਕਹਾਣੀਕਾਰ ਸਾਹਮਣੇ ਆਉਂਦੇ ਹਨ ਪਰ ਭਾਬੀ ਮੈਨਾ, ਪੇਮੀ ਦੇ ਨਿਆਣੇ, ਰਾਸਲੀਲਾ, ਖੱਬਲ, ਕੋਈ ਇਕ ਸਵਾਰ, ਭੱਜੀਆਂ ਬਾਹੀਂ ਅਤੇ ਡੈਡਲਾਈਨ ਵਰਗੀ ਪਾਠਕ ਮਨਾਂ ਵਿਚ ਵਸਣ ਵਰਗੀ ਸਦੀਵਤਾ ਬਾਰੇ ਖਾਮੋਸ਼ੀ ਹੈ। ਹੋ ਸਕਦਾ ਹੈ ਕਿ ਬੀਤੇ ਬਾਰੇ ਲੇਖਾ ਜੋਖਾ ਕਰਨਾ ਸੌਖਾ ਅਤੇ ਸਹਿਜ ਹੁੰਦਾ ਹੈ, ਸੰਭਾਵਨਾਵਾਂ ਮੁੱਕ ਚੁੱਕੀਆਂ ਹੁੰਦੀਆਂ ਹਨ, ਇਹ ਫੈਸਲਾ ਸਮਾਂ ਖੁਦ ਕਰਦਾ ਹੈ। ਇਤਿਹਾਸਕਾਰੀ ਲਈ ਜੇਕਰ ਲਿਖਾਰੀ ਕੋਸ਼ ਤਿਆਰ ਕਰਨਾ ਹੋਵੇ, ਮਸਲਾ ਹੋਰ ਹੈ, ਜੇਕਰ ਇਤਿਹਾਸਕ ਯੋਗਦਾਨ ਅਤੇ ਇਤਿਹਾਸਿਕਤਾ ਨਿਰਧਾਰਿਤ ਕਰਨੀ ਹੋਵੇ ਤਾਂ ਮਸਲਾ ਹੋਰ ਹੈ। ਇਤਿਹਾਸ, ਆਲੋਚਨਾ ਅਤੇ ਸਾਹਿਤਕ ਸੁਹਜ ਦਾ ਆਪਸੀ ਸਹਿਯੋਗ ਅਤੇ ਸਮਤੋਲ ਹੀ ਸਹੀ ਇਤਿਹਾਸਕਾਰੀ ਬਣਦੀ ਹੈ। ਇਨ੍ਹਾਂ ਵਿਚੋਂ ਜੇਕਰ ਇਕ ਵੀ ਕੰਨੀ ਖਿਸਕ ਜਾਵੇ ਜਾਂ ਭਾਰੂ ਹੋ ਜਾਵੇ ਤਾਂ ਇਤਿਹਾਸਕਾਰੀ ਅਤੇ ਮੁਲਾਂਕਣ ਖੁੰਝ ਜਾਂਦਾ ਹੈ। ਪੰਜਾਬੀ ਸਾਹਿਤ ਦੇ ਅਨੇਕਾਂ ਸਾਹਿਤ-ਇਤਿਹਾਸ ਲਿਖੇ ਜਾਣ ਦੇ ਬਾਵਜੂਦ ਅਜੇ ਵੀ ਸਮੱਸਿਆ ਬਣੀ ਹੋਈ ਹੈ। ਉਪਰੋਕਤ ਆਲੋਚਨਾ ਵਿਚ ਕਾਵਿ-ਸ਼ਾਸਤਰੀ ਅੰਤਰ-ਦ੍ਰਿਸ਼ਟੀਆਂ ਅਤੇ ਚਿੰਤਨ ਦੀ ਆਲੋਚਨਾ ਭਾਰੂ ਹੋਣ ਕਰਕੇ, ਸਾਹਿਤਕ ਲਿਖਤਾਂ ਦਾ ਵਜੂਦ ਵਿਸ਼ਾ ਨਹੀਂ, ਕੇਵਲ ਵਸਤੂ ਹੈ। ਕਹਾਣੀਆਂ ਦਾ ਕੱਚ-ਸੱਚ, ਮਾਅਰਕੇ, ਨਵੇਂ ਅੰਦਾਜ਼ਾਂ ਦਾ ਅਧਿਐਨ ਹੋਣ ਤੋਂ ਪਹਿਲਾਂ ਹੀ ਸਾਮਾਨਯ ਸੂਤਰਾਂ/ਸੋਚਾਂ ਉਤੇ ਨਿਰਣੇ ਹਨ। ਸ਼ਾਇਦ ਅਜਿਹੀ ਘਾਟ ਦੇ ਰੜਕਣ ਕਰਕੇ ਹੀ ਨਵੀਂਆਂ ਕਹਾਣੀਆਂ ਦੇ ਪਾਠਗਤ ਅਧਿਐਨ ਦਾ ਰੁਝਾਨ ਵਧਿਆ ਹੈ। ਇਹ ਰੁਝਾਨ ਰਜਨੀਸ਼ ਬਹਾਦਰ ਦੀਆਂ ਪੁਸਤਕਾਂ-ਅਜੋਕੀ ਪੰਜਾਬੀ ਕਹਾਣੀ : ਕਥਾ ਪ੍ਰਵਚਨ (2003), ਸਮਕਾਲੀ ਪੰਜਾਬੀ ਕਹਾਣੀ : ਪਾਠਗਤ ਅਧਿਐਨ (2005) ਵਿਚ ਉਭਰ ਕੇ ਸਾਹਮਣੇ ਆਉਂਦਾ ਹੈ। ਸਮਕਾਲੀ ਪੰਜਾਬੀ ਕਹਾਣੀ ਆਲੋਚਨਾ ਵਿਚ ਇਹ ਗੱਲ ਪਰਪੱਕ ਹੁੰਦੀ ਜਾ ਰਹੀ ਹੈ ਕਿ ਕਿਸੇ ਲੇਖਕ ਦੀਆਂ ਕਹਾਣੀਆਂ ਬਾਰੇ ਅਧਿਐਨ ਕਰਨ ਲਈ ਇਕ-ਇਕ ਕਹਾਣੀ-ਪਾਠ ਨੂੰ ਵਿਸ਼ਾ ਬਣਾਇਆ ਜਾਵੇ, ਸਾਰੀਆਂ ਕਹਾਣੀਆਂ ਬਾਰੇ ਸੁਤਰਿਕ ਨੇਮਾਂ ਤੋਂ ਬਚਿਆ ਜਾਵੇ। ਕਹਾਣੀ-ਪਾਠਾਂ ਦੇ ਅਧਿਐਨ ਤੋਂ ਬਾਅਦ ਹੀ ਕੱਚ-ਸੱਚ ਦਾ



ਪਤਾ ਵਧੇਰੇ ਲੱਗ ਸਕਦਾ ਹੈ। ਅਜਿਹੀ ਸੋਚ ਵਿਚੋਂ ਹੀ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਨੂੰ ਇਕ-ਇਕ ਕਰਕੇ ਅਧਿਐਨ ਕਰਨ ਦੀ ਰੁੱਚੀ ਵਿਚੋਂ 'ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਪਾਠਗਤ-ਵਿਸ਼ਲੇਸ਼ਣ' (ਸੰਪ-ਰਜਨੀਸ਼ ਬਹਾਦਰ), ਡਾ. ਜੋਗਿੰਦਰ ਸਿੰਘ ਰਾਹੀ ਅਤੇ ਰਮਿੰਦਰ ਕੌਰ ਨੇ 'ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਪਾਲ' ਪੁਸਤਕ ਪ੍ਰਕਾਸ਼ਿਤ ਕੀਤੀ ਹੈ। ਇਹ ਲੋੜ ਅਤੇ ਟਰੈਂਡ ਡਾ. ਹਰਿਭਜਨ ਸਿੰਘ ਦੇ ਯਤਨਾਂ ਨਾਲ 'ਖਾਮੋਸ਼ੀ ਦਾ ਜਜ਼ੀਰਾ' ਤੋਂ ਸ਼ੁਰੂ ਹੋ ਚੁੱਕਿਆ ਸੀ। ਅਜਿਹੇ ਯਤਨਾਂ ਵਿਚ ਹੀ ਡਾ. ਰਵਿੰਦਰ ਕੁਮਾਰ ਨੇ 'ਰਚਨਾ-ਵਿਰਚਨਾ ਸਿਧਾਂਤ ਅਤੇ ਵਿਹਾਰ' ਵਿਚ ਅੰਤਰਾ, ਨਸਲਘਾਤ, ਕਰਾਂਤੀ ਕਿਉਂ ਨਹੀਂ ਆਉਂਦੀ ਅਤੇ ਮੱਕੜੀਆਂ ਦਾ ਪਾਠਗਤ ਅਧਿਐਨ ਕਰਨ ਦਾ ਯਤਨ ਕੀਤਾ ਹੈ। ਅਜਿਹੇ ਅਧਿਐਨਾਂ ਦੀ ਲੋੜ ਦਾ ਕਾਰਨ ਕਿਸੇ ਪੈਗੰਬਰੀ ਬੋਲ ਤੱਕ ਪਹੁੰਚਣ ਤੋਂ ਪਹਿਲਾਂ ਲਿਖਤ ਦਾ ਪਾਠਮੂਲਕ ਅਧਿਐਨ ਜ਼ਰੂਰੀ ਸੀ, ਦੂਜਾ ਇਹ ਵੀ ਕਿ ਕਹਾਣੀ-ਵਿਧਾ ਦੇ ਰੂਪਾਕਾਰ ਦੇ ਸਾਮਾਨਯ ਲੱਛਣ ਨਵੀਆਂ ਪਰਿਸਥਿਤੀਆਂ ਵਿਚ ਕਾਰਗਰ ਨਹੀਂ ਰਹੇ ਸਗੋਂ ਨਾ ਕੇਵਲ ਰੂਪਾਕਾਰ ਵਿਚ ਤਬਦੀਲੀਆਂ ਵਾਪਰ ਰਹੀਆਂ ਹਨ ਸਗੋਂ ਇਕ ਹੀ ਕਹਾਣੀਕਾਰ ਆਪਣੇ ਗਲਪ ਵਿਚ ਰੂਪਾਕਾਰ ਨੂੰ ਨਵਿਆਉਂਦਾ, ਵਖਿਆਉਂਦਾ ਹੈ। ਜੇਕਰ ਪਾਠਮੂਲਕ ਅਧਿਐਨ ਤੋਂ ਬਿਨਾਂ ਸਾਮਾਨਯ ਸੂਤਰਾਂ ਦੇ ਆਧਾਰ ਤੇ ਪਛਾਣ ਨਿਰਧਾਰਿਤ ਕਰਨੀ ਹੈ ਤਾਂ ਉਹ ਕੜਾਹੇ ਦੇ ਇਕ ਚੌਲ ਤੋਂ ਸਾਰੇ ਬਾਰੇ ਅੰਦਾਜ਼ਾ ਲਾਉਣ ਵਾਲੀ ਏਕਾਧਿਕਾਰੀ ਬਿਰਤੀ ਹੀ ਹੋਵੇਗੀ। ਇਸ ਕਰਕੇ ਹੀ ਅੱਜ ਕਿਹਾ ਜਾ ਰਿਹਾ ਹੈ ਕਿ ਬਦਲਦੇ ਅਧਿਐਨ ਪਰਿਪੇਖਾਂ ਵਿਚ ਰਚਨਾਵਾਂ ਦਾ ਅਧਿਐਨ ਕਰਨਾ, ਰਚਨਾਵੀ ਅਧਿਐਨ ਦੇ ਸਮੀਖਿਅਕ ਕਾਰਜ ਨਾਲੋਂ ਥੀਊਰੀ ਦਾ ਪੈਕੇਜ ਹੀ ਲੈਣ ਵਰਗਾ ਅਮਲ ਹੈ। ਅਜਿਹੀ ਸਥਿਤੀ ਵਿਚ ਸੁਆਲ ਪੈਦਾ ਹੋ ਜਾਂਦਾ ਹੈ ਕਿ ਕੀ ਕੋਈ ਵੀ ਜਨਰਲ ਰਾਏ, ਧਾਰਨਾ ਬਣਾਈ ਹੀ ਨਹੀਂ ਜਾ ਸਕਦੀ ? ਕੀ ਸੱਚ ਮੁੱਚ ਹੀ 'ਸਮੁੱਚਤਾ' ਨਾਲੋਂ ਟੁਕੜਿਆਂ ਦਾ ਯੁੱਗ ਹੈ ? ਕੀ ਸਾਮਾਨਯ ਗ੍ਰਾਮਰ/ਨੇਮ ਪ੍ਰਬੰਧਾਂ ਨਾਲੋਂ ਵਿਅਕਤੀਗਤ ਉਚਾਰ ਹੀ ਮੁੱਲਵਾਨ ਹਨ ? ਕੀ ਰੂਪਾਕਾਰਕ-ਗੀਤਾਂ ਨਾਲੋਂ ਵਿਅਕਤੀਗਤ ਕਲਾ-ਕੋਸ਼ਲਤਾਵਾਂ ਹੀ ਨਿਆਂ ਭਰਪੂਰ ਹਨ ? ਸਮੁੱਚੇ ਨਾਵਲ-ਕਹਾਣੀ ਦੇ ਲੱਛਣਾਂ ਨਾਲੋਂ ਵਿਅਕਤੀਗਤ ਰਚਨਾਵਾਂ ਹੀ ਅਹਿਮ ਹਨ ? ਕੀ ਕਿਸੇ ਵੀ ਸਿੱਟੇ ਅਤੇ ਸੱਚ ਦੀਆਂ ਸੰਭਾਵਨਾਵਾਂ ਹੀ ਖਤਮ ਹਨ ? ਕੀ ਸਿੱਟੇ ਅਤੇ ਸੱਚ ਦੇ ਯਥਾਰਥ, ਵਸਤੂ ਯਥਾਰਥ ਨਾਲੋਂ ਕੇਵਲ ਇਕ ਭਾਸ਼ਾਈ ਖੇਡ ਹੀ ਹਨ ? ਹੱਡਮਾਸ ਦੇ ਬੰਦੇ ਨਾਲੋਂ ਤਕਨੀਕ ਰਾਹੀਂ ਜ਼ਿੰਦਗੀ ਦਾ ਅਰਥ ਖੋਜਣ ਤੇ ਲੱਛਣ ਦੇ ਯਤਨ ਹੀ ਸੱਚ ਹੈ। ਕੀ ਸਿੱਟਿਆਂ ਅਤੇ ਸੱਚ ਵਿਚਲੇ ਆਪਸੀ ਫਾਸਲਿਆਂ, ਵਿੱਥਾਂ ਦਾ ਸੰਵਾਦ ਹੀ ਸੱਚ ਹੈ ? ਪਰ ਸੰਵਾਦ ਵਿਚ ਇਹ ਵੀ ਵੇਖਣਾ ਜ਼ਰੂਰੀ ਹੈ ਕਿ ਕੌਣ, ਕਿਸ ਨੂੰ, ਕਿੱਥੇ, ਕਿਸ ਸਮੇਂ ਸੰਬੋਧਨ ਹੈ।

**ਚੌਥੀ ਕੂੰਟ/ਪੀੜ੍ਹੀ**

ਚੌਥੇ ਪੜ੍ਹਾਅ ਅਤੇ ਪੀੜ੍ਹੀ ਦੇ ਮਸਲੇ ਵਾਂਗ ਹੀ ਪੀੜ੍ਹੀ ਅਤੇ ਚੌਥੀ ਕੂੰਟ ਦਾ ਸੁਆਲ ਪ੍ਰੇਮ ਪ੍ਰਕਾਸ਼ ਤੋਂ ਸ਼ੁਰੂ ਹੁੰਦਾ ਹੈ। ਪ੍ਰੇਮ ਪ੍ਰਕਾਸ਼ ਰਚਿਤ ਚੌਥੀ ਕੂੰਟ (1996), ਮੁਹੱਬਤਾਂ (2002), ਗੰਢਾਂ (2003) ਅਤੇ ਜੁਗਲਬੰਦੀਆਂ (2004) ਦੀਆਂ ਭੂਮਿਕਾਵਾਂ ਵਿਚ ਜੋ ਉਸਨੇ ਚੰਗੀਆਂ ਅਤੇ ਨਵੀਆਂ ਕਹਾਣੀਆਂ ਦੀ ਪੜ੍ਹਤ ਵੇਲੇ ਸੰਪਾਦਿਤ ਕਰਕੇ ਪ੍ਰਕਾਸ਼ਿਤ ਕੀਤੀਆਂ ਸਨ, ਵਿਚ ਇਹ ਸੁਆਲ ਉਠਾਉਂਦਾ ਹੈ ਕਿ ਹਰ ਵੀਹ ਕੁ ਸਾਲ ਬਾਅਦ ਚਰਚਿਤ ਕਹਾਣੀਆਂ ਦੇ ਨਾਂ ਬਦਲਦੇ ਹੁੰਦੇ ਨੇ, ਪਰ ਮਨੁੱਖ ਦੀ ਬੁਨਿਆਦੀ ਪ੍ਰਵਿਰਤੀ ਨੂੰ ਸਮਝਣ ਸਮਝਾਣ ਵਾਲੀਆਂ ਕਹਾਣੀਆਂ ਬਹੁਤਾ ਚਿਰ ਚਰਚਾ ਵਿਚ ਰਹਿੰਦੀਆਂ ਹਨ।" ਪ੍ਰੇਮ ਪ੍ਰਕਾਸ਼ ਮੁਤਾਬਕ ਚਿਰ-ਸਥਾਈ ਅਤੇ ਯਾਦਯੋਗ ਅਮਿੱਟ-ਛਾਪ ਉਹ ਕਹਾਣੀਆਂ ਹੀ ਛੱਡ ਸਕਦੀਆਂ ਹਨ ਜੋ ਨਰ-ਨਾਰੀ ਸਬੰਧਾਂ, ਕਾਮ ਵਿਹਾਰ ਅਤੇ ਮਨੁੱਖੀ ਮਨ ਦੀਆਂ ਮਨੋਗੰਢਾਂ ਅਤੇ ਪ੍ਰਵਿਰਤੀਆਂ ਨੂੰ ਆਧਾਰ ਬਣਾਉਂਦੀਆਂ ਹਨ। ਆਪਣੇ ਇਸ ਆਧਾਰ ਅਤੇ ਵਿਸ਼ਵਾਸ ਲਈ ਉਹ ਭਾਰਤੀ ਹਿੰਦੂ ਮਿਥਿਹਾਸ, ਇਤਿਹਾਸ, ਸਾਹਿਤ, ਚਿੰਤਨ ਅਤੇ ਪੰਜਾਬੀ ਕਹਾਣੀ ਨੂੰ ਪ੍ਰਮਾਣਿਕ ਸਰੋਤਾਂ ਵਜੋਂ ਇਸ ਭੂਮਿਕਾ ਵਿਚ ਵਰਤਦਾ ਹੈ। ਉਸ ਅਨੁਸਾਰ, "ਪ੍ਰਕਿਰਤੀ ਨੇ, ਜੋ ਇਸਤਰੀ ਮਨ 'ਚ ਸੰਤਾਨ ਉਤਪਤੀ ਦੀ ਵੇਗਮਈ ਇੱਛਿਆ ਤੇ ਪੁਰਸ਼ ਦੇ ਮਨ 'ਚ ਇਸਤਰੀ

ਨੂੰ ਭੋਗਣ ਦੀ ਵੇਗਮਈ ਅਮੁੱਕ ਲਾਲਸਾ ਪੈਦਾ ਕੀਤੀ ਹੋਈ ਏ, ਇਹ ਦੋਹਾਂ ਨੂੰ ਟਿਕਣ ਨਹੀਂ ਦੇਂਦੀ। ਇਹ ਰਹੱਸ ਨਾ ਨਰ ਨੂੰ ਚੈਨ ਨਾਲ ਬਹਿਣ ਦੇਂਦਾ ਏ ਤੇ ਨਾ ਈ ਨਾਰੀ ਨੂੰ (ਜੁਗਲਬੰਦੀਆਂ-ਪੰਨਾ 8) ਪ੍ਰੇਮ ਪ੍ਰਕਾਸ਼ ਔਰਤ ਮਰਦ ਦੋ ਲਿੰਗਕ ਆਕ੍ਰਸ਼ਣ ਤੋਂ ਇਲਾਵਾ 'ਤੀਜਾ ਲਿੰਗ' (ਸਮਲਿੰਗਕਤਾ) ਨੂੰ ਵੀ ਇਸ ਸਦੀਵੀ ਵਿਸ਼ੇ ਵਜੋਂ ਗ੍ਰਹਿਣ ਕਰਦਾ ਹੈ। ਉਸ ਲਈ ਕਾਮ-ਪ੍ਰਵਿਰਤੀ, ਇਸ ਦੀਆਂ ਗੰਢਾਂ ਹੀ ਉਹ ਸਦੀਵੀ ਆਧਾਰ ਨੇ ਜਿਹਨਾਂ ਕਰਕੇ ਰਚਨਾਵਾਂ ਯਾਦਯੋਗ ਬਣ ਜਾਂਦੀਆਂ ਹਨ। ਇਸ ਸਦੀਵੀ ਤੱਤ ਦੀ ਤਲਾਸ਼ ਅਤੇ ਧਾਰਨਾ ਦੇ ਨਾਲ ਹੀ ਇਸ ਚੌਥੀ ਕੂੰਟ ਦੇ ਬਿਰਤਾਂਤ ਬਾਰੇ ਉਸ ਦਾ ਨਜ਼ਰੀਆ ਹੈ ਕਿ,

"ਕਹਾਣੀਆਂ ਉਹੀ ਸ੍ਰੇਸ਼ਠ ਨੇ, ਜਿਨ੍ਹਾਂ ਦੇ ਪਾਤਰ ਨੂੰ ਲੇਖਕ ਨੇ ਬਹੁਤ ਸਾਰੇ ਪਹਿਲੂਆਂ ਤੋਂ ਸਾਕਸ਼ੀ ਭਾਵ ਦੀ ਨਜ਼ਰ ਨਾਲ ਦੇਖਿਆ, ਸਮਝਿਆ ਤੇ ਚਿਤਰਿਆ ਹੋਏ। ਜਿਨ੍ਹਾਂ ਵਿਚ ਕਿਸੇ ਪਾਤਰ ਬਾਰੇ ਲੇਖਕ ਦੀ ਤਰਫ਼ਦਾਰੀ ਜਾਂ ਧਿਰ ਬਨਣ ਦੀ ਸੋਚ ਨਾ ਹੋਏ। ਜਿਨ੍ਹਾਂ ਕਹਾਣੀਆਂ ਵਿਚ ਦਿਸਦਾ ਸੰਸਾਰ ਹੀ ਨਹੀਂ, ਪਾਤਰਾਂ ਦੇ ਮਨਾਂ ਵਿਚ ਗੁਪਤਵਾਸ ਕਰਦਾ ਹੈ ਤੇ ਕਿਸੇ ਓਹਲੇ 'ਚ ਲੁਕਿਆ ਸੰਸਾਰ ਵੀ ਸਮਝ ਗਿਆ ਹੋਵੇ।"

(ਪ੍ਰੇਮ ਪ੍ਰਕਾਸ਼, ਜੁਗਲਬੰਦੀਆਂ : ਪੰਨਾ 7-8)

ਪ੍ਰੇਮ ਪ੍ਰਕਾਸ਼ ਦੀ ਕਹਾਣੀਆਂ ਬਾਰੇ ਸਿਰਜਣਾਤਮਕ ਪੜ੍ਹਤ ਅਤੇ ਸੋਚ, ਟਕਸਾਲੀ ਕਹਾਣੀ-ਆਲੋਚਕਾਂ ਦੀਆਂ ਧਾਰਨਾਵਾਂ ਨਾਲ ਮੇਲ ਖਾਂਦੀ ਹੈ। ਇਕਹਿਰੇ ਬਿਰਤਾਂਤ ਨਾਲੋਂ ਬਹੁਸੁਰਾ ਪਛਾਣ-ਚਿੰਨ੍ਹ (ਬਹੁਤ ਸਾਰੇ ਪਹਿਲੂਆਂ ਦਾ ਸਾਕਸ਼ੀ ਭਾਵ) ਨਾਲ ਮੇਲ, ਅਮਲ ਵਿਚ ਪ੍ਰਵਚਨ ਅਤੇ ਸੰਵਾਦ ਦੀ ਹੀ ਸੋਝੀ ਕਰਾਉਂਦਾ ਹੈ। ਨਾਲ ਹੀ ਯਥਾਰਥ ਦੇ ਸਤਹੀ-ਬਾਹਰੀ (ਚੇਤਨ-ਬਿਰਤਾਂਤ) ਨਾਲੋਂ ਡੂੰਘੇ ਉਤਰ-ਯਥਾਰਥ (ਅਵਚੇਤਨ) ਨਾਲ ਸਾਂਝ ਵਾਲਾ ਹੈ। ਦੂਜਾ ਨਾਂ-ਥਾਂ ਬਦਲਣ ਦੇ ਬਾਵਜੂਦ ਰਚਨਾਵਾਂ ਵਿਚ ਸਦੀਵੀ ਤੱਤ ਦੇ ਰਹਿਣ ਪਿੱਛੇ, ਅਚੇਤ ਹੀ ਰੂਸੀ-ਰੂਪਵਾਦ ਅਤੇ ਸੰਰਚਨਾਵਾਦ ਵਾਲੀ ਸੋਝੀ ਹੀ ਆਖੀ ਜਾ ਸਕਦੀ ਹੈ। ਅਬਦਲ ਸੰਰਚਨਾ, ਸਥਿਰਤਾ ਅਤੇ ਪ੍ਰਕਾਰਜ, ਰੂਪਾਂਤਰਣ ਇਸ ਅਧਿਐਨ ਵਿਧੀ ਦੀ ਦੇਣ ਹਨ। ਮੌਲਿਕ ਵਰਗਾ ਕੁਝ ਵੀ ਨਾ ਹੋਣਾ, ਪਹਿਲੇ ਲਿਖੇ ਨੂੰ ਹੀ ਲੇਖਕ ਦਾ ਲਿਖਣਾ ਹੋ ਨਿਬੜਦਾ ਹੈ। ਪਰ ਕੀ ਅਵਚੇਤਨ ਕਾਮ-ਪ੍ਰਵਿਰਤੀ ਤੱਕ ਹੀ ਸੀਮਤ ਹੈ ਜਿਵੇਂ ਫਰਾਇਡੀਅਨ ਮਨੋਵਿਗਿਆਨ ਮੰਨਦਾ ਹੈ। ਪ੍ਰੇਮ ਪ੍ਰਕਾਸ਼ ਦੀ ਕਹਾਣੀ ਸਿਰਜਣਾ ਦੀ ਇਹ ਸੀਮਾ ਹੈ। ਇਹ ਸੀਮਾ ਇਕ ਵੱਡੀ 'ਵਰਜਨਾ' ਹੈ, ਜਿਹੜਾ ਵੀ ਕਹਾਣੀਕਾਰ ਇਸ 'ਵਰਜਨਾ' ਨੂੰ ਪਾਰ ਕਰਦਾ ਹੈ, ਉਹ ਉਸ ਲਈ ਚੌਥੀ ਕੂੰਟ ਵਲ ਵਧ ਰਿਹਾ ਹੁੰਦਾ ਹੈ। ਪ੍ਰੇਮ ਪ੍ਰਕਾਸ਼ ਅਨੁਸਾਰ ਚੌਥੀ ਕੂੰਟ ਹਰ ਪੀੜ੍ਹੀ ਵਿਚ ਮੌਜੂਦ ਰਹੀ ਹੈ। ਪ੍ਰੇਮ ਪ੍ਰਕਾਸ਼ ਮੁਤਾਬਕ ਜਿਹੜੇ ਨਵੇਂ ਮੁੰਡਿਆਂ ਨੇ ਬਜ਼ੁਰਗਾਂ ਦੀਆਂ ਵਰਜਨਾਵਾਂ ਤੋੜੀਆਂ:

"ਉਹਨਾਂ ਵਿਚ ਜਿੰਦਰ, ਦੇਸਰਾਜ ਕਾਲੀ, ਭਗਵੰਤ ਰਸੂਲਪੁਰੀ, ਜਗਰੂਪ ਦਾਤੇਵਾਸ, ਅਜਮੇਰ ਸਿੱਧੂ ਆਦਿ ਸ਼ਾਮਲ ਸਨ। ਏਸ ਪੁਸਤਕ ਦੇ ਮੁਖਬੰਦ ਬਾਰੇ ਬਹਿਸ ਗਲਤ ਰਾਹੇ ਪੈ ਕੇ 'ਚੌਥੀ ਪੀੜ੍ਹੀ' ਦੇ ਕਹਾਣੀਕਾਰਾਂ ਵਜੋਂ ਹੋਣ ਲੱਗ ਪਈ ਸੀ। ਜਦਕਿ ਮੇਰਾ ਮਤਲਬ ਨਵੇਂ ਰਾਹ ਤੇ ਚੱਲਣ ਵਾਲੇ ਕਹਾਣੀਕਾਰ ਸੀ। ਜੀਹਦੇ ਵਿਚ ਉਪਰਲੇ ਕਹਾਣੀਕਾਰਾਂ ਤੋਂ ਇਲਾਵਾ ਸੁਖਜੀਤ, ਬਲਵਿੰਦਰ ਗਰੇਵਾਲ, ਤਲਵਿੰਦਰ, ਤਰਲੋਚਨ ਸਿੰਘ ਭਾਟੀਆ, ਬਲਜਿੰਦਰ ਨਸਰਾਲੀ, ਜਸਵਿੰਦਰ ਸਿੰਘ, ਬਲਦੇਵ ਸਿੰਘ ਧਾਲੀਵਾਲ, ਗੁਰਮੀਤ ਕੜਿਆਲਵੀ, ਜਸਵੀਰ ਸਿੰਘ ਰਾਣਾ, ਨਿਰਮਲ ਜਸਵਾਲ, ਜਤਿੰਦਰ ਸਿੰਘ ਹਾਂਸ, ਕੇਸਰਾ ਰਾਮ ਵਗੈਰਾ ਵੀ ਸ਼ਾਮਲ ਹੋ ਗਏ।...ਵਿਦੇਸ਼ਾਂ ਵਿਚ ਹਰਜੀਤ ਅਟਵਾਲ, ਵੀਨਾ ਵਰਮਾ, ਪ੍ਰਵੇਜ਼ ਸੰਧੂ, ਜਰਨੈਲ ਸਿੰਘ, ਅਮਨਪਾਲ ਸਾਰਾ ਆਦਿ ਉਘੜਵੇਂ ਰੂਪ 'ਚ ਨਿੱਤਰੇ।"

(ਜੁਗਲਬੰਦੀਆਂ-ਪੰਨਾ 16)

ਆਲੋਚਨਾਤਮਿਕ ਅਤੇ ਸਿਰਜਣਾਤਮਕ ਅਧਿਐਨਾਂ ਵਿਚੋਂ ਸਪੱਸ਼ਟ ਹੈ ਕਿ ਜਿੱਥੇ ਪਹਿਲਾਂ ਵਾਲਿਆਂ ਲਈ ਚੌਥੀ ਪੀੜ੍ਹੀ ਨਾਲੋਂ ਚੌਥਾ ਪੜਾਅ ਫੋਕਸ ਬਣਦਾ ਹੈ, ਕਿਉਂਕਿ ਇਸ ਪੜਾਅ ਵਿਚ ਲਿਖਣ ਵਾਲੇ ਕਾਲ-ਕ੍ਰਮ ਅਨੁਸਾਰ ਤੀਜੀ ਪੀੜ੍ਹੀ ਤੋਂ ਬਾਅਦ ਚੌਥੀ ਪੀੜ੍ਹੀ ਹੋਣ ਨਾਲੋਂ ਇਸ ਦੌਰ ਦੀ



ਯੁੱਗ ਸੰਵੇਦਨਾ, ਸੰਦਰਭਾਂ/ਪ੍ਰਸੰਗਾਂ ਦੀ ਨਿਆਰੀ 'ਜਟਿਲ ਸੰਵਾਦੀ ਕਹਾਣੀ' ਅਤੇ 'ਉਤਰ-ਯਥਾਰਥਕ' ਦ੍ਰਿਸ਼ਟੀ ਕਰਕੇ ਅਵਚੇਤਨੀ ਪ੍ਰਸੰਗਾਂ ਨੂੰ ਸੰਵਾਦ ਵਿਚ ਢਾਲਦੇ ਹੋਣ ਕਰਕੇ, ਚੌਥੀ ਪੀੜ੍ਹੀ ਬਣਦੇ ਹਨ ਉਥੇ ਪ੍ਰੇਮ ਪ੍ਰਕਾਸ਼ ਲਈ ਅਜਿਹਾ ਨਹੀਂ ਕਿਉਂਕਿ ਚੌਥੀ ਪੀੜ੍ਹੀ ਤਾਂ ਉਹ ਚੌਥੀ ਕੂੰਟ ਹੈ ਜੋ ਹਰ ਤਰ੍ਹਾਂ ਦੀਆਂ ਵਰਜਨਾਵਾਂ ਤੋਂ ਪਾਰ ਹੋ ਕੇ ਵਿਸ਼ੇਸ਼ ਕਰਕੇ 'ਕਾਮ-ਪ੍ਰਵਿਰਤੀ' ਦੀਆਂ ਵਰਜਨਾਵਾਂ ਨੂੰ ਬਿਰਤਾਂਤਕ-ਸੰਚਾਰ ਵਿਚ ਢਾਲਣ ਕਰਕੇ ਸਮੇਂ ਦੇ ਬਦਲਦੇ ਯਥਾਰਥਾਂ ਦੇ ਬਾਵਜੂਦ ਸਦੀਵੀ ਅਬਦਲ ਕਾਮ-ਪ੍ਰਵਿਰਤੀ ਦੀ ਸੰਰਚਨਾਕਾਰੀ ਦਾ ਹੀ ਬਿਰਤਾਂਤ, ਰਚਣ ਵਾਲੀ ਪੀੜ੍ਹੀ ਹੈ। ਵਰਜਨਾਵਾਂ ਬਾਰੇ ਖੁੱਲ੍ਹ ਕੇ ਲਿਖਣ ਵਾਲੇ ਵਾਲੇ ਚੌਥੀ ਕੂੰਟ/ਪੀੜ੍ਹੀ ਵਿਚੋਂ ਉਸ ਨੂੰ ਸੁਖਜੀਤ , ਬਲਵਿੰਦਰ ਗਰੇਵਾਲ, ਪ੍ਰਵੇਜ਼ ਸੰਧੂ, ਨਿਰਮਲ ਜਸਵਾਲ, ਵੀਨਾ ਵਰਮਾ ਆਦਿ ਪ੍ਰਭਾਵਿਤ ਕਰਦੇ ਹਨ। ਇਸ ਪ੍ਰਭਾਵ ਦੇ ਬਦਲ ਰੂਪ ਵਿਚ ਉਹ ਇਹਨਾਂ ਨੂੰ ਉਤਸ਼ਾਹਿਤ ਵੀ ਕਰਦਾ ਹੈ, ਪ੍ਰਕਾਸ਼ਿਤ ਵੀ ਕਰਦਾ ਹੈ, ਨਾਲ ਹੀ ਕਿਤੇ-ਕਿਤੇ ਇਹ ਵੀ ਆਖ ਦਿੰਦਾ ਹੈ ਕਿ ਇਸ ਸਮੇਂ, "ਕਈ ਨਵੇਂ ਲੇਖਕ ਰੀਸੋ ਰੀਸ ਔਰਤ ਤੇ ਮਰਦ ਦੇ ਰਿਸ਼ਤੇ ਬਾਰੇ ਕਹਾਣੀਆਂ ਲਿਖਣ ਲੱਗ ਪਏ ਸੀ" (ਜੁਗਲਬੰਦੀਆਂ, ਪੰਨਾ 16) ਨਿਰਸੰਦੇਹ ਇਹਨਾਂ ਕਹਾਣੀਕਾਰਾਂ ਨੂੰ ਪਛਾਣਨ ਤੇ ਉਤਸ਼ਾਹਿਤ ਕਰਨ ਵਿਚ ਪ੍ਰੇਮ ਪ੍ਰਕਾਸ਼ ਦਾ ਵੱਡਾ ਯੋਗਦਾਨ ਹੈ।

ਨਿਰਸੰਦੇਹ ਅਵਚੇਤਨੀ ਕਾਮੁਕ-ਪ੍ਰਵਿਰਤੀ ਦੀ ਅਹਿਮੀਅਤ ਅਤੇ ਗਹਿਰੇ ਪ੍ਰਭਾਵਾਂ ਵਾਲੀ ਪਕੜ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਪਰ ਜ਼ਿੰਦਗੀ ਦਾ ਅੰਤਿਮ ਸੱਚ ਅਤੇ ਇਕੋ ਇਕ ਸਿਰਾ ਵੀ ਨਹੀਂ ਆਖਿਆ ਜਾ ਸਕਦਾ। ਜਦੋਂ ਤੱਕ ਧਰਤੀ ਉਤੇ ਬੰਦਾ-ਔਰਤ ਹਨ, ਅਮੀਰੀ-ਗਰੀਬੀ, ਨਾਇਨਸਾਫ਼ੀ-ਨਾਬਰਾਬਰੀ, ਜੰਗਾਂ-ਯੁਧਾਂ-ਅਮਨ, ਵਿਗਿਆਨ-ਟੈਕਨੋਲੌਜੀ ਦੀਆਂ ਉਸਾਰੂ ਅਤੇ ਨਿਘਾਰਮਈ ਕਾਰਜਗੁਜ਼ਾਰੀਆਂ ਰਹਿਣਗੀਆਂ, ਉਦੋਂ ਤੱਕ ਮਨੁੱਖੀ ਹੋਂਦ, ਪਛਾਣ, ਮਨੁੱਖਤਾ, ਵਿਸ਼ਵਾਸ, ਜ਼ਿੰਦਗੀ ਅਤੇ ਮੌਤ ਦੇ ਆਰਥਿਕ, ਸਮਾਜੀ, ਰਾਜਸੀ ਅਤੇ ਮਨੋਵਿਗਿਆਨਕ ਥੀਮਜ਼ ਦੀ ਵੀ ਸਦੀਵਤਾ ਹੈ, ਕਿਉਂਕਿ ਬੰਦਾ-ਔਰਤ ਇਹਨਾਂ ਵਿਚ ਹੀ ਰਹਿੰਦਾ ਹੈ, ਬਾਹਰ ਨਹੀਂ। ਜ਼ਿੰਦਗੀ ਅਤੇ ਮੌਤ ਦੀ ਗਤੀਸ਼ੀਲਤਾ ਧਰਤੀ ਅਤੇ ਲੋਕਾਂ ਨਾਲ ਹੈ। ਦੂਜਿਆਂ ਕਰਕੇ ਹੈ। ਆਪਣੇ-ਆਪ ਵਿਚ ਨਹੀਂ ਹੈ। ਮਹਾਂਭਾਰਤ ਦਾ ਯੁੱਗ ਹੀ ਬਦਲਦਾ ਹੈ ਪਰ ਹਰ ਯੁੱਗ ਦਾ ਆਪਣਾ ਇਕ ਮਹਾਂਭਾਰਤ ਅਤੇ ਯੁੱਧਨੀਤੀ ਹੈ। ਮਿਥਿਹਾਸ ਦੇ ਯੁੱਗਾ ਦਾ ਮਹਾਂਭਾਰਤ, ਇਤਿਹਾਸਕ ਯੁੱਗਾਂ ਦਾ ਰਜਵਾੜਾਸ਼ਾਹੀ ਮਹਾਂਭਾਰਤ, ਪੂੰਜੀਵਾਦੀ ਯੁੱਗ ਅਤੇ ਨਵ-ਪੂੰਜੀਵਾਦੀ ਸਾਮਰਾਜ ਦੇ ਮਹਾਂਭਾਰਤਾਂ ਵਿਚ ਜ਼ਿੰਦਗੀ, ਮੌਤ, ਬੰਦੇ ਅਤੇ ਔਰਤ ਦੀ ਲੜਾਈ ਦੇ ਕਥਾ-ਸੰਦਰਭ ਅਤੇ ਰਣਨੀਤੀਆਂ ਨਿਰੰਤਰ ਬਦਲ ਰਹੀਆਂ ਹਨ। ਬਦਲਦੇ ਯਥਾਰਥਕ ਸੱਚ ਦੇ ਬਾਵਜੂਦ ਜ਼ਿੰਦਗੀ ਜਿਉਣ-ਮਰਨ ਦੀਆਂ ਸਥਾਈ ਗੋਟੀਆਂ ਦੀ ਸੰਰਚਨਾ ਤਾਂ ਹੈ ਪਰ ਇਹ ਪ੍ਰਕਾਰਜ ਕਿਵੇਂ ਹੁੰਦੇ ਹਨ, ਇਹਨਾਂ ਬਾਰੇ ਮਿਥਿਹਾਸ, ਇਤਿਹਾਸ, ਗਿਆਨ, ਅਨੁਭਵ, ਲੋਕਧਾਰਾ ਕਿਵੇਂ ਕਾਰਜਸ਼ੀਲ ਹਨ, ਉਸ ਕਾਰਜਸ਼ੀਲਤਾ ਵਿਚ ਕੇਵਲ ਤੇ ਕੇਵਲ ਕਾਮ-ਪ੍ਰਵਿਰਤੀ ਹੀ ਨਹੀਂ, ਧਰਮ, ਅਰਥ, ਇਤਿਹਾਸ, ਰਾਜਨੀਤੀ, ਵਿਚਾਰਧਾਰਾ ਅਤੇ ਪਛਾਣ ਵੀ ਉਨੀ ਹੀ ਮੁੱਲਵਾਨ ਹੈ। ਮੁੱਲ ਦੀਆਂ ਕਸਵੱਟੀਆਂ ਬਦਲਦੀਆਂ ਹਨ ਕਿਉਂਕਿ ਜੀਵਨ ਗਤੀਸ਼ੀਲ ਹੈ, ਗਿਆਨ-ਅਨੁਭਵ ਦੀ ਸੀਮਾ ਹੈ ਜੋ ਨਵਿਆਉਣ ਦੇ ਰਾਹੇ ਪਿਆ ਰਹਿੰਦਾ ਹੈ। ਇਕ ਪੜਾਅ ਦਾ ਇਹ ਗਿਆਨ-ਅਨੁਭਵ ਚਿੰਤਨ-ਕਰਮ, ਸਮਾਂ ਪਾ ਕੇ ਆਉਣ ਵਾਲਿਆਂ ਲਈ ਇਤਿਹਾਸ, ਮਿਥਿਹਾਸ ਦੇ ਰੂਪ ਵਿਚ ਰੂਪਾਂਤਰਿਤ ਹੋ ਕੇ 'ਮਾਨਸ-ਵਿਗਿਆਨ' ਅਤੇ 'ਅਵਚੇਤਨੀ ਖਜ਼ਾਨਾ' ਬਣ ਜਾਂਦਾ ਹੈ। ਜ਼ਿੰਦਗੀ-ਮੌਤ ਦੇ ਕਲਾਸਿਜ਼ਮ, ਰੋਮਾਂਸਿਜ਼ਮ ਨਾਲੋਂ ਉਸਦੇ ਧਰਤੀ ਸਾਪੇਖ ਗਿਆਨ-ਚਿੰਤਨ ਦੇ ਯਥਾਰਥ ਵਿਚ ਇਹ ਵੇਖਿਆ ਜਾਂਦਾ ਹੈ ਕਿ ਇਹ ਜ਼ਿੰਦਗੀ-ਮੌਤ ਦਾ ਦਰਿਆ ਕਿਹੜੀ ਧਰਤੀ, ਕਿਹੜੇ ਲੋਕਾਂ, ਕਿਹੜੇ ਧਾਰਮਿਕ-ਪੰਡਤਾਂ, ਹਕੂਮਤਾਂ, ਰੇਸ਼ੀਅਲ, ਸਭਿਆਚਾਰਕ ਉਚਤਾ ਦੇ ਨਾਂ ਉਤੇ ਕਦੋਂ, ਕਿੱਥੇ, ਕਿਸ ਨੂੰ ਮੁਖਾਤਬ ਹੋ ਰਿਹਾ ਹੈ ਅਤੇ ਵਹਿੰਦਾ ਹੋਇਆ ਕਿਹੜੇ ਵਹਿਣ ਬਦਲਦਾ ਹੈ। ਜਿਵੇਂ ਦਰਿਆ ਵਹਿਣ ਬਦਲਦਾ ਰਹਿੰਦਾ ਹੈ, ਉਵੇਂ ਹੀ ਜ਼ਿੰਦਗੀ ਦਾ ਦਰਿਆ ਵੀ ਸਥਿਰ ਨਹੀਂ, ਗਤੀਸ਼ੀਲ ਅਤੇ ਬਦਲਦਾ ਪ੍ਰਵਾਹ ਹੈ। ਪ੍ਰੇਮ ਪ੍ਰਕਾਸ਼ ਨੂੰ ਇਹ ਗੱਲ ਧਿਆਨ 'ਚ ਰੱਖਣੀ ਪਵੇਗੀ।

ਕਲਾਸਿਜ਼ਮ ਦੇ ਦੌਰ ਖਤਮ ਹੋ ਚੁੱਕੇ ਹਨ। ਉਨ੍ਹਾਂ ਦੀ ਤਲਾਸ਼ ਬੇਅਰਥ ਹੈ।

**ਕਹਾਣੀਕਾਰ ਤੇ ਕਹਾਣੀਆਂ**

ਚੌਥੀ ਪੀੜ੍ਹੀ ਦੇ ਕਹਾਣੀਕਾਰ, ਕੇਵਲ ਕਾਮੁਕ-ਵਰਜਨਾ ਨੂੰ ਤੋੜਨ-ਬਿਰਤਾਂਰਤਣ ਵਾਲੀ ਪ੍ਰੇਮ ਪ੍ਰਕਾਸ਼ ਦੀ ਕਸੌਟੀ ਕਰਕੇ ਨਹੀਂ, ਅਜਿਹਾ ਕਰਨ ਕਰਕੇ ਤਾਂ 'ਕੂੰਟ' ਹੀ ਆਖੇ ਜਾ ਸਕਦੇ ਹਨ। ਜੇਕਰ ਉਹ ਚੌਥੀ ਪੀੜ੍ਹੀ ਬਣਦੇ ਹਨ ਤਾਂ ਜ਼ਿੰਦਗੀ-ਮੌਤ ਬਾਰੇ ਕਾਮ-ਪ੍ਰਵਿਰਤੀ ਤੋਂ ਬਿਨਾਂ ਹੋਰ ਕਥਾ-ਸੰਦਰਭਾਂ ਅਤੇ ਸਮਕਾਲੀ ਯੁੱਗ-ਪੀੜ ਦਾ ਉਪਰੋਕਤ ਮੋਹ ਸੰਵਾਦ ਸਿਰਜਣ ਕਰਕੇ ਹਨ। ਇਨ੍ਹਾਂ ਲਈ 'ਵਰਜਨਾਵਾਂ' ਦਾ ਵਿਰੋਧ ਉਵੇਂ ਨਹੀਂ, ਜਿਵੇਂ ਪ੍ਰੇਮ ਪ੍ਰਕਾਸ਼ ਲਈ ਹੈ। ਪ੍ਰੇਮ ਪ੍ਰਕਾਸ਼ ਜਦੋਂ ਵਰਜਨਾਵਾਂ ਦੀ ਮਾਨਸਿਕਤਾ ਨੂੰ ਸਾਂਸਕ੍ਰਿਤਿਕ-ਇਤਿਹਾਸਕ ਤਨਾਉ ਵਿਚ ਰੱਖ ਕੇ ਪੇਸ਼ ਕਰਦਾ ਹੈ। ਪ੍ਰੇਮ ਪ੍ਰਕਾਸ਼ ਜਦੋਂ ਪ੍ਰਗਤੀਵਾਦੀਆਂ ਦੇ ਸਮਾਂਤਰ ਕਾਮ-ਪ੍ਰਵਿਰਤੀ ਅਤੇ ਔਰਤ-ਮਰਦ ਸਬੰਧਾਂ ਦੇ ਰੱਹਸਾਂ ਦੀਆਂ ਗੰਢਾਂ ਨੂੰ ਬਿਰਤਾਂਤ ਰਿਹਾ ਸੀ, ਉਸ ਸਮੇਂ ਪੰਜਾਬੀ ਲੋਕਾਂ ਦੀਆਂ ਕੀ ਸਮੱਸਿਆਵਾਂ, ਲੋੜਾਂ, ਸੱਧਰਾਂ ਸਨ, ਪੰਜਾਬੀਆਂ ਦੀ ਭਾਰਤ ਅਤੇ ਵਿਸ਼ਵ ਪੱਧਰ ਤੇ ਕੀ ਹਾਲਤ ਅਤੇ ਲੋੜਾਂ ਸਨ, ਇਹ ਇਸ ਕਥਾ ਵਿਚੋਂ ਗੈਰਹਾਜ਼ਰ ਹੋ ਜਾਂਦਾ ਹੈ। ਸਿਰਜਣਾ-ਸਮੀਖਿਆ ਵਿਚ ਬੁੱਧੀਜੀਵੀ-ਕਲਾਕਾਰ ਦਾ ਮੰਤਵ ਕਲਾਤਮਕ ਰਹੱਸ ਦੀ ਕਲਾਕਾਰੀ ਹੀ ਸੁਹਜ ਹੈ ਜਾਂ ਕੁਝ ਹੋਰ ਵੀ ? ਜੋਗਿੰਦਰ ਸਿੰਘ ਰਾਹੀ ਪ੍ਰੇਮ ਪ੍ਰਕਾਸ਼ ਦੀ ਕਹਾਣੀਯੋਗਤਾ ਅਤੇ ਕਲਾਕਾਰੀ ਦੇ 'ਅਰਧਨਾਰੀਸ੍ਵਰੀਅਤ' ਪੱਖਾਂ ਨੂੰ ਉਭਾਰ ਕੇ 'ਸੰਗਚਾਰਿਤਾ' ਦੇ ਹਵਾਲੇ ਰਾਹੀਂ ਆਖਦਾ ਹੈ :

"ਉਸਦੀ ਮੂਲ ਪ੍ਰਵਿਰਤੀ ਦੀ ਪਰਿਭਾਸ਼ਾ ਵਿਚੋਂ ਕਾਮ ਤੋਂ ਸਿਵਾ ਕਿਸੇ ਹੋਰ ਪ੍ਰਵਿਰਤੀ ਦਾ ਬਿੰਬ ਨਹੀਂ ਉਘੜਦਾ।" ਮਨੋਵਿਗਿਆਨੀਆਂ ਅਨੁਸਾਰ ਜ਼ਿੰਦਗੀ ਦੀਆਂ ਮੂਲ ਪ੍ਰਵਿਰਤੀਆਂ ਦੀ ਗਿਣਤੀ ਵਿਭਿੰਨ ਦੱਸੀ ਗਈ ਹੈ।...ਇਸ ਵਿਚ ਇਕ ਅਤੀ ਮਹੱਤਵਪੂਰਣ ਪ੍ਰਵਿਰਤੀ ਸੰਗਚਾਰਿਤਾ (gregariousness) ਦੀ ਮੰਨੀ ਜਾਂਦੀ ਹੈ।......ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਇਸ ਸੰਗਚਾਰਿਤਾ ਦੀ ਕਿਸੇ ਵੀ ਪ੍ਰਕਾਰ ਦੀ ਸਮੂਹਿਕ ਜਾਂ ਸ਼੍ਰੈਣਿਕ ਪ੍ਰਵਿਰਤੀ ਦੀ ਕੋਈ ਝਲਕ ਨਹੀਂ ਮਿਲਦੀ।".... (ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਪਾਲ ਪੰਨਾ 242-3)

ਡਾ. ਰਾਹੀ ਲਈ ਸਾਹਿਤ ਨੂੰ ਯਾਦਯੋਗ ਅਤੇ ਅਮਿੱਟ ਬਨਾਉਣ ਵਿਚ ਕਾਮ ਪ੍ਰਵਿਰਤੀ ਦਾ ਸੰਗਚਾਰਿਤਾ ਭਾਵ ਧਿਰਾਂ ਬਣਨ ਵਿਚ ਹੀ ਹੈ, ਨਹੀਂ ਤਾਂ ਇਹ ਪ੍ਰਵਿਰਤੀ ਉਸ ਤਰ੍ਹਾਂ ਦਾ 'ਮਾਣਸ ਵਿਗਿਆਨ' ਨਹੀਂ ਬਣਦੀ ਜਿਵੇਂ ਦਾ ਮਾਨਸਿਕ, ਸਾਂਸਕ੍ਰਿਤਿਕ ਅਤੇ ਇਤਿਹਾਸਕ ਤਨਾਉ ਵਿਚ ਫੈਲ ਕੇ ਬਣਦੀ ਹੈ। ਉਹ ਸਾਹਿਤ ਦੀ ਸਦੀਵਤਾ ਲਈ ਕਲਾਸਿਜ਼ਮ, ਰੁਮਾਂਟਿਸਿਜਮ ਅਤੇ ਪ੍ਰੇਮ ਪ੍ਰਕਾਸ਼ ਦੀਆਂ ਧਾਰਨਾਵਾਂ ਨਾਲੋਂ ਵੱਖਰੀ ਤਰ੍ਹਾਂ ਵੇਖਦਿਆਂ ਲਿਖਦਾ ਹੈ :

"ਸਾਹਿਤ ਨਾ ਤੇ ਕੇਵਲ ਪ੍ਰੇਮ ਪ੍ਰਕਾਸ਼ ਦੀ ਕਥਿਤ ਉਦਾਤ-ਭਾਵਨਾ ਕਰਕੇ ਜ਼ਿੰਦਾ ਰਹਿੰਦਾ ਹੈ ਤੇ ਨਾ ਹੀ ਉਸ ਰੋਗੀ ਮਾਨਸਿਕਤਾ ਨਾਲ ਉਲਝੇ ਰਹਿਣ ਕਰਕੇ ਜਿਸ ਵਿਚ ਉਹ ਖੁਦ ਆਪਣੀਆਂ ਕਹਾਣੀਆਂ ਵਿਚ ਗ੍ਰਸਿਆ ਰਹਿੰਦਾ ਹੈ। ਸਾਹਿਤ ਉਦਾਤ ਭਾਵੀ ਹੋਵੇ ਜਾਂ ਉਦਾਤ ਤੋਂ ਬੇਮੁਖ, ਉਹ ਬੀਤੇ ਸਮਿਆਂ ਵਿਚ ਸਮਾਜ ਅਤੇ ਸੰਸਕ੍ਰਿਤੀ ਦੇ ਮਾਣਸ-ਵਿਗਿਆਨ ਉਤੇ ਝਰੋਖਾ ਹੋਣ ਕਾਰਨ ਵੀ ਜ਼ਿੰਦਾ ਰਹਿੰਦਾ ਹੈ।" (ਉਹੀ ਪੰਨਾ - 246)

ਸ਼ਾਇਦ ਇਸ ਕਾਰਨ ਹੀ 'ਕੋਈ ਇਕ ਸਵਾਰ', 'ਮੈਨੂੰ ਜਾਣਨੈ' ਯਾਦਯੋਗ ਕਹਾਣੀਆਂ ਹਨ। ਸਾਹਿਤ ਅਕਾਡਮੀ ਪੁਰਸਕਾਰ ਪ੍ਰਾਪਤ ਕਹਾਣੀ-ਸੰਗ੍ਰਹਿ 'ਮੂਨ ਦੀ ਅੱਖ' ਦੀ ਕਹਾਣੀ-'ਮੂਨ ਦੀ ਅੱਖ' ਇਸ 'ਸੰਗਚਾਰਿਤਾ' ਦੀ ਔਖੇ ਵੇਲੇ ਧਿਰ ਬਣਦੀ ਵਿਚਲੀ ਅਣਹੋਂਦ ਭੋਗਦੀ ਔਰਤ ਦੀ ਮੌਤ ਦੀ ਕਹਾਣੀ ਹੈ।

ਨਵੇਂ ਪੋਚ, ਚੌਥੀ ਪੀੜ੍ਹੀ ਦੀ ਕਹਾਣੀ ਅਤੇ ਕਹਾਣੀਕਾਰਾਂ ਦੀ ਪਛਾਣ ਅਜਿਹੀ ਸੰਗਚਾਰਿਤਾ ਦੀ ਰੁਚੀ ਅਤੇ ਆਪਣੇ ਬਦਲਦੇ ਯਥਾਰਥ ਦੇ ਅਵਚੇਤਨ ਦੀਆਂ ਪ੍ਰਤੀਧੁਨੀਆਂ ਸਿਰਜਣ ਕਰਕੇ ਵਧੇਰੀ ਹੋਈ ਹੈ। ਇਸ ਪ੍ਰਸੰਗ ਵਿਚ ਜਿੰਦਰ ਦੀ ਬਿਰਤਾਂਤਕਾਰੀ ਵੇਖੀ ਜਾ ਸਕਦੀ ਹੈ। ਡਾ.



ਜਸਵਿੰਦਰ ਸਿੰਘ ਅਤੇ ਪ੍ਰੇਮ ਪ੍ਰਕਾਸ਼ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੀ ਲਿਸਟ ਵਿਚ ਜਿੰਦਰ ਦਾ ਨਾਮ ਸਭ ਤੋਂ ਪਹਿਲਾਂ ਦਰਜ ਕਰਦੇ ਹਨ ਜਦੋਂ ਕਿ ਬਲਦੇਵ ਧਾਲੀਵਾਲ ਚੌਥੇ ਪੜਾਅ ਦੇ ਕਹਾਣੀਕਾਰਾਂ ਦੇ ਨਾਵਾਂ ਦੀ ਲਿਸਟ ਦਰਜ ਕਰਨ ਵੇਲੇ ਜਨਮਮਿਤੀਆਂ ਅਤੇ ਸਾਲਾਂ ਨੂੰ ਪਹਿਲ ਦੇ ਕੇ ਉਸ ਪਿੱਛੋਂ ਦਰਜ ਕਰਦਾ ਹੈ ਅਤੇ ਐਂਟਰੀ ਵਿਚ ਲਿਖਦਾ ਹੈ ਕਿ ਉਸ ਦੀ ਕਹਾਣੀ 'ਕਤਲ' ਬਹੁਤ ਪ੍ਰਸਿੱਧ ਹੋਈ ਹੈ।

(ਪੰਜਾਬੀ ਸਾਹਿਤ ਦਾ ਇਤਿਹਾਸ : ਪੰਨਾ 291)

'ਤੁਸੀਂ ਨਹੀਂ ਸਮਝ ਸਕਦੇ' ਕਹਾਣੀ ਸੰਗ੍ਰਹਿ ਦੀ ਭੂਮਿਕਾ ਵਿਚ ਪ੍ਰੇਮ ਪ੍ਰਕਾਸ਼ ਨੂੰ 'ਜਿੰਦਰ ਇਕ ਵੱਖਰਾ ਖਲੋਤਾ ਕਹਾਣੀਕਾਰ' ਨਜ਼ਰ ਆਉਂਦਾ ਹੈ। ਕਾਰਨ 'ਤੁਸੀਂ ਨਹੀਂ ਸਮਝਦੇ ਸਕਦੇ' ਨੂੰ ਦੋ ਤਿੰਨ ਵਾਰ ਪੜ੍ਹਿਆ। ਹਰ ਵਾਰ ਮੈਨੂੰ ਇਹਦੇ ਵੱਖਰੇ ਪਹਿਲੂ ਲੱਭੇ। ਉਹਦੀ ਹਰੇਕ ਨਵੀਂ ਕਹਾਣੀ ਬਾਰੇ ਮੇਰੀ ਗੱਲ ਬਦਲਦੀ ਰਹੀ।...ਇਕ ਦਿਨ ਸੁਰਜੀਤ ਸਿੰਘ ਹਾਂਸ ਨੇ ਆਉਂਦਿਆਂ ਹੀ ਪੁੱਛਿਆ, "ਇਹ ਜਿੰਦਰ ਕੌਣ ਐ, ਜੀਹਦੀ ਕਹਾਣੀ 'ਕਤਲ' ਛਪੀ ਐ ?" ਮੈਂ ਦੱਸਿਆ ਕਿ ਉਹ ਉਹੀ ਏ, ਜਿਹੜਾ ਏਨੀ ਵਾਰ ਤੈਨੂੰ ਮਿਲ ਚੁੱਕਾ ਏ। ਫੇਰ ਜਿੰਦਰ ਦੀਆਂ ਮੈਂ ਕਈ ਕਹਾਣੀਆਂ 'ਕਾਲੀ ਧੁੱਪ', 'ਬੱਸ, ਹੁਣ ਤੂੰ ਸੌਂ ਜਾਈਂ', 'ਮਾਂ ਨੇ ਨਹੀਂ ਰੋਕਿਆ', 'ਬਹੁਤ ਦੂਰ ਬਹੁਤ ਨੇੜੇ', ਪੜ੍ਹੀਆਂ ਤਾਂ ਮੈਨੂੰ ਵੱਖਰਾ ਕਹਾਣੀਕਾਰ ਬਣ ਕੇ ਇਕ ਪਾਸੇ ਖਲੋਤਾ ਨਜ਼ਰ ਆ ਆਇਆ।" (ਤੁਸੀਂ ਨਹੀਂ ਸਮਝ ਸਕਦੇ : ਪੰਨਾ 7)

'ਕਤਲ' ਬਾਪੂ, ਬੀਬੀ ਅਤੇ ਪੁੱਤ ਦੀ ਕਹਾਣੀ ਹੈ। ਬਾਪੂ ਮਰਨ ਕਿਨਾਰੇ ਮੰਜੀ ਤੇ ਪਿਆ ਹੈ, ਬੀਬੀ ਪਤਨੀ ਫਰਜ਼ਾਂ-ਕਾਜਾਂ ਵਿਚ ਪੂਰੀ ਸੇਵਾ ਕਰ ਰਹੀ ਹੈ। ਇਕ ਰਾਤ ਪੁੱਤ ਵੀ ਮਰਨ ਕਿਨਾਰੇ ਬਾਪੂ ਕੋਲ ਨਾ ਚਾਹੁੰਦਿਆਂ ਆਇਆ ਹੈ। ਪਿਉ-ਪੁੱਤ ਵਿਚ ਸ਼ੁਰੂ ਤੋਂ ਹੀ ਅਣਬਣ (ਇਕ ਦੂਜੇ ਨੂੰ ਟਿੱਚ ਸਮਝਣ ਦੀ ਰੁਚੀ ਹੈ। ਕਿਉਂਕਿ ਬਾਪੂ ਮਨਮਤਾ ਸੀ। ਬਣਦੀ ਬੀਬੀ ਅਤੇ ਬਾਪੂ ਦੀ ਵੀ ਨਹੀਂ ਪਰ ਬੀਬੀ ਪੂਰੀ ਸੇਵਾ-ਸੰਭਾਲ ਕਰਦੀ ਹੈ ਅਤੇ ਪੁੱਤ ਨੂੰ ਇਹ ਸਾਰਾ ਕੁਝ ਅਜੀਬ ਲੱਗਦਾ ਹੈ। ਅਜੀਬ ਉਸ ਰਾਤ ਹੀ ਨਹੀਂ ਬਲਕਿ ਜਦੋਂ ਤੋਂ ਸੁਰਤ ਸੰਭਾਲੀ ਹੈ। ਕਾਲਜ ਜਾਂਦਿਆਂ ਇਸ ਦੇ ਅਰਥ ਸਮਝ ਆਉਂਦੇ ਹਨ। ਇਸ ਸਮਝ ਦੌਰਾਨ ਹੀ ਕਹਾਣੀ ਇਸ ਅਣਬਣ, ਆਪਸੀ ਨਫ਼ਰਤ ਦੇ ਕਥਾ-ਵੇਰਵੇ ਅਤੇ ਮਾਨਸਿਕਤਾ ਨੂੰ ਉਸਾਰਦੀ ਹੈ। ਇਸ ਉਸਾਰੀ ਵਿਚ ਬੇਬੇ-ਬਾਪੂ ਦੀ ਆਪਸੀ ਨਫ਼ਰਤ ਦਾ ਵੱਡਾ ਕਾਰਨ 'ਬੰਤੀ ਝਿਉਰੀ' ਨਜ਼ਰ ਆਉਂਦੀ ਹੈ ਜਿਸ ਕਰਕੇ ਪਤੀ-ਪਤਨੀ ਦਾ ਆਪਸੀ ਰਿਸ਼ਤਾ ਸਰਦ ਹੀ ਨਹੀਂ ਬਲਕਿ ਲੁਕਵੀਂ ਨਫ਼ਰਤ ਵਾਲਾ ਵੀ ਹੈ। ਬਾਪੂ ਭਲਾ ਬੰਦਾ, ਕਾਮਾ ਬੰਦਾ, ਅਸੂਲੀ ਬੰਦਾ, ਮਨਮਤੀਆ ਬੰਦਾ, ਦਰਵੇਸ਼ ਬੰਦਾ ਹੈ। ਬੀਬੀ ਪੂਰੀ ਦਾਨੀ, ਸਿਆਣੀ, ਮਰਦੇ ਪਤੀ ਦੀ ਸੇਵਾ ਕਰਦੀ, ਬੱਚਿਆਂ ਨੂੰ ਪਾਲਦੀ ਅਤੇ ਫਰਜ਼ ਅਦਾ ਕਰਨ ਵਾਲੀ ਪੂਰੀ ਘਰੇਲੂ ਅਤੇ ਵਫ਼ਾਦਾਰ ਔਰਤ ਹੈ। ਬਾਪੂ ਆਪਣੇ ਆਪ ਨੂੰ ਠੀਕ ਮੰਨਦਾ ਹੈ ਅਤੇ ਬੀਬੀ ਆਪਣੇ-ਆਪ ਨੂੰ। ਦੋਹਾਂ ਵਿਚ ਬੰਤੀ ਝਿਉਰੀ ਇਕ ਫਾਸਲਾ, ਕੁੜੱਤਣ, ਘੁੰਡੀ ਬਣ ਕੇ ਪਸਰਦੀ ਹੈ, ਜਿਵੇਂ -

"ਦੱਸ ਤੈਨੂੰ ਕਿਹੜੀ ਚੀਜ਼ ਨ੍ਹੀਂ ਮਿਲਦੀ ?" ਬਾਪੂ ਚੀਕ ਪਿਆ।

"ਤੇਰੀਆਂ ਚੀਜ਼ਾਂ ਨੂੰ ਮੈਂ ਚੱਟਣਾ।"

"ਮੇਰੇ ਕੋਲੋਂ ਆਹ ਨ੍ਹੀਂ ਹੋਣਾ।"

"ਫੇਰ ਸੌਂ ਵੀ ਉਥੇ ਹੀ ਜਾਇਆ ਕਰ।"

ਫੇਰ ਬੀਬੀ ਬਾਪੂ ਦੀ ਬੈਠਕ 'ਚ ਕਦੇ ਨਹੀਂ ਵੜੀ।

ਫੇਰ ਬਾਪੂ ਲਈ ਘਰ ਦਾ ਅਰਥ ਸਿਰਫ਼ ਉਸਦੀ ਬੈਠਕ ਰਹਿ ਗਿਆ ਸੀ।

(ਤੁਸੀਂ ਨਹੀਂ ਸਮਝ ਸਕਦੇ : ਪੰਨਾ 12)

ਬੀਬੀ-ਬਾਪੂ ਦੀ ਅਣਬਣ ਤਾਂ 'ਤੀਜੀ ਧਿਰ' ਕਾਰਨ ਹੈ ਪਰ ਪਿਉ-ਪੁੱਤ ਵਿਚ ਅਣਬਣ ਕਿਉਂ ਹੈ ? ਬਾਰੇ ਵੀ ਬੜੇ ਵੇਰਵੇ ਹਨ ਪਰ ਵੱਡਾ ਮਾਨਸਿਕ ਵੇਰਵਾ ਇਹ ਹੈ ਕਿ ਅਜਿਹੇ ਟੁੱਟੇ ਰਿਸ਼ਤਿਆਂ, ਤਿੜਕੇ ਪਰਿਵਾਰਾਂ ਵਿਚ ਬੱਚੇ ਮਾਂ ਦੀ ਹੀ ਧਿਰ ਬਣਦੇ ਹਨ, ਬਾਪੂ ਨੂੰ ਇਹ ਧਿਰ (ਮਾਂ-ਪੁੱਤ) 'ਸੰਗਚਾਰਿਤਾ' ਹੀ ਦੁੱਖੀ ਕਰਦੀ ਹੈ। ਪਤਾ ਨਹੀਂ ਕਿਉਂ ਪੁੱਤ ਨੂੰ ਬਾਪੂ ਦੇ ਇਹ ਸ਼ਬਦ ਯਾਦ ਆਉਂਦੇ ਹਨ -

ਜਨਾਨੀਆਂ ਸਮਝਦੀਆਂ ਬਈ ਜਦੋਂ ਪੁੱਤ ਬਰੋਬਰ ਦੇ ਹੋ ਜਾਣ ਤਾਂ ਉਨ੍ਹਾਂ ਦੀ ਸਰਦਾਰੀ ਹੋਣੀ ਚਾਹੀਦੀ ਆ, ਕਿਉਂਜੁ ਉਹ ਇਹ ਸਮਝਦੀਆਂ ਬਈ ਪੁੱਤ ਜਦੋਂ ਕਦੀ ਬੋਲੂਗਾ ਆਪਣੀ ਮਾਂ ਦੇ ਪੱਖ ਵਿਚ ਬੋਲੂਗਾ। ਫੇਰ ਤਾਂ ਪੁੱਤ ਸ਼ਰੀਕ ਹੋ ਗਏ ਤੇ ਮੈਂ ਅਜਿਹੇ ਸ਼ਰੀਕਾਂ ਨੂੰ..ਤੇ ਵੀ ਨ੍ਹੀਂ ਮਾਰਦਾ।

(ਉਹੀ ਪੰਨਾ 15)

ਮਾਂ-ਬਾਪ ਅਤੇ ਪੁੱਤ ਅੰਦਰ ਪਸਰੀ ਇਸ ਨਫ਼ਰਤ ਅਤੇ ਕੁੜੱਤਣ ਦਾ ਸਿਖਰ ਹੈ ਜਦੋਂ ਬੇਵੱਸ ਮਰਨ ਕਿਨਾਰੇ ਪਏ ਪਿਉ ਨੂੰ ਗਲੇ, ਨੱਕ ਕੋਲੋਂ ਨੱਪਦੀ ਮਾਂ ਨੂੰ ਵੇਖ ਕੇ ਪੁੱਤ, ਕਮਰੇ ਦੇ ਬਾਹਰ ਹੀ ਰੁੱਕਿਆ ਰਹਿੰਦਾ ਹੈ। ਮਦਦ ਕਰਨਾ ਚਾਹੁੰਦਾ ਹੈ ਪਰ ਡਰਦਾ ਹੈ ਕਿ ਮਾਂ ਕਿਤੇ ਸਕੀਮ ਨਾ ਬਦਲ ਲਵੇ। ਪੁੱਤ ਦੀ ਮਾਂ ਨਾਲ ਹਮਦਰਦੀ ਅਤੇ ਧਿਰ ਹੈ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਬੀਬੀ ਸਿਰਫ਼ ਜਿਊਂ ਰਹੀ ਸੀ, ਜਿਊਣ ਲਈ। ਉਹ ਪੁਰਾਣੀ ਘੁੰਡੀ ਦਾ ਬਦਲਾ ਲੈਣਾ ਚਾਹੁੰਦੀ ਸੀ ਜੋ ਉਸ ਨੂੰ ਪੰਦਰਾਂ ਸਾਲ ਪਹਿਲਾਂ ਲੈਣਾ ਚਾਹੀਦਾ ਸੀ। ਮਾਂ-ਪੁੱਤ ਦੀ ਅਣਕਹੀ ਸਾਂਝੀ ਧਿਰ ਇਸ 'ਕਤਲ' ਦੇ ਰਾਜ਼ ਨੂੰ ਲੁਕਾ ਕੇ ਰੱਖਦੀ ਹੈ ਪਰ ਲੋਕਾਚਾਰੀ ਪੁੱਤ ਵੀ ਮਰਨ ਕੰਢੇ ਪਿਉ ਨੂੰ ਮਿਲਣ ਆਇਆ ਹੈ ਤੇ ਬੀਬੀ ਵੀ ਲੋਕਾਚਾਰੀ ਸੇਵਾ-ਸੰਭਾਲ ਹੀ ਕਰ ਰਹੀ ਹੈ ਅਤੇ ਇਸ ਨਫ਼ਰਤ ਦੇ ਅਵਚੇਤਨੀ ਕਾਰਜ ਨੂੰ ਮੁਕੰਮਲ ਕਰਕੇ ਭੋਲੀ-ਭਾਲੀ ਬਣੀ, "ਵੇ ਲੋਕੋ ....ਮੈਂ ਪੱਟੀ ਗਈ... ਵੇ ਲੁੱਟੀ ਗਈ....ਦੀ ਲੇਰ" ਮਾਰਦੀ ਹੈ।

ਕਹਾਣੀ ਉਹਨਾਂ ਚੇਤਨੀ ਕਾਰਜਾਂ (ਪਤਨੀ-ਪਤੀ ਅਤੇ ਪੁੱਤ-ਪਿਉ) ਦੇ ਸਮਾਂਤਰ ਉਹਨਾਂ ਅਵਚੇਤਨੀ ਕਾਰਜਾਂ ਨੂੰ ਪ੍ਰਤੀਧੁਨੀਤਮਕ ਰੂਪ ਵਿਚ ਸਿਰਜਦੀ ਹੈ ਜੋ ਇਸ ਤਹਿ ਹੇਠ ਨਫ਼ਰਤ ਅਤੇ ਬਦਲੇ ਦੀ ਅੱਗ ਵਾਲੇ ਹਨ। ਪਤੀ-ਪਤਨੀ ਤੋਂ ਇਲਾਵਾ ਇਕ ਔਰਤ-ਮਰਦ ਦਾ ਰਿਸ਼ਤਾ ਵੀ ਹੈ, ਜਿਸ ਵਿਚ ਸੰਸਾਰਕ-ਸਮਾਜਕ ਨਾਲੋਂ ਮਾਨਸਿਕ-ਭਾਵੁਕ ਹੱਕਾਂ ਅਤੇ ਬਰਾਬਰੀਆਂ ਦਾ ਬੋਲਬਾਲਾ ਹੁੰਦਾ ਹੈ ਜੋ ਜਦੋਂ ਪੂਰਾ ਨਹੀਂ ਹੁੰਦਾ ਤਾਂ ਉਸ ਦੀ ਜਵਾਲਾਮੁੱਖੀ ਮਨੁੱਖੀ ਅਵਚੇਤਨ ਨੂੰ ਵਿਸਫੋਟਿਤ ਕਰਦੀ ਹੈ। ਕਹਾਣੀ-ਬਿਰਤਾਂਤ ਵਿਚ ਇਹ ਥੀਮ ਨਵਾਂ ਨਵੇਕਲਾ ਨਹੀਂ, ਅਜਿਹੇ ਬੜੇ ਵੇਰਵੇ ਅਤੇ ਕਹਾਣੀਆਂ ਹਨ। ਪ੍ਰੇਮ ਗੋਰਖੀ ਦੀ ਕਹਾਣੀ 'ਓਪਰੇ ਹੱਥ' ਵਿੱਚ ਅਜਿਹਾ ਵਿਸ਼ਾ ਹੀ ਹੈ ਜਿੱਥੇ ਪਤੀ-ਪਤਨੀ ਨੂੰ ਜਾਂ ਪਤਨੀ-ਪਤੀ ਨੂੰ ਤਬਾਹ ਕਰਦੇ ਹਨ। ਕਹਾਣੀ-ਬਿਰਤਾਂਤ ਵਿਚ ਤਿੰਨ ਪਾਤਰਾਂ ਅਤੇ ਧਿਰਾਂ ਦੇ ਵਿਗੜੇ ਸਮਤੋਲ ਨੂੰ ਤਿੰਨਾਂ ਦੀ ਅੰਤਰ-ਦ੍ਰਿਸ਼ਟੀ ਅਤੇ ਸਾਂਝ ਨਾਲ ਸੰਵਾਦ ਵਿਚ ਪਰੋਣਾ ਹੈ। ਬਾਪੂ ਆਪਣੀ ਥਾਂ ਧਰਮੀ-ਕਰਮੀ-ਮਨਮਤੀਆ ਅਤੇ ਕਾਮਾ ਇਨਸਾਨ ਹੈ। ਬੀਬੀ ਆਪਣੀ ਥਾਂ ਠੀਕ ਹੈ। ਪੁੱਤ ਦੀ ਆਪਣੀ ਪੁਜ਼ੀਸ਼ਨ ਹੈ। ਬੀਬੀ ਅਤੇ ਪੁੱਤ ਦਾ ਅੰਤਲਾ 'ਵਿਵਰਜਿਤ' ਕਾਰਜ ਹੀ ਕਹਾਣੀ ਦਾ ਕੇਂਦਰ-ਬਿੰਦੂ ਹੈ ਜਿਸ ਦੁਆਲੇ ਬਾਕੀ ਵੇਰਵੇ ਇਸ ਅੰਜ਼ਾਮ ਤੱਕ ਪੁੱਜਣ ਵਿਚ ਸਹਿਧੁਨੀਆਂ ਹਨ। ਸਹਿਧੁਨੀਆਂ ਵਿਚ ਕਾਤਲ ਬਾਪੂ ਵੀ ਹੈ, ਜਿਸ ਨੇ ਬੀਬੀ ਨੂੰ ਸਿਰਫ਼ ਜਿਊਣ ਲਈ ਬੇਵੱਸ ਕੀਤਾ। ਕਹਾਣੀ ਬੜੇ ਇਕਹਿਰੀ ਸਰੂਪ ਵਾਲੀ, ਸਧਾਰਣ ਹੈ ਪਰ ਮਨੁੱਖੀ ਵਿਵਹਾਰ ਅਤੇ ਅਵਚੇਤਨ ਦੀ ਗੰਢ ਦੇ ਸਮਾਜੀ ਕਾਰਨਾਂ/ਕਾਰਜਾਂ ਵਿਚਲੀ ਅਸਾਧਾਰਣਤਾ ਨੂੰ ਕਿਸੇ ਵੀ ਇਕ ਪੱਖ ਤੋਂ ਦਬਾਉਣ ਦੀ ਥਾਂ ਬਰਾਬਰ ਸਪੇਸ ਦਿੰਦੀ ਹੈ। ਇਸ ਸਪੇਸ ਵਿਚ ਮਰਦ-ਪ੍ਰਧਾਨ ਸਮਾਜ ਵਿਚ ਬਾਪੂ ਦੇ ਪਿਤਰਕੀ ਦਬ-ਦਬੇ ਦੀ ਚੜ੍ਹਤ ਵੀ ਹੈ ਅਤੇ ਇਸ ਦੀ ਵਿਰਚਨਾਕਾਰੀ ਅਤੇ ਔਰਤ ਦੀ ਉਭਰਦੀ ਸਥਿਤੀ/ਰੂਪ ਵੀ ਹੈ। ਬੇਬੇ ਮੁਕਾਬਲਤਨ, ਬਾਪੂ ਦਾ ਮੰਜੇ ਤੇ ਡਿੱਗਣਾ, ਨਿਰਜਿੰਦ, ਬੇਹੋਸ਼, ਮਰਨ ਕੰਢੇ ਪਹੁੰਚ ਜਾਣਾ ਇਸ ਦੇ ਹੀ ਸੂਚਕ ਹਨ। ਬੇਬੇ ਜੇਕਰ ਨਹੀਂ ਮਾਰਦੀ ਤਾਂ ਮਰ ਉਸ ਫੇਰ ਵੀ ਜਾਣਾ ਹੀ ਸੀ ਪਰ ਫੇਰ ਕਹਾਣੀ ਨਹੀਂ ਬਣਨੀ ਸੀ। ਬੀਬੀ ਦਾ ਅਵਚੇਤਨੀ ਅਮਲ ਹੀ ਕਹਾਣੀ ਹੈ। 'ਕਤਲ' ਵਾਂਗ 'ਤੁਸੀਂ ਨਹੀਂ ਸਮਝ ਸਕਦੇ' ਵੀ ਚਰਚਿਤ ਕਹਾਣੀ ਹੈ। ਇਸ ਕਹਾਣੀ ਦਾ ਥੀਮ ਅਤੇ ਵਿਧੀ ਪਹਿਲਾਂ ਨਾਲੋਂ ਭਿੰਨ ਹੈ। ਮਾਲਕ ਜਗਦੀਸ਼, (ਲਾਲਿਆਂ) ਉਸ ਦਾ ਨੌਕਰ ਜੋਗਿੰਦਰ/ਗੋਰਖਾ ਅਤੇ ਬਾਬੂ ਜੀ ਵਿਚ ਕਹਾਣੀ ਬਣਦੀ ਹੈ। ਬਾਬੂ ਜੀ ਜੋਗਿੰਦਰ ਅਤੇ ਗੋਰਖੇ ਉਪਰ ਨਿਗਰਾਨੀ ਕਰਨ ਵਾਲਾ ਕਾਮਾ ਹੀ ਹੈ, ਪਰ ਉਸ ਨੂੰ ਇਸ ਬਾਰੇ ਅੰਤ ਤੱਕ ਕੋਈ ਅਹਿਸਾਸ ਨਹੀਂ। ਕਹਾਣੀ ਸੰਰਚਨਾ ਅਮੀਰੀ-ਗਰੀਬੀ ਦੇ ਪਾੜੇ ਉਤੇ ਉਸਰੀ ਹੈ। ਇਸ ਸੰਰਚਨਾਕਾਰੀ ਵਿਚ ਅਮੀਰ ਲਾਲਿਆਂ ਦੇ ਕੰਮ ਲੈਣ ਦੇ ਢੰਗ ਤਰੀਕੇ ਅਤੇ ਗਰੀਬ



ਦੀ ਨਿਰੰਤਰ ਹੋ ਰਹੀ ਲੁੱਟ ਬਾਰੀਕ ਵੇਰਵੇ ਬਣਦੇ ਹਨ। ਗਰੀਬ ਕਾਮਿਆਂ ਦੀ ਲਾਚਾਰੀ/ਮਜ਼ਬੂਰੀ-ਭੁੱਖੀਨੰਗੀ ਜ਼ਿੰਦਗੀ ਅਤੇ ਇਸ ਸਮਾਂਤਰ ਦੀ ਚੌਧਰ ਆਪ ਗੈਰ-ਹਾਜ਼ਰ ਰਹਿ ਕੇ ਵੀ ਮੁਨੀਮਨੁਮਾ ਕਰਿੰਦਿਆਂ ਰਾਹੀਂ ਨੌਕਰਾਂ ਦੀ ਨਿਗਰਾਨੀ ਕਰਨੀ ਹੈ। ਕਹਾਣੀ ਬਿਰਤਾਂਤ ਮੁਨੀਮਨੁਮਾ ਮਾਲਕ ਦੇ ਉਸ ਭਰਮ ਨੂੰ ਤੋੜਦਾ ਹੈ, ਜਿਸ ਵਿਚ ਉਹ ਕਾਮੇ ਨਾਲੋਂ ਆਪਣੇ-ਆਪ ਨੂੰ ਬੇਹਤਰ ਅਤੇ ਲਾਲਿਆਂ ਦਾ ਬੰਦਾ ਸਮਝਦਾ ਹੈ, ਕਿਤੇ-ਕਿਤੇ ਭਾਵੇਂ ਹਮਦਰਦੀ ਜੋਗਿੰਦਰ ਅਤੇ ਗੋਰਖੇ ਨਾਲ ਕਰਦਾ ਹੈ। ਜੋਗਿੰਦਰ ਅਜਿਹਾ ਕਾਮਾ ਹੈ ਜੋ ਆਪਣੇ ਵਰਗੇ ਕਾਮਾ ਧਿਰ ਬਾਬੂ ਜੀ ਨੂੰ ਸੁਚੇਤ ਕਰਦਾ ਹੈ ਕਿ, "ਤੁਸੀਂ ਮਾਲਕਾਂ ਵਾਂਗੂ ਗੋਰਖੇ ਤੋਂ ਕਿਉਂ ਪੁੱਛਦੇ ਰਹਿਣੇ ? ਮੈਂ ਕਿਸੇ ਨਾਲੋਂ ਕੰਮ ਘੱਟ ਨ੍ਹੀਂ ਕਰਦਾ। ਫੇਰ ਕੰਮ ਵਿਚ ਉਨੀ-ਇੱਕੀ ਹੋ ਜਾਂਦੀ ਆ। ਆਪਣੇ ਲਾਲੇ ਤਾਂ ਅੰਗਰੇਜ਼ ਆ। ਕਾਲੇ ਅੰਗਰੇਜ਼। ਮੇਰੇ ਕੋਲੋਂ ਤੁਹਾਡੇ ਬਾਰੇ ਪੁੱਛਦੇ ਰਹਿੰਦੇ। ਦੱਸਾਂ....ਚੱਲੋ ਛੱਡੋ। ਉਨ੍ਹਾਂ ਨੂੰ ਤੁਸੀਂ ਨਹੀਂ ਸਮਝ ਸਕਦੇ।" (ਪੰਨਾ-42) ਕਹਾਣੀ ਦਾ ਇਕ ਹੀ ਵਾਕ ਸਾਰੀ ਕਹਾਣੀ ਦੀਆਂ ਬਿਰਤਾਂਤਕੀ ਗਤੀਵਿਧੀਆਂ ਅਤੇ ਕਾਰਜ ਦੇ ਚੱਕਰ ਨੂੰ ਮੋੜਵੇਂ ਰੂਪ ਵਿਚ ਘੁੰਮਾ ਦਿੰਦਾ ਹੈ ਜਿਸ ਕਰਕੇ ਆਜ਼ਾਦ ਭਾਰਤ ਪੰਜਾਬ ਵਿਚ ਉਤਰ-ਬਸਤੀਵਾਦ ਦੇ ਯੁੱਗ ਵਿਚ ਪੈਦਾ ਹੋਏ ਨਵੇਂ ਭਾਰਤੀ-ਪੰਜਾਬੀ ਨਵ-ਬਸਤੀਵਾਦੀ 'ਕਾਲੇ ਅੰਗਰੇਜ਼ਾਂ' ਦੀ ਪ੍ਰਤਿਧੁਨੀ ਦਾ ਬਿਰਤਾਂਤ ਬਣ ਜਾਂਦਾ ਹੈ।

ਇਨ੍ਹਾਂ ਕਹਾਣੀਆਂ ਦਾ ਅਧਿਐਨ ਸਪੱਸ਼ਟ ਕਰਦਾ ਹੈ ਕਿ ਜਿੰਦਰ ਦੀ ਕਹਾਣੀ ਪਰੰਪਰਾ ਵਿਚ ਪਛਾਣ ਕਾਮੁਕ-ਪ੍ਰਵਿਰਤੀ ਦੀਆਂ ਗੰਢਾਂ ਵਾਲੀਆਂ ਕਹਾਣੀਆਂ ਕਰਕੇ ਨਹੀਂ, ਭਾਵੇਂ ਉਹ ਵੀ ਉਸ ਨੇ ਲਿਖੀਆਂ ਹਨ ਜਿਵੇਂ ਬੱਸ, ਹੁਣ ਤੂੰ ਸੌਂ ਜਾਈਂ, ਮਾਤੇਸ੍ਰੀ, ਗਲੋਬ, ਆਤਮ-ਪੁਰਾਣ। ਪਰ ਉਸ ਨੂੰ ਸਵੀਕ੍ਰਿਤੀ ਅਜਿਹੇ ਵਿਸ਼ਿਆਂ ਨਾਲੋਂ 'ਕਤਲ' ਅਤੇ 'ਤੁਸੀਂ ਨਹੀਂ ਸਮਝ ਸਕਦੇ' ਵਰਗੀਆਂ ਹੋਰ ਕਹਾਣੀਆਂ ਕਰਕੇ ਮਿਲੀ ਹੈ। ਦਲਿਤ, ਮਜ਼ਦੂਰ, ਔਰਤ ਮਨ ਅਤੇ ਮਨੁੱਖੀ ਅਵਚੇਤਨ ਦੇ ਬਹੁ-ਰੂਪੀ ਥੀਮ, ਦ੍ਰਿਸ਼ਟੀ, ਸੰਚਾਰ ਉਸ ਨੂੰ ਆਪਣੇ ਪੂਰਵਕਾਲੀ ਪ੍ਰੇਮ ਪ੍ਰਕਾਸ਼ ਨਾਲੋਂ ਭਿੰਨਤਾ ਪ੍ਰਦਾਨ ਕਰਦੇ ਹਨ ਕਿਉਂਕਿ ਉਹ ਪੀੜਾ-ਮੋਹ ਅਤੇ ਮਾਨਸਿਕਤਾ ਦੀ ਸੰਗਚਾਰਿਤਾ ਨੂੰ ਹੀ ਬੋਲ ਪ੍ਰਦਾਨ ਕਰਦਾ ਹੈ। ਸਾਰੀਆਂ ਕਹਾਣੀਆਂ ਪ੍ਰਤੀਧੁਨੀਤਮਕ ਅਤੇ ਜਟਿਲ ਨਹੀਂ ਹਨ ਬਲਕਿ ਉਹ ਤੀਜੀ ਪੀੜ੍ਹੀ ਦੀ ਰੂੜੀ ਨੂੰ ਵੀ ਅੱਗੇ ਤੋਰਦਾ ਹੈ। 'ਤੁਸੀਂ ਨਹੀਂ ਸਮਝ ਸਕਦੇ' ਇਸ ਦਾ ਪ੍ਰਮਾਣ ਹੈ।

ਜਸਵਿੰਦਰ ਸਿੰਘ ਇਸ ਪੀੜ੍ਹੀ ਦਾ ਨਿਵੇਕਲਾ ਕਹਾਣੀਕਾਰ ਹੈ। ਉਸ ਲਈ ਮਨੁੱਖੀ ਅਵਚੇਤਨ ਨਿਰੋਲ ਕਾਮੁਕ-ਗੰਢਾਂ ਹੀ ਨਹੀਂ ਬਲਕਿ ਸਮਕਾਲੀ ਪਰਿਸਥਿਤੀਆਂ ਵਿਚ ਆਧੁਨਿਕਤਾ ਅਤੇ ਪਰੰਪਰਾ ਦੇ ਆਪਸੀ ਤਨਾਉ, ਟਕਰਾਓ ਵਿਚੋਂ ਉਪਜੀਆਂ ਜੀਵਨ-ਕੀਮਤਾਂ ਅਤੇ ਮੁੱਲਾਂ ਦੇ ਭੇੜ 'ਚ ਮੋਹਖੋਰੇ ਪਰੰਪਰਕ ਪੰਜਾਬੀ ਜੀਵਨ ਦਾ ਖੁਰਦਾ ਹੋਇਆ ਅਵਚੇਤਨ ਅਤੇ ਪੈਸੇ/ਸ਼ੁਹਰਤ ਦੇ ਅਤਿ ਨਿਜਪਰਕ ਵਰਤਾਰਿਆਂ ਵਿਚੋਂ ਸਿਰਜਿਤ ਹੋ ਰਹੇ ਮਾਨਵੀ-ਅਵਚੇਤਨ ਨੂੰ ਉਹ ਆਪਣੀਆਂ ਕਹਾਣੀਆਂ ਦੀ ਸਿਰਜਣ-ਭੂਮੀ ਅਤੇ ਕਥਾ-ਸੰਦਰਭਾਂ/ਪ੍ਰਸੰਗਾਂ ਵਜੋਂ ਉਲੀਕ ਕੇ, ਇਸ ਸੰਦਰਭ ਦੀ ਬਿਰਤਾਂਤਕਾਰੀ ਅਤੇ ਸੰਚਾਰ ਵਿਚ, ਵਿਸ਼ਲੇਸ਼ਣੀ ਅਤੇ ਕਟਾਖ਼ਸ਼ ਭਰਪੂਰ ਸ਼ੈਲੀ ਦੀ ਕਸਵੀਂ, ਬੱਝਵੀ, ਸੁਚੇਤ ਵਰਤੋਂ ਕਰਦਾ ਹੈ। ਅਜਿਹੀ ਬਿਰਤੀ ਕਾਰਨ ਉਸ ਦੀਆਂ ਕਹਾਣੀਆਂ ਕਾਮ, ਦਲਿਤ, ਔਰਤ-ਮਰਦ ਸਬੰਧਾਂ ਦੀਆਂ ਵਰਜਣਾਵਾਂ ਨੂੰ ਪਾਰ ਕਰਨ ਦੇ ਫੈਸ਼ਨ ਤੋਂ ਮੁਕਤ ਹਨ। ਪਰੰਪਰਕ ਅਵਚੇਤਨ ਅਤੇ ਨਵ-ਸਿਰਜਿਤ ਅਵਚੇਤਨ ਦੇ ਭੇੜ ਵਿਚ ਵੀ ਕੁਝ ਗੁਆਚ ਰਿਹਾ ਹੈ, ਕੀ ਪ੍ਰਾਪਤ ਹੋ ਰਿਹਾ ਹੈ, ਪ੍ਰਾਪਤੀਆਂ-ਅਪ੍ਰਾਪਤੀਆਂ, ਬੰਦੇ ਦੀ ਹੋਂਦ, ਹਸਤੀ ਅਤੇ ਜ਼ਿੰਦਗੀ ਦੀ ਕਰਵਟ ਕਿਸ ਪਾਸੇ ਵੱਲ ਹੋ ਰਹੀ ਹੈ, ਇਸ ਕਰਵਟ ਵਿਚੋਂ ਕਿਹੋ ਜਿਹੇ ਹੋਰ ਦੋਹਰੇ ਮਹਾਂਭਾਰਤ ਪੈਦਾ ਹੋ ਰਹੇ ਹਨ, ਕਿਸ ਕਿਸਮ ਦੀ ਪਛਾਣ, ਕਿਸ ਕਿਸਮ ਦੇ ਮਾਣ, ਨਮੋਸੀਆਂ, ਬਦਖੋਈਆਂ-ਵਡਿਆਈਆਂ ਉਸਰ ਰਹੀਆਂ ਹਨ, ਬੰਦੇ ਦੀਆਂ ਲਾਲਸਾਵਾਂ, ਸੋਚਾਂ, ਸੁਹਜ, ਰਿਸ਼ਤੇ ਕਿੱਧਰ ਨੂੰ ਜਾ ਰਹੇ ਹਨ, ਕਿਸ ਸ਼੍ਰੇਣੀ ਦੀ ਧਿਰ ਬਣ ਰਹੇ ਹਨ, ਕਿਹੜੀਆਂ ਜਮਾਤਾਂ ਹੋਰ ਉਭਰ ਰਹੀਆਂ ਹਨ। ਇਹ ਸਾਰੀਆਂ ਸਥਿਤੀਆਂ ਦੀ ਸੰਰਚਨਾਕਾਰੀ ਬੜੇ ਸੂਖਮ ਅਹਿਸਾਸਾਂ ਸਹਿਤ ਸਿਰਜਿਤ ਹੁੰਦੀ ਹੈ। 'ਖੂਹ ਖਾਤੇ' ਇਸ ਦੀ ਪ੍ਰਮਾਣ ਹੈ। ਮਾਣ-ਮੋਹ ਅਤੇ

ਨਿਮੋਸ਼ੀ ਦੀ ਪਰਤ ਹੇਠ ਦੋ ਸਮਿਆਂ, (ਮਾਮਾ-ਭਾਣਜਾ) ਦੋ ਜਮਾਤਾਂ (ਅਫਸਰ-ਜੱਟ), ਦੋ ਸਮਿਆਂ (ਪਿੰਡ-ਸ਼ਹਿਰ) ਅਤੇ ਦੋ ਜਮਾਤਾਂ ਤੋਂ ਪਾਰ ਹੋ ਕੇ ਵੀ ਅਪਰ ਕਲਾਸ 'ਚ ਚੰਗੀਆਂ ਕੋਠੀਆਂ, ਬੱਚਿਆਂ ਅਤੇ ਪਤਨੀ, ਸਾਰੀਆਂ ਸਹੂਲਤਾਂ ਦੇ ਬਾਵਜੂਦ ਗਰੇਵਾਲ ਮਾਯੂਸ, ਨਿਰਾਸ਼, ਉਖੜਿਆ, ਇਸ ਕਰਕੇ ਹੈ ਕਿ ਜਿਸ ਜੀਵਨ ਜਾਂਚ, ਰੁਤਬੇ, ਪ੍ਰਾਪਤੀਆਂ ਦੀ ਬੁਲੰਦੀ ਉਸ ਨੂੰ ਮਿਲੀ ਹੈ, ਉਸ ਦੇ ਆਪਣੇ ਨਿਜ ਲਈ ਹੈ, ਪਰਿਵਾਰਕ ਮੈਂਬਰਾਂ ਲਈ ਹੈ ਪਰ ਰਿਸ਼ਤੇਦਾਰਾਂ ਅਤੇ ਦੂਜੇ ਹੋਰ ਅਤੀਤ ਵਾਲੇ ਪਿਛੋਕੜ ਨੂੰ ਉਸ ਵਿਚ ਸਪੇਸ ਨਹੀਂ ਧਿਰ ਦਾ ਗੁਆਚਣਾ ਹੈ। ਬਾਣੀਆ ਬਿਰਤੀ ਅਤੇ ਨਿਜ ਦੇ ਮੁਕਾਬਲੇ ਪਰੰਪਰਕ ਸਾਮੂਹਿਕ ਅਵਚੇਤਨ ਦੇ ਮੋਹ ਭਿੱਜੇ ਰਿਸ਼ਤਿਆਂ ਅਤੇ ਕੰਮ ਆਉਣ ਦੀ ਧਾਰਨੀ ਹੈ, ਇਸ ਕਾਰਨ ਹੀ ਉਹ ਅਜੇ ਪਿਛੋਕੜ ਨਾਲੋਂ ਟੁੱਟਿਆ ਨਹੀਂ। ਇਸ ਸਥਿਤੀ ਬਾਰੇ ਬਿਰਤਾਂਤਕਾਰ ਦਾ ਵਿਸ਼ਲੇਸ਼ਣੀ ਬਿਰਤਾਂਤਕ ਵੇਰਵਾ ਹੈ

ਮਹਿਤੇ ਦੇ 'ਚਾਲੂ ਨੁਸਖੇ' ਗਰੇਵਾਲ ਨੂੰ ਵਿੰਨਦੇ ਰਹੇ। ਇਹ ਬਾਣੀਆ ਨੀਤੀ ਪੂਰੀ ਤਰ੍ਹਾਂ ਹੱਡਾਂ ਵਿਚ ਰਚੀ ਨਹੀਂ ਸੀ ਸ਼ਾਇਦ ਅਜੇ ਗਰੇਵਾਲ ਦੇ। ਪਿਆਰ ਦੇ ਕੁਝ ਉਘੜੇ-ਦੁਘੜੇ ਅਹਿਸਾਸ ਉਸਦੇ ਜ਼ਿਹਨ ਵਿਚ ਕਿਤੇ ਛਹਿ ਲਾਈ ਬੈਠੇ ਸਨ ਅਜੇ।....ਸ਼ਾਇਦ ਗਰੇਵਾਲ ਅਜੇ ਪੂਰੇ ਦਾ ਪੂਰਾ ਰੱਜੇ ਸਾਊ ਲੋਕਾਂ ਵਰਗਾ ਨਹੀਂ ਸੀ ਹੋ ਸਕਿਆ। ਏਸ-ਰਹਿੰਦ-ਖੂੰਹਦ ਨੇ ਉਸਨੂੰ ਹੱਥਲ ਕਰ ਮਾਰਿਆ ਸੀ .... (ਪੰਨਾ-21, ਖੂਹ ਖਾਤੇ)

ਮਾਮੇ ਦੇ ਪੁੱਤ ਲਾਡੀ ਨੂੰ ਪੁਲਿਸ ਨੇ ਚੁੱਕਿਆ ਹੈ, ਮਾਮਾ ਅਫ਼ਸਰ ਭਾਣਜੇ ਕੋਲ ਮੱਦਦ ਲਈ ਆਇਆ ਹੈ, ਇਸ ਸਮੇਂ ਵਿਚ ਹੀ ਕਹਾਣੀ ਫੈਲਦੀ ਹੋਈ ਗਰੇਵਾਲ ਦੇ ਅਤੀਤ, ਪਿੰਡ, ਮਾਮੇ ਦੀ ਮੱਦਦ, ਰਿਸ਼ਤਿਆਂ ਦੇ ਨਿੱਘ ਅਤੇ ਭਾਣਜੇ ਦਾ ਪਿੰਡ ਤੋਂ ਉਠ ਵੱਡਾ ਅਫ਼ਸਰ ਬਣ ਸ਼ਹਿਰ ਪਹੁੰਚਣਾ, ਲੀਡਰ ਦੀ ਕੁੜੀ ਨਾਲ ਵਿਆਹ, ਅਪਰ ਕਲਾਸ, ਸਥਿਤੀ, ਘਰੋਗੀ ਸਬੰਧੀਆਂ ਵਿਚ ਘਿਰਿਆ, ਨਾ ਚਾਹੁੰਦਾ ਵੀ ਇਕ ਅਜਿਹੀ ਸਥਿਤੀ ਨੂੰ ਪਹੁੰਚ ਚੁੱਕਾ ਹੈ ਜਿੱਥੇ ਪਰੰਪਰਕ ਅਵਚੇਤਨ ਜ਼ਖ਼ਮੀ ਹੋ ਰਿਹਾ ਹੈ, ਆਪਣੀ ਸਕਿਨ ਸੇਫ਼ ਕਰਨ ਲਈ ਅਫ਼ਸਰੀ ਨੂੰ ਨਾ ਸਹੇੜਨਾ ਵੀ, ਮੱਦਦ ਕਰਕੇ ਆਪਣੇ ਲਈ ਮੁਸੀਬਤ ਨਹੀਂ ਖੜੀ ਕਰਨਾ ਚਾਹੁੰਦਾ ਪਰ ਅਜੇ ਇਹ ਜੀਵਨ ਜਾਂਚ ਵੀ ਉਸ ਨੂੰ ਸੂਤ ਨਹੀਂ ਬੈਠਦੀ। ਜਿਵੇਂ ਉਸ ਦੀ ਘਰਵਾਲੀ ਅਤੇ ਮਹਿਤੇ ਨੂੰ ਠੀਕ ਬੈਠਦੀ ਹੈ। ਮਾਮੇ ਦੀ ਮੱਦਦ ਨਾ ਕਰ ਸਕਣ ਦੇ ਸਮਾਜੀ ਅਮਲ ਅਤੇ ਇਸ ਅਮਲ ਦੀ ਮਾਨਸਿਕਤਾ ਦਾ ਭੇੜ ਹੀ ਦੋ ਅਵਚੇਤਨਾਂ ਦਾ ਟਕਰਾਅ ਹੈ। ਇਸ ਟਕਰਾਅ ਵਿਚ ਖੁਰਦਾ ਪਰੰਪਰਕ ਅਵਚੇਤਨ ਆਤਮ-ਪੀੜਾ ਅਤੇ ਮੋਹ ਵਿਚ ਆਪਣੀ ਬੇਵੱਸੀ ਦਾ ਮਾਨਵੀ ਇਜ਼ਹਾਰ ਕਰਨ ਲਈ "ਮੈਂ....ਮੈਂ...ਲਾਡੀ ਨੂੰ ਕਿਵੇਂ ਲੱਭ ਸਕਨਾ ਵਾਂ ਮਾਮਾ। ਮੈਂ ਤਾਂ ਆਪ....ਮੈਂ ਤਾਂ...ਜੇ ਹੋ ਸਕਿਆ ਤਾਂ ਮੈਨੂੰ ਵੀ ਲਭੀਂ...ਮਾਮਾ।" (ਪੰਨਾ-26) ਇੰਜ ਲੱਭਣ ਤੇ ਗੁਆਚਣ ਦੀ ਇਹ ਬਿਰਤਾਂਤਕ-ਸਥਿਤੀ ਕੇਵਲ ਭਾਸ਼ਾਈ ਅਤੇ ਬਿਰਤਾਂਤਕ ਘਾੜਤ ਨਹੀਂ ਸਗੋਂ ਪੰਜਾਬੀ ਸਮਾਜ ਭਾਈਚਾਰੇ ਅਤੇ ਬੰਦੇ ਦਾ ਨਵੀਆਂ ਸਥਿਤੀਆਂ, ਤਬਦੀਲੀਆਂ ਵਿਚ ਰੂਪਾਂਤਰਿਤ ਹੋ ਰਿਹਾ ਅਵਚੇਤਨ ਹੈ, ਇਸ ਮਾਨਵੀ-ਅਵਚੇਤਨ ਦੀ ਹੀ ਇਹ ਕਹਾਣੀ ਇਕ ਪੀੜ ਅਤੇ ਇਸ ਪੀੜ ਦਾ ਸਿਰਜਣਾਤਮਕ ਥੀਮਿਜ਼ ਹੈ।

'ਖੂਹ ਖਾਤੇ' ਵਾਂਗ ਹੀ 'ਘਰ ਦਾ ਜੀਅ' ਘਰ ਅਤੇ ਬੰਦੇ ਦੇ ਆਪਸੀ ਸਬੰਧਾਂ ਬਾਰੇ ਕਈ ਪ੍ਰਸ਼ਨ ਚਿੰਨ੍ਹ ਲਾਉਂਦੀ ਹੈ। ਕਹਾਣੀ ਦੀ ਸੰਰਚਨਾ 'ਲੁੱਟ' ਨੂੰ ਇਕ ਥੰਮ ਵਜੋਂ ਫੋਕਸ ਕਰਨ ਵਾਲੀ ਹੈ। 'ਤੁਸੀਂ ਨਹੀਂ ਸਮਝ ਸਕਦੇ' ਅਤੇ 'ਘਰ ਦਾ ਜੀਅ', ਕਹਾਣੀਆਂ ਪੜ੍ਹ ਕੇ ਇਸ ਧਾਰਨਾ 'ਤੇ ਵਿਸ਼ਵਾਸ ਕਰਨਾ ਮੁਸ਼ਕਿਲ ਹੋ ਗਿਆ ਕਿ "ਤੀਜੇ ਪੜ੍ਹਾਅ ਦਾ ਪੰਜਾਬੀ ਕਹਾਣੀਕਾਰ ਆਧੁਨਿਕ ਚੇਤਨਾ ਦੇ ਇਸ ਸੂਤਰ ਤੋਂ ਬਹੁਤ ਪ੍ਰੇਰਿਤ ਰਿਹਾ ਹੈ ਕਿ ਹਰ ਮਨੁੱਖੀ ਵਿਵਹਾਰ ਦੀਆਂ ਪ੍ਰੇਰਕ ਸ਼ਕਤੀਆਂ ਦੀ ਬਾਹਰਮੁਖੀ, ਵਸਤੂਵਾਦੀ ਅਤੇ ਤਰਕਯੁਕਤ ਵਿਆਖਿਆ ਸੰਭਵ ਹੈ। ਇਹ ਨਿਰਣਾ ਵਿਗਿਆਨਕ ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਪਰ ਚੌਥੇ ਪੜ੍ਹਾਅ ਦਾ ਪੰਜਾਬੀ ਕਹਾਣੀਕਾਰ ਇਸ ਵਸਤੂਮੁਖੀ ਦ੍ਰਿਸ਼ਟੀਕੋਣ ਤੋਂ ਕੁਝ ਉਰੇ-ਪਰੇ ਵੀ ਜਾਂਦਾ ਹੈ। ਉਸ ਅਨੁਸਾਰ ਬਹੁਤ ਸਾਰੇ ਮਨੁੱਖੀ ਵਤੀਰਿਆਂ ਅਤੇ ਵਰਤਾਰਿਆਂ



ਨੂੰ ਇਸ ਨਿਸ਼ਚਿਤਤਾਵਾਦ ਰਾਹੀਂ ਘਟਾ ਕੇ ਨਹੀਂ ਵੇਖਿਆ ਜਾਣਾ ਚਾਹੀਦਾ (ਪੰਜਾਬੀ ਕਹਾਣੀ ਦਾ ਇਤਿਹਾਸ : ਪੰਨਾ 303) ਚੌਥੇ ਪੜ੍ਹਾਅ/ਪੀੜ੍ਹੀ ਵਿਚ ਮਨੁੱਖੀ ਵਿਹਾਰ ਅਤੇ ਅਵਚੇਤਨ ਦੇ ਅਨਿਸ਼ਚਿਤਤਾਮੂਲਕ ਸੁਰਾਂ ਦੇ ਨਾਲ-ਨਾਲ ਨਿਸ਼ਚਿਤਤਾ ਮੂਲਕ ਸੁਰਾਂ ਦਾ ਵੀ ਬਿਰਤਾਂਤ ਹੈ। 'ਘਰ ਦਾ ਜੀਅ' ਬਿਰਤਾਂਤ ਬਾਹਰਮੁਖੀ ਸਥਿਤੀਆਂ ਦੇ ਪ੍ਰਸੰਗ ਵਿਚ 'ਸਰਾਜ' ਦੀ ਪਾਤਰ-ਉਸਾਰੀ ਕਰਦਾ ਹੈ। ਪਾਤਰ-ਚਿਤਰਣ ਕਹਿਣਾ ਉਚਿਤ ਨਹੀਂ ਹੈ। ਬਾਹਰਮੁਖੀ ਉਤਰ-ਬਸਤੀਵਾਦੀ ਸਥਿਤੀਆਂ ਵਿਚ 'ਸਰਾਜ' ਇਕ ਨਿਮਾਣੇ, ਨਿਤਾਣੇ, ਨਿਥਾਵੇਂ ਬੰਦੇ ਦੀ ਆਤਮ-ਪੀੜ ਦਾ ਚਿਹਨ ਹੈ, ਜੋ ਜ਼ਿੰਦਗੀ ਜਿਉਣ ਲਈ ਦੂਜਿਆਂ ਵਿਚ ਘਿਰਿਆ ਆਪਣੀ ਇਕ ਧਿਰ/ਘਰ ਦੀ ਅਚੇਤ ਲੋਚਾ ਵਿਚ ਇਹ ਸਮਝ ਹੀ ਨਹੀਂ ਸਕਿਆ ਕਿ ਉਹ ਕਿਸ ਥਾਂ, ਕਿਸ ਘਰ ਦਾ ਬੰਦਾ ਹੈ। ਜਿਵੇਂ 'ਤੁਸੀਂ ਨਹੀਂ ਸਮਝ ਸਕਦੇ' ਵਿਚ ਜੋਗਿੰਦਰ ਨੂੰ ਤਾਂ ਸਮਝ ਹੈ ਤੇ ਉਹ 'ਬਾਬੂ ਜੀ' ਨੂੰ ਵੀ 'ਕਾਲੇ-ਅੰਗਰੇਜ਼ਾਂ' ਬਾਰੇ ਸੁਚੇਤ ਕਰਦਾ ਹੈ, ਉਵੇਂ ਸਰਾਜ ਆਪਣੇ ਵਿਰੋਧੀ ਕਾਲੇ ਅੰਗਰੇਜ਼ਾਂ (ਸਰਦਾਰਨੀ ਤੇਜ਼ ਕੌਰ, ਗੇਜੋ ਉਰਫ਼ ਗੁਰਮੇਜ਼ ਕੌਰ, ਹੰਸੋ, ਗਿਆਨੋ, ਜੈਲਦਾਰ) ਨੂੰ ਅੰਤ ਤੱਕ ਸਮਝ ਨਹੀਂ ਸਕਿਆ। ਸਰਾਜ ਆਪਣੇ ਸਿੱਧੜ ਪਰ ਦੂਜਿਆਂ ਦੇ ਚਲਾਕ ਸੁਭਾਅ ਹੇਠ ਮਾਰ ਹੀ ਖਾਂਦਾ ਹੈ। ਇਹ ਮਾਰ ਉਸ ਨੂੰ ਵਡਿਆਈ, ਪਤਿਆਈ ਅਤੇ ਦਬਕਾਈ ਰੂਪ ਵਿਚ ਘੁੰਮਾਈ ਰੱਖਦੀ ਹੈ। ਬਿਰਤਾਂਤਕਾਰ ਅਨੁਸਾਰ, "ਨਾ ਰੰਨ ਨਾ ਕੰਨ ਸੀ ਉਸਦਾ/ਕਮਾਊ ਕਾਲੇ ਬਲਦ ਜੇਹਾ। ਬੜਾ ਕਮਾਲ ਦਾ ਮੇਲ ਸੀ ਸਰਾਜ ਤੇ ਸਿਧਰੇਪਣ ਤੇ ਜ਼ਮਾਨੇ ਦੇ ਚਾਲੂਪਣ 'ਚ ਆਖਰ ਇਹ ਕੀ ਸੀ।" (ਪੰਨਾ-130) ਇਹ ਮੇਲ ਕੋਈ ਮਨੋਗੰਢ ਨਹੀਂ ਇਕ ਜਮਾਤੀ ਅਤੇ ਸਮਾਜੀ ਅਵਚੇਤਨ ਹੈ। ਇਸ ਅਵਚੇਤਨ ਦਾ ਨਿਭਾਉ ਹੀ 'ਸਰਾਜ' ਹੈ। ਸਮਾਜ ਵਿਚ ਅਨੇਕਾਂ ਸਰਾਜ ਵਰਗੇ ਹਨ ਜਿਹਨਾਂ ਦੇ ਲਈ 'ਭਾਰਤ ਮਹਾਨ' ਹੈ ਪਰ ਆਪਣਾ ਕੁਝ ਵੀ ਨਹੀਂ। ਦੂਜਿਆਂ ਲਈ ਇਹ ਮੁਲਵਾਨ ਹਨ ਜਿਹਨਾਂ ਦੀ ਮੇਹਨਤ ਸਿਰ ਇਹ ਅਰਾਮ ਫਰਮਾਉਂਦੇ ਹਨ। ਇਕ ਸਰੀਰਕ ਤੌਰ 'ਤੇ ਤਕੜੇ ਬੰਦੇ (ਸਰਾਜ) ਦੀ ਲੁੱਟ ਅਤੇ ਉਸ ਨੂੰ ਦਬਾ ਕੇ ਰੱਖਣ ਦੀ ਅੰਤਲੀ ਸਿਖਰ ਤੋਂ ਪਹਿਲਾਂ ਉਸਦੀ ਲੁੱਟ ਦੇ ਦ੍ਰਿਸ਼ ਬਾਰ-ਬਾਰ ਬਦਲਦੇ ਹਨ, ਨਾਂ ਬਦਲਦੇ ਹਨ, ਬੰਦੇ ਬਦਲਦੇ ਹਨ, ਪ੍ਰਕਾਰਜ ਸਰਾਜ ਦਾ ਨਜਾਇਜ਼ ਫਾਇਦਾ ਉਠਾਉਣਾ ਹੀ ਰਹਿੰਦਾ ਹੈ। ਸਾਰੇ ਦ੍ਰਿਸ਼ਾਂ ਦਾ ਕੇਂਦਰ ਸਰਾਜ ਹੀ ਹੈ। ਬਿਰਤਾਂਤਕਾਰ ਇਸ ਲੁੱਟ ਬਾਰੇ ਨਾ ਕੋਈ ਮਾਰਕਸੀ ਸਿਧਾਂਤ ਪੇਲਦਾ ਹੈ, ਨਾ ਕੋਈ ਵਿਚਾਰ-ਚਰਚਾ ਦਾ ਥੀਸਿਜ਼ ਰਚਦਾ ਹੈ, ਇਕ ਪਾਤਰ ਉਤੇ ਵਾਰ-ਵਾਰ ਕਾਰਜਸ਼ੀਲ ਹੋ ਰਹੀਆਂ ਸਥਿਤੀਆਂ, ਖਾਸ ਕਰਕੇ ਪੰਜਾਬੀ ਜਾਤ-ਪਾਤ ਪ੍ਰਣਾਲੀ ਵਿੱਚ ਇਸ ਸੱਚ ਨੂੰ ਘਟਨਾਵੀ ਚੱਕਰ ਰਾਹੀਂ ਮੂਰਤੀਮਾਨ ਕਰਦੀਆਂ ਹਨ। ਤਰਸਯੋਗ ਸਥਿਤੀ ਵਿਚ ਘਿਰੇ ਸਰਾਜ ਲਈ ਹਮਦਰਦੀ ਅਤੇ ਪ੍ਰਸ਼ਨਚਿੰਨ੍ਹ ਰਾਹੀਂ ਇਕ ਸੁਆਲੀਆ ਸਥਿਤੀ ਉਪਜਦੀ ਹੈ ਕਿ..."ਆਖਰ ਉਹ ਕਿਹੜੇ ਘਰ ਦਾ ਜੀਅ ਸੀ?" ਵਿਆਖਿਆ, ਵਿਸ਼ਲੇਸ਼ਣ, ਮੁਲਾਂਕਣ, ਟਿੱਪਣੀਆਂ, ਕਟਾਖਸ਼ ਨਾਲੋਂ ਕਹਾਣੀ ਇਕ 'ਲੁੱਟ ਦੀ ਸਥਿਤੀ ਨੂੰ' ਲੁੱਟ ਵੀ ਆਪਣੇ 'ਕਾਲੇ ਅੰਗਰੇਜ਼ਾਂ' ਨੂੰ ਉਭਾਰਣ ਲਈ ਵਾਪਰ-ਕਾਰਜ ਦੀ ਸ਼ੈਲੀ ਵਿਚ ਸਿਰਜਦੀ ਹੈ। ਕਿਸੇ ਇਕ ਸਥਿਤੀ/ਸੰਰਚਨਾ ਨੂੰ ਫੋਕਸ ਕਰਨ ਲਈ ਉਸ ਵਰਗੀਆਂ ਜਾਂ ਉਸ ਵਿਰੋਧੀ ਹਵਾਲਿਆਂ ਦੇ ਟਕਰਾਅ ਵੇਰਵਿਆਂ ਦੇ ਬਦਲਦੇ ਦ੍ਰਿਸ਼ਾਂ ਰਾਹੀਂ ਕਥਾ-ਨਿਭਾਅ, ਜਸਵਿੰਦਰ ਸਿੰਘ ਦੀ ਕਥਾ-ਸ਼ੈਲੀ ਅਤੇ ਵਿਧੀ ਹੈ। ਇਸ ਸ਼ੈਲੀ ਬਾਰੇ 'ਖੂਹ ਖਾਤੇ' ਦੀ ਭੂਮਿਕਾ ਵਿਚ ਡਾ. ਸੁਤਿੰਦਰ ਸਿੰਘ ਨੂਰ ਦਾ ਵਿਚਾਰ ਹੈ ਕਿ "ਉਹ ਬਦਲਵੇਂ ਫੋਕਸੀਕਰਨ ਰਾਹੀਂ ਨਾਇਕ ਦੇ ਅਵਚੇਤਨੀ ਮਨ ਦੀਆਂ ਅਛੋਹ ਕੰਦਰਾਂ ਤੇ ਬਾਹਰਵਰਤੀ ਵਿਹਾਰ ਦੇ ਜੋੜ ਬੇਜੋੜ ਧਰਾਤਲਾਂ ਨੂੰ ਤਲਾਸ਼ਣ ਪ੍ਰਤਿ ਰੁਚਿਤ ਹੈ।" (ਪੰਨਾ-12) ਇਸ ਕਹਾਣੀ ਵਿਚਲਾ ਸਰਾਜ ਅਤੇ ਬਾਹਰਮੁਖੀ ਸਥਿਤੀਆਂ ਦਾ ਸਿਰਜਣ, 'ਸੁਨਹਿਰੀ ਕਿਣਕਾ' (ਵਰਿਆਮ ਸੰਧੂ) ਵਰਗੀ ਕਹਾਣੀ ਵਾਂਗ ਪਾਠਕਾਂ-ਮਨਾਂ ਵਿਚ ਘਰ ਕਰ ਜਾਂਦਾ ਹੈ। ਜਦੋਂ ਤੱਕ ਪੰਜਾਬੀ ਸਮਾਜ ਵਿਚਲੀ ਜਮਾਤੀ-ਜਾਤੀ ਲੁੱਟ ਰਹੇਗੀ, ਉਦੋਂ ਤੱਕ ਅਜਿਹੀ ਕਹਾਣੀ ਦੀ ਸਾਰਥਕਤਾ ਬਾਰੇ ਕੋਈ ਪ੍ਰਸ਼ਨ-ਚਿੰਨ੍ਹ ਨਹੀਂ। ਮੈਨੂੰ ਕਹਿਣ ਵਿਚ ਝਿਜਕ ਨਹੀਂ ਕਿ ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ ਵਿਚ ਇਹ ਇਕ ਯਾਦਯੋਗ ਰਚਨਾ ਹੈ। ਦੂਜਾ ਰੂਪ-ਵਿਧੀ ਪੱਖੋਂ ਜੇਕਰ ਪਹਿਲੀ ਕਹਾਣੀ

ਵਿਸ਼ਲੇਸ਼ਣੀ ਸੁਰ ਵਾਲੀ ਹੈ ਉਥੇ ਇਹ ਕਹਾਣੀ ਵਾਪਰ-ਕਾਰਜ ਅਧਾਰਿਤ ਹੈ। ਟਿੱਪਣੀਆਂ ਨਹੀਂ।

ਜਰਨੈਲ ਸਿੰਘ ਚੌਥੀ ਪੀੜ੍ਹੀ ਦਾ ਅਜਿਹਾ ਕਹਾਣੀਕਾਰ ਹੈ ਜਿਸ ਨੇ ਪੰਜਾਬੀ ਕਹਾਣੀ-ਆਲੋਚਕਾਂ ਦਾ ਧਿਆਨ ਵਿਸ਼ੇਸ਼ ਤੌਰ 'ਤੇ ਖਿੱਚਿਆ ਹੈ। 'ਦੋ ਟਾਪੂ' ਅਤੇ 'ਟਾਵਰਜ਼' ਉਸ ਦੀਆਂ ਚਰਚਿਤ ਕਹਾਣੀਆਂ ਹਨ, ਜਿਹਨਾਂ ਦੇ ਨਾਂ ਉਤੇ ਕ੍ਰਮਵਾਰ ਦੋ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਕਹਾਣੀ ਸੰਗ੍ਰਹਿਆਂ ਉਤੇ ਦੋ ਆਲੋਚਨਾਤਮਕ ਪੁਸਤਕਾਂ ਦੋ ਟਾਪੂ ਦੇ ਪ੍ਰਸੰਗ ਵਿਚ : ਜਰਨੈਲ ਸਿੰਘ ਦੀ ਰਚਨਾ-ਦ੍ਰਿਸ਼ਟੀ (ਗੁਰਮੀਤ ਕੱਲਰਮਾਜਰੀ) ਅਤੇ ਟਾਵਰਜ਼ : ਵਸਤੂ, ਵਿਧੀ ਅਤੇ ਦ੍ਰਿਸ਼ਟੀ (ਡਾ. ਕਰਮਜੀਤ ਸਿੰਘ, ਡਾ. ਹਰਸਿਮਰਨ ਸਿੰਘ) ਵੀ ਸੰਪਾਦਿਤ ਹੋ ਚੁੱਕੀਆਂ ਹਨ। ਪੰਜਾਬੀ ਕਹਾਣੀ ਵਿਚ ਉਸ ਦੀ ਪ੍ਰਵਾਨਗੀ ਅਤੇ ਸਥਾਪਤੀ ਕੈਨੇਡੀਅਨ ਪਰਵਾਸੀ ਪੰਜਾਬੀ ਕਰਕੇ ਹੀ ਨਹੀਂ ਸਗੋਂ ਉਸ ਦਾ ਅਜੋਕੀਆਂ ਗਲੋਬਲੀ ਸਥਿਤੀਆਂ ਵਿਚ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਵਾਪਰ ਰਹੇ ਵੱਡੇ ਪਰਿਵਰਤਨਾਂ ਕਰਕੇ ਪੈਦਾ ਹੋਈ ਹਲਚਲ ਵਿਚ ਬਹੁ-ਸਭਿਆਚਾਰਾਂ ਦੇ ਆਪਸੀ ਮੇਲ-ਟਕਰਾਅ ਅਤੇ ਮਿਸ਼ਰਣ ਵਿਚੋਂ ਉਪਜੀਆਂ ਸਥਿਤੀਆਂ ਦੇ ਸੰਵਾਦ ਨੂੰ ਸਿਰਜਣ ਕਰਕੇ ਵਧੇਰੇ ਹੋਈ ਹੈ। ਜਰਨੈਲ ਸਿੰਘ ਇਸ ਬਦਲੇ ਯਥਾਰਥ ਦੇ ਸੰਦਰਭਾਂ ਅਤੇ ਸਥਿਤੀਆਂ ਨੂੰ ਕਹਾਣੀ ਰੂਪਾਕਾਰ ਦੇ ਅਵਚੇਤਨ ਨਾਲ ਇਕਸੁਰ ਕਰਨ ਦੀ ਅਥਾਹ ਸਮਰੱਥਾ ਰੱਖਦਾ ਹੈ। ਕਹਾਣੀ-ਆਲੋਚਕ ਉਸ ਦੀ ਸੰਵਾਦੀ-ਬਿਰਤਾਂਤ ਵਿਧੀ ਨੂੰ ਵਡਿਆਉਂਦੇ ਹਨ, ਠੀਕ ਹੈ ਕਿ ਇਹ ਉਸਦੀ ਕਹਾਣੀ-ਕੌਸ਼ਲਤਾ ਅਤੇ ਪਕਿਆਈ ਦਾ ਵਿਅਕਤੀਗਤ ਪ੍ਰਮਾਣ ਹੈ, ਪਰ ਵੱਡੀ ਪ੍ਰਾਪਤੀ ਮੇਰੀ ਨਜ਼ਰ ਵਿਚ ਇਸ ਸੰਵਾਦ-ਬਿਰਤੀ ਦੇ ਅੰਤਿਮ ਸੱਚ ਪੂੰਜੀਵਾਦ ਅਤੇ ਸਾਮਰਾਜੀ ਧੌਂਸ ਨੂੰ ਫੋਕਸ ਕਰਨਾ ਹੈ। 'ਦੋ ਟਾਪੂ' ਵਿਚ 'ਤਲਾਕ' ਅਤੇ 'ਟਾਵਰਜ਼' ਵਿਚ ਲਾਈਨ-ਅ-ਲੈਵਨ, ਇਸ ਤੋਂ ਉਪਜੀ ਅਫਗਾਨ, ਇਰਾਕ ਲੜਾਈਆਂ ਵਿਚ ਉਹ 'ਜੰਗ ਜਾਂ ਅਮਨ' ਦੀ ਬੁਨਿਆਦੀ ਸੰਰਚਨਾ ਨੂੰ ਬਿਰਤਾਂਤ ਵਿਚ ਢਾਲਣ ਲਈ ਬਹੁ-ਸਭਿਆਚਾਰਕ, ਬਹੁ-ਧਰਮੀ, ਬਹੁ-ਕੌਮੀ ਲੋਕਾਂ ਦੇ ਸੰਵਾਦਾਂ ਤੋਂ ਬਾਅਦ ਇਸ ਗੱਲ ਨੂੰ ਹੀ ਪਰਪੱਕ ਕਰਦਾ ਹੈ ਕਿ –

ਵਿਲੀਅਮ – "ਐਂਬਦੁੱਲ! ਇਰਾਕ ਦੀ ਜੰਗ ਤਾਂ ਮੁੱਕ ਗਈ ਏ। ਪੂਰਾ ਅਮਨ ਚੈਨ ਹੋਣ ਨੂੰ ਕਿੰਨਾ ਕੁ ਚਿਰ ਲੱਗੂ ?"

ਵਿਲੀਅਮ-ਲੜਾਈ ਅਸਲ 'ਚ ਮੁੱਕੀ ਨਹੀਂ ਸ਼ੁਰੂ ਹੋਈ ਐ"। ਇਹ ਜੱਗ ਜ਼ਾਹਰ ਹੋ ਗਿਆ ਹੈ ਕਿ ਅਮਰੀਕਾ ਦੀ ਅੱਖ ਇਰਾਕ ਦੇ ਤੇਲ ਧਨ 'ਤੇ ਸੀ।

(ਟਾਵਰਜ਼ : ਪੰਨਾ-30)

ਵਿਲੀਅਮ ਬਰਬਾਦ ਹੋਏ ਟਾਵਰਜ਼ ਨੇੜੇ ਅਤੇ ਐਂਟਲਾਂਟਿਕ/ਨਿਊਯਾਰਕ ਵਿਚ ਧੀ, ਮੁੰਡੇ ਅਤੇ ਲੋਕਾਂ ਦੀ ਮੌਤ ਦੇ ਦੁਖ ਵਿਚ ਡੁੱਬਿਆ ਨਿਰਾਸ਼, ਉਦਾਸ ਹੈ ਤਾਂ ਉਸ ਸਮੇਂ ਲੋਕਾਂ ਦੇ ਬੋਲ ਸਨ :-

ਪ੍ਰੈਜ਼ੀਡੈਂਟ ਦਾ ਜਹਾਜ਼ ਏ। ਜਾਰਜ ਬੁਸ਼ ਤੇ ਟੋਨੀ ਬਲੇਅਰ ਇਰਾਕ-ਜੰਗ ਦੀ ਜਿੱਤ ਦੇ ਜਸ਼ਨ ਮਨਾਉਂਦੇ..ਆਏ ਹਨ। (ਪੰਨਾ 33)

ਜਹਾਜ਼ ਵੱਲ ਤੱਕਦਿਆਂ ਮੇਰੀਆਂ ਅੱਖਾਂ ਬਲ ਉਠਦੀਆਂ ਨੇ। ਮੁੱਛਾਂ ਮੀਚੀਆਂ ਜਾਂਦੀਆਂ ਨੇ। ਮੇਰੇ ਅੰਦਰ ਤੂਫ਼ਾਨ ਝੂਲ ਪੈਂਦਾ ਏ (ਟਾਵਰਜ਼ : ਪੰਨਾ-33)

ਇਹ ਤੂਫਾਨ ਆਮ ਮਨੁੱਖਾਂ ਦਾ ਧਰਮ, ਕੌਮ, ਅੱਤਵਾਦ ਦੇ ਨਾਮ ਉਤੇ ਜੰਗ-ਛੇੜਨ ਵਾਲਿਆਂ ਵਿਰੁੱਧ ਹੈ। ਜੰਗ ਕਦੇ ਵੀ ਆਮ ਬੰਦੇ ਨੂੰ ਠੀਕ ਨਹੀਂ ਬੈਠਦੀ। ਠੀਕ ਬੈਠਦੀ ਹੈ, ਪੂੰਜੀਪਤੀਆਂ ਨੂੰ, ਜੰਗ ਲਈ ਹਥਿਆਰ ਵੇਚਣ-ਖਰੀਦਣ ਵਾਲਿਆਂ ਨੂੰ ਜਿਵੇਂ ਨਾਈਨ ਅਲੈਵਨ ਜਿੱਥੇ ਵਿਲੀਅਮ ਪਰਿਵਾਰ ਅਤੇ ਹੋਰ ਬਹੁਤ ਲੋਕਾਂ ਲਈ ਬਰਬਾਦੀ ਹੈ ਉਥੇ 'ਐਰਿਕ' ਵਰਗੇ 'ਫੌਜੀ ਅਸਲਾ' ਵੇਚਣ ਦੇ ਕਾਂਟਰੈਕਟ ਦੀਆਂ ਖੁਸ਼ੀਆਂ ਮਨਾਉਂਦੇ ਹਨ। ਪੂੰਜੀਵਾਦ ਦਾ ਮੰਡੀ ਕਲਚਰ ਅਤੇ ਸਾਮਰਾਜੀ ਹਕੂਮਤਾਂ ਵਾਲੇ ਲੋਕਾਂ ਖਿਲਾਫ਼ ਕਹਾਣੀਕਾਰ ਦਾ ਕਹਾਣੀ ਬਿਰਤਾਂਤ ਨਿਸ਼ਚਿਤ ਫੋਕਸ ਕਰਦਾ ਹੈ। ਇਸ ਫੋਕਸ ਨੂੰ ਗਹਿਰਾ ਕਰਨ ਲਈ ਕਹਾਣੀ ਅੰਦਰ ਮੌਜੂਦ ਵਿਭਿੰਨ ਕਹਾਣੀ-ਤੰਦਾਂ ਸਹਾਇਕ ਬਣਦੀਆਂ ਹਨ।



ਇਸ ਵਿਧੀ ਨੂੰ ਡਾ. ਸੁਖਦੇਵ ਖਾਹਰਾ 'Association' ਬਿਰਤਾਂਤ-ਵਿਧੀ ਵਜੋਂ ਵਡਿਆਉਂਦਾ ਹੈ ਕਿ ਇਸ ਪ੍ਰਕਾਰ ਹਰ ਰਚਨਾ ਇਕੋ ਵੇਲੇ ਕਈ ਦ੍ਰਿਸ਼ਟੀ-ਬਿੰਦੂਆਂ ਦਾ ਸਿਰਜਣ ਕਰ ਦੇਂਦੀ ਹੈ। ਇਨ੍ਹਾਂ ਦ੍ਰਿਸ਼ਟੀ-ਬਿੰਦੂਆਂ ਨੂੰ ਇਕ ਦੂਜੇ ਦੇ ਸਨਮੁੱਖ ਇਸ ਪ੍ਰਕਾਰ ਖੜੇ ਕੀਤਾ ਜਾਂਦਾ ਹੈ ਕਿ "ਜੀਵਨ ਦੀ ਵਿਵਿਧ-ਭਾਂਤ ਦੀ ਜਟਿਲਤਾ ਬਾਰੇ ਸੰਵਾਦ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ।" (ਸੰਪਾਦਤ ਪੁਸਤਕ : ਦੀ ਬੈਕਸਾਈਡ ਟਿੱਪਣੀ) ਜਰਨੈਲ ਸਿੰਘ ਦੀ ਇਹ ਕਹਾਣੀ ਜਿਸ ਇਤਿਹਾਸਕ-ਰਾਜਸੀ ਅਵਚੇਤਨ ਨੂੰ ਸੰਵਾਦੀ ਬਿਰਤਾਂਤ ਵਿਚ ਸਿਰਜਦੀ ਹੈ ਨਿਰਸੰਦੇਹ ਉਹ ਯਥਾਰਥ, ਕੇਵਲ ਸਮਕਾਲੀ ਹੀ ਨਹੀਂ ਹੈ ਬਲਕਿ ਜਦੋਂ ਤੱਕ ਗਲੋਬਲੀ ਪੂੰਜੀਵਾਦੀ ਰਹਿਤਲ, ਬਹੁ-ਸਭਿਆਚਾਰਾਂ ਦੇ ਸੰਕਟ ਅਤੇ ਅਮਰੀਕੀ ਧੌਂਸ ਦਾ ਇਤਿਹਾਸ ਵਿਚ ਜ਼ਿਕਰ ਹੋਵੇਗਾ, ਉਦੋਂ ਤੱਕ ਇਹ ਕਹਾਣੀ ਵੀ ਅਜਿਹੀ ਬਹੁ-ਭਾਂਤ ਵਿਕਰਾਲ ਵਿਸ਼ਵ-ਵਿਆਪੀ ਸਥਿਤੀਆਂ ਦਾ ਸਾਹਿਤ ਦੇ ਰੂਪ ਵਿਚ ਸਾਂਭਿਆ ਗਿਆ 'ਮਾਨਸ-ਵਿਗਿਆਨ' ਹੈ। ਇਕ ਅਭੁੱਲ ਰਚਨਾ ਹੈ। ਇਕ ਅਭੁੱਲ ਅਤੇ ਗਹਿਰੇ ਜ਼ਖਮੀ ਅਹਿਸਾਸ ਦੀ ਦੁਖਦੀ ਹੋਈ ਪੀੜ ਹੈ। ਇਸ ਪੀੜ ਨੂੰ ਅਮਰੀਕੀਆਂ, ਗੈਰ-ਅਮਰੀਕੀਆਂ ਸਾਰਿਆਂ ਨੇ ਮਾਨਵੀ ਸੁਰ ਵਿਚ ਮਹਿਸੂਸ ਕੀਤਾ ਹੈ। ਇਹ ਇਕ ਵਕਤੀ ਘਟਨਾ ਨਹੀਂ ਹੈ।

ਸੋ ਜਰਨੈਲ ਸਿੰਘ ਚੌਥੀ ਪੀੜ੍ਹੀ ਦਾ ਉਹ ਕਹਾਣੀਕਾਰ ਹੈ ਜੋ ਇਸ ਪੜਾਅ ਦੇ ਕਹਾਣੀਕਾਰਾਂ ਵਿਚ 'ਕਾਮੁਕ ਵਰਜਨਾਵਾਂ' ਨਾਲੋਂ ਇਤਿਹਾਸਕ-ਰਾਜਸੀ ਅਵਚੇਤਨ ਦੇ ਸੰਵਾਦ ਦੀਆਂ ਪ੍ਰਤੀਧੁਨੀਆਂ ਦਾ ਸਿਰਜਕ ਕਹਾਣੀਕਾਰ, ਕਹਿਣਾ ਉਚਿਤ ਹੈ। ਇਹ ਪ੍ਰਤੀਧੁਨੀਆਂ ਤਕਨੀਕ ਅਤੇ ਅਭਿਆਸ ਦਾ ਕਹਾਣੀ-ਪ੍ਰਯੋਗ ਨਹੀਂ ਸਗੋਂ ਵਿਸ਼ਵਵਿਆਪੀ ਉਹ ਸਥਿਤੀਆਂ, ਹਾਲਾਤ, ਅਹਿਸਾਸਾਂ ਦਾ ਸਿਰਜਣਾਮਈ ਅਤੇ ਚਿੰਤਨਮੂਲਕ ਬਿਰਤਾਂਤ ਹੈ, ਜੋ ਧਰਤੀ ਅਤੇ ਲੋਕਾਂ ਨਾਲ ਜੁੜੀਆਂ ਸਦੀਵੀ 'ਜੰਗ ਜਾਂ ਅਮਨ' ਵਰਗੀ ਸੰਰਚਨਾ ਦਾ ਗਹਿਰਾ 'ਸਮੱਸਿਆਕਾਰ' ਹੈ। ਇਸ 'ਸਮੱਸਿਆਕਾਰ' ਦਾ ਮਹਾਂਭਾਰਤ, ਜ਼ਿੰਦਗੀ ਅਤੇ ਮੌਤ ਨੂੰ ਗਲੋਬਲੀ ਸੰਦਰਭ ਵਿਚ ਲੜਨ ਵਾਲਾ ਹੈ।

ਬਾਹਰਮੁਖੀ ਸਮਾਜੀ-ਸਭਿਆਚਾਰਕ ਅਵਚੇਤਨ ਤੋਂ ਬਿਨਾਂ ਚੌਥੀ ਪੀੜ੍ਹੀ ਵਿਚ ਉਹ ਕਹਾਣੀਕਾਰ ਅਤੇ ਕਹਾਣੀਆਂ ਵੀ ਭਾਰੂ ਹਨ, ਜਿਹਨਾਂ ਨੂੰ ਪਾਪੂਲਰ ਕਰਨ ਵਿਚ 'ਵਰਜਨਾਵਾਂ' ਅਤੇ ਕਾਮ-ਪ੍ਰਵਿਰਤੀ ਦੀਆਂ ਕਹਾਣੀਆਂ ਕਰਕੇ ਜਾਣਿਆ ਜਾਂਦਾ ਹੈ। ਪਰ ਇਹ ਉਹ ਕਹਾਣੀਆਂ ਵੀ ਹਨ ਜਿਹਨਾਂ ਵਿਚ ਕਾਮ 'ਬਿਮਾਰ ਮਾਨਸਿਕਤਾ' ਬਣ ਕੇ ਨਹੀਂ ਬਲਕਿ ਸਮਾਜ-ਸਭਿਆਚਾਰ ਵਿਚ ਇਸ ਦੀਆਂ ਦਮਨਸ਼ੀਲ ਰੁੱਚੀਆਂ ਅਤੇ ਟਕਰਾਅ ਕਰਕੇ ਨਾ ਕੇਵਲ ਵਿਸਫੋਟਕ ਬਣਦਾ ਹੈ ਸਗੋਂ ਜ਼ਿੰਦਗੀ ਦੀ ਇਕ ਅਨਿਵਾਰੀ ਚਾਲਕ ਸ਼ਕਤੀ, ਪ੍ਰੇਰਣਾ ਅਤੇ ਸੱਚ ਦੇ ਕੋਣ ਤੋਂ ਮਾਨਸ ਵਿਗਿਆਨਕ ਬਣ ਕੇ ਉਭਰਦਾ ਹੈ। ਇਸ ਉਭਾਰ ਵਿਚ ਇਹ ਧਰਮ, ਸਮਾਜ, ਰਿਸ਼ਤਿਆਂ ਦੇ ਨਾਲ ਟਕਰਾਅ ਕੇ ਇਕ 'ਸੰਗਚਾਰਿਤਾ' ਵੱਲ ਹੀ ਵੱਧਦਾ ਹੈ। ਸੂਰਜ ਦੀ ਪਿੱਠ ਨਹੀਂ ਹੁੰਦੀ, ਯੁੱਧ ਖੇਤਰ (ਬਲਵਿੰਦਰ ਸਿੰਘ ਗਰੇਵਾਲ)', ਅੰਤਰਾ, (ਸੁਖਜੀਤ), ਵਿਚਲੀ ਔਰਤ, ਹੈਲੋ ਮੈਂ ਕਿੱਟੀ ਬੋਲ ਰਹੀ ਹਾਂ (ਤਲਵਿੰਦਰ ਸਿੰਘ), ਕੀੜਾ (ਭਗਵੰਤ ਰਸੂਲਪੁਰੀ), ਚੀਕ (ਦੇਸਰਾਜ ਕਾਲੀ), ਮੱਛੀਆਂ ਕੱਚ ਦੀਆਂ, ਖਿੰਡਿਆ ਆਦਮੀ (ਨਿਰਮਲ ਜਸਵਾਲ), ਘਰ (ਸਕੀਰਤ) ਅਤੇ ਵੀਨਾ ਵਰਮਾ ਦੀਆਂ ਕਈ ਕਹਾਣੀਆਂ ਇਸ ਪ੍ਰਸੰਗ ਵਿਚ ਚਰਚਾਯੋਗ ਹਨ। ਸੂਰਜ ਦੀ ਪਿੱਠ ਨਹੀਂ ਹੁੰਦੀ, ਅੰਤਰਾ ਅਤੇ ਨੰਗੇਜ਼ ਅਜਿਹੀਆਂ ਕਹਾਣੀਆਂ ਹਨ, ਜਿਹਨਾਂ ਵਿਚ ਕਾਮ ਦੀ ਜੁਗਤ ਅਤੇ ਸੰਰਚਨਾ ਰਾਹੀਂ ਵੱਖੋ-ਵੱਖਰੇ ਸਮਾਜੀ-ਸੰਦਰਭਾਂ ਦੀ ਬਿਰਤਾਂਤਕਾਰੀ ਹੋਈ ਹੈ। 'ਨੰਗੇਜ਼' ਵਿਚ ਗਿਆਨੀ ਅਤੇ ਹਰਬੰਸ ਕੌਰ ਰਾਹੀਂ ਕਲਜੋਗਣ/ਭੋਗਣ ਅਤੇ ਜੋਗੀਆਂ ਵਰਗੇ ਭਗਤ ਬੰਦੇ ਦੀ ਦੁਵੱਲੇ ਵਿਰੋਧ ਰਾਹੀਂ ਧਰਮ ਅਤੇ ਕਾਮ ਦੀ, ਪਛਾਣ/ਪ੍ਰਵਾਨਗੀ ਅਤੇ ਬੇਪਛਾਣ/ਅਪ੍ਰਵਾਨਗੀ ਦੇ ਅੰਦਰਲੇ ਪਹਿਲੂਆਂ ਦੀ ਮਾਨਸਿਕਤਾ ਨੂੰ ਫੋਕਸ ਕੀਤਾ ਗਿਆ ਹੈ। ਗਿਆਨੀ ਦੀ ਧਾਰਮਿਕ ਬਿਰਤੀਆਂ ਵਿਚ ਛੁਪੀ ਕਾਮੁਕਤਾ ਜੋ ਨਜ਼ਰ ਨਹੀਂ ਆਉਂਦੀ ਪਰ ਹਰਬੰਸ ਕੌਰ ਦੀ ਵਿਵਰਜਿਤ ਸਬੰਧਾਂ ਵਿਚਲੀ ਲੋਕ-ਸੇਵਾ ਰਾਹੀਂ ਪ੍ਰਚਲਿਤ ਅਤੇ ਦ੍ਰਿਸ਼ਟੀਗੋਚਰ ਕਾਰਜ ਦੀਆਂ ਬਹੁ-ਆਵਾਜ਼ਾਂ ਸੁਣਦੀਆਂ ਹਨ ਪਰ ਸਿੰਘਣੀ ਬਣ ਜਾਣ ਦੇ ਬਾਅਦ ਇਸ ਤੋਂ ਉਹ

ਮੁਕਤ ਹੈ, ਇਹ ਇਕ ਤਿਲਕਵੀਂ ਸਥਿਤੀ ਹੈ। ਇਕ ਹੀ ਸਥਿਤੀ ਅਤੇ ਦਸ਼ਾ ਦੀ ਦੋ ਕੋਣਾਂ ਤੋਂ ਪੇਸ਼ਕਾਰੀ ਹੈ। ਇਹਨਾਂ ਦੋ ਕੋਣਾਂ ਵਿਚ ਹੀ ਬੰਸੋ ਦੀ ਬੀਤੀ ਅਤੇ ਵਰਤਮਾਨ ਜ਼ਿੰਦਗੀ ਦੇ ਹਵਾਲੇ ਅਤੇ ਪ੍ਰਸੰਗ ਨਿਰੀ ਕਾਮੁਕਤਾ ਤੱਕ ਸੀਮਤ ਨਾ ਰਹਿ ਕੇ ਅਵਚੇਤਨੀ ਸਰੋਕਾਰ ਬਣ ਜਾਂਦੇ ਹਨ। ਇੱਕ ਪ੍ਰਸੰਗ ਬੰਸੋ ਦਾ ਸਿੰਘਣੀ ਬਣਨ ਤੋਂ ਪਹਿਲਾਂ ਦਾ ਅਤੇ ਇਕ ਬਾਅਦ ਵਾਲਾ ਹੈ। ਬੰਸੋ ਦੇ ਪਾਤਰ ਚਿਤਰਣ ਦੇ ਪਿਛੋਕੜ ਵਿਚੋਂ ਇਕ ਲੋਕਧਾਰਾਈ ਧੁਨੀ ਕਿ "ਬਿੱਲੀ ਨੌਂ ਸੌ ਚੂਹੇ ਖਾ ਕੇ ਹੱਜ ਨੂੰ ਚਲੀ" ਪ੍ਰਤੀ ਧੁਨੀ ਬਣ ਕੇ ਗੂੰਜਦੀ ਹੈ, ਜਿਸ ਦਾ ਭਾਵੇਂ ਜ਼ਿਕਰ ਨਹੀਂ ਹੈ। ਦੂਜਾ ਇਹ ਕਿ ਬੰਦਾ ਸਦਾ ਇਕੋ ਜਿਹਾ, ਇਕ ਹੀ ਸੱਚ ਵਿਚ ਨਹੀਂ ਜਿਉਂਦਾ, ਜ਼ਿੰਦਗੀ ਦੇ ਬਦਲਦੇ ਪੜਾਵਾਂ 'ਚ ਉਹ ਵੀ ਬਦਲਦਾ ਹੈ, ਪਰ ਦੂਜਿਆਂ ਦੀ ਦ੍ਰਿਸ਼ਟੀ ਉਸ ਬਾਰੇ ਸਥਿਰ ਹੋ ਚੁੱਕੀ ਹੁੰਦੀ ਹੈ। ਜਿਵੇਂ ਗਿਆਨੀ ਬਾਰੇ ਗਿਆਨ-ਧਿਆਨ ਦੀ ਦ੍ਰਿਸ਼ਟੀ ਬਣ ਚੁੱਕੀ ਹੈ ਅਤੇ ਜਦੋਂ ਕਿ ਬੰਸੋ ਬਾਰੇ ਬਦਚਲਣ ਔਰਤ ਦੀ। ਕਹਾਣੀ-ਪਾਠ ਇਸ ਬਣੀ-ਬਣਾਈ ਸੋਚ ਅਤੇ ਦ੍ਰਿਸ਼ਟੀ ਦੇ ਗੇਜ਼ ਨੂੰ ਅਧੂਰਾ, ਊਣਾ ਮੰਨਦਾ, ਇਸ ਬਾਰੇ ਅੰਤਿਮ ਸੱਚ ਨੂੰ ਝੂਠਾ ਅਤੇ ਅਧੂਰਾ ਸੱਚ ਬਿਰਤਾਂਤਣ ਵਿਚ ਹੈ। ਸੂਰਜ ਦੀ ਪਿੱਠ ਨਹੀਂ ਹੁੰਦੀ, ਯੁੱਧ ਖੇਤਰ ਅਤੇ ਬੋਨਸ ਵਿਚ ਉਸ ਕਾਮੁਕ ਵੇਗ ਦਾ ਸੱਚ ਅਤੇ ਹੜ੍ਹ ਹੈ ਜੋ ਬੰਦੇ ਦੇ ਚੇਤਨ ਮਨ ਨਾਲ ਕੀਤੇ ਜੀਵਨ-ਜੁਗਾੜਾਂ/ਨਿਰਬਾਹਾਂ ਦੇ ਗਿਆਨ ਅਤੇ ਰਿਸ਼ਤਿਆਂ ਦੀ ਸੋਝੀ ਨੂੰ ਤਹਿਸ ਨਹਿਸ ਕਰ ਦਿੰਦਾ ਹੈ। ਕਿਉਂਕਿ ਬੰਦਾ "ਆਪਣੀਆਂ ਭਾਵਨਾਵਾਂ ਨੂੰ ਰਿਸ਼ਤਿਆਂ ਦੀ ਵਾੜ" ਨਹੀਂ ਕਰ ਸਕਦਾ। ਰਿਸ਼ਤੇ ਅਤੇ ਸੰਬੋਧਨ ਹਮੇਸ਼ਾਂ ਹੀ ਆਪਸ ਵਿਚ ਉਲਝ ਜਾਂਦੇ ਹਨ। (ਯੁੱਧ ਖੇਤਰ-ਪੰਨਾ 56) ਇਹ ਕਹਾਣੀਆਂ ਰਿਸ਼ਤਿਆਂ ਦੇ ਅਵਚੇਤਨੀ ਅਤੀਤ ਅਤੇ ਵਰਤਮਾਨ ਲੋੜਾਂ ਵਿਚ ਇਸ ਅਤੀਤ ਦੇ ਬਦਲਦੇ ਅਰਥਾਂ ਦੀ ਪੀੜ ਦਾ ਇਕ ਬਦਲਦਾ ਯੁੱਧ-ਖੇਤਰ ਅਤੇ ਮਹਾਂਭਾਰਤ ਹੈ। ਜਿਸ ਵਿਚ ਜਿਉਣ, ਜਿੱਤਣ ਲਈ ਨਵੀਂ ਤਰ੍ਹਾਂ ਦੀਆਂ ਮਾਨਸਿਕ ਤਿਆਰੀਆਂ ਕਰਨੀਆਂ ਪੈ ਰਹੀਆਂ ਹਨ। ਨਵੀਂ ਮਾਨਸਿਕ ਤਿਆਰੀ ਵਿਚ ਹੀ, ਨਵਾਂ ਅਵਚੇਤਨ ਬਣ ਰਿਹਾ ਹੈ ਜੋ ਰਿਸ਼ਤਿਆਂ ਅਤੇ ਭਾਵਨਾਵਾਂ ਦੀਆਂ ਨਵੀਆਂ ਪ੍ਰਤੀਧੁਨੀਆਂ ਬਣ ਕੇ ਉਭਰਿਆ ਹੈ। 'ਸੂਰਜ ਦੀ ਪਿੱਠ ਨਹੀਂ ਹੁੰਦੀ' ਵਿਚ ਇਹ ਉਭਾਰ 'ਸੱਤੇ' ਅਤੇ 'ਖੁਸ' ਰਾਹੀਂ ਡਾਇਵੋਰਸ ਫਾਰਮ ਟੁਕੜੇ-ਟੁਕੜੇ ਹੋ ਜਾਣ ਵਿਚ ਹੈ। 'ਅੰਤਰਾ' ਕਹਾਣੀ ਵਿਚ ਕਾਮ, ਮੌਤ, ਅਧਿਆਤਮ, ਮੰਡੀ, ਮੁਕਾਬਲਾ, ਦੋ ਧਰੁਵੀ ਜੰਗ ਦਾ ਖਾਤਮਾ ਅਤੇ ਇਕ ਧਰੁਵੀ ਯਥਾਰਥ ਵਿਚ ਉਭਰਦੇ ਨਵੇਂ ਆਤਮ ਅਤੇ ਅਵਚੇਤਨੀ ਸੰਸਾਰ ਦਾ ਬਿਰਤਾਂਤ ਹੈ। ਇਸ ਕਹਾਣੀ ਨਾਲ ਹੀ ਸੁਖਜੀਤ ਪੰਜਾਬੀ ਕਹਾਣੀ ਵਿਚ ਇਕ ਸਥਾਪਤ ਕਹਾਣੀਕਾਰ ਬਣ ਜਾਂਦਾ ਹੈ। ਇਸ ਤੋਂ ਬਾਅਦ ਕਈ ਕਹਾਣੀਆਂ ਛਪੀਆਂ ਅਤੇ ਚਰਚਾ ਹੋਈ, ਹਰ ਕਹਾਣੀ ਨਾਲ ਉਸ ਨੇ ਆਪਣੀ ਪਹਿਲਾਂ ਬਣੀ ਪਛਾਣ ਨੂੰ ਵਿਸਥਾਪਤ ਕਰਕੇ ਆਪਣੀ ਕਹਾਣੀ ਸਿਰਜਣਯੋਗਤਾ ਦਾ ਪ੍ਰਮਾਣ ਦਿੱਤਾ ਹੈ। 'ਅੰਤਰਾ' ਅਜਿਹੀ ਕਹਾਣੀ ਹੈ ਜਿਸ ਨੂੰ ਕਿਸੇ ਵੀ ਇਕ ਪਹਿਲੂ ਤੇ ਕੇਂਦਰਿਤ ਨਹੀਂ ਕੀਤਾ ਜਾ ਸਕਦਾ ਜਿਵੇਂ ਮੌਤ, ਕਾਮ, ਦੇਹ, ਮੰਡੀ, ਕਾਮਨਾ ਅਤੇ ਔਰਤ ਸਾਇਕੀ ਆਦਿ ਪਹਿਲੂ ਇਸ ਕਹਾਣੀ ਵਿਚ ਸੰਵਾਦ ਬਣਦੇ ਹਨ। ਬੜੇ ਰੱਹਸਾਤਮਕ ਢੰਗ ਰਾਹੀਂ ਲੱਗਦਾ ਹੈ ਕਿ ਕਹਾਣੀ ਮੌਤ ਰਾਹੀਂ ਭਾਰਤੀ ਮਿਥਿਹਾਸ, ਇਤਿਹਾਸ, ਵਰਤਮਾਨ ਅਤੇ ਭਵਿੱਖ ਦੀਆਂ ਪਰਤਾਂ ਦ੍ਰਿਸ਼ਟੀਗੋਚਰ ਕਰਦੀ ਹੈ। ਇਸ ਕਹਾਣੀ ਬਾਰੇ ਡਾ. ਰਵਿੰਦਰ ਕੁਮਾਰ ਦੀ ਪੜ੍ਹਤ ਦਾ ਹਵਾਲਾ ਦੇਣਾ ਉਚਿਤ ਹੈ ਕਿ :

"ਵਿਵੇਕ ਵਰਗੇ ਵਿਅਕਤੀ ਜੋ ਬਜ਼ਾਰ ਕੇਂਦਰਿਤ ਮੁਕਾਬਲੇ ਭਵਿੱਖਮੁਖੀ ਮਾਨਸਿਕਤਾ ਦੀ ਪ੍ਰਤਿਨਿੱਧਤਾ ਕਰਦੇ ਹਨ.....ਇਨ੍ਹਾਂ ਦਾ ਪਿਛੋਕੜ ਤਾਂ ਹੁੰਦਾ ਹੈ ਪਰ ਇਨ੍ਹਾਂ ਦਾ ਉਸ ਨਾਲ ਕੋਈ ਵਾਸਤਾ ਨਹੀਂ ਹੁੰਦਾ।....ਕੁਮਾਰ ਵਰਗੇ ਜ਼ਿੰਦਗੀ ਦੇ ਬੁਨਿਆਦੀ ਸਵਾਲਾਂ ਦੀ ਖੋਜ ਨਾਲ ਜੁੜੇ ਹੋਏ...ਮੋਹ ਪਿਆਰ 'ਚ ਗੜੁੱਚ ਹਨ।

....ਪਰ ਅੰਤਰਾ, ਜੋ ਵਰਤਮਾਨਮੁਖੀ ਹੈ, ਆਨੰਦ ਤੇ ਸੁਹੱਪਣ ਜਿਸ ਦਾ ਆਸ਼ਾ ਹੈ।

(ਰਚਨਾ ਵਿਰਚਨਾ : ਪੰਨਾ -39)



ਡਾ. ਰਵੀ ਕਹਾਣੀ ਦੇ ਪਾਤਰਾਂ, ਪਰਿਸਥਿਤੀਆਂ, ਕਾਰਜ ਦੇ ਜਰੀਏ, ਇਹ ਸਿੱਧ ਕਰਦਾ ਹੈ ਕਿ ਕਹਾਣੀ ਕੇਵਲ ਸਦੀਵੀ/ਸਥਾਈ ਮੌਤ ਦੀ ਗੱਲ/ਘਟਨਾ/ਬਿਰਤਾਂਤ ਨਹੀਂ ਸਗੋਂ ਇਸ ਰਾਹੀਂ ਅਤੀਤ, ਵਰਤਮਾਨ ਅਤੇ ਭਵਿੱਖ ਦੀਆਂ ਪਰਿਸਥਿਤੀਆਂ ਚਿਹਨਕੀ-ਅਮਲ ਰਾਹੀਂ ਅਰਥ-ਉਤਪਾਦਨ ਕਰ ਰਹੀਆਂ ਹਨ। ਭਾਵ ਤਿੰਨ ਪਾਤਰ ਪ੍ਰਤੀਕਰਨ ਜਿਵੇਂ -

"ਸਾਡਾ ਵਿਵੇਕ ਬਾਜ਼ਾਰ ਨਾਲ ਸੰਬੰਧਤ ਹੈ ਤੇ ਕੁਮਾਰ ਕਲਾ ਨਾਲ । ਅੰਤਰਾ ਦਾ ਸਬੰਧ ਕਲਾ ਤੇ ਬਜ਼ਾਰ ਨਾਲ ਹੈ। ਉਹ ਜਾਣਦੀ ਹੈ ਕਿ ਕਲਾ ਦਾ ਮੁੱਲ ਬਾਜ਼ਾਰ ਵਿਚ ਕਿਸ ਤਰ੍ਹਾਂ ਵਟਿਆ ਜਾ ਸਕਦਾ ਹੈ। ਦੋਹਾਂ ਦੀਆਂ ਕੀਮਤਾਂ ਤੋਂ ਵਾਕਫ਼ ਹੈ। (ਉਹੀ ਪੰਨਾ 48)

ਇੰਜ ਇਹ ਕਹਾਣੀ ਇਕ ਜਟਿਲ ਸੰਵਾਦ ਹੈ। ਬਹੁ-ਪਰਤੀ ਹੈ। ਇਸ ਪੜ੍ਹਾਅ ਦੀਆਂ ਇਹ ਉਹ ਕਹਾਣੀਆਂ ਹਨ ਜੋ ਨਾ ਨਿਰੋਲ ਬਾਹਰਮੁੱਖੀ ਵਸਤੂ-ਯਥਾਰਥ ਹਨ, ਨਾ ਨਿਰੋਲ ਅੰਤਰਮੁੱਖੀ ਯਥਾਰਥ ਹਨ। ਬਲਕਿ ਦੋਹਾਂ ਯਥਾਰਥਾਂ ਦੀਆਂ ਕਸ਼ਮਕਸ਼ ਹਨ। ਇਸ ਕਰਕੇ ਹੀ ਇਹ ਕਹਾਣੀਆਂ ਮਕਬੂਲ ਵੀ ਹੋਈਆਂ ਹਨ ਅਤੇ ਅਨੇਕਾਂ ਹੋਰ ਕਹਾਣੀਆਂ ਅਤੇ ਕਹਾਣੀਕਾਰਾਂ ਦੀ ਆਮਦ ਦੇ ਬਾਵਜੂਦ ਹੋਣ ਤੇ ਵੀ ਇਹਨਾਂ ਕਹਾਣੀਆਂ ਦੇ ਲੇਖਕਾਂ ਦੀ ਨਿਆਰੀ ਪਛਾਣ ਹਨ ਜਾਂ ਉਸ ਨਾਲ ਜੁੜ ਚੁੱਕੀਆਂ ਹਨ। ਬਾਹਰੀ ਅਤੇ ਆਂਤਰਿਕ ਯਥਾਰਥ ਨੂੰ ਸਮੁੱਚ ਵਿਚ ਸਿਰਜਣ ਕਰਕੇ ਇਹ ਕਹਾਣੀਆਂ, ਤੀਜੇ ਪੜ੍ਹਾਅ ਦੇ ਕਹਾਣੀਕਾਰਾਂ ਅਤੇ ਕਹਾਣੀਆਂ ਨਾਲੋਂ 'ਪੈਰਾਡਾਈਮ' ਨੂੰ ਸ਼ਿਫਟ ਕਰਨ ਵਾਲੀਆਂ ਨਿਵੇਕਲੀਆਂ ਹਨ। ਇਹ ਕਾਮ ਜਾਂ ਵਿਚਾਰਧਾਰਾਵਾਂ ਦੇ ਇਕਹਿਰੇ ਜਸ਼ਨਾਂ ਨਾਲੋਂ ਸਥਿਤੀਆਂ ਵਿਚੋਂ ਉਪਜੀ ਪੀੜਾ-ਮੋਹ ਅਤੇ ਦਰਦ ਦੇ ਸੰਤਾਪ ਦੇ ਬਦਲਦੇ ਮੁਹਾਂਦਰਿਆਂ ਵਿਚ ਮਨੁੱਖੀ ਅਹਿਸਾਸਾਂ ਅਤੇ ਸੋਚ ਨੂੰ ਸੁੰਨ ਕਰਨ ਵਾਲਾ ਚਿੰਤਨ ਅਤੇ ਸਿਰਜਣ ਹੈ। ਇਸ ਪੀੜ੍ਹੀ ਵਿਚ 'ਕਾਮ ਦਾ ਤਾਂਡਵ ਨਾਚ' ਕਰਨ ਵਾਲੇ ਹੋਰ ਬਿਰਤਾਂਤ ਔਰਤ ਕਹਾਣੀ ਲੇਖਨ ਵਿਚ ਵੀ ਮੌਜੂਦ ਹਨ। ਜਿਹਨਾਂ ਵਿਚ ਔਰਤ ਬੰਦੇ ਹੱਥੋਂ ਠੰਗੀ ਜਾਣ ਦੀਆਂ ਪ੍ਰਚਲਿਤ ਧਾਰਨਾਵਾਂ ਅਤੇ ਸੰਰਚਨਾਵਾਂ ਤੋਂ ਬਾਹਰ ਆ ਕੇ ਆਪ ਵੀ ਬੰਦੇ ਨੂੰ ਭੋਗਣ ਦੀ ਲੀਲਾ ਰਚਦੀਆਂ ਇਕਬਾਲੀਆ ਬਿਆਨ ਕਰਦੀਆਂ, ਬਰਾਬਰ ਦੀਆਂ ਭਾਗੀਦਾਰ ਬਣਦੀਆਂ ਹਨ। ਖਿੰਡਿਆ ਆਦਮੀ (ਨਿਰਮਲ ਜਸਵਾਲ), ਬੱਸ ਹੁਣ ਤੂੰ ਸੌਂ ਜਾਈਂ, ਆਤਮ-ਪੁਰਾਣ (ਜਿੰਦਰ), ਕਸ਼ਮਕਸ਼ (ਬਲਦੇਵ ਢੀਂਡਸਾ) ਆਦਿ ਹਨ। ਕੀੜ੍ਹਾ (ਭਗਵੰਤ ਰਸੂਲਪੁਰੀ) ਅਤੇ ਕਾਮਬਲੀ (ਸੁਖਜੀਤ) ਇਸ ਕਾਮੁਕ-ਪ੍ਰਵਿਰਤੀ ਦੀ ਪੀੜੀ ਪਕੜ ਦੇ ਸੱਚ ਨੂੰ ਹੀ ਮੂਰਤੀਮਾਨ ਕਰਦੀਆਂ ਹਨ ਜਿਵੇਂ 'ਧੀਰਾ' (ਯੁੱਧ ਖੇਤਰ) ਇਸ ਸੱਚ ਵਿਚ ਫਸਿਆ ਅੰਤ ਮੌਤ ਨੂੰ ਚੁਣਦਾ ਹੈ।

ਅੰਤ ਵਿਚ ਇਹਨਾਂ ਕਹਾਣੀਆਂ ਦੇ ਅਧਿਐਨ ਤੋਂ ਇਹ ਕਹਿਣਾ ਉਚਿਤ ਜਾਪਦਾ ਹੈ ਕਿ ਇਹ ਕਹਾਣੀਆਂ (ਕਤਲ, ਤੁਸੀਂ ਨਹੀਂ ਸਮਝ ਸਕਦੇ, ਖੂਹ ਖਾਤੇ, ਘਰ ਦਾ ਜੀਅ, ਦੋ ਟਾਪੂ, ਟਾਵਰਜ਼, ਯੁੱਧ ਖੇਤਰ, ਸੂਰਜ ਦੀ ਪਿੱਠ ਨਹੀਂ ਹੁੰਦੀ, ਅੰਤਰਾ, ਕਾਮਬਲੀ) ਨਵੇਂ ਪੜਾਅ ਅਤੇ ਪੀੜ੍ਹੀ ਵਿਚ ਯਾਦਯੋਗ ਕਹਾਣੀਆਂ ਬਣ ਚੁੱਕੀਆਂ ਹਨ, ਕਿਉਂਕਿ ਇਹ ਕੇਵਲ ਵਰਜਿਤ ਅਤੇ ਕਾਮ-ਪ੍ਰਵਿਰਤੀ ਦੀਆਂ ਕਹਾਣੀਆਂ ਨਹੀਂ ਸਗੋਂ ਆਪਣੇ ਇਤਿਹਾਸਕ-ਸਮਾਜੀ ਅਵਚੇਤਨ ਦੀਆਂ ਪ੍ਰਤਿਧੁਨੀਆਂ ਦਾ ਸੰਵਾਦ ਹਨ। ਕਿਸੇ ਇਕ ਵਾਦ, ਵਿਚਾਰਧਾਰਾ ਨਾਲੋਂ ਭਿੰਨ ਇਹ ਕਹਾਣੀਆਂ ਅਤੇ ਕਹਾਣੀਕਾਰ, ਇਸ ਪੜ੍ਹਾਅ ਦੇ ਹਰ ਵਰਗ, ਹਰ ਪਹਿਲੂ, ਹਰ ਸੋਚ, ਹਰ ਛਿਣ ਨੂੰ ਬਿਰਤਾਂਤ ਵਿਚ ਸਪੇਸ ਦਿੰਦੇ ਹਨ ਜਿਸ ਕਰਕੇ ਨਾ ਕੇਵਲ ਪੜ੍ਹਾਅ ਬਲਕਿ ਇਕ ਹੀ ਕਹਾਣੀਕਾਰ ਤੀਜੀ ਪੀੜ੍ਹੀ ਦੀ ਰੂੜੀਆਂ ਨੂੰ ਵੀ ਅੱਗੇ ਤੋਰਦਾ ਹੈ, ਨਾਲ ਹੀ ਸਮਕਾਲ ਦੇ ਬੋਧ-ਯਥਾਰਥ ਦੀ ਪੇਸ਼ਕਾਰੀ ਲਈ ਦਲਿਤ, ਕਿਸਾਨੀ, ਔਰਤ, ਮਾਨਸਿਕਤਾ, ਇਤਿਹਾਸ ਅਤੇ ਸਾਮਰਾਜ ਦੀਆਂ ਸੰਰਚਨਾਕਾਰੀਆਂ ਵੀ ਕਰਦਾ ਹੈ। ਇਸ ਸੰਰਚਨਾਕਾਰੀ ਵਿਚ ਨਾ ਨਿਰੋਲ 'ਬਿਮਾਰ ਮਾਨਸਿਕਤਾ' ਦੇ ਰੱਹਸਾਂ ਦੀ ਪ੍ਰਕਿਰਮਾ ਹੈ, ਨਾ ਨਿਰੋਲ ਨਿਸ਼ਚਿਤ ਵਿਚਾਰਧਾਰਾਵਾਂ/ਸੋਚਾਂ ਦਾ ਸਿਮਰਨ ਹੈ। ਇਹ ਕਹਿ ਦੇਣਾ ਕਿ ਇਸ ਦੌਰ ਵਿਚ ਬਾਹਰੀ ਯਥਾਰਥ ਦੀ ਨਿਸ਼ਚਿਤਾ ਨਾਲੋਂ ਅਨਿਸ਼ਚਿਤਾਵਾਂ ਦਾ ਬਿਰਤਾਂਤ ਹੈ, ਉਚਿਤ ਨਹੀਂ। ਕਿਉਂਕਿ ਤੁਸੀਂ

ਨਹੀਂ ਸਮਝ ਸਕਦੇ, ਘਰ ਦਾ ਜੀਅ, ਟਾਵਰਜ਼ ਅਜਿਹੀਆਂ ਕਹਾਣੀਆਂ ਹਨ ਜਿਹਨਾਂ ਵਿਚ 'ਬਾਹਰਮੁੱਖੀ ਸਮਕਾਲੀ ਯਥਾਰਥ ਦਾ ਸੰਵਾਦ' , 'ਅਮੀਰੀ-ਗਰੀਬੀ' ਅਤੇ 'ਸਾਮਰਾਜ' ਦੀਆਂ ਬਿਰਤੀਆਂ ਨੂੰ ਨੰਗਿਆਂ ਕਰਨ ਵਾਲਾ ਹੈ। ਇਸ ਕੜੀ ਵਿਚ ਕਾਰਗਿਲ (ਬਲਦੇਵ ਧਾਲੀਵਾਲ), ਵੀਹਾਂ ਦਾ ਨੋਟ (ਅਮਨਪਾਲ ਸਾਰਾ) ਹੋਰ ਵਿਚਾਰਣਯੋਗ ਕਰਦੀਆਂ ਹਨ। ਇੰਜ ਹੀ ਪਾਤਸ਼ਾਹ (ਸੁਖਜੀਤ), ਖੰਡੇ ਦੀ ਧਾਰ (ਬਲਵਿੰਦਰ ਗਰੇਵਾਲ), ਗਲੀ ਨੰਬਰ ਕੋਈ ਨਹੀਂ (ਅਨੇਮਨ ਸਿੰਘ) ਅਤੇ ਬਲਬੀਰ ਪਰਵਾਨਾ ਦੀ 'ਤਰਸੇਵਾਂ' ਵਰਗੀਆਂ ਕਹਾਣੀਆਂ ਚਰਚਾ ਦੀ ਮੰਗ ਕਰਦੀਆਂ ਹਨ। ਜਿਵੇਂ 'ਕੋਈ ਇਕ ਸਵਾਰ' ਵਿਚ ਧੀਰ ਨੇ ਮਸ਼ੀਨੀਕਰਨ ਅਤੇ ਪੂੰਜੀਵਾਦ ਦੇ ਆਰੰਭਿਕ ਤਨਾਉ ਵਿਚੋਂ ਉਪਜੀ ਪੀੜ ਨੂੰ ਸਿਰਜਿਆ ਸੀ, ਇੰਝ ਹੀ 'ਤਰਸੇਵਾਂ' ਵੀ ਨਵ-ਪੂੰਜੀਵਾਦੀ ਦੀ ਬਹੁ-ਰਾਸ਼ਟਰੀ ਕੰਪਨੀਆਂ ਵਿਚ ਬੰਦੇ ਦੀ ਦੁਰਗਤੀ ਅਤੇ ਤਰਸੇਵੇਂ ਦਾ ਬਿਰਤਾਂਤ ਹੈ। ਇਹਨਾਂ ਕਹਾਣੀਆਂ ਬਾਰੇ ਇਹ ਵੀ ਆਖ ਦੇਣਾ ਕਿ ਇਸ ਦਾ ਕਥਾ-ਮਾਡਲ ਬੜਾ ਜਟਿਲ ਹੈ, ਸੰਵਾਦਮੂਲਕ ਹੈ, ਲਕੀਰੀ ਨਹੀਂ, ਕਿਸੇ ਹੱਦ ਤੱਕ ਠੀਕ ਹੈ, ਪੂਰਨ ਸੱਚ ਨਹੀਂ ਕਿਉਂਕਿ ਕਈ ਕਹਾਣੀਆਂ ਇਸ ਕਸਵੱਟੀ ਨੂੰ ਕੱਟਦੀਆਂ ਵੀ ਹਨ। 'ਘਰ ਦਾ ਜੀਅ' ਦਾ ਆਖਰੀ ਵਾਕ ਅਤੇ 'ਤੁਸੀਂ ਨਹੀਂ ਸਮਝ ਸਕਦੇ' ਦਾ ਆਖਰੀ ਵਾਕ, ਪੁਰਾਣੀ ਪੀੜ੍ਹੀ ਅਤੇ ਇਤਿਹਾਸਕ ਦੌਰ ਵਾਲੀ ਰਵਾਨਗੀ ਨੂੰ 'ਇਕ ਵਾਕ' ਰਾਹੀਂ ਧੁਨਿਤ ਕਰਨ ਦੀ ਨਿਰੰਤਰਤਾ ਹੈ। ਅਜਿਹੇ ਹੋਰ ਵੀ ਉਦਾਹਰਣ ਹਨ। ਮੇਰਾ ਭਾਵ ਹੈ ਕਿ ਇਸ ਪੀੜ੍ਹੀ ਦੀ ਰਚਨਾ ਜਿਥੇ ਨਵੇਂ ਉਤਰ-ਯਥਾਰਥਕ ਕਥਾ-ਸੰਦਰਭਾਂ ਨੂੰ ਉਲੀਕ ਕੇ, ਇਸ ਦੌਰ ਦੀ ਵਿਲੱਖਣ ਕਥਾ-ਮਾਡਲ ਨੂੰ ਚਿਹਨਿਤ ਕਰ ਰਹੀ ਹੈ, ਉਥੇ ਪਰੰਪਰਾ ਨਾਲੋਂ ਵੀ ਬਿਲਕੁਲ ਕੱਟੀ ਹੋਈ, ਅਲੱਗ ਨਹੀਂ ਸਗੋਂ ਕਹਾਣੀ-ਪਰੰਪਰਾ ਅਤੇ ਵਰਤਮਾਨ ਨੂੰ ਨਵੇਂ ਕਥਾ-ਮਾਡਲ ਅਤੇ ਬਿਰਤਾਂਤਣ ਦਾ ਅਮਲ ਹੈ। ਇਸ ਅਮਲ ਕਰਕੇ ਹੀ ਇਹ ਕਹਾਣੀਆਂ ਆਪਣੇ ਜਾਤੀ-ਜਮਾਤੀ-ਸਮਾਜੀ ਅਵਚੇਤਨ ਦਾ ਇਕ ਅਜਿਹਾ ਬਿੰਬ ਸਿਰਜ ਰਹੀਆਂ ਹਨ, ਜਿਸ ਵਿਚੋਂ ਆਉਣ ਵਾਲੇ ਸਮਿਆਂ ਵਿਚ 'ਮਾਣਸ-ਵਿਗਿਆਨ' ਦੀ ਮੁਕੰਮਲ ਪੜ੍ਹਤ ਹੋ ਸਕਦੀ ਹੈ। ਅਜਿਹੀ ਮੁਕੰਮਲ ਪੜ੍ਹਤ ਦੀ ਯੋਗਤਾ ਕਰਕੇ ਇਹ ਕਹਾਣੀਆਂ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਟਿੱਕ ਚੁੱਕੀਆਂ ਹਨ ਕਿਉਂਕਿ ਇਹਨਾਂ ਦੇ ਇਸ ਟਿਕਾਅ/ਮੁਕਾਮ ਦਾ ਕਾਰਨ ਇਹਨਾਂ ਬਿਰਤਾਂਤਾਂ ਵਿਚਲੀ ਮਾਨਸਿਕਤਾ ਦਾ 'ਇਤਿਹਾਸਕ ਦੌਰਾਨੀਆ' (Duration) ਵਿਚ ਫੈਲਣਾ ਹੈ। ਜਿਹੜੀ ਘਾਟ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਆਲੋਚਕਾਂ ਨੂੰ ਰੜਕਦੀ ਹੈ, ਉਹ ਰੜਕ ਇਸ ਪੀੜ੍ਹੀ ਦੀਆਂ ਇਹਨਾਂ ਕਹਾਣੀਆਂ ਵਿਚੋਂ ਨਜ਼ਰ ਨਹੀਂ ਆਉਂਦੀ। ਇਸ ਵਾਧੇ ਕਾਰਨ ਹੀ ਇਹ ਚੌਥੀ ਪੀੜ੍ਹੀ ਹੈ, ਕੇਵਲ ਕੂੰਟ ਨਹੀਂ, ਕਿਉਂਕਿ ਕਾਮ-ਪ੍ਰਵਿਰਤੀ ਨਾਲੋਂ ਇਸ ਪ੍ਰਵਿਰਤੀ ਦੀ ਮਾਨਸਿਕਤਾ ਅਤੇ ਇਤਿਹਾਸਕਤਾ ਦਾ ਦਵੰਦ ਅਤੇ ਤਨਾਉ, ਇਹਨਾਂ ਵਿਚ ਮੌਜੂਦ ਹੈ। ਇਸ ਦਵੰਦ ਅਤੇ ਤਨਾਉ ਦੀ ਵਿਲੱਖਣਤਾ ਦੇ ਸਿਰਜਣ ਦੀ ਰੁੱਚੀ ਕਰਕੇ ਹੀ ਇਸ ਨੂੰ ਚੌਥਾ ਪੜ੍ਹਾਅ ਬਣਾਉਂਦੀ ਹੈ।


**ਪੁਸਤਕ-ਸੂਚੀ**

**ਆਧਾਰ-ਸਾਮੱਗਰੀ** :

**ਸੁਖਜੀਤ** : ਅੰਤਰਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਦੂਜੀ ਵਾਰ-2000

**ਜਸਵਿੰਦਰ ਸਿੰਘ** : ਖੂਹ ਖਾਤੇ, ਅਸਥੈਟਿਕ ਪਬਲੀਕੇਸ਼ਨਜ਼, ਲੁਧਿਆਣਾ, 1996





**ਉਹੀ** : ਘਰ ਦਾ ਜੀਅ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004

**ਜਰਨੈਲ ਸਿੰਘ** : ਟਾਵਰਜ਼, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005

**ਜਿੰਦਰ** : ਤੁਸੀਂ ਨਹੀਂ ਸਮਝ ਸਕਦੇ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6, ਦੂਜੀ ਵਾਰ 1999

**ਪ੍ਰੇਮ ਪ੍ਰਕਾਸ਼** : ਗੰਢਾਂ, ਲੋਕਗੀਤ ਪ੍ਰਕਾਸ਼ਤ, ਚੰਡੀਗੜ੍ਹ, 2003

**ਉਹੀ** : ਜੁਗਲਬੰਦੀਆਂ, ਉਹੀ, 2005

**ਸਹਾਇਕ-ਸਾਮੱਗਰੀ** :

**ਸੁਖਵਿੰਦਰ ਸਿੰਘ ਰੰਧਾਵਾ ਡਾ. (ਸੰਪਾ.)** : ਗਲਪ ਚਿੰਤਨ, ਡਾ. ਜਸਵਿੰਦਰ ਸਿੰਘ, 'ਪੰਜਾਬੀ ਕਹਾਣੀ ਦੀ ਇਤਿਹਾਸਕਾਰੀ' ਸੁੰਦਰ ਬੁੱਕ ਡਿਪੋ, ਜਲੰਧਰ, 2000

**ਕਰਮਜੀਤ ਸਿੰਘ (ਡਾ.), ਹਰਸਿਮਰਨ ਸਿੰਘ (ਡਾ.) (ਸੰਪਾ)** : ਟਾਵਰਜ਼ : ਵਸਤੂ, ਵਿਧੀ ਅਤੇ ਦ੍ਰਿਸ਼ਟੀ, ਐਮ. ਪੀ. ਪ੍ਰਕਾਸ਼ਨ, ਦਿੱਲੀ, 2006

**ਜੋਗਿੰਦਰ ਸਿੰਘ ਰਾਹੀ (ਡਾ.), ਰਮਿੰਦਰ ਕੌਰ (ਡਾ.)** : ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਪਾਲ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2007

**ਜਤਿੰਦਰ ਸਿੰਘ ਹਾਂਸ** : ਪਾਵੇ ਨਾਲ ਬੰਨਿਆ ਹੋਇਆ ਕਾਲ, ਕੁਕਨੁਸ ਪ੍ਰਕਾਸ਼ਨ, ਜਲੰਧਰ, 2005

**ਰਜਨੀਸ਼ ਬਹਾਦਰ ਸਿੰਘ** : ਸਮਕਾਲੀ ਪੰਜਾਬੀ ਕਹਾਣੀ : ਪਾਠਗਤ-ਅਧਿਐਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005

**ਰਵਿੰਦਰ ਕੁਮਾਰ (ਡਾ.)** : ਰਚਨਾ-ਵਿਰਚਨਾ : ਸਿਧਾਂਤ ਅਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2007

## ਸਾਡੇ ਸਭਿਆਚਾਰ ਸਬੰਧੀ ਬਹੁਮੁਖੀ ਚੇਤਨਾ ਜਗਾਉਣ ਵਾਲਾ ਬਿਰਤਾਂਤ- ਕਤਲ/
## ਡਾ. ਰਵੀ ਰਵਿੰਦਰ (15-12-1973)

'ਕਤਲ' ਕਹਾਣੀ ਦਾ ਪਹਿਲਾ ਵੇਰਵਾ ਰਾਤ ਦਾ ਅਤੇ ਦੂਜਾ 'ਮੈਂ' ਪਾਤਰ ਦੀ ਇਕੱਲ ਦਾ ਹੈ। ਇਕ ਸਟੀਕ ਅਤੇ ਪ੍ਰਮਾਣਿਕ ਕਤਲ ਲਈ ਇਹ ਦੋਵੇਂ ਸਥਿਤੀਆਂ ਲਾਜ਼ਮ ਹਨ। ਕਤਲ ਵਿਚ ਦੂਜੇ ਦਾ ਸ਼ਰੀਕ ਹੋਣਾ ਹੀ ਭੇਦ ਉਜਾਗਰ ਹੋਣ ਦੀ ਪਹਿਲੀ ਸ਼ਰਤ ਹੈ। ਰਾਤ ਦਾ ਹਨੇਰਾ ਇਸ ਭੇਦ ਨੂੰ ਬਣਾਈ ਰੱਖਣ ਲਈ ਕੁਦਰਤੀ ਕਵਚ ਪ੍ਰਦਾਨ ਕਰਦਾ ਹੈ। ਇਸ ਬਿਰਤਾਂਤ ਦੀ ਪਹਿਲੀ ਸਤਰ ਹੀ ਇਹ ਇਸ਼ਾਰਾ ਕਰ ਰਹੀ ਹੈ ਕਿ ਜੋ ਵੀ ਕਤਲ ਹੋਵੇਗਾ ਉਸ ਦੇ ਕਾਤਲ ਤੱਕ ਪਹੁੰਚਣਾ ਏਨਾ ਸਰਲ ਨਹੀਂ ਹੋਵੇਗਾ।

ਬੀਬੀ, 'ਮੈਂ' ਪਾਤਰ ਅਤੇ ਕਾਂਤਾ ਤਿੰਨਾਂ ਨੂੰ ਹੀ ਬਾਪੂ ਦਾ ਵਿਹਾਰ ਵਧੇਰੇ ਠੇਸ ਪਹੁੰਚਾਉਂਦਾ ਰਿਹਾ ਹੈ। ਘਰ, ਪਰਿਵਾਰ ਅਤੇ ਪਿੰਡ ਨਾਲ ਜੁੜੇ ਰਹਿਣ ਕਾਰਨ ਇਹ ਤਿੰਨੇ ਅਜੇ ਤੱਕ ਆਪਣੀਆਂ ਸਭਿਆਚਾਰਕ ਕੀਮਤਾਂ ਤੋਂ ਟੁੱਟੇ ਨਹੀਂ। ਨਜ਼ਾਇਜ਼ ਰਿਸ਼ਤੇ ਬਰਦਾਸ਼ਤ ਕਰਨੇ ਇਨ੍ਹਾਂ ਦੇ ਵੱਸ ਦੀ ਗੱਲ ਨਹੀਂ। ਇਸ ਲਈ ਇਹ ਕਤਲ ਇਨ੍ਹਾਂ ਵਿਚੋਂ ਕਿਸੇ ਨੇ ਵੀ ਕੀਤਾ ਹੋ ਸਕਦਾ ਹੈ। ਹੋ ਸਕਦਾ ਹੈ ਕਿ ਕਾਂਤਾ ਕਤਲ ਕਰਕੇ ਪਰੇ ਜਾ ਸੁੱਤੀ ਹੋਵੇ। ਹੋ ਸਕਦਾ ਹੈ ਕਿ 'ਮੈਂ' ਪਾਤਰ ਕਤਲ ਕਰ ਚੁੱਕਾ ਹੋਵੇ ਅਤੇ ਹੁਣ ਵਿਰੇਚਨਾਤਮਕ ਬਿਆਨਬਾਜ਼ੀ ਕਰਦਿਆਂ ਬੀਬੀ ਦੇ ਮੱਥੇ ਮੜ੍ਹ ਕੇ ਸੁਰਖਰੂ ਹੋਣਾ ਚਾਹੁੰਦਾ ਹੋਵੇ ਜਾਂ ਫਿਰ ਸੱਚਮੁੱਚ ਹੀ ਇਹ ਕਤਲ ਬੀਬੀ ਦਾ ਕੀਤਾ ਵੀ ਹੋ ਸਕਦਾ ਹੈ।

ਕਾਂਤਾ ਕਾਤਲ ਇਸ ਲਈ ਹੋ ਸਕਦੀ ਹੈ ਕਿਉਂਕਿ ਉਸ ਅੰਦਰ ਵੀ ਬਾਪੂ ਦੇ ਨਜ਼ਾਇਜ਼ ਰਿਸ਼ਤੇ ਨੂੰ ਲੈ ਕੇ ਗੰਢ ਬੱਝੀ ਹੋਈ ਹੈ। ਬਿਰਤਾਂਤਕ ਸੂਚਨਾ ਤਾਂ ਇਹ ਹੈ ਕਿ ਇਸ ਗੰਢ ਦੀਆਂ ਅਨੇਕ ਤਹਿਆਂ ਹਨ ਅਤੇ ਜਦੋਂ ਕਦੇ ਇਹ ਤਹਿਆਂ ਖੁੱਲਣੀਆਂ ਸ਼ੁਰੂ ਹੋ ਜਾਣਗੀਆਂ ਤਾਂ ਉਹ ਉਚੀ-ਉਚੀ ਹੱਸੇਗੀ। ਐਨਾ ਉਂਚੀ ਕਿ ਸਾਰਾ ਪਿੰਡ ਹੀ ਦੇਖੇਗਾ। ਇਸ ਨੀਮ ਪਾਗਲਪਨ ਦੀ ਸਥਿਤੀ ਵਿਚ ਕਾਂਤਾ ਕੁਝ ਵੀ ਕਰ ਸਕਦੀ ਹੈ। ਜ਼ਿਆਦਾ ਸੰਭਾਵਨਾ ਉਸ ਸ਼ਖ਼ਸ ਦੇ ਕਤਲ ਦੀ ਹੀ ਹੈ ਜਿਸ ਨੇ ਪਰਿਵਾਰ ਵਿਚ ਅਜਿਹੀਆਂ ਸਥਿਤੀਆਂ ਪੈਦਾ ਕੀਤੀਆਂ ਹਨ ਕਿ ਉਹ ਇਸ ਬੋਝ ਤਲੇ ਪਾਗਲਪਨ ਦੀ ਸਥਿਤੀ ਤੱਕ ਪਹੁੰਚ ਗਈ ਹੋਵੇ। ਪਰ ਅਜਿਹੇ ਬਿਰਤਾਂਤਕ ਵੇਰਵਿਆਂ ਦੀ ਘਾਟ ਕਾਰਨ ਜੋ ਕਾਂਤਾ ਨੂੰ ਕਾਤਲ ਸਿੱਧ ਕਰ ਸਕਦੇ ਹੋਣ ਮੈਂ ਇਸ ਸੰਭਾਵਨਾ ਨੂੰ ਇਕ ਪਾਸੇ ਰੱਖ ਦਿੰਦਾ ਹਾਂ ਕਿ ਇਹ ਕਤਲ ਕਾਂਤਾ ਨੇ ਕੀਤਾ ਹੈ।

'ਮੈਂ' ਪਾਤਰ ਜੋ ਬਿਰਤਾਂਤ ਸੁਣਾ ਰਿਹਾ ਹੈ ਉਸ ਅਨੁਸਾਰ ਸੰਭਾਵਨਾ ਇਹੀ ਹੈ ਕਿ ਉਸ ਦੇ ਬਾਪ ਦਾ ਕਤਲ ਉਸ ਦੀ ਮਾਂ ਨੇ ਹੀ ਕੀਤਾ ਹੈ। ਪਰ 'ਮੈਂ' ਪਾਤਰ ਜੋ ਵੇਰਵੇ ਉਪਲੱਬਧ ਕਰਵਾ ਰਿਹਾ ਹੈ ਉਹ ਕਿਸੇ ਵੀ ਤਰ੍ਹਾਂ ਬੀਬੀ ਦੇ ਕਾਤਲ ਹੋਣ ਦੀ ਸ਼ਾਹਦੀ ਨਹੀਂ ਭਰਦੇ। ਮਸਲਨ :

1. ਬੀਬੀ ਗੇੜੇ ਜਿਹੇ ਨਾਲ ਆਉਂਦੀ, ਉਸ ਦੇ ਚੇਹਰੇ ਨੂੰ ਨਿਹਾਰਦੀ, ਪਜਾਮਾ ਦੇਖਦੀ ਤੇ ਸੋਚਾਂ 'ਚ ਗੁਆਚੀ ਵ੍ਹਾਗਰੂ-ਵ੍ਹਾਗੁਰੂ ਕਹਿੰਦੀ ਕਮਰੇ 'ਚੋਂ ਬਾਹਰ ਹੋ ਜਾਂਦੀ। ਜਲਦੀ ਹੀ ਉਸ ਨੂੰ ਅਚੋਤਾਈ ਲੱਗ ਜਾਂਦੀ। ਸ਼ਾਇਦ ਇਸ ਕਰਕੇ ਵੀ ਕਿ ਬਾਪੂ ਦਾ ਅੰਤ ਨੇੜੇ ਸੀ।

2. ਗਲੇ ਵਿਚੋਂ ਘਰੜ-ਘਰੜ ਦੀ ਅਵਾਜ਼ ਆਉਂਦੀ ਤੇ ਬੀਬੀ ਸਿਰਹਾਣੇ ਵੱਲ ਪਏ ਮੇਜ 'ਤੇ ਰੱਖੀ ਗੜਵੀ 'ਚੋਂ ਚਮਚੇ ਭਰ-ਭਰ ਉਸ ਦੇ ਮੂੰਹ 'ਚ ਪਾਉਣ ਲੱਗਦੀ।

3. ...ਤੇ ਡਾਕਟਰ ਜਗਦੀਸ਼ ਨੇ ਜਵਾਬ ਦੇਣ ਦੀ ਮੁਦਰਾ 'ਚ ਕਿਹਾ ਸੀ ਕਿ ਬਜ਼ੁਰਗ ਦੀ ਸੇਵਾ ਕਰਨ 'ਚ ਹੀ ਤੁਹਾਡਾ ਸਾਰਿਆਂ ਦਾ ਭਲਾ ਹੈ। ਫਿਰ ਬੀਬੀ ਨੇ ਬਾਪੂ ਵਾਲੇ ਕਮਰੇ ਵਿਚ ਅਗਰਬੱਤੀ ਬੁਝਣ ਨਹੀਂ ਦਿੱਤੀ ਸੀ।

4. ਬੀਬੀ ਦਾ ਵਾਰ-ਵਾਰ ਇਉਂ ਕਹਿਣਾ ਮੈਨੂੰ ਬਹੁਤੀ ਵਾਰ ਹਾਸਾ ਲਿਆ ਦਿੰਦਾ। ਇਨ੍ਹਾਂ ਪਲਾਂ 'ਚ ਮੈਨੂੰ ਆਪਣੇ ਆਪ ਤੇ ਕੰਟਰੋਲ ਕਰਨਾ ਬੜਾ ਔਖਾ ਲੱਗਦਾ। ਤੇ ਮੈਂ ਆਪਣਾ ਸਿਰ



ਗੋਡਿਆਂ ਦੀਆਂ ਚੱਪਣੀਆਂ ਤੱਕ ਝੁਕਾ ਲੈਂਦਾ, ਮਤੇ ਬੀਬੀ ਦੇਖ ਕੇ ਕਹਿ ਨਾ ਦੇਵੇ- ਤੇਰਾ ਬਾਪੂ ਮਰਨ ਕੰਢੇ ਪਿਆ ਤੇ ਤੈਨੂੰ ਹਾਸਾ ਸੁਝਦਾ।

5. ਬੀਬੀ ਤਾਂ ਦੋ ਵੇਲੇ ਗਰਮ ਪਾਣੀ ਨਾਲ ਉਸ ਦਾ ਮੂੰਹ ਪੂੰਝਦੀ ਰਹੀ ਸੀ ਤੇ ਦੂਜੇ ਦਿਨ ਕੱਪੜੇ ਵੀ ਬਦਲਦੀ ਰਹੀ ਸੀ, ਸਮੇਤ ਦਰੀ ਤੇ ਚਾਦਰ ਦੇ। ਆਪ ਬਾਹਰਲੀ ਤਾਕੀ ਖੋਲ੍ਹਦੀ ਤੇ ਸ਼ਾਮੀਂ ਬੰਦ ਕਰਦੀ। ਕਾਂਤਾ ਜਾਂ ਮੇਰੇ ਗੋਚਰੇ ਉਸ ਕੋਈ ਕੰਮ ਨਹੀਂ ਛੱਡਿਆ ਸੀ।

6. ਡੂਢੀ ਬੁੱਕਲ ਮਾਰੀ ਬੀਬੀ ਆਈ ਤੇ ਬੁਝੀ ਅਗਰਬੱਤੀ ਨੂੰ ਦੇਖ ਕੇ ਉਸ ਮੇਰੇ ਵੱਲ ਦੇਖਿਆ। ਇਉਂ ਜਿਉਂ ਕਹਿ ਰਹੀ ਹੋਵੇ, 'ਪੁੱਤ ਹੋਰ ਲਾਉਣ 'ਚ ਕਿਹੜਾ ਭਾਰ ਲੱਗਦਾ।'

7. ਮੈਂ ਬੀਬੀ ਵੱਲ ਦੇਖਿਆ। ਉਦੋਂ ਜਦੋਂ ਉਹ ਸਿੱਧੀ ਹੀ ਬਾਪੂ ਵੱਲ ਦੇਖ ਰਹੀ ਸੀ। ਉਸ ਦੀਆਂ ਅੱਖਾਂ 'ਚ ਨਮੀ ਸੀ। ਉਹ ਰੋਣਾ ਚਾਹੁੰਦੀ ਸੀ ਪਰ ਮੇਰੇ ਸਾਹਮਣੇ ਰੋ ਨਹੀਂ ਸੀ ਸਕਦੀ। ਇਸ ਕਰਕੇ ਕਿ ਜੇ ਉਹ ਰੋ ਪਈ ਤਾਂ ਮੈਂ ਝੱਟ ਕਹਿ ਦੇਣਾ-'ਬੀਬੀ ਤੂੰ ਕਿਸ ਲਈ ਰੋਂਦੀ ਆਂ ? ਉਸ ਲਈ ਜਿਸ ਨੇ ਤੈਨੂੰ ਕਦੇ ਪੈਰ ਦੀ ਜੁੱਤੀ ਵੀ ਨ੍ਹੀਂ ਸੀ ਸਮਝਿਆ।'

8. ਤੇ ਉਹ ਖੜੀ ਹੋ ਗਈ। ਜਾਂਦੀ-ਜਾਂਦੀ ਦਰਵਾਜ਼ੇ ਕੋਲੋਂ ਮੁੜ ਆਈ। ਬਾਪੂ ਦੀ ਰਜਾਈ ਠੀਕ ਕੀਤੀ ਤਾਂ ਉਸ ਨੂੰ ਨੱਕ ਕੋਲ ਜੰਮੀ ਮੈਲ ਦੀ ਪੇਪੜੀ ਦਿਸ ਪਈ। ਕੋਲ ਪਏ ਸਾਫੇ ਨਾਲ ਉਸ ਹੌਲੀ-ਹੌਲੀ ਪੇਪੜੀ ਸਾਫ ਕੀਤੀ ਤੇ ਦਾੜ੍ਹੀ ਦੇ ਖਿੱਲਰੇ ਵਾਲਾਂ ਨੂੰ ਰੁਖ਼ ਸਿਰ ਕਰਨ ਲੱਗੀ।

ਬੀਬੀ ਦੇ ਵਿਹਾਰ ਬਾਰੇ ਉਪਰੋਕਤ ਤਮਾਮ ਵੇਰਵੇ ਸਾਨੂੰ 'ਮੈਂ' ਪਾਤਰ ਨੇ ਉਪਲਬਧ ਕਰਵਾਏ ਹਨ ਨਾ ਕਿ ਬੀਬੀ ਨੇ। ਕੋਈ ਵੀ ਵੇਰਵਾ ਅਜਿਹਾ ਨਹੀਂ ਜਿਸ ਤੋਂ ਇਹ ਸੰਭਾਵਨਾ ਜਾਪੇ ਕਿ ਬੀਬੀ ਬਾਪੂ ਦੀ ਕਾਤਲ ਹੋ ਸਕਦੀ ਹੈ। ਜੇ ਇਹੀ ਵੇਰਵੇ ਸਾਨੂੰ ਬੀਬੀ ਬਿਆਨ ਰਹੀ ਹੁੰਦੀ ਤਾਂ ਅਸੀਂ ਸ਼ੱਕ ਜ਼ਾਹਰ ਕਰ ਸਕਦੇ ਸੀ ਕਿ ਉਹ ਸਾਡੇ ਸਾਹਮਣੇ ਬਾਪੂ ਬਾਰੇ ਆਪਣਾ ਸੁਹਿਰਦ ਆਪਾ ਪੇਸ਼ ਕਰ ਰਹੀ ਹੈ। ਪਰ ਅਜਿਹਾ ਨਹੀਂ ਹੈ। ਵੇਰਵੇ ਤਾਂ ਉਹ ਉਪਲਬਧ ਕਰਵਾ ਰਿਹਾ ਹੈ ਜੋ ਉਸ ਨੂੰ ਇਕ ਵਿੱਥ ਤੋਂ ਖੜ ਕੇ ਵਾਚ ਰਿਹਾ ਹੈ ਅਤੇ ਵੇਰਵੇ ਇਹ ਕਹਿ ਰਹੇ ਹਨ ਕਿ ਇਹ ਔਰਤ ਕਾਤਲ ਨਹੀਂ ਹੋ ਸਕਦੀ। ਜਿਸ ਔਰਤ ਨੇ ਅੱਤ ਦੀਆਂ ਵਿਪਰੀਤ ਸਥਿਤੀਆਂ ਵਿਚ ਵੀ ਆਪਣੇ ਮਰਦ ਨੂੰ ਛੱਡਣ ਦਾ ਫੈਸਲਾ ਨਹੀਂ ਲਿਆ, ਸੌਂਕਣ ਨੂੰ ਬਰਦਾਸ਼ਤ ਕਰਦੀ ਰਹੀ ਅਤੇ ਕੋਈ ਜ਼ਾਹਰਾ ਵਿਦਰੋਹ ਵੀ ਨਹੀਂ ਕੀਤਾ। ਉਹ ਔਰਤ ਕੀ ਉਸ ਸਮੇਂ ਆਪਣੇ ਮਰਦ ਦਾ ਕਤਲ ਕਰ ਸਕਦੀ ਹੈ, ਜਦੋਂ ਉਸ ਦੀ ਮੌਤ ਲੱਗਭਗ ਤੈਅ ਹੋਵੇ ? ਮੇਰੇ ਅੰਦਰੋਂ ਅਵਾਜ਼ ਆਉਂਦੀ ਹੈ ਕਿ ਬੰਦਾ ਕੁਝ ਵੀ ਕਰ ਸਕਦਾ ਹੈ, ਇਸ ਦੀ ਥਾਹ ਪਾਉਣਾ ਮੁਸ਼ਕਲ ਹੈ। ਪਰ ਪ੍ਰਾਪਤ ਵੇਰਵੇ ਅਤੇ ਸੂਝ ਇਹੋ ਕਹਿ ਰਹੀ ਹੈ ਕਿ ਨਹੀਂ ਇਹ ਔਰਤ ਆਪਣੇ ਪਤੀ ਦਾ ਕਤਲ ਨਹੀਂ ਕਰ ਸਕਦੀ।

ਪਹਿਲਾਂ ਇਹ ਸੰਭਾਵਨਾ ਪੈਦਾ ਹੋਈ ਸੀ ਕਿ ਕਤਲ ਕਾਂਤਾ ਨੇ ਕੀਤਾ ਹੈ ਪਰ ਵੇਰਵਿਆਂ ਦੀ ਘਾਟ ਕਾਰਨ ਅਸੀਂ ਇਸ ਸੰਭਾਵਨਾ ਨੂੰ ਰੱਦ ਕਰ ਦਿੱਤਾ। 'ਮੈਂ' ਪਾਤਰ ਦਾ ਇਸ਼ਾਰਾ ਜਾਂ ਸ਼ੱਕ ਇਹ ਸੰਭਾਵਨਾ ਪੈਦਾ ਕਰ ਦਿੰਦਾ ਹੈ ਕਿ ਕਾਤਲ ਬੀਬੀ ਹੈ। ਪਰ ਬੀਬੀ ਨਾਲ ਸਬੰਧਿਤ ਉਪਲਬਧ ਕਰਵਾਏ ਗਏ ਵੇਰਵੇ ਇਹ ਕਹਿ ਰਹੇ ਹਨ ਕਿ ਬੀਬੀ ਕਾਤਲ ਹੋ ਹੀ ਨਹੀਂ ਸਕਦੀ। ਆਪਾਂ ਏਨਾ ਤਾਂ ਜਾਣਦੇ ਹੀ ਹਾਂ ਕਿ ਕੋਈ ਵੀ 'ਮੈਂ' ਆਪਣੇ ਨਾਲ ਸਬੰਧਿਤ ਸੰਪੂਰਨ ਸੱਚ ਨੂੰ ਆਪਣੇ ਲਫ਼ਜ਼ਾਂ ਰਾਹੀਂ ਬਿਆਨ ਨਹੀਂ ਕਰ ਸਕਦਾ। ਹਰ ਸੁਣਾਇਆ ਜਾਣ ਵਾਲਾ ਬਿਰਤਾਂਤ ਆਪਣਾ ਪੱਖ ਨਾਲ ਲੈ ਕੇ ਆਉਂਦਾ ਹੈ। 'ਕਤਲ' ਕਹਾਣੀ ਦਾ ਬਿਰਤਾਂਤ 'ਮੈਂ' ਪਾਤਰ ਸੁਣਾ ਰਿਹਾ ਹੈ। ਮੇਰੀ ਸੂਝ ਉਸ ਦੇ ਦੱਸੇ ਵੇਰਵਿਆਂ ਤੇ ਕਿੰਤੂ ਕਰਦੀ ਹੈ। ਕਿਸੇ ਸੁਣੀ ਹੋਈ ਘਟਨਾ ਦੇ ਅਨੇਕ ਪਹਿਲੂਆਂ ਤੇ ਤਾਂ ਅਸੀਂ ਕਿੰਤੂ ਕਰ ਦਿੰਦੇ ਹਾਂ, ਪਰ ਸਾਹਿਤਕ ਪਾਠਾਂ ਨੂੰ ਅਸੀਂ ਅੰਤਿਮ ਸ਼ਵੇਤ ਸ਼ਬਦਾਂ ਦੇ ਰੂਪ ਵਿਚ ਸਵੀਕਾਰ ਕਰਦੇ ਹਾਂ। ਜੇ ਅਸੀਂ 'ਮੈਂ' ਪਾਤਰ ਅਤੇ ਜਿੰਦਰ ਦੋਹਾਂ ਤੇ ਸ਼ੱਕ ਕਰਦੇ ਹੋਏ ਇਸ ਬਿਰਤਾਂਤ ਨੂੰ ਫਿਰ ਤੋਂ, ਨਵੇਂ ਸਿਰੇ ਤੋਂ ਵਾਚਣਾ ਸ਼ੁਰੂ ਕਰੀਏ ਤਾਂ ਇਹ ਬਿਰਤਾਂਤ ਸਾਨੂੰ ਸਾਹਿਤਕ ਪਾਠਾਂ ਨੂੰ ਪੜ੍ਹਨ, ਵਾਚਣ ਅਤੇ ਸਮਝਣ ਦੀ ਜਾਚ ਵੀ ਸਿਖਾਵੇਗਾ। 'ਕਤਲ' ਕਹਾਣੀ ਦੇ ਆਰੰਭ ਵਿਚ ਹੀ 'ਮੈਂ' ਪਾਤਰ ਕਹਿ ਰਿਹਾ ਹੈ ਕਿ

ਉਸ ਰਾਤ ਮੈਂ ਕਮਰੇ 'ਚ ਇਕੱਲਾ ਸੀ। ਪਰ ਬਿਰਤਾਂਤਕ ਵੇਰਵੇ ਦੱਸ ਰਹੇ ਹਨ ਕਿ ਉਹ ਕਦੇ ਵੀ ਇਕੱਲਾ ਨਹੀਂ ਸੀ। ਕੀ ਇਹ ਗੱਲ ਉਸ ਤੋਂ ਐਵੇਂ ਹੀ ਕਹਿ ਹੋ ਗਈ ਹੈ ? ਕੀ ਉਸ ਕੋਲੋਂ ਨਾ ਦੱਸਣਯੋਗ ਸਹਿਵਨ ਹੀ ਦੱਸਿਆ ਗਿਆ ਹੈ ? ਚਲੋ ਅਸੀਂ ਇਸ ਵੇਰਵੇ ਨੂੰ ਵੀ ਦਰਕਿਨਾਰ ਕਰ ਦਿੰਦੇ ਹਾਂ। ਬਾਪੂ, ਜਿਸ ਦਾ ਬੀਬੀ ਦੋ ਵੇਲੇ ਗਰਮ ਪਾਣੀ ਨਾਲ ਮੂੰਹ ਪੂੰਝਦੀ ਹੈ ਅਤੇ ਹਰ ਦੂਜੇ ਦਿਨ ਕੱਪੜੇ ਬਦਲਦੀ ਹੈ, ਬਿਸਤਰ ਬਦਲਦੀ ਹੈ। ਉਸ ਦੇ ਕਮਰੇ ਦੀ ਬਾਹਰਲੀ ਤਾਕੀ ਸਵੇਰੇ ਖੋਲ੍ਹਦੀ ਅਤੇ ਸ਼ਾਮੀਂ ਬੰਦ ਕਰਦੀ ਹੈ। ਉਸੇ ਬਾਪੂ ਕੋਲੋਂ 'ਮੈਂ' ਪਾਤਰ ਨੂੰ ਬਦਬੂ ਆ ਰਹੀ ਹੈ। ਇਸ ਬਦਬੂ ਸਬੰਧੀ ਉਹ ਆਪ ਸਵੀਕਾਰ ਕਰਦਾ ਹੈ ਕਿ ਬਦਬੂ ਵਰਗੀ ਕੋਈ ਚੀਜ਼ ਹੈ ਤਾਂ ਨਹੀਂ ਸੀ। ਤਾਂ ਕੀ ਉਸ ਦਾ ਅਵਚੇਤਨ ਬਾਪੂ ਸਬੰਧੀ ਬਦਬੂ ਨਾਲ ਭਰਿਆ ਹੋਇਆ ਹੈ ? ਹੋ ਸਕਦਾ ਹੈ ਕਿ ਘਰ ਦੇ ਘੁਟਨ ਭਰੇ, ਸੰਵਾਦਹੀਨ ਮਾਹੌਲ ਨੇ ਇਸ ਬੁਦਬੂ ਦੇ ਬੀਜ ਬਚਪਨ ਵਿਚ ਹੀ ਬਾਲ ਮਾਨਸਿਕਤਾ ਵਿਚ ਬੀਜ ਦਿੱਤੇ ਹੋਣ। ਸਭਿਆਚਾਰਕ ਨਫ਼ਾਸਤ ਦੀ ਸ਼ਾਹਰਾਹ ਤੋਂ ਹਟ ਕੇ ਵਿਭਚਾਰ ਦੀਆਂ ਪਗਡੰਡੀਆਂ ਪਾਉਣ ਵਾਲੇ ਹਮੇਸ਼ਾਂ ਹੀ ਆਪਣੀ ਔਲਾਦ ਲਈ ਬੁਦਬੂ ਦੇ ਵਾਹਕ ਬਣਦੇ ਆਏ ਹਨ। ਜੇ 'ਮੈਂ' ਪਾਤਰ ਨੂੰ ਬਦਬੂ ਆ ਰਹੀ ਹੈ ਤਾਂ ਉਹ ਸਹਿਜ ਸੁਭਾਵਕ ਹੈ। ਜਿਸ ਬਾਪੂ ਤੇ ਇਸ 'ਮੈਂ' ਪਾਤਰ ਨੂੰ ਕਦੇ ਮਾਣ ਸੀ ਉਸ ਨਾਲ ਸਬੰਧਿਤ ਲੇਖ ਦੇ ਅਰਥ ਵੀ ਬਾਪੂ ਨਾਲ ਸਬੰਧਿਤ ਵਿਭਚਾਰ ਦੇ ਵੇਰਵਿਆਂ ਨੇ ਬਚਪਨ ਵਿਚ ਹੀ ਬਦਲ ਦਿੱਤੇ ਸਨ। ਰਹਿੰਦੀ ਖੂੰਹਦੀ ਕਸਰ ਔਲਾਦ ਪ੍ਰਤੀ ਆਰਥਿਕ ਜ਼ੁੰਮੇਵਾਰੀਆਂ ਤੋਂ ਮੂੰਹ ਮੋੜਨ ਨੇ ਕੱਢ ਦਿੱਤੀ ਹੋਵੇਗੀ। ਜੇ ਫੇਰ ਵੀ ਕੁੱਝ ਬਚਿਆ ਹੋਵੇਗਾ ਤਾਂ ਬਾਪੂ ਦੇ ਬੋਲਾਂ ਦੀ ਕੁੜੱਤਣ, ਮੈਂ ਮੁਖੀ ਮਾਨਸਿਕਤਾ ਅਤੇ ਸੰਵਾਦਹੀਣਤਾ ਦੇ ਸਿਰਜੇ ਖਲਾਅ ਕਾਰਨ ਸੜਿਆਂਦ ਮਾਰਨ ਲੱਗ ਪਿਆ ਹੋਵੇਗਾ। ਇਸੇ ਲਈ ਤਾਂ 'ਮੈਂ' ਪਾਤਰ ਤਮਾਮ ਉਮਰ ਆਪਣੇ ਬਾਪੂ ਦੀ ਹੋ ਰਹੀ ਪ੍ਰਸ਼ੰਸਾ ਬਰਦਾਸ਼ਤ ਨਹੀਂ ਕਰ ਸਕਿਆ। ਹੁਣ ਜਦੋਂ ਬਾਪੂ ਦੀ ਮੌਤ ਉਸ ਨੂੰ ਦਿਖਾਈ ਦੇ ਰਹੀ ਹੈ ਤਾਂ ਉਹ ਇੱਛਾ ਜ਼ਾਹਰ ਕਰਦਾ ਹੈ ਕਿ ਇਸ ਨੂੰ ਤਾਂ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਮਰ ਜਾਣਾ ਚਾਹੀਦਾ ਸੀ। ਫਿਰ ਇਹ ਜਿਉਂਦਾ ਕਿਉਂ ਰਿਹਾ ਸੀ। ਮਾਰਨ ਦੇ ਤਰੀਕਿਆਂ ਬਾਰੇ ਉਸ ਦੀ ਬਿਆਨਬਾਜ਼ੀ ਸੁਣ ਕੇ ਤਾਂ ਇੰਜ ਜਾਪਦਾ ਹੈ ਜਿਵੇਂ ਕਤਲ ਉਸੇ ਨੇ ਕੀਤਾ ਹੋਵੇ। ਜੇ ਇਕ ਘੜੀ ਲਈ ਇਹ ਵੀ ਮੰਨ ਲਈਏ ਕਿ ਜੋ ਬਿਰਤਾਂਤ ਉਹ ਸੁਣਾ ਰਿਹਾ ਹੈ, ਉਹ ਬਿਲਕੁਲ ਸੱਚ ਹੈ ਤਾਂ ਵੀ ਉਹ ਆਪ ਕਹਿੰਦਾ ਹੈ ਕਿ ਉਸ ਦਾ ਅੰਦਰਲਾ ਇਹ ਚਾਹੁੰਦਾ ਹੈ ਕਿ ਬਾਪੂ ਹਰ ਹਾਲਤ 'ਚ ਕਤਲ ਹੋਣਾ ਚਾਹੀਦਾ ਹੈ ਇਸੇ ਲਈ ਤਾਂ ਉਹ ਸੋਚਦਾ ਹੈ ਕਿ ਇਸ ਕੰਮ 'ਚ ਬੀਬੀ ਦੀ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ। ਵੈਸੇ ਵੀ ਇਹ ਬਿਰਤਾਂਤ ਪੁੱਤਰ ਦੇ ਪਿਤਾ ਨਾਲ ਵਿਰੋਧ ਅਤੇ ਮਾਂ ਨਾਲ ਲਗਾਓ ਦੀ ਮਨੋਵਿਗਿਆਨਕ ਅੰਤਰਦ੍ਰਿਸ਼ਟੀ ਦਾ ਹੀ ਵਿਸਤ੍ਰਿਤ ਅਤੇ ਜਟਿਲ ਰੂਪ ਹੈ। ਏਨੇ ਜਟਿਲ ਬਿਰਤਾਂਤ ਵਿਚੋਂ ਗੁਜ਼ਰਦਿਆਂ ਮੈਂ ਇਹ ਸੋਚਣ ਲਈ ਮਜ਼ਬੂਰ ਹੋ ਜਾਂਦਾ ਹਾਂ ਕਿ ਇਸ ਬਿਰਤਾਂਤ ਦਾ ਸਿਰਜਕ ਹੈ ਕੌਣ ? ਕੀ ਮੈਂ ਪਾਤਰ ? ਜਵਾਬ ਹੈ ਨਹੀਂ। ਕੀ ਕਹਾਣੀਕਾਰ ਜਿੰਦਰ ? ਜਵਾਬ ਫਿਰ ਨਹੀਂ। ਕੀ ਉਹ ਸਮਾਜ ਜਿਸ ਵਿਚ 'ਮੈਂ' ਪਾਤਰ ਅਤੇ ਜਿੰਦਰ ਦੋਵੇਂ ਰਹਿ ਰਹੇ ਹਨ ? ਸ਼ਾਇਦ ਸਿਰਫ਼ ਤੇ ਸਿਰਫ਼ ਤਾਂ ਸਮਾਜ ਵੀ ਨਹੀਂ। ਇੰਜ ਜਾਪਦਾ ਹੈ ਜਿਵੇਂ ਇਹ ਸਾਰੇ ਹੀ ਇਸ ਬਿਰਤਾਂਤ ਦੇ ਸਿਰਜਕ ਹੋਣ।

ਜੇ ਜਿੰਦਰ ਨੇ ਇਸ ਬਿਰਤਾਂਤ ਵਿਚ ਹਾਜ਼ਰ ਬਾਕੀ ਧਿਰਾਂ ਤੋਂ ਵੀ ਉਨ੍ਹਾਂ ਦੀ ਸਵੈ ਬਿਆਨੀ ਕਰਵਾਈ ਹੁੰਦੀ ਤਾਂ ਇਹ ਬਿਰਤਾਂਤ ਏਨਾ ਜਟਿਲ ਨਹੀਂ ਰਹਿਣਾ ਸੀ। ਪਾਠਕ ਤੇ ਸਮੀਖਿਅਕ ਦੋਵਾਂ ਨੇ ਹੀ ਕਿਸੇ ਹੱਦ ਤੱਕ ਰਾਹਤ ਮਹਿਸੂਸ ਕਰਨੀ ਸੀ ਪਰ ਇਸ ਕਥਾ ਦੀ ਅੰਤਿਮ ਮਨਸ਼ਾ ਰਾਹਤ ਪਹੁੰਚਾਉਣਾ ਨਹੀਂ ਸਗੋਂ ਸੋਚ ਨੂੰ ਉਕਸਾਉਣਾ ਹੈ। ਤਦੇ ਤਾਂ ਕਤਲ ਦਾ ਭੇਦ ਬਰਕਰਾਰ ਰੱਖਿਆ ਗਿਆ ਹੈ। ਭੇਦ ਸਿਰਫ਼ ਇਸ ਗੱਲ ਵਿਚ ਹੀ ਨਹੀਂ ਕਿ ਕਾਤਲ ਕੌਣ ਹੈ ? ਭੇਦ ਇਸ ਗੱਲ ਵਿਚ ਵੀ ਹੈ ਕਿ ਮੌਤ ਦੇ ਬਿਲਕੁਲ ਕਰੀਬ ਪਹੁੰਚੇ ਬੰਦੇ ਦਾ ਕਤਲ ਕਿਉਂ ? ਇਸ ਕਹਾਣੀ ਦੀ ਪਹਿਲੀ ਪੜ੍ਹਤ ਦੌਰਾਨ ਤਾਂ ਇਹ ਕਥਾ ਮੈਨੂੰ ਮਿਰਜ਼ਾ ਸਾਹਿਬਾਂ ਦੇ ਕਿੱਸੇ ਦਾ ਹੀ ਬਿਸਥਾਪਿਤ ਰੂਪ ਜਾਪੀ ਸੀ। ਮਿਰਜ਼ੇ ਵਾਂਗ ਹੀ ਬਾਪੂ ਕਾਤਲਾਂ ਦੇ ਕਾਬੂ ਉਦੋਂ ਆਉਂਦਾ ਹੈ, ਜਦੋਂ ਉਹ ਨਿਢਾਲ ਹੋਇਆ ਕੁਝ ਵੀ ਨਾ ਕਰ



ਸਕਣ ਦੀ ਹਾਲਤ ਵਿਚ ਹੁੰਦਾ ਹੈ। ਫ਼ਰਕ ਏਨਾ ਹੈ ਕਿ ਇਸ ਵਾਰ ਉਸ ਨੂੰ ਉਸ ਦੇ ਆਪਣੇ ਹੀ ਮਾਰਨ ਤੇ ਤੁਲੇ ਹੋਏ ਹਨ। ਇੰਜ ਜਾਪਦਾ ਹੈ ਜਿਵੇਂ ਇਹ ਕਹਾਣੀ ਇਹ ਸੂਝ ਪ੍ਰਦਾਨ ਕਰਨਾ ਚਾਹੁੰਦੀ ਹੋਵੇ ਕਿ ਕਤਲ ਨਜ਼ਾਇਜ਼ ਰਿਸ਼ਤਿਆਂ ਦਾ ਲਾਜ਼ਮੀ ਪ੍ਰਤੀਫਲ ਹੈ। ਵਿਆਹ ਬਾਹਰੇ ਨਜ਼ਾਇਜ਼ ਸਬੰਧਾਂ ਵਿਚ ਕਤਲ ਦੀ ਇਕ ਸੰਭਾਵਨਾ ਪ੍ਰੇਮਿਕਾ ਦੀ, ਦੂਜੀ ਪਤੀ ਦੀ ਅਤੇ ਤੀਜੀ ਪਤਨੀ ਦੀ ਅਤੇ ਚੌਥੀ ਔਲਾਦ ਦੀ ਹੈ। ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਸ਼ਵੇਤਾਂਬਰ ਨੇ ਕਿਹਾ ਸੀ' ਵਿਚ ਕਤਲ ਪ੍ਰੇਮੀ ਦਾ ਹੁੰਦਾ ਹੈ, ਕਤਲ ਪ੍ਰੇਮਿਕਾ ਕਰਦੀ ਹੈ। ਤਰਸੇਮ ਨੀਲਗਿਰੀ ਦੀ ਕਹਾਣੀ 'ਕਾਲਾ ਕੇਸੂ' ਵਿਚ ਮਾਂ ਦਾ ਕਤਲ ਪੁੱਤਰ ਦੇ ਹੱਥੋਂ ਹੁੰਦਾ ਹੈ, 'ਸੰਗਚੂਰ' ਵਿਚ ਪੁੱਤਰ ਮਾਰਿਆ ਜਾਂਦਾ ਹੈ। 'ਗੰਗਾ ਵਿਚੋਂ ਨਿਕਲੇ ਹੱਥ' ਵਿਚ ਪੁੱਤਰ ਮਾਂ ਦੇ ਪ੍ਰੇਮੀ ਦਾ ਕਤਲ ਕਰਦਾ ਹੈ। 'ਕਤਲ' ਕਹਾਣੀ ਹੋਰ ਵੀ ਵਧੇਰੇ ਸੂਝ ਉਕਸਾਊ ਇਸ ਲਈ ਸਿੱਧ ਹੁੰਦੀ ਹੈ ਕਿਉਂਕਿ ਇਸ ਵਿਚਲਾ ਕਤਲ ਰਹੱਸ ਹੈ। ਇਹ ਕਤਲ ਪਤਨੀ, ਪੁੱਤਰ ਅਤੇ ਧੀ ਵਿਚੋਂ ਕਿਸੇ ਨੇ ਵੀ ਕੀਤਾ ਹੋ ਸਕਦਾ ਹੈ। ਇਕ ਸੰਭਾਵਨਾ ਤਾਂ ਇਹ ਵੀ ਹੈ ਕਿ ਕਤਲ ਸ਼ਾਇਦ ਹੋਇਆ ਹੀ ਨਾ ਹੋਵੇ। ਪਰ ਕਤਲ ਦੀ ਇੱਛਾ ਏਨੀ ਬਲਵਾਨ ਹੈ ਕਿ ਕਤਲ ਤਾਂ ਨਾ ਹੋ ਕੇ ਵੀ ਹੋਇਆ ਹੈ।

ਤਰਸੇਮ ਨੀਲਗਿਰੀ ਦੀਆਂ ਕਹਾਣੀਆਂ ਦੀ ਪੜ੍ਹਤ ਤਿਆਰ ਕਰਦਿਆਂ ਡਾ. ਹਰਿਭਜਨ ਸਿੰਘ ਨੂੰ ਜਾਪਿਆ ਸੀ ਕਿ ਸਾਡਾ ਗਲਪ ਸੰਸਾਰ ਤਾਂ ਸਾਡੇ ਵਸਤੂ ਸੰਸਾਰ ਤੋਂ ਵੀ ਵੱਧ ਪੁਰਖ-ਪ੍ਰਬਲ ਹੈ। ਸਮਾਜ ਦੇ ਦੂਜੇ ਕਾਰਜਾਂ ਵਾਂਗ ਸਾਹਿਤ ਕਾਰਜ ਵਿਚ ਵੀ ਸਰਦਾਰੀ ਪੁਰਖ ਦੀ ਹੀ ਚੱਲਦੀ ਹੈ। ਸਿਰਜਣਾ ਅਤੇ ਸਮੀਖਿਆ ਦੋਹਾਂ ਖੇਤਰਾਂ ਵਿਚ ਪ੍ਰਮੁੱਖ ਅਤੇ ਪ੍ਰਬਲ ਅਵਾਜ਼ ਪੁਰਖ ਦੀ ਹੀ ਹੈ। ਪਰ ਅੱਜ ਜਿੰਦਰ ਦੀ ਇਸ ਕਹਾਣੀ ਦੀ ਪੜ੍ਹਤ ਤਿਆਰ ਕਰਦਿਆਂ ਮੈਨੂੰ ਜਾਪ ਰਿਹਾ ਹੈ ਕਿ ਜੇ ਸਮੇਂ ਨੇ ਪੂਰੀ ਤਰ੍ਹਾਂ ਪਲਟਾ ਨਹੀਂ ਖਾਧਾ ਤਾਂ ਕੁਝ ਤਬਦੀਲੀ ਤਾਂ ਵਾਪਰੀ ਹੀ ਹੈ। ਗਲਪ ਸੰਸਾਰ, ਵਸਤੂ ਸੰਸਾਰ ਅਤੇ ਸਮੀਖਿਆ ਸੰਸਾਰ, ਤਿੰਨੇ ਹੀ ਪਹਿਲਾਂ ਜਿੰਨੇ ਪੁਰਖ ਪ੍ਰਬਲ ਨਹੀਂ ਰਹੇ। ਮਰਦ ਸਾਹਿਤਕਾਰ ਅਤੇ ਮਰਦ ਸਮੀਖਿਅਕ ਦੋਵੇਂ ਹੀ ਇਸਤਰੀ ਦੇ ਨਜ਼ਰੀਏ ਨੂੰ ਨਾਲ ਲੈ ਕੇ ਚੱਲ ਰਹੇ ਹਨ। ਇਹ ਸਮਿਆਂ ਅਤੇ ਸਥਿਤੀਆਂ ਦੀ ਬਦਲੀ ਚਾਲ ਹੀ ਹੈ ਕਿ ਔਰਤ ਮੂਕ ਹੋ ਕੇ ਵੀ ਮੂਕ ਨਹੀਂ ਹੈ। ਉਸ ਦਾ ਪੱਖ ਕਿਸੇ ਨਾ ਕਿਸੇ ਤਰ੍ਹਾਂ ਪੇਸ਼ ਹੋ ਰਿਹਾ ਹੈ। ਇਹ ਬਿਰਤਾਂਤ ਜੇ ਆਪਣੇ ਸਿਰਜਣ ਕਾਲ ਤੋਂ ਕੁਝ ਦਹਾਕੇ ਪਹਿਲਾਂ ਸਿਰਜਿਆ ਗਿਆ ਹੁੰਦਾ ਤਾਂ ਵਿਆਹ ਬਾਹਰੇ ਸਬੰਧਾਂ ਲਈ ਬਾਪੂ ਨੂੰ ਏਨਾ ਦੋਸ਼ੀ ਨਹੀਂ ਮੰਨਿਆ ਜਾਣਾ ਸੀ, ਸਗੋਂ ਜਿਸ ਔਰਤ ਨਾਲ ਉਸ ਦੇ ਸਬੰਧ ਸਨ, ਸਾਰਾ ਦੋਸ਼ ਉਸੇ ਦੇ ਸਿਰ ਹੀ ਮੜ੍ਹਿਆ ਜਾਣਾ ਸੀ, ਪਰ ਉਸ ਔਰਤ ਬਾਰੇ ਤਾਂ ਇਹ ਬਿਰਤਾਂਤ ਬਿਲਕੁਲ ਖ਼ਾਮੋਸ਼ ਹੈ। ਨਜ਼ਾਇਜ਼ ਰਿਸ਼ਤੇ ਸਿਰਜਣ ਦੀ ਸਭਿਆਚਾਰ ਨੇ ਜੋ ਸਜ਼ਾ ਔਰਤ ਲਈ ਨਿਸ਼ਚਿਤ ਕੀਤੀ ਹੈ, ਇਹ ਬਿਰਤਾਂਤ ਆਪਣੇ ਤਰੀਕੇ ਨਾਲ ਹੀ ਮਰਦ ਲਈ ਵੀ ਨਿਸ਼ਚਿਤ ਕਰ ਰਿਹਾ ਹੈ। ਹੋ ਸਕਦਾ ਹੈ ਕਿ ਬਾਪੂ ਦਾ ਕਤਲ ਹੋਇਆ ਹੀ ਨਾ ਹੋਵੇ। ਉਹ ਪ੍ਰਕਿਰਤਕ ਮੌਤ ਹੀ ਮਰਿਆ ਹੋਵੇ। ਪਰ ਪੁੱਤਰ ਦਾ ਬਾਪ ਦੇ ਕਤਲ ਬਾਰੇ ਸੋਚਣਾ, ਉਸ ਤੋਂ ਵੀ ਅਗੇਰੇ ਇਸ ਕਤਲ ਦਾ ਮਾਂ ਦੇ ਹੱਥੋਂ ਹੋਣ ਬਾਰੇ ਸੋਚਣਾ, ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਸਜ਼ਾ ਬਿਰਤਾਂਤਕਾਰ ਰਾਹੀਂ ਸਮਾਜ/ਸਭਿਆਚਾਰ ਹੀ ਨਿਰਧਾਰਿਤ ਕਰ ਰਿਹਾ ਹੈ।

ਜੇ ਇਹੀ ਮੰਨ ਕੇ ਚੱਲੀਏ ਕਿ ਇਹ ਬਿਰਤਾਂਤ ਪਿਤਾ ਪ੍ਰਧਾਨ ਸਮਾਜ ਦੀ ਪੈਦਾਇਸ਼ ਹੈ ਅਤੇ ਪ੍ਰਧਾਨ ਹੋਣ ਦੇ ਨਾਤੇ ਪਿਤਾ ਹੀ ਨਿਯਮਾਂ ਦਾ ਸਿਰਜਣਹਾਰ ਵੀ ਹੈ। ਪ੍ਰਧਾਨ ਦੇ ਸਿਰਜੇ ਨਿਯਮ ਅਕਸਰ ਮਤਾਹਿਤਾਂ ਲਈ ਹੁੰਦੇ ਹਨ। ਇਥੇ ਮਤਾਹਿਤ ਮਾਤਰੀ ਸਮਾਜ ਹੈ, ਜਿਸ ਲਈ ਇਹ ਨਿਯਮ ਬਣਾਏ ਗਏ ਹਨ। ਪਰ ਇਹ ਬਿਰਤਾਂਤ ਤਾਂ ਪ੍ਰਧਾਨ ਪਿਤਾ ਨੂੰ ਵੀ ਉਨ੍ਹਾਂ ਨਿਯਮਾਂ ਦੀ ਅਵੱਗਿਆ ਲਈ ਸਜ਼ਾ ਦੇ ਰਿਹਾ ਹੈ ਜਿਹੜੇ ਮਾਂ ਮਤਾਹਿਤ ਲਈ ਬਣਾਏ ਗਏ ਸਨ। ਤਾਂ ਕੀ ਇਹ ਬਿਰਤਾਂਤ ਕੋਈ ਨਵੀਂ ਪਿਰਤ ਪਾਉਣ ਦੇ ਆਹਰ ਵਿਚ ਹੈ ? ਜਾਂ ਫਿਰ ਇਹ ਕਥਾ ਕਰਵਟ ਲੈ ਰਹੇ ਸਮਿਆਂ ਦੀ ਸੂਚਕ ਹੈ। ਵੈਸੇ ਵੀ ਇਸ ਬਿਰਤਾਂਤ ਦਾ ਸਿਰਜਣ ਕਾਲ ਅਜਿਹਾ ਦੌਰ ਹੈ ਜਦੋਂ ਔਰਤ ਨੇ ਮਰਦ ਨੂੰ ਇਹ ਸਵਾਲ ਪੁੱਛਣਾ ਸ਼ੁਰੂ ਕਰ ਦਿੱਤਾ ਸੀ ਕਿ ਜੇ ਮੇਰੀ ਅੱਯਾਸ਼ੀ ਇਤਰਾਜ਼ਯੋਗ ਹੈ ਤਾਂ ਤੇਰੀ ਕਿਉਂ ਨਹੀਂ ? ਇਸ ਕਥਾ ਦੇ ਸਿਰਜੇ ਜਾਣ ਦਾ ਦੌਰ ਵਿਸ਼ਵ ਪੱਧਰ ਤੇ ਬਹੁਤ ਸਾਰੀਆਂ ਨਾਰੀਵਾਦੀ ਲਹਿਰਾਂ ਅਤੇ

ਸਾਹਿਤ, ਕਲਾ ਤੇ ਸਿਨੇਮੇ ਵਿਚ ਉਨ੍ਹਾਂ ਦੀ ਅਭਿਵਿਅਕਤੀ ਦਾ ਦੌਰ ਹੈ। ਇਹ ਬਿਰਤਾਂਤ ਸਿੱਧੇ ਤੌਰ 'ਤੇ ਭਾਵੇਂ ਕਿਸੇ ਵੀ ਨਾਰੀ ਪੱਖੀ ਰੁਝਾਨ ਦੀ ਵਕਾਲਤ ਨਹੀਂ ਕਰ ਰਿਹਾ, ਪਰ ਇਸ ਦੀ ਮੂਲ ਸੁਰ ਆਪਣੇ ਸਮਿਆਂ ਦੇ ਭਾਰੂ ਪ੍ਰਵਚਨ ਨਾਲ ਬਿਲਕੁਲ ਇਕ ਸੁਰ ਹੈ। ਸੋ ਸਵਾਲ ਤਾਂ ਇਹ ਵੀ ਹੈ ਕਿ ਕੀ ਹਰ ਕਾਲ ਦਾ ਭਾਰੂ ਪ੍ਰਵਚਨ ਅਚੇਤ ਹੀ ਵਿਅਕਤੀਗਤ ਅਤੇ ਸਮਾਜਕ ਮਾਨਸਿਕਤਾ ਦਾ ਹਿੱਸਾ ਬਣ ਜਾਂਦਾ ਹੈ ? ਜਵਾਬ ਹੈ ਹਾਂ। ਤਦੇ ਤਾਂ ਹਥਲਾ ਬਿਰਤਾਂਤ ਇਕੋ ਅਵੱਗਿਆ ਲਈ ਮਰਦ ਵਾਸਤੇ ਵੀ ਉਹੀ ਸਜ਼ਾ ਨਿਰਧਾਰਿਤ ਕਰੀ ਬੈਠਾ ਹੈ ਜੋ ਕਦੇ ਸਿਰਫ਼ ਔਰਤ ਦੇ ਲਈ ਹੀ ਰਾਖਵੀਂ ਸੀ। ਇਸ ਲਈ ਹਥਲੇ ਬਿਰਤਾਂਤ ਤੋਂ ਪ੍ਰਾਪਤ ਅੰਤਰਦ੍ਰਿਸ਼ਟੀ ਇਹ ਹੈ ਕਿ ਸਭਿਆਚਾਰ ਵਿਚ ਸਿਰਫ਼ ਆਪਣੇ ਆਪ ਨੂੰ ਦੁਹਰਾਉਣ ਦੀ ਸਮਰਥਾ ਹੀ ਨਹੀਂ ਹੁੰਦੀ ਸਗੋਂ ਸਵੈ ਨੂੰ ਸੋਧਣ ਦੀ ਸੂਝ ਵੀ ਬਿਰਾਜਮਾਨ ਹੁੰਦੀ ਹੈ। ਇਹ ਸੋਧ ਇਸ ਰੂਪ ਵਿਚ ਹੀ ਨਿਵੇਕਲੀ ਹੈ ਕਿ ਸਾਡੇ ਸਭਿਆਚਾਰ ਦਾ ਇਤਿਹਾਸ ਪੁੱਤਰ ਦੀ ਖਾਤਰ ਮਾਂ ਵੱਲੋਂ ਲੜਾਈ ਲੜਨ ਦਾ ਰਿਹਾ ਹੈ, ਪਰ ਇਸ ਬਿਰਤਾਂਤ ਵਿਚ ਮਾਂ ਦੀ ਖਾਤਰ ਪੁੱਤਰ ਲੜਾਈ ਲੜ ਰਿਹਾ ਹੈ। ਇਸ ਤੋਂ ਵੀ ਵਧੇਰੇ ਉਹ ਇਹ ਚਾਹ ਰਿਹਾ ਹੈ ਕਿ ਇਹ ਲੜਾਈ ਮਾਂ ਆਪ ਲੜੇ ਅਤੇ ਜੇਤੂ ਹੋਵੇ। ਉਹ ਪਿੱਠਭੂਮੀ ਤੇ ਰਹਿ ਕੇ ਵੀ ਖ਼ਾਮੋਸ਼ ਹੁੰਦੇ ਹੋਏ ਵੀ ਮਾਂ ਨੂੰ ਲੜਨ ਲਈ ਉਕਸਾ ਰਿਹਾ ਹੈ:

ਬੀਬੀ ਦੀਆਂ ਉਂਗਲਾਂ ਅਜੇ ਬਾਪੂ ਦੀ ਧੌਣ ਕੋਲ ਹੀ ਸਨ। ਮੇਰੇ ਮਨ 'ਚ ਵਿਚਾਰ ਉਭਰਿਆ ਕਿ ਉਹ ਹੁਣ ਬਾਪੂ ਦਾ ਗਲਾ ਘੁੱਟ ਦੇਵੇਗੀ। ...ਫੇਰ ਇਸ ਤੋਂ ਚੰਗਾ ਮੌਕਾ ਹੋਰ ਕਿਹੜਾ ਹੋ ਸਕਦਾ ਹੈ। ਮੈਨੂੰ ਇਹ ਅਹਿਸਾਸ ਹੁੰਦਾ ਰਿਹਾ ਸੀ ਕਿ ਬੀਬੀ ਸਿਰਫ਼ ਜਿਊਂ ਰਹੀ ਸੀ। ਬੱਸ ਜਿਊਣ ਲਈ। ਇਸ ਤੋਂ ਵੱਧ ਕੁਝ ਵੀ ਨਹੀਂ। ਜਦੋਂ ਬੀਬੀ ਦੀਆਂ ਉਂਗਲਾਂ ਦੀਆਂ ਗੱਠਾਂ ਦਿਸੀਆਂ ਤਾਂ ਮੈਨੂੰ ਖੁਸ਼ੀ ਹੋਈ ਸੀ। ਅਥਾਹ ਖੁਸ਼ੀ। ਮੈਂ ਆਪ ਚਾਹੁੰਦਾ ਸੀ ਕਿ ਬਾਪੂ ਮਰ ਜਾਵੇ। ਇਸ ਨੂੰ ਤਾਂ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਮਰ ਜਾਣਾ ਚਾਹੀਦਾ ਸੀ। ਫੇਰ ਇਹ ਜਿਉਂਦਾ ਕਿਉਂ ਰਿਹਾ।

ਹੁਣ ਬੀਬੀ ਦਾ ਹੱਥ ਬਾਪੂ ਦੇ ਨੱਕ ਕੋਲ ਸੀ। ਸ਼ਾਇਦ ਉਸ ਕੋਲੋਂ ਬਾਪੂ ਦੀ ਘੰਡੀ ਨਾ ਘੁੱਟ ਹੋਈ ਹੋਵੇ। ਤੇ ਉਹ ਉਸ ਦਾ ਸਾਹ ਬੰਦ ਕਰਕੇ ਮਾਰ ਦੇਣਾ ਚਾਹੁੰਦੀ ਹੋਵੇ। ਮਾਰਨ ਦਾ ਇਹ ਤਰੀਕਾ ਵੀ ਵਧੀਆ ਹੋ ਸਕਦਾ। ਇਕ ਹੱਥ ਮੂੰਹ ਤੇ ਰੱਖ ਦਿਉ ਤੇ ਇਕ ਨਾਲ ਨਾਸਾਂ ਬੰਦ ਕਰ ਦਿਉ। ਪੰਜ ਮਿੰਟਾਂ 'ਚ ਘੋਗਾ ਚਿੱਤ ਹੋ ਜਾਂਦਾ।

ਹੱਥਾਂ 'ਚ ਫੜੇ ਗਿਲਾਸ ਮੈਂ ਬੰਨੀ ਤੇ ਰੱਖ ਦਿੱਤੇ। ਮੇਰੇ ਮਨ 'ਚ ਆਇਆ ਕਿ ਇਸ ਕੰਮ 'ਚ ਬੀਬੀ ਦੀ ਸਹਾਇਤਾ ਕੀਤੀ ਜਾਣੀ ਚਾਹੀਦੀ ਸੀ। ਉਸ ਦੀਆਂ ਕਮਜ਼ੋਰ ਉਂਗਲਾਂ 'ਚ ਹੁਣ ਪਹਿਲਾਂ ਜਿੰਨੀ ਤਾਕਤ ਨਹੀਂ ਰਹੀ ਸੀ। ਕਾਂਤਾ ਦਲਾਨ 'ਚ ਘੂਕ ਸੁੱਤੀ ਪਈ ਸੀ। ਫੇਰ ਮੇਰੇ ਸਿਵਾਏ ਉਸ ਦੀ ਸਹਾਇਤਾ ਕੌਣ ਕਰ ਸਕਦਾ ਹੈ ?

ਕਥਾਕਾਰ ਬਾਪੂ ਦੇ ਪੁੱਤਰ ਰਾਹੀਂ ਬਾਪੂ ਦੀ ਪਤਨੀ ਹੱਥੋਂ ਬਾਪੂ ਦਾ ਕਤਲ ਕਰਵਾਉਣ ਦਾ ਚਾਹਵਾਨ ਹੈ। ਦਰਅਸਲ ਇਸ ਬਿਰਤਾਂਤ ਦੀ 'ਮੈਂ' ਸਿਰਫ਼ ਬਾਪੂ ਦੇ ਪੁੱਤਰ ਵਿਜੇ ਦੀ 'ਮੈਂ' ਨਹੀਂ ਹੈ। ਇਹ 'ਮੈਂ' ਸਮਾਜ/ਸਭਿਆਚਾਰ ਦੀ 'ਮੈਂ' ਹੈ। ਇਸ 'ਮੈਂ' ਵਿਚੋਂ ਸਾਨੂੰ ਔਰਤ ਪੱਖੀ ਅਵਾਜ਼ ਭਰਵੇਂ ਰੂਪ ਵਿਚ ਸੁਣਾਈ ਦਿੰਦੀ ਹੈ। ਇਕ ਇਕੱਲੀ ਇਕਹਰੀ ਔਰਤ ਵਜੋਂ ਤਾਂ ਬਾਪੂ ਦੀ ਪਤਨੀ ਅਨਿਆਂ ਸਹਿ ਰਹੀ ਹੈ। ਸਾਰੀ ਉਮਰ ਸਹਿੰਦੀ ਹੈ। ਪਰ ਇਸ ਅਨਿਆਂ ਦਾ ਬਦਲਾ ਲੈਣ ਸਮੇਂ ਉਹ ਇਕੱਲੀ ਨਹੀਂ। ਇਸ ਵਿਚ ਪੁੱਤਰ ਦੀ ਮਰਜ਼ੀ ਵੀ ਸ਼ਾਮਲ ਹੈ। ਦੇਖਿਆ ਜਾਵੇ ਤਾਂ ਪੁੱਤਰ ਦਾ ਬਾਪੂ ਨਾਲ ਕੋਈ ਬਹੁਤ ਵੱਡਾ ਵਿਅਕਤੀਗਤ ਵਿਰੋਧ ਵੀ ਨਹੀਂ, ਉਹ ਸਿਰਫ਼ ਇਸ ਲਈ ਇਸ ਕਤਲ ਦੀ ਇੱਛਾ ਕਰ ਰਿਹਾ ਹੈ ਕਿਉਂਕਿ ਉਸ ਨੇ ਸਾਰੀ ਉਮਰ ਇਕ ਬੰਦੇ ਨੂੰ ਚੰਮ ਦੀਆਂ ਚਲਾਉਂਦੇ ਦੇਖਿਆ ਹੈ। ਪਰਿਵਾਰ ਅਤੇ ਆਲੇ-ਦੁਆਲੇ ਨੂੰ ਟਿੱਚ ਸਮਝਦੇ ਹੋਏ ਦੇਖਿਆ ਹੈ। ਵਰਜਿਤ ਰਿਸ਼ਤੇ ਹੰਢਾਉਂਦੇ ਦੇਖਿਆ ਹੈ। ਇਸੇ ਕਾਰਨ ਉਸ ਦੀ 'ਮੈਂ' ਕਿਸੇ ਵਿਅਕਤੀਗਤ ਪੁੱਤਰ ਦੀ 'ਮੈਂ' ਨਹੀਂ। ਇਹ ਸਮਾਜ/ਸਭਿਆਚਾਰ ਦੀ 'ਮੈਂ' ਦਾ ਹੀ ਪ੍ਰਤੀਕ ਰੂਪ ਹੈ। ਇਹ 'ਮੈਂ' ਸਭਿਆਚਾਰਕ ਪ੍ਰਤੀਮਾਨਾਂ ਦੀ ਅਵੱਗਿਆ ਕਰਨ ਵਾਲੇ,



ਵਧੀਕੀਆਂ ਕਰਨ ਵਾਲੇ ਅਤੇ ਦੂਜੇ ਦੀ ਹੋਂਦ ਨੂੰ ਹਾਸ਼ੀਏ ਤੇ ਧਕੇਲਣ ਵਾਲੇ ਕਿਸੇ ਵੀ ਬਾਪ ਦਾ ਕਤਲ ਕਰ ਸਕਦੀ ਹੈ।

ਇਸ ਲਈ ਇਹ ਬਿਰਤਾਂਤ ਸਿਰਫ਼ ਜਿੰਦਰ ਨਹੀਂ ਸਿਰਜ ਰਿਹਾ, ਸਿਰਫ਼ 'ਮੈਂ' ਪਾਤਰ ਨਹੀਂ ਸਿਰਜ ਰਿਹਾ, ਸਗੋਂ ਇਨ੍ਹਾਂ ਰਾਹੀਂ ਸਮਾਜ/ਸਭਿਆਚਾਰ ਸਿਰਜ ਰਿਹਾ ਹੈ। ਇਹ ਕਤਲ ਵੀ ਸਮਾਜ ਦੀ ਇੱਛਾ ਨਾਲ ਹੀ ਹੋ ਰਿਹਾ ਹੈ। ਪੁੱਤਰ ਵਾਂਗ ਹੀ ਸਮਾਜ ਦਾ ਵੀ ਬਾਪੂ ਨਾਲ ਕੋਈ ਵਿਅਕਤੀਗਤ ਵਿਰੋਧ ਨਹੀਂ। ਪਰ ਇਹ ਸਮਾਜ ਬਾਪੂ ਦੇ ਸਮਿਆਂ ਦਾ ਸਮਾਜ ਨਹੀਂ, ਸਗੋਂ ਪੁੱਤਰ ਦੇ ਸਮਿਆਂ ਦਾ ਸਮਾਜ ਹੈ। ਔਰਤ ਨਾਲ ਹੁੰਦੇ ਧੱਕੇ ਪ੍ਰਤੀ ਇਹ ਪਹਿਲਾਂ ਨਾਲੋਂ ਵੱਧ ਸੰਵੇਦਨਸ਼ੀਲ ਹੈ। ਇਸੇ ਲਈ ਤਾਂ ਇਸ ਸਮਾਜ ਦਾ ਦੋਸ਼ੀ ਬਾਪੂ ਹੈ। ਉਹ ਸਜ਼ਾ ਦਾ ਭਾਗੀਦਾਰ ਹੈ। ਜਿਉਂਦੇ ਜੀਅ ਨਾ ਸਹੀ, ਮੌਤ ਉਪਰੰਤ ਹੀ ਸਹੀ। ਇਸ ਲਈ ਇਹ ਕਤਲ ਵਾਸਤਵਿਕ ਨਾਲੋਂ ਵੱਧ ਪ੍ਰਤੀਕਾਤਮਕ ਹੈ। ਮਾਰਨ ਦੇ ਅਮਲ ਨਾਲੋਂ ਮਾਰਨ ਦੀ ਇੱਛਾ ਵਧੇਰੇ ਪ੍ਰਬਲ ਹੈ। ਇੱਛਾ ਵੀ ਇਹ ਹੈ ਕਿ ਕਤਲ ਉਸ ਔਰਤ ਹੱਥੋਂ ਹੋਵੇ ਜਿਸ ਨੇ ਸਾਰੀ ਉਮਰ ਅਨਿਆਂ ਬਰਦਾਸ਼ਤ ਕੀਤਾ ਹੈ। ਸਜ਼ਾ ਉਹ ਦੇਵੇ ਜੋ ਇਹੋ ਜਿਹੇ ਦੋਸ਼ਾਂ ਲਈ ਹੁਣ ਤੱਕ ਸਜ਼ਾ ਦੀ ਭਾਗੀ ਬਣਦੀ ਰਹੀ ਹੈ। ਬਾਪੂ ਯਾਨੀ ਮਰਦ ਹੁਣ ਤੱਕ ਨਜ਼ਾਇਜ਼ ਰਿਸ਼ਤੇ ਪੁਗਾ ਕੇ ਵੀ ਬਰੀ ਸੀ। ਪਰ ਇਹ ਬਿਰਤਾਂਤ ਉਸ ਨੂੰ ਬਰੀ ਨਹੀਂ ਕਰਦਾ। ਉਸ ਨੂੰ ਸਜ਼ਾ ਦਿੰਦਾ ਹੈ। ਇਸ ਤਰ੍ਹਾਂ ਇਹ ਬਿਰਤਾਂਤ ਬਦਲ ਰਹੇ ਸਮਾਜ/ਸਭਿਆਚਾਰ ਦੀ ਪੈੜਚਾਲ ਹੀ ਸੁਣਾ ਰਿਹਾ ਹੈ।

ਜੇ ਅਸੀਂ ਬਾਪੂ ਦੇ ਨਜ਼ਾਇਜ਼ ਰਿਸ਼ਤਾ ਸਿਰਜਣ ਵਾਲੇ ਪ੍ਰਸੰਗ ਨੂੰ ਕੁਝ ਦੇਰ ਲਈ ਭੁੱਲ ਵੀ ਜਾਈਏ ਤਾਂ ਉਸ ਬਾਰੇ ਪ੍ਰਾਪਤ ਸੂਚਨਾ ਇਹ ਹੈ ਕਿ ਉਹ ਮਨਮਰਜ਼ੀ ਦਾ ਮਾਲਕ, ਆਪਣੀ ਹਿੰਡ ਹਰ ਹੀਲੇ ਪੁਗਾਉਣ ਵਾਲਾ, ਕਲਾ ਦਾ ਕਦਰਦਾਨ, ਸਫਾਈ ਪਸੰਦ, ਅਸੂਲਾਂ ਦਾ ਪੱਕਾ, ਲੋਕਾਂ ਦੇ ਦੁੱਖ ਵਿਚ ਸ਼ਰੀਕ ਹੋਣ ਵਾਲਾ, ਯਾਰ ਬੇਲੀਆਂ ਦੇ ਕੰਮ ਆਉਣ ਵਾਲਾ ਅਤੇ ਕਿਰਤ ਕਰਨ ਵਾਲਾ ਵਿਅਕਤੀ ਹੈ। ਜੇ ਉਸ ਦੇ ਇਨ੍ਹਾਂ ਗੁਣਾਂ ਨੂੰ ਨਾਵਲੀ ਵਿਸਥਾਰ ਦੇਣ ਲੱਗਈਏ ਤਾਂ ਉਸ ਦੇ ਚਰਿੱਤਰ ਵਿਚੋਂ 'ਅਣਹੋਏ' ਦੇ ਬਿਸ਼ਨੇ ਦੇ ਨਕਸ਼ ਦਿਖਾਈ ਦੇਣ ਲੱਗਦੇ ਹਨ। ਪਰ ਇਹ ਬਿਰਤਾਂਤ ਸਾਡੇ ਸਮਾਜ/ਸਭਿਆਚਾਰ ਬਾਰੇ ਜੋ ਮਹੱਤਵਪੂਰਣ ਸੂਝ ਸੰਚਾਰ ਰਿਹਾ ਹੈ ਉਹ ਇਹ ਹੈ ਕਿ ਨਜ਼ਾਇਜ਼ ਰਿਸ਼ਤਿਆਂ ਦੀ ਸਿਰਜਣਾ ਕਰਨ ਵਾਲੇ ਨੂੰ ਉਸ ਦੇ ਅਨੇਕ ਚੰਗੇ ਗੁਣਾਂ ਦੇ ਬਾਵਜੂਦ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ।

ਸਾਡੇ ਸਭਿਆਚਾਰ ਵਿਚ ਕਾਮ ਅਤੇ ਨਾਗ ਦੋਵੇਂ ਹੀ ਪ੍ਰਤੀਕਾਤਮਕ ਪੱਧਰ ਤੇ ਇਕ ਦੂਜੇ ਦੇ ਬਦਲ ਵਜੋਂ ਵਰਤੇ ਜਾਂਦੇ ਹਨ। ਦੋਹਾਂ ਵਿਚ ਹੀ ਲੁਭਾਵਣੀ ਕ੍ਰੀੜਾ ਦਾ ਪਹਿਲੂ ਸ਼ਾਮਲ ਹੁੰਦੇ ਹੋਏ ਵੀ ਦੋਵੇਂ ਹੀ ਖ਼ਤਰਨਾਕ ਗਰਦਾਨੇ ਜਾਂਦੇ ਹਨ। ਇਨ੍ਹਾਂ ਤੋਂ ਖਤਰਾ ਭਾਂਪਦਿਆਂ ਹੀ ਪਹਿਲਾ ਪ੍ਰਤੀਕਰਮ ਇਨ੍ਹਾਂ ਨੂੰ ਕੀਲਣ ਦਾ ਨਹੀਂ, ਸਗੋਂ ਮਾਰਨ ਦਾ ਹੈ। ਕਾਮੀ ਬਾਪੂ ਦੇ ਕਤਲ ਬਾਰੇ ਸੋਚਣਾ ਇਸੇ ਤਰ੍ਹਾਂ ਦਾ ਹੀ ਸਭਿਆਚਾਰਕ ਪ੍ਰਤੀਕਰਮ ਹੈ। ਵਰਜਿਤ ਰਿਸ਼ਤੇ ਲਈ ਅਹੁਲ ਰਹੇ ਬਾਪੂ ਨੂੰ ਕੀ ਘਰ ਵਿਚ ਹੀ ਕੀਲਿਆ ਨਹੀਂ ਜਾ ਸਕਦਾ ਸੀ ? ਸ਼ਾਇਦ ਕੀਲਿਆ ਜਾ ਸਕਦਾ ਸੀ। ਕੀਲਣ ਤੋਂ ਵੀ ਪਹਿਲਾਂ ਸੋਚਣਾ ਇਹ ਬਣਦਾ ਸੀ ਕਿ ਸਫ਼ਾਈ ਪਸੰਦ ਬਾਪੂ ਨੇ ਰਿਸ਼ਤਿਆਂ ਵਿਚ ਗੰਧਲਾਪਣ ਕਿਉਂ ਲਿਆਂਦਾ ? ਇਸੇ ਸੋਚ ਨੇ ਹੀ ਸੂਝ ਨੂੰ ਕੀਲਣ ਦਾ ਮਾਰਗ ਦੇਣਾ ਸੀ। ਕੀਲਣ ਦਾ ਸਬੰਧ ਸਦਾ ਸੋਚਣ/ਸਮਝਣ ਨਾਲ ਰਿਹਾ ਹੈ ਅਤੇ ਕਤਲ ਦਾ ਸਬੰਧ ਭਾਵੁਕਤਾ ਨਾਲ। ਜਿਸ ਦਿਨ ਸਾਡਾ ਸਮਾਜ/ਸਭਿਆਚਾਰ ਆਪਣੀਆਂ ਤਮਾਮ ਜਟਿਲਤਾਵਾਂ ਲਈ ਭਾਵੁਕਤਾ ਦੀ ਥਾਂ ਸੋਚ ਸਮਝ ਨੂੰ ਪਹਿਲ ਦੇਣ ਲੱਗ ਪਿਆ, ਉਸ ਦਿਨ ਨਾ ਕਤਲ ਅਤੇ ਨਾ ਖੁਦਕੁਸ਼ੀ ਕਿਸੇ ਸਮੱਸਿਆ ਦੇ ਹੱਲ ਵਜੋਂ ਸਵੀਕਾਰ ਕੀਤੀ ਜਾਵੇਗੀ।

ਇਸ ਤਰ੍ਹਾਂ ਇਹ ਬਿਰਤਾਂਤ ਸਾਨੂੰ ਸਾਡੇ ਸਭਿਆਚਾਰ ਸਬੰਧੀ ਤ੍ਰੈਮੁਖੀ ਚੇਤਨਾ ਪ੍ਰਧਾਨ ਕਰ ਰਿਹਾ ਹੈ। ਪਹਿਲੀ ਚੇਤਨਾ ਸਭਿਆਚਾਰਕ ਸਖ਼ਤੀ ਦੀ ਹੈ। ਭਾਵ ਵਰਜਿਤ ਰਿਸ਼ਤੇ ਸਿਰਜਣ ਦੀ ਸਾਡੇ ਸਭਿਆਚਾਰ ਵਿਚ ਸਖ਼ਤ ਮਨਾਹੀ ਹੈ, ਉਲੰਘਣਾ ਕਰਨ ਵਾਲੇ ਦਾ ਕਤਲ ਵੀ ਕੀਤਾ ਜਾ

ਸਕਦਾ ਹੈ। ਦੂਜੀ ਚੇਤਨਾ ਸਭਿਆਚਾਰਕ ਸੋਧ ਦੀ ਹੈ। ਭਾਵ ਜਿਹੜੇ ਦੋਸ਼ ਲਈ ਕਿਸੇ ਸਮੇਂ ਔਰਤ ਹੀ ਕਸੂਰਵਾਰ ਸੀ ਅੱਜ ਮਰਦ ਨੂੰ ਵੀ ਉਸੇ ਦੋਸ਼ ਲਈ ਉਹੀ ਸਜ਼ਾ ਦਿੱਤੀ ਜਾ ਸਕਦੀ ਹੈ। ਅਰਥਾਤ ਸਭਿਆਚਾਰ ਸਮੇਂ-ਸਮੇਂ ਤੇ ਆਪਣੇ ਵਿਚ ਸੋਧ ਕਰਦਾ ਰਹਿੰਦਾ ਹੈ। ਤੀਜੀ ਚੇਤਨਾ ਭਵਿੱਖਮੁਖੀ ਸਭਿਆਚਾਰਕ ਸੂਝ ਦੀ ਹੈ। ਭਾਵ ਸਭਿਆਚਾਰਕ ਸੂਝ ਕਤਲ ਵਿਚ ਨਹੀਂ, ਸਗੋਂ ਕੀਲਣ ਵਿਚ ਹੈ। ਭਾਵੁਕਤਾ ਵਿਚ ਨਹੀਂ, ਸਗੋਂ ਸੋਚਣ ਵਿਚ ਹੈ। ਭਾਵੁਕਤਾ ਪ੍ਰਧਾਨ ਦੀ ਥਾਂ ਸੋਚ ਉਕਸਾਊ ਹੋਣ ਅਤੇ ਸਾਡੇ ਸਭਿਆਚਾਰ ਸਬੰਧੀ ਬਹੁਮੁਖੀ ਚੇਤਨਾ ਪ੍ਰਧਾਨ ਕਰਨ ਵਿਚ ਹੀ ਇਸ ਬਿਰਤਾਂਤ ਦੀ ਸ਼ਕਤੀ ਹੈ।


www.punjabkatha.org

**ਪੰਜਾਬੀ ਸਾਹਿਤ ਦਾ ਇਕ ਨਵਾਂ ਅਧਿਆਇ**

**Punjabkatha.org** ਪੰਜਾਬੀ ਕਥਾ ਸਾਹਿਤ ਨੂੰ ਸਮਰਪਿਤ ਵੈੱਬਸਾਈਟ ਹੈ। ਇਸ ਦਾ ਉਦੇਸ਼ ਪੰਜਾਬੀ ਕਥਾ ਸਾਹਿਤ ਦੇ ਵਾਧੇ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨਾ ਅਤੇ ਪੰਜਾਬੀ ਕਹਾਣੀ ਨੂੰ ਪੂਰੇ ਵਿਸ਼ਵ ਵਿਚ ਪ੍ਰਸਾਰਨਾ ਹੈ। ਇਸ ਵੈੱਬਸਾਈਟ 'ਤੇ ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਉਪਲਬਧ ਹੋਣਗੀਆਂ, ਜਿਨ੍ਹਾਂ ਨੇ ਪੰਜਾਬੀ ਕਹਾਣੀ ਵਿਚ ਇਕ ਵਿਸ਼ੇਸ਼ ਮੁਕਾਮ ਹਾਸਲ ਕੀਤਾ ਹੈ। ਦੂਜੇ ਪੜਾਅ ਵਿਚ ਉਹ ਸਾਰੇ ਕਹਾਣੀਕਾਰ ਸ਼ਾਮਲ ਕੀਤੇ ਜਾਣਗੇ, ਜਿਹੜੇ ਪੰਜਾਬੀ ਕਹਾਣੀ ਵਿਚ ਨਿਰੰਤਰ ਕਾਰਜਸ਼ੀਲ ਰਹਿ ਕੇ ਨਿੱਤ ਨਵੀਆਂ ਅੰਤਰਦ੍ਰਿਸ਼ਟੀਆਂ ਪ੍ਰਦਾਨ ਕਰ ਰਹੇ ਹਨ। ਭਾਵੇਂ ਪਹਿਲਾਂ-ਪਹਿਲ ਇਸ ਵੈੱਬਸਾਈਟ 'ਤੇ ਚੋਣਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਅਤੇ ਉਨ੍ਹਾਂ ਸੰਬੰਧੀ ਸੰਖੇਪ ਜਾਣਕਾਰੀ ਹੀ ਉਪਲਬਧ ਹੋਵੇਗੀ, ਪਰ ਭਵਿੱਖ ਵਿਚ ਸਮੁੱਚੀ ਬੇਹਤਰੀਨ ਪੰਜਾਬੀ ਕਹਾਣੀ ਇਸ ਵੈੱਬਸਾਈਟ 'ਤੇ ਉਪਲਬਧ ਕਰਾਉਣ ਦੀ ਯੋਜਨਾ ਹੈ। ਇਸ ਵੈੱਬਸਾਈਟ ਦੀ ਸਿਰਜਣਾ ਅਤੇ ਸੰਚਾਲਨ ਡਾ. ਰਵੀ ਰਵਿੰਦਰ (ਡਾ. ਰਵਿੰਦਰ ਕੁਮਾਰ, ਲੈਕਚਰਾਰ, ਪੰਜਾਬ ਯੂਨੀਵਰਸਿਟੀ ਰੀਜਨਲ ਸੈਂਟਰ, ਮੁਕਤਸਰ, ਪੰਜਾਬ - ਭਾਰਤ) ਜੋ ਕਿ ਪੰਜਾਬੀ ਸਾਹਿਤ ਸਮੀਖਿਆ ਪ੍ਰਤੀ ਸਮਰਪਿਤ ਹਨ, ਦੇ ਨਿੱਜੀ ਯਤਨਾਂ ਦਾ ਸਿੱਟਾ ਹੈ।

ਜੇ ਤੁਸੀਂ ਪੰਜਾਬੀ ਦੇ ਕਹਾਣੀਕਾਰ ਹੋ ਜਾਂ ਜੇ ਪੰਜਾਬੀ ਕਹਾਣੀਕਾਰ ਦੇ ਪਰਿਵਾਰਕ ਮੈਂਬਰ / ਦੋਸਤ ਹੋ ਤਾਂ ਆਪਣੀ ਜਾਂ ਉਸਦੀ ਕੋਈ ਵੀ ਅਜਿਹੀ ਕਹਾਣੀ ਜੋ ਪ੍ਰਕਾਸ਼ਿਤ ਹੋ ਚੁੱਕੀ ਹੋਵੇ, ਜਿਸ ਨੂੰ ਤੁਸੀਂ ਬੇਹਤਰੀਨ ਰਚਨਾ ਸਮਝਦੇ ਹੋਵੋ ਅਤੇ ਪੂਰੇ ਵਿਸ਼ਵ ਸਾਹਮਣੇ ਰੱਖਣਾ ਚਾਹੁੰਦੇ ਹੋਵੋ ਤਾਂ ravi4ravinder@gmail.com ਤੇ **E-Mail** ਕਰ ਸਕਦੇ ਹੋ। ਇਹ ਕਹਾਣੀ ਕਿਸੇ ਵੀ ਪੰਜਾਬੀ ਫੌਂਟ ਵਿਚ ਟਾਈਪ ਕੀਤੀ ਹੋਵੇ। ਇਸ ਤੋਂ ਇਲਾਵਾ ਕਹਾਣੀਕਾਰ ਬਾਰੇ ਸੰਖੇਪ ਜਾਣਕਾਰੀ ਅਤੇ ਉਸਦੀ ਫੋਟੋ ਜ਼ਰੂਰ ਭੇਜੀ ਜਾਵੇ। ਇਸ ਵੈੱਬਸਾਈਟ ਦੀ ਸਿਰਜਣਾਤਮਕਤਾ ਵਿਚ ਵਾਧਾ ਕਰਨ ਵਾਲੇ ਨਵੇਂ ਵਿਚਾਰਾਂ ਦਾ ਸਵਾਗਤ ਹੈ।



**Dr. Ravinder Kumar**
**#218, Hitkari Street**
**Mandi Mullanpur**
**Distt. Ludhiana**
**Punjab – INDIA – 141101**
**(91) 9888022023**




## ਕਹਾਣੀ ਸਭ ਤੋਂ ਸਮਰੱਥ ਵਿਧਾ ਵਜੋਂ ਉਭਰ ਰਹੀ ਹੈ - ਡਾ. ਧਨਵੰਤ ਕੌਰ

(15.8.1956)

**ਮੁਲਾਕਾਤੀ - ਰਾਜਵਿੰਦਰ ਮੀਰ**

? ਵੀਹਵੀਂ ਸਦੀ ਦੇ ਆਰੰਭ ਤੱਕ ਚੈਖ਼ਵ ਅਤੇ ਮੋਪਾਸਾਂ ਤੋਂ ਪਹਿਲਾਂ ਨਾਵਲ ਨੂੰ ਹੀ ਯਥਾਰਥਵਾਦੀ ਸਾਹਿਤ ਦੀ ਆਦਰਸ਼ ਵਿਧਾ ਮੰਨਿਆ ਜਾਂਦਾ ਸੀ। ਇਹਨਾਂ ਲੇਖਕਾਂ ਨੇ ਕਹਾਣੀ ਨੂੰ ਵੀ ਯਥਾਰਥਵਾਦੀ ਸਾਹਿਤ ਦੀ ਸਮਰਥ ਵਿਧਾ ਵਜੋਂ ਸਥਾਪਿਤ ਕੀਤਾ। ਅੱਜ ਲਗਭਗ ਇੱਕ ਸੌ ਸਾਲ ਬਾਅਦ ਕਹਾਣੀ ਦਾ ਜੋ ਵਿਕਾਸ ਹੋਇਆ ਹੈ ਉਸ ਦੇ ਸੰਦਰਭ ਵਿਚ ਪੰਜਾਬੀ ਕਹਾਣੀ ਕਿੱਥੇ ਕੁ ਖੜ੍ਹੀ ਹੈ।

– ਰਾਜਵਿੰਦਰ, ਨਾਵਲ ਤੋਂ ਲੈ ਕੇ ਚੈਖ਼ਵ ਤੇ ਮੁਪਾਸਾਂ ਤੱਕ, ਚੈਖ਼ਵ ਮੋਪਾਸਾਂ ਤੋਂ ਲੈ ਕੇ ਪੰਜਾਬੀ ਕਹਾਣੀ ਤੱਕ, ਪੰਜਾਬੀ ਕਹਾਣੀ ਤੋਂ ਲੈ ਕੇ ਅਜੋਕੀ ਪੰਜਾਬੀ ਕਹਾਣੀ ਤੱਕ ਦਾ ਕਾਲ ਅੰਤਰਾਲ ਇੰਨਾ ਵੱਡਾ ਹੈ ਕਿ ਇਸਨੂੰ ਪਹਿਲਾਂ ਇਕ ਪ੍ਰਸ਼ਨ ਵਿਚ ਤੇ ਫਿਰ ਬਹੁਤ ਸਾਰੇ ਸੰਭਾਵੀ ਸੁਆਲਾਂ ਵਾਲੀ ਇਕ ਮੁਲਾਕਾਤ ਦੇ ਇਕ ਉਤਰ ਵਿਚ ਸਮੇਟਣਾ ਮੈਨੂੰ ਵਾਜਬ ਨਹੀਂ ਜਾਪਦਾ। ਜੇ ਇਹ ਪ੍ਰਸ਼ਨ ਕਹਾਣੀ ਦੀ ਪਰੰਪਰਾ ਨੂੰ ਜਾਂ ਕਹੋ ਉਸਦੇ ਵਿਕਾਸ ਨੂੰ ਇਕ ਇਤਿਹਾਸਕ ਪਰਿਪੇਖ ਦੇਣ ਦੇ ਇਰਾਦੇ ਨਾਲ ਕੀਤਾ ਗਿਆ ਹੈ ਤਾਂ ਵੀ ਮੈਂ ਸਮਝਦੀ ਹਾਂ ਕਿ ਇਸਨੂੰ ਕੁਝ ਸਤਰਾਂ-ਸਫ਼ਿਆਂ ਵਿਚ ਸਮੇਟਣਾ ਸੰਭਵ ਨਹੀਂ। ਪਹਿਲਾਂ ਤਾਂ ਮੈਂ ਸੁਆਲ ਦਰੁਸਤ ਕਰਨਾ ਚਾਹਾਂਗੀ। ਚੈਖ਼ਵ ਤੇ ਮੋਪਾਸਾਂ ਵੀਹਵੀਂ ਸਦੀ ਦੇ ਨਹੀਂ, ਉਨੀਵੀਂ ਸਦੀ ਦੇ ਕਹਾਣੀਕਾਰ ਹਨ। ਨਾਵਲ ਜਿਸਨੂੰ ਤੁਸੀਂ ਯਥਾਰਥਵਾਦੀ ਸਾਹਿਤ ਦੀ ਆਦਰਸ਼ ਵਿਧਾ ਕਹਿ ਰਹੇ ਹੋ ਤੇ ਜਿਸਨੂੰ ਸਮੁੱਚੀ ਦੁਨੀਆਂ ਵੀਹਵੀਂ ਸਦੀ ਤੋਂ ਪਹਿਲਾਂ ਸਿਰਫ਼ ਮਨੋਰੰਜਨ ਦਾ ਸਾਧਨ ਹੀ ਮੰਨਦੀ ਰਹੀ ਹੈ, ਜਪਾਨ ਵਿਚ ਦਸਵੀਂ ਸਦੀ ਵਿਚ ਹੋਂਦ ਵਿਚ ਆਇਆ। ਸਮੁੱਚਾ ਵਿਸ਼ਵ ਮੌਰਾਸਕੀ ਸ਼ਿਕਿਬੂ ਦੇ ਨਾਵਲ 'ਗੇਂਜੀ ਮੰਗੋਤਰੀ' ਨੂੰ ਪਹਿਲਾਂ ਨਾਵਲ ਮੰਨਦਾ ਹੈ। ਸੋ ਇਸ ਸੁਆਲ ਦਾ ਜਵਾਬ ਲੱਭਣ ਲਈ ਆਪਾਂ ਨੂੰ ਦਸਵੀਂ ਸਦੀ ਤੋਂ ਇਕੀਵੀਂ ਸਦੀ ਦੇ ਚੱਲ ਰਹੇ ਦਹਾਕੇ ਤੱਕ ਪਹੁੰਚਣਾ ਪਵੇਗਾ। ਇਸ ਇਤਿਹਾਸਕ ਵਿਕਾਸ ਵਿਚ ਸਦੀਆਂ ਦਾ ਯੁੱਗਬੋਧ ਤੇ ਦੁਨੀਆਂ ਦੇ ਵਿਭਿੰਨ ਹਿੱਸਿਆਂ ਵਿਚ ਪਲਰੀਆਂ ਪ੍ਰਤਿਭਾਵਾਂ ਦੀ ਏਡੀ ਵੱਡੀ ਗਲੈਕਸੀ ਸ਼ੁਮਾਰ ਹੈ। ਇਤਿਹਾਸਕ ਵਿਕਾਸ ਨੂੰ ਸਮਝਣਾ ਨਿਰਸੰਦੇਹ ਮਹੱਤਵਪੂਰਨ ਹੋ ਸਕਦਾ ਹੈ ਪਰ ਸਦੀਆਂ ਵਿਚ ਫ਼ੈਲੀਆਂ ਇਨ੍ਹਾਂ ਪਰੰਪਰਾਵਾਂ ਦੇ ਸੰਦਰਭ ਵਿਚ ਸਿਰਫ਼ ਸੱਤ-ਅੱਠ ਦਹਾਕਿਆਂ ਵਾਲੀ ਪੰਜਾਬੀ ਕਹਾਣੀ ਦਾ ਬਰ ਮੇਚਣ ਲਈ ਜੇ ਅਸੀਂ ਆਪਣੇ ਮਨਭਾਉਂਦੇ ਗਜ਼ ਬਣਾਵਾਂਗੇ ਤਾਂ ਅਸੀਂ ਖੁਸ਼ਫਹਿਮੀਆਂ ਹੀ ਸਿਰਜ ਰਹੇ ਹੋਵਾਂਗੇ। ਕਹਿਣ ਤੋਂ ਮੇਰਾ ਭਾਵ ਕਦਾਚਿਤ ਨਹੀਂ ਕਿ ਪੰਜਾਬੀ ਕਹਾਣੀ ਵਿਸ਼ਵ ਪੱਧਰ ਦੀ ਕਹਾਣੀ ਦੇ ਬਰਾਬਰ ਦੀ ਨਹੀਂ ਹੋ ਸਕਦੀ ਪਰ ਅਜਿਹੇ ਪ੍ਰਸ਼ਨਾਂ ਨੂੰ ਮੁਖਾਤਿਬ ਹੋਣਾ ਇੰਨਾ ਸਰਲ, ਸਿੱਧਾ ਵੀ ਨਹੀਂ।

? ਨੱਥੇ ਦੇ ਦਹਾਕੇ ਦੀਆਂ ਬਹੁਤ ਸਾਰੀਆਂ ਘਟਨਾਵਾਂ ਨੇ ਸਮੁੱਚੇ ਵਿਸ਼ਵ ਦੇ ਸਾਹਿਤ ਨੂੰ ਪ੍ਰਭਾਵਿਤ ਕੀਤਾ। ਜ਼ਾਹਿਰ ਹੈ ਕਿ ਇਸ ਨੇ ਪੰਜਾਬੀ ਕਹਾਣੀ ਨੂੰ ਵੀ ਪ੍ਰਭਾਵਿਤ ਕੀਤਾ। ਇਹ ਪ੍ਰਭਾਵ ਸਿੱਧਾ ਘਟਨਾਵਾਂ ਤੋਂ ਲਿਆ ਗਿਆ ਜਾਂ ਇਨ੍ਹਾਂ ਘਟਨਾਵਾਂ ਦੇ ਹੋਰ ਪ੍ਰਤੀਕਰਮਾਂ ਤੋਂ ਲਿਆ ਗਿਆ।

– ਨੱਥੇ ਦੇ ਦਹਾਕੇ ਨਾਲੋਂ ਨੌਵਾਂ ਦਹਾਕਾ ਕਹਿਣਾ ਵਧੇਰੇ ਦਰੁਸਤ ਹੋਵੇਗਾ। ਵਿਸ਼ਵ ਪੱਧਰ 'ਤੇ ਰੂਸੀ ਸਮਾਜਵਾਦ ਦਾ ਢਹਿ ਜਾਣਾ ਵਿਸ਼ਵਵਿਆਪੀ ਪ੍ਰਭਾਵਾਂ ਵਾਲੀ ਇਕ ਵੱਡੀ ਘਟਨਾ ਸੀ। ਭਾਰਤ-ਪੰਜਾਬ ਦੇ ਰਾਜਨੀਤਕ-ਸਭਿਆਚਾਰਕ ਇਤਿਹਾਸ ਵਿਚ ਪੰਜਾਬ ਸੰਕਟ ਪੰਜਾਬੀ ਸਮਾਜ ਤੇ ਭਾਈਚਾਰੇ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਚੁੱਕਾ ਸੀ। ਕਿਸੇ ਵੀ ਬਿਰਤਾਂਤ ਲਈ ਲੋੜੀਂਦੀਆਂ ਘਟਨਾਵਾਂ, ਸਥਿਤੀਆਂ, ਪਰਿਪੇਖ ਸੋਝੀਆਂ ਪੱਖੋਂ ਇਹੋ ਜਿਹੇ ਵਰਤਾਰੇ ਕਾਫ਼ੀ ਗੁੰਜਾਇਸ਼ ਬਣਾ ਦਿੰਦੇ ਹਨ। ਪੰਜਾਬੀ ਸਾਹਿਤ ਵਿਚ ਸੋਵੀਅਤ ਸੰਘ ਦਾ ਢਹਿ ਜਾਣਾ ਇਸ ਕਰਕੇ ਵੀ ਮਹੱਤਵਪੂਰਨ ਸੀ ਕਿ ਆਧੁਨਿਕ ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦ-ਸਮਾਜਵਾਦ ਦੀ ਪਕੜ ਕਾਫ਼ੀ ਪੀਡੀ ਰਹੀ ਹੈ।

ਪੰਜਾਬ ਦਾ ਆਪਣਾ ਸਭਿਆਚਾਰਕ ਈਥੌਸ, ਪੰਜਾਬੀ ਦਰਸ਼ਨ ਵਿਚ ਕਿਰਤੀ ਦਾ ਨਾਇਕਤਵ, ਪੰਜਾਬ ਵੰਡ ਤੋਂ ਬਾਅਦ ਹਾਲੋਂ-ਬੇਹਾਲ ਹੋਈ ਪੰਜਾਬ ਦੀ ਆਰਥਿਕਤਾ ਵਿਚ ਕਿਰਤੀ ਦੇ ਮਹੱਤਵ ਨੂੰ ਵਰਗ ਸੰਘਰਸ ਦਾ ਨਾਅਰਾ ਤੇ ਵਰਗ ਰਹਿਤ ਸਮਾਜ ਦੀ ਸਥਾਪਨਾ ਕਾਫੀ ਆਕਰਸ਼ਿਤ ਕਰਦੀ ਸੀ ਅਤੇ ਅੱਜ ਵੀ ਕਰਦੀ ਹੈ। ਰੂਸ ਵਿਚ ਸਮਾਜਵਾਦੀ ਢਾਂਚਾ ਕਿਉਂ ਢਹਿ ਢੇਰੀ ਹੋਇਆ, ਇਸਦੇ ਕਾਰਨ ਇਕ ਤੋਂ ਵਧੇਰੇ ਹਨ ਤੇ ਕਾਫ਼ੀ ਹੱਦ ਤੱਕ ਸਪੱਸ਼ਟ ਹੋ ਚੁੱਕੇ ਹਨ। ਘੱਟੋ-ਘੱਟ ਇਹ ਸਪੱਸ਼ਟ ਹੈ ਕਿ ਇਸ ਵਰਤਾਰੇ ਕਰਕੇ ਮਾਰਕਸਵਾਦ ਗਲਤ ਸਾਬਤ ਨਹੀਂ ਹੁੰਦਾ ਪਰ ਪੂੰਜੀਵਾਦੀ ਮੁਲਕਾਂ ਨੇ ਇਸ ਵਰਤਾਰੇ ਨੂੰ ਜਿਵੇਂ ਆਪਣੀ ਅਜ਼ਲੀ ਜਿੱਤ ਘੋਸ਼ਿਤ ਕੀਤਾ ਹੈ, ਉਸਨੇ ਮਾਰਕਸਵਾਦ ਦੀ ਸਤਹੀ ਤੇ ਔਸਤ ਸਮਝ ਰੱਖਣ ਵਾਲੇ ਲੇਖਕਾਂ ਨੂੰ ਚਕ੍ਰਿਤ ਜ਼ਰੂਰ ਕੀਤਾ ਹੈ ਤੇ ਪਹਿਲਾਂ ਹੀ ਦੂਜੇ ਪਾਸੇ ਖੜ੍ਹੇ ਬੰਦਿਆਂ ਨੇ ਤਾਂ ਬਹੁਤ ਲਾਊਡ ਹੋ ਕੇ ਵੀ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਪਰ ਪੰਜਾਬੀ ਕਹਾਣੀ ਵਿਚ ਇਸ ਕਿਸਮ ਦਾ ਘਟਨਾਵੀ ਬਿਰਤਾਂਤ ਬਹੁਤਾ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਘਟਨਾਵੀ ਰਿਪੋਰਟਿੰਗ ਦਾ ਬਿਰਤਾਂਤ ਵਿਚ ਇਕ ਚਾਲੂ ਹਵਾਲਾ ਬਣਨ ਤੇ ਕਿਸੇ ਵਿਵੇਕ ਵਾਲੇ ਕਥਾ ਬਿੰਬ ਸਿਰਜ ਸਕਣ ਵਿਚ ਬਹੁਤ ਵੱਡਾ ਅੰਤਰ ਹੁੰਦਾ ਹੈ। ਅਜੇ ਪੰਜਾਬੀ ਕਹਾਣੀ ਬਿਰਤਾਂਤ ਵਿਚ ਕੋਈ ਅਜਿਹੀ ਕਹਾਣੀ ਨਹੀਂ ਸਿਰਜੀ ਗਈ ਜਿਹੜੀ ਇਹ ਦੱਸਦੀ ਹੋਵੇ ਕਿ ਸੋਵੀਅਤ ਸੰਘ ਦਾ ਟੁੱਟਣਾ, ਮਾਰਕਸਵਾਦੀ ਵਿਧਾਰਧਾਰਾ ਦਾ ਫੇਲ੍ਹ ਹੋਣਾ ਜਾਂ ਗਲਤ ਹੋਣਾ ਜਾਂ ਅਪ੍ਰਸੰਗਕ ਹੋ ਜਾਣਾ ਹੈ। ਇਸੇ ਕਰਕੇ ਫੈਸ਼ਨ ਵਜੋਂ ਉਲਾਰੂ ਚਾਹਤ ਰੱਖਣ ਵਾਲੇ ਸਿਰਜਕਾਂ ਉਤੇ ਤਾਂ ਭਾਵੇਂ ਅਜਿਹੀਆਂ ਘਟਨਾਵਾਂ ਦਾ ਕੋਈ ਪ੍ਰਭਾਵ ਪਿਆ ਹੋਵੇ, ਮਾਰਕਸਵਾਦ ਤੋਂ ਡੂੰਘੀਆਂ ਮਾਨਵਵਾਦੀ ਅੰਤਰ ਸੋਝੀਆਂ ਲੈਣ ਵਾਲੇ ਚਿੰਤਕਾਂ/ਲੇਖਕਾਂ ਨੂੰ ਕੋਈ ਵੱਡਾ ਫ਼ਰਕ ਨਹੀਂ ਪਿਆ।

ਪੰਜਾਬ ਸੰਕਟ ਦਾ ਤਾਂ ਪੰਜਾਬੀ ਚੇਤਨਾ ਨੂੰ ਖਹਿ ਕੇ ਲੰਘਣਾ ਬਹੁਤ ਹੀ ਸੁਭਾਵਿਕ ਸੀ। ਪੰਜਾਬੀਅਤ ਜਿਹੜੀ ਤਕਸੀਮ ਵੇਲੇ ਮੁਸਲਮਾਨ-ਹਿੰਦੂ-ਸਿੱਖ ਵਿਚ ਵੰਡੀ ਗਈ ਸੀ, ਹੁਣ ਹਿੰਦੂ-ਸਿੱਖ ਵਿਚ ਅੱਡੋ-ਪਾਟ ਕੀਤੀ ਜਾ ਰਹੀ ਸੀ। ਪੰਜਾਬ ਦੀ ਸਭਿਆਚਾਰਕ ਚੇਤਨਾ, ਪੰਜਾਬ ਦੀ ਆਰਥਿਕਤਾ, ਪੰਜਾਬ ਦਾ ਕੌਮੀ-ਕੌਮਾਂਤਰੀ ਭਵਿੱਖ, ਪੰਜਾਬ ਦੀ ਜਵਾਨੀ ਜਿਨ੍ਹਾਂ ਸੰਕਟਾਂ ਮੂੰਹ ਆਈ ਹੋਈ ਸੀ, ਉਸ ਬਾਰੇ ਅਣਗਿਣਤ ਵਾਕਿਆਤ ਇਸ ਸੰਕਟ ਵਿੱਚੋਂ ਖੁਦ-ਬਖੁਦ ਪੈਦਾ ਹੋ ਗਏ ਸਨ। ਪੰਜਾਬੀ ਜਨ-ਸੰਚਾਰ ਵਿਚ ਤਤਕਾਲੀ ਰਿਪੋਰਟਿੰਗ ਵਰਗੇ ਅਣਗਿਣਤ ਹਵਾਲੇ ਪੰਜਾਬੀ ਕਹਾਣੀ ਵਿੱਚ ਸਿੱਧੇ ਵੀ ਆ ਰਹੇ ਸਨ ਪਰ ਪੰਜਾਬੀਅਤ ਨੂੰ ਦਰਪੇਸ਼ ਇਸ ਸੰਕਟ ਦੀਆਂ ਇਤਿਹਾਸਕ ਧੁਨੀਆਂ, ਪ੍ਰਤਿਧੁਨੀਆਂ ਨੂੰ ਕੁਝ ਸਮਰੱਥ ਬਿਰਤਾਂਤਕਾਰ ਹੀ ਸਿਰਜ ਸਕੇ ਸਨ। ਇਨ੍ਹਾਂ ਘਟਨਾਵਾਂ ਪ੍ਰਤੀ ਜਿਵੇਂ ਜਿਵੇਂ ਫਾਸਲਾ ਵੱਧ ਰਿਹਾ ਹੈ ਤਿਵੇਂ ਤਿਵੇਂ ਵਡੇਰੀ ਸਮਝ ਵਾਲੇ ਬਿਰਤਾਂਤ ਸਿਰਜੇ ਜਾਣ ਦੀ ਸੰਭਾਵਨਾ ਹੈ। ਮਨਿੰਦਰ ਕਾਂਗ ਦੀ ਕਹਾਣੀ 'ਭਾਰ', ਜਗਿੰਦਰ ਕੈਰੋਂ ਦਾ ਨਾਵਲ 'ਨੀਲੇ ਤਾਰਿਆਂ ਦੀ ਮੌਤ' ਨੇ ਇਨ੍ਹਾਂ ਸੰਭਾਵਨਾਵਾਂ ਦੀ ਕੰਨਸੋਅ ਦਿੱਤੀ ਹੈ।

? ਕਿਹਾ ਜਾਂਦਾ ਹੈ ਕਿ ਨੱਥੇ ਤੋਂ ਪਹਿਲਾਂ ਪੰਜਾਬੀ ਕਹਾਣੀ ਵਿਚ ਤਕਨੀਕ, ਵਿਸ਼ੇ ਅਤੇ ਵਿਧਾਰਧਾਰਾ ਦੀ ਇਕ ਮਨੋਪਲੀ ਸੀ ? ਇਹ ਵਿਸ਼ਾ, ਵਿਧਾਰਧਾਰਾ ਅਤੇ ਤਕਨੀਕ ਕਿਹੜੀ ਸੀ।

– ਨੱਥੇ ਤੋਂ ਪਹਿਲਾਂ ਦੀ ਕਹਾਣੀ ਵਿਚ ਕਿਸੇ ਇਕ 'ਤਕਨੀਕ, ਵਿਸ਼ੇ ਅਤੇ ਵਿਧਾਰਧਾਰਾ' ਤਿੰਨਾਂ ਨੂੰ ਇਕ 'ਮਨੋਪਲੀ' ਵਜੋਂ ਵੇਖਣ ਦਾ ਦ੍ਰਿਸ਼ਟੀ ਬਿੰਦੂ ਮੇਰੇ ਜ਼ਿਹਨ ਵਿਚ ਸਾਫ਼ ਤੇ ਸਪੱਸ਼ਟ ਨੁਹਾਰ ਗ੍ਰਹਿਣ ਨਹੀਂ ਕਰਦਾ। ਨੱਥੇ ਤੋਂ ਪਹਿਲਾਂ ਦੀ ਕਹਾਣੀ ਵਿਚ ਸੁਧਾਰਵਾਦ, ਪ੍ਰਗਤੀਵਾਦ, ਮਨੋਵਿਗਿਆਨਕ ਵਿਸ਼ਲੇਸ਼ਣ, ਪ੍ਰਯੋਗਵਾਦ-ਆਧੁਨਿਕਤਾਵਾਦ ਵਰਗੀਆਂ ਪ੍ਰਵਿਰਤੀਆਂ ਆਪਣੀਆਂ ਅੰਤਰਦ੍ਰਿਸ਼ਟੀਆਂ ਵੱਖੋ-ਵੱਖ ਯੁਗ ਚੇਤਨਾਵਾਂ ਤੋਂ ਗ੍ਰਹਿਣ ਕਰਦੀਆਂ ਹਨ। ਸੁਧਾਰਵਾਦੀ ਕਹਾਣੀ ਆਪਣੇ ਵਿਸ਼ੇ ਤਤਕਾਲੀ ਸਮਾਜਕ ਮੀਮਾਂਸਾ ਨੂੰ ਦਰਪੇਸ਼ ਚੁਣੌਤੀਆਂ ਵਿਚੋਂ ਗ੍ਰਹਿਣ ਕਰਦੀ ਹੈ। ਬਾਲ-ਵਿਆਹ, ਅਜੋੜ ਵਿਆਹ, ਵਿਧਵਾ, ਵੇਸ਼ਵਾ, ਅਨਪੜ੍ਹਤਾ, ਅਗਿਆਨਤਾ, ਛੂਤਛਾਤ ਵਰਗੀਆਂ ਸਮਾਜਕ ਅਲਾਮਤਾਂ ਕਹਾਣੀ ਦਾ ਵਿਸ਼ਾ ਬਣਦੀਆਂ ਹਨ ਅਤੇ ਕਹਾਣੀ ਅੰਗਰੇਜ਼ੀ ਸਾਮਰਾਜ ਦੀ ਸਭਿਆਚਾਰਕ ਪ੍ਰਭੁਤਾ ਨੂੰ ਕਾਊਂਟਰ ਕਰਨ ਲਈ ਸਮਾਜ ਸੁਧਾਰ ਦੀ ਸਥਾਨਕ ਵਿਚਾਰਧਾਰਕ ਲੋੜ ਦਾ ਵਾਹਨ ਬਣਦੀ ਹੈ। ਪ੍ਰਗਤੀਵਾਦੀ ਕਹਾਣੀ ਆਪਣਾ ਵਿਧਾਰਧਾਰਕ ਪਰਿਪੇਖ



ਮਾਰਕਸਵਾਦ ਤੋਂ ਗ੍ਰਹਿਣ ਕਰਦੀ ਹੈ ਅਤੇ ਸਮਾਜਕ ਆਰਥਕ ਦਰਜੇਬੰਦੀਆਂ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ। ਮਨੋਵਿਗਿਆਨ ਦੀਆਂ ਲੱਭਤਾਂ ਮਨੁੱਖੀ ਮਨ ਨੂੰ ਸਮਝਣ ਦਾ ਜਿਹੜਾ ਝਰੋਖਾ ਪ੍ਰਦਾਨ ਕਰਦੀਆਂ ਹਨ, ਉਨ੍ਹਾਂ ਦੇ ਸਹਾਰੇ ਮਾਨਸਿਕ ਵਿਹਾਰਾਂ ਨੂੰ ਸਮਝਣ-ਸਮਝਾਉਣ ਦਾ ਯਤਨ ਕਹਾਣੀ ਵਿਚ ਮਨੋਵਿਗਿਆਨਕ ਵਿਸ਼ਲੇਸ਼ਣ ਦਾ ਮੁੱਢ ਬੰਨਦਾ ਹੈ। ਆਧੁਨਿਕ ਸੰਵੇਦਨਾ ਦੀਆਂ ਲੱਭਤਾਂ ਨੂੰ ਮਨੁੱਖੀ ਜੀਵਨ ਅਤੇ ਵਿਹਾਰ ਦੀਆਂ ਸਮੂਰਤ ਸਮਰਥਾਵਾਂ ਨਾਲ ਜੋੜ ਕੇ ਵੇਖਣ ਦੀ ਥਾਂ ਉਸਦੇ ਕਾਲਪਨਿਕ, ਨਿੱਜੀ ਤੇ ਅਮੂਰਤ ਜਗਤ ਵਿਚੋਂ ਗ੍ਰਹਿਣ ਕਰਨ ਦੀ ਚੇਸ਼ਟਾ ਵਾਲਾ ਵਿਅਕਤੀਵਾਦ ਆਧੁਨਿਕਤਾਵਾਦ ਨੂੰ ਜਨਮ ਦਿੰਦਾ ਹੈ ਤੇ ਪ੍ਰਯੋਗਵਾਦੀ ਕਹਾਣੀ ਦੇ ਵਿਸ਼ੇ ਆਪਣਾ ਚੋਣ ਸਿਧਾਂਤ ਤੇ ਪੇਸ਼ਕਾਰੀ ਇਸ ਸੋਝੀ ਨਾਲ ਜੋੜ ਲੈਂਦੇ ਹਨ। ਨੱਥੇ ਤੋਂ ਪਹਿਲਾਂ ਦੀ ਕਹਾਣੀ ਵਿਚਲੀਆਂ ਇਨ੍ਹਾਂ ਤਿੰਨੋਂ ਚਾਰੋਂ ਪ੍ਰਵਿਰਤੀਆਂ ਵਿਚ ਵਿਸ਼ੇ ਤੇ ਵਿਚਾਰਧਾਰਾ ਦੀ ਕੋਈ ਸਾਂਝ ਨਹੀਂ। ਬਿਨਾਂ ਸ਼ੱਕ ਪ੍ਰਗਤੀਵਾਦ ਪੰਜਾਬੀ ਕਹਾਣੀ ਦੀ ਮੁੱਖ ਤੇ ਭਾਰੂ ਸੁਰ ਰਹੀ ਹੈ। ਸੁਧਾਰਵਾਦ, ਪ੍ਰਯੋਗਵਾਦ, ਨਸਲਵਾਦ, ਕਲਾ-ਕਲਾ ਲਈ ਵਰਗੇ ਨਾਅਰਿਆਂ ਦੀ ਵਰੇਸ ਪੰਜਾਬੀ ਕਹਾਣੀ ਬੜੀ ਥੋੜ੍ਹੀ ਰਹੀ ਹੈ। ਇਨ੍ਹਾਂ ਅਰਥਾਂ ਵਿਚ ਤਾਂ ਤੁਸੀਂ ਪ੍ਰਗਤੀਵਾਦ ਦੀ ਮਨੋਪਲੀ ਦੀ ਗੱਲ ਕਰ ਸਕਦੇ ਹੋ ਜਾਂ ਫਿਰ ਇਹ ਮਨੋਪਲੀ ਮੇਰੀ ਜਾਂਚੇ ਤਕਨੀਕ ਦੀ ਪੱਧਰ 'ਤੇ ਹੁਨਰੀ ਕਹਾਣੀ ਦੇ ਆਦਿ-ਮਧ-ਸਿਖਰ-ਅੰਤ ਵਾਲੇ ਮਾਡਲ ਦੀ ਕਹੀ ਜਾ ਸਕਦੀ ਹੈ। ਇਕ ਇਕਹਿਰੇ ਕਥਾ ਬਿੰਬ ਵਾਲੀ, ਅੰਤਮ ਪੱਖੀ ਰਵਈਏ ਵਾਲੀ, ਤਾਰਕਿਕ ਮਿਆਦ ਵਾਲੇ ਬਿਰਤਾਂਤਕੀ ਸੰਗਠਨ ਵਾਲੀ, ਇਕ ਪੱਖੀ ਪਾਤਰ ਉਸਾਰੀ ਵਾਲੀ ਅਤੇ ਬਿਰਤਾਂਤਕੀ ਚੱਕਰ ਨੂੰ ਕਿਸੇ ਸੰਭਾਵਿਤ ਹੱਲ, ਸੁਝਾਓ ਜਾਂ ਸੁਲਝਾਓ ਵਿਚ ਸਮੇਟਣ ਵਾਲੀ ਤਕਨੀਕ ਜ਼ਰੂਰ ਇਨ੍ਹਾਂ ਸਾਰੀਆਂ ਕਹਾਣੀਆਂ ਦਾ ਸਾਂਝਾ ਸੂਤਰ ਕਹੀ ਜਾ ਸਕਦੀ ਹੈ। ਵੱਖੋ-ਵੱਖ ਵਿਸ਼ਿਆਂ ਤੇ ਵਿਧਾਰਧਾਰਾਵਾਂ ਵਾਲੀਆਂ ਕਹਾਣੀਆਂ ਨੇ ਆਪਣੀ ਗਲਪੀ ਬਿੰਬ ਦੀ ਘਾੜਤ ਲਈ ਜਿਹੜਾ ਕਥਾ ਮਾਡਲ ਸਿਰਜਿਆ ਤੇ ਕੁਲਵੰਤ ਸਿੰਘ ਵਿਰਕ ਦੀ ਕਹਾਣੀ ਵਿਚ ਜਿਸਨੇ ਆਪਣਾ ਸਿਖਰ ਹੰਢਾਇਆ ਉਸਦੀ ਮਨੋਪਲੀ ਤਾਂ ਅੱਜ ਵੀ ਪੰਜਾਬੀ ਦੀ ਔਸਤ ਕਹਾਣੀ ਵਿਚ ਜਿਉਂ ਦੀ ਤਿਉਂ ਬਣੀ ਹੋਈ ਹੈ।

? ਕੀ ਅਸੀਂ ਇਹਨਾਂ ਨਾਲ ਸਮਾਂ ਬੋਧਕ ਸ਼ਬਦ 'ਸੀ' ਲਗਾ ਕੇ ਇਨ੍ਹਾਂ ਨੂੰ ਇਤਿਹਾਸ ਦੇ ਡਸਟਬਿਨ ਵਿਚ ਸੁੱਟ ਸਕਦੇ ਹਾਂ।

– ਸ਼ੁਕਰ ਹੈ ਕਿ 'ਇਤਿਹਾਸ ਦੇ ਡਸਟਬਿਨ' ਵਿਚ ਸੁੱਟ ਪਾਉਣ ਦਾ ਅਮਲ ਅਜੋਕੇ ਖਪਤ ਸਭਿਆਚਾਰਕ ਵਲੋਂ ਹਰ ਨਵੀਂ ਚੀਜ਼ ਨੂੰ ਘਰ ਲਿਆਉਣ ਲਈ ਪੁਰਾਣੀ ਨੂੰ ਸੁੱਟ ਪਾਉਣ ਜਿੰਨਾ ਸਵਾਰਥੀ, ਮੌਕਾ-ਸ਼ਨਾਸ ਤੇ ਤੇਜ਼-ਤਰਾਰ ਤੇ ਸ਼ਾਇਦ ਸਭ ਤੋਂ ਵੱਧ ਲਾਹਾ ਕੇਂਦ੍ਰਿਤ ਤਾਂ ਨਹੀਂ ਹੋ ਸਕਦਾ ਅਤੇ ਹੋਣਾ ਵੀ ਨਹੀਂ ਚਾਹੀਦਾ। ਹਾਲਾਂਕਿ ਇਤਿਹਾਸ/ਕਾਲ ਦੀ ਆਪਣੀ ਪ੍ਰਵਿਰਤੀ ਵੀ ਪ੍ਰਦਰਸ਼ਤ ਕਰਨ ਦੀ ਘੱਟ ਛੁਪਾਉਣ ਦੀ ਵੱਧ ਹੁੰਦੀ ਹੈ। ਇਤਿਹਾਸ ਵਿਚ ਉਹੀ ਚਮਕ ਸਕਿਆ ਹੈ ਜਿਹੜਾ ਸਮੇਂ, ਸਥਾਨ ਤੇ ਵਸੀਕਰਨ ਪਾ ਜ਼ਿੰਦਗੀ ਦੀਆਂ ਚਿਰਸਥਾਈ ਜੀਵੰਤ ਰੌਆਂ ਸਿਰਜ ਸਕਿਆ ਹੈ। ਕਿਸੇ ਵੀ ਵਿਗਸ ਰਹੀ ਪਰੰਪਰਾ ਵਿਚ ਤਿੰਨ ਕਿਸਮ ਦੀਆਂ ਰਚਨਾਵਾਂ ਨਿਖੇੜਨੀਆਂ ਸੰਭਵ ਹੋ ਸਕਦੀਆਂ ਹਨ, ਕੁਝ ਅਮਰ-ਮਹਾਨ ਹੋ ਸਕਦੀਆਂ ਹਨ ਜਿਹੜੀਆਂ ਸਮੇਂ, ਸਥਾਨ ਦੀਆਂ ਹੱਦਾਂ ਉਲੰਘ ਕੇ ਵੀ ਜੀਵਤ ਰਹਿੰਦੀਆਂ ਹਨ, ਕੁਝ ਉਹ ਜਿਨ੍ਹਾਂ ਦਾ ਇਤਿਹਾਸਕ ਮੁੱਲ ਹੁੰਦਾ ਹੈ, ਜੋ ਆਪਣੇ ਸਮੇਂ ਦਾ ਅਕਸ ਸਮੇਟੀ ਬੈਠੀਆਂ ਹੁੰਦੀਆਂ ਹਨ, ਉਨ੍ਹਾਂ ਦਾ ਮੁੱਲ ਸਦੀਵੀਂ ਨਾ ਸਹੀ ਇਤਿਹਾਸਕ ਜ਼ਰੂਰ ਹੁੰਦਾ ਹੈ ਤੇ ਕੁਝ ਰਨਚਾਵਾਂ ਤਾਂ ਮਹਿਜ਼ ਵੰਨਗੀ ਦੀਆਂ ਕੜੀਆਂ ਹੁੰਦੀਆਂ ਹਨ। ਨਿਮਨ ਦਰਜੇ ਦੀ ਤਾਂ ਕੀ ਔਸਤ ਦਰਜੇ ਦੀ ਕਲਾ ਕਿਰਤ ਹੀ ਕਾਲ ਖਪਾ ਜਾਂਦਾ ਹੈ। ਇਸੇ ਕਰਕੇ ਸਾਹਿਤ ਦੇ ਇਤਿਹਾਸ ਵਿਚ ਬਹੁਗਿਣਤੀ ਰਚਨਾਵਾਂ ਦੀ ਹੋਣੀ ਬਿਨਸਣਾ ਹੈ ਪਰ ਨੱਬੇ ਤੋਂ ਪਹਿਲਾਂ ਦੀ ਸਾਰੀ ਦੀ ਸਾਰੀ ਕਹਾਣੀ ਜਿਸ ਵਿਚ ਤੁਹਾਨੂੰ ਵਿਸ਼ੇ, ਵਿਚਾਰਧਾਰਾ ਤੇ ਤਕਨੀਕ ਦੀ ਮਨੋਪਲੀ ਵਿਖਾਈ ਦਿੱਤੀ ਹੈ, ਨੂੰ ਡਸਟਬਿਨ ਵਿਚ ਸੁੱਟ ਦੇਣਾ ਪੰਜਾਬੀ ਕਹਾਣੀ ਦੇ ਭੂਤ ਨੂੰ ਬੰਦੂਕ ਦੀ ਗੋਲੀ ਨਾਲ ਫੁੰਡਣ ਬਰਾਬਰ ਹੋਵੇਗਾ ਤੇ ਰਸੂਲ ਹਮਜ਼ਾਤੋਵ ਕਹਿੰਦਾ ਹੈ ਕਿ ਜੇ ਤੁਸੀਂ ਆਪਣੇ ਭੂਤ ਨੂੰ ਗੋਲੀ ਨਾਲ ਫੁੰਡੋਗੇ ਤਾਂ ਭਵਿੱਖ ਤੁਹਾਨੂੰ ਤੋਪ ਦੇ ਗੋਲੇ ਨਾਲ ਉਡਾਵੇਗਾ। ਨੱਬੇ ਤੋਂ ਪਹਿਲਾਂ ਦੀ ਕਹਾਣੀ ਜਿਸ ਵਿਚ ਗੁਰਮੁਖ ਸਿੰਘ ਮੁਸਾਫਰ ਦੀ 'ਬਾਗੀ ਦੀ ਧੀ', ਗੁਰਬਖਸ਼ ਸਿੰਘ ਦੀ 'ਭਾਬੀ ਮੈਨਾ', ਸੁਜਾਨ ਸਿੰਘ ਦੀ

'ਰਾਸ ਲੀਲ੍ਹਾ', ਸੰਤ ਸਿੰਘ ਸੇਖੋਂ ਦੀ ਕਹਾਣੀ 'ਪੇਮੀ ਦੇ ਨਿਆਣੇ', ਕੁਲਵੰਤ ਸਿੰਘ ਵਿਰਕ ਦੀ 'ਖੱਬਲ', 'ਧਰਤੀ ਹੇਠਲਾ ਬੌਲਦ' ਵਰਗੀਆਂ ਅਣਗਿਣਤ ਬੇਹੱਦ ਖ਼ੂਬਸੂਰਤ ਕਹਾਣੀਆਂ ਸ਼ਾਮਲ ਹਨ। ਇਹ ਕਿਸੇ 'ਇਕ ਵਿਸ਼ੇ, ਵਿਚਾਰਧਾਰਾ ਤੇ ਤਕਨੀਕ ਦੀ ਮਨੋਪਲੀ' ਵਿਚੋਂ ਪੈਦਾ ਨਹੀਂ ਹੋਈਆਂ। ਕਦਾਚਿਤ ਇਹ ਸ਼ੁੱਟ ਪਾਉਣ ਵਾਲੀਆਂ ਨਹੀਂ। ਨੱਬੇ ਤੋਂ ਪਹਿਲਾਂ ਤਾਂ ਅਜੀਤ ਕੌਰ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ, ਗੁਰਬਚਨ ਭੁੱਲਰ, ਮੋਹਨ ਭੰਡਾਰੀ, ਸੰਤੋਖ ਸਿੰਘ ਧੀਰ ਵਰਗੇ ਕਹਾਣੀਕਾਰ ਵੀ ਆਪਣੀਆਂ ਸ਼ਾਹਕਾਰ ਕਹਾਣੀਆਂ ਲਿਖ ਚੁੱਕੇ ਸਨ, ਮੈਨੂੰ ਨਹੀਂ ਸਮਝ ਆਉਂਦੀ ਕਿ ਤੁਸੀਂ ਕਿਸ ਕਾਹਲ ਵਿੱਚ ਹੋ ?

? ਪ੍ਰੇਮ ਪ੍ਰਕਾਸ਼ ਵਰਗੇ ਕਹਾਣੀਕਾਰ ਇਹ ਦਾਅਵਾ ਕਰਦੇ ਹਨ ਕਿ ਨੱਬੇ ਤੋਂ ਬਾਅਦ ਵਿਚਾਰਧਾਰਕ ਜਕੜ ਟੁੱਟਣ ਤੋਂ ਬਾਅਦ ਪੰਜਾਬੀ ਕਹਾਣੀਕਾਰਾਂ ਨੇ ਨਵੇਂ ਵਿਸ਼ਿਆਂ 'ਤੇ ਨਵੇਂ ਤਜ਼ਰਬੇ ਕੀਤੇ ਹਨ। ਇਹ ਨਵੇਂ ਵਿਸ਼ੇ ਅਤੇ ਨਵੇਂ ਤਜ਼ਰਬੇ ਕਿਹੜੇ ਹਨ।

– ਅਜਿਹੇ ਦਾਅਵੇ ਭਾਵੇਂ ਕੋਈ ਵੀ ਕਰਦਾ ਰਹੇ ਪਰ ਇਹ ਗੱਲ ਹਮੇਸ਼ਾ ਚੇਤੇ ਵਿਚ ਰਹਿਣੀ ਚਾਹੀਦੀ ਹੈ ਕਿ ਵਿਧਾਰਧਾਰਾ ਕਿਸੇ ਵੀ ਰਚਨਾ ਜਾਂ ਰਚਨਾਕਾਰ ਦਾ ਬੰਧਨ ਨਹੀਂ, ਸ਼ਕਤੀ ਤੇ ਸਮਰੱਥਾ ਹੁੰਦੀ ਹੈ। ਕਿਸੇ ਵੀ ਰਚਨਾਤਮਕਤਾ ਵਿਚ ਵਿਧਾਰਧਾਰਾ ਦੀ ਹੋਂਦਵਿਧੀ ਬੜਾ ਨਾਜ਼ੁਕ ਤੇ ਲਾਜ਼ਮੀ ਪਹਿਲੂ ਹੈ। ਰਚਨਾ/ਰਚਨਾਕਾਰ ਦੀ ਸੁਤੰਤਰਤਾ ਅਤੇ ਵਿਧਾਰਧਾਰਾ ਦੀ ਸੁਨਿਸ਼ਚਿਤਤਾ ਵਿਚ ਸੰਤੁਲਨ ਨਾ ਬਣਾ ਸਕਣ ਵਾਲੇ ਰਚਨਾਕਾਰ ਵਿਚਾਰਧਾਰਕ ਜਕੜ/ਨਾਅਰੇ/ਪੈਂਤੜੇ ਦਾ ਸ਼ਿਕਾਰ ਹੋ ਜਾਂਦੇ ਹਨ। ਸੱਜਰੇ, ਸ਼ਸਕਤ ਤੇ ਮੌਲਿਕ ਕਥਾ ਬਿੰਬ ਵਿਚਾਰਧਾਰਾ ਦਾ ਉਲੱਥਾ ਨਹੀਂ ਹੁੰਦੇ। ਇਸ ਕਾਇਨਾਤ ਵਿਚ ਮਨੁੱਖ ਦੀ ਸਰਦਾਰੀ ਇਸ ਕਰਕੇ ਹੈ ਕਿ ਉਹ ਆਪਣੇ ਤੋਂ ਪਹਿਲੀਆਂ ਨਸਲਾਂ ਦੇ ਗਿਆਨ ਨੂੰ ਆਪਣੇ ਅਨੁਭਵ ਵਿਚ ਸ਼ਾਮਲ ਕਰ ਸਕਦਾ ਹੈ। ਮਨੁੱਖੀ ਵਿਚਾਰ ਸੰਸਕ੍ਰਿਤੀ ਦਾ ਪ੍ਰਵਾਹ ਇਸਦਾ ਪ੍ਰਮਾਣ ਹੈ। ਮਨੁੱਖੀ ਸਮਾਜ ਦਾ ਹਰ ਸੁਚੇਤ ਵਿਅਕਤੀ ਇਸ ਪ੍ਰਵਾਹ ਦਾ ਯਥਾਯੋਗ ਲਾਭ ਉਠਾਉਂਦਾ ਹੈ ਪਰ ਜ਼ਿੰਦਗੀ ਹਰ ਰੋਜ਼ ਨਵੀਆਂ ਵੰਗਾਰਾਂ ਲੈ ਕੇ ਆਉਂਦੀ ਹੈ। ਨੱਬੇ ਤੋਂ ਬਾਅਦ ਸੂਚਨਾ ਤਕਨਾਲੋਜੀ ਸਮਾਜ ਵਿਚ ਵੱਡੀ ਕ੍ਰਾਂਤੀ ਲੈ ਕੇ ਆਈ ਹੈ, ਇਸਨੇ ਵਿਕਾਸ ਦੀ ਦਰ ਅਤੇ ਦਿਸ਼ਾ ਨੂੰ ਅਥਾਹ ਤੇਜ਼ ਕੀਤਾ ਹੈ। ਵਿਸ਼ਵੀਕਰਨ ਦੀਆਂ ਨੀਤੀਆਂ ਨੇ ਸਾਰੇ ਹੀ ਸਮਾਜਾਂ, ਸਭਿਆਚਾਰਾਂ ਨੂੰ ਆਪਣੇ ਗਲਬੇ ਹੇਠ ਲੈ ਲਿਆ ਹੈ। ਸ਼ਕਤੀ ਦੇ ਇਕ ਧਰੁਵੀਕਰਨ, ਵਿਕਸਿਤ ਦੇਸ਼ਾਂ ਦੀ ਧੌਂਸ ਅਤੇ ਸਾਡੇ ਵਰਗੇ ਤੀਸਰੀ ਦੁਨੀਆਂ ਦੇ ਬਾਸ਼ਿੰਦਿਆਂ ਸਨਮੁੱਖ ਕਈ ਨਵੇਂ ਸੁਆਲ ਪੈਦਾ ਹੋਏ ਹਨ। ਪੰਜਾਬੀ ਸਮਾਜ ਦੀਆਂ ਸਮੀਕਰਣਾਂ ਬਦਲੀਆਂ ਹਨ। ਨੌਕਰੀਪੇਸ਼ਾ ਔਰਤ ਦੀ ਪਛਾਣ ਗੂੜ੍ਹੀ ਹੋਈ ਹੈ, ਮਰਦ-ਔਰਤ ਸੰਬੰਧਾਂ ਵਿਚ ਪਿਆਰ ਦੀ ਥਾਂ ਪਿਆਰ-ਵਿਆਹ ਸਮੱਸਿਆਕਾਰ ਬਣੇ ਹਨ, ਜਾਤੀ-ਜਮਾਤੀ ਪਛਾਣਾਂ ਬੇਹੱਦ ਗੁੰਝਲਦਾਰ ਹੋਈਆਂ ਹਨ। ਨਵੀਆਂ ਕਲਮਾਂ ਦਾ ਇਨ੍ਹਾਂ ਵਿਸ਼ਿਆਂ ਵੱਲ ਆਕਰਸ਼ਿਤ ਹੋਣਾ ਬੜਾ ਸੁਭਾਵਿਕ ਹੈ। ਕੋਈ ਵੀ ਸਥਿਤੀ ਜਦੋਂ ਇਨਮੇਕਿੰਗ ਹੁੰਦੀ ਹੈ ਤਾਂ ਉਸ ਬਾਰੇ ਤਜ਼ਰਬੇ ਵੀ ਹੁੰਦੇ ਹਨ।

? ਇੱਕ ਗੱਲ ਤਾਂ ਹੈ ਕਿ ਪੰਜਾਬੀ ਦੇ ਨਵੇਂ ਉਭਰੇ ਕਹਾਣੀਕਾਰ ਲਕੀਰੀ ਬਿਰਤਾਂਤ ਨਹੀਂ ਸਿਰਜਦੇ। ਉਨ੍ਹਾਂ ਦੀ ਕਹਾਣੀ ਦੀਆਂ ਬਹੁਤ ਸਾਰੀ ਡਾਇਮੈਨਸ਼ਨਜ਼ ਹੁੰਦੀਆਂ ਹਨ। ਇਹ ਦਿਸ਼ਾਵਾਂ ਕਹਾਣੀਕਾਰਾਂ ਵਿਚ ਵਿਅਕਤੀਗਤ ਤੌਰ 'ਤੇ ਵੀ ਹਨ। ਜਿਵੇਂ ਜਰਨੈਲ ਸਿੰਘ ਇੱਕੋ ਸਮੇਂ 'ਦੋ ਟਾਪੂ' ਲਿਖਦਾ ਹੈ। ਅਮਨਪਾਲ ਸਾਰਾ ਦੀ 'ਵੀਹਾਂ ਦਾ ਨੋਟ', ਵੀਨਾ ਵਰਮਾ ਦੀ 'ਰਜਾਈ', ਸੁਖਜੀਤ ਦੀ 'ਅੰਤਰਾ', ਜਿੰਦਰ ਦੀ 'ਕਤਲ', ਤਲਵਿੰਦਰ ਦੀ 'ਦੂਸਰੀ ਔਰਤ' ਅਤੇ ਜਸਵਿੰਦਰ ਸਿੰਘ ਦੀ 'ਖੂਹ ਖਾਤੇ'। ਤੁਸੀਂ ਕੀ ਸਮਝਦੇ ਹੋ ਕਿ ਇਨ੍ਹਾਂ ਦਾ ਆਧਾਰ ਕੀ ਹੈ।

– ਬਿਰਤਾਂਤ ਦਾ ਸੁਭਾਅ ਤੇ ਸਰੂਪ ਸਿਰਜਣ ਵਿਚ ਯੁੱਗ ਸੰਵੇਦਨਾ ਦਾ ਵੱਡਾ ਰੋਲ ਹੁੰਦਾ ਹੈ। ਲੋਕ ਕਹਾਣੀ ਜਿਹੜੀ ਮੌਖਿਕ ਸੰਚਾਰ ਦੇ ਰੂਪ ਵਿਚ ਵਿਚਰਦੀ ਸੀ, ਵਿਚ ਨਿਮਨ ਪੁਰਖੀ ਤੇ ਦੁਹਰਾਓ ਯੁਕਤ ਬਿਰਤਾਂਤ ਦੀ ਉਪਯੁਕਤਤਾ ਬਣਦੀ ਸੀ ਜਿਵੇਂ ਨਾਇਕ ਨੇ ਘਰੋਂ ਤੁਰਨਾ ਹੈ, ਚਾਰ ਦਿਸ਼ਾਵਾਂ ਹਨ। ਉਸਦੀ ਦਿਸ਼ਾ ਨਿਰਧਾਰਿਤ ਕਰਨ ਲਈ ਉਸਨੂੰ ਕਿਸੇ ਗੈਬੀ ਤਾਕਤ ਰਾਹੀਂ ਤਿੰਨ ਦਿਸ਼ਾਵਾਂ ਵੱਲ ਜਾਣ ਤੇ ਇਕ ਖਾਸ ਦਿਸ਼ਾ ਵੱਲ ਜਾਣੋਂ ਵਰਜਿਆ ਜਾਂਦਾ ਸੀ ਪਰ ਉਹ ਚੁਣੌਤੀ ਮੰਨ



ਕੇ ਉਸੇ ਦਿਸ਼ਾ ਵਿਚ ਜਾਂਦਾ ਸੀ। ਇਸ ਤਰ੍ਹਾਂ ਸੁਣਨ ਸੁਣਾਉਣ ਯੋਗਤਾ ਮੰਨਣਾ ਮਨਾਉਣ ਯੋਗਤਾ ਕਹਾਣੀ ਦਾ ਲਕੀਰੀ ਬਿਰਤਾਂਤ ਬਣਾਉਂਦੀ ਸੀ। ਆਧੁਨਿਕ ਪੰਜਾਬੀ ਕਹਾਣੀ ਦੀਆਂ ਰੀਤੀਆਂ ਤੇ ਰੂੜੀਆਂ ਘੜਨ ਵਿਚ ਸਾਡੇ ਇਸ ਲੋਕਧਰਾਈ ਅਵਚੇਤਨ ਦਾ ਕ੍ਰਿਆਸ਼ੀਲ ਰਹਿਣਾ ਬੜਾ ਸੁਭਾਵਿਕ ਤੇ ਲਾਜ਼ਮੀ ਸੀ। ਉਂਜ ਵੀ ਜਦੋਂ ਕਹਾਣੀ ਦਾ ਸੁਭਾਅ ਸੂਤਰਿਕ ਸੀ ਤਾਂ ਬਿਰਤਾਂਤ ਦਾ ਸੁਭਾਅ ਜਟਿਲ ਨਹੀਂ ਸੀ ਹੋ ਸਕਦਾ ਹਾਲਾਂਕਿ ਲੋਕ ਕਹਾਣੀ ਜਿੰਨੀ ਲਕੀਰੀ ਤੇ ਨਿਰਣਾਇਕ ਇਹ ਵੀ ਨਹੀਂ ਸੀ। ਸਮਕਾਲ ਦੀ ਸਮਰੱਥ ਕਹਾਣੀ ਜਿਸ ਦੇ ਨਮੂਨੇ ਵਜੋਂ ਤੁਸੀਂ ਕੁਝ ਨਾਂ ਲਏ ਹਨ, ਸਾਡੀ ਅਜੋਕੀ ਸੰਵੇਦਨਾ ਦੀ ਉਪਜ ਹੈ। ਅਜੋਕੀ ਸੰਵੇਦਨਾ ਨੇ ਨਿਰਪੇਖ ਅਤੇ ਅੰਤਮਪੱਖੀ ਸੱਚ ਦੀ ਧਾਰਨਾ ਨੂੰ ਮੂਲੋਂ ਨਿਰਾਧਾਰ ਸਾਬਤ ਕਰ ਦਿੱਤਾ ਹੈ ਅਤੇ ਸਾਪੇਖਕ ਸੱਚ ਦੀ ਲੱਭਤ ਤੇ ਪ੍ਰਗਟਾ ਬਿਰਤਾਂਤ ਦਾ ਮਨੋਰਥ ਹੋ ਗਿਆ ਹੈ। ਜਦੋਂ ਹਰ ਪਾਤਰ/ਘਟਨਾ/ਸਥਿਤੀ ਦੇ ਆਪਣੇ ਸੱਚ ਨੂੰ ਬਿਰਤਾਂਤ ਨੂੰ ਪਕੜਨਾ ਹੈ ਤਾਂ ਕਹਾਣੀ ਲਕੀਰੀ ਬਿਰਤਾਂਤ ਵਿਚ ਸਿਮਟ ਹੀ ਨਹੀਂ ਸਕੇਗੀ। ਇਨ੍ਹਾਂ ਕਹਾਣੀਆਂ ਦਾ ਵਕਤਾ ਵਸਤੂ ਯਥਾਰਥ ਵਿਚ ਘਿਰੇ/ਘੇਰ ਦਿੱਤੇ ਗਏ ਪਾਤਰਾਂ ਦਾ ਸੱਚ ਦਰਸਾਉਣ ਦੀ ਥਾਂ ਉਨ੍ਹਾਂ ਦੇ ਮੂੰਹੋਂ ਉਨ੍ਹਾਂ ਦਾ ਸੱਚ ਸੁਣਨ ਲਈ ਉਨ੍ਹਾਂ ਨੂੰ ਉਕਸਾ ਰਿਹਾ ਹੈ। ਫਤਵੇਂ ਦੇਣ ਦੀ ਥਾਂ ਉਨ੍ਹਾਂ ਨੂੰ ਕੁਰੇਦ ਰਿਹਾ ਹੈ, ਹਰੇਕ ਪਾਤਰ/ਸਥਿਤੀ ਦਾ ਮਰਮ ਫੜਨਾ ਹੀ ਉਸਦੀ ਚੁਣੌਤੀ ਬਣਿਆ ਹੋਇਆ ਹੈ। ਇਸੇ ਕਰਕੇ ਇਹ ਕਹਾਣੀ ਬਹੁਸੁਰੀ ਹੈ। ਇਹ ਬਹੁਸੁਰਤਾ ਹੀ ਇਨ੍ਹਾਂ ਕਹਾਣੀਆਂ ਦਾ ਸਾਂਝਾ ਸੂਤਰ ਹੈ।

? ਕੀ ਤੁਸੀਂ ਇਸ ਨੂੰ ਠੀਕ ਸਮਝਦੇ ਹੋ ਕਿ ਪੰਜਾਬੀ ਕਹਾਣੀ ਨੇ 'ਸਮੁੱਚਤਾ' ਨੂੰ ਛੱਡ ਕੇ ਇਕਹਿਰਤਾ ਨੂੰ ਅਪਣਾਇਆ ਹੈ, ਭਾਵੇਂ ਉਸ ਦੀ ਗੋਂਦ ਇਕਹਿਰੀ ਨਹੀਂ ਰਹੀ।

– ਸਮੁੱਚਤਾ/ਇਕਹਿਰਤਾ ਅਤੇ ਸਮੂਹਿਕਤਾ/ਵਿਅਕਤੀਗਤਤਾ ਵਰਗੇ ਸੰਕਲਪਾਂ ਦਾ ਸਬੰਧ ਦ੍ਰਿਸ਼ਟੀ ਅਤੇ ਦ੍ਰਿਸਟੀਕੋਣ ਨਾਲ ਹੈ। ਜੇ ਰਚਨਾਕਾਰ ਕੋਲ ਸਮਾਜਕ ਇਤਿਹਾਸਕ ਵਰਤਾਰਿਆਂ ਨੂੰ ਸਮਝਣ ਨਿਖੇੜਨ ਵਾਲੀ ਦ੍ਰਿਸ਼ਟੀ ਹੈ ਤਾਂ ਉਹ ਵਿਕੋਲਿਤਰੀਆਂ ਚੀਜ਼ਾਂ ਨੂੰ ਵੀ ਉਨ੍ਹਾਂ ਦੇ ਸਹੀ ਵਿਸ਼ਾਲ ਪਰਿਪੇਖ ਵਿਚ ਰੱਖ ਕੇ ਵੇਖੇਗਾ। ਅਜਿਹੀ ਦ੍ਰਿਸ਼ਟੀ ਅਜੋਕੇ ਮਨੁੱਖ ਦੀ ਬੇਗਾਨਗੀ, ਇਕੱਲਤਾ, ਛਟਪਟਾਹਟ, ਤਲਖੀ, ਤਣਾਓ ਨੂੰ ਵੀ ਸਮਾਜਕ, ਆਰਥਕ ਪਰਿਵੇਸ਼, ਮਹੱਤਵ ਅਕਾਂਖਿਆਵਾਂ, ਅਸਹਿਣਸ਼ੀਲਤਾਵਾਂ, ਅਸਹਿਜਤਾਵਾਂ ਤੇ ਮੀਡੀਆ ਵਲੋਂ ਅਰੋਪਿਤ ਕੀਤੀਆਂ ਜਾ ਰਹੀਆਂ ਵਿਤਰਤਾਂ ਦੇ ਪ੍ਰਸੰਗ ਵਿਚ ਰਖ ਕੇ ਵੇਖੇਗੀ ਪਰ ਕੋਈ ਵਿਅਕਤੀਗਤ ਦ੍ਰਿਸ਼ਟੀਕੋਣ ਅਜਿਹੀਆਂ ਅਲਾਮਤਾਂ ਨੂੰ ਨਿਰੋਲ ਮਨੁੱਖ ਦੀ ਆਪਣੀ ਬਾਇਓਕਮਿਸਟਰੀ ਦੀ ਉਪਜ ਵੀ ਸਿੱਧ ਕਰ ਸਕਦਾ ਹੈ। ਕਹਾਣੀ ਗੋਂਦ ਇਕਹਰੀ ਹੋਵੇ ਜਾਂ ਜਟਿਲ ਇਹ ਕਹਾਣੀ ਵਕਤਾ ਦੇ ਬਿਰਤਾਂਤਕ ਮੂਡ, ਬਿਰਤਾਂਤਕ ਵੱਥ ਜਾਂ ਉਸਦੇ ਬਿਰਤਾਂਤਕ ਅੰਦਾਜ਼ ਨੇ ਤੈਅ ਕਰਨੀ ਹੁੰਦੀ ਹੈ। ਇਕਹਿਰੀ ਗੋਂਦ ਵੀ ਸਮੁੱਚਤਾ ਨੂੰ ਪਕੜ ਸਕਦੀ ਹੈ ਤੇ ਜਟਿਲ ਸੰਰਚਨਾ ਵਾਲਾ ਕਥਾ ਬਿੰਬ ਵੀ ਜ਼ਰੂਰੀ ਨਹੀਂ 'ਸਮੁੱਚਤਾ' ਵਾਲਾ ਵਿਵੇਕ ਉਜਾਗਰ ਕਰ ਸਕੇ। ਸਾਡੀ ਸੁਧਾਰਵਾਦੀ ਪ੍ਰਗਤੀਵਾਦੀ ਕਹਾਣੀ ਦੇ ਸਰੋਕਾਰ ਸਮੂਹਿਕ ਸਨ ਭਾਵੇਂ ਦ੍ਰਿਸ਼ਟੀਕੋਣ ਦੇ ਸਰਲੀਕਰਨ ਕਰਕੇ ਗੋਂਦ ਇਕਹਿਰੀ ਸੀ। ਅਜੋਕੀ ਕਹਾਣੀ ਦੀ ਜਟਿਲ ਸੰਰਚਨਾ ਵਿਚ ਇਹ ਸਰੋਕਾਰ ਸਗੋਂ ਵਧੇਰੇ ਖ਼ੂਬਸੂਰਤੀ ਨਾਲ ਪੇਸ਼ ਹੋਏ ਹਨ ਤੇ ਨਵਬਸਤੀਵਾਦੀ ਸੰਕਟਾਂ ਦੇ ਸਮਵਿਥ ਪੰਜਾਬੀ ਘਰ, ਪਰਿਵਾਰ, ਸਮਾਜ ਆਪਣੇ ਸਭਿਆਚਾਰਕ ਜੁੱਟ ਦੀ ਕਾਇਮੀ ਲਈ ਦਰਪੇਸ਼ ਵੰਗਾਰਾਂ ਸਮੇਤ ਕਹਾਣੀ ਦਾ ਵਿਸ਼ਾ ਬਣਿਆ ਹੈ। ਸਮਾਜਿਕ ਸਮੀਕਰਣਾਂ ਨੂੰ ਭੰਗ ਹੁੰਦੇ ਵਿਖਾਉਂਦੀਆਂ, ਚੁਣੌਤੀਆਂ ਦਿੰਦੀਆਂ/ਰੁਖਸਿਰ ਹੋਣ ਦਾ ਵਿਵੇਕ ਸਿਰਜਦੀਆਂ ਕਹਾਣੀਆਂ ਦੀ ਦ੍ਰਿਸਟੀ ਕਿਸੇ ਤਰ੍ਹਾਂ ਦੀ ਇਕਹਿਰੀ ਨਹੀਂ।

? ਅੱਜ ਜ਼ਿਆਦਾਤਰ ਕਿਹੜੇ ਵਿਸ਼ਿਆਂ ਨੂੰ ਲੈ ਕੇ ਕਹਾਣੀ ਲਿਖੀ ਜਾ ਰਹੀ ਹੈ।

– ਪੰਜਾਬੀ ਕਹਾਣੀ ਦਾ ਸਿਰਜਣਾਤਮਕ ਆਧਾਰ ਪੰਜਾਬੀ ਸਮਾਜ ਹੈ। ਪੰਜਾਬੀ ਬੰਦੇ ਦੇ ਪੈਰਵਾਈ ਇਸਦਾ ਮੁੱਢਲਾ ਧਰਮ ਹੈ ਤੇ ਅਜੋਕੇ ਪੰਜਾਬੀ ਕਹਾਣੀ ਅਜੋਕੇ ਪੰਜਾਬੀ ਸਮਾਜ ਦੇ ਸਭ ਤੋਂ ਵੱਧ ਨੇੜੇ ਹੈ। ਗਲੋਬਲ ਹੋ ਰਹੇ ਪੰਜਾਬੀ ਬੰਦੇ/ਭਾਈਚਾਰੇ/ਸਮਾਜ ਦੀਆਂ ਲੋੜਾਂ, ਚਾਹਤਾਂ, ਮੱਲਾਂ, ਘਾਟਾਂ, ਚੁਣੌਤੀਆਂ, ਸੰਭਾਵਨਾਵਾਂ ਇਸ ਕਹਾਣੀ ਦਾ ਵਿਸ਼ਾ ਹਨ। ਮੈਂ ਪਹਿਲਾਂ ਵੀ ਕਿਤੇ ਲਿਖਿਆ ਸੀ ਕਿ ਅਜੋਕੀ ਪੰਜਾਬੀ ਕਹਾਣੀ ਹਾਸ਼ੀਅਤ ਕਰ ਦਿੱਤੀਆਂ ਗਈਆਂ ਹੋਂਦਾਂ/ਹੋਂਦ ਸਥਿਤੀਆਂ ਦਾ

ਬਿਰਤਾਂਤ ਹੈ। ਔਰਤ, ਦਲਿਤ, ਪਰਵਾਸੀ ਅਤੇ ਅਜਿਹੇ ਹੋਰ ਹਨੇਰਿਆਂ ਕਿਨਾਰਿਆਂ ਵੱਲ ਧੱਕ ਦਿੱਤੇ ਗਏ ਵਿਅਕਤੀ ਇਸਦੇ ਕੇਂਦਰ ਵਿਚ ਆ ਰਹੇ ਹਨ। ਪੰਜਾਬ ਦਾ ਸੰਯੁਕਤ ਸਭਿਆਚਾਰ, ਸਬਰ-ਸੰਤੋਖ ਵਰਗੀਆਂ ਸਾਡੀਆਂ ਕਦਰਾਂ-ਕੀਮਤਾਂ ਜਾਂ ਪੂੰਜੀਵਾਦ ਵਿਚ ਮਨੁੱਖੀ ਰੈਲ ਨੂੰ ਜਿਉਂਦੇ ਰੱਖਣ ਵਾਲੇ ਥੀਮ ਇਸ ਕਹਾਣੀ ਦਾ ਆਕਰਸ਼ਣ ਨਹੀਂ। ਹੇਰਵੇ, ਵਿਗੋਚੇ, ਦਾਅਵੇ ਜਾਂ ਮਿੰਨਤਾਂ ਤਰਲੇ ਵੀ ਹੁਣ ਕਹਾਣੀ ਦਾ ਮਨੋਰਥ ਨਹੀਂ। ਪੰਜਾਬੀ ਸਮਾਜ ਦਾ ਰੂਪਾਂਤਰਿਤ ਤੇ ਅਗੋਂ ਗਲੋਬਲ ਹੋ ਰਿਹਾ ਮੁਹਾਂਦਰਾ ਇਸ ਕਹਾਣੀ ਦਾ ਵਿਸ਼ਾ ਹੈ। ਸਾਡੀ ਪਰਵਾਸੀ ਪੰਜਾਬੀ ਕਹਾਣੀ ਇਕ ਪਾਸੇ ਪਰਵਾਸੀ ਪੰਜਾਬੀ ਬੰਦੇ ਦੀ ਨਵੀਂ ਘਾੜਤ ਨੂੰ ਸਨਮੁੱਖ ਲਿਆ ਰਹੀ ਹੈ ਅਤੇ ਦੂਜੇ ਪਾਸੇ ਪਰਵਾਸੀ ਹੋਈਆਂ ਕੌਮਾਂ ਦੀਆਂ ਹੋਣੀਆਂ, ਜਿਵੇਂ 9-11 ਵਰਗੀਆਂ ਘਟਨਾਵਾਂ, ਦੇ ਪ੍ਰਸੰਗ ਵਿਚ ਪੰਜਾਬੀ ਡਾਇਸਪੋਰੇ ਦੇ ਸੰਭਾਵੀ ਸੰਕਟਾਂ ਨੂੰ ਵਿਸ਼ਾ ਬਣਾ ਰਹੀ ਹੈ। ਭਾਰਤੀ-ਪੰਜਾਬੀ ਕਹਾਣੀ ਇਕ ਪਾਸੇ ਪੂੰਜੀਵਾਦ ਦੀ ਮਾਰ ਹੇਠ ਆਈ ਟੁੱਟੀ ਥੁੜੀ ਕਿਸਾਨੀ, ਬੇਰੁਜ਼ਗਾਰੀ ਅਤੇ ਨਸ਼ਿਆਂ ਦੇ ਮੂੰਹ ਆਈ ਜਵਾਨੀ, ਲੋਕਤੰਤਰ ਅਤੇ ਪੂੰਜੀਵਾਦ ਦੇ ਪ੍ਰਭਾਵ ਅਧੀਨ ਟੁੱਟੀਆਂ ਸਮਾਜਕ ਹੱਦਬੰਦੀਆਂ ਨੂੰ ਵਿਸ਼ਾ ਅਤੇ ਦੂਜੇ ਪਾਸੇ ਮਨੁੱਖੀ ਸਮਾਜ ਵਿਚ ਔਰਤ ਦੀ ਵੱਧ ਰਹੀ ਆਰਥਕ ਤੇ ਬੌਧਿਕ ਭਾਈਵਾਲੀ ਦੇ ਸਮਾਂਨਾਤਰ ਔਰਤ ਵੱਲੋਂ ਸਮਾਜਕ ਸਪੇਸ ਦੀ ਮੰਗ, ਮੰਡੀ ਤੇ ਮੀਡੀਆ ਵੱਲੋਂ ਔਰਤ ਦੇਹ ਦੁਆਲੇ ਇਕੱਠਾ ਕਰ ਦਿੱਤਾ ਗਿਆ ਗਲੈਮਰ ਤੇ ਔਰਤ ਦੇਹ ਦੇ ਅਣਪਛਾਤੇ ਪਸਾਰ ਵੱਡੀ ਤਾਦਾਦ ਵਿਚ ਕਹਾਣੀ ਦਾ ਵਿਸ਼ਾ ਬਣ ਰਹੇ ਹਨ।

? ਮਨੁੱਖ ਦੀਆਂ ਮਾਨਸਿਕ ਗੁੰਝਲਾਂ ਨੂੰ ਅੱਜ ਦੇ ਕੇਂਦਰੀ ਥੀਮ ਵਜੋਂ ਉਭਾਰਿਆ ਜਾ ਰਿਹਾ ਹੈ। ਕੀ ਹੋਰ ਵਿਸ਼ੇ ਜਾਂ ਮਸਲੇ ਦੂਜੇ ਪੱਧਰ 'ਤੇ ਚਲੇ ਗਏ ਹਨ।

- ਕਹਾਣੀ ਨੇ ਮਨੁੱਖ ਦੇ ਪ੍ਰਮਾਣਿਕ ਆਪੇ ਨੂੰ ਪਕੜਨਾ ਹੁੰਦਾ ਹੈ। ਸਮਾਜਕ ਪਰਿਵੇਸ਼ ਦੇ ਜਿਹੜੇ ਦਬਾਓ ਸਾਡੇ ਕੋਲੋਂ ਝੱਲੇ ਨਹੀਂ ਜਾਂਦੇ ਉਹ ਸਾਡੇ ਅਵਚੇਤਨ ਵਿਚ ਜਮ੍ਹਾਂ ਹੁੰਦੇ ਜਾਂਦੇ ਹਨ। ਅੱਜ ਦਾ ਮਨੁੱਖ ਅਨੰਤ ਦਬਾਵਾਂ ਵਿਚ ਘਿਰਿਆ ਹੋਇਆ ਹੈ। ਇਨ੍ਹਾਂ ਵਿਚੋਂ ਕਿੰਨੇ ਅਸਲੀ ਹਨ, ਕਿੰਨੇ ਆਰੋਪਿਤ ਹਨ, ਕਿੰਨੇ ਮਨਘੜਤ ਤੇ ਫਜ਼ੂਲ ਹਨ ਤੇ ਕਿੰਨੇ ਮਨੋਵਿਕਾਰ ਇਹ ਆਪਸ ਵਿਚ ਮਲਟੀਪਲਾਈ ਹੋ ਕੇ ਘੜ ਰਹੇ ਹਨ, ਇਨ੍ਹਾਂ ਦੀ ਥਾਹ ਪਾਉਣਾ ਹੁਣ ਸੌਖਾ ਨਹੀਂ ਰਿਹਾ। ਇਸੇ ਕਰਕੇ ਹਰ ਮਨੁੱਖੀ ਮਨ ਹੀ ਹੁਣ ਅਨੰਤ ਕਹਾਣੀ ਦਾ ਸ੍ਰੋਤ ਬਣ ਗਿਆ ਹੈ ਤੇ ਇਸੇ ਅਨੁਪਾਤ ਵਿਚ ਕਹਾਣੀ ਮਨੋਧਰਾਤਲਾਂ ਤੇ ਵਿਚਰਦੀ ਵਿਖਾਈ ਦੇ ਰਹੀ ਹੈ। ਸਮਾਜਕ, ਆਰਥਕ, ਇਤਿਹਾਸਕ ਪਰਿਵੇਸ਼ ਦੇ ਦਬਾਓ ਹੁਣ ਪਹਿਲਾਂ ਨਾਲੋਂ ਕਿਤੇ ਵਧੇਰੇ ਖੌਫਨਾਕ ਹਨ ਪਰ ਇਸ ਪਰਿਵੇਸ਼ ਦੇ ਕਰਿੰਦੇ ਹੁਣ ਅਦ੍ਰਿਸ਼ਟ ਹਨ। ਹੁਣ ਜ਼ੁਲਮ ਦਾ, ਵਧੀਕੀ ਦਾ, ਅਨਿਆਂ ਦਾ, ਆਤੰਕ ਦਾ ਕੋਈ ਇਕ ਚਿਹਰਾ ਨਹੀਂ। ਇਸ ਕਰਕੇ ਦੁਸ਼ਮਣ ਦੀ ਪਛਾਣ ਹੁਣ ਉਘੜਦੀ ਹੀ ਨਹੀਂ। ਇਸ ਤੋਂ ਅੱਗੇ ਅਜੋਕੇ ਮਨੁੱਖ ਦੀਆਂ ਕੁਝ ਤਾਂ ਆਪਣੀਆਂ ਅਤ੍ਰਿਪਤ ਖਾਹਿਸ਼ਾਂ ਨੇ ਤੇ ਉਸ ਤੋਂ ਕਈ ਗੁਣਾ ਵੱਧ ਅਤ੍ਰਿਪਤੀਆਂ ਦਾ ਅਹਿਸਾਸ ਉਸਨੂੰ ਮੀਡੀਆ ਕਰਵਾ ਰਿਹਾ ਹੈ। ਮੀਡੀਏ ਦਾ ਜਾਦੂਈ ਯਥਾਰਥ ਉਸਨੂੰ ਜਿਹੜੀ ਸਪੇਸ, ਜਿਹੜੀਆਂ ਇੱਛਾਵਾਂ, ਜਿਹੜੀਆਂ ਮਹੱਤਵ ਆਕਾਂਖਿਆਵਾਂ ਦੀ ਪੂਰਤੀ ਲਈ ਉਕਸਾ ਰਿਹਾ ਹੈ, ਉਸਦੀ ਤਾਂ ਕੰਨੀ ਫੜਨੀ ਵੀ ਸੌਖੀ ਨਹੀਂ। ਜਿਹੜੀ ਸਪੇਸ ਬੰਦੇ ਨੂੰ ਬਾਹਰੀ ਯਥਾਰਥ ਦੇ ਰਿਹਾ ਹੈ, ਉਹ ਉਸਨੂੰ ਪ੍ਰਵਾਨ ਨਹੀਂ ਤੇ ਜਿਹੜੀ ਸਪੇਸ ਉਹ ਤਾਂਘ ਰਿਹਾ ਤੇ ਉਸਦੀ ਕੋਈ ਗੁੰਜਾਇਸ਼ ਨਹੀਂ ਤਾਂ ਗੁੰਝਲਾਂ ਵਿਚ ਫਾਥੇ ਰਹਿਣਾ ਉਸਦੀ ਨਿਯਤੀ ਹੀ ਹੋਵੇਗੀ। ਅੱਜ ਦਾ ਮਹੱਤਵਅਕਾਂਖੀ ਮਨੁੱਖ ਇਸ ਹੋਣੀ ਦੀ ਗ੍ਰਿਫਤ ਵਿਚ ਹੈ। ਇਲੈਕਟ੍ਰੋਨਿਕ ਮੀਡੀਏ ਨੇ ਇਸ ਹੋਣੀ ਦੇ ਅਹਿਸਾਸ ਵਿਚ ਇਜ਼ਾਫਾ ਕੀਤਾ ਹੈ। ਆਪਣੀਆਂ ਫਜ਼ੂਲ ਖਾਹਿਸ਼ਾਂ ਕਰਕੇ ਚਿੰਤਾ, ਪ੍ਰੇਸ਼ਾਨੀ, ਡਿਪਰੈਸ਼ਨ, ਬੋਰੀਅਤ, ਨਿਰਾਰਥਕਤਾ, ਦੇਹਵਾਦ, ਨਿੱਜਵਾਦ, ਡਰੱਗਵਾਦ ਵਰਗੀਆਂ ਅਲਾਮਤਾਂ ਆਮ ਸਧਾਰਨ ਮਨੁੱਖ ਦੀ ਮਾਨਸਿਕਤਾ ਦਾ ਵੀ ਅਟੁੱਟ ਅੰਗ ਬਣ ਗਈਆਂ ਹਨ। ਕਹਾਣੀ ਵਿਚ ਅਜਿਹੇ ਮਨੁੱਖ ਦੀ ਪੇਸ਼ਕਾਰੀ ਤੋਂ ਇਹ ਪ੍ਰਭਾਵ ਬਣਦਾ ਹੈ ਕਿ ਮਾਨਸਿਕ ਗੁੰਝਲਾਂ ਹੀ ਕਹਾਣੀ ਦਾ ਥੀਮ ਹਨ ਪਰ ਜੇ ਕਹਾਣੀ ਪਾਤਰਾਂ ਦੀ ਮਾਨਸਿਕਤਾ ਵਿਚ ਪਈ ਇਸ ਘੜਮੱਸ ਵਿਚੋਂ ਉਸਦਾ ਪ੍ਰਮਾਣਿਕ ਆਪਾ ਨਹੀਂ ਤਲਾਸ਼ਦੀ ਤਾਂ ਉਹ



ਆਪਣਾ ਕਲਾ ਧਰਮ ਨਹੀਂ ਨਿਭਾ ਰਹੀ ਹੋਵੇਗੀ। ਅਲਾਮਤਾਂ ਤੋਂ ਜੇ ਰੋਗ ਦੀ ਪਛਾਣ ਨਹੀਂ ਕੀਤੀ ਤਾਂ ਰੋਗੀ ਦਾ ਇਲਾਜ਼ ਸੰਭਵ ਨਹੀਂ ਹੋ ਸਕਦਾ। ਮਨੁੱਖ ਤੇ ਮਨੁੱਖੀ ਸਮਾਜ ਦੇ ਹਰ ਮਸਲੇ ਦੀ ਨਿਸ਼ਾਨਦੇਹੀ ਮਨੋਧਰਾਤਲ ਤੋਂ ਚੁੱਕੀ ਜਾ ਸਕਦੀ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਜਿਹੜੀ ਕਹਾਣੀ ਮਨੋਧਰਾਤਲ ਤੇ ਘਟ ਰਹੀ ਹੈ, ਉਸਦੇ ਕਲੇਵਰ ਵਿਚ ਸਿਰਫ਼ ਮਨੋਗੁੰਝਲਾਂ ਹੀ ਹੋਣਗੀਆਂ।

? ਔਰਤ ਕਹਾਣੀਕਾਰਾਂ ਖਾਸ ਕਰਕੇ ਵੀਨਾ ਵਰਮਾ ਇੱਕ ਹਮਲਾਵਰ ਵਾਂਗ ਪਾਠਕ 'ਤੇ ਪੈਂਦੀ ਹੈ। ਕੀ ਇਹ ਉਸ ਦਾ ਹਥਿਆਰ ਹੈ ਜਾਂ ਉਸ ਦੀ ਕਮਜ਼ੋਰੀ।

- ਜਿਵੇਂ ਕਹਾਣੀ ਪਾਠ ਨੂੰ ਵਿਚਾਰਦਿਆਂ ਅੱਜ ਦੀ ਉਤਮ ਪੁਰਖੀ ਕਹਾਣੀ ਵਿਚ ਕਹਾਣੀਕਾਰ/ਵਕਤਾ/ਮੈਂ ਪਾਤਰ ਵਿਚ ਨਿਖੇੜਾ ਰੱਖਣਾ ਕਈ ਪਾਠਕਾਂ ਨੂੰ ਮੁਸ਼ਕਿਲ ਹੋ ਜਾਂਦਾ ਹੈ ਉਵੇਂ ਹੀ ਕਹਾਣੀ ਦੇ ਬਿਰਤਾਂਤ ਸ੍ਰੋਤਾ ਅਤੇ ਪਾਠਕ ਨੂੰ ਵੀ ਰਲਗੱਡ ਕਰ ਦਿੱਤਾ ਜਾਂਦਾ ਹੈ। ਬਹੁਤੀ ਵਾਰ ਕਹਾਣੀਕਾਰ ਖਾਸਕਰ ਔਰਤ ਕਹਾਣੀਕਾਰਾਂ ਨੂੰ ਵਿਚਾਰਦਿਆਂ ਹਰ ਕਹਾਣੀ ਨੂੰ ਹੀ ਉਨ੍ਹਾਂ ਦੇ ਨਿੱਜ ਨਾਲ ਜੋੜ ਦਿੱਤਾ ਜਾਂਦਾ ਹੈ। ਹੁਣ ਜਦੋਂ ਔਰਤ ਕਹਾਣੀਕਾਰਾਂ ਵਲੋਂ ਮਰਦ ਵਕਤਾ ਦੇ ਰੂਪ ਵਿਚ ਤੇ ਮਰਦ ਕਹਾਣੀਕਾਰਾਂ ਵੱਲੋਂ ਔਰਤ ਦੇ ਢਿੱਡ ਦੀ ਗੱਲ ਜਾਣਨ ਵਾਲੇ ਰੌਂਅ ਵਿਚ ਔਰਤ ਵਕਤਾ ਦੇ ਰੂਪ ਵਿਚ ਅਣਗਿਣਤ ਕਹਾਣੀਆਂ ਲਿਖੀਆਂ ਜਾ ਰਹੀਆਂ ਹਨ ਤਾਂ ਸਥਿਤੀ ਦੇ ਬਦਲਣ ਦੀ ਸੰਭਾਵਨਾ ਹੈ। ਕਹਾਣੀਕਾਰ ਤੇ ਕਹਾਣੀ ਵਕਤਾ ਦੇ ਨਾਲ-ਨਾਲ ਬਿਰਤਾਂਤ ਸ੍ਰੋਤੇ ਤੇ ਪਾਠਕ ਵਿਚ ਨਿਖੇੜਾ ਕਰਨਾ ਵੀ ਜ਼ਰੂਰੀ ਹੈ। ਕਹਾਣੀ ਪਾਠ ਸਿਰਜਦਿਆਂ ਵਕਤਾ ਦੇ ਸਨਮੁੱਖ ਉਸਦਾ ਆਪ ਘੜਿਆ ਇਕ ਬਿਰਤਾਂਤ ਸ੍ਰੋਤਾ ਹੁੰਦਾ ਹੈ, ਜਿਸਨੂੰ ਉਹ ਮੁਖਾਤਿਬ ਹੁੰਦਾ ਹੈ। ਲਿਖਤ ਪਾਠ ਦਾ ਪਾਠਕ ਕਿਸੇ ਵੀ ਉਮਰ, ਲਿੰਗ, ਜਾਤ, ਜਮਾਤ, ਪੇਸ਼ੇ ਪੱਧਰ ਦਾ ਹੋ ਸਕਦਾ ਹੈ। ਹਰ ਕਿਸਮ ਦੇ ਪਾਠਕ ਦੀ ਪੜ੍ਹਤ ਆਪਣੀ ਰੁਚੀ, ਸਮਰਥਾ, ਮੂਡ ਅਨੁਸਾਰ ਉਸ ਕਹਾਣੀ ਨੂੰ ਡੀਕੋਡ ਕਰਦੀ ਹੈ। ਸਮਰੱਥ ਕਹਾਣੀ ਉਹ ਹੁੰਦੀ ਹੈ ਜਿਹੜੀ ਹਰ ਕਿਸਮ ਦੇ ਪਾਠਕ ਨੂੰ ਕੁਝ ਨਾ ਕੁਝ ਜ਼ਰੂਰ ਦੇ ਸਕਦੀ ਹੈ। ਉਸ ਵਿਚ ਸਧਾਰਨ ਪਾਠਕ ਵੀ ਕੋਈ ਰਾਹਤ-ਕੁਝ ਨਵਾਂ ਗ੍ਰਹਿਣ ਕਰਦਾ ਹੈ ਤੇ ਸੰਜੀਦਾ ਪਾਠਕ ਨੂੰ ਵੀ ਕੋਈ ਜੁੰਬਸ਼ ਕੋਈ ਅਣਪਛਾਤੀ ਸੁਹਜਾਤਮਕਤਾ ਦਾ ਅਹਿਸਾਸ ਮਿਲਦਾ ਹੈ। ਕਹਾਣੀ ਵਿਚ ਬਿਆਨੀਆਂ ਉਨ੍ਹਾਂ ਹੀ ਘਟਨਾਵਾਂ, ਸਥਿਤੀਆਂ, ਪਾਤਰਾਂ ਦੇ ਉਨ੍ਹਾਂ ਹੀ ਬੋਲਾਂ/ਸ਼ਬਦਾਂ ਰਾਹੀਂ ਸੰਚਾਰ ਦੀ ਅਜਿਹੀ ਸ਼ਕਤੀ ਪੱਧਰ ਘੜਨਾ ਹੀ ਵਕਤਾ ਦਾ ਬ੍ਰਹਮਅਸਤਰ ਹੁੰਦਾ ਹੈ। ਤੁਸੀਂ ਔਰਤ ਕਹਾਣੀਕਾਰਾਂ ਤੇ ਫਿਰ ਖਾਸਕਰ ਵੀਨਾ ਵਰਮਾ ਬਾਰੇ ਕਿਹਾ ਹੈ ਕਿ ਉਹ ਪਾਠਕ ਤੇ ਹਮਲਾਵਰ ਵਾਂਗ ਪੈਂਦੀ ਹੈ। ਪਹਿਲਾਂ ਤਾਂ ਮੇਰੀ ਜਾਂਚੇ ਧਾਰਨਾ ਦਰੁਸਤ ਕਰਨੀ ਬਣਦੀ ਹੈ। ਪਾਠਕ ਤੇ ਹਮਲਾ ਕਰਨਾ ਕਿਸੇ ਰਚਨਾਕਾਰ ਦਾ ਮਨੋਰਥ ਨਹੀਂ ਹੁੰਦਾ। ਕਹਾਣੀਕਾਰ ਨੂੰ ਤਾਂ ਪਤਾ ਹੁੰਦਾ ਹੈ ਪਾਠਕਾਂ ਦਾ ਹੁੰਗਾਰਾ ਰਾਖਵਾਂ ਕਰਨ ਲਈ ਉਸ ਕੋਲ ਤਾਂ ਮੁਖਤਸਰ ਜਿਹਾ ਸਮਾਂ ਹੈ। ਜਿੱਥੋਂ ਤੱਕ ਵੀਨਾ ਵਰਮਾ ਤੇ ਉਸ ਤੋਂ ਪਹਿਲਾਂ ਅਜੀਤ ਕੌਰ ਦੀ ਭਾਸ਼ਾ ਬਾਰੇ ਵੀ ਅਜਿਹਾ ਹੀ ਕਿਹਾ ਜਾਂਦਾ ਸੀ, ਇਨ੍ਹਾਂ ਦੀ ਭਾਸ਼ਾ ਜਿਸਨੂੰ ਕਦੇ ਹਥਿਆਰ, ਕਦੇ ਬੇਬਾਕੀ, ਕਦੇ ਹਮਲਾ ਤੇ ਕਦੇ ਕਮਜ਼ੋਰੀ ਕਿਹਾ ਜਾਂਦਾ ਹੈ, ਨੂੰ ਮੈਂ ਹੋਰ ਪਰਿਪੇਖ ਵਿਚ ਪੇਸ਼ ਕਰਨਾ ਚਾਹੁੰਦੀ ਹਾਂ। ਨਾਰੀਵਾਦੀ ਪ੍ਰਵਚਨ ਦੀ ਇਕ ਅੰਤਰਦ੍ਰਿਸ਼ਟੀ ਇਹ ਦਰਸਾਉਂਦੀ ਹੈ ਕਿ ਸਾਡੇ ਭਾਸ਼ਾਈ ਪ੍ਰਵਚਨ ਦਾ, ਸਾਡੇ ਯਥਾਰਥ ਨੂੰ ਗ੍ਰਹਿਣ ਕਰਨ ਦਾ ਕਿਰਦਾਰ ਮਰਦਾਵਾਂ ਹੈ ਡੇਲ ਸਪੈਂਡਰ ਸਾਰੀ ਭਾਸ਼ਾ ਨੂੰ ਮੈਨ ਮੇਡ ਭਾਸ਼ਾ ਕਹਿੰਦੀ ਹੈ ਤੇ ਤਰਕ ਦਿੰਦੀ ਹੈ ਨਾਰੀ ਦਾ ਦਮਨ ਹੀ ਵਾਸਤਵ ਵਿਚ ਪਿਤਰ ਭਾਸ਼ਾ (ਪੈਅਰੀਅਨ ਸੈਰਮੋ) ਦੁਆਰਾ ਹੋਇਆ ਹੈ। ਚਿੰਤਕਾਂ ਦਾ ਕਹਿਣਾ ਹੈ ਕਿ ਪਿਤਰ ਭਾਸ਼ਾ ਦੇ ਦਾਇਰੇ ਨੂੰ ਤੋੜਨਾ ਜਾਂ ਫਿਰ ਇਸ ਵਿਚ ਰਹਿ ਕੇ ਲਿਖਣਾ ਨਾਰੀ ਲੇਖਕ ਦੀ ਇਕ ਸੀਮਾ ਹੋ ਨਿਬੜਦਾ ਹੈ। ਅਜੀਤ ਕੌਰ ਜਾਂ ਵੀਨਾ ਵਰਮਾ ਪਿਤਰ ਭਾਸ਼ਾ ਦੁਆਰਾ ਘੜੀਆਂ ਸ਼ਬਦ ਸਰੰਚਨਾਵਾਂ ਹੀ ਵਰਤ ਰਹੀਆਂ ਹਨ ਪਰ ਵਰਤੋਂ ਕਰਨ ਵਾਲੇ ਬਦਲਾ ਦਿੱਤੇ ਗਏ ਹਨ। ਮਰਦਾਵੀਂ ਤੱਕਣੀ ਵਿਚੋਂ ਘੜੇ ਗਏ ਉਹ ਸ਼ਬਦਾਂ/ਵਾਕਾਂ ਨੂੰ ਜਦੋਂ ਔਰਤ ਪਾਤਰਾਂ ਦੇ ਮੂੰਹੋਂ ਕਹਾਇਆ ਜਾਂਦਾ ਹੈ ਤਾਂ ਪਾਠਕ ਨੂੰ ਹਮਲਾ ਮਹਿਸੂਸ ਹੁੰਦਾ ਹੈ। ਔਰਤ ਇਨ੍ਹਾਂ ਹੀ ਸ਼ਬਦ ਸਰੰਚਨਾਵਾਂ ਨੂੰ ਸਦੀਆਂ ਤੱਕ ਚੁੱਪ-ਚਾਪ ਰਹਿ ਕੇ ਸੁਣਦੀ, ਸਹਿੰਦੀ, ਜਰਦੀ ਤੇ ਅਪਮਾਨਿਤ ਹੁੰਦੀ ਰਹੀ ਹੈ। ਔਰਤ ਨਵੀਂ

ਭਾਸ਼ਾ ਘੜੇ ਜਾਂ ਪਿਤਰ ਭਾਸ਼ਾ ਦੇ ਸ਼ਰਮਨਾਕ ਆਤੰਕ ਨੂੰ ਜਿਉਂ ਦਾ ਤਿਉਂ ਮੋੜੇ, ਇਹ ਪ੍ਰਸ਼ਨ ਵਿਸ਼ਵ ਦੇ ਨਾਰੀ ਲੇਖਨ ਸਨਮੁੱਖ ਵੀ ਰਿਹਾ ਹੈ। ਵੀਨਾ ਵਰਮਾ ਜਿਸ ਬਿਰਤਾਂਤ ਸ੍ਰੋਤੇ ਨੂੰ ਆਪਣੇ ਕਹਾਣੀ ਬਿਰਤਾਂਤ ਵਿਚ ਮੁਖਾਤਬ ਹੈ ਉਹ ਬਿਰਤਾਂਤ ਸ੍ਰੋਤਾ ਉਸਦੇ ਮਾਨਵੀ ਹਨਨ ਦਾ ਜ਼ੁੰਮੇਵਾਰ ਹੈ। ਉਸਦੀ ਨਾਇਕਾ ਦਾ ਆਤਮ ਵਿਸ਼ਵਾਸ ਅਜਿਹੇ ਸ੍ਰੋਤੇ ਨੂੰ ਸਾਹਵੇਂ ਹੋ ਕੇ ਟੱਕਰ ਦੇ ਰਿਹਾ ਹੈ। ਇਸੇ ਕਰਕੇ ਉਸਦੀ ਨਾਇਕਾ ਵੱਲੋਂ ਬੇਕਾਕ, ਬੇਖੌਫ਼ ਹੋ ਕੇ ਮੋੜੀ ਇਹ ਭਾਜੀ ਮਰਦਾਵੀਂ ਤੱਕਣੀ ਵਾਲੇ ਸਮਾਜ ਨੂੰ ਪੈਰੋਂ ਕੱਢਦੀ ਹੈ। ਅਜਿਹੀ ਭਾਸ਼ਾ ਨਾ ਉਸਦਾ ਹਥਿਆਰ ਹੈ ਨਾ ਉਸਦੀ ਕਮਜ਼ੋਰੀ, ਮੇਰੇ ਲਈ ਇਹ ਉਸਦੀ ਇਕ ਕਾਰਗਰ ਭਾਸ਼ਾਈ ਜੁਗਤ ਹੈ।

? ਬਹੁਤ ਸਾਰੇ ਕਹਾਣੀਕਾਰ ਕੋਈ ਅਜਿਹਾ ਵਿਸ਼ਾ ਕਿਉਂ ਚੁਣਦੇ ਹਨ ਜਿਸ ਨਾਲ ਸਨਸਨੀ ਪੈਦਾ ਹੋਵੇ। ਸਨਸਨੀ ਦੀ ਇਹ ਜੁਗਤ ਸੁਖਜੀਤ ਨੇ ਪਹਿਲਾਂ 'ਬਰਫ਼' 'ਚ ਅਪਨਾਈ ਅਤੇ ਹੁਣ ਬਿਲਕੁਲ ਨਵੀਂ ਕਹਾਣੀ 'ਹੁਣ ਮੈਂ ਰੇਪ ਨੂੰ ਇੰਨਜੁਆਏ ਕਰਦੀ ਹਾਂ' ਤੱਕ ਸਿਖਰ ਤੇ ਪਹੁੰਚਾਇਆ ਹੈ?

– ਸਨਸਨੀ ਵਿਸ਼ੇ ਵਿਚ ਨਹੀਂ, ਵਿਸ਼ੇ ਦੇ ਨਿਭਾਅ ਵਿਚ ਹੁੰਦੀ ਹੈ। ਆਪਾਂ ਬਹੁਤ ਸਾਰੀਆਂ ਕਹਾਣੀਆਂ ਨੂੰ ਛੱਡ ਕੇ ਸਿਰਫ਼ ਸੁਖਜੀਤ ਦੀ ਨਵੀਂ ਕਹਾਣੀ 'ਹੁਣ ਮੈਂ ਰੇਪ ਨੂੰ ਇੰਨਜੁਆਏ ਕਰਦੀ ਹਾਂ' ਦੀ ਗੱਲ ਕਰਦੇ ਹਾਂ। ਕਹਾਣੀ ਦਾ ਸਿਰਲੇਖ ਆਮ ਪਾਠਕ ਦੀ ਸਨਸਨੀ ਨੂੰ ਵਧਾਉਂਦਾ ਉਸਨੂੰ ਪੜ੍ਹਨ ਲਈ ਉਕਸਾਉਂਦਾ ਹੈ। ਸਿਰਲੇਖ ਦੇ ਅਭਿਧਾਮੂਲਕ ਅਰਥਾਂ ਦਾ ਪਿੱਛਾ ਕਰਨ ਵਾਲਾ ਪਾਠਕ ਇਸ ਕਹਾਣੀ ਨੂੰ ਕਿਸੇ ਹੋਰ ਆਸ ਨਾਲ ਪੜ੍ਹਦਾ ਹੈ ਪਰ ਕਹਾਣੀ ਪਾਠ ਰੇਪ ਸ਼ਬਦ ਨੂੰ ਵਡੇਰੇ ਪਾਸਾਰ ਤੇ ਪ੍ਰਸੰਗ ਦੇ ਰਿਹਾ ਹੈ, ਇਹ ਪਾਸਾਰ 'ਧੱਕੇ' ਦੇ ਹਨ। ਕਹਾਣੀ ਪਾਠ ਇਕ ਵਿਕ੍ਰਿਤ ਮਾਹੌਲ ਵਿਚ ਸੁੱਟ ਦਿੱਤੀ ਗਈ ਕੋਮਲ ਮਾਨਸਿਕਤਾ ਦੇ ਖੌਫ਼ਨਾਕ ਰੂਪਾਂਤਰਨ ਦੀ ਬਾਤ ਪਾ ਰਿਹਾ ਹੈ। ਸਾਈਕਾਲੋਜੀ ਵਿਚ ਪੀ. ਐਚ. ਡੀ. ਕਰ ਰਹੀ ਕੋਮਲ ਭਾਵੀ ਨਾਇਕਾ ਇਕ ਅਤਿ ਵਿਭਚਾਰ ਭਰੇ ਮਾਹੌਲ ਵਿਚ ਸੁੱਟ ਦਿੱਤੀ ਗਈ ਹੈ। ਇਸ ਮਾਹੌਲ ਵਿਚ ਇਹ ਨਾਇਕਾ ਭਾਵਨਾਵਾਂ ਦੇ ਦਮਨ ਵਿਚ ਦਫ਼ਨ ਹੋਣ ਦੀ ਥਾਂ ਦਮਨਕਾਰੀ ਰੋਲ ਤੱਕ ਵਿਕਾਸ ਪਾਉਂਦੀ ਹੈ ਜਿਹੜੀ ਕਦੇ ਆਪ ਵਿਭਚਾਰ ਦਾ ਸ਼ਿਕਾਰ ਹੋਈ ਸੀ ਕਹਾਣੀ ਦੇ ਅੰਤ ਵਿਚ ਉਹ ਆਪ ਆਕਰਮਣਕਾਰੀ ਰੋਲ ਵਿਚ ਹੈ। ਵਿਸ਼ੇ ਦਾ ਨਿਭਾਅ ਇੰਨਾ ਤਕੜਾ ਹੈ ਕਿ ਕਹਾਣੀਕਾਰ ਮਾਹੌਲ ਦੇ ਆਤੰਕ ਨੂੰ ਬਿਨਾਂ ਕੋਈ ਵੀ ਛੋਟ ਦਿੱਤੇ, ਗਲਤੀ ਕੀਤੇ ਸਿਰਜ ਰਿਹਾ ਹੈ। ਕਹਾਣੀ ਦਾ ਸਮੁੱਚਾ ਮਾਹੌਲ, ਸਥਿਤੀਆਂ, ਪਾਤਰ ਅਤੇ ਸਭ ਤੋਂ ਵੱਧ ਭਾਸ਼ਾਈ ਸੰਚਾਰ ਹਰ ਕਿਸਮ ਦੀ ਸਨਸਨੀ ਵਿਚੋਂ ਲੰਘਦਾ ਹੋਇਆ ਵੀ ਆਪਣੇ ਸੰਦੇਸ਼ ਦੀ ਇਕਾਗਰਤਾ ਨੂੰ ਭੰਗ ਨਹੀਂ ਹੋਣ ਦਿੰਦਾ। ਕਹਾਣੀ ਦੇ ਅਰਥ ਬਹੁਤ ਡੂੰਘੇ, ਬਹੁਤ ਪ੍ਰਸੰਗਿਕ ਅਤੇ ਬਹੁਤ ਸਪੱਸ਼ਟ ਹਨ। ਇਹੋ ਜਿਹੇ ਬਿਰਤਾਂਤ ਜਿਹੜੀ ਸਨਸਨੀ ਪੈਦਾ ਕਰਦੇ ਹਨ, ਉਹ ਮਾਨਸਿਕਤਾਵਾਂ ਨੂੰ ਬਹੁਤ ਦੂਰ ਤੱਕ ਝੰਜੋੜਦੀ ਹੈ। ਪਹਿਲਾਂ ਕਹਾਣੀ ਦੇ ਬਿਰਤਾਂਤਕ ਕਰਿੰਦੇ ਨੂੰ ਇਕ ਔਰਤ ਦੇ ਰੂਪ ਵਿਚ ਚਿਤਰਨਾ, ਫਿਰ ਉਸਨੂੰ ਵਿਭਚਾਰ ਦਾ ਸ਼ਿਕਾਰ ਬਣਾਉਣਾ, ਫਿਰ ਉਸਨੂੰ ਵਿਭਚਾਰੀ ਬਣਾਉਣਾ ਤੇ ਫਿਰ ਉਸਦੇ ਮੂੰਹੋਂ ਇਹ ਕਹਾਉਣਾ ਕਿ ਹੁਣ ਉਹ ਇਹ ਸਾਰਾ ਕੁਝ ਇੰਨਜੁਆਏ ਕਰਦੀ ਹੈ, ਬਿਰਤਾਂਤਕਾਰ ਦੀ ਇਕ ਵੱਡੀ ਕਲਾ ਜੁਗਤ ਹੈ। ਇਸ ਜੁਗਤ ਰਾਹੀਂ ਉਸਨੇ ਆਪਣਾ ਥੀਮ ਵੀ ਉਜਾਗਰ ਕੀਤਾ ਅਤੇ ਪਾਠਕ ਨੂੰ ਘੇਰ ਕੇ ਕਹਾਣੀ ਪੜ੍ਹਨ ਲਈ ਮਜ਼ਬੂਰ ਵੀ ਕੀਤਾ ਹੈ। ਮੈਂ ਸਮਝਦੀ ਹਾਂ ਕਿ ਜੇ ਵਿਸ਼ੇ ਦਾ ਨਿਭਾਅ ਇੰਨਾ ਸਾਵਾਂ ਤੇ ਸੰਤੁਲਿਤ ਹੋਵੇ ਤਾਂ ਇਹੋ ਜਿਹੀਆਂ ਕਹਾਣੀਆਂ ਵੀ ਸਾਡੀਆਂ ਮਰਦ ਪ੍ਰਧਾਨ ਮਨੋਸਰੰਚਨਾਵਾਂ ਲਈ ਵੱਡੀਆਂ ਚੁਣੌਤੀਆਂ ਬਣ ਸਕਦੀਆਂ ਹਨ।

? ਨਵੀ ਪੰਜਾਬੀ ਕਹਾਣੀਆਂ ਦਾ ਨਿਖੇੜ ਬਿੰਦੂ ਕੀ ਹੈ।

– ਨਵਾਂ/ਨਵੀਨ ਸ਼ਬਦ ਕਾਲ ਬੋਧਕ ਹੈ। ਨਵੀਂ ਪੰਜਾਬੀ ਕਹਾਣੀ ਕਿਸ ਨੂੰ ਕਿਹਾ ਜਾਵੇ, ਪਿਛਲੇ 5–7 ਸਾਲ ਜਾਂ ਇਸਤੋਂ ਅੱਗੋਂ–ਪਿੱਛੋਂ ਸ਼ੁਰੂ ਕੀਤਾ ਜਾਵੇ, ਇਸ ਬਾਰੇ ਕੋਈ ਵੀ ਨਿਖੇੜਾ ਕਰਨਾ ਮੁਸ਼ਕਿਲ ਹੈ। ਉਂਜ ਇਕ ਪੱਧਰ ਤੇ ਅਜੋਕੀ ਕਹਾਣੀ ਦਾ ਨਿਖੇੜਾ ਇਸਦੀ ਜੁਗਤ ਵਿਚ ਵੀ ਵੇਖਿਆ ਜਾ ਸਕਦਾ ਹੈ। ਅੱਜ ਦਾ ਕਹਾਣੀਕਾਰ ਕਹਾਣੀ ਕੁਸ਼ਲਤਾ ਵਿਚ ਜਿੰਨੀ ਦਿਲਚਸਪੀ ਲੈ



ਰਿਹਾ ਹੈ ਉਸ ਤੋਂ ਲੱਗਦਾ ਹੈ ਕਿ ਨਵੀਂ ਕਹਾਣੀ ਦੀ ਟੇਕ ਕਹਾਣੀ ਕਹਿਣ ਦੇ ਅੰਦਾਜ਼ 'ਤੇ ਹੈ। ਨਵਾਂ ਕਹਾਣੀਕਾਰ ਕਹਾਣੀ ਨੂੰ ਸਰਲ, ਸਧਾਰਨ ਰਹਿਣ ਹੀ ਨਹੀਂ ਦੇਣਾ ਚਾਹੁੰਦਾ। ਉਹ ਮਨੁੱਖੀ ਮਨ ਦੀਆਂ ਅਲੋਕਾਰੀ ਮਾਨਸਿਕ ਰੌਆਂ ਨੂੰ ਪਕੜਨ ਤੇ ਪ੍ਰਗਟਾਉਣ ਲਈ ਕਈ ਕਿਸਮ ਦੀਆਂ ਜੁਗਤਾਂ ਘੜ ਰਿਹਾ ਹੈ। ਇਲੈਕਟ੍ਰਾਨਿਕ ਮੀਡੀਏ ਦੇ ਪ੍ਰਭਾਵ ਅਧੀਨ ਉਹ ਦ੍ਰਿਸ਼ ਸਿਰਜਣ ਦੀਆਂ ਜੁਗਤਾਂ ਵਿਚ ਵਧੇਰੇ ਕੁਸ਼ਲਤਾ ਪਾ ਰਿਹਾ ਹੈ। ਮੀਡੀਏ ਵਰਗੇ ਕੱਟ, ਕੰਪਿਊਟਰ ਵਰਗੇ ਕੱਟ ਐਂਡ ਪੇਸਟ ਅਤੇ ਜਕਸਟਾਪੋਜ਼ਿੰਗ ਵਰਗੀਆਂ ਜੁਗਤਾਂ ਨੇ ਕਹਾਣੀ ਦੇ ਬਿਰਤਾਂਤਕੀ ਸੰਗਠਨ ਨੂੰ ਨਵਾਂ ਜ਼ਰੂਰ ਬਣਾ ਦਿੱਤਾ ਹੈ। ਜਿੰਨਾ ਚਿਰ ਨਵੇਂ ਪੜ੍ਹਾਅ ਦੀ ਕਹਾਣੀ ਦੇ ਇਤਿਹਾਸਕ ਵਿਚਾਰਧਾਰਕ ਅਧਾਰ ਨਹੀਂ ਨਿਖੜਦੇ ਓਨੀ ਚਿਰ ਸ਼ਾਇਦ ਬਿਰਤਾਂਤਕ ਡਿਜ਼ਾਈਨ ਨਵੀਂ ਕਹਾਣੀ ਦਾ ਨਿਖੇੜ ਬਿੰਦੂ ਕਿਹਾ ਜਾ ਸਕਦਾ ਹੈ।

? ਪੰਜਾਬੀ ਕਹਾਣੀਕਾਰਾਂ ਦੀ ਪੀੜ੍ਹੀ ਵੰਡ ਦਾ ਕੀ ਆਧਾਰ ਹੈ।

– ਇਤਿਹਾਸਕ ਦ੍ਰਿਸ਼ਟੀ ਤੋਂ ਸਾਨੂੰ ਪੀੜ੍ਹੀਆਂ ਦੀ ਨਹੀਂ, ਪੜ੍ਹਾਵਾਂ ਦੀ ਗੱਲ ਕਰਨੀ ਚਾਹੀਦੀ ਹੈ। ਇਕੋ ਦੌਰ ਵਿਚ ਕਈ ਉਮਰਾਂ ਦੇ ਲੇਖਕ ਕਹਾਣੀ ਲਿਖ ਰਹੇ ਹੁੰਦੇ ਹਨ ਤੇ ਪੀੜ੍ਹੀ ਕਹਿੰਦਿਆਂ ਕਈ ਵਾਰ ਕੁਝ ਵਡੇਰੀ ਉਮਰ ਵਾਲਿਆਂ ਨੂੰ ਪਛਾੜਨ ਤੇ ਕੁਝ ਨਵਿਆਂ ਨੂੰ ਅੱਗੇ ਲਾਉਣ ਕਰਕੇ ਗੱਲ ਅਪ੍ਰਮਾਣਿਕ ਹੋ ਜਾਂਦੀ ਹੈ। ਜਦੋਂ ਅਸੀਂ ਪੜ੍ਹਾਵਾਂ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਸ ਵਿੱਚ ਇਤਿਹਾਸਕ ਰੌਂਅ ਦੇ ਗੁਣਾਤਮਕ ਪਰਿਵਰਤਨ ਨੂੰ ਕੇਂਦਰ ਵਿਚ ਰੱਖ ਸਕਦੇ ਹਾਂ। ਇਸ ਪੱਖੋਂ ਪੰਜਾਬੀ ਕਹਾਣੀ ਨੂੰ ਚਾਰ ਪੜ੍ਹਾਵਾਂ ਵਿਚ ਵੰਡ ਕੇ ਵੇਖਣਾ ਕੋਈ ਤਰਕ ਸੰਗਤ ਆਧਾਰ ਪ੍ਰਦਾਨ ਕਰ ਸਕਦਾ ਹੈ। ਨਾਨਕ ਸਿੰਘ, ਚਰਨ ਸਿੰਘ ਸ਼ਹੀਦ, ਗੁਰਮੁੱਖ ਸਿੰਘ ਮੁਸਾਫਿਰ, ਗੁਰਬਖਸ਼ ਸਿੰਘ, ਹੀਰਾ ਸਿੰਘ ਆਦਿ ਦੇ ਪੜ੍ਹਾਅ ਨੂੰ ਮੈਂ ਪ੍ਰਤੀਮਾਨਮੂਲਕ ਕਹਾਣੀ ਦਾ ਪੜ੍ਹਾਅ ਮੰਨਦੀ ਹਾਂ, ਸੇਖੋਂ, ਸੁਜਾਨ ਸਿੰਘ, ਦੁੱਗਲ ਵਾਲਾ ਦੂਜਾ ਪੜ੍ਹਾਅ ਹੁਨਰੀ ਕਹਾਣੀ ਦਾ ਹੈ, 1965 ਤੋਂ ਬਾਅਦ ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ ਦੇ ਆਉਣ ਨਾਲ ਕਹਾਣੀ ਵਿਅਕਤੀਕ੍ਰਿਤ ਸੰਵਾਦਕਤਾ ਦੇ ਪੜ੍ਹਾਅ ਵਿਚ ਪੇਸ਼ ਕਰਦੀ ਹੈ ਅਤੇ ਵੀਹਵੀਂ ਸਦੀ ਦੇ ਪਿਛਲੇ ਦਹਾਕੇ ਵਿਚ ਸੂਚਨਾ ਤਕਨਾਲੋਜੀ ਕਾਰਨ ਆਏ ਪਰਿਵਰਤਨ ਦਾ ਪਰਤੌ ਬਣਦੀ ਕਹਾਣੀ ਚੌਥੇ ਪੜ੍ਹਾਅ ਵਿਚ ਖਿਸਕਦੀ ਵਿਖਾਈ ਦਿੰਦੀ ਹੈ। ਇਨ੍ਹਾਂ ਪੜ੍ਹਾਵਾਂ ਦਾ ਆਧਾਰ ਯੁੱਗ ਬੋਧ ਅਤੇ ਕਹਾਣੀ ਦਾ ਉਸ ਪ੍ਰਤਿ ਹੁੰਗਾਰਾ ਬਣਦਾ ਹੈ।

? 'ਵਰਜਿਤ ਰਿਸ਼ਤਿਆਂ' ਬਾਰੇ ਚਿਰਾਂ ਤੋਂ ਭਾਰਤ ਵਿਚ ਹੀ ਨਹੀਂ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਲਿਖਿਆ ਜਾਂਦਾ ਰਿਹਾ ਹੈ। ਅੱਜ ਇਸ ਨੂੰ ਸਭ ਤੋਂ ਮਹੱਤਵਪੂਰਨ ਮਸਲੇ ਵਜੋਂ ਕਿਉਂ ਉਭਾਰਿਆ ਜਾ ਰਿਹਾ ਹੈ।

– ਵਰਜਿਤ ਰਿਸ਼ਤੇ ਕਿਸੇ ਵੀ ਸਮਾਜ, ਸਭਿਆਚਾਰ ਦੀ ਆਪਣੀ ਵਿਆਕਰਣਕ ਘਾੜਤ ਵਿਚ ਲਾਂਭੇ ਰਹਿ ਗਏ ਪਸਾਰ ਹੁੰਦੇ ਹਨ। ਇਨ੍ਹਾਂ ਦੀ ਹੋਂਦ ਤੇ ਹੋਣੀ ਦੇ ਮਸਲੇ ਮੁੱਢ ਕਦੀਮ ਤੋਂ ਸਾਹਿਤ ਵਿਚ ਆਪਣੀ ਮਾਨਵੀ-ਅਮਾਨਵੀ ਭੂਮਿਕਾ ਦਰਸਾਉਣ ਲਈ ਥਾਂ ਲੈਂਦੇ ਰਹੇ ਹਨ। ਪਰ ਅੱਜ ਜੋ ਤੁਹਾਡੇ ਕਹਿਣ ਅਨੁਸਾਰ ਇਹ ਮਹੱਤਵਪੂਰਨ ਮਸਲੇ ਵਜੋਂ ਉਭਰ ਰਹੇ ਹਨ ਤਾਂ ਵੇਖਣਾ ਇਹ ਹੈ ਕਿ ਕੌਣ ਉਭਾਰ ਰਿਹਾ ਹੈ ਅਤੇ ਕਿਵੇਂ ਉਭਾਰਿਆ ਜਾ ਰਿਹਾ ਹੈ। ਬੁਰਜ਼ੂਆ ਮਾਹੌਲ ਪਹਿਲਾਂ ਮਨੁੱਖ ਨੂੰ ਅੰਤਰਮੁੱਖੀ ਬਣਾਉਂਦਾ ਹੈ ਅਤੇ ਫਿਰ ਉਸਦੀਆਂ ਦੇਹੀ ਖਾਹਿਸ਼ਾਂ ਨੂੰ ਅੰਤਿਮ ਆਨੰਦ ਵਜੋਂ ਉਭਾਰ ਕੇ ਉਸਨੂੰ ਆਪਣੀਆਂ ਹੀ ਅਵੈੜਾਂ ਦਾ ਗੁਲਾਮ ਬਣਾ ਦਿੰਦਾ ਹੈ। ਸਮਾਜਕ ਸਰੋਕਾਰਾਂ ਵਲੋਂ ਅੱਖਾਂ ਮੀਟ ਕੇ ਬੰਦਾ ਅੰਦਰਵਰਤੀ ਹੋ ਜਾਂਦਾ ਹੈ ਅਤੇ ਦੇਹੀ ਦੁਆਲੇ ਭਿਨਭਿਨਾਉਣ ਲੱਗਦਾ ਹੈ। ਕਲਾ ਦਾ ਧਰਮ ਇਨ੍ਹਾਂ ਅਲਾਮਤਾਂ ਦੀ ਥੋੜ੍ਹਚਿਰਤਾ ਨੂੰ ਉਭਾਰਨਾ ਹੁੰਦਾ ਹੈ ਨਾ ਕਿ ਇਨ੍ਹਾਂ ਨੂੰ ਮਾਨਵੀ ਹੋਂਦ ਦਾ ਇਕੋ-ਇਕ ਤਰਕ ਮਨਵਾਉਣਾ। ਜਦੋਂ ਮਨੁੱਖ ਨੂੰ ਉਸਦੇ ਸਹੀ ਸਮਾਜੀ ਮਨੁੱਖੀ ਪਰਿਪੇਖ ਵਿਚ ਨਹੀਂ ਵੇਖਿਆ ਜਾਂਦਾ ਤਾਂ ਇਹੋ ਜਿਹੀਆਂ ਅਲਾਮਤਾਂ ਦਾ ਸਿਰ ਚੁੱਕ ਲੈਣਾ ਬੜਾ ਕੁਦਰਤੀ ਹੈ।

? ਕੀ ਕੋਈ 'ਜਨ ਸਮੂਹ' ਨਾਲ ਜੁੜੀ ਪੰਜਾਬੀ ਕਹਾਣੀ ਵੀ ਹੈ।

– ਪੰਜਾਬੀ ਕਹਾਣੀ ਵਿਚ ਅਜੇ ਵੀ ਮੁੱਖ ਰੌਂਅ ਸਮਾਜਕ ਸਰੋਕਾਰਾਂ ਵਾਲੀ ਕਹਾਣੀ ਦੀ

ਹੀ ਹੈ। ਹਰ ਉਮਰ, ਲਿੰਗ, ਜਾਤ, ਜਮਾਤ, ਕਿੱਤੇ ਦਾ ਪੰਜਾਬੀ ਬੰਦਾ ਜੇ ਆਪਣੀ ਰਾਜਸੀ, ਆਰਥਿਕ, ਸਮਾਜਿਕ, ਸਭਿਆਚਾਰਕ ਦੇ ਵਿਅਕਤੀਗਤ ਸੰਕਟਾਂ ਸਮੇਤ ਪੰਜਾਬੀ ਕਹਾਣੀ ਵਿਚ ਪੇਸ਼ ਹੈ ਤਾਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਹਾਣੀ ਪੰਜਾਬੀ ਬੰਦੇ ਨਾਲ, ਪੰਜਾਬੀ ਜਨ-ਸਮੂਹ ਨਾਲ ਰਾਬਤਾ ਰੱਖੀ ਬੈਠੀ ਹੈ। ਸਮਾਜਕ ਪਰਿਵੇਸ਼ ਵਾਲੀ ਕਹਾਣੀ ਸਾਡੇ ਪੰਜਾਬੀ ਸਮਾਜ ਦੀਆਂ ਤਲਖ ਹਕੀਕਤਾਂ ਵਿਚ ਘਿਰੇ ਪੰਜਾਬੀ ਬੰਦੇ ਨੂੰ ਜਦੋਂ ਫੋਕਸ ਵਿਚ ਲਿਆ ਰਹੀ ਹੈ ਤਾਂ ਉਹ ਸਮਾਜਕ ਦਬਾਵਾਂ ਨੂੰ ਅਸਤ-ਵਿਅਸਤ ਕਰਨ ਲਈ ਹੀ ਯਤਨਸ਼ੀਲ ਹੈ। ਪੰਜਾਬ ਦੇ ਗੂੜ੍ਹੇ ਭੌਂ-ਦ੍ਰਿਸ਼ਾਂ ਵਾਲੀਆਂ ਕਹਾਣੀਆਂ, ਨਵਬਸਤੀਵਾਦ ਦੇ ਪ੍ਰਭਾਵ ਅਧੀਨ ਹੋ ਰਹੇ ਨਵੇਂ ਉਜਾੜਿਆਂ, ਮੰਦਵਾੜਿਆਂ ਦੀਆਂ ਕਹਾਣੀਆਂ ਪੰਜਾਬੀ ਜਨ-ਸਮੂਹ ਨਾਲ ਹੀ ਵਾਬਸਤਾ ਹਨ ਅਤੇ ਅਜੇ ਵੀ ਪੰਜਾਬੀ ਪਾਠਕ ਵਿਚ ਇਹੀ ਕਹਾਣੀ ਵੱਧ ਹਰਮਨਪਿਆਰੀ ਹੈ।

? ਕੀ ਇਸ ਵੇਲੇ ਪੰਜਾਬੀ ਕਹਾਣੀ ਵਿਚ ਕੋਈ ਧਾਰਾ ਜਾਂ ਵਾਦ ਪ੍ਰਚੱਲਿਤ ਹੈ ਜਾਂ ਜਿਹੜੇ ਕਹਾਣੀਕਾਰ ਅੱਜ ਲਿਖ ਰਹੇ ਹਨ ਉਹ ਕਿਸ ਵਿਚਾਰਧਾਰਾ ਨਾਲ ਸਬੰਧਿਤ ਹਨ।

– ਪੰਜਾਬੀ ਕਹਾਣੀ ਵਿਚ ਧਾਰਾ ਜਾਂ ਵਾਦ ਪੱਖੋਂ ਦੇਖੀਏ ਤਾਂ ਵਿਸ਼ਵ-ਭਾਰਤੀ-ਪੰਜਾਬੀ ਸਮਾਜ ਦੇ ਸਮਵਿੱਥ ਕੋਈ ਸਪੱਸ਼ਟ ਧਾਰਾ ਜਾਂ ਵਾਦ ਵਿਖਾਈ ਨਹੀਂ ਦੇ ਰਿਹਾ। ਇਸ ਸਮੇਂ ਨਾ ਕੋਈ ਲੋਕ ਪੱਖੀ ਲਹਿਰ ਉਭਾਰ ਵਿਚ ਹੈ ਅਤੇ ਨਾ ਹੀ ਕੋਈ ਹੋਰ ਯੁੱਗਬੋਧ ਆਪਣੀ ਤਰਜੀਹ ਦਰਸਾ ਰਿਹਾ ਹੈ, ਚਿੰਤਨ ਦੀਆਂ ਕਈ ਲਹਿਰਾਂ ਯੁਗ ਦੀਆਂ ਬਦਲਦੀਆਂ ਸਥਿਤੀਆਂ ਨੂੰ ਨਿਖੇੜਨ ਲਈ ਯਤਨਸ਼ੀਲ ਹਨ, ਪਰ ਪੰਜਾਬੀ ਕਹਾਣੀ ਵਿਚਾਰਧਾਰਾ ਮੁਕਤ ਤਾਂ ਘੱਟੋ-ਘੱਟ ਬਿਲਕੁਲ ਨਹੀਂ ਹੈ। ਪੰਜਾਬੀ ਕਹਾਣੀ ਦੀ ਸ਼ਕਤੀਸ਼ਾਲੀ ਰੌਂਅ ਪ੍ਰਗਤੀਸ਼ੀਲਤਾ ਦੀ ਹੈ। ਅਜੋਕੇ ਮਨੁੱਖ ਦੇ ਅਨੰਤ ਦਬਾਵਾਂ ਵਿਚੋਂ, ਉਸਦੇ ਹਿੱਤਾਂ, ਭਾਵਨਾਵਾਂ ਦੇ ਟਕਰਾਵਾਂ ਵਿਚੋਂ, ਮਾਹੌਲ ਦੀਆਂ ਤਲਖ ਹਕੀਕਤਾਂ ਵਿਚੋਂ ਮਾਨਵੀ ਅਤੇ ਅਮਾਨਵੀ ਦੀ ਪਛਾਣ ਦਾ ਮਸਲਾ ਕਹਾਣੀ ਲਈ, ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ। ਹਰ ਸਥਿਤੀ ਵਿਚੋਂ ਮਾਨਵਤਾ ਦੀ ਬੁਲਵੰਦੀ ਲਈ ਮਨੁੱਖ ਦੀ, ਮਨੁੱਖਤਾ ਦੀ ਬਰਕਰਾਰੀ ਲਈ ਬਦਲ-ਪ੍ਰਤਿਬਦਲ ਤਲਾਸ਼ੇ ਜਾ ਰਹੇ ਹਨ, ਇਸ ਤਲਾਸ਼ ਦਾ ਮਾਪ-ਦੰਡ ਮਾਨਵਵਾਦ ਹੈ। ਵਿਅਕਤੀ ਅਤੇ ਸਮਾਜ ਦੀ ਪ੍ਰਗਤੀਸ਼ੀਲਤਾ ਨਾਲ ਅਕੱਟ ਪ੍ਰਤਿਬੱਧਤਾ ਰੱਖਣ ਵਾਲੀ ਇਹ ਮਾਨਵ ਹਿਤੈਸ਼ੀ ਵਿਚਾਰਧਾਰਾ ਅੱਜ ਵੀ ਪੰਜਾਬੀ ਕਹਾਣੀ ਦੀ ਮੁੱਖ ਸੁਰ ਹੈ।

? ਪੰਜਾਬੀ ਕਹਾਣੀ ਦਾ ਵਿਕਾਸ ਕਿਸ ਦਿਸ਼ਾ ਵੱਲ ਹੋ ਰਿਹਾ ਹੈ।

– ਮੇਰੀ ਇਹ ਠੋਸ ਧਾਰਨਾ ਹੈ ਕਿ ਆਧੁਨਿਕ ਪੰਜਾਬੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਵਿਚੋਂ ਪੰਜਾਬੀ ਕਹਾਣੀ ਸਭ ਤੋਂ ਸਮਰੱਥ ਵਿਧਾ ਵਜੋਂ ਉਭਰ ਰਹੀ ਹੈ ਅਤੇ ਪ੍ਰਵਾਨਗੀ ਪਾ ਰਹੀ ਹੈ। ਪੰਜਾਬੀ ਬੰਦੇ ਦੇ ਸੰਕਟਾਂ, ਜਜ਼ਬਾਤਾਂ, ਨਿੱਜਤਾਵਾਂ ਅਤੇ ਸੰਭਾਵਨਾਵਾਂ ਦੀ ਜਿੰਨੀ ਪੈਰਵਾਈ ਇਹ ਵਿਧਾ ਕਰ ਰਹੀ ਹੈ ਓਨੀ ਕਿਸੇ ਹੋਰ ਵਿਧਾ ਦੇ ਕਲੇਵਰ ਵਿਚ ਨਹੀਂ ਆ ਰਹੀ। ਪੰਜਾਬੀ ਕਹਾਣੀ ਹੀ ਅਜਿਹੇ ਕਲਾਤਮਕ ਤਰਕ ਸਿਰਜ ਰਹੀ ਹੈ ਜਿਹੜੇ ਵੱਖੋ-ਵੱਖ ਸਥਿਤੀਆਂ ਵਿਚ ਘਿਰੇ ਪੰਜਾਬੀ ਬੰਦੇ ਨੂੰ ਆਪਣੀ ਮਾਨਵੀ ਬੁਲੰਦੀ ਨੂੰ ਬਰਕਰਾਰ ਰੱਖ ਸਕਣ ਦਾ ਕੋਈ ਝਲਕਾਰਾ ਦਿਖਾ ਰਹੇ ਹਨ ਉਸ ਨੂੰ ਆਸ ਦਾ ਪੱਲਾ ਫੜ ਰਹੇ ਹਨ। ਪੰਜਾਬੀ ਕਹਾਣੀ ਪੰਜਾਬੀ ਕਥਾ ਪਰੰਪਰਾ ਦੇ ਵਿਰਾਸਤੀ ਗੌਰਵ ਵਿਚ ਇਕ ਮਾਣਯੋਗ ਵਾਧਾ ਹੈ ਅਤੇ ਨਵੀਆਂ ਬੁਲੰਦੀਆਂ ਵੱਲ ਅਗਰਸਰ ਹੈ।



## ਲਿਖਣ ਵੇਲੇ ਬਹੁਤ ਕੁਝ ਤੁਹਾਡੇ ਅਵਚੇਤਨ 'ਚੋਂ ਆ ਰਿਹਾ ਹੁੰਦਾ

-ਜਸਵਿੰਦਰ ਸਿੰਘ (17.5.1954)
ਮੁਲਾਕਾਤੀ-ਡਾ. ਗੁਰਮੀਤ ਕੱਲਰਮਾਜਰੀ

? ਡਾ ਸਾਹਿਬ ਮੇਰਾ ਪਹਿਲਾ ਸਵਾਲ ਹੈ ਕਿ ਕਹਾਣੀ ਲਿਖਦਿਆਂ ਤੇ ਅਤੇ ਆਲੋਚਨਾ ਕਰਦਿਆਂ ਇੱਕ ਵਿਸ਼ੇਸ਼ ਕਿਸਮ ਦਾ ਸੰਤੁਲਨ ਤੁਹਾਡੀਆਂ ਲਿਖਤਾਂ ਵਿੱਚ ਮੌਜੂਦ ਰਹਿੰਦਾ ਹੈ। 'ਖੂਹ ਖਾਤੇ', 'ਜੈਲਦਾਰ ਦਾ ਪੋਤਾ', 'ਦਮੂੰਹੀ' ਵਰਗੀਆਂ ਸਸ਼ੱਕਤ ਕਹਾਣੀਆਂ ਵੀ ਤੁਸੀਂ ਲਿਖੀਆਂ ਅਤੇ ਪੰਜਾਬੀ ਆਲੋਚਨਾ ਵਿੱਚ ਵੀ ਤੁਹਾਡੀ ਇਹ ਮੜਕਵੀਂ ਚਾਲ ਕਾਇਮ ਹੈ। ਇਸ ਕਿਸਮ ਦਾ ਸੰਤੁਲਤ ਅਨੁਭਵ ਤੁਸੀਂ ਕਿਸ ਤਰ੍ਹਾਂ ਪ੍ਰਾਪਤ ਕੀਤਾ ਹੈ ?

–ਸੁਚੇਤ ਪੱਧਰ ਤੇ ਮੇਰੀ ਸ਼ਖਸੀਅਤ ਅਤੇ ਸਿਰਜਣਾ ਬਾਰੇ ਤੁਹਾਡੀ ਇਸ ਰਾਇ ਦਾ ਸਿੱਧਾ ਤਰਕ ਲੱਭ ਸਕਣਾ ਤਾਂ ਸੰਭਵ ਨਹੀਂ ਕਿਉਂਕਿ ਹਰੇਕ ਬੰਦੇ ਦੀ ਇੱਕ ਲਾਜ਼ਮੀ ਸ਼ਖਸ਼ੀਅਤ ਉਸ ਦੇ ਅਨੁਭਵਾਂ, ਚੁਗਿਰਦੇ, ਸਰਗਰਮੀਆਂ ਅਤੇ ਚਾਹਤਾਂ ਵਿੱਚੋਂ ਬਣਦੀ ਵਿਗਸਦੀ ਹੈ। ਸ਼ਾਇਦ ਮੇਰੇ ਪਿਤਾ ਜੀ ਦੀ ਤਰਕਸ਼ੀਲ ਖੱਬੇ ਪੱਖੀ ਵਿਚਾਰਧਾਰਾ ਨੇ ਅਜਿਹਾ ਪਰਿਵਾਰਕ ਮਾਹੌਲ ਸਿਰਜਿਆ ਜਿਸ ਦੇ ਸਹਿਜ ਪ੍ਰਭਾਵਾਂ ਵਜੋਂ ਮੈਂ ਨਿੱਜੀ ਜੀਵਨ ਸਮੇਤ ਸਾਰੇ ਸੰਬੰਧਤ ਸਮਾਜਕ ਸਰੋਕਾਰਾਂ ਨੂੰ ਇੱਕਸੁਰ ਅਤੇ ਇੱਕਸਾਰ ਕਰਨਾ ਸਿੱਖਦਾ ਗਿਆ। ਇਹ ਇਸ ਲਈ ਵੀ ਹੈ ਕਿ ਮੇਰੇ ਕੁੱਝ ਦਾਨਿਸ਼ਵਰ ਅਧਿਆਪਕਾਂ ਨੇ ਚੇਤਨਾ ਤੇ ਚਿੰਤਨ ਦੀਆਂ ਅਜਿਹੀਆਂ ਉੱਤਮ ਵਿਧੀਆਂ ਨਾਲ ਮੇਰੀ ਜਾਣ ਪਛਾਣ ਕਰਵਾਈ ਅਤੇ ਇਸ ਨੇ ਮੈਨੂੰ ਵਸਤਾਂ, ਵਰਤਾਰਿਆਂ, ਮਨੁੱਖਾਂ ਅਤੇ ਹੋਰ ਸਰੰਚਨਾਵਾਂ/ਸੰਸਥਾਵਾਂ ਨੂੰ ਇਉਂ ਸੁਚੇਤ ਅਚੇਤ ਸਮਝਣ ਲਾਈ ਰੱਖਿਆ। ਸੰਭਵ ਹੈ ਕਿ ਮੇਰੀ ਰਾਜਨੀਤਿਕ ਸਰਗਰਮੀ ਨੇ ਮੈਨੂੰ ਤਿੱਖੇ ਤੇ ਭੈੜੇ ਵਿਰੋਧਾਂ ਵਿਚਕਾਰ ਸਾਵੇ ਅਤੇ ਸਹੀ ਨਿਰਨੇ ਲੈਣ ਲਈ ਅੰਤਰ ਦ੍ਰਿਸ਼ਟੀਆਂ ਦਿੱਤੀਆਂ। ਕਈ ਪੱਖਾਂ ਤੋਂ ਇਹ ਪਿਤਾ ਪੁਰਖੀ ਜੀਨਜ਼ ਦਾ ਪ੍ਰਤੀਫਲ ਵੀ ਹੁੰਦਾ ਹੈ, ਤੀਸਰਾ ਮਹੱਤਵਪੂਰਣ ਪਹਿਲੂ ਤੁਹਾਡੀਆਂ ਇੱਛਾਵਾਂ ਚਾਹਤਾਂ-ਭਾਵਨਾਵਾਂ ਉਦੇਸ਼ਾਂ ਅਤੇ ਆਦਰਸ਼ਾਂ ਦੀ ਇੱਕਸਾਰਤਾ ਜਾਂ ਪੜਾਅ ਵੀ ਇਸ ਵਿੱਚ ਵੱਡੇ ਰੋਲ ਅਦਾ ਕਰ ਜਾਂਦਾ ਹੈ, ਹੋ ਸਕਦਾ ਹੈ ਕਿ ਮੈਨੂੰ ਜੋ ਕੁਝ ਮਿਲਦਾ ਰਿਹਾ ਹੈ ਉਸ ਨਾਲ ਸੰਤੁਸ਼ਟ ਨਾ ਹੋ ਕੇ, ਮੈਂ ਅੱਗੋਂ ਹੋਰ ਹੰਭਲੇ ਮਾਰਨ ਦੀ ਤਬੀਅਤ ਰੱਖਦਾ ਹੋਵਾਂ। ਤੁਹਾਡਾ ਇਹ ਸਵਾਲ ਕਾਫੀ ਪਿਆਰਾ ਲੱਗਾ, ਇਸ ਸਾਰੇ ਕੁਝ ਲਈ ਮੇਰੇ ਅਧਿਆਪਕਾਂ ਵਿੱਚੋਂ ਪ੍ਰਿੰਸੀਪਲ ਵੀਰ ਸਿੰਘ ਰੰਧਾਵਾ, ਡਾ ਦਲੀਪ ਕੌਰ ਟਿਵਾਣਾ, ਪ੍ਰੋ। ਗੁਲਵੰਤ ਸਿੰਘ ਤੇ ਡਾ ਰਵੀ ਦਾ ਮੇਰੇ ਤੇ ਕਾਫੀ ਪ੍ਰਭਾਵ ਰਿਹਾ।

? ਉਮਰ ਦਾ ਲਿਹਾਜ਼ ਨਾ ਕਰਦਿਆਂ ਸਾਨੂੰ ਇਹ ਜਾਣਕਾਰੀ ਦਿਉ ਕਿ ਤੁਹਾਡੀ ਕਹਾਣੀ ਦੇ ਵਿੱਧਾਗਤ ਪਾਸਾਰ, ਵਸਤੂ ਯਥਾਰਥ ਦੀ ਚੋਣ ਅਤੇ ਪੇਸ਼ਕਾਰੀ ਦੇ ਨਾਲ ਨਾਲ ਕਥਾ ਸ਼ਿਲਪ ਦੇ ਬੇਜੋੜ ਮੇਲ ਨੂੰ ਪਰਖਦਿਆਂ ਤੁਸੀਂ ਆਪਣੇ ਆਪ ਨੂੰ ਸਮਕਾਲੀ ਪੰਜਾਬੀ ਕਹਾਣੀ ਦੇ ਕਿਹੜੇ ਪੜਾਅ ਵਿੱਚ ਸ਼ਾਮਲ ਕਰਨਾ ਚਾਹੋਗੇ ?

– ਡਾ ਗੁਰਮੀਤ, ਅਸਲ ਵਿੱਚ ਜਦੋਂ ਮੈਂ ਕਹਾਣੀ ਲਿਖਣ ਲੱਗਾ ਮੈਨੂੰ ਇਹਦਾ ਬਹੁਤ ਹੀ, ਭਰਪੂਰ ਹੁੰਗਾਰਾ ਵੀ ਮਿਲਿਆ। ਤਾਂ ਮੈਂ ਸੁਚੇਤ ਪੱਧਰ ਤੇ ਕਹਾਣੀ ਬਾਰੇ ਆਪਣੀ ਜਾਂ ਪੰਜਾਬੀ ਕਹਾਣੀ ਦੀ ਆਲੋਚਨਾ ਕਰਨ ਤੋਂ ਗੁਰੇਜ਼ ਕੀਤਾ। ਇਹ ਮੇਰੀ ਆਪਣੇ ਤੇ ਲਾਈ ਗਈ ਸਵੈ-ਬੰਦਸ਼, ਇਸ ਕਰਕੇ ਮੈਂ ਆਪਣੇ ਆਪ ਤੇ ਲਾਈ ਕਿ ਮੈਂ ਅਧਿਆਪਕ ਹਾਂ ਯੂਨੀਵਰਸਿਟੀ ਵਿੱਚ, ਆਲੋਚਨਾ ਮੇਰਾ ਅਹਿਮ ਖੇਤਰ ਹੈ ਸਰਗਰਮੀ ਦਾ, ਕਿਤੇ ਐਸਾ ਨਾ ਹੋਵੇ ਕਿ ਸੁਚੇਤ ਜਾਂ ਅਚੇਤ ਮੈਂ ਆਪਣੀ ਕਹਾਣੀ ਨੂੰ ਹੀ ਜਸਟੀਫਾਈ ਜਾਂ ਉਸ ਕਿਸਮ ਦੀ ਕਹਾਣੀ ਨੂੰ ਜਸਟੀਫਾਈ ਕਰਨਾ ਸ਼ੁਰੂ ਕਰ ਦੇਵਾਂ, ਜਿਹੋ ਜਹੀ ਕਹਾਣੀ ਮੈਂ ਆਪ ਲਿਖਦਾ ਹਾਂ। ਇਸ ਕਰਕੇ ਇਸ ਦਾ ਅਸਲ ਜਵਾਬ ਤਾਂ ਪੰਜਾਬੀ ਦੇ

ਦਾਰਸ਼ਨਿਕ ਆਲੋਚਕ ਹੀ ਦੇਣ। ਮੈਂ ਇਹਦੇ ਬਾਰੇ ਤਿੰਨ ਗੱਲਾਂ ਤੁਹਾਡੇ ਨਾਲ ਸਾਂਝੀਆਂ ਜ਼ਰੂਰ ਕਰਾਂਗਾ।

ਹਰ ਵਧੀਆ ਉੱਤਮ ਲੇਖਕ ਆਪਣੀ ਪਹਿਲੀ ਉੱਤਮ ਪਰੰਪਰਾ ਦੀ ਇੱਕ ਅਗਲੇਰੀ ਤੇ ਉਚੇਰੀ ਮੰਜ਼ਿਲ ਜਾਂ ਉਚੇਰਾ ਪੜਾਅ ਹੀ ਹੁੰਦਾ ਹੈ ਉਹਦੇ ਵਿੱਚ ਪੂਰਬਲੀਆਂ ਰਚਨਾਵਾਂ ਦੀਆਂ ਉੱਤਮਤਾਵਾਂ ਸਹਿਜ ਭਾਵ ਸ਼ਾਮਿਲ ਹੁੰਦੀਆਂ ਨੇ ਨਿਰੰਤਰਤਾ ਵਿੱਚ। ਪਰ ਉਹ ਆਪਣੀ ਕਲਾਤਮਕ ਸਮਰੱਥਾ ਨਾਲ ਜਾਂ ਆਪਣੀ ਦ੍ਰਿਸ਼ਟੀ ਨਾਲ, ਆਪਣੇ ਸਰੋਕਾਰਾਂ ਨਾਲ, ਆਪਣੀ ਭਾਸ਼ਾ ਦੀ ਨਿਪੁੰਨਤਾ ਨਾਲ ਆਪਣੀਆਂ ਕਲਾਤਮਕ ਪ੍ਰਗਟਾਵੇ ਦੀਆਂ ਨਿਵੇਕਲੀਆਂ 'ਯੁਗਤਾਂ' ਨਾਲ ਆਪਣੀ ਵੱਖਰੀ ਥਾਂ ਬਣਾਉਂਦੀਆਂ ਨੇ। ਸੋ ਇਸ ਕਰਕੇ ਮੇਰੇ ਤੋਂ ਪੂਰਬਲੀ ਕਹਾਣੀ ਦਾ ਆਪਣਾ ਇੱਕ ਰੂਪ ਹੈ, ਸਰੂਪ ਹੈ ਦੂਸਰੀ ਗੱਲ ਕਹਾਣੀ ਨੂੰ ਪੀੜ੍ਹੀਆਂ ਦੀ ਬਜਾਏ ਪੜਾਵਾਂ ਮੁਤਾਬਕ ਨਿਖੇੜਾ ਕਰਨਾ ਜ਼ਿਆਦਾ ਠੀਕ ਹੈ। ਕਿਉਂਕਿ ਪੀੜ੍ਹੀ ਦਾ ਸਬੰਧ ਇਤਿਹਾਸਕ ਵਿਕਾਸ ਦੇ ਅਗਲੇ ਗੁਣਾਤਮਕ ਦੌਰ ਜਾਂ ਗੁਣਾਤਮਕ ਤਬਦੀਲੀ ਦੇ ਕੁਝ ਪਛਾਣ ਚਿੰਨ੍ਹਾਂ ਨਾਲ ਬਣਦੈ, ਇਸ ਲਈ ਜ਼ਰੂਰੀ ਹੈ ਕਿ ਇਸ ਵੇਲੇ ਸਾਡੀ ਦੂਸਰੀ ਪੀੜ੍ਹੀ ਵਿੱਚੋਂ ਸੰਤੋਖ ਸਿੰਘ ਧੀਰ ਲਿਖ ਰਹੇ ਨੇ। ਅਗਲੇਰੀ ਪੀੜ੍ਹੀ ਦੇ ਵਿੱਚ ਜਿਹੜੇ ਕਹਾਣੀਕਾਰਾਂ ਵਿੱਚ, ਤੀਸਰੇ ਪੜਾਅ ਵਿੱਚ ਕਹਾਣੀ ਲਿਖ ਰਹੇ ਹਨ ਉਹਦੇ ਵਿੱਚ ਪ੍ਰੇਮ ਪ੍ਰਕਾਸ਼ ਕਹਾਣੀ ਲਿਖ ਰਿਹਾ ਹੈ, ਅਤਰਜੀਤ, ਕਿਰਪਾਲ ਕਜ਼ਾਕ ਲਿਖ ਰਿਹੈ, ਪ੍ਰੇਮ ਗੋਰਖੀ ਲਿਖ ਰਿਹੈ, ਗੁਰਬਚਨ ਭੁਲਰ ਵੀ ਸਰਗਰਮ ਹੈ ਅਜੇ। ਵਾਸਤਵ ਵਿੱਚ ਮੈਂ ਮਾਨਸਿਕ ਤੌਰ ਤੇ ਆਪਣੇ ਆਪ ਨੂੰ ਚੌਥੇ ਪੜਾਅ ਦੇ ਕਹਾਣੀਕਾਰਾਂ ਵਿੱਚ ਸਾਮਲ ਕਰਦਾਂ, ਔਰ ਇਹਦੇ ਤੇ ਤਾਂ ਡਾ ਗੁਰਬਚਨ ਨੇ ਬਹੁਤ ਵਧੀਆ ਲੇਖ ਵੀ ਲਿਖਿਆ ਸੀ। ਹਾਂ, ਇਹਦੇ ਤੇ ਕਿਤੇ ਕਿਤੇ ਪੰਜਾਬੀ ਦੇ ਸਥਾਪਤ ਕਹਾਣੀਕਾਰ ਤਿੱਖਾ ਕਿੰਤੂ-ਪ੍ਰੰਤੂ ਵੀ ਕਰਦੇ ਐ, ਸ਼ਾਇਦ ਉਹਨਾਂ ਨੂੰ ਜਾਪਦੈ ਕਿ ਉਹਨਾਂ ਨੂੰ ਜਾਂ ਉਹਨਾਂ ਦੀ ਕਹਾਣੀ ਨੂੰ ਪਾਸੇ ਕਰਨ ਦਾ ਇਹ ਇੱਕ ਬਹਾਨਾ ਹੈ। ਪਰ ਇੰਝ ਨਹੀਂ ਹੁੰਦਾ। ਇਹ ਚੌਥੇ ਪੜਾਅ ਦੀ ਕਹਾਣੀ ਵੀ ਆਪਣੇ ਵਿਚਾਰਧਾਰਕ ਵਖਰੇਵੇਂ ਕਰਕੇ, ਖਾਸ ਤੌਰ ਤੇ ਜਿਹੜੀ ਨਿਸ਼ਚਿੰਤਤਾ ਵਾਦੀ, ਪ੍ਰਗਤੀਵਾਦੀ ਜਾਂ ਸੂਤਰਵਾਦੀ, ਮਨੋਵਿਗਿਆਨਕ ਕਹਾਣੀ ਸੀ। ਉਹਨਾਂ ਪੜਾਵਾਂ ਤੋਂ ਇਹ ਵਿੱਥ ਸਥਾਪਤ ਕਰਦੀ ਹੈ। ਔਰ ਕਹਾਣੀ ਦੇ ਇਕਹਿਰੇ ਤੇ ਇੱਕ ਸੁਰ ਹੋਣ ਨੂੰ ਤਿਆਗਦੀ ਹੈ, ਤੋੜਦੀ ਹੈ। ਇਸ ਦੇ ਅੰਦਰ ਬਹੁਤ ਧੁਨੀਆਂ, ਇੱਕ ਸਾਰਥਕ ਸੰਵਾਦ ਸਿਰਜਦੀਆਂ ਹਨ। ਔਰ ਨਿਸ਼ਚਿਤ ਤੌਰ ਤੇ ਹੀ ਇਹ ਬਿਰਤਾਂਤ ਵੀ ਪੂਰਵਲੇ ਬਿਰਤਾਂਤ ਨਾਲੋਂ ਵੱਖਰਾ ਹੈ। ਭਾਵੇਂ ਚੌਥੀ ਪੀੜ੍ਹੀ ਦੇ ਦੱਸੇ ਜਾਂਦੇ ਸਾਰੇ ਕਹਾਣੀਕਾਰਾਂ ਦੀਆਂ ਕਹਾਣੀਆਂ ਇੰਨੀਆਂ, ਪਹਿਲੀ ਕਹਾਣੀ ਤੋਂ ਵੱਖਰੀਆਂ ਨਾ ਵੀ ਹੋਣ, ਪਰ ਇਤਿਹਾਸਕ ਵਿਕਾਸ ਵਿੱਚ ਮੁੱਲ ਉਸੇ ਕਹਾਣੀ ਦਾ ਪੈਂਦਾ ਹੈ ਜਿਹੜੀ ਕੋਈ ਗੁਣਾਤਮਕ ਪੱਧਰ ਨਿਸ਼ਚਿਤ ਕਰਦੀ ਹੈ ਤੇ ਕੁਝ ਨਵੇਂ ਕੀਰਤੀਮਾਨ ਸਥਾਪਤ ਕਰਦੀ ਹੈ। ਤੇ ਇਹਦਾ ਵਡੇਰਾ ਨਿਖੇੜਾ ਤਾਂ ਪੰਜਾਬੀ ਦੇ ਪਾਠਕਾਂ ਨੇ ਜਾਂ ਪੰਜਾਬੀ ਦੇ ਪ੍ਰਬੁੱਧ ਆਲੋਚਕਾਂ ਨੇ ਹੀ ਕਰਨਾ ਹੈ।

?ਡਾ ਸਾਹਿਬ ਕਹਾਣੀ ਦੀ ਰਚਨਾ ਪ੍ਰਕਿਰਿਆ ਦੇ ਅਮਲ ਬਾਰੇ ਦਸਦਿਆਂ ਇਹ ਜਾਣਕਾਰੀ ਪਾਠਕਾਂ ਨੂੰ ਜ਼ਰੂਰ ਦਿਉ ਕਿ ਤੁਸੀਂ ਬਤੌਰ ਕਹਾਣੀਕਾਰ ਖ਼ੁਸ਼ ਵੀ ਹੋ ਤੇ ਸੰਤੁਸ਼ਟ ਵੀ ?

– ਤੁਸੀਂ ਕਾਫ਼ੀ ਬੁਨਿਆਦੀ ਅਤੇ ਬੜਾ ਵਿਆਪਕ ਸਵਾਲ ਕੀਤੈ। ਅਸਲ ਵਿੱਚ ਸੱਚੀ ਗੱਲ ਇਹ ਹੈ ਕਿ ਮੇਰੀ ਕਹਾਣੀ ਦਾ ਜਿਹੜਾ ਸਫ਼ਰ ਹੈ, ਉਹ ਇੰਨਾ ਵੱਡਾ ਤਾਂ ਨਹੀਂ ਪਰ ਸਾਹਿਤ ਦਾ ਗੰਭੀਰ ਵਿਦਿਆਰਥੀ ਹੋਣ ਕਰਕੇ ਮੇਰੇ ਜਿਹਨ ਵਿੱਚ ਕੁਝ ਸਵਾਲ, ਕੁਝ ਸਵੈ ਚੁਣੌਤੀਆਂ, ਤੇ ਕੁਝ ਜ਼ਿੰਦਗੀ ਦੇ ਵੱਡੇ ਸਰੋਕਾਰ, ਨਿਰੰਤਰ ਗੁਥਮ ਗੁੱਥਾ ਹੁੰਦੇ ਰਹਿੰਦੇ ਹਨ। ਮੈਨੂੰ ਇਸ ਗੱਲ ਦਾ ਕਾਫ਼ੀ ਅਹਿਸਾਸ ਰਹਿੰਦੈ ਕਿ ਮੈਂ ਜੇ ਕਹਾਣੀ ਲਿਖਣੀ ਐ ਤਾਂ ਉਹ ਕਿਸੇ ਵੀ ਕਾਹਲ 'ਚ ਜਾਂ ਸਸਤੀ ਪ੍ਰਸਿੱਧੀ ਵਿੱਚ ਜਾਂ ਕਿਸੇ ਵੀ ਅਜਿਹੇ ਛੋਟੇ ਮੰਤਵ ਦੁਆਲੇ ਨਾ ਹੋਵੇ। ਸੋ ਆਦਤਨ ਮੈਂ ਉਸਦੇ ਕਾਫੀ ਪੱਖਾਂ ਤੋਂ ਬੜੀ ਲੰਮੀ ਚੌੜੀ ਇੱਕ ਅਵਚੇਤਨੀ, ਸੁਤਿਆਂ ਵੀ, ਉਹਦੇ ਤੇ ਕਾਫੀ ਸੋਚਦਾ ਰਹਿੰਨਾ ਜਾਗਦਿਆਂ ਵੀ ਸੋਚਦਾ ਰਹਿੰਨਾ। ਕਈ ਦਫ਼ਾ ਮੈਂ ਉਹਦੇ ਤੇ ਇੱਕ ਖਾਸ ਕਿਸਮ ਦੀ ਤਲਾਸ਼ ਕਰਦਾ ਰਹਿੰਨਾ। ਕੁਝ



ਚੀਜ਼ਾਂ ਦੀ, ਜਿਹੜਾ ਮੇਰਾ ਜਿਹਨ ਮੈਨੂੰ ਕਹਿੰਦੈ ਕਿ ਕਹਾਣੀ 'ਚ ਆਹ ਆਹ ਕਨਟੈਕਸਟ ਬਣਾਉਣੈ ਤਾਂ ਜੀਵਨ ਦੇ ਆਹ-ਪੱਖ ਚਾਹੀਦੇ ਨੇ, ਸੋ ਇਸ ਕਰਕੇ ਇੱਕ ਪੱਖ ਤਾਂ ਇਹ ਹੈ ਕਿ ਮੈਂ ਕਹਾਣੀ ਦੀ ਚੋਣ ਵੇਲੇ ਕਈ ਦਫ਼ਾ ਕਹਾਣੀ ਲੰਬਾ ਸਮਾਂ ਮੇਰੇ ਜ਼ਿਹਨ ਵਿੱਚ ਘੁੰਮਦੀ ਰਹਿੰਦੀ ਐ। ਮੈਂ ਉਸਨੂੰ ਲਿਖਦਾ ਹੀ ਨਹੀਂ। ਇੱਕ ਤੱਥ ਤਾਂ ਇਹ ਹੈ ਕਿ ਕੁਝ ਕਹਾਣੀਆਂ ਦੇ ਮੇਰੇ ਕੋਲ ਨੋਟਸ ਪਏ ਨੇ, ਮੈਂ ਉਹਨਾਂ ਨੂੰ ਲਿਖਣਾ ਚਾਹੁੰਨਾ ਪਰ ਮੇਰਾ ਮਾਈਂਡ/ਮਨ ਅਜੇ ਤੱਕ ਮੈਨੂੰ ਓ ਕੇ ਨਹੀਂ ਕਰਦਾ ਮਤਲਬ ਕੰਕਰੀਟ, ਜਾਨੀ ਜਿਹੜਾ ਮੇਰਾ ਸਿਰਜਣਾਤਮਕ ਮਨ ਹੈ, ਇਸ ਨੂੰ ਪਰਖਦਾ ਰਹਿੰਦੈ। ਕਈ ਦਫਾ ਤਾਂ ਹੁੰਦੈ, ਮੇਰਾ ਮਨ ਬਹੁਤ ਜਿਆਦਾ ਗਰਮ ਹੋ ਜਾਂਦੈ। ਫਿਰ ਮੇਰਾ ਮਨ ਕਹਿੰਦੈ ਓ ਕੇ ਹੁਣ ਕਹਾਣੀ ਲਿਖੀ ਜਾ ਸਕਦੀ ਹੈ। ਦੋ ਕੁ ਕਹਾਣੀਆਂ ਮੈਂ ਲਿਖੀਆਂ ਨੇ, ਪਰ ਛਪਾਈਆਂ ਨਹੀਂ, ਕਿਉਂਕਿ ਮੇਰੇ ਮਨ ਨੇ ਉਹਨਾਂ ਨੂੰ ਓ ਕੇ ਨਹੀਂ ਕੀਤਾ। ਇਸ ਕਰਕੇ ਕਹਾਣੀ ਦੇ ਵਿਸ਼ੇ ਦੀ ਚੋਣ ਨੂੰ ਲੈ ਕੇ ਜਾਂ ਕਨਟੈਕਸਟ ਦੀ ਚੋਣ ਤੋਂ ਲੈ ਕੇ ਜਾਂ ਕਿਸੇ ਪਾਤਰ ਨਾਲ ਵਾਪਰੀ ਕਿਸੇ ਆਲੋਕਾਰੀ ਘਟਨਾ ਤੋਂ ਲੈ ਕੇ ਕਹਾਣੀ ਦੇ ਸਮੁੱਚੇ ਤਾਣੇ-ਪੇਟੇ ਨੂੰ ਉਸਾਰਨ ਵਿੱਚ ਮੈਂ ਕਾਫੀ ਲੰਬਾ ਸਮਾਂ ਲਾ ਦਿੰਨਾਂ। ਮੈਨੂੰ ਇਹ ਕਹਿਣ ਵਿੱਚ ਵੀ ਕੋਈ ਗੁਰੇਜ਼ ਨਹੀਂ ਕਿ ਮੈਂ ਕਹਾਣੀ ਦੇ ਚਾਰ-ਚਾਰ, ਪੰਜ-ਪੰਜ ਵਾਰ ਖਰੜੇ ਤਿਆਰ ਕਰਦਾਂ। ਇਹ ਤੁਸੀ ਵੀ ਜਾਣਦੇ ਹੋ ਕਿ ਮੇਰੇ ਚਾਰ ਪੰਜ ਕਰੀਬੀ ਮਿੱਤਰ ਨੇ ਜਿੰਨ੍ਹਾਂ ਨੂੰ ਮੈਂ ਆਪਣੀ ਕਹਾਣੀ ਪੜ੍ਹਾਉਨਾਂ ਤੇ ਫਿਰ ਮੇਰੇ ਨਾਲ ਬੜੀ ਬਹਿਸ ਵੀ ਹੁੰਦੀ ਹੈ। ਉਹ ਮੇਰੀ ਕਹਾਣੀ ਨੂੰ ਛਾਂਗਦੇ ਤਰਾਸ਼ਦੇ ਨੇ, ਮੈਂ ਖੁਦ ਤਰਾਸ਼ਦਾਂ। ਇਸ ਕਰਕੇ ਇਹ ਹੈ ਤਾਂ ਸੁਚੇਤ ਜਾਂ ਅਚੇਤ। ਸੁਚੇਤ ਤੌਰ ਤੇ ਜਿਹੜੀ ਮੇਰੀ ਸਾਹਿਤਕ ਸਮਝਦਾਰੀ ਹੈ, ਉਹ ਇਹਦੇ ਵਿੱਚ ਦਖ਼ਲ ਵੀ ਦਿੰਦੀ ਹੈ, ਪਰ ਉਨਾ ਨਹੀਂ ਦਿੰਦੀ। ਅਚੇਤ ਤੌਰ ਤੇ ਮੈਂ ਇਹਦੇ ਨਾਲ ਜ਼ਿਆਦਾ ਉਲਝਦਾਂ। ਮੈਂ ਇੱਕ-ਇੱਕ ਵਾਕ ਤੇ ਕਈ ਦਫਾ ਇੱਕ-ਇੱਕ ਕੰਨਟੈਕਸਟ ਨੂੰ ਬੜਾ ਚਿਰ ਉਹਦੇ ਤੇ ਉਲਝਦਾਂ, ਕਈ ਦਫ਼ਾ ਕਹਾਣੀ ਲਿਖ ਕੇ ਖਾਰਜ ਕਰ ਦਿੰਨਾਂ। ਇੱਕ ਗੱਲ ਮੇਰੇ ਮਨ 'ਚ ਬਹੁਤ ਹੀ, ਜਿਹੜੀ ਘੰਟੀ ਖੜਕਾਂਦੀ ਹੈ, ਮੈਂ ਲਗਾਤਾਰ, ਕਿ ਸਾਰੀ ਕਹਾਣੀ ਜਿੰਨਾ ਚਿਰ ਕਿਸੇ ਇੱਕ ਵੱਡੀ ਸੁਰ ਵਿੱਚ ਜਾ ਕੇ ਗੂੰਜ ਨਹੀਂ ਪੈਦਾ ਕਰਦੀ, ਜਿੰਨਾ ਚਿਰ ਤੀਕ ਉਹਦੇ ਸਾਰੇ ਦੇ ਸਾਰੇ ਕੰਨਟੈਕਸਟ ਉਹਦੇ ਵਿੱਚ ਦਿੱਤੇ ਗਏ ਨਿੱਕੇ ਤੋਂ ਨਿੱਕੇ ਭਾਵ ਜਾਂ ਅਰਥ ਉਹ ਕਿਸੇ ਵੱਡੇ ਕੈਨਵਸ, ਪ੍ਰਸੰਗ ਵਿੱਚ ਕੋਈ ਵੱਡੀ ਧੁੰਨੀ ਨਾਲ ਨਹੀਂ ਜੁੜਦੀ, ਮੈਂ ਉਸ ਕਹਾਣੀ ਨੂੰ ਨਿਬੇੜਦਾ ਨਹੀਂ ਤੇ ਇਹ ਸ਼ਾਇਦ, ਇਹ ਮੇਰੇ ਜੀਵਨ ਦ੍ਰਿਸ਼ਟੀਕੋਣ ਦਾ ਪਹਿਲੂ ਹੈ ਜਾਂ ਕਹਾਣੀ ਵਿੱਚ ਖਾਸ ਕਿਸਮ ਦੇ ਮਿਆਰ ਨੂੰ ਰੱਖਣ ਦੀ ਮੇਰੀ ਤਾਂਘ ਹੈ, ਜਾਂ ਕਹਿ ਲਓ ਕਿ ਇੱਕ ਸਾਹਿਤ ਦੇ ਵਿਦਿਅਰਥੀ ਜਾਂ ਅਧਿਆਪਕ ਵੱਜੋਂ ਮੇਰੀਆਂ ਸਮਰਥਾਵਾਂ ਨੇ, ਪਰ ਮੇਰੇ ਲਈ ਇੱਕ ਅਜਮਾਇਸ਼ੀ ਟਿੱਲਾ ਹੀ ਰਹਿੰਦੈ ਕਹਾਣੀ। ਇੱਥੋਂ ਤੱਕ ਕਿ ਕਹਾਣੀ ਫਾਈਨਲ ਕਰ ਲੈਣ ਤੋਂ ਬਾਅਦ ਵੀ ਮੈਂ ਪਿੱਛੇ ਕਹਾਣੀ ਲਿਖੀ ਇੱਕ 'ਦਮੂੰਹੀ'। ਤੇ ਉਹ ਅਸੀਂ ਪੜ੍ਹੀ ਡਲਹੌਜੀ। ਡਾ ਰਜਨੀਸ਼ ਹੁਰਾਂ ਨੇ ਕਹਾਣੀ ਵਰਕਸ਼ਾਪ ਲਾਈ ਉਹਦੇ ਤੇ। ਉਹਦੇ 'ਚ ਉਹ ਹੇ ਬਹੁਤ ਵਧੀਆ ਬਹਿਸ ਹੋਈ। ਉਸ ਤੋਂ ਪਹਿਲਾਂ ਵੀ ਉਹ ਕਹਾਣੀ ਮੇਰੇ ਦੋ ਤਿੰਨ ਦੋਸਤਾਂ ਨੇ ਪੜ੍ਹ ਕੇ ਮੈਨੂੰ ਫਾਈਨਲ ਕਰਨ ਨੂੰ ਕਹਿ ਦਿੱਤਾ। ਪਰ ਉਸਤੇ ਮੈਂ ਫਿਰ ਵੀ ਕਹਾਣੀ ਵਿੱਚ ਕੁਝ ਛੋਹਾਂ ਲਾਈਆਂ ਨਵੀਆਂ। ਜਿਹੜੀਆਂ ਮੈਨੂੰ ਅੱਛੀਆਂ ਲੱਗੀਆਂ। ਕਹਿਣ ਦਾ ਮਤਲਬ ਐ ਕਹਾਣੀ ਦੀ ਜਿਹੜੀ ਇਸ ਕਿਸਮ ਦੀ ਇਹ ਬਹੁਤਾ ਸੁਚੇਤ ਨਹੀਂ ਹੁੰਦਾ ਤੇ ਇਹ ਇੱਕ ਖਾਸ ਕਿਸਮ ਦਾ ਇੱਕ ਡਾਇਆਲਗ ਹੁੰਦੈ ਜਿਹੜਾ ਬਹੁਤੀ ਵਾਰੀ ਮੈਂ ਸਵੈ-ਡਾਇਆਲਾਗ, ਆਪਣੇ ਆਪ ਨਾਲ ਸੰਵਾਦ ਕਰਦਾਂ, ਕਈ ਦਫਾ ਮਿੱਤਰਾਂ ਨਾਲ ਵੀ ਸੰਵਾਦ ਕਰਦਾਂ। ਔਰ ਮੈਂ ਸਮਝਦਾਂ ਕਿ ਮੇਰੀ ਕਹਾਣੀ ਲਿਖਣ ਦਾ ਤਾਂ ਇਹੀ ਅਮਲ ਐ, ਤੇ ਇਹ ਕਿੰਨਾ ਕੁ ਠੀਕ ਐ ਤੇ ਕਿੰਨਾ ਕੁ ਠੀਕ ਨਹੀਂ, ਇਸ ਸਬੰਧੀ ਵਾਰੇ ਤਾਂ ਮੈਨੂੰ ਜਿਹੋ ਜਿਹਾ ਪਾਠਕ ਵਿੱਚੋਂ ਹੁੰਗਾਰਾ ਮਿਲਿਐ, ਮੈਂ ਤਾਂ ਇਹਦੇ ਤੋਂ ਜ਼ਿਆਦਾ ਹੀ ਖ਼ੁਸ਼ ਹਾਂ।

?ਮੇਰਾ ਅਗਲਾ ਸਵਾਲ ਹੈ, ਤੁਹਾਡੀਆਂ ਕਹਾਣੀਆਂ ਪੜ੍ਹ ਕੇ ਜਾਪਦਾ ਹੈ ਕਿ ਕਹਾਣੀ ਦਾ ਅੰਤ ਕਿਵੇਂ ਹੋਵੇ ਜਾਂ ਉਹਦੇ ਪਾਤਰਾਂ ਦੀ ਚੋਣ ਬਾਰੇ ਜਾਂ ਬਿਰਤਾਂਤ ਸਿਰਜਣ ਪ੍ਰਕਿਰਿਆ ਬਾਰੇ ਤੁਸੀਂ ਬਹੁਤ ਹੀ ਜ਼ਿਆਦਾ ਸੋਚਦੇ ਹੋ ਜਾਂ ਨਿੱਠ ਕੇ ਸੋਚਦੇ ਹੋ, ਕਿਉਂਕਿ ਸੰਤੁਸ਼ਟੀ ਕਈ ਦਫਾ ਜਲਦੀ

ਜਲਦੀ ਨਹੀਂ ਹੁੰਦੀ। ਕੀ ਕਦੇ ਅਜਿਹਾ ਵੀ ਹੋਇਆ ਕਿ ਜਿਹੜੀਆਂ ਤੁਹਾਡੀਆਂ ਕਹਾਣੀਆਂ ਕਾਫੀ ਪਾਪੂਲਰ ਰਹੀਆਂ ਨੇ, ਖੂਹ ਖਾਤੇ ਐ, ਜੈਲਦਾਰ ਦਾ ਪੋਤਾ ਹੈ ਜਾਂ ਦਮੂੰਹੀ ਹੈ, ਘਰ ਦਾ ਜੀਅ ਹੈ, ਜਾਂ ਹੋਰ ਕਹਾਣੀਆਂ ਨੇ, ਉਹਨਾਂ ਕਹਾਣੀਆਂ ਨੂੰ ਤੁਸੀਂ ਕਿਸੇ ਵੱਖਰੇ ਦ੍ਰਿਸ਼ਟੀਕੋਣ ਤੋਂ ਮਾਨਸਿਕ ਪ੍ਰਕਿਰਿਆ ਵਿੱਚ ਦੁਬਾਰੇ ਰਚਣ ਦਾ ਜਾਂ ਦੋਬਾਰਾ ਸੋਧਣ ਦਾ ਜਾਂ ਕਿਸੇ ਹੋਰ ਢੰਗ ਨਾਲ ਪੇਸ਼ ਕਰਨ ਦਾ ਮਨ 'ਚ ਵਿਚਾਰ ਆਇਆ ਹੋਵੇ ?

– ਡਾ ਗੁਰਮੀਤ, ਇਸ ਤਰ੍ਹਾਂ ਹੈਗਾ ਕਿ ਮੈਂ ਕਹਾਣੀ ਲਿਖਦਾ ਹੀ ਬਹੁਤ ਦੇਰ ਬਾਅਦ ਹਾਂ। ਜਿਦਾਂ ਮੇਰੇ ਮਨ 'ਚ ਬਹੁਤ ਸਾਰੇ ਸਵਾਲਾਂ ਦਾ ਪ੍ਰਤੀ ਸਵਾਲਾਂ ਦਾ, ਤਰਕਾਂ ਦਾ, ਸਥਿਤੀਆਂ ਦਾ, ਪਾਤਰਾਂ ਦਾ, ਘਟਨਾਵਾਂ ਦਾ, ਇੱਕ ਰੌਂਅ ਵੀ ਮੇਰੇ ਮਨ 'ਚ ਘੁੰਮਦੇ ਰਹਿੰਦੇ ਐ। ਕਿ ਕਿਹੜਾ ਪਾਤਰ ਕਿੱਥੇ ਕੀ ਬੋਲਦੈ, ਤੇ ਕਿਹੜਾ ਪਾਤਰ ਨਹੀਂ ਬੋਲਦਾ। ਇਹ ਸੁਚੇਤ ਨਾਲੋਂ ਵੱਧ, ਇੱਕ ਅਚੇਤ ਅਮਲ, ਜਿਹੜਾ ਮੇਰੇ ਮਨ ਵਿੱਚ ਘੁੰਮਦਾ ਰਹਿੰਦੈ। ਮੈਂ ਰੋਟੀ ਵੀ ਖਾ ਰਿਹਾ ਹੋਵਾਂ ਕਈ ਵਾਰ ਮੈਂ ਸੌਂ ਵੀ ਰਿਹਾ ਹੋਵਾਂ, ਅਵਚੇਤਨ ਅਵਸਥਾ ਵਿੱਚ ਵੀ ਉਹ ਚੀਜ਼ਾਂ ਮੇਰੇ ਮਨ ਵਿੱਚ ਗੂੰਜਦੀਆਂ ਰਹਿੰਦੀਆਂ ਨੇ, ਜਿੱਥੋਂ ਤੱਕ ਕਹਾਣੀ ਨੂੰ ਮੇਰੇ ਲਿਖਣ ਤੱਕ, ਪਹੁੰਚਣ ਤੋਂ ਜ਼ਿਆਦਾ ਇਹ ਸਾਰੀਆਂ ਚੀਜ਼ਾਂ ਵਾਪਰ ਜਾਂਦੀਆਂ ਨੇ। ਪਰ ਕਈ ਦਫ਼ਾ ਇਹ ਵੀ ਹੁੰਦੈ ਕਿ ਮੈਂ ਕਹਾਣੀ ਲਿਖਣੀ ਸ਼ੁਰੂ ਕਰਤੀ। ਕਹਾਣੀ ਦਾ ਅੰਤ ਮੇਰੇ ਜ਼ਿਹਨ ਨੇ ਸੋਚਿਆ ਹੋਇਆ ਸੀ। ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕਰਦਾਂ, ਜ਼ਰੂਰੀ ਨਹੀਂ ਜੋ ਮੈਂ ਪਹਿਲਾਂ ਸੋਚਿਆ, ਉਹੀ ਪੇਸ਼ ਕਰਾਂ, ਮੈਂ ਇਸ ਬਾਰੇ ਪੂਰਨ ਨਿਸ਼ਚਿਤ ਹੋ ਕੇ ਨਹੀਂ ਚੱਲਦਾ ਕਿਉਂਕਿ ਕਹਾਣੀ ਦੇ ਅੰਦਰ ਇੱਕ ਵੇਗ, ਪਾਤਰਾਂ ਦਾ ਆਪਸੀ ਗਹਿ-ਗੱਚ ਵਿਰੋਧਾਂ ਦੇ ਵਿੱਚੋਂ ਇੱਕ ਰੌਅ ਪਿਆ ਹੁੰਦੈ। ਮੈਨੂੰ ਇੰਝ ਵੀ ਲੱਗਾ ਜਦੋਂ ਕਈ ਦਫ਼ਾ ਕਿ ਉਹ ਰੌਅ ਜਿਆਦਾ ਮਹੱਤਵਪੂਰਨ ਹੈ ਜਿਹੜਾ ਮੈਂ ਨਿਸ਼ਚਤ ਕਰਕੇ ਬੈਠਾਂ, ਮੈਂ ਛੱਡ ਦਿੰਨਾਂ। ਸੋ ਮੈਂ ਕਦੇ ਵੀ ਕਹਾਣੀ ਵਿੱਚ ਐਸ ਤਰਾਂ ਨਹੀਂ ਕਰਦਾ ਕਿ ਮੈਂ ਪਹਿਲਾਂ ਜੋ ਨਿਸ਼ਚਿਤ ਕਰ ਲਿਆ ਮੈਂ ਕਹਾਣੀ ਨੂੰ ਉਸੇ ਤਰ੍ਹਾਂ ਲਿਖਾਂ ਤੇ ਇਸ ਕਰਕੇ ਕਹਾਣੀ ਆਪਣਾ ਵੇਗ ਆਪ ਲੈਂਦੀ ਐ। ਪਰ ਉਹਦੇ ਬਾਰੇ ਮੇਰੇ ਜ਼ਿਹਨ ਵਿੱਚ ਉਹਨਾਂ ਸਥਿਤੀਆਂ ਬਾਰੇ, ਉਹਨਾਂ ਪਾਤਰਾਂ ਬਾਰੇ, ਬਹੁਤੀ ਵਾਰ ਇਸ ਤਰ੍ਹਾਂ ਹੁੰਦੈ ਕਿ ਕੁਝ ਚੀਜ਼ਾਂ ਮੈਂ ਪਹਿਲਾਂ ਬਿਲਕੁਲ ਨਹੀਂ ਸੋਚੀਆਂ ਹੁੰਦੀਆਂ ਤਾਂ ਉਹ ਮੇਰੇ ਮਨ ਵਿੱਚ ਕਿਸੇ ਹੋਰ ਰੂਪ 'ਚ ਇਸ ਤਰ੍ਹਾਂ ਆਉਂਦੀਆਂ ਨੇ। ਮੇਰੀ ਕਹਾਣੀ, ਕਿਉਂਕਿ ਬੜੀ ਲੰਬੀ ਹੁੰਦੀ ਐ, ਇਸ ਕਰਕੇ ਇੱਕ ਸਿਟਿੰਗ ਵਿੱਚ ਤਾਂ ਨਹੀਂ ਲਿਖ ਸਕਦਾ ਪਰ ਮੇਰੇ ਮਨ 'ਚ ਇਹ ਹਮੇਸ਼ਾਂ ਰੀਝ ਰਹਿੰਦੀ ਐ ਔਰ ਮੈਂ ਕਰਦਾਂ ਕਿ ਮੈਂ ਜਦੋ— ਕਹਾਣੀ ਲਿਖਣੀ ਸ਼ੁਰੂ ਕਰਾਂ ਮੈਂ ਕਹਾਣੀ ਖਤਮ ਕਰਕੇ ਹੀ ਘਰੋਂ ਬਾਹਰ ਨਿਕਲਾਂ। ਜੇ ਕਿਤੇ ਮੈਨੂੰ ਕਿਸੇ ਕੰਮ ਲਈ ਬਾਹਰ ਜਾਣਾ ਪਵੇ ਤਾਂ ਮੈਂ ਬਹੁਤ ਤੜਪਦਾਂ। ਉਸ ਵੇਲੇ ਮੇਰੇ ਮਨ ਦੀ ਸਥਿਤੀ ਇਹ ਹੁੰਦੀ ਐ ਕਿ ਮੇਰੀ ਕਾਂਟੀਨਿਊਟੀ ਟੁੱਟੇ ਨਾ। ਜਦੋਂ ਮੈਨੂੰ ਮੇਰਾ ਕੋਈ ਨੇੜਲਾ ਮਿੱਤਰ ਸਲਾਹ ਦਿੰਦੈ ਕਿ ਇਹ ਕਹਾਣੀ ਜਦੋਂ ਤੁਸੀਂ ਲਿਖਦੇ ਹੋ, ਇਹਦਾ ਆਹ ਅਰਥ ਨਿਕਲ ਜਾਂਦੈ, ਫਿਰ ਮੈਂ ਕਈ ਦਫਾ ਉਹਦੇ ਬਾਰੇ ਸੋਚਦਾ ਵੀ ਹਾਂ। ਪਰ ਬਹੁਤੀ ਵੱਡੀ ਲੋੜ ਨਹੀਂ ਪੈਂਦੀ, ਬੜੀ ਘੱਟ ਲੋੜ ਪੈਂਦੀ ਐ। ਹਾਲਾਂਕਿ ਕਈ ਦਫ਼ਾ ਉਹਦੇ ਵਿੱਚ ਥੋੜ੍ਹੀ ਬਹੁਤ ਜੇ ਕਿਤੇ ਕੋਈ ਗੈਪ ਰਹਿ ਜਾਂਦਾ ਹੋਵੇ ਜਾਂ ਕਿਤੇ ਤੁਹਾਨੂੰ ਲੱਗੇ ਕਿ ਇਹਦਾ ਅਰਥ ਮੇਰੇ ਜ਼ਿਹਨ ਵਿੱਚ ਤਾਂ ਇਹ ਅਰਥ ਨਿਕਲਦੈ, ਪਰ ਇਸ ਦਾ ਇਹ ਅਰਥ ਨਹੀਂ ਸੀ, ਇਸ ਤਰ੍ਹਾਂ ਮੈਂ ਛੋਟੀਆਂ-ਛੋਟੀਆਂ ਛੋਹਾਂ ਜਾਂ ਚੀਜ਼ਾਂ ਬਦਲਦਾਂ, ਪਰ ਅਮੂਮਨ ਮੇਰਾ ਮਨ ਇਹ ਹੁੰਦੈ ਕਿ ਮੈਂ ਕਹਾਣੀ ਨੂੰ ਬਹੁਤੀ ਵਾਰੀ, ਮੈਂ ਸਾਰੀ ਰਾਤ ਪਾ ਕੇ ਲਿਖ ਲੈਨਾਂ, ਪਰ ਜ਼ਰੂਰੀ ਨਹੀਂ ਹੁੰਦਾ ਸੋ ਇਸ ਕਰਕੇ ਕਹਿਣ ਦਾ ਮਤਲਬ ਇਹ ਹੈ ਕਿ ਇੱਕ ਕਿਸਮ ਦਾ ਕਹਾਣੀ ਲਿਖਣ ਦਾ ਜਿਹੜਾ ਇਹ ਅਮਲ ਐ। ਇਹ ਲਿਖਣਾ ਤਾਂ ਭਾਵੇਂ ਸੁਚੇਤ ਐ ਪਰ ਇਹ ਤੁਹਾਡਾ ਅਚੇਤ ਜਾਂ ਅਰਧਚੇਤਨ ਹੈ। ਲਿਖਣ ਵੇਲੇ ਬਹੁਤ ਕੁਝ ਤੁਹਾਡੇ ਅਵਚੇਤਨ ਵਿੱਚੋਂ ਆ ਰਿਹਾ ਹੁੰਦਾ ਜਿਹੜਾ ਕਦੇ ਵੀ ਉਸ ਕਹਾਣੀ ਨੂੰ ਸੋਚਦਿਆਂ, ਉਦੇ ਨਾਲ ਜੋੜਿਆ ਨਹੀਂ ਹੁੰਦਾ ਇੱਕ ਖਾਸ ਕਿਸਮ ਦੀ ਕਹਾਣੀ ਦੀ ਬਿਰਤਾਂਤ ਦੀ ਸਿਕਰਿਪਟ ਜਿਹੜੀ ਬਣ ਜਾਂਦੀ ਹੈ।



? ਆਧੁਨਿਕ ਦੌਰ ਵਿੱਚ ਕਹਾਣੀਕਾਰ ਕਹਾਣੀ ਨੂੰ ਲਿਖਦੇ ਨਹੀਂ ਹਨ, ਮੈਂ ਸਮਝਦਾਂ ਕਿ ਕਹਾਣੀ ਇੱਕ ਸ਼ਿਲਪ ਵਾਂਗ ਜਿਵੇਂ ਕੋਈ ਆਰਟਿਸਟ ਹੈ ਆਪਣੀ ਕੋਈ ਪੇ—ਟਿੰਗ ਬਣਾਉਂਦੈ, ਉਹਦੇ ਰੰਗਾਂ ਬਾਰੇ ਜਾਂ ਉਹਦੀ ਡਾਇਮੈਂਨਸ਼ਨਜ਼ ਬਾਰੇ ਉਹਦੇ ਫਿਊਚਰ ਬਾਰੇ, ਉਹਦੀਆਂ ਸਮੱਸਿਆਵਾਂ ਬਾਰੇ ਉਹ ਵਿਚਾਰ ਕਰਦੈ। ਉਵੇਂ ਕਹਾਣੀ ਨੂੰ ਅੱਜ ਦਾ ਕਹਾਣੀਕਾਰ ਜਿਹੜਾ ਕਿ ਬਹੁਤ ਹੀ ਵੱਖ-ਵੱਖ ਢੰਗਾਂ ਤੋਂ, ਵੱਖ-ਵੱਖ ਕੋਨਾਂ ਤੋਂ, ਜਾਂ ਵਿਭਿੰਨ ਕਥਾ ਜੁਗਤਾਂ ਦੇ ਰਾਹੀਂ ਕਥਾ ਸਿਰਜਣਾ ਕਰਦਾ ਹੈ। ਕੀ ਉਹ ਸੁਚੇਤ ਨਹੀਂ ਹੁੰਦਾ ? ਮਤਲਬ ਕੀ ਉਹ ਸੁਚੇਤ ਤੁਹਾਡੇ ਅਚੇਤ ਤੇ ਭਾਰੂਜ਼ਨਹੀਂ ਰਹਿੰਦਾ ਹੈ ਜਾਂ ਤੁਸੀਂ ਸਭ ਕੁਝ ਜਾਣ ਕੇ ਅਚੇਤ ਵੱਲ ਆਉਂਦੇ ਹੋ-

– ਨਾ ਇਸ ਤਰ੍ਹਾਂ ਨਹੀਂ ਹੁੰਦਾ, ਇਹ ਹਰ ਕਰੀਏਟਿਵ ਵਿਅਕਤੀ ਦੀ ਇੱਕ ਆਪਦੀ ਸਿਰਜਣਾਤਮਕ ਮਨੋ ਸਥਿਤੀ ਹੁੰਦੀ ਹੈ। ਇਹਦੇ ਬਾਰੇ ਕੋਈ ਯੂਨੀਵਰਸਲ ਨਿਯਮ ਲਾਗੂ ਨਹੀਂ ਹੁੰਦਾ। ਸਿਰਫ ਇਹ ਹੁੰਦੈ ਕਿ ਕਿਨ੍ਹਾਂ ਪਲਾਂ ਵਿੱਚ ਜਾਂ ਕਿਨ੍ਹਾਂ ਸਥਿਤੀਆਂ ਵਿੱਚ ਜਾਂ ਕਿਸ ਕਿਸਮ ਦੇ ਮੌਕਿਆਂ ਤੇ ਤੁਹਾਡਾ ਮਨ ਆਪਣੇ ਸਿਰਜਣਾਤਮਕ ਵੇਗ ਵਿੱਚ ਤੁਰਦੈ। ਜਿਹੜੀਆਂ ਕਹਾਣੀਆਂ ਸਿਰਜਣ ਦੀਆਂ ਜੁਗਤਾਂ ਨੂੰ, ਸ਼ੈਲੀਆਂ ਨੂੰ ਜਾਂ ਕਹਾਣੀ ਦੇ ਹੋਰ ਕਲਾਤਮਕ ਪਾਸਾਰ ਨੂੰ ਉਹਨਾਂ ਦੀ ਅਸਲ ਮੁਹਾਰਤ ਤੁਹਾਡੀ ਸਿਰਜਣਾਤਮਕਤਾ ਦੇ ਅੰਦਰ ਕਿਤੇ ਪਈ ਹੁੰਦੀ ਐ। ਜੇ ਤੁਸੀਂ ਮਕਾਨਕੀ ਢੰਗ ਨਾਲ ਘਾੜਤ ਘੜਦੇ ਹੋ ਤਾਂ ਉਹ ਕਹਾਣੀ ਤੁਰਦੀ ਨਹੀਂ ਜੇ ਤੁਸੀਂ ਸੁਚੇਤ ਪੱਧਰ ਤੇ ਕਿਸੇ ਹੋਰ ਕਹਾਣੀਕਾਰ ਦੀਆਂ ਕਥਾ ਜੁਗਤਾਂ ਨੂੰ ਅਪਣਾਉਣਾ ਚਾਹੁੰਦੇ ਹੋ ਜ਼ਰੂਰੀ ਨਹੀਂ ਹੈ ਕਿ ਤੁਹਾਡੇ ਬਿਰਤਾਂਤ ਦੇ ਮੂਲ ਜਿਹੜੇ ਅੰਦਰਲੇ ਵਰਤਾਰੇ ਨੂੰ, ਜਾਂ ਜਿਹੜੀਆਂ ਉਹਦੀਆਂ ਮੂਲ ਸਥਿਤੀਆਂ ਨੇ, ਉਹਨਾਂ ਨਾਲ ਉਹ ਮੇਲ ਖਾਂਦੀ ਹੋਵੇ। ਮੈਂ ਇੱਥੇ ਖਾਸ ਤੌਰ ਤੇ ਤੁਹਾਡੀ ਇਹ ਗੱਲ ਬੜੀ ਮਹੱਤਵਪੂਰਨ ਲੱਗੀ ਕਿ ਪੰਜਾਬੀ ਵਿੱਚ ਹਰ ਲੇਖਕ ਪ੍ਰਥਮ ਪੁਰਖ ਕਹਾਣੀ ਲਿਖਦਾ ਹੈ। ਵਾਸਤਵ ਵਿੱਚ ਅੱਜ ਦੇ ਲੇਖਕ ਨੂੰ ਆਪਣੀ ਵਡੇਰੀ ਸਿਰਜਣਾਤਮਕ ਸਮਰਥਾ 'ਚ ਉਨਾ ਵਿਸ਼ਵਾਸ ਨਹੀਂ ਜਿੰਨਾ ਉਹ ਜ਼ੋਰ ਨਾਲ ਇਸ ਨੂੰ ਲੋਕਾਂ ਨੂੰ ਦੱਸਣਾ ਚਾਅ ਰਿਹਾ ਹੈ। ਦੂਸਰਾ ਉਸਨੂੰ ਇੰਝ ਨਹੀਂ ਪਤਾ ਲੱਗਦਾ ਕਿ ਜੇ ਉਹ ਆਪ ਸਥਿਤੀਆਂ ਜਾਂ ਪਾਤਰਾਂ ਨੂੰ ਖੁਦ ਮੌਲਣ ਦੇਵੇ ਤਾਂ ਉਹ ਜ਼ਿਆਦਾ ਹੁੰਦਤ਼ਹੇਲ ਹੋਣਗੀਆਂ, ਜ਼ਿਆਦਾ ਮਨ ਕੇਂਦਰਤ ਹੋਣਗੀਆਂ। ਜਿਹੜੀ ਹਰ ਚੀਜ਼ ਨੂੰ ਕੰਟਰੋਲ 'ਚ ਰੱਖ ਕੇ ਬਿਰਤਾਂਤਣ ਦੀ ਲਾਲਸਾ ਹੈ। ਇਸ ਕਰਕੇ ਉਹ ਕਈ ਦਫਾ ਪਾਤਰਾਂ, ਸਥਿਤੀਆਂ, ਘਟਨਾਵਾਂ ਦੇ ਅੰਦਰਲੇ ਵੇਗ ਵਿੱਚ ਪ੍ਰਥਮ ਪੁਰਖ ਦੀ ਲੋੜ ਨਾ ਹੁੰਦੇ ਹੋਏ ਵੀ, ਉਹਨੂੰ ਪ੍ਰਥਮ ਪੁਰਖ ਬਣਾ ਦਿੰਦਾ ਹੈ। ਜਿਹੜੀ ਦੂਸਰੀ ਸ਼ਾਇਦ ਮੈਨੂੰ ਇਹ ਵੀ ਲਗਦੈ ਕਿ ਵਧੇਰੇ ਲੇਖਕਾਂ ਦੀ ਇਕਹਿਰੀ ਜਿਹੀ ਸੋਚ ਐ, ਇਕਹਿਰੇ ਜਿਹੇ ਕਨਸਰਨਜ਼ ਨੇ, ਤੇ ਸੂਤਰਾਂ ਜਿਆਂ ਵਾਲੀ ਕਹਾਣੀ ਐ, ਉਹਨਾਂ ਨੂੰ ਸ਼ਾਇਦ ਪ੍ਰਥਮ ਪੁਰਖ ਵੱਧ ਜਚਦੀ ਐ। ਭਾਅ ਜਾਂਦੀ ਐ। ਸੋ ਕੁਝ ਵੀ ਕਰਨ ਹੋਣ ਵਾਲੀ ਗੱਲ, ਆਪਣੇ ਮੂਲ ਪ੍ਰਭਾਵਸ਼ਾਲੀ ਢੰਗ ਨਾਲ ਕਹਾਣੀ ਸਿਰਜਣ ਪ੍ਰਕਿਰਿਆ ਜਾਂ ਵਿਧੀ ਦੀ ਹੈ, ਫੈਸ਼ਨ ਦੀ ਨਹੀਂ।

? ਤੁਹਾਡੀਆਂ ਬਹੁਤੀਆਂ ਕਹਾਣੀਆਂ ਵਿੱਚ ਜੀਵਨ ਅਨੁਭਵ ਤੇ ਦ੍ਰਿਸ਼ਟੀ ਦੋ ਅਲੱਗ ਅਲੱਗ ਪਹਿਲੂਆਂ ਦੇ ਰੂਪ ਵਿੱਚ ਕਹਾਣੀ 'ਚ ਗੁੱਥਾ ਹੋਏ ਪੇਸ਼ ਹੋਏ ਹਨ ਤੇ ਇਹਨਾਂ ਦਾ ਆਪਸ ਵਿੱਚ ਪਰਿਵੇਸ਼ ਦੇ ਪੱਖੋਂ ਕੋਈ ਸਿੱਧਾ ਸਬੰਧ ਵੀ ਨਜ਼ਰ ਨਹੀਂ ਆਉਂਦਾ- ਉਦਾਹਰਣ ਵੱਜੋਂ 'ਜੈਲਦਾਰ ਦਾ ਪੋਤਾ' ਵਿੱਚ ਪਰਿਵੇਸ਼ ਤਾਂ ਪੰਜਾਬ ਤੋਂ ਪੱਛਮੀ ਮੁਲਕਾਂ ਵਿੱਚ ਪਰਵਾਸ ਦੇ ਕਾਰਨ ਦਾ ਹੈ ਜਦੋਂ ਕਿ ਦ੍ਰਿਸ਼ਟੀ ਪੱਖੋਂ ਸਮੱਸਿਆ ਮਨੁੱਖ ਦੇ ਸਭਿਆਚਾਰਕ ਅਵਚੇਤਨ ਨਾਲ ਜੁੜੀ ਹੋਈ ਜਾਤੀ ਹਊਂ ਹੈ। ਇਸ ਦਾ ਕੀ ਕਾਰਨ ਹੈ ?

– ਗੁਰਮੀਤ, ਮੈਂ ਇਹਦੇ 'ਚੋਂ ਦੋ ਕੁ ਗੱਲਾਂ ਹੀ ਕਰਨੀਆਂ ਚਾਹਾਂਗਾ ਕਿ ਇੱਕ ਗੱਲ ਤਾਂ ਇਹ ਹੈ ਕਿ ਜਿਸ ਤਰ੍ਹਾਂ ਦੀ ਮੇਰਾ ਜੀਵਨ ਦੀ ਅਨੁਭਵ ਜਾਂ ਸਰਗਰਮੀ ਰਹੀ, ਜਿਸ ਤਰ੍ਹਾਂ ਦੇ ਮਾਹੌਲ ਵਿੱਚ ਮੇਰਾ ਮਾਨਸਿਕ ਵਿਕਾਸ ਹੋਇਆ, ਨਿਸ਼ਚਿਤ ਤੌਰ ਤੇ ਜੀਵਨ ਦੀਆਂ ਸਿਰਜਣਾਤਮਕ ਸ਼ਕਤੀਆਂ, ਜੀਵਨ ਦੀਆਂ ਅਗਾਂਹਵਧੂ ਅੰਤਰਦ੍ਰਿਸ਼ਟੀਆਂ ਨਾਲ ਮੇਰਾ ਮੋਹ ਜਾਂ ਮੇਰਾ ਲਗਾਓ

ਬਣਦਾ ਹੈ ਔਰ ਲੁੱਟ ਵਾਲੇ ਸਮਾਜ ਵਿੱਚ ਹਰ ਸਥਿਤੀ ਦੇ ਅੰਦਰ-ਬਾਹਰ ਝਾਕਣ ਦੀ ਮੇਰੀ ਰੁਚੀ ਐ। ਉਹ ਭਾਵੇਂ ਕੋਈ ਵਰਤਾਰਾ ਹੋਵੇ। ਮੈਂ ਉਹਨੂੰ ਇੱਕ ਆਪਦੀ ਹੀ ਆਲੋਚਨਾਤਮਕ ਤੇ ਸਿਰਜਣਾਤਮਕ ਅੰਤਰ ਦ੍ਰਿਸ਼ਟੀ ਤੋਂ ਉਹਦੇ ਵੱਲ ਦੇਖਦਾਂ। ਅਨੁਭਵ ਦਾ ਸਬੰਧ ਵਿਅਕਤੀ ਦੇ ਨਿਜੀ ਜੀਵਨ ਤੇ ਬਹੁਤ ਹੀ ਨੇੜਿਉਂ, ਗਹਿ-ਗੱਚ ਲੰਘ ਗਏ ਵਰਤਾਰਿਆਂ ਨਾਲ ਹੁੰਦੈ ਮੈਂ ਇਹ ਤਾਂ ਨਹੀਂ ਕਹਿੰਦਾ ਕਿ ਕਹਾਣੀ ਹੱਡ ਬੀਤੀ ਹੁੰਦੀ ਐ, ਨਾ ਹੀ ਇਹ ਕਹਿਨਾ ਕਿ ਜੱਗ-ਬੀਤੀ ਹੁੰਦੀ ਐ। ਇਹ ਵੰਡ ਤਾਂ ਸੰਪੇਖਕ ਹੋ ਸਕਦੀ ਐ। ਮੈਂ ਕਹਿੰਨਾ ਕਿ ਕਹਾਣੀ ਦੀ ਜਿੰਦ ਜਾਨ ਉੱਥੇ ਧੜਕਦੀ ਐ ਜਿੱਥੇ ਤੁਹਾਡੇ ਨੇੜਲੇ ਅਨੁਭਵ, ਅਹਿਸਾਸਾਂ ਦੇ ਨਾਲ ਖਹਿ ਕੇ ਲੰਘਦੀ ਐ। ਮੈਂ ਉਹ ਕਹਾਣੀਆਂ ਨਹੀਂ ਲਿਖ ਸਕਿਆ ਜਿਹੜੀਆਂ ਕਹਾਣੀਆਂ ਦੇ ਨੇੜਿਓ— ਦੀ ਆਸੇ ਪਾਸਿਓਂ ਦੀ, ਮੈਂ ਜਾਂ ਮੇਰੇ ਨਾਲ ਦੇ ਦੋਸਤ ਜਾਂ ਰਿਸ਼ਤੇਦਾਰ ਜਾਂ ਜਿਨ੍ਹਾਂ ਨਾਲ ਮੈਂ ਬਹੁਤ ਨੇੜਿਓ ਭਾਵਨਾਤਮਕ ਤੌਰ ਤੇ, ਸਮਾਜਕ ਤੌਰ ਤੇ, ਅਟੈਚਡ ਰਿਹਾਂ। ਨਿਸ਼ਚਿਤ ਤੌਰ ਤੇ ਤੁਹਾਡੀ ਗੱਲ ਰੌਚਕ ਵੀ ਐ ਕਿ ਮੈਂ ਦੁਆਬੇ ਖੇਤਰ ਨਾਲ ਸਬੰਧਤ ਆਂ, ਤੇ ਪਰਵਾਸ ਨੇ ਜਿੰਨੀ ਉਥਲ ਪੁਥਲ ਦੁਆਬੇ ਦੇ ਆਰਥਕ ਤੇ ਸਭਿਆਚਾਰਕ ਤੇ ਮਾਨਿਸਕ ਸੰਸਾਰ ਵਿੱਚ ਹੋਈ ਹੈ। ਮੈਂ ਇਹਦੇ ਬਾਰੇ ਅਜੇ ਕੁਝ ਹੋਰ ਵੀ ਲਿਖਾਂਗਾ। ਕੁਝ ਤੜਫਮੇਂ ਪਲ ਮੈਂ ਖੁਦ ਹੰਢਾਏ। ਗੁਰਮੀਤ, ਮੈਨੂੰ ਇਹ ਕਹਿ ਕੇ ਦੁੱਖ ਹੋ ਰਿਹੈ ਕਿ ਜਾਅਲੀ ਵਿਆਹ ਮੈਨੂੰ ਖੁਦ ਅਟੈਂਡ ਕਰਨੇ ਪਏ। ਫਿਰ ਇਹ ਬਾਹਰ ਜਾਣ ਲਈ ਰਿਸ਼ਤੇਦਾਰੀ ਦਾ ਦਬਾਅ ਇੰਨਾ ਸੀ ਕਿ ਮੈਂ ਉਹਨਾਂ ਵਿਆਹਾਂ ਵਿੱਚ ਜਾਣ ਤੋਂ ਆਪਣੇ ਆਪ ਹਜ਼ਾਰ ਵਾਰੀ ਰੋਕਣ ਦੇ ਬਾਵਜੂਦ ਵੀ ਬਾਹਰ ਨਾ ਰਹਿ ਸਕਿਆ। ਪਰ ਜੋ ਮੈਂ ਉਹਨਾਂ ਵਿਆਹਾਂ ਤੇ ਮੇਰਾ ਅੰਦਰਲਾ ਹਿਰਦਾ ਫੀਲ ਕਰਦਾ ਸੀ, ਉਹਨਾਂ ਪਾਤਰਾਂ ਦੀ ਹੋਣੀ, ਉਹਨਾਂ ਦੀਆਂ ਭਾਵਨਾਵਾਂ ਦੀ ਹੋਣੀ, ਉਹਨਾਂ ਦੇ ਪਵਿਤਰ ਜਜ਼ਬਿਆਂ ਦੀ ਹੋਣੀ, ਮੇਰੀ ਸਭਿਆਚਾਰ ਵਿੱਚ ਕਾਫੀ ਖੋਜ ਜਾਂ ਰੁਚੀ ਰਹੀ ਐ ਤੇ ਮੈਂ ਇਨ੍ਹਾਂ ਚੀਜ਼ਾਂ ਨੂੰ ਵਰਤਾਰਿਆਂ ਨੂੰ ਇੱਕ ਸਭਿਆਚਾਰਕ ਮਾਹੌਲ ਦਿੰਨਾ। ਕਿ ਅਸੀਂ ਪਤੀ-ਪਤਨੀ ਦਾ ਰਿਸ਼ਤਾ ਕਿਉਂ ਸਿਰਜਿਆ, ਭੈਣ-ਭਰਾ ਦਾ ਰਿਸ਼ਤਾ ਕਾਹਤੋਂ ਸਿਰਜਿਆ, ਇਹ ਸਾਰਾ ਪ੍ਰਪੰਚ ਅਸੀਂ ਵੱਡੇ, ਸੁਚੱਜੇ ਸੋਹਣੇ ਇਨਸਾਨ ਬਨਣ ਲਈ ਸਿਰਜਿਆ ਪਰ ਅਸੀਂ ਕਰ ਕੀ ਰਹੇ ਹਾਂ? ਬਾਹਰ ਜਾਣ ਦੀ ਹੋੜ ਵਿੱਚ ਅਸੀਂ ਕਿੱਡੇ ਵੱਡੇ ਮਾਨਵੀ ਪਵਿੱਤਰ ਅਹਿਸਾਸਾਂ ਦੀ ਬਲੀ ਦੇ ਰਹੇ ਹਾਂ। ਅਸਲ ਵਿੱਚ ਬੰਦੇ ਦਾ ਅੰਦਰਲਾ ਹਿਰਦਾ ਇੱਕੋ ਹੀ ਹੁੰਦੈ ਉਹ ਇੱਕੋ ਵੇਲੇ ਠੱਗ ਜਾਂ ਸਾਧ ਨਹੀਂ ਹੋ ਸਕਦਾ। ਇੱਕੋ ਵੇਲੇ ਉਹ ਰਿਸ਼ਤਿਆਂ ਨਾਲ ਖਿਲਵਾੜ ਕਰਕੇ ਉਹਨਾਂ ਨੂੰ ਚਾਅ ਨਾਲ ਜੀਅ ਨਹੀਂ ਸਕਦਾ। ਸੋ ਇਹ ਜਿਹੜੀਆਂ 'ਬੇਰ ਵਰਗਾ ਫਲ', 'ਪੈਲਾਂ ਪਾਉਂਦਾ ਸੱਪ' ਤੇ ਜਿਹੜੀ ਮੇਰੀ ਕਹਾਣੀ 'ਦਮੂੰਹੀ' ਹੈ ਜਾਂ 'ਜੈਲਦਾਰ ਦਾ ਪੋਤਾ' ਹੈ ਇਹਨਾ ਦਾ ਪਰਿਵੇਸ਼ ਹੈ। ਪਰ ਇਹਦੇ ਵਿੱਚ ਮੈਂ ਮਨੁੱਖ ਤੇ ਪੰਜਾਬੀ ਮਨੁੱਖ ਦੀ ਜਿਹੜੀ ਹੋਣੀ ਹੈ ਉਹਦੀ ਤੜਫਣ ਨੂੰ ਪਕੜਿਆ ਹੈ। ਸੋ ਇਸ ਕਰਕੇ ਮੇਰਾ ਥੋੜ੍ਹਾ ਜਿਹਾ ਬਾਹਰ ਜਾ ਕੇ ਮੈਨੂੰ ਕੁਝ ਇਹੋ ਜਿਹੇ ਵਿਕੋਲਿਤਰੇ ਅਨੁਭਵ ਵੀ ਹੋਏ ਜਿਹੜੇ ਇੱਥੇ ਆਮ ਬੰਦੇ ਨੂੰ ਨਾ ਹੋਏ ਹੋਣ। ਸੋ ਮੈਂ ਭਾਵੇਂ ਪਰਵਾਸੀ ਲੇਖਕਾਂ ਵਾਲੀ ਔਧ ਤਾ ਨਹੀਂ ਹੰਢਾਈਪਰ ਇਹਦੇ ਨਾਲ ਰਹਿ ਕੇ ਬਹੁਤ ਖਹਿ ਕੇ, ਲੰਘਿਆਂ। ਇਸ ਕਰਕੇ ਮੈਨੂੰ ਇੰਝ ਵੀ ਲਗਦੈ ਇੱਥੇ ਕਿਤੇ-ਕਿਤੇ ਮੇਰੀਆਂ ਕੁਝ ਕਹਾਣੀ ਜਿਵੇਂ 'ਕਸਤੂਰੀ' ਜਾਂ ਹੋਰ ਕਹਾਣੀਆਂ ਜਿਵੇਂ 'ਆਓ ਜੀ ਚੱਲੀਏ' ਉਹ ਵਾਸਤਵ ਵਿੱਚ ਮੈਂ ਇਹੋ ਜਿਹੀ ਅਜੀਬ ਜਿਹੀ ਚੀਜ਼ ਤਲਾਸਦਾ ਰਹਿੰਨਾ ਕਿ ਇਹ ਬੰਦਾ ਇਹ ਇੱਕ ਕਿਸਮ ਦੀ ਜਿਹੜੀ ਸਭਿਆਚਾਰਕ ਤੋੜ-ਫੋੜ ਕਰ ਰਿਹੈ, ਇਹ ਕਿਧਰ ਨੂੰ ਜਾ ਰਿਹੈ? ਸੋ ਉਹ ਠੀਕ ਹੈ, ਤੁਹਾਡੀ ਗੱਲ, ਮੇਰੇ ਮਨ ਵੀ ਤੜਫਣਾ ਹੈ ਕਿ ਬੜੇ ਸੂਖਮ, ਪਵਿੱਤਰ, ਨਾਜੁਕ ਜਿਹੇ ਮਾਨਵੀ ਸਬੰਧਾਂ ਨੂੰ ਅਸੀਂ ਕਿਵੇਂ ਮੰਡੀ ਵਿੱਚ ਲੈ ਗਏ ਹਾਂ। ਮੈਨੂੰ ਤਾਂ ਇੰਝ ਵੀ ਲਗਦਾ ਹੁੰਦੈ ਬਹੁਤੇ ਬੰਦਿਆਂ ਨੂੰ ਆਪਣੇ ਮੰਤਵਾਂ ਦੀ ਵੀ ਸਾਰ ਨਹੀਂ ਕਿ ਜਿਹੜੇ ਮੰਤਵ ਜਾਂ ਜਿਹੜੀਆਂ ਇਛਾਵਾਂ ਜਾਂ ਚਾਹਤਾਂ ਬਣਾ ਰਹੇ ਨੇ ਉਹਨਾਂ ਦਾ ਰੂਪ ਜਾਂ ਸਿਰ ਪੈਰ ਉਹਨਾਂ ਕੋਲ ਨਹੀਂ ਹੈ। ਸਿਰਫ ਜ਼ਮਾਨੇ ਦੀ ਦੇਖਾ ਦਿਖਾਈ ਦੀ ਦੌੜ ਵਿੱਚ ਉਹ ਸ਼ਾਮਲ ਹੋ ਗਏ ਤੇ ਇਹ ਕਿੱਥੇ ਪਹੁੰਚਦੇ ਨੇ, ਇਹ ਮੇਰੀਆਂ ਕਹਾਣੀ ਵਿੱਚੋਂ ਪੜ੍ਹ ਕੇ ਤਾਂ ਤੁਸੀ ਵੇਖ ਹੀ ਲਿਆ ਹੋਵੇਗਾ



? ਡਾ ਸਾਹਿਬ ਤੁਸੀਂ ਜਿਵੇਂ ਆਲੋਚਨਾ ਜਾਂ ਯੂਨੀਵਰਸਿਟੀ 'ਚ ਪੜ੍ਹਾਉਂਦਿਆਂ ਕੁਝ ਅਧਿਆਪਕਾਂ ਤੋਂ ਪ੍ਰਭਾਵਿਤ ਹੋਏ ਹੋ। ਮੈਂ ਇਹ ਜਾਨਣਾ ਚਾਹੁੰਨਾਂ ਪਾਠਕਾਂ ਦੀ ਜਾਣਕਾਰੀ ਲਈ ਕਿ ਕੁਛ ਐਸੇ ਕਹਾਣੀਕਾਰ ਮਤਲਬ ਉਹ ਕਿਸੇ ਵੀ ਭਾਸ਼ਾ ਦੇ ਹੋਣ, ਜਿਨ੍ਹਾਂ ਦੀਆਂ ਕਿਤਾਬਾਂ ਨੂੰ ਤੁਸੀਂ ਪੜ੍ਹਿਆ ਤੇ ਉਹਨਾਂ ਤੋਂ ਪ੍ਰਭਾਵਿਤ ਹੋਣ ਵਰਗੀ ਸਥਿਤੀ ਤੁਹਾਡੇ ਮਨ ਦੀ ਬਣੀ ਹੋਵੇ। ਕੁਛ ਇਹ ਜਾਣਕਾਰੀ ਵੀ ਸਾਡੇ ਨਾਲ ਸਾਂਝੀ ਕਰੋ।

-ਡਾ ਗੁਰਮੀਤ, ਮੇਰੀ ਪੜ੍ਹਨ ਦੀ ਰੁਚੀ ਜਾਂ ਸ਼ੈਦਾਅ ਤਾਂ ਬਹੁਤ ਹੀ ਜ਼ਿ$ਾਸੈ ਔਰ ਮੈਨੂੰ ਉਨਾ ਲਿਖ ਕੇ ਸਵਾਦ ਨੀ ਆਉਂਦਾ ਜਿਨ੍ਹਾਂ ਮੈਂ ਪੜ੍ਹ ਕੇ ਆਨੰਦ ਮਾਣਦਾਂ। ਔਰ ਇਹ ਮੇਰੀ ਅੱਜ ਦੀ ਰੁਚੀ ਨਹੀਂ। ਇਹ ਮੇਰੀ ਰੁਚੀ ਅੱਠਵੀਂ ਜਮਾਤ ਤੋਂ ਇੱਕ ਭਿੰਡਰ ਕਲ੍ਹਾਂ ਵੱਲ ਤੋਂ ਕੋਈ ਅਧਿਆਪਕ ਸੀ ਗਿਆਨੀ ਮਾਸਟਰ ਕੁਲਵੰਤ ਸਿੰਘ, ਮੈਨੂੰ ਪਹਿਲੀਆਂ ਲਿਟਰੇਚਰ ਦੀਆਂ ਕਿਤਾਬਾਂ ਉਸ ਨੇ ਪੜ੍ਹਾਉਣੀਆਂ ਸ਼ੁਰੂ ਕੀਤੀਆਂ ਸੋ ਕਹਾਣੀਕਾਰ ਹੀ ਨਹੀਂ ਮੇਰੇ ਅਧਿਐਨ ਦੇ ਜਾਂ ਇਸ ਮੇਰੇ ਪੜ੍ਹਨ ਦਾ ਖੇਤਰ ਖਾਸਾ ਵਸੀਅ ਹੈ। ਮੈਂ ਕਵਿਤਾ ਵੀ ਉਸੇ ਚਾਅ ਨਾਲ ਪੜ੍ਹਦੈਂ, ਕਹਾਣੀ ਵੀ ਪੜ੍ਹਦੈਂ ਤੇ ਸਵੈ ਜੀਵਨੀ ਮੈਨੂੰ ਜਿੱਥੋਂ ਵੀ ਮਿਲ ਜੇ ਚੰਗੀ ਸਵੈ ਜੀਵਨੀ ਤੇ ਜੇ ਮੈਂ ਕੁਛ ਗਿਣਤੀ ਦੇ ਨਾਂ ਦੱਸਣੇ ਹੋਣ ਤਾਂ ਮੈਂ ਚੈਖਵ, ਟਾਲਸਟਾਏ, ਗੋਰਕੀ, ਤੇ ਤੁਰਗਨੇਵ ਤੇ ਇਹਨਾ ਤੋਂ ਇਲਾਵਾ ਮੈਂ ਹੈਮਿੰਗਵੇ, ਹਾਰਡੀ, ਤੇ ਹਰਮਨ ਹੈੱਸ ਔਰ ਬਹੁਤ ਜ਼ਿ$ਾਸਾ ਲੇਖਕ ਜਿਹੜੇ ਅੰਗਰੇਜ਼ੀ ਵਿੱਚ ਖਾਸ ਤੌਰ ਤੇ ਮੈਂ ਪੜ੍ਹਦਾ ਰਹਿੰਨਾ ਔਰ ਕਹਾਣੀ ਦੇ ਬਾਰੇ ਜੇ ਕਿਤੇ ਮੈਂ ਬਾਹਰ ਵੀ ਜਾਂਵਾ ਜਦੋਂ ਵੀ ਮੈਨੂੰ ਕਹਾਣੀਆਂ ਦੀ ਕੋਈ ਅੰਗਰੇਜ਼ੀ ਦੀ ਕਿਤਾਬ ਕੋਈ ਵੀ ਮਿਲੇ, ਮੈਨੂੰ ਚਾਅ ਚੜ੍ਹ ਜਾਂਦੈ ਔਰ ਮੈਂ ਮੰਟੋ ਨੂੰ ਪੜ੍ਹਿਆ ਵੀ ਐ ਤੇ ਮਾਣਿਆ ਵੀ ਐ। ਰਜਿੰਦਰ ਸਿੰਘ ਬੇਦੀ ਨੂੰ ਮੈਂ ਬਹੁਤ ਪੜ੍ਹਿਐ ਔਰ ਮਾਣਿਐ, ਮੈਂ ਉਹਨਾਂ ਨੂੰ, ਮੈਨੂੰ ਉਹ ਬਹੁਤ ਅੱਛੇ ਲੱਗੇ ਨੇ ਇਸ ਕਰਕੇ ਜਿਹੜਾ ਵਿਸ਼ਵ ਪ੍ਰਸੰਗ ਵਿੱਚ ਸਾਹਿਤ ਜਾਂ ਕਵਿਤਾ ਸੁਰਜੀਤ ਪਾਤਰ ਜੀ ਹੋਰਾਂ ਨੇ ਅਨੁਵਾਦ ਕੀਤੀਆਂ ਤੇ ਅਨੁਵਾਦ ਕੀਤੇ ਨਾਟਕ ਵੀ ਤੇ ਹੋਰ ਬੜਾ ਕੁਝ ਉਹ ਮੈਂ ਬੜੇ ਚਾਅ ਨਾਲ ਪੜ੍ਹਦਾਂ ਕਵਿਤਾ ਵੀ ਮੈਂ ਬੜੇ ਚਾਅ ਨਾਲ ਪੜ੍ਹਦਾਂ। ਪੰਜਾਬੀ ਵਿੱਚ ਮੈਨੂੰ ਸ਼ੇਖ ਫਰੀਦ ਤੋਂ ਲੈ ਕੇ ਵਾਰਸ ਸ਼ਾਹ ਲਗਭਗ ਮੈਨੂੰ ਜ਼ੁਬਾਨੀ ਯਾਦ ਐ, ਬੁਲ੍ਹੇ ਸ਼ਾਹ, ਸ਼ਾਹ ਮੁਹੰਮਦ, ਪ੍ਰੋ ਮੋਹਨ ਸਿੰਘ, ਸੁਰਜੀਤ ਪਾਤਰ, ਮੈਂ ਬਹੁਤ ਚਾਅ ਨਾਲ ਪੜ੍ਹਦਾਂ ਤੇ ਜਗਤਾਰ ਵੀ। ਇਸ ਕਰਕੇ ਕਵਿਤਾ ਵੀ ਮੈਨੂੰ ਬਹੁਤ ਅੱਛੀ ਲੱਗਦੀ ਐ। ਪੜ੍ਹਾਈ ਦਾ ਖੈਰ ਮੇਰਾ ਬਹੁਤ ਹੀ ਜ਼ਿਆਦਾ ਪੜ੍ਹਨ 'ਚ ਰੁਚੀ ਰਹਿੰਦੀ ਐ। ਕਹਾਣੀ ਜੇ ਮੈਂ ਪੰਜਾਬੀ ਕਹਾਣੀ ਦੀ ਗੱਲ ਕਰਨੀ ਹੋਵੇ ਤਾਂ ਮੈਂ ਮੁਸਾਫਿਰ ਦੀਆਂ ਕਹਾਣੀਆਂ ਨੂੰ ਵੀ ਮਾਣਿਐ, ਸੇਖੋਂ ਦੀਆਂ ਕੁਝ ਕਹਾਣੀਆਂ ਮੈਨੂੰ ਬਹੁਤ ਯਾਦ ਰਹਿੰਦੀਆਂ ਨੇ। ਸੰਤੋਖ ਸਿੰਘ ਧੀਰ ਦੀਆਂ, ਕੁਲਵੰਤ ਸਿੰਘ ਵਿਰਕ ਦੀ ਕਹਾਣੀ ਦਾ ਤਾਂ ਕੋਈ ਮੁਕਾਬਲਾ ਨਹੀਂ।

? ਜਿਹੜੇ ਹੁਣ ਬਿਲਕੁਲ ਹੀ ਨਵੇਂ ਦੌਰ ਦੀ, ਨਵੇਂ ਪੜਾਅ ਦੀ ਕਹਾਣੀ ਦੇ ਕਹਾਣੀਕਾਰ ਨੇ ਜਿਹੜੇ; ਇੱਕ ਦਰਜਨ ਤੋਂ ਮੈਂ ਕਰੀਬ ਸਮਝਦਾਂ ਪਰ ਗਿਣਤੀ ਤੇ 200-250 ਤੱਕ ਐ। ਪਰ ਇੱਕ ਦਰਜਨ ਦੇ ਕਰੀਬ ਐ ਐਸੇ ਕਹਾਣੀਕਾਰ ਨੇ ਜਿਨ੍ਹਾਂ ਨੇ ਪੰਜਾਬੀ ਕਹਾਣੀ ਨੂੰ ਵਿਸ਼ੇ ਜਾਂ ਰੂਪਕ ਪੱਖ ਤੋਂ ਕੋਈ ਐਸਾ ਮੋੜਾ ਅਸੀਂ ਕਹਿ ਸਕਦੇ ਹਾਂ ਜਾਂ ਕੋਈ ਝੁਕਾਅ ਦਿੱਤੈ। ਕਿਉਂਕਿ ਕਹਾਣੀ ਏਨੀ ਸੰਘਣੀ ਔਰ ਏਨੀ ਖੂਬਸੂਰਤ ਬਣ ਗਈ ਹੈ ਹੁਣ ਜੀਵਨ ਦੇ ਏਨੇ ਅੰਸ਼ ਉਹਦੇ ਵਿੱਚ ਆ ਗਏ ਨੇ, ਐਨੀਆਂ ਸਮੱਸਿਆਵਾਂ ਦੇ ਨਾਲ ਜੂਝ ਰਹੀ ਐ, ਉਹਦੇ 'ਚ ਕਿਹੜੇ ਕਿਹੜੇ ਕਹਾਣੀਕਾਰ ਨੇ ਜਿਨ੍ਹਾਂ ਨੂੰ ਤੁਸੀਂ ਚੌਥੇ ਪੜਾਅ ਦੇ ਟ੍ਰੈਂਡ ਸੈਟਰ ਕਹਿ ਸਕਦੇ ਹੋ?

-ਡਾ ਗੁਰਮੀਤ ਆਪਣੇ ਸਮਕਾਲੀ ਕਹਾਣੀਕਾਰਾਂ ਬਾਰੇ ਰਾਏ ਦੇਣੀ ਜਾਂ ਉਹਨਾਂ ਦੀ ਰਚਨਾ ਬਾਰੇ, ਇਹ ਥੋੜਾ ਔਖਾ ਕੰਮ ਐ ਔਰ ਮੇਰੀ ਕੋਸ਼ਿਸ਼ ਇਹ ਹੁੰਦੀ ਐ ਕਿ ਬਹੁਤ ਜ਼ਿ$ਾਸਾ ਸਬਜੈਕਟਿਵ ਰਾਵਾਂ ਨਾ ਦਿੱਤੀਆਂ ਜਾਣ ਪਰ ਕਿਉਂਕਿ ਹੁਣ ਤੁਸੀਂ ਪੁੱਛ ਹੀ ਲਿਆ ਇਸ ਕਰਕੇ ਮੈਂ ਸਮਝਦਾਂ ਕਿ ਜਿਹੜੀ ਸਾਡੀ ਚੌਥੇ ਪੜ੍ਹਾਅ ਦੀ ਕਹਾਣੀ ਐ ਜੀਹਦੀ ਇੱਕ ਵੱਖਰੀ ਨਕਸ਼-ਨੁਹਾਰ ਐ, ਦ੍ਰਿਸ਼ਟੀਕੋਨਾਂ ਦੇ ਫਰਕ ਵੀ ਨੇ, ਬਿਰਤਾਂਤ ਉਸਾਰੀ ਦੀਆਂ ਵਿਧੀਆਂ ਦੇ ਫਰਕ ਨੇ, ਮਸਲਿਆਂ ਜਾਂ

ਸਰੋਕਾਰਾਂ ਦੀ ਚੋਣ ਦੇ ਵੀ ਫਰਕ ਨੇ ਪਰ ਇਹਦੇ ਬਾਵਜੂਦ ਵੀ ਕਹਾਣੀ ਦੀ ਇੱਕ ਰੂਪਾਕਾਰਕ ਵੱਖਰਤਾ ਹੈ। ਮੈਂ ਜੇ ਕੁਛ ਨਾਂ ਗਿਣਾਉਣੇ ਹੋਣ ਤਾਂ ਪੰਜਾਬੀ ਕਹਾਣੀ ਵਿੱਚ ਤਾਂ ਮੈਂ ਉਹਦੇ ਵਿੱਚ ਜਿੰਦਰ, ਬਲਵਿੰਦਰ ਗਰੇਵਾਲ, ਅਜਮੇਰ ਸਿੱਧੂ, ਦੇਸ ਰਾਜ ਕਾਲੀ, ਸੁਖਜੀਤ ਤੇ ਕੁਛ ਪੱਧਰ ਤੇ ਇਹ ਨਵੀਆਂ ਕਹਾਣੀਆਂ ਸਾਂਵਲ ਧਾਮੀ ਨੇ ਚਰਚਿਤ ਕਹਾਣੀਆਂ ਲਿਖੀਆਂ। ਬਾਹਰੋਂ ਕੁਛ ਕਹਾਣੀ ਨਵੀਂ ਆਈ ਐ ਉਹਦੇ 'ਚ ਹਰਪ੍ਰੀਤ ਸੇਖਾ ਨੇ ਕੁਝ ਕਹਾਣੀਆਂ ਲਿਖੀਆਂ ਨੇ ਔਰ ਏਸ ਪੜ੍ਹਾਅ ਦੀ ਕਹਾਣੀ ਦੀ ਗੱਲ ਕਰਾਂ ਤਾਂ ਉਹਦੇ 'ਚ ਕੁਝ ਹੋਰ ਕਹਾਣੀਕਾਰਾਂ ਨੇ ਇੱਕ-ਇੱਕ ਦੋ-ਦੋ ਕਹਾਣੀਆਂ ਵਧੀਆ ਲਿਖੀਆਂ ਨੇ ਪਰ ਇਹ ਕਿਉਂ ਕਿ ਬੜੀ ਵੱਡੀ ਤਦਾਦ ਵਿੱਚ ਪੰਜਾਬੀ ਕਹਾਣੀ ਲਿਖੀ ਜਾ ਰਹੀ ਐ ਔਰ ਕਈ ਦਫਾ ਕਿਸੇ ਲੇਖਕ ਦੀ ਇੱਕ ਕਹਾਣੀ ਹੀ ਬੜੀ ਚੰਗੀ ਲਗਦੀ ਐ ਜਿਵੇਂ ਮਨਿੰਦਰ ਕਾਂਗ ਨੇ। ਏਸੇ ਕਰਕੇ ਮੈਂ ਸਮਝਦਾਂ ਕਿ ਪੰਜਾਬੀ ਕਹਾਣੀ 'ਚ ਵਧੀਆ ਕਹਾਣੀ ਵੀ ਲਿਖੀ ਜਾ ਰਹੀ ਐ। ਮੁਕਾਬਲਾ ਵੀ ਕਾਫੀ ਸਖਤ ਹੋ ਰਿਹੈ। ਪਰ ਕੁਲ ਮਿਲਾ ਕੇ ਪੰਜਾਬੀ ਵਿੱਚ ਅੱਛੀ ਕਹਾਣੀ ਲਿਖੀ ਜਾ ਰਹੀ ਹੈ।

---

ਉਨ੍ਹਾਂ ਦਾ ਭਾਈਚਾਰਾ ਵੀ ਇਸੇ ਹੀ ਗੁਨਾਹ ਦਾ ਸ਼ਿਕਾਰ ਹੈ। ਨਤੀਜੇ ਵਜੋਂ ਉਹ ਮਨੁੱਖ ਦੀਆਂ ਜੈਵਿਕ ਖੂਬੀਆਂ ਅਤੇ ਮੁਆਸ਼ਰੇ ਦੀਆਂ ਕਸੌਟੀਆਂ ਨੂੰ ਆਪਣੇ ਮਕਸਦ ਦੀ ਪੂਰਤੀ ਲਈ ਵਰਤਣਾ ਸ਼ੁਰੂ ਕਰ ਦਿੰਦੇ ਹਨ ਅਤੇ ਨਿਜ਼ਾਮ ਦੀ ਕਾਰਜ-ਪ੍ਰਣਾਲੀ ਦੀ ਪੂਰਤੀ ਦਾ ਹਥਿਆਰ ਬਣਕੇ ਰਹਿ ਜਾਂਦੇ ਹਨ। ਇਹ ਹੀ ਐਬ ਉਹਨਾਂ ਨੂੰ ਮਨੁੱਖ ਤੋਂ 'ਟਾਪੂ' ਜਾਂ ਫਿਰ 'ਗੁਆਂਚਿਆ ਮਲਾਹ' ਬਣਾ ਦਿੰਦਾ ਹੈ।

'ਦੋ ਟਾਪੂ' ਦੇ ਕਥਾ-ਪ੍ਰਸੰਗ ਦੇ ਹਵਾਲੇ ਨਾਲ ਕਹਿਣਾ ਹੋਵੇ ਤਾਂ ਬਲਰਾਜ ਅਤੇ ਪਾਸ਼ੀ ਦਾ ਬੁਨਿਆਦੀ ਗੁਨਾਹ ਇਹ ਹੈ ਕਿ ਉਨ੍ਹਾਂ ਦੇ ਵਿਆਹ ਦੇ ਰਿਸ਼ਤੇ ਵਿਚ ਬੱਝਣ ਸਮੇਂ 'ਮਨੁੱਖ' ਦੀ ਜੈਵਿਕ ਕਾਰਜਸ਼ੈਲੀ ਨੂੰ ਅਣਗੌਲਿਆਂ ਕੀਤਾ। ਬਲਰਾਜ ਦੇ ਆਪਣੇ ਬਿੰਬ ਨੂੰ ਕਨੇਡਾ ਦੇ ਪਾਸਪੋਰਟ ਨਾਲ ਰੁਸ਼ਕਾਇਆ ਅਤੇ ਪਾਸ਼ੀ ਨੇ ਆਪਣੀ ਖੂਬਸੂਰਤੀ ਤੇ ਪੜ੍ਹਾਈ ਨਾਲ ਉਸੇ ਪਾਸਪੋਰਟ ਦੇ ਬਿੰਬ ਨਾਲ ਵਿਆਹ ਕਰਵਾ ਲਿਆ। ਉਸਦੇ ਮਾਤਾ-ਪਿਤਾ ਸਮੇਤ ਪੂਰੇ ਭਾਈਚਾਰੇ ਨੇ ਹੀ ਬਲਰਾਜ ਦੀ ਦੇਹ-ਮੂਲਕਤਾ ਨੂੰ ਪਾਸਪੋਰਟ ਦੀ ਵਸਤੂ-ਮੂਲਕਤਾ ਦੇ ਰੂਪ ਵਿਚ ਅਪਣਾਉਣ ਵਿਚ ਪੂਰੀ ਕਾਹਲ ਦਿਖਾਈ। ਇਸੇ ਕਰਕੇ ਮਨੁੱਖ ਦੀ ਜੈਵਿਕਤਾ ਦੇ ਹਵਾਲੇ ਨਾਲ ਦੇਹ ਅਤੇ ਜਜ਼ਬਾਤੀ ਕਾਰਜ-ਪ੍ਰਣਾਲੀ ਦੇ ਵਿਆਹ ਵਾਲੇ ਸੰਦਰਭ ਇਸ ਰਿਸ਼ਤੇ ਦਾ ਆਧਾਰ ਹੀ ਨਹੀਂ ਬਣ ਸਕੇ। ਇਸੇ ਕਰਕੇ ਇਥੇ 'ਪਾਸਪੋਰਟ' ਨਾਲ ਜੁੜੇ ਵਿਵਹਾਰ ਨੂੰ ਵਰਤਣ ਦੀ ਕਾਹਲ ਸਰਗਰਮ ਹੋ ਜਾਂਦੀ ਹੈ, ਜਿਸ ਵਿਚ ਨਾ ਤਾਂ 'ਮਨੁੱਖ' ਦੇ ਮਨੁੱਖਤਵ ਦਾ ਹੀ ਧਿਆਨ ਰੱਖਿਆ ਗਿਆ ਅਤੇ ਨਾ ਹੀ ਮੁਆਸ਼ਰੇ ਦੀ ਮੁਆਸ਼ਰਤੀ ਖਸਲਤ ਦਾ। ਸਿੱਟੇ ਵਜੋਂ ਪਾਸ਼ੀ ਅਤੇ ਬਲਰਾਜ ਦੀ ਜ਼ਿੰਦਗੀ ਦੇ ਕਾਇਮ ਹੋਏ ਮਸ਼ਨੂਈ ਤਵਾਜ਼ਨ ਅਸਤ ਵਿਅਸਤ ਹੋ ਗਏ। ਭਾਵੇਂ ਹੁਣ ਬਖਸ਼ਿੰਦਰ ਅਤੇ ਉਸਦੀ ਮੰਗੇਤਰ ਜਾਂ ਪਾਸ਼ੀ ਦੀ ਭੈਣ ਅਤੇ ਉਸਦੇ ਸੰਬਾਈ ਪਤੀ ਦੀ ਸਹਿਹੋਂਦ ਨਾਲ ਨਵੇਂ ਘਰ ਬੱਝਣ ਦਾ ਸਿਲਸਿਲਾ ਪੂਰੀ ਗਤੀ ਵਿਚ ਹੈ, ਪਰ ਇਥੇ ਵੀ ਮਨੁੱਖ ਅਤੇ ਮੁਆਸ਼ਰੇ ਦੇ ਰਵਾਇਤੀ ਰਿਸ਼ਤਿਆਂ ਦੀ ਅਣਹੋਂਦ ਹੈ। ਅਜਿਹੀ ਕੋਈ ਵੀ ਸੂਰਤ ਦਿਖਾਈ ਨਹੀਂ ਦਿੰਦਾ ਕਿ ਇਥੇ ਵੀ ਟਾਪੂ ਅਤੇ ਸਮੁੰਦਰ ਦਾ ਰਿਸ਼ਤਾ ਪੂਰੀ ਰਸਾਈ ਵਾਲਾ ਹੀ ਰਹੇਗਾ। ਸੁਆਲ ਫਿਰ ਤੋਂ ਉਹੀ ਹੈ, ਕਿ ਜੇਕਰ ਕੋਈ ਭਾਈਚਾਰਾ ਸਾਕਾਦਾਰੀ ਅਤੇ ਮਨੁੱਖ ਨੂੰ ਹੀ ਆਪਣੇ ਮਕਸਦ ਲਈ ਵਰਤਣਾ ਸ਼ੁਰੂ ਕਰ ਦਿੰਦਾ ਹੈ ਤਾਂ ਵਿਆਹ ਦੀ ਸੰਸਥਾ ਅਤੇ ਪਤੀ-ਪਤਨੀ ਦੀ ਹਸਤੀ ਦਾ ਕੀ ਅਰਥ ਹੋ ਸਕਦਾ ਹੈ।



## ਸਾਹਿਤਕਾਰ ਦੇ ਧਰਮ ਤੋਂ ਮੈਂ ਕਦੇ ਭੱਜਿਆ ਨਹੀਂ- ਸੁਖਜੀਤ
## (4.1.1961)
## ਮੁਲਾਕਾਤੀ- ਡਾ. ਰਵੀ ਰਵਿੰਦਰ

? ਸੁਖਜੀਤ ਜੀ, ਓਸ ਸੁਖਜੀਤ ਨਾਲ ਸਾਡਾ ਤੁਆਰਫ਼ ਕਰਵਾਓ, ਜਿਹੜਾ ਸਾਹਿਤਕਾਰ ਨਹੀਂ ਸਗੋਂ ਵਿਅਕਤੀ ਸੁਖਜੀਤ ਹੈ।

-ਰਵੀ ਜੀ, ਮੈਂ ਛੋਟੀ ਉਮਰੇ ਬਹੁਤ ਕੁੱਝ ਹੰਢਾਇਆ। ਕਿਸਾਨ ਸੁਖਜੀਤ, ਖਿਡਾਰੀ, ਸਰਪੰਚ, ਰਾਜਨੀਤਕ, ਵੈਲੀ, ਬਦਮਾਸ਼, ਸੰਤ ਜਾਂ ਸੁਆਮੀ ਸੁਖਜੀਤ ਤੇ ਲੇਖਕ ਸੁਖਜੀਤ। ਪਰ ਸੱਚੀ ਗੱਲ ਐ ਕਿ ਮੇਰੇ ਸਾਰੇ ਰੂਪਾਂ 'ਤੇ ਲੇਖਕ ਸਦਾ ਭਾਰੂ ਰਿਹਾ। ਜਿਵੇਂ ਕੋਈ ਵੈਲ ਜਾਂ ਜਨੂੰਨ ਤੁਹਾਡੇ ਲਹੂ 'ਚ ਘੁਲ ਜਾਵੇ। ਇਸ ਤਰ੍ਹਾਂ ਰਚਨਾ ਸਿਰਜਣਾ ਮੇਰੇ ਲਹੂ ਵਿਚ ਐ। ਜਿੱਥੋਂ ਤੱਕ ਮੇਰੀ ਸ਼ਖ਼ਸੀਅਤ ਦਾ ਸੁਆਲ ਹੈ, ਇਸ ਬਾਰੇ ਮੈਂ ਸੋਚਦਾ ਹਾਂ ਕਿ ਇਕ ਤਾਂ ਤੁਸੀਂ ਉਹ ਹੁੰਦੇ ਹੋ, ਜੋ ਤੁਸੀਂ ਆਪਣੇ ਆਪ ਨੂੰ ਸਮਝਦੇ ਹੋ ਜਾਂ ਦਿਖਾਉਂਦੇ ਹੋ। ਇਕ ਉਹ ਹੁੰਦੇ ਹੋ, ਜੋ ਲੋਕ ਤੁਹਾਨੂੰ ਸਮਝਦੇ ਹਨ ਤੇ ਤੀਜਾ ਅਸਲ ਵਿਚ ਜੋ ਤੁਸੀਂ ਹੁੰਦੇ ਹੋ। ਜਿੱਥੋਂ ਤੱਕ ਮੇਰੇ ਲੇਖਕ ਹੋਣ ਦਾ ਸਵਾਲ ਹੈ, ਉਹ ਮੈਂ ਹਾਂ ਵੀ ਤੇ ਦਿਖਾਉਣਾ ਵੀ ਚਾਹੁੰਦਾ ਹਾਂ। ਰਹੀ ਗੱਲ ਵਿਅਕਤੀ ਸੁਖਜੀਤ ਦੀ। ਰਵੀ ਜੀ, ਬੰਦਾ ਬੜੀ ਗੁੰਝਲਦਾਰ ਸ਼ੈਅ ਹੈ। ਦੁਨੀਆਂ 'ਚ ਦਰਅਸਲ ਬੰਦੇ ਤੋਂ ਵੱਧ ਜਟਿਲ ਕੁਝ ਵੀ ਨਹੀਂ। ਪਹਿਲਾਂ ਤਾਂ ਬੰਦਾ ਉਹ ਬਣਦਾ ਹੈ ਜੋ ਉਸ ਦੇ ਜੀਨ ਉਸ ਨੂੰ ਬਣਾਉਂਦੇ ਨੇ। ਫੇਰ ਉਸ ਦਾ ਵਾਤਾਵਰਣ ਉਸ ਨੂੰ ਸਿਰਜਣਾ ਸ਼ੁਰੂ ਕਰਦਾ ਹੈ। ਥੋੜ੍ਹਾ ਹੋਰ ਵੱਡਾ ਹੁੰਦਾ ਹੈ ਤਾਂ ਉਸ ਦਾ ਅਨੁਭਵ ਰੰਗ ਦਿਖਾਉਣਾ ਸ਼ੁਰੂ ਕਰਦਾ ਹੈ। ਰਹਿੰਦੀ ਖੂੰਹਦੀ ਕਸਰ ਅਧਿਐਨ ਕੱਢ ਦਿੰਦਾ ਹੈ।

?-ਜਿਹੜਾ ਸੁਖਜੀਤ ਅੱਜ ਸਾਡੇ ਸਾਹਮਣੇ ਹੈ, ਉਸ ਦੀ ਸਿਰਜਣਾ ਕਿਵੇਂ ਹੋਈ ਹੈ? ਥੋੜ੍ਹਾ ਖੁੱਲ੍ਹ ਕੇ ਦੱਸੋਗੇ।

-ਜੱਦੀ ਪਿੰਡ ਸਾਡਾ ਰਾਈਆਂ ਹੈ। ਭੈਣੀ ਸਾਹਿਬ ਕੋਲ। ਮੇਰੇ ਪਿਤਾ ਜੀ ਹੋਰੀਂ ਚਾਰ ਭਰਾ ਸਨ। ਪਿਤਾ ਜੀ ਸਭ ਤੋਂ ਛੋਟੇ ਸਨ। ਵਿਆਹੇ ਹੋਏ ਸਿਰਫ਼ ਦੋ, ਸਭ ਤੋਂ ਵੱਡਾ ਤਾਇਆ ਤੇ ਮੇਰੇ ਪਿਤਾ ਜੀ। ਸੰਨ ੫੯ 'ਚ ਇਹਨਾਂ ਦਾ ਵਿਆਹ ਹੋਇਆ। ਮੇਰੀ ਮਾਂ ਪਿਤਾ ਜੀ ਤੋਂ ਦਸ ਸਾਲ ਛੋਟੀ ਸੀ ਤੇ ਸੋਹਣੀ ਵੀ ਬੜੀ ਸੀ। ਕੰਮ ਚੰਗਾ ਸੀ। ਖਾਂਦਾ ਪੀਂਦਾ ਜੱਟ ਪਰਿਵਾਰ ਸੀ। ਪਰ ਪਿਤਾ ਜੀ ਨੇ ਉਦੋਂ ਹੀ ਪਿੰਡ ਛੱਡ ਦਿੱਤਾ ਅਤੇ ਬੇਟ 'ਚ ਆ ਕੇ ਬਹੁਤ ਸਾਰੀ ਜ਼ਮੀਨ ਲੈ ਲਈ। ਬੜੇ ਚਿਰ ਪਿੱਛੋਂ ਇਕ ਵਾਰੀ ਲੜਦਿਆਂ ਵੱਡੇ ਤਾਏ ਨੇ ਪਿਤਾ ਜੀ ਨੂੰ ਮਿਹਣਾ ਮਾਰਿਆ, ਮੇਰੇ ਵਿਆਹ ਪਿੱਛੋਂ ਤੁਸੀਂ ਸਾਲਿਓ ਨਿਆਣੇ ਜਮਾਈ ਗਏ, ਤੇ ਜਦੋਂ ਹੋਇਆ ਤੇਰਾ ਵਿਆਹ ਚਾਰ ਦਿਨ ਨਹੀਂ ਕੱਟੇ। ਆਵਦੀ ਨੂੰ ਲੈ ਕੇ ਬੇਟ 'ਚ ਆ ਬੈਠਾ। ਉਸ ਦਿਨ ਪਿੱਛੋਂ ਉਹ ਤਾਇਆ ਮੈਨੂੰ ਵਿਚਾਰਾ ਲੱਗਣ ਲੱਗ ਪਿਆ। ਇਹੀ ਕਾਰਨ ਐ ਕਿ ਮੈਂ ਅੱਜ ਤੱਕ ਪਿਤਾ ਜੀ ਦੇ ਜ਼ੋਰ ਲਾਉਣ ਤੇ ਵੀ ਪਿੰਡੋਂ ਹਿੱਸਾ ਨਹੀਂ ਲੈਣ ਦਿੰਦਾ। ਵੈਸੇ ਤਾਂ ਰਵੀ ਜੀ, ਜਿਵੇਂ ਆਪਾਂ ਪਹਿਲਾਂ ਕਿਹਾ ਹੈ ਕਿ ਬੰਦੇ ਤੋਂ ਵੱਧ ਜਟਿਲ ਕੁਝ ਵੀ ਨਹੀਂ। ਪਰ ਮੈਨੂੰ ਲਗਦੈ ਕਿ ਜੇ ਮੇਰੇ ਲਹੂ 'ਚ ਸੰਵੇਦਨਾ ਨਾ ਹੁੰਦੀ, ਜੇ ਮੈਂ ਲੇਖਕ ਨਾ ਹੁੰਦਾ ਤਾਂ ਇਹ ਘਟਨਾ ਮੈਨੂੰ ਸਾਰੀ ਉਮਰ ਡਿਸਟਰਬ ਨਾ ਕਰਦੀ। ਮੈਨੂੰ ਤਾਇਆ ਡਿਸਟਰਬ ਕਰਦਾ। ਦੂਸਰੇ ਦੋਵੇਂ ਅੰਗਹੀਣ ਛੜੇ ਤਾਏ ਡਿਸਟਰਬ ਕਰਦੇ। ਇਹ ਸੋਚਣਾ ਹੀ ਡਿਸਟਰਬ ਕਰਦਾ ਕਿ ਉਹ ਸੋਲਾਂ ਸਤਾਰਾਂ ਵਰ੍ਹਿਆਂ ਦੀ ਮੇਰੀ ਮਾਂ ਜੇ ਉਨ੍ਹਾਂ 'ਚ ਫਸ ਜਾਂਦੀ....। ਜੇ ਪਿਤਾ ਜੀ ਇਹ ਫੈਸਲਾ ਨਾ ਲੈਂਦੇ। ਸੋਚਦਾਂ ਮੇਰਾ ਬਾਪ ਮੇਰੀ ਮਾਂ ਨੂੰ ਕਿੰਨਾ ਚਾਹੁੰਦਾ ਹੋਵੇਗਾ। ਜੋ ਭਰਿਆ ਭਰਾਇਆ ਘਰ, ਏਡਾ ਵੱਡਾ ਲਾਣਾ ਛੱਡ ਕੇ ਕਿਸੇ ਅਣਜਾਣ ਥਾਂ ਰੋਹੀ ਬੀਆਬਾਨ 'ਚ ਆ ਬੈਠਾ। ਮੇਰੀ ਮਾਂ ਕਈ ਵਾਰ ਮੇਰੇ ਬਾਪ ਨਾਲ ਲੜਦੀ ਮਿਹਣਾ ਮਾਰਦੀ 'ਤੈਂ ਮੈਨੂੰ ਰੋਹੀ ਬੀਆਬਾਨ 'ਚ ਲਿਆਕੇ ਰੋਲਤਾ। ਨਾ ਕੋਈ ਆਂਢ ਗੁਆਂਢ, ਨਾ ਕੋਈ ਨੇੜੇ ਸ਼ਹਿਰ....।' ਮਾਂ ਵੀ

ਘੁੱਗ ਵਸਦੇ ਪਿੰਡ ਰਣਸੀਂਹ ਕੇ ਧੂਰਕੋਟ ਤੋਂ ਆਈ ਸੀ। ਚਾਰ ਭਰਾਵਾਂ ਦੀ ਛੋਟੀ ਲਾਡਲੀ ਭੈਣ। ਅਸੀਂ ਤਿੰਨ ਭਰਾ ਸਾਂ। ਭੈਣ ਕੋਈ ਨਹੀਂ, ਮੈਂ ਵੱਡਾ ਹਾਂ। ਕੰਮ ਪਹਿਲਾਂ ਨਾ ਮੇਰੇ ਬਾਪ ਨੇ ਕੀਤਾ ਸੀ, ਨਾ ਮੇਰੀ ਮਾਂ ਨੇ। ਪਹਿਲਾਂ ਜ਼ਮੀਨ ਵਟਾਈ 'ਤੇ ਦਿੱਤੀ, ਮਜਾਰਿਆਂ ਨੂੰ। ਫੇਰ ਦੱਬਣ ਦੇ ਡਰੋਂ ਆਪ ਖੇਤੀ ਕਰ ਲਈ। ਵੀਹ ਦੇ ਕਰੀਬ ਮੱਝਾਂ ਗਾਵਾਂ ਰੱਖ ਲਈਆਂ। ਕੰਮ ਵੱਸੋਂ ਬਾਹਰਾ ਹੋ ਜਾਂਦਾ। ਉਂਜ ਵੀ ਜਿਹੜਾ ਕੋਲ ਪੈਸਾ ਸੀ, ਉਹਦੀ ਜ਼ਮੀਨ ਖਰੀਦ ਲਈ। ਮਾਲ ਡੰਗਰ ਤੇ ਸੰਦ ਭਾਂਡਾ ਲੈ ਲਿਆ। ਇਕ ਪਿਤਾ ਜੀ ਨੂੰ ਵਿਆਜ ਦਾ ਭੁੱਸ ਪੈ ਗਿਆ। ਕੰਜੂਸੀ ਵਰਤਣ ਲੱਗੇ। ਨੌਕਰ ਵੀ ਨਹੀਂ ਸਨ ਰੱਖਦੇ। ਬੜਾ ਕਲੇਸ਼ ਪੈਂਦਾ। ਮੈਂ ਉਮਰੋਂ ਛੋਟਾ ਪਰ ਉਂਜ ਵੱਡਾ ਪੁੱਤਰ ਸਾਂ। ਇਸ ਲਈ ਦੋਨਾਂ ਦੇ ਗੁੱਸੇ ਦਾ ਸ਼ਿਕਾਰ ਹੋ ਜਾਂਦਾ। ਬਾਪ ਕੋਲੋਂ ਰੱਜ ਕੇ ਕੁੱਟ ਖਾਧੀ, ਕਸਰ ਕੋਈ ਮਾਂ ਨੇ ਵੀ ਨਹੀਂ ਛੱਡੀ। ਪਿਉ ਨਿਰਦਈ ਜਾਪਦਾ। ਮਾਂ ਦੇ ਰਵੱਈਏ ਨੇ ਮਾਂ ਨਾਲ ਮੋਹ ਪਿਆਰ ਨਾ ਰਹਿਣ ਦਿੱਤਾ। ਕੱਲਾ ਬਹਿ ਕੇ ਰੋਂਦਾ ਜਾਂ ਗਾਵਾਂ ਦੇ, ਮੱਝਾਂ ਦੇ ਗਲ ਲੱਗ ਦੁੱਖ ਦੱਸਦਾ। ਉਦੋਂ ਤੱਕ ਆਲੇ ਦੁਆਲੇ 'ਚ ਕੋਈ ਨਹੀਂ ਸੀ ਜਿਹਦੇ ਨਾਲ ਮਨ ਸਾਂਝਾ ਕਰਦਾ। ਸਵੇਰੇ ਮੂੰਹ ਨ੍ਹੇਰੇ ਉੱਠ ਪਸ਼ੂਆਂ ਦਾ ਗੋਹਾ ਕੂੜਾ, ਪੱਠਾ ਦੱਥਾ ਕਰਦਿਆਂ ਸਕੂਲ ਦਾ ਟਾਇਮ ਹੋ ਜਾਂਦਾ। ਭੱਜੋ ਨੱਠੀ 'ਚ ਸਕੂਲ ਜਾਣਾ। ਛੁੱਟੀ ਹੁੰਦਿਆਂ ਸਿੱਧਾ ਘਰੇ। ਤਹਿਤ ਬੈਠ ਗਿਆ ਸੀ ਮਾਂ ਬਾਪ ਦਾ। 'ਦੋ ਤਾਂ ਮੀਲ ਨੇ ਐਨਾ ਚਿਰ ਕਿੱਥੇ ਲੱਗ ਗਿਆ? ਪਸ਼ੂ ਭੁੱਖੇ ਰਾਟ ਪਾਈ ਜਾਂਦੇ ਆ।' ਮਾਂ ਨੇ ਕਹਿਣਾ, 'ਇਹਨਾਂ ਨੂੰ ਤੇਰਾ ਪਿਉ ਛੱਡੂ।' ਪਿਉ ਨੇ ਕਹਿਣਾ, 'ਤੇਰੀਆਂ ਮਾਵਾਂ ਰੰਭੀ ਜਾਂਦੀਆਂ ਨੇ।' ਕਹਾਣੀ 'ਆਦਮਖੋਰ' 'ਚ ਕੀਤੈ ਵੀ ਐ ਮੈਂ ਕੁਝ ਜ਼ਿਕਰ। ਵੱਡੇ ਹੋ ਕੇ ਕਾਰਨ ਲੱਭਦਿਆਂ ਭਾਵੇਂ ਮਾਂ ਬਾਪ ਨੂੰ ਬਰੀ ਕਰ ਦਿੱਤਾ, ਪਰ ਉਦੋਂ ਤੱਕ ਦੇਰ ਹੋ ਚੁੱਕੀ ਸੀ। ਬੱਸ, ਮਨ ਕੂਲਾ ਵੀ ਹੁੰਦਾ ਗਿਆ ਤੇ ਸਖ਼ਤ ਵੀ।

?-ਬਚਪਨ ਦੀਆਂ ਕੁੱਝ ਘਟਨਾਵਾਂ ਜਿਨ੍ਹਾਂ ਨੇ ਸੰਵੇਦਨਾ ਨੂੰ ਟੁੰਬਿਆ।

-ਹਾਂ, ਬਹੁਤ ਨੇ ਰਵੀ ਜੀ। ਪਿਤਾ ਜੀ ਵਿਆਜ ਤੇ ਪੈਸੇ ਦਿੰਦੇ। ਉਹ ਗਰੀਬ ਲੋਕ ਸਨ ਸਾਰਾ ਪਿੰਡ। ਕਹਿਣ ਨੂੰ ਤਾਂ ਰਾਜਪੂਤ ਕਹਾਉਂਦੇ ਨੇ, ਪਰ ਉਹ ਪਾਕਿਸਤਾਨੋਂ ਉੱਠ ਕੇ ਆਏ ਸਨ, ਝਨਾਂ ਦੇ ਕੰਢਿਉਂ। ਹੈਂਡ ਟੂ ਮਾਊਥ। ਉਹਨਾਂ ਦੀਆਂ ਤੀਵੀਆਂ ਕੰਮ ਕਰਦੀਆਂ। ਬਾਹਰ ਜੱਟਾਂ ਦੇ ਖੇਤਾਂ 'ਚ। ਸਾਡੇ ਉਥੇ ਜੱਟਾਂ ਦੇ ੧੪-੧੫ ਟੱਬਰ ਸਨ। ਸਾਰੇ ਆਪੋ ਆਪਣੀਆਂ ਜ਼ਮੀਨਾਂ 'ਚ ਬੈਠੇ ਸਨ ਘਰ ਬਣਾ ਕੇ। ਬੰਦੇ ਉਹਨਾਂ ਦੇ ਮੰਡੀਆਂ 'ਚ ਦਲਾਲੀ ਕਰਦੇ ਤੇ ਕੱਟਿਆਂ ਵੱਛਿਆਂ ਦਾ ਵਪਾਰ ਕਰਦੇ। ਜਦੋਂ ਮੈਂ ਵਿਆਜ ਲੈਣ ਉਨ੍ਹਾਂ ਦੇ ਘਰਾਂ 'ਚ ਜਾਂਦਾ ਤਾਂ ਜੁਆਕ ਰੋਟੀ ਲਈ ਰੋ ਰਹੇ ਹੁੰਦੇ, ਰੋਟੀ ਵੀ ਕਾਹਨੂੰ ਖਿਚੜੀ। ਅਜਿਹੀ ਹਾਲਤ 'ਚ ਮੈਂ ਖਾਲੀ ਹੱਥ ਪਰਤ ਆਉਂਦਾ। ਤਕਾਜ਼ਾ ਹੀ ਨਾ ਕਰਦਾ। ਆ ਕੇ ਝੂਠ ਬੋਲਦਾ ਕਿ ਉਹਨਾਂ ਦੇ ਘਰ ਕੋਈ ਨਹੀਂ ਸੀ ਜਾਂ ਕੁਝ ਹੋਰ। ਕੁਝ ਸਮਾਂ ਤਾਂ ਇਹ ਗੱਲ ਚੱਲੀ ਤੇ ਫੇਰ ਖਾਲੀ ਹੱਥ ਆਉਣ ਤੇ ਮਾਰ ਪੈਣ ਲੱਗੀ। 'ਸਾਲਾ ਵੱਡਾ ਹਾਤਿਮ ਕਿੱਥੋਂ ਜੰਮ ਪਿਆ ਸਾਡੇ ਘਰੇ।' ਮੈਂ ਉਹਨਾਂ ਲੋਕਾਂ ਨੂੰ ਪੱਠਿਆਂ ਦੀ ਭਰੀ, ਕੋਈ ਗੰਨਾ ਵਗੈਰਾ ਤੋਂ ਡੱਕਦਾ ਨਹੀਂ ਸਾਂ। ਪਰ ਬਾਪ ਮੇਰਾ ਉਹਨਾਂ ਨੂੰ ਗਾਲ੍ਹੀਂ ਡਹਿ ਪੈਂਦਾ। ਸਾਰੇ ਜੱਟ ਇਉਂ ਈ ਕਰਦੇ ਸਨ। ਉਹ ਅੱਗੋਂ ਉਭਾਸਰਦੇ ਨਾ। ਸਗੋਂ ਮਿਨਤ ਤਰਲਾ ਕਰਦੇ ਰਹਿੰਦੇ। ਮੇਰਾ ਮਨ ਭਰ ਜਾਂਦਾ। ਮੈਨੂੰ ਗਾਲ੍ਹਾਂ ਪੈਂਦੀਆਂ। ਮਾਂ ਵੀ ਕਹਿੰਦੀ, 'ਤੂੰ ਤਾਂ ਆਥਣ ਨੂੰ ਘਰ ਲੁਟਾ ਦੇਵੇਂ..... ਤੈਨੂੰ ਲੁੱਟਕੇ ਖਾ ਜਾਣ ਇਹ ਲੋਕ।' ਛੋਟੇ ਭਰਾ ਵੀ ਮੈਨੂੰ ਖਿਝਾਉਂਦੇ 'ਹਾਤਮਤਾਈ' ਕਹਿ ਕੇ ਚਿੜਾਉਂਦੇ ਤੇ ਰਵਾਉਂਦੇ। ਬੱਸ, ਉਹੀ ਮਨ ਕੂਲਾ ਤੇ ਸਖ਼ਤ। ਅੰਦਰੇ ਅੰਦਰ ਕਈ ਕੁਝ ਵਾਪਰਦਾ ਗਿਆ। ਅੱਜ ਸੋਚਦਾ ਹਾਂ ਕਿ ਆਖਰ ਉਹ ਕਿਹੜੇ ਹਾਲਾਤ ਸਨ ਕਿ ਇਕ ਪਿਤਾ ਛੇਵੀਂ 'ਚ ਪੜ੍ਹਦੇ ਪੁੱਤਰ ਨੂੰ ਹੱਥੀਂ ਅਫੀਮ ਦਿੰਦਾ ਖਾਣ ਲਈ.... ਗੱਲ ਇਉਂ ਹੋਈ ਸੀ ਕਿ ਸਾਰੀ ਕਣਕ ਹੱਥੀਂ ਵੱਢਣੀ ਸੀ, ਕਣਕ ਦੇ ਕੀਲੇ ਜ਼ਿਆਦਾ ਸੀ। ਕਣਕ ਵਿਚ ਘੱਟ ਸੀ। ਪੋਹਲੀ, ਜੁਆਸਾਂ, ਲੇਹ ਦੇ ਕੰਡੇ ਤੇ ਕੱਖ ਕਾਨ ਵੱਧ ਸੀ। ਵਢਾਵੇ ਪੈਸੇ ਵੱਧ ਮੰਗਦੇ ਸਨ। ਮੇਰੀਆਂ ਛੁੱਟੀਆਂ ਮੁੱਕਣ ਵਾਲੀਆਂ ਸੀ ਸਕੂਲ ਦੀਆਂ। ਕਣਕ ਕਾਫ਼ੀ ਰਹਿੰਦੀ ਸੀ ਵੱਢਣ ਵਾਲੀ। ਬਾਪ ਵੀ ਸ਼ਾਇਦ ਥੱਕ ਚੁੱਕਿਆ ਸੀ ਦੁਪਿਹਰ



ਨੂੰ। ਗਰਮੀ ਵੀ, ਕੰਡੇ ਵੀ ਕਹਿਣ ਕਿ ਥੋਡਾ ਦੇਣਾ ਕੀ ਐ। ਬਾਪ ਨੇ ਮਾਂ ਮੇਰੀ ਨੂੰ ਚਾਹ ਬਨਾਉਣ ਲਈ ਕਿਹਾ ਕੈੜੀ ਜਿਹੀ, ਤੇ ਪਤਾ ਨਹੀਂ ਕਦੋਂ ਦਾ ਸਾਂਭਿਆ ਮੋਮੀ ਕਾਗਜ਼ ਲਿਆ ਵਿਚੋਂ ਮੋਠਾਂ ਦੇ ਦਾਣੇ ਜਿੰਨੀ ਫੀਮ ਦੇ ਕੇ ਕਿਹਾ 'ਪਾਣੀ ਨਾਲ ਖਾ ਕੇ ਚਾਹ ਪੀ ਲੈ ਫੇਰ ਟੱਕਰਦੇ ਆਂ ਕੰਡਿਆਂ ਨੂੰ।' ਉਨ੍ਹਾਂ ਆਪ ਵੀ ਖਾਧੀ। ਤੇ ਸੱਚਮੁੱਚ ੧੫ ਕੁ ਮਿੰਟ ਪਿੱਛੋਂ ਨਾ ਮੈਨੂੰ ਲੇਹ ਦਿਸੇ ਨਾ ਪੋਹਲੀ। ਬੱਸ ਮੈਂ ਆਥਣ ਤੱਕ ਪੱਬਾਂ ਭਾਰ ਰਿਹਾ। ਉਂਜ ਕਾਮਾ ਮੈਂ ਬਹੁਤ ਵਧੀਆ ਸੀ। ਬਚਪਨ ਤੋਂ ਹੀ ਮਾਂ ਬਾਪ ਵੱਲੋਂ ਵਾਗਾਂ ਖਿੱਚਣ ਤੇ ਕੰਮ ਲਈ ਮਾਰ ਖਾਣ ਕਰਕੇ ਕੰਮ ਮੈਨੂੰ ਔੜਦਾ ਵੀ ਤੇ ਨਿੱਬੜਦਾ ਵੀ ਬੜਾ ਸੀ। ਮਨ ਹਰਾਮੀ ਨਹੀਂ ਸੀ ਮੇਰਾ। ਮੈਂ ਮੰਨਦਾਂ ਇਹ ਮੇਰੇ ਲੇਖਕ ਹੋਣ ਕਰਕੇ ਹੀ ਸੀ। ਸੁਭਾਅ ਮੇਰਾ ਮਿਹਨਤੀ ਸੀ ਹਿੰਮਤੀ। ਅੱਗੇ ਜਾ ਕੇ ਬੜਾ ਕੰਮ ਦਿੱਤਾ ਇਸ ਸੁਭਾ ਨੇ।

?-ਇਹ ਵਿਅਕਤੀ ਸੁਖਜੀਤ ਸਾਹਿਤਕਾਰ ਸੁਖਜੀਤ ਕਿਵੇਂ ਬਣ ਜਾਂਦਾ ਹੈ।

-ਰਵੀ ਜੀ, ਮੇਰੇ ਪਿਤਾ ਜੀ ਦਾ ਇਕ ਹੋਰ ਰੂਪ ਵੀ ਸੀ। ਉਹਨਾਂ ਦਾ ਗ੍ਰੰਥਾਂ, ਸ਼ਾਸਤਰਾਂ ਤੇ ਗੁਰਬਾਣੀ ਨਾਲ ਪਿਆਰ। ਮੁੱਢੋਂ ਹੀ ਘਰ 'ਚ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਸਨ, ਟੀਕਿਆਂ ਵਾਲੀਆਂ। ਮਹਾਂਭਾਰਤ ਤੇ ਰਮਾਇਣ ਸੀ। ਤੁਸੀਂ ਮੰਨਣਾ ਨਹੀਂ ਕਿ ਤੀਜੀ ਜਮਾਤ 'ਚ ਮੈਂ ਮਹਾਂਭਾਰਤ ਤੇ ਰਮਾਇਣ ਪੜ੍ਹ ਲਈ ਸੀ। ਸਵੇਰੇ ਸ਼ਾਮ ਪਾਠ ਵੀ ਕਰਦਾ ਸਾਂ। ਮੈਂ ਜਿਹੜੀ ਪਹਿਲੀ ਕਿਤਾਬ ਖਰੀਦੀ ਪੰਜਵੀਂ 'ਚ ਪੜ੍ਹਦਿਆਂ, ਉਹ ਹੀਰ ਵਾਰਸ ਸ਼ਾਹ ਸੀ। ਦੁਕਾਨਦਾਰ ਦੇਵੇ ਨਾ, ਮਖੌਲ ਕਰੇ। 'ਕਿਸਨੇ ਮੰਗਾਈ ਏ? ਭਾਬੀ ਨੇ ਜਾਂ......।' ਪੜ੍ਹਦਾ ਪੜ੍ਹਦਾ ਲਿਖਣ ਵੀ ਮੈਂ ਉਦੋਂ ਕੁ ਹੀ ਲੱਗ ਗਿਆ। ਮੇਰਾ ਮਾਮਾ ਹਰਬੰਸ ਫੌਜੀ ਸੀ। ਉਹ ਗੀਤ, ਕਵਿਤਾਵਾਂ ਤੇ ਕਹਾਣੀਆਂ ਲਿਖਦਾ। ਨਾਵਲ ਵੀ ਲਿਖੇ ਇਕ ਦੋ ਉਹਨੇ। ਫੌਜੀ ਰਸਾਲੇ 'ਚ ਹੀ ਛਪਦਾ। ਛੁੱਟੀ ਆਇਆ ਸਾਡੇ ਕੋਲ ਰਹਿੰਦਾ। ਉਹਨੂੰ ਵੇਖ ਮੈਂ ਵੀ ਪ੍ਰਚੱਲਤ ਗੀਤਾਂ ਦੀ ਤਰਜ ਤੇ 'ਅੱਗ ਢਾਕੇ 'ਚ ਫੌਜਾਂ ਨੇ ਜਾ ਲਾਈ ਰਾਤ ਨੂੰ......' ਵਰਗੇ ਗੀਤ ਲਿਖਣੇ ਸ਼ੁਰੂ ਕੀਤੇ। ਜਿੱਥੋਂ ਮੈਨੂੰ ਐਕਸਪੋਜ਼ਰ ਮਿਲਿਆ। ਉਹਨਾਂ ਦਿਨਾਂ 'ਚ ਹੀ ਫੌਜ ਨੇ ਸਾਡੇ ਖੇਤਾਂ 'ਚ ਮੋਰਚੇ ਆ ਬਣਾਏ। ਸਾਡੇ ਘਰੋਂ ਦੁੱਧ ਲੱਸੀ ਚਾਹ ਪੀਂਦੇ ਗੱਲਾਂ ਕਰਦੇ। ਮੇਰੇ ਮਨ 'ਚ ਦੇਸ਼ ਭਗਤੀ ਦੀ ਭਾਵਨਾ ਪੈਦਾ ਹੋ ਗਈ। ਸਕੂਲ ਦੇ ਮੈਗਜ਼ੀਨ 'ਚ ਦੇਸ਼ ਪਿਆਰ ਦੀਆਂ ਕਵਿਤਾਵਾਂ ਤੇ 'ਵਤਨਪ੍ਰੀਤ' ਵਰਗੀ ਕਹਾਣੀ ਏਸੇ ਦਾ ਨਤੀਜਾ ਸੀ। ਉਦੋਂ ਤੋਂ ਫੌਜੀ ਮੈਨੂੰ ਚੰਗੇ ਲੱਗਣ ਲੱਗੇ। ਉਨ੍ਹਾਂ ਦੇ ਹਥਿਆਰ ਖਿੱਚ ਪਾਉਂਦੇ। ਬਾਅਦ 'ਚ ਮੈਂ ਸੈਕਿੰਡ ਲੈਫਟੀਨੈਂਟ ਲਈ ਕੋਸ਼ਿਸ਼ ਵੀ ਕੀਤੀ। ਪਰ.... ਪਰ ਦੇਸ਼ ਪ੍ਰੇਮ ਦੀ ਭਾਵਨਾ ਮੇਰੇ ਅੰਦਰ ਘਰ ਕਰ ਗਈ। ਪ੍ਰੇਮ ਸੰਵੇਦਨਾ ਦੀ ਪਹਿਲੀ ਸ਼ਰਤ ਹੈ ਤੇ ਸੰਵੇਦਨਾ ਸਿਰਜਣਾ ਦੀ ਪਹਿਲੀ ਪਾਉੜੀ। ਬੱਸ ਫੇਰ ਕੀ ਸੀ ਚੱਲ ਸੋ ਚੱਲ।

?-ਕੁੱਝ ਅੱਲੜ ਉਮਰ ਦੇ ਅਨੁਭਵ ਵੀ ਹੋਣਗੇ, ਜਿਹੜੇ ਲੇਖਕ ਬਣਨ 'ਚ ਸਹਾਈ ਹੋਏ।

-ਬਿਲਕੁੱਲ ਰਵੀ ਜੀ। ਜਿਸ ਵਿਚਾਰ ਨੂੰ, ਵਿਅਕਤੀ ਨੂੰ ਜਿੰਨਾ ਤੁਸੀਂ ਦਬਾਓਗੇ ਓਨਾ ਹੀ ਫੈਲੇਗਾ। ਮੈਨੂੰ ਬੜਾ ਦਬਾਇਆ ਗਿਆ। ਜਿਹੜੇ ਸਾਡੇ ਮੁਜਾਰੇ ਸਨ, ਉਹਨਾਂ ਲੋਕਾਂ ਦੇ ਰਹਿਣ ਸਹਿਣ 'ਚ ਖੁੱਲ੍ਹਾਪਣ ਸੀ। ਤੀਮੀਆਂ ਉਨ੍ਹਾਂ ਦੀਆਂ ਉਹੋ ਜਿਹੀਆਂ ਸਨ ਜੇਹੋ ਜਿਹੀਆਂ ਸਾਹਿਤ ਵਿਚ ਆਪਾਂ ਪੋਠੋਹਾਰਨਾਂ ਬਾਰੇ ਪੜ੍ਹਦੇ ਆਂ। ਉਹਨਾਂ ਰੱਜ ਕੇ ਦੰਦਾਸਾ ਮਲਣਾ, ਕੱਜਲ ਪਾਉਣਾ, ਅੱਖਾਂ ਨਾਲ ਗੱਲਾਂ ਕਰਨੀਆਂ। ਮਾਂ ਮੇਰੀ ਨੇ ਮੈਨੂੰ ਹਮੇਸ਼ਾਂ ਘੂਰ ਕੇ ਰੱਖਣਾ ਕਿ ਇਹਨਾਂ ਵੱਲ ਵੇਖਣਾ ਨਹੀਂ, ਇਹਨਾਂ ਨਾਲ ਮਤਲਬ ਦਾ ਬੋਲਣੈ, ਖਾਣਾ ਨਹੀਂ, ਪੀਣਾ ਨਹੀਂ ਏਹਨਾਂ ਹੱਥੋਂ....। ਮਾਂ ਮੇਰੀ ਨੂੰ ਆਪਣੇ ਨਾਮਧਾਰੀ ਹੋਣ 'ਤੇ ਹੰਕਾਰ ਵਰਗਾ ਮਾਣ ਸੀ। ਉਂਜ ਇਹ ਸ਼ਾਇਦ ਹਰ ਨਾਮਧਾਰੀ ਨੂੰ ਹੈ, ਸਰਵਸ੍ਰੇਸ਼ਟ ਹੋਣ ਦਾ ਮਾਣ। ਗੁਰੂ ਵਾਲੇ ਹੋਣ ਦਾ ਮਾਣ। ਮੇਰੀ ਮਾਂ ਬੜੀ ਕੱਟੜ ਸੀ, ਉਸ ਨੇ ਬੜਾ ਦਬਾਇਆ ਮੈਨੂੰ। ਉਹਨਾਂ ਤੀਮੀਆਂ ਨੇ ਬਣ ਫਬ ਕੇ, ਸੁੱਥਣਾਂ ਟੰਗ ਕੇ ਝੋਨਾ ਲਾਉਣਾ ਜਾਂ ਹੋਰ ਕੰਮ ਕਰਨੇ, ਉਹਨਾਂ ਦੀਆਂ ਗੋਲ ਪਿੰਜਣੀਆਂ ਨੇ ਮੱਲੋ ਮੱਲੀ ਧਿਆਨ

ਖਿੱਚਣਾ। ਜੁਆਨ ਹੋ ਰਿਹਾ ਸਾਂ ਪਰ ਮਾਂ ਦਾ ਡਰ ਏਨਾ ਕਿ ਕੰਬ ਜਾਣਾ, ਅੰਦਰ ਹੀ ਅੰਦਰ ਬੜਾ ਕੁਝ ਵਾਪਰਨਾ। ਇਹ ਵੀ ਕਾਰਨ ਐ ਲੇਖਕ ਹੋ ਜਾਣ ਦਾ। ਨਾਮਧਾਰੀਆਂ 'ਚ ਊਚ ਨੀਚ, ਜਾਤ ਪਾਤ ਬ੍ਰਾਹਮਣਵਾਦ ਵਾਂਗੂ ਹੀ ਹੈ। ਨਾਮਧਾਰੀ ਤੇ ਸਨਾਤਨੀ ਇਕੋ ਚੀਜ਼ ਹੈ। ਸਾਡੇ ਆਲੇ ਦੁਆਲੇ ਉਹੀ ਲੋਕ ਸਨ ਜਿਹਨਾਂ ਨੂੰ ਮੇਰੀ ਮਾਂ ਕਮੀਣ ਕਹਿੰਦੀ। ਅਖੇ, ਇਹਨਾਂ ਨਾਲ ਵਰਤਣਾ ਨਹੀਂ, ਨਾਲ ਖਾਣਾ ਪੀਣਾ ਨਹੀਂ..... ਸਾਡੇ ਉਹੀ ਦੋਸਤ ਸਨ..... ਨਾਲ ਖੇਡਣ ਵਾਲੇ ਹਾਣੀ। ਉਥੋਂ ਮਨ 'ਚ ਵਿਦਰੋਹ ਸ਼ੁਰੂ ਹੋਇਆ ਤੇ ਉਹ ਵਿਦਰੋਹ ਰਚਨਾਵਾਂ 'ਚ ਨਿਕਲਣ ਲੱਗਾ। ਕਾਲਜ ਜਾਣ ਵੇਲੇ ਮੇਰਾ ਬੜਾ ਜੀਅ ਕਰਨਾ ਕਿ ਪੈਂਟ ਸ਼ਰਟ ਪਾਵਾਂ, ਰੰਗ ਬਦਲ-ਬਦਲ ਪੇਚਦਾਰ ਪੱਗਾਂ ਬੰਨਾਂ, ਪਰ ਮਾਂ ਮੇਰੀ ਮੂਹਰੇ ਆ ਜਾਂਦੀ ਤੇ ਮੈਂ ਗੋਲ ਪੱਗ ਤੇ ਪਜਾਮੀ ਨਾਲ ਕਾਲਜ ਜਾਂਦਾ। ਕਈ ਵਾਰੀ ਕੋਈ ਮੁੰਡਾ ਗੁਰਦਵਾਰੇ ਦਾ ਭਾਈ ਕਹਿ ਦਿੰਦਾ। ਜੀਅ ਕਰਦਾ ਕਿ ਚੀਖ ਕੇ ਕਹਾਂ ਕਿ ਮੈਂ ਜੱਟ ਆਂ ਜੱਟ.....। ਚੁੱਪ ਈ ਰਹਿ ਜਾਂਦਾ। ਨਾ ਕੰਨਟੀਨ ਜਾਣ ਦਾ ਹੁਕਮ ਸੀ, ਨਾ ਸਿਨੇਮੇ ਜਾਣ ਦਾ। ਬੱਸ ਆਪਣੀ ਭੜਾਸ ਕਾਗਜ਼ਾਂ 'ਤੇ ਕੱਢਣ ਲੱਗਾ।

?-ਸਾਹਿਤਕਾਰੀ ਦਾ ਸਬੰਧ ਜੀਵਨ ਅਨੁਭਵ, ਵਿਚਾਰਧਾਰਾਈ ਪਰਪੱਕਤਾ ਜਾਂ ਫਿਰ ਸਾਹਿਤਕ ਸਾਧਨਾ ਤਿੰਨਾਂ ਵਿਚੋਂ ਕਿਸ ਨਾਲ ਵਧੇਰੇ ਹੈ? ਜਾਂ ਫਿਰ 'ਗੁਰੂ ਬਿਨਾਂ ਗਤ ਨਹੀਂ' ਵਾਲੀ ਗੱਲ ਇੱਥੇ ਵੀ ਢੁਕਦੀ ਹੈ।

-ਇਨ੍ਹਾਂ ਤਿੰਨਾਂ ਤੋਂ ਵੀ ਵੱਖਰੀ ਸ਼ੈਅ ਜਿਹੜੀ ਜੀਵਨ ਵਿਚ ਨਿਰਣਾਇਕ ਸਿੱਧ ਹੁੰਦੀ ਹੈ, ਉਹ ਹੈ ਵਿਅਕਤੀਆਂ, ਵਰਤਾਰਿਆਂ ਨੂੰ ਸਮਝਣ ਲਈ ਵਿਸ਼ਲੇਸ਼ਣੀ ਨੀਝ ਦਾ ਹੋਣਾ। ਇਹੀ ਨੀਝ ਮੈਨੂੰ ਖੇਤੀ 'ਚ ਸਹਾਈ ਹੋਈ, ਇਹੀ ਸਰਪੰਚੀ ਦੌਰਾਨ ਅਤੇ ਇਸੇ ਨੀਝ ਨੇ ਮੈਨੂੰ ਬਦਮਾਸ਼ੀ 'ਚ ਸਥਾਪਤ ਕੀਤਾ। (ਹੱਸ ਕੇ) ਹੁਣ ਸਵਾਮੀ ਹੁੰਦਿਆਂ ਬੜੀ ਸਹਾਈ ਹੋ ਰਹੀ ਐ। ਜਿਹੜਾ ਬੰਦਾ ਆਪਣੇ ਆਲੇ ਦੁਆਲੇ ਤੁਰਦੇ ਫਿਰਦੇ ਹੱਡ ਮਾਸ ਦੇ ਬੰਦਿਆਂ ਨੂੰ ਨਹੀਂ ਸਮਝ ਸਕਦਾ, ਉਹ ਪਾਤਰਾਂ ਨਾਲ ਕੀ ਨਿਆਂ ਕਰੇਗਾ? ਇਸੇ ਲਈ ਮੇਰੀ ਸਾਹਿਤਕਾਰੀ ਦਾ ਪਹਿਲਾ ਧੁਰਾ ਇਹ ਵਿਸ਼ਲੇਸ਼ਣੀ ਨੀਝ ਹੀ ਹੈ। ਦੂਜਾ ਅਨੁਭਵ ਹੈ। ਅਨੁਭਵ ਤੁਹਾਡੀ ਸਾਹਿਤਕਾਰੀ ਨੂੰ ਪ੍ਰਮਾਣਿਕਤਾ ਬਖਸ਼ਦਾ ਹੈ। ਸਾਹਿਤਕ ਸਾਧਨਾ ਸਾਹਿਤਕਾਰੀ 'ਚ ਨਿਖਾਰ ਲਿਆਉਂਦੀ ਹੈ। ਰਹੀ ਗੱਲ ਵਿਚਾਰਧਾਰਾ ਦੀ, ਮੇਰੇ ਲਈ ਇਸ ਦਾ ਅਰਥ ਸੱਚਮੁੱਚ ਹੀ ਵਿਚਾਰਾਂ ਦੀ ਧਾਰਾ ਹੈ ਨਾ ਕਿ ਵਿਚਾਰਾਂ ਦੀ ਜੜ੍ਹਤਾ। ਸਾਡੇ ਬਹੁਤੇ ਲੇਖਕ ਰੌਲਾ ਤਾਂ ਵਿਚਾਰਧਾਰਾ ਦਾ ਪਾਉਂਦੇ ਹਨ, ਪਰ ਉਹ ਭੁਗਤਦੇ ਵਿਚਾਰ ਜੜ੍ਹਤਾ ਦੇ ਹੱਕ 'ਚ ਹਨ।

ਨੀਝ, ਉਹ ਵੀ ਵਿਸ਼ਲੇਸ਼ਣੀ। ਇਹ ਮੈਨੂੰ ਮੇਰੇ ਸਾਹਿਤਕ ਗੁਰੂ ਸੁਰਜੀਤ ਖੁਰਸ਼ੀਦੀ ਹੋਰਾਂ ਨੇ ਵੀ ਬਖ਼ਸ਼ੀ। ਬੱਸ ਕਮਾਲ ਸਨ ਉਹ ਵੀ। ਬੜਾ ਸਾਥ ਮਾਣਿਆ ਉਹਨਾਂ ਦਾ। ਬੜੇ ਕੰਨ ਖਿੱਚੇ ਉਹਨਾਂ ਮੇਰੇ। ਸਿੱਖਿਆ ਤਾਂ ਮੈਂ ਸਤਿਗੁਰੂ ਜਗਜੀਤ ਸਿੰਘ ਹੁਰਾਂ ਪਾਸੋਂ ਵੀ ਬਹੁਤ ਕੁੱਝ ਹੈ। ਜਿਹੜੀ ਗੱਲ ਆਪਾਂ ਪੜ੍ਹਦੇ ਹੁੰਦੇ ਹਾਂ 'ਅਸੰਭਵ' ਸ਼ਬਦ ਬਾਰੇ ਕਿ ਮੂਰਖਾਂ ਦੀ ਡਿਕਸ਼ਨਰੀ 'ਚੋਂ ਮਿਲਦੈ, ਗੁਰੂ ਜੀ ਕੋਲ ਕੰਮ ਕਰਦਿਆਂ ਮੈਨੂੰ ਇਹ ਪ੍ਰਾਪਤੀ ਹੋਈ ਕਿ ਅਸੰਭਵ ਕੁਝ ਨਹੀਂ ਹੁੰਦਾ। ਕੁੱਝ ਅਜਿਹੇ ਕੰਮ ਹੋਏ ਰਵੀ ਜੀ ਕਿ ਪੁੱਛੋ ਨਾ..... ਅੱਛਾ, ਜਿਹੜੀ ਗੱਲ ਮੈਂ ਕਹਿਣੀ ਚਾਹੁੰਨਾਂ ਉਹ ਇਹ ਹੈ ਕਿ ਇਹ ਸੰਭਵ ਤਾਂ ਹੋ ਸਕਿਆ ਜੇ ਮੈਂ ਲੇਖਕ ਹਾਂ। ਮੈਂ ਅੱਜ ਵੀ ਕਹਿੰਨਾਂ ਕਿ ਕੋਈ ਵੀ ਅਸੰਭਵ ਕਾਰਜ ਹੋਵੇ, ਜੋ ਕਿਸੇ ਵੀ ਤਰ੍ਹਾਂ ਹੁੰਦਾ ਨਾ ਹੋਵੇ। ਉਹਨੂੰ ਸਤਿਗੁਰੂ ਜਗਜੀਤ ਸਿੰਘ ਕਰਵਾਉਣਾ ਚਾਹੁੰਦੇ ਹੋਣ ਅਤੇ ਮੈਂ ਕਰਨਾ ਹੋਵੇ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਕਾਰਜ ਰਾਸ ਨਾ ਹੋਵੇ। ਡੇਰੇ ਮੁੱਢ ਜੱਦੀ ਜ਼ਮੀਨ ਵਾਲੇ ਜੱਟਾਂ ਤੋਂ ਜ਼ਮੀਨ ਲੈਣੀ ਬੜਾ ਮੁਸ਼ਕਿਲ ਕੰਮ ਸੀ, ਪਰ ਅਜਿਹੇ ਕੰਮ ਮੈਂ ਸਹਿਜੇ ਹੀ ਕਰ ਲਏ..... ਹੋਰ ਬੜੇ ਕੰਮ ਨੇ ਅਜਿਹੇ ਜੋ ਮੈਂ ਤੇ ਗੁਰੂ ਜੀ ਜਾਣਦੇ ਹਾਂ। ਉਹਨਾਂ ਬਾਰੇ ਮੈਂ ਦੱਸ ਨਹੀਂ ਸਕਦਾ ਕਿਉਂਕਿ ਉਥੇ ਜੋ ਵੀ ਕੀਤਾ ਉਹਨਾਂ ਦੀ ਕਿਰਪਾ ਨਾਲ.... ਉਹ ਮੈਨੂੰ ਪਿਆਰ ਕਰਦੇ ਸਨ ਤੇ ਮੇਰਾ ਧਰਮ ਨਹੀਂ ਉਹ ਭੇਦ ਦੱਸਣੇ..... ਉਂਜ ਵੀ ਹਰਪਾਲ ਨਾਲ ਵਾਅਦੈ



ਕਿ ਐਹੋ ਜਿਹਾ ਕੁਝ ਨਹੀਂ ਲਿਖਣਾ।

?....ਤੇ ਫੇਰ ਸਾਹਿਤਕਾਰ ਦਾ ਧਰਮ।

-ਸਾਹਿਤਕਾਰ ਦੇ ਧਰਮ ਤੋਂ ਮੈਂ ਕਦੇ ਭੱਜਿਆ ਨਹੀਂ। ਸਮਾਂ ਆਉਣ ਤੇ ਉਹ ਹਰ ਗੱਲ ਕਰਾਂਗਾ ਜੋ ਕਰਨੀ ਬਣਦੀ ਹੈ। ਤੇ ਅੱਜ ਤੱਕ ਕਰਦਾ ਵੀ ਰਿਹਾ ਹਾਂ। ਇਹ ਤੁਸੀਂ ਵੀ ਜਾਣਦੇ ਹੋ ਕਿ ਡਰ ਮੇਰੀ ਖੱਲੜੀ 'ਚ ਉੱਕਾ ਈ ਨਹੀਂ। ਹਾਂ ਮੇਰਾ ਇਕ ਦੁਖਾਂਤ ਜ਼ਰੂਰ ਐ ਕਿ ਜਦੋਂ ਵੀ ਮੈਂ ਡੇਰਾਵਾਦ ਬਾਰੇ ਕੁਝ ਲਿਖਦਾ ਹਾਂ ਤਾਂ ਸਿੱਧਾ ਹੀ ਇਹ ਸਮਝਿਆ ਜਾਂਦੈ ਕਿ ਉਹ ਭੈਣੀ ਸਾਹਿਬ ਬਾਰੇ ਹੈ। ਜੇ ਕਿਸੇ ਸਾਧ ਸੰਤ ਬਾਰੇ ਲਿਖਦਾ ਹਾਂ ਤਾਂ ਸਮਝਿਆ ਜਾਂਦਾ ਕਿ ਗੁਰੂ ਜੀ ਬਾਰੇ ਹੈ ਜਦਕਿ ਮੈਂ ਹੋਰ ਬਹੁਤ ਨਿੱਕੇ ਮੋਟੇ ਡੇਰੇ ਦੇਖੇ ਨੇ ਤੇ ਸੰਤ ਵੀ। ਪਰ ਭੈਣੀ ਸਾਹਿਬ ਰਿਹਾ ਹੋਣ ਕਰਕੇ ਮੇਰੀ ਕੀਤੀ ਕੋਈ ਵੀ ਗੱਲ ਜੋ ਚਾਹੇ ਕਿਸੇ ਵੀ ਸਾਧ ਸੰਤ ਬਾਰੇ ਹੋਵੇ ਜਾਂ ਫਿਰ ਸਮੁੱਚੇ ਡੇਰਾਵਾਦ ਬਾਰੇ ਹੋਵੇ, ਉਹ ਭੈਣੀ ਸਾਹਿਬ ਬਾਰੇ ਹੀ ਸਮਝੀ ਜਾਂਦੀ ਹੈ। ਬਾਕੀ ਕੁਝ ਮੇਰੇ ਵਿਰੋਧੀ ਵੀ ਜਾਣ ਬੁੱਝ ਕੇ ਸਿਰਫ ਇਹੀ ਕੰਮ ਕਰਦੇ ਨੇ। ਕਿਉਂਕਿ ਸਾਡੀ ਰਾਜਨੀਤੀ 'ਚ ਦੋ ਤਰ੍ਹਾਂ ਦੇ ਲੋਕ ਨੇ। ਇਕ ਤਾਂ ਆਪਣੇ ਪੱਟਾਂ ਦੇ ਜ਼ੋਰ ਨਾਲ ਅੱਗੇ ਵਧਦੇ ਨੇ, ਦੂਜੇ ਕੰਪੀਟੀਟਰ ਅੱਗੇ ਟੋਏ ਪੁੱਟ ਕੇ ਰੁਕਾਵਟਾਂ ਖੜ੍ਹੀਆਂ ਕਰਕੇ ਅੱਗੇ ਵਧਣਾ ਚਾਹੁੰਦੇ ਨੇ। ਕਿਉਂਕਿ ਉਨ੍ਹਾਂ ਦੀ ਹਿੱਕ ਜਾਂ ਪੱਟਾਂ 'ਚ ਜ਼ੋਰ ਨਹੀਂ ਹੁੰਦਾ..... ਜਿਵੇਂ ਮੈਂ ਦੱਸਿਆ ਕਿ ਲੇਖਕ ਜਿਹੜਾ ਹੁੰਦਾ ਉਹ ਨਿਆਂਕਾਰੀ ਹੁੰਦਾ ਹੈ, ਸੱਚਾ ਸੁੱਚਾ ਕੰਮ ਕਰਨ ਵਾਲਾ ਮਿਹਨਤੀ। ਮੈਂ ਤਾਂ ਅਜਿਹਾ ਸਾਂ ਤੇ ਹਾਂ। ਮੈਂ ਬਦਮਾਸ਼ੀ ਵੀ ਕੀਤੀ ਤਾਂ ਸੁੱਚੀ ਬਦਮਾਸ਼ੀ। ਗਰੀਬਾਂ ਨਾਲ, ਥੁੜਿਆਂ ਨਾਲ ਖੜ੍ਹਨ ਵਾਲੀ। ਜਾਬਰ ਨਾਲ ਟੱਕਰ ਲੈਣ ਵਾਲੀ। ਬੜੀਆਂ ਉਦਾਹਰਣਾਂ ਨੇ ਮੇਰੇ ਕੋਲ। ਪਰ ਇਹ ਤਾਂ ਹੀ ਸੀ ਕਿ ਮੈਂ ਲੇਖਕ ਸਾਂ।

?-ਪਰ ਇਲਜ਼ਾਮ ਤਾਂ ਸਾਡੇ ਸਾਹਿਤਕਾਰਾਂ ਤੇ ਇਹ ਲੱਗਦਾ ਹੈ ਕਿ ਇਹਨਾਂ ਦੀ ਕਥਨੀ ਤੇ ਕਰਨੀ 'ਚ ਵੱਡੇ ਪਾੜੇ ਹੁੰਦੇ ਨੇ। ਇਹ ਸਿਰਫ ਆਪਣੀਆਂ ਲਿਖਤਾਂ 'ਚ ਹੀ ਅਣਖੀ ਤੇ ਦਲੇਰ ਹੁੰਦੇ ਨੇ, ਅਸਲ ਜੀਵਨ 'ਚ ਨਹੀਂ।

-ਇਹ ਜਿਹੜੀ ਲੇਖਕਾਂ ਦੀ ਅਣਖ ਦੀ ਗੱਲ, ਦਲੇਰੀ ਦੀ ਗੱਲ ਤੁਸੀਂ ਕਰਦੇ ਹੋ, ਇਸ ਬਾਰੇ ਮੈਂ ਹੋਰ ਤਰੀਕੇ ਨਾਲ ਸੋਚਦਾ ਹਾਂ। ਮੈਂ ਇਹ ਸਮਝਦਾ ਹਾਂ ਕਿ ਲੇਖਕ ਚੰਗੇ ਹੁੰਦੇ ਨੇ, ਸਾਊ ਜਾਂ ਬੀਬੇ। ਆਪਣੀ ਰਚਨਾ 'ਚ ਇਹ ਕਈ ਵਾਰ ਉਹ ਹੁੰਦੇ ਨੇ ਜੋ ਇਹ ਆਮ ਜੀਵਨ 'ਚ ਨਹੀਂ ਹੁੰਦੇ। ਸਾਹਿਤ ਸਭਾ ਮਾਛੀਵਾੜਾ ਦੀ ਗੱਲ ਐ। ਖੁਰਸ਼ੀਦੀ ਜੀ ਪ੍ਰਧਾਨ ਸਨ ਉਦੋਂ। ਕ੍ਰਿਸ਼ਨ ਭਨੋਟ ਨਾਲ ਪਿੰਡ 'ਚ ਧੱਕਾ ਹੋ ਰਿਹਾ ਸੀ। ਕ੍ਰਿਸ਼ਨ ਭਨੋਟ ਵੀ ਸਾਹਿਤ ਸਭਾ ਮਾਛੀਵਾੜਾ ਦਾ ਪ੍ਰਧਾਨ ਰਿਹਾ ਸੀ। ਖੁਰਸ਼ੀਦੀ ਜੀ ਨੇ ਸਭਾ ਵਿਚ ਗੱਲ ਰੱਖੀ ਕਿ ਭਨੋਟ ਦੇ ਹੱਕ ਵਿਚ ਮਤਾ ਪਾ ਦੇਈਏ ਤੇ ਜਿਹੜੇ ਉਹਨੂੰ ਤੰਗ ਕਰਦੇ ਨੇ ਉਹਨਾਂ ਦੀ ਨਿੰਦਾ ਕਰੀਏ..... ਬੜੇ ਚੰਗੇ ਬੰਦੇ ਸਨ ਜੁੜੇ ਹੋਏ- ਹਰਬੰਸ ਜੀ, ਨਸੀਮ ਜੀ। ਪਰ ਉਨ੍ਹਾਂ ਮਤਾ ਨਾ ਪਾਇਆ। ਖੁਰਸ਼ੀਦੀ ਜੀ ਨੇ ਇਹ ਲਿਖਕੇ ਅਸਤੀਫ਼ਾ ਦੇ ਦਿੱਤਾ ਕਿ ਉਹ ਅਜਿਹੀ ਨਿਪੁੰਸਕ ਸਭਾ ਦੇ ਪ੍ਰਧਾਨ ਨਹੀਂ ਰਹਿ ਸਕਦੇ। ਪਰ ਅੱਜ ਉਹੀ ਸਾਰੇ ਖੁਰਸ਼ੀਦੀ ਜੀ ਦੀ ਯਾਦ 'ਚ ਇਨਾਮ ਦਿੰਦੇ ਨੇ। ਭਨੋਟ ਜੀ ਵੀ ਆਉਂਦੇ ਨੇ। ਮੈਨੂੰ ਤਾਂ ਭਾਈ ਲੇਖਕਾਂ ਦਾ ਇਹ ਚੰਗਾਪਣ ਈ ਲੱਗਦੈ।

?-ਪੰਜਾਬੀ ਸਾਹਿਤਕਾਰੀ ਬਾਰੇ ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਇਸ ਕੋਲ ਦਾਰਸ਼ਨਿਕ ਦ੍ਰਿਸ਼ਟੀ ਦੀ ਘਾਟ ਹੈ। ਪਰ ਤੁਹਾਡੀ ਕਹਾਣੀ 'ਅੰਤਰਾ' ਅਤੇ 'ਕਾਮਬਲੀ' ਪੜ੍ਹਦਿਆਂ ਇਹ ਇਲਜ਼ਾਮ ਗਲਤ ਜਾਪਣ ਲਗਦਾ ਹੈ। ਤੁਸੀਂ ਜੀਵਨ, ਮੌਤ, ਕਾਮ ਅਤੇ ਪਿਆਰ ਦੇ ਸਰਬਕਾਲਿਕ ਥੀਮਾਂ ਬਾਰੇ ਵਿਸ਼ੇਸ਼ ਤੌਰ ਤੇ ਕਥਾ ਸਿਰਜਣਾ ਕੀਤੀ ਹੈ। ਦਾਰਸ਼ਨਿਕ ਦ੍ਰਿਸ਼ਟੀ ਵਾਲੀਆਂ ਅਜਿਹੀਆਂ ਕਹਾਣੀਆਂ ਦੀ ਸਿਰਜਣਾ ਕਿਵੇਂ ਸੰਭਵ ਹੋਈ?

-ਪੰਜਾਬੀ ਮਾਨਸਿਕਤਾ ਗੁਲਾਮੀ ਦੇ ਗਲਬੇ ਹੇਠ ਇਕ ਲੰਮਾ ਅਰਸਾ ਰਹੀ ਹੈ। ਪਹਿਲਾਂ ਤਾਂ ਮੁਸਲਿਮ ਹਮਲਾਵਰਾਂ ਨੇ ਕਈ ਸਦੀਆਂ ਆਪਣੇ ਸੁਹਜ ਸੁਆਦ ਅਤੇ ਸਭਿਆਚਾਰ ਦਾ ਇਸ

ਧਰਤੀ ਤੇ ਬੋਲਬਾਲਾ ਰੱਖਿਆ। ਉਨ੍ਹਾਂ ਦੀ ਜੀਵਨ ਵਿਧੀ, ਚੱਜ ਅਚਾਰ ਅਤੇ ਕਲਾ ਕੌਸ਼ਲਤਾ ਨੇ ਸਾਡੀ ਮਾਨਸਿਕਤਾ ਨੂੰ ਪ੍ਰਭਾਵਿਤ ਕਰੀ ਰੱਖਿਆ। ਫਿਰ ਅੰਗਰੇਜ਼ੀ ਰਾਜ ਦੇ ਕਾਇਮ ਹੋਣ ਪਿੱਛੋਂ ਅਸੀਂ ਜੀਵਨ ਨੂੰ ਪੱਛਮੀ ਦ੍ਰਿਸ਼ਟੀਕੋਣ ਤੋਂ ਦੇਖਣ ਲੱਗੇ। ਪੱਛਮੀ ਸੋਚ, ਪੱਛਮੀ ਵਸਤਾਂ ਅਤੇ ਪੱਛਮੀ ਤੌਰ ਤਰੀਕੇ ਸਾਡੀ ਮਾਨਸਿਕਤਾ ਤੇ ਇਸ ਕਦਰ ਹਾਵੀ ਹੋਏ ਕਿ ਅੰਗਰੇਜ਼ਾਂ ਦੇ ੨੦੦ ਸਾਲ ਦੇ ਸ਼ਾਸਨ ਪਿੱਛੋਂ ਜਿਹੜੀ ਕੌਮ ਸਾਹਮਣੇ ਆਈ, ਉਸ ਵਿਚੋਂ ਭਾਰਤੀ ਅੰਗਰੇਜ਼ਾਂ ਦੀ ਭਾਹ ਮਾਰਨ ਲੱਗੀ। ਮਹੁੰਮਦ ਬਿਨ ਕਾਸਿਮ ਦੇ ਹਮਲਿਆਂ ਤੋਂ ਲੈ ਕੇ ਅੰਗਰੇਜ਼ੀ ਸ਼ਾਸਨ ਤੱਕ ਪੰਜਾਬੀ ਮਾਨਸਿਕਤਾ ਕੋਲ ਆਪਣੇ ਵਿਰਸੇ ਨੂੰ ਘੋਖਣ, ਸਮਝਣ ਅਤੇ ਸਲਾਹੁਣ ਦੀ ਸਮਰਥਾ ਹੀ ਬਾਕੀ ਨਹੀਂ ਬਚੀ ਸੀ। ਸਾਨੂੰ ਹਰ ਓਪਰੀ ਸ਼ੈਅ ਚੰਗੇਰੀ ਅਤੇ ਆਪਣੀ ਸ਼ੈਅ ਨਕਾਰਾ ਜਾਪਣ ਲੱਗੀ। ਇਸੇ ਮਾਨਸਿਕਤਾ ਕਾਰਨ ਹੀ ਅਸੀਂ ਲੰਮਾ ਅਰਸਾ ਭਾਰਤੀ ਦਰਸ਼ਨ ਅਤੇ ਹਿੰਦੂ ਧਰਮ ਪ੍ਰਤੀ ਅਵੇਸਲੇ ਰਹੇ। ਦੂਜਾ ਨੁਕਸਾਨ ਸਾਡਾ ਇਸ ਵਿਚਾਰਧਾਰਾ ਨੇ ਕੀਤਾ ਕਿ ਜੋ ਤਰਕ ਦੀ ਕਸਵੱਟੀ ਤੇ ਪੂਰਾ ਨਹੀਂ ਉੱਤਰਦਾ ਉਸ ਨੂੰ ਰੱਦ ਕਰੋ। ਆਧੁਨਿਕਤਾ ਦੇ ਏਸ ਏਜੰਡੇ ਨੇ ਵੀ ਭਾਰਤੀ ਦਰਸ਼ਨ ਦੀ ਪਰੰਪਰਾ ਨੂੰ ਢਾਹ ਹੀ ਲਾਈ ਹੈ। ਹਾਲਾਂ ਕਿ ਹੁਣ ਇਹ ਮਹਿਸੂਸ ਕੀਤਾ ਜਾਣ ਲੱਗਾ ਹੈ ਕਿ ਬਹੁਤ ਕੁੱਝ ਅਜਿਹਾ ਵੀ ਹੈ ਜਿਸ ਨੂੰ ਤਰਕ ਰਾਹੀਂ ਨਹੀਂ, ਸਗੋਂ ਵਿਚਾਰ ਰਾਹੀਂ, ਅਨੁਭਵ ਰਾਹੀਂ ਅਤੇ ਸੰਵੇਦਨਾ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਮੈਂ ਸਦਾ ਹੀ ਮੁਕਤ ਚਿੰਤਨ ਦਾ ਮੁਦੱਈ ਰਿਹਾ ਹਾਂ। ਕੋਈ ਇਕ ਜੀਵਨ ਦ੍ਰਿਸ਼ਟੀਕੋਣ, ਕੋਈ ਇਕ ਲਹਿਰ ਮੈਨੂੰ ਬੰਨ੍ਹ ਕੇ ਨਹੀਂ ਰੱਖ ਸਕੀ। ਦੂਜਾ, ਗਿਆਨ ਨੂੰ ਮੈਂ ਕਦੇ ਟੁਕੜਿਆਂ ਵਿਚ ਵੰਡ ਕੇ ਦੇਖਣ ਦਾ ਹਾਮੀ ਨਹੀਂ। ਜੀਵਨ, ਮੌਤ, ਕਾਮ ਤੇ ਪਿਆਰ ਨੂੰ ਮੈਂ ਜਿੰਨੇ ਕੁ ਕੋਣਾਂ ਤੋਂ ਦੇਖ ਸਕਿਆ ਹੋਵਾਂਗਾ, ਸਮਝ ਸਕਿਆ ਹੋਵਾਂਗਾ, ਉਸੇ ਸਮਝ ਨੂੰ ਹੀ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਭਾਰਤੀ ਦਰਸ਼ਨ ਅਤੇ ਹਿੰਦੂ ਧਰਮ ਵਿਚ ਮੇਰੀ ਰੁਚੀ ਵੀ ਦਾਰਸ਼ਨਿਕ ਦ੍ਰਿਸ਼ਟੀ ਦੀ ਸਿਰਜਣਾ ਵਿਚ ਸਹਾਈ ਹੋਈ ਹੈ।

?-ਤੁਹਾਡੀਆਂ ਕਹਾਣੀਆਂ ਪੜ੍ਹਦਿਆਂ ਕਈ ਬਹੁਪੱਖੀ ਅਤੇ ਉਲਟ ਦਿਸ਼ਾਵੀ ਪਾਤਰਾਂ, ਸਥਿਤੀਆਂ ਅਤੇ ਅਨੁਭਵਾਂ ਨਾਲ ਵਾਹ ਪੈਂਦਾ ਹੈ। 'ਅੰਤਰਾ' ਦਾ ਅਰਥ ਸ਼ਾਸਤਰੀ, ਅਰਥ ਸ਼ਾਸਤਰੀ ਲਗਦਾ ਹੈ, 'ਚੰਦਰੀ' ਦਾ ਫੌਜੀ, ਫੌਜੀ ਲਗਦਾ ਹੈ, 'ਮੈਂ ਰੇਪ ਨੂੰ ਇੰਜੁਆਇ ਕਰਦੀ ਆਂ' ਦਾ ਸਾਧ, ਸਾਧ ਲਗਦਾ ਹੈ ਅਤੇ 'ਹਜ਼ਾਰ ਕਹਾਣੀਆਂ ਦਾ ਬਾਪ' ਦਾ ਮਠਾੜੂ, ਮਠਾੜੂ ਲਗਦਾ ਤੇ ਸੈਣੀ, ਸੈਣੀ ਜਾਪਦਾ ਹੈ। ਅਜਿਹੇ ਬਹੁਦਿਸ਼ਾਵੀ ਅਤੇ ਪ੍ਰਮਾਣਿਕ ਪਾਤਰ ਸਿਰਜਣ ਪਿੱਛੇ ਪ੍ਰਮੁੱਖ ਯੋਗਦਾਨ ਅਨੁਭਵ ਦਾ ਹੈ ਜਾਂ ਅਧਿਐਨ ਦਾ।

-ਇਹਨਾਂ ਜਾਂ ਹੋਰ ਪਾਤਰਾਂ ਦੀ ਸਿਰਜਣਾ ਵਿਚ ਪਹਿਲਾ ਸਥਾਨ ਅਨੁਭਵ ਦਾ ਹੈ। ਮੈਂ ਬਹੁਤ ਸਾਰੇ ਖੇਤਰਾਂ ਵਿਚ ਵਿਚਰਿਆ ਹਾਂ। ਵਿਚਰਿਆ ਹੀ ਨਹੀਂ, ਸਗੋਂ ਖੁਭ ਕੇ ਕੰਮ ਕੀਤਾ ਹੈ। ਜਿਸ ਖੇਤਰ ਵਿਚ ਵੀ ਪੈਰ ਰੱਖਿਆ ਜਾਂ ਰੱਖਣਾ ਪਿਆ ਤਾਂ ਉਥੇ ਪੂਰੇ ਮਨ ਨਾਲ ਕੰਮ ਕੀਤਾ। ਜੀਅ ਲਾ ਕੇ। ਕਿਉਂਕਿ ਮੈਂ ਇਸ ਗੱਲ ਦਾ ਮੁਦੱਈ ਹਾਂ ਕਿ ਕੰਮ ਚਾਹੇ ਜੁੱਤੀਆਂ ਗੰਢਣ ਦਾ ਹੀ ਕਰੋ, ਪਰ ਕਰੋ ਪੂਰੇ ਮਨ ਨਾਲ। ਮੁਹਾਰਤ ਹਾਸਲ ਕਰੋ ਉਸ ਕੰਮ ਵਿਚ। ਲੋਕ ਕਹਿਣ ਕਿ ਯਾਰ ਜੁੱਤੀ ਨੂੰ ਟਾਂਕਾ ਲੁਆਉਣਾ ਤਾਂ ਫਲਾਨੇ ਕੋਲੋਂ। ਸੋ ਮੈਂ ਉਸ ਖੇਤਰ ਦੇ ਸਾਰੇ ਪੱਖਾਂ ਨੂੰ ਘੋਖਦਾ। ਵਾਹ ਪੈਣ ਵਾਲੇ ਪਾਤਰਾਂ ਨਾਲ ਇਕਸੁਰ ਹੁੰਨਾਂ। ਏਸੇ ਲਈ ਪਾਤਰ ਚਿਤਰਣ ਸਮੇਂ ਐਵੇਂ ਉਤੋਂ ਉਤੋਂ ਲੀਪਾ ਪੋਚੀ ਨਹੀਂ ਕੀਤੀ ਕਦੇ। ਕਰ ਹੀ ਨਹੀਂ ਹੁੰਦੀ। ਪਾਤਰ ਮੇਰੇ ਸਾਰੇ ਐਵੇਂ ਕੋਈ ਕਲਪਨਾ ਨਹੀਂ ਹੁੰਦੇ। ਗੱਲ ਸਿਰਫ਼ 'ਅੰਤਰਾ', 'ਚੰਦਰੀ' ਜਾਂ 'ਹਜ਼ਾਰ ਕਹਾਣੀਆਂ ਦਾ ਬਾਪ' ਦੀ ਹੀ ਨਹੀਂ। ਮੇਰੀ ਕੋਈ ਵੀ ਕਹਾਣੀ ਕੋਰੀ ਕਲਪਨਾ ਨਹੀਂ, ਮੇਰੇ ਆਪਣੇ ਅਨੁਭਵ 'ਚ ਵਾਪਰੇ ਯਥਾਰਥ ਨੇ। ਸਭ ਪਾਤਰ ਮੇਰੇ ਜਾਣੇ ਪਛਾਣੇ ਨੇ। ਹੱਡ ਮਾਸ ਦੇ। ਮੂੰਹ ਜ਼ੋਰ। ਇਹ ਕੋਈ ਮੋਮ ਦੇ ਘੜੇ ਹੋਏ ਪਾਤਰ ਨਹੀਂ ਕਿ ਮੈਂ ਜਿਵੇਂ ਚਾਹਾਂ ਕਰਵਾਈ ਜਾਵਾਂ। ਉਂਜ ਵੀ ਮੈਂ ਕਦੇ ਕੱਚੀ ਰਚਨਾ ਕਾਗਜ਼ ਤੇ ਨਹੀਂ ਉਤਾਰਦਾ। ਕਹਾਣੀ ਮੇਰੇ ਅੰਦਰ ਪੱਕਦੀ ਹੈ, ਰਿੱਝਦੀ ਹੈ, ਰਿੜਕੀ ਜਾਂਦੀ ਹੈ, ਮੰਥਨ ਹੁੰਦਾ ਹੈ, ਖੌਰੂ



ਪਾਉਂਦੇ ਨੇ ਪਾਤਰ। ਫੇਰ ਐਨ ਜਿਵੇਂ ਸਹੀ ਦਿਨਾਂ 'ਤੇ ਸਹੀ ਸਮੇਂ 'ਤੇ ਬੱਚਾ ਜਨਮ ਲੈਂਦਾ.... ਸਿਰਜਣਾ ਦੇ ਪਲਾਂ ਦਾ ਕੋਈ ਰਹੱਸ ਜ਼ਰੂਰ ਹੁੰਦੈ ਰਵੀ ਜੀ। ਸਹੀ ਅਰਥਾਂ 'ਚ ਬੰਦਾ ਲੇਖਕ ਹੀ ਉਦੋਂ ਹੁੰਦਾ ਹੈ। ਮੇਰੀ ਨਿੱਕੀ ਜਿਹੀ ਧੀ ਜਪੁਜੀ ਹੱਸਦੀ ਹੁੰਦੀ ਐ 'ਉਦੋਂ ਪਾਪਾ ਨੂੰ ਕੁਝ ਵੀ ਮਨਾ ਲੋ।' ਉਂਜ ਇਹਦੇ ਬਾਰੇ ਆਪਣੀ ਭਾਬੀ ਗੁਰਦੀਪ ਨੂੰ ਪੁੱਛਿਉ ਕਿ ਮੇਰੀ ਕੀ ਹਾਲਤ ਹੁੰਦੀ ਐ ਉਦੋਂ। ਉਹ ਮੇਰੇ ਮਨ ਦੀਆਂ ਸਭ ਅਵਸਥਾਵਾਂ ਦੀ ਗਵਾਹ ਹੈ। ਮੇਰੀ ਪਾਠਕ ਵੀ ਪਹਿਲੀ ਉਹੀ ਹੈ। ਉਂਜ ਰਵੀ ਜੀ ਇਹ ਸ਼ਕਤੀ ਪਿਆਰ ਵਿਚ ਹੀ ਹੈ ਕਿ ਪ੍ਰੇਮੀ ਤੁਹਾਨੂੰ ਤੁਹਾਥੋਂ ਵੱਧ ਜਾਣ ਜਾਵੇ।

ਬਾਕੀ ਰਹੀ ਅਧਿਐਨ ਦੀ ਗੱਲ ਇਸ ਤੋਂ ਤਾਂ ਤੁਸੀਂ ਮੁੱਕਰ ਹੀ ਨਹੀਂ ਸਕਦੇ। ਅਧਿਐਨ ਤੋਂ ਬਿਨਾਂ ਅਨੁਭਵ ਅਜਾਈਂ ਚਲਾ ਜਾਂਦਾ ਹੈ, ਅਧਿਐਨ ਵੀ ਨਿੱਠ ਕੇ ਕੀਤਾ ਅਤੇ ਕਰਦਾ ਹਾਂ। ਅਨੁਭਵ 'ਚੋਂ ਪ੍ਰਾਪਤ ਵਸਤ ਨੂੰ, ਵਿਚਾਰ ਨੂੰ ਸ਼ੇਪ ਅਧਿਐਨ ਹੀ ਦਿੰਦਾ ਹੈ।

?-ਕਦੇ ਲੇਖਕ ਹੋਣ ਤੇ ਮਾਣ ਮਹਿਸੂਸ ਹੋਇਐ।

-ਬਿਲਕੁਲ ਰਵੀ ਜੀ। ਲੇਖਕ ਤਾਂ ਕਿੱਡਾ ਖੁਸ਼ਕਿਸਮਤ ਹੁੰਦੈ ਕਿ ਆਪਣੇ ਮਨ ਦੀਆਂ ਕਰ ਸਕਦਾ। ਵਿਚਾਰ ਪ੍ਰਗਟ ਕਰ ਸਕਦਾ ਸੱਚਮੁੱਚ ਆਪਣੇ ਆਪ ਤੇ ਮਾਣ ਹੁੰਦੈ ਕਿ ਸਾਡੇ ਵਰਗਾ ਕੌਣ ਐ। ਕਿੰਨੀ ਦੁਨੀਆਂ ਦਿਲ ਦੀਆਂ ਦਿਲ 'ਚ ਲੈ ਕੇ ਜਹਾਨੋਂ ਤੁਰੀ ਜਾਂਦੀ ਐ। ਪਰ ਲੇਖਕ ਆਪਣੇ ਹੀ ਨਹੀਂ ਕਿੰਨੇ ਹੋਰ ਲੋਕਾਂ ਦੇ ਦੁੱਖਾਂ ਨੂੰ, ਸੁੱਖਾਂ ਨੂੰ, ਚਾਵਾਂ ਨੂੰ, ਰੀਝਾਂ ਨੂੰ, ਚੰਗੀਆਂ ਨੂੰ ਮੰਦੀਆਂ ਨੂੰ ਜ਼ੁਬਾਨ ਦਿੰਦਾ, ਰਚਨਾ ਕਰਦੈ ਰੱਬ ਵਾਂਗੂ। ਤਾਂ ਹੀ ਤਾਂ ਮੁਸਲਿਮ ਲੋਕ ਲੇਖਕ ਨੂੰ ਜ਼ੁਜ-ਏ-ਪੈਗੰਬਰ ਮੰਨਦੇ ਨੇ ਕਿ ਲੇਖਕ ਰੱਬ ਤਾਂ ਨਹੀਂ ਹੁੰਦਾ, ਪਰ ਰੱਬ ਦਾ ਇਕ ਹਿੱਸਾ ਜ਼ਰੂਰ ਹੁੰਦਾ ਹੈ।

?-ਤੁਹਾਡੀਆਂ ਦੋ ਕਹਾਣੀਆਂ 'ਬਰਫ਼' ਅਤੇ 'ਮੈਂ ਰੇਪ ਨੂੰ ਇੰਜੁਆਇ ਕਰਦੀ ਹਾਂ' ਸਭ ਤੋਂ ਵੱਧ ਚਰਚਿਤ ਵੀ ਰਹੀਆਂ ਹਨ ਅਤੇ ਵਿਵਾਦਿਤ ਵੀ। 'ਬਰਫ਼' ਕਹਾਣੀ ਰਿਸ਼ਤਿਆਂ ਵਿਚਲੇ ਟੈਬੂ ਦੀ ਮਿੱਥ ਭੰਜਨਾ ਕਰਕੇ ਵਧੇਰੇ ਵਿਵਾਦਿਤ ਸੀ। 'ਮੈਂ ਰੇਪ ਨੂੰ ਇੰਜੁਆਇ ਕਰਦੀ ਹਾਂ' ਆਪਣੀ ਗਾਲ੍ਹਾਂ ਵਾਲੀ ਭਾਸ਼ਾ ਕਰਕੇ। ਇਸ ਤਰ੍ਹਾਂ ਦੇ ਵਿਵਾਦ ਕਿਉਂ ਪੈਦਾ ਹੁੰਦੇ ਹਨ? ਕੀ ਸਾਹਿਤ ਨੂੰ ਕਿਸੇ ਮਰਿਆਦਾ ਵਿਚ ਰਹਿਣਾ ਚਾਹੀਦਾ ਹੈ ਜਾਂ ਫਿਰ ਤੁਸੀਂ ਸਾਹਿਤ ਦੀ ਕੋਈ ਵੱਖਰੀ ਭੂਮਿਕਾ ਮੰਨਣ ਕਰਕੇ ਅਜਿਹੀਆਂ ਕਹਾਣੀਆਂ ਦੀ ਸਿਰਜਣਾ ਕਰਦੇ ਹੋ।

-ਰਵੀ ਜੀ, ਇਸ ਸੁਆਲ ਦਾ ਜਵਾਬ ਮੈਂ ਸੁਆਲ ਕਰਕੇ ਦਿੰਦਾ ਹਾਂ। ਕਹਿੰਦੇ ਨੇ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਫੇਰ ਸਮਾਜ ਵਿੱਚ ਜੋ ਵਾਪਰਦਾ ਹੈ ਜਦੋਂ ਉਹ ਦਿਖਾਈਦੈ ਤਾਂ ਸਵਾਲ ਕਿਉਂ ਉੱਠਦੇ ਨੇ? ਉਂਜ ਸਾਹਿਤ ਦੀ ਭੂਮਿਕਾ ਸਿਰਫ਼ ਸ਼ੀਸ਼ੇ ਦੀ ਨਹੀਂ। ਸ਼ੀਸ਼ਾ ਤਾਂ ਬਾਹਰੋਂ ਉਤੋਂ ਉਤੋਂ ਹੀ ਦਿਖਾਵੇਗਾ। ਪਰ ਸਾਹਿਤ ਤਾਂ, ਖਾਸ ਤੌਰ 'ਤੇ ਸਾਡੀ ਪੰਜਾਬੀ ਕਹਾਣੀ, ਸਮਾਜ ਨੂੰ ਧੁਰ ਅੰਦਰ ਤੱਕ ਖੰਘਾਲਦੀ ਹੈ। ਉਹ ਦਿਖਾ ਰਹੀ ਹੈ ਜਿਸਨੂੰ ਦੇਖਣ ਤੋਂ ਅਸੀਂ ਕੰਨੀਂ ਕਤਰਾਉਂਦੇ ਹਾਂ। ਮਰਿਆਦਾ ਹੁੰਦੀ ਹੈ, ਹੋਣੀ ਵੀ ਚਾਹੀਦੀ ਹੈ, ਪਰ ਕਿਹੜੀ ਮਰਿਆਦਾ? ਕੀ ਸਾਡੇ ਸਾਹਿਤ ਦੀ ਇਹ ਮਰਿਆਦਾ ਨਹੀਂ, ਇਹ ਧਰਮ ਨਹੀਂ ਕਿ ਸਮਾਜ ਦਾ ਕੂਹਜ ਵੀ ਦਿਖਾਵੇ। ਪਾਖੰਡ ਦੇ ਆਡੰਬਰ ਦੇ ਥੱਲੇ ਲਕੋਏ ਜਾ ਰਹੇ ਅਸਲ ਨੂੰ ਨੰਗਾ ਕਰੇ। ਮੈਂ ਸਾਹਿਤ ਦੀ ਇਹ ਭੂਮਿਕਾ ਮੰਨਦਾ ਹਾਂ।

? ਤੁਹਾਡੀਆਂ ਕਹਾਣੀਆਂ ਵਿਚ ਕਾਮ ਦੇ ਵੀ ਅਨੇਕ ਰੂਪ ਦਿਖਾਈ ਦਿੰਦੇ ਹਨ। 'ਅੰਤਰਾ' ਵਿਚਲਾ ਕਾਮ, 'ਬਰਫ਼' ਵਿਚਲਾ ਕਾਮ, 'ਕਾਮਬਲੀ' ਦਾ ਕਾਮ ਅਤੇ 'ਮੈਂ ਰੇਪ ਨੂੰ ਇੰਜੁਆਇ ਕਰਦੀ ਹਾਂ' ਦਾ ਕਾਮ ਇਕ ਰੂਪ ਹੁੰਦੇ ਹੋਏ ਵੀ ਅਨੇਕ ਰੂਪ ਹੈ। ਕੀ ਕਾਮ ਦਾ ਹਰ ਰੂਪ ਪਾਤਰ ਆਪਣੇ ਨਾਲ ਲੈ ਕੇ ਆਉਂਦਾ ਹੈ ਜਾਂ ਫਿਰ ਕਾਮ ਦੇ ਸਰੂਪ ਨੂੰ ਪ੍ਰਗਟ ਕਰਨ ਲਈ ਤੁਸੀਂ ਪਾਤਰ ਘੜਦੇ ਹੋ।

-ਸਾਡੇ ਸ਼ਾਸਤਰਾਂ ਵਿਚ ਸਮੁੱਚੇ ਪਦਾਰਥਾਂ ਦਾ ਚਾਰ ਭਾਗਾਂ ਵਿਚ ਵਰਗੀਕਰਨ ਕੀਤਾ

ਗਿਐ ਜਿਹਨੂੰ ਚਤੁਰਵਰਗ ਕਹਿੰਦੇ ਹਨ। ਧਰਮ, ਅਰਥ, ਕਾਮ, ਮੋਕਸ਼। ਇਹਨਾਂ ਨੂੰ ਪ੍ਰਾਪਤ ਕਰਾਉਣ ਵਾਲੇ ਸ਼ਾਸਤਰ ਵੀ ਚਾਰ ਤਰ੍ਹਾਂ ਦੇ ਹਨ। ਜਿਵੇਂ ਸਿਮਰਤੀਆਂ ਧਰਮ ਸ਼ਾਸਤਰ ਹੈ। ਮਹਾਂਰਿਸ਼ੀ ਸ਼ੁੱਕਰ, ਬ੍ਰਹਿਸਪਤੀ, ਕਣਕ ਤੇ ਚਾਣਕਿਆ ਹੋਰਾਂ ਦੇ ਗ੍ਰੰਥ ਅਰਥ ਸ਼ਾਸਤਰ ਨੇ। ਉਪਨਿਸ਼ਦ, ਗੀਤਾ ਆਦਿ ਮੋਕਸ਼ ਸ਼ਾਸਤਰ ਹੈ। ਇਸੇ ਤਰ੍ਹਾਂ ਰਿਸ਼ੀ ਵਾਤਸਾਇਨ ਵਰਗਿਆਂ ਦੇ ਕਾਮ ਸੂਤਰ ਵਗੈਰਾ ਕਾਮ ਸ਼ਾਸਤਰ ਨੇ। ਸੋ ਕਾਮ, ਧਰਮ ਅਰਥ ਤੇ ਮੋਕਸ਼ ਜਿੰਨਾ ਹੀ ਮਹੱਤਵਪੂਰਨ ਹੈ। ਸਗੋਂ ਅੱਜ ਜਦੋਂ ਮਰਿਆਦਾਵਾਂ ਟੁੱਟ ਰਹੀਆਂ ਨੇ। ਵਰਣ ਆਸ਼ਰਮ ਨਹੀਂ ਰਹੇ। ਸਭ ਪਾਸੇ ਕਾਮ ਪ੍ਰਮੁੱਖ ਹੈ। ਕਈ ਵਾਰੀ ਦੇਖਿਐ ਸਾਧੂ ਸੰਤ ਬੈਠੇ ਆਪਸ ਵਿਚ ਮਖੌਲ ਨਾਲ ਕਹਿੰਦੇ ਨੇ:

ਇਹ ਬੱਚੇ ਕਿਸਦੇ ਹਨ ?
- ਬ੍ਰਹਮਚਾਰੀਆਂ ਦੇ।
ਇਹ ਮਹਿਲ ਕਿਸ ਦੇ ਹਨ ?
- ਤਿਆਗੀਆਂ ਦੇ।
ਇਹ ਸ਼ੋਰ ਕੌਣ ਮਚਾ ਰਹੇ ਨੇ ?
- ਮੋਨੀ ਸਾਧੂ।

ਇਸ ਤਰ੍ਹਾਂ ਦੀ ਹਾਲਤ ਵਿਚ ਕਿਸੇ ਪਦਾਰਥ ਬਾਰੇ ਸਪਸ਼ਟ ਕੁੱਝ ਨਹੀਂ ਕਿਹਾ ਜਾ ਸਕਦਾ। ਕਾਮ ਦਾ ਸਬੰਧ ਮਨੁੱਖੀ ਹੋਂਦ ਨਾਲ ਵੀ ਹੈ, ਜਸ਼ਨ ਨਾਲ ਵੀ ਹੈ, ਖ਼ਬਤ ਨਾਲ ਵੀ ਹੈ। ਕਾਮ ਦੀ ਲੀਲ੍ਹਾ ਅਪਰ ਅਪਾਰ।

?'ਅੰਤਰਾ', ' ਸਤਾਈ ਮੀਲ', 'ਜੀ ਬੀਬੀ ਜੀ', 'ਕਾਮਬਲੀ' ਅਤੇ 'ਮੈਂ ਰੇਪ ਨੂੰ ਇੰਜੁਆਇ ਕਰਦੀ ਹਾਂ' ਕਹਾਣੀਆਂ ਵਿਚ ਤੁਸੀਂ ਨਾਰੀ ਮਨ ਦੀਆਂ ਅਨੇਕ ਪਰਤਾਂ ਫਰੋਲੀਆਂ ਹਨ। ਮਰਦ ਕਹਾਣੀਕਾਰ ਹੋ ਕੇ ਵੀ ਨਾਰੀ ਮਨ ਦੀਆਂ ਬਾਰੀਕੀਆਂ, ਸੰਵੇਦਨਾਵਾਂ ਅਤੇ ਜਟਿਲਤਾਵਾਂ ਨੂੰ ਕਿਵੇਂ ਪਕੜ ਲੈਂਦੇ ਹੋ।

-ਮੇਰੀ ਨਜ਼ਰ 'ਚ ਸਾਹਿਤਕਾਰ ਨਾ ਮਰਦ ਹੁੰਦਾ ਹੈ, ਨਾ ਨਾਰੀ। ਉਹ ਮਨੁੱਖ ਹੁੰਦਾ ਹੈ। ਮਨੁੱਖ ਇਨ੍ਹਾਂ ਦੋਹਾਂ ਦਾ ਸੰਤੁਲਿਤ ਸਰੂਪ ਹੈ। ਵੈਸੇ ਤਾਂ ਮਰਦ ਵੀ ਸਿਰਫ਼ ਮਰਦ ਨਹੀਂ ਹੁੰਦਾ ਅਤੇ ਔਰਤ ਵੀ ਸਿਰਫ਼ ਔਰਤ ਨਹੀਂ ਹੁੰਦੀ। ਇਹ ਮਰਦਾਵੇਂ ਅਤੇ ਨਾਰੀ ਗੁਣਾਂ ਦੇ ਸੁਮੇਲ ਹੁੰਦੇ ਹਨ। ਸਾਰੀ ਖੇਡ ਇਨ੍ਹਾਂ ਗੁਣਾਂ ਦੀ ਮਾਤਰਾ ਦੇ ਵਾਧ ਘਾਟ ਦੀ ਹੀ ਹੁੰਦੀ ਹੈ। ਇਸੇ ਸੋਝੀ ਦੀ ਘਾਟ ਨੇ ਹੀ ਦੋਹਾਂ ਵਿਚ ਵੱਡੇ ਵੱਡੇ ਦੁਫੇੜ ਖੜੇ ਕੀਤੇ ਹਨ। ਦੋਵੇਂ ਹੀ ਵੱਖਰੇ-ਵੱਖਰੇ ਟਾਪੂਆਂ ਜਾਂ ਵੱਖਰੇ-ਵੱਖਰੇ ਗ੍ਰਹਿਆਂ ਤੋਂ ਆਏ ਜੀਵ ਵਾਂਗ ਪੇਸ਼ ਕੀਤੇ ਜਾਂਦੇ ਹਨ। ਇਨ੍ਹਾਂ ਵਿਚਲੇ ਅੰਤਰਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਫ਼ਰਕ ਹਮੇਸ਼ਾ ਸਨ ਅਤੇ ਅੱਜ ਵੀ ਹਨ। ਪਰ ਬਹੁਤੇ ਫ਼ਰਕ ਤਾਕਤ ਦੀ ਖੇਡ ਨੇ ਸਿਰਜੇ ਹਨ ਅਤੇ ਤਾਕਤ ਬਹੁਤਾ ਸਮਾਂ ਮਰਦ ਦੇ ਹੱਥ 'ਚ ਰਹੀ ਹੈ। ਸਾਹਿਤਕਾਰ ਲਈ ਮਹੱਤਵਪੂਰਨ ਵੇਦਨਾ ਨਹੀਂ, ਸਗੋਂ ਸੰਵੇਦਨਾ ਹੁੰਦੀ ਹੈ। ਵੇਦਨਾ ਦੇ ਵਹਿਣ ਵਿਚ ਵਹਿ ਜਾਣ ਦਾ ਡਰ ਬਣਿਆ ਰਹਿੰਦਾ ਹੈ। ਸੰਵੇਦਨਾ ਦੌਰਾਨ ਸੰਤੁਲਿਤ ਦ੍ਰਿਸ਼ਟੀ ਬਰਕਰਾਰ ਰਹਿੰਦੀ ਹੈ।

ਬਾਕੀ ਰਹੀ ਨਾਰੀ ਮਨ ਦੀਆਂ ਪਰਤਾਂ ਫਰੋਲਣ ਦੀ। ਕੁਝ ਸੋਝੀ ਅਧਿਐਨ ਨੇ ਦਿੱਤੀ, ਕੁਝ ਅਨੁਭਵ ਨੇ ਅਤੇ ਬਾਕੀ ਸੰਵੇਦਨਾ ਨੇ। ਬੁੱਧ, ਕਬੀਰ ਅਤੇ ਗੁਰੂ ਗੋਬਿੰਦ ਸਿੰਘ ਹੋਰਾਂ ਦੇ ਅਧਿਐਨ ਨਾਲ ਨਾਰੀ ਮਨ ਦੇ ਅਨੇਕ ਦਿਸਹੱਦਿਆਂ ਦੇ ਦੀਦਾਰ ਹੋਏ।

?-ਵਿਸ਼ਵ ਪੱਧਰ ਤੇ ਸਾਹਿਤ ਦੀ ਪੜਚੋਲ ਸਬੰਧੀ ਤਿੰਨ ਤਰ੍ਹਾਂ ਦੇ ਵਿਚਾਰ ਹਨ: ਕਈ ਕਹਿੰਦੇ ਹਨ ਕਿ ਸਿਰਜਕ ਹੀ ਆਪਣੇ ਰਚੇ ਸਾਹਿਤ ਦਾ ਅੰਤਿਮ ਨਿਰਣੇਕਾਰ ਹੁੰਦਾ ਹੈ। ਕਈ ਕਹਿੰਦੇ ਹਨ ਇਹ ਕਾਰਜ ਸਾਹਿਤ ਸਮੀਖਿਅਕਾਂ ਦਾ ਹੈ। ਪਰ ਕਈਆਂ ਦਾ ਇਹ ਵੀ ਮੰਨਣਾ ਹੈ ਕਿ ਅਸਲ ਨਿਰਣਾਇਕ ਪਾਠਕ ਹੁੰਦਾ ਹੈ। ਇਸ ਸਬੰਧੀ ਤੁਹਾਡਾ ਕੀ ਵਿਚਾਰ ਹੈ।

-ਸਾਹਿਤ ਸਿਰਜਣਾ ਇਕ ਤਰ੍ਹਾਂ ਨਾਲ ਬੱਚਾ ਜਨਣ ਵਰਗਾ ਕਾਰਜ ਹੀ ਹੈ ਜਦੋਂ



ਸਾਹਿਤਕਾਰ ਅਨੁਭਵ ਦੇ ਬੀਜ ਨੂੰ ਆਪਣੇ ਜ਼ਿਹਨ ਵਿਚ ਸਾਧਨਾ ਨਾਲ ਪਾਲਦਾ ਹੈ, ਨੀਝ ਨਾਲ ਸੁਆਰਦਾ ਹੈ ਤਾਂ ਜਾ ਕੇ ਸਾਹਿਤਕ ਕਿਰਤ ਦਾ ਜਨਮ ਹੁੰਦਾ ਹੈ। ਮਾਂ ਕਦੇ ਵੀ ਆਪਣੇ ਬੱਚੇ ਦੀ ਨਿਰਣਾਇਕ ਨਹੀਂ ਹੁੰਦੀ। ਨਿਰਣਾ ਤਾਂ ਸਮਾਜ ਨੇ, ਜਾਂ ਫਿਰ ਸਮਾਜ ਦੇ ਵਿਸ਼ੇਸ਼ੱਗਾਂ ਨੇ ਹੀ ਕਰਨਾ ਹੁੰਦਾ ਹੈ। ਸਾਹਿਤਕਾਰੀ ਦਾ ਸਮਾਜ ਪਾਠਕ ਹਨ ਅਤੇ ਵਿਸ਼ੇਸ਼ੱਗ ਸਾਹਿਤ ਸਮੀਖਿਅਕ ਹਨ। ਆਪਣੇ ਖੇਤਰ ਦੇ ਹੰਢੇ ਵਰਤੇ ਵਿਦਵਾਨ ਹੋਣ ਕਾਰਨ ਮਹੱਤਤਾ ਹਮੇਸ਼ਾਂ ਸਮੀਖਿਅਕਾਂ ਦੀ ਹੁੰਦੀ ਹੈ। ਪਰ ਫਿਰ ਵੀ ਸਮੀਖਿਅਕਾਂ ਦਾ ਫੈਸਲਾ ਅੰਤਿਮ ਨਹੀਂ ਸਵੀਕਾਰਿਆ ਜਾਣਾ ਚਾਹੀਦਾ। ਕਈ ਵਾਰ ਪਾਠਕ ਅਜਿਹੇ ਮੁੱਲਵਾਨ ਨੁਕਤੇ ਉਭਾਰਦੇ ਹਨ ਕਿ ਸਮੀਖਿਅਕ ਉਨ੍ਹਾਂ ਸਾਹਮਣੇ ਬੌਣੇ ਜਾਪਣ ਲਗਦੇ ਨੇ। ਰਹੀ ਗੱਲ ਪੰਜਾਬੀ ਕਹਾਣੀ ਸਮੀਖਿਆ ਦੀ, ਡਾ. ਹਰਿਭਜਨ ਸਿੰਘ ਤੋਂ ਬਾਅਦ ਅੱਜ ਸਿਰਫ਼ ਤਿੰਨ-ਚਾਰ ਸਮੀਖਿਅਕ ਹੀ ਹਨ, ਜੋ ਕਹਾਣੀ ਨਾਲ ਨਿਆਂ ਕਰ ਰਹੇ ਹਨ, ਬਾਕੀ ਤਾਂ ਕਹਾਣੀ ਨੂੰ ਵਾਰਤਕ ਵਿਚ ਸਮਝਾਉਣ ਦਾ ਕਾਰਜ ਹੀ ਕਰਦੇ ਹਨ।

ਇਕ ਸਮੀਖਿਅਕ ਨੇ ਡਾ. ਰਜਨੀਸ਼ ਬਹਾਦਰ। ਬੜਾ ਕੰਮ ਕਰ ਰਹੇ ਨੇ। ਉਹਨਾਂ ਮੇਰੀ ਕਿਤਾਬ ਬਾਰੇ ਲਿਖਿਆ। 'ਅੰਤਰਾ' ਕਹਾਣੀ ਬਾਰੇ ਵੀ ਬੜਾ ਨਿੱਠ ਕੇ ਲਿਖਿਆ। ਪਰ ਮੇਰੀ 'ਸਤਾਈ ਮੀਲ' ਕਹਾਣੀ ਬਾਰੇ ਲਿਖਦਿਆਂ ਉਹ ਐਮ.ਪੀ. ਨੂੰ ਐਸ.ਪੀ. ਲਿਖੀ ਜਾਂਦੇ ਨੇ। ਕੋਈ ਮਿਸ ਪ੍ਰਿੰਟ ਵੀ ਨਹੀਂ। ਇਉਂ ਲੱਗੇਗਾ ਕਿ ਉਹਨਾਂ ਕਹਾਣੀ ਪੜ੍ਹੀ ਹੀ ਨਹੀਂ।

ਡਾ. ਬਲਦੇਵ ਧਾਲੀਵਾਲ ਨੇ 'ਜਲ ਭਰਮ' ਬਾਰੇ ਜਿਵੇਂ ਲਿਖਿਆ ਮੈਂ ਹੈਰਾਨ ਹੋ ਗਿਆ ਕਿ ਕਿਸੇ ਹੋਰ ਨੇ ਉਵੇਂ ਨਹੀਂ ਫੜਿਆ। ਮੈਂ ਵਾਕਈ ਉਹ ਨਕਸਲਾਈਟ ਲਹਿਰ ਦੇ ਪੰਜਾਬ ਵਿਚਲੇ ਪਤਨ ਬਾਰੇ ਫੈਂਟਸੀ ਲਿਖੀ ਸੀ। ਸਿਰਫ਼ ਉਨ੍ਹਾਂ ਫੜੀ। ਮੈਨੂੰ ਲੱਗਦੈ ਕਿ ਸਾਡੇ ਕਈ ਸਮੀਖਿਅਕ ਬੁੱਧੀਜੀਵੀ ਵੀ ਹਨ। ਸਮਰੱਥਾ ਵੀ ਰੱਖਦੇ ਹਨ। ਪਰ ਮਾਫ਼ ਕਰਨਾ, ਕਿਤੇ ਸੁਹਿਰਦਤਾ ਦੀ ਕਮੀ ਹੈ। 'ਪ੍ਰਵਚਨ' ਪੜ੍ਹਦਿਆਂ ਮੈਂ ਮਹਿਸੂਸ ਕੀਤਾ ਕਿ ਜਿਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਬਾਰੇ ਸਮੀਖਿਅਕਾਂ ਨੂੰ ਗੱਲਾਂ ਕਰਨੀਆਂ ਚਾਹੀਦੀਆਂ ਸਨ, ਉਵੇਂ ਕੀਤੀਆਂ ਨਹੀਂ ਗਈਆਂ। 'ਪੁਲ਼' ਸਾਂਵਲ ਧਾਮੀ ਦੀ ਜਿੱਡੀ ਵੱਡੀ ਤੇ ਕਮਾਲ ਦੀ ਕਹਾਣੀ ਹੈ, ਉਹਦੇ ਉਤੇ ਡਾ. ਰਾਹੀ ਨੇ ਤਾਂ ਪਾਏਦਾਰ ਗੱਲਾਂ ਕੀਤੀਆਂ ਪਰ ਹਾਜ਼ਰ ਦੂਜੇ ਸਮੀਖਿਅਕਾਂ ਨੇ ਇੰਜ ਜਾਹਿਰ ਕੀਤਾ ਜਿਵੇਂ ਜਾਂ ਤਾਂ ਉਹਨਾਂ ਦੇ ਸਮਝ ਨਹੀਂ ਆਈ ਜਾਂ ਜਾਣ ਬੁੱਝ ਕੇ ਛੁਟਿਆਉਣੀ ਚਾਹੁੰਦੇ ਸਨ। ਇਹ ਦੋਵੇਂ ਹੀ ਗੱਲਾਂ ਪੰਜਾਬੀ ਕਹਾਣੀ ਲਈ ਮੰਦਭਾਗੀਆਂ ਹਨ। ਰਵੀ ਜੀ, ਗੁਸਤਾਖੀ ਮੁਆਫ਼, ਜਦੋਂ ਤੱਕ ਸਾਹਿਤ 'ਚ ਡੇਰੇ ਬਣਦੇ ਰਹਿਣਗੇ, ਗੁੱਟ ਉਭਾਰਨੇ ਢਾਹੁਣੇ ਜਾਰੀ ਰਹਿਣਗੇ, ਉਦੋਂ ਤੱਕ ਅਸੀਂ ਇਸ ਲਈ ਜ਼ਿੰਮੇਵਾਰ ਸਮੀਖਿਅਕਾਂ ਤੋਂ ਕੋਈ ਆਸ ਨਹੀਂ ਰੱਖ ਸਕਦੇ। ਕਿਉਂਕਿ ਚਾਹੇ ਧਰਮ ਹੋਵੇ ਚਾਹੇ ਸਾਹਿਤ ਜਦੋਂ ਸੰਗਠਨ ਬਣ ਜਾਂਦਾ ਹੈ ਤਾਂ ਖਤਰਨਾਕ ਹੋ ਜਾਂਦਾ ਹੈ। ਕਲਿਆਣਕਾਰੀ ਨਹੀਂ ਰਹਿੰਦਾ।

?-ਇਕ ਪਾਸੇ ਤਾਂ ਸਾਡੇ ਕੋਲ ਪੰਜਾਬੀ ਕਹਾਣੀ ਵਿਚ 'ਅੰਤਰਾ' ਵਰਗੀਆਂ ਕਹਾਣੀਆਂ ਹਨ, ਜਿਨ੍ਹਾਂ ਨੂੰ ਹਰ ਵਾਰ ਪੜ੍ਹਦਿਆਂ ਨਵੇਂ ਅਰਥ ਪ੍ਰਾਪਤ ਹੁੰਦੇ ਹਨ। ਦੂਜੇ ਪਾਸੇ ਬਿਲਕੁਲ ਸਪਾਟ ਕਹਾਣੀ ਵੀ ਹੈ, ਸਿਰਫ਼ ਘਟਨਾਵੀ ਵਰਨਣ ਵਾਂਗ। ਫ਼ਰਕ ਕਿੱਥੇ ਰਹਿ ਜਾਂਦਾ ਹੈ, ਰਚਨਾ ਪ੍ਰਕਿਰਿਆ ਵਿਚ ਜਾਂ ਕਿਤੇ ਹੋਰ।

-ਜਦੋਂ 'ਅੰਤਰਾ' ਲਿਖੀ ਉਦੋਂ ਮੈਂ ਮੁੜ ਤੋਂ ਵੇਦ ਪੜ੍ਹ ਰਿਹਾ ਸਾਂ। ਅਚਾਨਕ ਹੋਂਦ ਦੀਆਂ ਚਾਰ ਹਾਲਤਾਂ ਬਾਰੇ ਪੜ੍ਹਦਿਆਂ ਚੱਕਰ 'ਚ ਪੈ ਗਿਆ। ਉਥੇ ਵਿਆਖਿਆ ਨਹੀਂ ਸੀ। ਫਿਰ ਮੇਰਾ ਜੀਵਨ ਅਨੁਭਵ, ਪੜ੍ਹਿਆ ਸੁਣਿਆ ਤੇ ਅਧਿਐਨ ਸਾਰਾ ਕੰਮ ਆਇਆ। ਰਹੱਸ ਅਚਾਨਕ ਜਿਵੇਂ ਪਟੱਕ ਦੇਣੇ ਅੱਖ ਖੁੱਲ੍ਹੇ। ਦਰਅਸਲ ਉਹ ਚੱਕਰ ਨਹੀਂ ਸੀ, ਮੰਥਨ ਸੀ, ਜਿਵੇਂ ਦੁੱਧ ਰਿੜਕੀਦੈ। ਰਿੜਕਦਿਆਂ ਰਿੜਕਦਿਆਂ ਮੱਖਣ ਆ ਜਾਂਦੈ। ਮੱਖਣ ਉਸੇ ਤਰ੍ਹਾਂ ਨਹੀਂ ਕੱਢ ਲਿਆ ਜਾਂਦਾ, ਰਿੜਕੇ ਹੋਏ ਨੂੰ ਟਿਕਣ ਦਈਦੈ। ਰੁੱਤ ਦੇ ਹਿਸਾਬ ਨਾਲ ਠੰਡਾ ਤੱਤਾ ਪਾਣੀ ਪਾਈਦੈ ਧਾਰ ਬੰਨ੍ਹ ਕੇ,

ਮੱਖਣ ਨੂੰ ਇਕੱਠਾ ਕਰਨ ਲਈ। ਬੱਸ ਇਉਂ ਨਿੱਕਲੀ ਸੀ 'ਅੰਤਰਾ' ਓਸ ਮੰਥਨ 'ਚੋਂ। ਉਂਜ ਤਾਂ ਹਰ ਕਹਾਣੀ ਇੰਜ ਹੀ ਆਉਂਦੀ ਹੈ ਪਰ ਕਈ ਵਾਰ ਜਿਵੇਂ ਦੁੱਧ ਪੂਰਾ ਨਹੀਂ ਜੰਮਿਆ ਹੁੰਦਾ। ਜਿਵੇਂ ਕਦੇ ਰਿੜਕਿਆ ਘੱਟ ਜਾਵੇ, ਜਾਂ ਫਿਰ ਜਿਵੇਂ ਬੁੜੀਆਂ ਦੇ ਕਹਿਣ ਵਾਂਗੂ ਥੱਲੇ ਸ਼ੂਕਣੀ ਫਿਰਗੀ, ਅੱਜ ਨਹੀਂ ਮੱਖਣ ਆਉਂਦਾ। ਜਿਵੇਂ ਵੱਤਰ ਦਾ ਪਾਣੀ ਨਾ ਪਿਆ ਹੋਵੇ। ਇਉਂ ਕਹਾਣੀਆਂ 'ਚ ਵੀ ਕੱਚ ਪੱਕ ਰਹਿ ਜਾਂਦੈ। ਮੈਂ ਲੇਖਕਾਂ 'ਚ ਵੀ ਇਹ ਫ਼ਰਕ ਮੰਨਦਾ। ਜਿਵੇਂ ਸੁੱਘੜ ਤੇ ਸਚਿਆਰੀ ਤੀਵੀਂ ਮੱਖਣ ਕੱਢਦੀ ਐ। ਤੇ ਇਕ ਹੁੰਦੀ ਐ ਕੁੱਢਰ, ਜਿਹੜੀ ਖਲ੍ਹਾਰਾ ਪਾ ਬੈਂਹਦੀ ਐ।

?-ਸੁਣਨ 'ਚ ਤਾਂ ਇਹ ਵੀ ਆਇਆ ਹੈ ਕਿ ਕਈ ਲੇਖਕ ਤੁਹਾਨੂੰ ਅਜਿਹੇ ਕੰਮ ਵੀ ਕਰਨ ਲਈ ਕਹਿੰਦੇ ਰਹੇ ਨੇ, ਜਿਹੜੇ ਨਾ ਤਾਂ ਸਾਹਿਤਕਾਰੀ ਦੇ ਧਰਮ 'ਚ ਆਉਂਦੇ ਹਨ, ਨਾ ਮਨੁੱਖਤਾ ਦੇ ਧਰਮ 'ਚ।

-(ਗੰਭੀਰ ਹੋ ਕੇ) (ਕੁਝ ਦੇਰ ਚੁੱਪ) ਲੇਖਕਾਂ ਨੇ, ਸਾਰਿਆਂ ਨੇ ਨਹੀਂ ਪਰ ਬਹੁਤਿਆਂ ਨੇ, ਬੜਾ ਕੁੱਝ ਕੀਤੈ। ਕਈ ਤਾਂ ਆਪਣੇ ਧੀਆਂ ਪੁੱਤਾਂ ਨੂੰ ਧਮਕਾਉਂਦੇ ਰਹੇ, ਮੇਰਾ ਨਾਂ ਲੈ ਕੇ। 'ਜੇ ਤੂੰ ਪਿਆਰ ਕਰਨੋ ਨਾ ਹਟੀ ਜਾਂ ਨਾ ਹਟਿਆ ਤਾਂ ਸੁਖਜੀਤ ਅੰਕਲ ਤੋਂ ਮਰਵਾ ਦਿਆਂਗੇ। ਤੈਨੂੰ ਵੀ ਤੇਰੇ ਉਹਨੂੰ ਵੀ।' ਹੋਰ ਬਥੇਰੇ ਕੇਸ ਨੇ ਜ਼ਮੀਨਾਂ ਦੇ, ਕਬਜ਼ਿਆਂ ਦੇ। ਮੈਂ ਕਦੇ ਪਿੱਠ ਨਹੀਂ ਸੀ ਦਿਖਾਈ ਲੇਖਕਾਂ ਨੂੰ। ਟੂਰਨਾਮੈਂਟਾਂ, ਸਮਾਗਮਾਂ ਤੇ ਬੜਾ ਪੈਸਾ ਲੈਂਦੇ ਸਨ। ਪਰ ਦੁੱਖ ਮੈਨੂੰ ਇਹ ਨੀ ਕਿ ਮੈਂ ਇਹਨਾਂ ਦੇ ਕੰਮ ਆਇਆ। ਉਹ ਤਾਂ ਮੈਂ ਆਉਂਦਾ ਈ ਸਾਂ। ਲੇਖਕਾਂ ਦੇ ਕੰਮ ਆ ਕੇ ਸਗੋਂ ਖ਼ੁਸ਼ੀ ਹੁੰਦੀ ਸੀ। ਪਰ ਦੁੱਖ ਇਹ ਹੈ ਕਿ ਬਾਅਦ 'ਚ ਉਨ੍ਹਾਂ ਕਦੇ ਸੁੱਖ ਸਾਂਦ ਵੀ ਨੀਂ ਪੁੱਛੀ ਅੱਜ ਤੱਕ। ਕਈ ਲੇਖਕ ਤਾਂ ਮੈਨੂੰ ਇਹ ਵੀ ਕਹਿੰਦੇ ਰਹੇ, 'ਤੂੰ ਸਰਪੰਚੀ ਕਰੀ ਚੱਲ, ਕਹਾਣੀਆਂ ਕਹੂਣੀਆਂ ਅਸੀਂ ਲਿਖੀ ਜਾਵਾਂਗੇ। ਸਾਨੂੰ ਤੇਰੀ ਸਰਪੰਚੀ 'ਚ ਫਾਇਦੈ।' ਹੋਰ ਦੱਸਾਂ.....। ਬਥੇਰਾ ਕੁਛ ਐ, ਪਰ ਜਾਣ ਦੋ ਰਵੀ ਜੀ। ਸ਼ੇਅਰ ਸੁਣੋ:

ਬਹੁਤ ਗੱਲਾਂ ਨੇ ਜੋ ਹਾਲੇ ਤੀਕ ਤੈਨੂੰ ਵੀ ਨਹੀਂ ਦੱਸੀਆਂ
ਮੁਹੱਬਤ 'ਚ ਅਸੀਂ ਕੁਝ ਭੇਦ ਦਿਲ ਤੋਂ ਵੀ ਲਕੋਏ ਨੇ।



## ਮੇਰੇ ਅੰਦਰ ਅੱਜਕਲ ਅਸ਼ਵਥਾਮਾ ਹਿਣਕਦਾ ਹੈ:

**ਦੇਸਰਾਜ ਕਾਲੀ** (16.3.1971)
**-ਮੁਲਾਕਾਤੀ: ਡਾ. ਮਨਿੰਦਰ ਕਾਂਗ**

? ਕਾਲੀ! ਦੁਨੀਆਦਾਰੀ ਆਪਣੇ ਬੱਚਿਆਂ ਨੂੰ ਮਾਇਕ ਤਰੱਕੀ ਦੇ ਰਾਹ ਪਾਉਂਦੀ ਹੈ। ਦਲਿਤ ਮਾਪੇ ਤਾਂ ਵਿਸ਼ੇਸ਼ ਕਰ (ਦੁਆਬੇ ਦੇ) ਇਸ ਸੋਚ ਸਦਕਾ ਬੱਚੇ ਪੜ੍ਹਾਉਂਦੇ ਹਨ। ਵਿਰਲੇ ਹੀ ਕੋਈ ਜਾਗਦੇ ਸਿਰਾਂ ਵਾਲੇ ਤੇ ਧੁਰੋਂ ਰੁਸ਼ਨਾਏ ਬੱਚੇ ਲੇਖਕ, ਚਿੱਤਰਕਾਰ ਜਾਂ ਸੰਤ, ਤੇ ਜਾਂ ਫੇਰ ਵਿਦਰੋਹੀ ਬਣਦੇ ਹਨ। ਤੇਰੇ ਲੇਖਕ ਬਣਨ ਦੀ ਪ੍ਰਕਿਰਿਆ ਕਿਹੜੇ-ਕਿਹੜੇ ਪੜਾਵਾਂ ਵਿਚੋਂ ਲੰਘੀ ? ਬਚਪਨ ਤੇ ਜਵਾਨੀ ਨੂੰ ਸਨਮੁਖ ਰੱਖ ਕੇ ਦੱਸ।

-ਡਾਕਟਰ ਸਾਹਿਬ, ਜਲੰਧਰ ਜ਼ਿਲ੍ਹੇ ਦੇ ਪਿੰਡ ਮਿੱਠਾਪੁਰ ਦੀ ਦੱਖਣੀ ਗੁੱਠੇ ਸਾਡੇ ਘਰ ਹਨ। ਇਹਨੂੰ ਪਿੰਡ ਵਾਲੇ 'ਵਿਹੜਾ' ਕਹਿੰਦੇ ਹਨ। ਕਈ ਇਸ ਵਾਸਤੇ ਨਫ਼ਰਤ ਵਾਲੇ ਸ਼ਬਦ ਵਰਤਦੇ ਹਨ, ਪਰ ਸਾਹਮਣੇ ਨਹੀਂ, ਪਿੱਠ ਪਿੱਛੇ। ਇਸੇ ਵਿਹੜੇ 'ਚ ਮੈਂ ਅਮੀ ਚੰਦ ਕਬੂਤਰਾਂ ਵਾਲੇ ਦਾ ਪੋਤਾ ਹਾਂ। ਮੇਰੇ ਪਿਤਾ ਜੀ ਦਾ ਨਾਮ ਨਿਰੰਜਨ ਦਾਸ ਉਰਫ ਖ਼ਲੀਫਾ ਸਾਹਿਬ ਹੈ। ਮਾਤਾ ਮੇਰੀ ਦਾ ਨਾਂਅ ਪ੍ਰਕਾਸ਼ੋ ਸੀ। ਉਹਨੂੰ ਤੁਰ ਗਈ ਨੂੰ ਦੋ ਵਰ੍ਹੇ ਹੋਣ ਲੱਗੇ ਨੇ।

ਜਿਹੜੀ ਗੱਲ ਤੁਸੀਂ ਲੇਖਕ ਬਣਨ ਦੀ ਪ੍ਰਕਿਰਿਆ ਬਾਰੇ ਪੁੱਛੀ ਹੈ, ਬਹੁਤ ਹੀ ਰੌਚਕ ਬਿਰਤਾਂਤ ਨੂੰ ਜਨਮ ਦੇਣ ਵਾਲੀ ਹੈ। ਮੇਰੇ ਪਿਤਾ ਜੀ ਨੂੰ ਕਿੱਸੇ ਪੜ੍ਹਨ ਦਾ ਬਹੁਤ ਸ਼ੌਕ ਹੈ। ਆਪਣੀ ਜਵਾਨੀ ਦੇ ਦਿਨਾਂ ਤੋਂ ਹੀ ਉਹ ਪੰਜਾਬੀ ਕਿੱਸੇ ਉੱਚੀ-ਉੱਚੀ ਗਾ ਕੇ ਪੜ੍ਹਦੇ ਹਨ। ਬਚਪਨ ਵਿਚ ਹੀ ਇਹਨਾਂ ਕਿੱਸਿਆਂ ਦੀਆਂ ਕਹਾਣੀਆਂ ਛੰਦਬੱਧ ਤਰੀਕੇ ਨਾਲ ਮੇਰੇ ਮਨ 'ਚ ਧੁਰ ਅੰਦਰ ਤੱਕ ਬੈਠ ਗਈਆਂ। ਕੱਚੇ ਮਕਾਨ ਦੇ ਇਕ ਕੋਨੇ 'ਚ ਦਿਵਾਖੜੀ ਉੱਤੇ ਦੀਵਾ ਬਾਲ਼ ਕੇ ਰੱਖ ਲੈਣਾ ਤੇ ਉੱਚੀ-ਉੱਚੀ ਕਿੱਸਾ ਪੜ੍ਹਨਾ। ਮੇਰੇ ਪਿਤਾ ਜੀ ਦਾ ਇਹ ਨਿੱਤਨੇਮ ਸੀ। ਕਿੱਸਾ ਜਾਨੀ ਚੋਰ (10 ਹਿੱਸੇ), ਕਿੱਸਾ ਰੂਪ ਬਸੰਤ, ਪੂਰਨ ਭਗਤ, ਸਾਧੂ ਦਯਾ ਸਿੰਘ ਆਰਿਫ਼ ਦਾ ਜ਼ਿੰਦਗੀ ਬਿਲਾਸ, ਗੋਲ ਖੂੰਡਾ, ਨਲ ਦਮਯੰਤੀ, ਸ਼ਾਹ ਬਹਿਰਾਮ, ਹਾਤਮਤਾਈ, ਜੂਸਫ਼-ਜ਼ੁਲੈਖਾਂ, ਹੀਰ ਵਾਰਿਸ ਸ਼ਾਹ, ਸੋਹਣੀ ਮਹੀਂਵਾਲ ਤੇ ਹੋਰ ਪਤਾ ਨਹੀਂ ਕਿੰਨੇ ਕੁ ਕਿੱਸੇ, ਬਿਨਾਂ ਪੜ੍ਹਿਆਂ ਹੀ, ਸਿਰਫ ਸੁਣਕੇ, ਅਜੇ ਵੀ ਮੇਰੇ ਜ਼ੁਬਾਨੀ ਯਾਦ ਹਨ। ਉਹਨਾਂ ਦਾ ਇੱਕ-ਇੱਕ ਪਾਤਰ ਮੇਰੇ ਅੰਦਰ ਜਾਗਦਾ ਹੈ। ਇਸੇ ਤਰ੍ਹਾਂ ਮੇਰੇ ਵੱਡੇ ਮਾਮਾ ਜੀ ਲਾਲਾ ਅਮਰ ਨਾਥ ਸਾਨੂੰ ਮਹਾਂਭਾਰਤ ਸੁਣਾਇਆ ਕਰਦੇ ਸਨ। ਉਹ ਬਹੁਤ ਹੀ ਵਿਦਵਾਨ ਹਨ। ਮੈਨੂੰ ਜਾਪਦਾ ਹੈ ਮੇਰੇ ਮਸਤਕ ਵਿੱਚ ਕਹਾਣੀ/ਸਾਹਿਤ ਦਾ ਬੀਜ ਉਥੋਂ ਹੀ ਪਿਆ। ਮੇਰੇ ਮਨ ਉਤੇ ਇਹਨਾਂ ਕਿੱਸਿਆਂ ਦਾ ਬਹੁਤ ਗਹਿਰਾ ਅਸਰ ਹੈ। ਇਹ ਲੋਕ ਜੀਵਨ ਤੇ ਲੋਕ ਤੱਤ ਨਾਲ ਭਰੇ ਪਏ ਹਨ। ਮਹਾਂਭਾਰਤ ਦਾ ਫਲਸਫ਼ਾ ਮੇਰੇ ਮਾਮਾ ਜੀ ਨੇ ਮੈਨੂੰ ਸਮਝਾਇਆ।

ਇਕ ਗੱਲ ਹੋਰ! ਮੇਰੇ ਪਿਤਾ ਜੀ ਦੇ ਗੁਰੂ ਸਨ ਸੰਤ ਪ੍ਰੀਤਮ ਦਾਸ ਰਤਨ ਚਿਸ਼ਤੀ ਸਾਬਰੀ। ਇਹ ਸੂਫ਼ੀ ਦਰਵੇਸ਼ ਸੰਤ ਬ੍ਰਹਮ ਦਾਸ ਚਿਸ਼ਤੀ ਸਾਬਰੀ ਸਰਵਰ ਸਰਕਾਰ ਦੇ ਚੇਲੇ ਸਨ। ਇਹਨਾਂ ਦੇ ਡੇਰਿਆਂ ਉੱਤੇ ਕਵਾਲੀਆਂ ਹੁੰਦੀਆਂ ਸਨ। ਅਸੀਂ ਅਕਸਰ ਉਥੇ ਜਾਂਦੇ। ਇਹਨਾਂ ਡੇਰਿਆਂ 'ਚੋਂ ਹੀ ਮੈਨੂੰ ਸੂਫ਼ੀ ਫਲਸਫ਼ੇ/ਇਸਲਾਮਿਕ ਫਲਸਫ਼ੇ ਦੀ ਸਮਝ ਪਈ। ਹਸਨ-ਹੁਸੈਨ ਕੀ ਨੇ, ਉਹ ਇਥੇ ਆ ਕੇ ਹੀ ਪਤਾ ਲੱਗਿਆ। ਇਹਨਾਂ ਡੇਰਿਆਂ 'ਤੇ ਆਉਣ ਵਾਲੇ ਬਜ਼ੁਰਗ ਸੂਫ਼ੀਆਂ ਦੀਆਂ ਗੁੱਝੀਆਂ ਰਮਜ਼ਾਂ ਦੀ ਥਾਹ ਪਾਉਣ ਵਾਲੇ ਸਨ। ਉਹਨਾਂ ਦੀ ਸੰਗਤ 'ਚੋਂ ਮੈਂ ਬਹੁਤ ਕੁਝ ਸਿੱਖਿਆ। ਮੇਰੇ ਸਾਹਿਤ ਦਾ ਉਹ ਵੀ ਹਿੱਸਾ ਨੇ ਜਾਂ ਕਹਿ ਲਵੋ ਮੇਰੇ ਚਿੰਤਨ ਦਾ ਹਿੱਸਾ ਨੇ।

ਤੀਸਰਾ ਵਾਕਿਆ ਇਹ ਹੈ ਕਿ ਸਾਡੇ ਘਰੇ ਕਵਾਲੀਆਂ ਦੀਆਂ ਕੈਸਟਾਂ ਸੁਣਨ ਇਕ ਸਾਡਾ ਗੁਆਂਢੀ ਬਜ਼ੁਰਗ ਰਾਵਲ ਆਉਂਦਾ ਹੁੰਦਾ ਸੀ। ਉਹ ਪਤਾ ਨਹੀਂ ਕਿੱਥੋਂ-ਕਿੱਥੋਂ ਨਵੀਂ ਕੈਸਟ ਲੱਭ ਲਿਆਉਂਦਾ। ਉਹਨਾਂ ਦੇ ਘਰ ਟੇਪ ਰਿਕਾਰਡ ਨਹੀਂ ਸੀ। ਉਹ ਸਾਡੇ ਘਰੇ ਆ ਜਾਂਦਾ। ਕਵਾਲੀ

ਸੁਣਦਾ-ਸੁਣਦਾ ਵਜਦ ਵਿੱਚ ਆ ਜਾਂਦਾ। ਮੈਂ ਉਹਦੀ ਸੰਗਤ ਕਰਦਾ। ਉਹ ਮੈਨੂੰ ਬਹੁਤ ਗਹਿਰੀਆਂ/ਭੇਤ ਦੀਆਂ ਗੱਲਾਂ ਦੱਸਦਾ ਹੁੰਦਾ ਸੀ। ਉਹ ਬਹੁਤ ਕਮਾਲ ਦਾ ਕਰੈਕਟਰ ਹੈ। ਅਜੇ ਤੱਕ ਮੇਰੀਆਂ ਕਹਾਣੀਆਂ ਵਿੱਚ ਕਿਧਰੇ ਨਹੀਂ ਆਇਆ। ਪਰ ਮੈਨੂੰ ਲੱਗਦਾ ਹੈ ਉਸਦਾ ਕਿਰਦਾਰ ਨਾਵਲ ਦੇ ਹਾਣ ਦਾ ਹੈ।

ਆਖ਼ਰੀ ਪੁਆਇੰਟ ਇਹ ਕਿ ਫਿਰ ਕਾਲਜ (ਡੀ. ਏ.ਵੀ. ਕਾਲਜ, ਜਲੰਧਰ) 'ਚ ਮੈਨੂੰ ਭਗਵੰਤ ਰਸੂਲਪੁਰੀ ਮਿਲ ਗਿਆ। ਮੇਰੇ ਅੰਦਰਲੇ ਲੇਖਕ ਨੂੰ ਬਾਹਰ ਲੈ ਕੇ ਆਉਣ ਵਾਲਾ ਇਹੀ ਸ਼ਖ਼ਸ ਹੈ। ਇਹਨੇ ਮੇਰੇ ਲੇਖਕ ਵਾਲੇ ਬੀਜ ਨੂੰ ਸਿੰਜਿਆ। ਫਿਰ ਦਵਿੰਦਰ ਮੰਡ , ਸੁਰਿੰਦਰ ਸੋਹਲ, ਅਵਤਾਰ ਡਬ, ਜਸਵਿੰਦਰ ਤੀਰ, ਸ਼ੀਤਲ ਸਿੰਘ, ਪ੍ਰੇਮ ਗੋਰਖੀ ਨਾਲ ਮੁਲਾਕਾਤਾਂ ਵਧ ਗਈਆਂ। ਮੇਰੀ ਪਹਿਲੀ ਨਿੱਕੀ ਕਹਾਣੀ 'ਨਾਗਮਣੀ' ਵਿੱਚ ਪ੍ਰਕਾਸ਼ਿਤ ਹੋਈ- 'ਚਾਨਣ ਦੀ ਲੀਕ'। ਭਗਵੰਤ ਨੇ ਬਹੁਤ ਖ਼ੁਸ਼ੀ ਮਨਾਈ। ਹਾਂ, ਇਸ ਤੋਂ ਪਹਿਲਾਂ ਅਸੀਂ ਮਿੰਨੀ ਕਹਾਣੀਆਂ ਲੈ ਕੇ 'ਨਵਾਂ ਜ਼ਮਾਨਾ' ਬਲਬੀਰ ਪਰਵਾਨਾ ਨੂੰ ਦੇਣ ਗਏ ਸੀ, ਜਿਸਨੇ ਸਾਨੂੰ ਕਹਾਣੀਆਂ ਸਮੇਤ ਬੇਰੰਗ ਲਿਫ਼ਾਫੇ ਵਾਂਗ ਵਾਪਸ ਭੇਜ ਦਿੱਤਾ ਸੀ, ਕੁਝ ਨਸੀਹਤਾਂ ਦੇ ਕੇ।

ਵਾਹ ਉਏ ਸਮਿਆਂ!

? ਕਾਲੀ! ਦਲਿਤ ਹੋਣ 'ਤੇ ਦਲਿਤ ਚੇਤਨਾ ਦੀ ਲਹਿਰ ਦੇ ਉਭਾਰ ਨੇ ਤੈਨੂੰ ਤੇ ਹੋਰ ਲੇਖਕਾਂ ਨੂੰ ਪਛਾਣ ਵੀ ਦਿੱਤੀ। ਪਰ ਨਾਲ ਹੀ ਤੁਹਾਡਾ ਦਾਇਰਾ ਤੰਗ ਵੀ ਕਰ ਦਿੱਤਾ। ਤੂੰ ਇਸ ਸੰਦਰਭ ਨੂੰ ਕਿਵੇਂ ਲੈਂਦਾ ਹੈਂ।

– ਬਿਲਕੁਲ, ਤੁਹਾਡਾ ਅਨੁਭਵ, ਤੁਹਾਡਾ ਜੀਵਨ ਪਸਾਰ ਤੁਹਾਨੂੰ ਬਹੁਤ ਕੁਝ ਦਿੰਦਾ ਹੈ। ਦਲਿਤ ਪਰਿਵਾਰ 'ਚ ਜਨਮਿਆ ਹੋਣ ਕਰਕੇ ਜੋ ਅਹਿਸਾਸ ਮੇਰੇ ਹਨ, ਕਿਸੇ ਗ਼ੈਰ ਦਲਿਤ ਦੇ ਨਹੀਂ ਹੋ ਸਕਦੇ। ਉਹ ਮੇਰੇ ਤੋਂ ਵੱਧ ਸੰਵੇਦਨਸ਼ੀਲ ਹੋ ਸਕਦਾ ਹੈ, ਪਰ ਕਿਤੇ ਨਾ ਕਿਤੇ ਟਪਲਾ ਖਾ ਜਾਵੇਗਾ। ਪਿਛਲੇ ਦਿਨੀਂ ਰੂਪਾ ਬਾਜਵਾ ਦਾ ਨਾਵਲ 'ਸਾੜ੍ਹੀ ਸ਼ਾਪ' ਪੜ੍ਹ ਰਿਹਾ ਸੀ। ਉਸ ਵਿੱਚ ਵਿਆਹੀ ਚੱਲੀ ਕੁੜੀ ਆਪਣੇ ਟਰੰਕ ਵਿੱਚ ਪੁਰਾਣੇ ਕੱਪੜੇ ਸੰਭਾਲਦੀ ਹੈ। ਇਹ ਗੱਲ ਕੋਈ ਔਰਤ ਹੀ ਕਰ/ਸਮਝ ਸਕਦੀ ਸੀ। ਅੱਜ ਤੱਕ ਕਿਸੇ ਮਰਦ ਲੇਖਕ ਨੂੰ ਇਹ ਅਹਿਸਾਸ ਹੋਇਆ ਹੋਵੇ, ਮੇਰੀ ਨਜ਼ਰ 'ਚ ਨਹੀਂ ਆਇਆ।

ਦਲਿਤ-ਲਹਿਰ ਦੇ ਉਭਾਰ ਨੇ ਸਾਡੇ ਦਿਮਾਗ ਦੀਆਂ ਖਿੜਕੀਆਂ ਖੋਲ੍ਹੀਆਂ। ਅਸੀਂ ਆਪਣੀ ਪਛਾਣ ਲੱਭਣ ਲੱਗੇ। ਖ਼ਾਸਕਰ ਮੇਰੇ ਹਮ ਉਮਰ ਦਲਿਤ ਲੇਖਕਾਂ ਨੂੰ ਇਸ ਚੇਤਨਾ ਨੇ ਧੁਰ ਤੱਕ ਝੰਜੋੜ ਕੇ ਰੱਖ ਦਿੱਤਾ ਸੀ। ਮੈਂ ਤਾਂ ਸਿਆਸੀ ਤੌਰ 'ਤੇ ਵੀ ਬਹੁਤ ਸਰਗਰਮ ਹੋ ਗਿਆ ਸੀ, ਜਿਸ ਕਾਰਨ ਮੇਰੇ ਇਲਾਕੇ ਦੇ ਕਾਂਗਰਸੀ ਮੰਤਰੀ ਨੇ ਮੈਨੂੰ ਤੇ ਮੇਰੇ ਛੋਟੇ ਭਰਾ ਨੂੰ ਬਿਨਾਂ ਕਿਸੇ ਕਾਰਨ ਦਿਵਾਲੀ ਦੀ ਇਕ ਰਾਤ ਪੁਲਸ ਚੌਕੀ ਵੀ ਕਟਾਈ ਸੀ। ਹਾਂ, ਇਹ ਗੱਲ ਵੀ ਸੱਚ ਹੈ ਕਿ ਇਸ ਲਹਿਰ ਨੇ ਸਾਨੂੰ ਗੌਲਣਯੋਗ ਜਗ੍ਹਾ ਦਿੱਤੀ। ਪੰਜਾਬੀ ਸਾਹਿਤ ਵਿੱਚ ਵੀ ਉਹ ਸਮਾਂ ਆਇਆ, ਜਦੋਂ ਹਰ ਸਮਾਗਮ ਵਿੱਚ, ਹਰ ਮੈਗਜ਼ੀਨ ਵਿੱਚ ਜਾਂ ਹਰ ਪੇਪਰ ਵਿੱਚ ਦਲਿਤ ਸਾਹਿਤ/ਦਲਿਤ ਮਨੁੱਖ ਦੀ ਗੱਲ ਹੋਣ ਲੱਗੀ ਸੀ। ਇਸ ਨਾਲ ਸਾਡੀ ਪਛਾਣ ਗੂੜ੍ਹੀ ਹੋਈ।

ਦਾਇਰੇ ਤੰਗ ਵਾਲੀ ਗੱਲ ਨਾਲ ਮੈਂ ਸਹਿਮਤ ਨਹੀਂ, ਸਗੋਂ ਮੈਂ ਤਾਂ ਸਮਝਦਾ ਹਾਂ ਕਿ ਦਾਇਰਾ ਮੋਕਲਾ ਹੋਇਆ। ਅਸੀਂ ਬਹੁਤ ਕੁਝ ਤੋਂ ਮੁਕਤ ਹੋ ਗਏ। ਕਈ ਲੇਖਕਾਂ ਦੇ ਕੰਪਲੈਕਸ ਟੁੱਟ ਗਏ। ਉਹਨਾਂ ਦਾ ਵਿਜ਼ਨ ਵੀ ਵਧਿਆ ਤੇ ਕੌਨਫੀਡੈਂਸ ਵੀ। ਇਹ ਲੇਖਕ 'ਮਰੂੰ-ਮਰੂੰ' ਕਰਦੇ ਸਨ, ਫਿਰ ਹਿੱਕ ਤਾਣ ਕੇ ਤੁਰਨ ਲੱਗੇ। ਮੈਂ ਪੂਰੇ ਫ਼ਖ਼ਰ ਨਾਲ 'ਪੰਚਮ' ਦੀ ਸੰਪਾਦਨਾ ਸ਼ੁਰੂ ਕੀਤੀ। ਉਸ ਸਮੇਂ ਜਿਹੜੇ ਅਸੀਂ ਸਵਾਲ ਛੇੜੇ ਸਨ, ਕਾਮਰੇਡਾਂ ਨੂੰ ਬਹੁਤ ਚੁੱਭੇ ਸਨ। ਖ਼ਾਸ ਕਰ ਹਰਭਜਨ ਹੁੰਦਲ ਤੇ ਰਘਬੀਰ ਸਿੰਘ ਸਿਰਜਣਾ ਦੇ ਪਰਚਿਆਂ ਦੀਆਂ ਉਸ ਸਮੇਂ ਦੀਆਂ ਸੰਪਾਦਕੀਆਂ ਪੜ੍ਹ ਲਵੋ। ਤੁਲਨਾਤਮਕ ਅਧਿਐਨ ਲਈ 'ਪੰਚਮ' ਦੀਆਂ ਸੰਪਾਦਕੀਆਂ ਵੀ ਪੜ੍ਹ ਲੈਣਾ। ਹੁਣ ਕਾਫ਼ੀ ਸਮੇਂ ਬਾਅਦ ਆ ਕੇ ਕੁਝ



ਕੁ ਕਾਮਰੇਡਾਂ ਨੇ ਸਮਾਜ/ਸਾਹਿਤ ਨੂੰ ਸਮੁੱਚ ਵਿੱਚ ਸਮਝਣ ਦਾ ਯਤਨ ਕੀਤਾ ਹੈ।

ਪ੍ਰਮਾਤਮਾ ਭਲੀ ਕਰੇ!

? ਕਾਲੀ! ਤੇਰੇ ਸਮਕਾਲੀ ਤੈਨੂੰ ਕਿਵੇਂ ਲੈਂਦੇ ਹਨ? ਇਹ ਬੜਾ ਨਾਜ਼ੁਕ ਪ੍ਰਸ਼ਨ ਹੈ, ਕਿਉਂਕਿ ਜੱਟ ਤੇ ਸਵਰਨ ਕਹਾਣੀਕਾਰ ਅਕਸਰ ਤੁਹਾਨੂੰ ਹਾਸ਼ੀਏ ਵਾਂਗ ਲੈਂਦੇ ਰਹੇ ਹਨ।

– ਤੁਹਾਡੇ ਸਵਾਲ ਦਾ ਦੂਸਰਾ ਅੱਧ ਅਜਿਹੀ ਸੱਚਾਈ ਹੈ, ਜਿਸਨੂੰ ਕਹਿਣ ਕਰਕੇ ਮਨਿੰਦਰ ਕਾਂਗ (ਆਲੋਚਕ ਵੀ ਤੇ ਕਹਾਣੀਕਾਰ ਵੀ) ਅਕਸਰ ਮਾਰ ਖਾਂਦਾ ਰਿਹਾ ਹੈ। ਪਰ ਹੈ ਇਹ ਸੱਚਾਈ। ਸਾਹਿਤ ਵਿੱਚ ਹੀ ਨਹੀਂ, ਨਿੱਜੀ ਤੌਰ 'ਤੇ ਵੀ ਕੁਝ ਸਾਹਿਤਕਾਰਾਂ ਦੇ ਤ੍ਰਿਸਕਾਰ ਦਾ ਭਾਗੀ ਮੈਂ ਖ਼ੁਦ ਬਣਿਆ ਹਾਂ। ਦੇਸ਼ ਭਗਤ ਯਾਦਗਾਰ ਹਾਲ 'ਚ ਨੌਕਰੀ ਕਰਦੇ ਸਮੇਂ, ਇਕ ਮਹਾਨ ਸਾਹਿਤਕਾਰ ਨੇ ਮੇਰੀ ਜ਼ਾਤ ਦਾ ਨਾਂ ਦੇ ਕੇ ਬਾਬਾ ਬਿਲਗਾ ਜੀ ਕੋਲ ਮੈਨੂੰ ਗਾਲ੍ਹਾਂ ਕੱਢੀਆਂ ਸਨ। ਮੈਨੂੰ ਬਹੁਤ ਕੁਝ ਬਾਰੇ ਸੁਚੇਤ ਕਰਦੇ ਸਮੇਂ ਬਾਬਾ ਜੀ ਦੀਆਂ ਅੱਖਾਂ 'ਚੋਂ ਪਾਣੀ ਦੀਆਂ ਘਰਾਲਾਂ ਵਗਦੀਆਂ ਰਹੀਆਂ ਸਨ। ਮੈਂ ਵੀ ਰੋਂਦਾ ਰਿਹਾ ਸੀ। ਇਸ ਘਟਨਾ ਦਾ ਚਸ਼ਮਦੀਦ ਗਵਾਹ ਕਾਮਰੇਡ ਚੂਹੜ ਸਿੰਘ ਅੱਜਕੱਲ ਵੀ ਦੇਸ਼ ਭਗਤ ਯਾਦਗਾਰ ਹਾਲ 'ਚ ਕੇਅਰ ਟੇਕਰ ਹੈ।

ਖ਼ੈਰ, ਮੇਰੇ ਸਮਕਾਲੀ ਮੈਨੂੰ ਬਹੁਤ ਮੁਹੱਬਤ ਕਰਦੇ ਹਨ। ਸੁਖਜੀਤ ਮੇਰੇ ਦੁੱਖਾਂ ਦਾ ਦਾਰੂ ਹੈ, ਜਸਵੀਰ ਰਾਣਾ, ਜਤਿੰਦਰ ਹਾਂਸ, ਮੇਰੀਆਂ ਬਾਹਾਂ ਵਾਂਗ ਨੇ, ਤਲਵਿੰਦਰ ਸਿੰਘ ਮੇਰਾ ਦਿਲ ਗੁਰਦਾ ਹੈ, ਜਿੰਦਰ ਨੂੰ ਵੱਡੇ ਭਾਜੀ ਕਹਿੰਦਾ ਹਾਂ, ਗੁਰਮੀਤ ਕੜਿਆਲਵੀ ਮੇਰਾ ਦਲਿਤ ਭਰਾ ਹੈ, ਮਦਨ ਵੀਰਾ ਮੇਰੇ ਬਿਨਾਂ ਸਾਹ ਨਹੀਂ ਲੈਂਦਾ, ਗੁਰਪ੍ਰੀਤ ਕਹਿੰਦੈ ਜਦੋਂ ਮੈਂ ਕਾਲੀ ਨੂੰ ਟੈਲੀਫੋਨ ਕਰਦਾਂ ਅੱਗੋਂ ਵੀ ਖ਼ੁਦ ਹੀ ਬੋਲ ਰਿਹਾ ਹੁੰਦਾ, ਅਨੇਕ ਵੀ ਮੇਰੇ ਅੰਦਰੋਂ ਅਕਸਰ ਬੋਲਦਾ ਹੈ, ਮੱਖਣ ਮਾਨ ਮੇਰੇ ਸੁੱਖ 'ਚ ਸ਼ਰੀਕ ਕਦੇ ਹੋਇਆ ਕਿ ਨਹੀਂ ਮੈਨੂੰ ਪਤਾ ਨਹੀਂ, ਪਰ ਦੁੱਖ 'ਚ ਸ਼ਰੀਕ ਉਹ ਹਰ ਵਾਰ ਹੁੰਦਾ ਹੈ। ਭਗਵੰਤ ਰਸੂਲਪੁਰੀ ਤੇ ਬਿੰਦਰ ਬਸਰਾ ਮੇਰੇ ਮੌਰੀਂ ਬੈਠੇ ਰਾਹੂ ਕੇਤੂ ਨੇ। ਪ੍ਰੇਮ ਪ੍ਰਕਾਸ਼ ਹੁਰਾਂ ਦਾ ਦੇਣ ਮੈਂ ਸਾਰੀ ਉਮਰ ਨਹੀਂ ਦੇ ਸਕਦਾ। ਡਾ. ਪਾਲ ਕੌਰ, ਡਾ. ਵਨੀਤਾ, ਡਾ. ਜਸਵਿੰਦਰ ਬਿੰਦਰਾ, ਸੁਖਵਿੰਦਰ ਅੰਮ੍ਰਿਤ, ਭੁਪਿੰਦਰ ਕੌਰ ਪ੍ਰੀਤ ਸਾਰੇ ਲੇਖਕ ਮੇਰੇ ਅੰਗ-ਸੰਗ ਰਹਿੰਦੇ ਹਨ। ਡਾ. ਜਗਤਾਰ ਦੇ ਘਰੇ ਮੈਂ ਛੋਟੇ ਬੱਚੇ ਜਾਂ ਆਜ਼ਾਦ ਚਿੜੀ ਵਾਂਗ ਕਦੇ ਵੀ ਜਾ ਸਕਦਾ ਹਾਂ। ਸੁਰਜੀਤ ਪਾਤਰ, ਜਸਵੰਤ ਦੀਦ, ਮੋਹਨਜੀਤ, ਡਾਕਟਰ ਸਰਬਜੀਤ, ਪ੍ਰੋ. ਗੁਰਭਜਨ ਗਿੱਲ, ਮੋਹਨ ਭੰਡਾਰੀ, ਭੂਸ਼ਣ ਧਿਆਨਪੁਰੀ, ਸੁਖਵੰਤ ਕੌਰ ਮਾਨ, ਕਾਨਾ ਸਿੰਘ, ਸਾਰੇ ਲੋਕ ਮੈਨੂੰ ਮੁਹੱਬਤ ਕਰਦੇ ਹਨ। ਡਾ. ਜਸਵਿੰਦਰ ਸਿੰਘ ਤੇ ਡਾ. ਧਨਵੰਤ ਕੌਰ ਦੀ ਜੋੜੀ ਮੇਰੇ ਪ੍ਰੇਰਨਾ ਸਰੋਤ ਹਨ।

ਪਰ ਏਨਾ ਹੀ ਨਹੀਂ ਹੈ, ਬਹੁਤ ਲੋਕ ਮੈਨੂੰ ਕੈੜੀਆਂ ਨਜ਼ਰਾਂ ਨਾਲ ਵੇਖਦੇ ਹਨ। ਮੈਨੂੰ ਉਹ ਉਪਰਲਿਆਂ ਨਾਲੋਂ ਵੱਧ ਪਿਆਰੇ ਬਿਲਕੁਲ ਨਹੀਂ। ਉਹਨਾਂ ਦਾ ਮੈਂ ਚੈਲੇਂਜ ਕਬੂਲਦਾ ਹਾਂ। ਨਾਲੇ ਤੁਸੀਂ ਕਿਹੜਾ ਮੈਨੂੰ ਪਿਆਰ ਕਰਦੇ ਹੋ?

ਚਲੋਂ, ਸਭ ਦਾ ਭਲਾ ਹੋਵੇ!

? ਕਾਲੀ! ਤੇਰੀ ਕਹਾਣੀ ਵਿਚ ਜਦੋਂ ਅਸਤਿਤਵੀ ਝਲਕਾਰੇ ਆਉਂਦੇ ਹਨ, ਤਾਂ ਚੰਗੀ ਰਚਨਾ ਮਿਲਦੀ ਹੈ। ਪਰ ਜਦੋਂ ਤੂੰ ਵੇਲਾ ਵਿਹਾ ਚੁੱਕੀ ਐਬਸਰਡ ਸ਼ੈਲੀ ਨੂੰ ਆਪਣਾ ਲੈਂਦਾ ਹੈ, ਤਾਂ ਕਹਾਣੀ ਰੁੱਸ ਜਾਂਦੀ ਹੈ। ਕੁਝ ਏਸ ਆਪਣੀ ਕਮਜ਼ੋਰੀ ਬਾਰੇ ਦੱਸ?

– ਤੁਹਾਡਾ ਇਹ ਵਿਚਾਰ ਮੇਰੀ 'ਫ਼ਕੀਰੀ' ਕਹਾਣੀ ਤੋਂ ਪਹਿਲੀਆਂ ਕਹਾਣੀਆਂ ਬਾਰੇ ਕਿਹਾ ਜਾ ਸਕਦਾ ਹੈ। ਉਹਨਾਂ ਵਿੱਚ ਸ਼ੈਲੀ ਐਬਸਰਡ ਹੋ ਸਕਦੀ ਹੈ, ਪਰੰਤੂ ਕਹਾਣੀ ਨਹੀਂ ਰੁੱਸਦੀ। ਦਰਅਸਲ ਤੁਸੀਂ ਮੇਰੀ ਕਹਾਣੀ 'ਚੀਕ' ਵਿਚੋਂ ਮੇਰੀ ਅਲਗ ਸ਼ੈਲੀ ਦੀ ਪਹਿਚਾਣ ਦੇਖ ਸਕਦੇ ਹੋ। ਫਿਰ ਇਹ ਸ਼ੈਲੀ ਪੂਰੇ ਸਸ਼ਕਤ ਅੰਦਾਜ਼ ਵਿੱਚ ਮੇਰੀਆਂ ਕਹਾਣੀਆਂ 'ਚ ਸਫ਼ਰ ਕਰਦੀ ਹੈ। ਇਹ ਐਬਸਰਡ ਨਾਲੋਂ ਅਸਤਿਤਵੀ ਝਲਕਾਰਿਆਂ ਵਾਲੀ ਵੱਧ ਹੈ। ਸਾਡੇ ਬਜ਼ੁਰਗ ਕਹਾਣੀਕਾਰ ਪ੍ਰੇਮ ਪ੍ਰਕਾਸ਼ ਕਈ ਵਾਰ ਇਹ ਗੱਲ ਕਰਦੇ ਹਨ ਕਿ ਨਵਿਆਂ ਵਿਚੋਂ ਕਾਲੀ ਇਕ ਸ਼ੈਲੀਕਾਰ ਬਣ ਰਿਹਾ ਹੈ। ਇਹ ਗੱਲ

ਉਹਨਾਂ ਕਿਤੇ ਲਿਖੀ ਨਹੀਂ, ਪਰੰਤੂ ਮੇਰੇ ਸਮੇਤ ਬਹੁਤ ਸਾਰੇ ਲੇਖਕਾਂ ਕੋਲ ਕੀਤੀ ਜ਼ਰੂਰ ਹੈ। ਉਹ ਬਹੁਤ ਸੂਖ਼ਮ ਦ੍ਰਿਸ਼ਟੀ ਵਾਲਾ ਕਲਮਕਾਰ/ਸੰਪਾਦਕ ਹੈ।

'ਫ਼ਕੀਰੀ' ਕਹਾਣੀ ਤੋਂ ਬਾਅਦ ਮੇਰੀ ਕਹਾਣੀ ਇਕ ਮੋੜ ਕੱਟਦੀ ਹੈ। ਇਹ ਤੇਜ਼ ਰਫ਼ਤਾਰ ਥੋੜ੍ਹੀ ਧੀਮੀਂ ਕਰਦੀ ਹੈ। ਸਟੀਕ ਚੱਲਣ ਦੀ ਥਾਂ ਨੇੜੇ-ਤੇੜੇ ਦੀ ਥਾਹ ਪਾਉਣ ਲੱਗਦੀ ਹੈ। ਪਰੰਤੂ ਆਪਣੀ ਸ਼ੈਲੀ ਬਰਕਰਾਰ ਰੱਖਦੀ ਹੈ। ਇਸੇ ਦੌਰਾਨ ਮੇਰੀ ਕਹਾਣੀ ਅਕਾਰ ਪੱਖੋਂ ਵੀ ਲੰਮੀ ਹੋਣ ਲੱਗਦੀ ਹੈ। ਇਸਦੇ ਬਹੁਤ ਸਾਰੇ ਪੱਖ ਹਨ, ਜਿਨ੍ਹਾਂ ਬਾਰੇ ਗੱਲ ਕੀਤੀ ਜਾ ਸਕਦੀ ਹੈ। ਪਰੰਤੂ ਇਹ ਮੋੜ ਯੱਕਦਮ ਨਹੀਂ ਹੈ, ਇਸਦੀ ਕਨਸੋਅ ਮੇਰੀ ਪਹਿਲੀ ਲੰਮੀ ਕਹਾਣੀ 'ਬਾਰਹਿ ਬਾਟ' ਵਿੱਚ ਵੀ ਮਿਲ ਜਾਂਦੀ ਹੈ।

ਇਕ ਗੱਲ, ਜਿਹੜੀ ਤੁਹਾਡੇ ਸਵਾਲ ਵਿੱਚ ਲੁਕੀ ਹੋਈ ਹੈ, ਉਹਦੇ ਨਾਲ ਮੈਂ ਸਹਿਮਤ ਹਾਂ ਕਿ ਆਮ ਪਾਠਕ ਨੂੰ ਮੇਰੀ ਕਹਾਣੀ ਪਰੇਸ਼ਾਨ ਕਰਦੀ ਹੈ। ਹੁਣ ਕਿਹੜਾ ਸੈਂਕੜੇ ਕਿੱਸਿਆਂ ਤੇ ਭਾਰਤੀ ਫਲਸਫ਼ੇ ਦਾ ਅਧਿਐਨ 'ਚੋਂ ਜਨਮ ਲੈਂਦੇ ਫਿਕਰਿਆਂ ਦੀ ਥਾਹ ਪਾਵੇਗਾ। ਇਹ ਗੱਲ ਮੈਂ ਹੰਕਾਰ ਨਾਲ ਨਹੀਂ, ਮਾਣ ਨਾਲ ਕਹਿ ਰਿਹਾਂ।

ਮੈਂ ਅਮੂਰਤ 'ਚੋਂ ਮੂਰਤ ਸਿਰਜਦਾ ਹਾਂ, ਮੂਰਤ 'ਚੋਂ ਨਕਸ਼ ਨਹੀਂ ਘੜਦਾ!

? ਕਾਲੀ! ਇਸ ਵੇਲੇ ਕਹਾਣੀ ਕਿਸੇ ਹੱਦ ਤੱਕ ਮੁਕਤ ਵਿਚਰ ਰਹੀ ਹੈ। ਅਣਦਿੱਸਦੇ ਪ੍ਰਭਾਵ ਤਾਂ ਬਥੇਰੇ ਹਨ। ਇਸਦੇ ਬਾਵਜੂਦ ਹੁਣ ਨਾ ਤਾਂ ਕੋਈ ਪ੍ਰਗਤੀਵਾਦ ਦਾ ਦਬਾਅ ਹੈ, ਨਾ ਕਿਸੇ ਪ੍ਰਯੋਗ, ਕਿਸੇ ਨਵ-ਪ੍ਰਗਤੀਵਾਦ, ਨਕਸਲੀ ਜਾਂ ਖਾੜਕੂ ਲਹਿਰ ਦਾ ਕੋਈ ਰੌਲਾ ਹੈ। ਕੀ ਇਸ ਦੌਰ ਵਿਚ ਕੋਈ ਮਾਅਰਕੇ ਦੀ ਰਚਨਾ ਹੋਏਗੀ, ਜਾਂ ਕਿ ਸਿਰਫ਼ ਲਿਖਣ ਦਾ ਹੀ ਅਭਿਆਸ ਹੋਇਆ ਕਰੇਗਾ? ਤੂੰ ਇਸ ਦੌਰ ਨੂੰ ਕਿਵੇਂ ਲੈਂਦਾ ਹੈਂ?

– ਤੁਹਾਡਾ ਇਹ ਸਵਾਲ ਬਹੁਤ ਗਹਿਰਾ ਹੈ। ਇਥੇ ਮੈਂ ਵਿਸ਼ਵ ਦੇ ਮਹਾਨ ਚਿੰਤਕ ਵਾਲਟਰ ਬੈਂਜਾਮਿਨ ਦੇ ਚਿੰਤਨ ਦੀ ਗੱਲ ਕਰਨੀ ਚਾਹੁੰਦਾ ਹਾਂ। ਉਹਨਾਂ ਪੂੰਜੀਵਾਦੀ ਸੰਸਕ੍ਰਿਤੀ ਬਾਰੇ ਕਮਾਲ ਦੀ ਗੱਲ ਕੀਤੀ ਹੈ। ਉਹ ਲਿਖਦੇ ਨੇ, "ਕੋਈ ਚਿਹਰਾ ਏਨਾ ਅਤਿ ਯਥਾਰਥਵਾਦੀ ਨਹੀਂ ਹੋ ਸਕਦਾ, ਜਿੰਨਾ ਕਿ ਇਕ ਸ਼ਹਿਰ ਦਾ ਚਿਹਰਾ।" ਇਹ ਵਿਚਾਰ ਸਮਝਣ ਵਾਲਾ ਹੈ। ਸਾਡੇ ਸਾਹਿਤਕਾਰ ਜੋ ਬਹੁਤ ਖ਼ਾਮੋਸ਼ ਹੋ ਗਏ ਨਜ਼ਰ ਆ ਰਹੇ ਹਨ, ਤਾਂ ਇਸਦਾ ਕਾਰਨ ਇਹ ਚਿਹਰਾ ਨਾ ਪੜ੍ਹ ਹੋਣਾ ਹੈ। ਬੈਂਜਾਮਿਨ ਸ਼ਹਿਰਾਂ ਨੂੰ ਸਮਝ ਰਹੇ ਹਨ। ਸ਼ਹਿਰੀ ਜਟਲਤਾ ਬੈਂਜਾਮਿਨ ਲਈ ਆਧੁਨਿਕਤਾ ਦਾ ਸਾਰ ਤੱਤ ਸੀ। ਉਹਨਾਂ ਦਾ ਮੰਨਣਾ ਸੀ ਕਿ ਸਮਾਜਿਕ ਸਮਰਾਜਤਾ ਆਪਣੇ ਸਭ ਤੋਂ ਸੂਖ਼ਮ ਰੂਪ ਵਿੱਚ ਮਹਾਂਨਗਰਾਂ ਵਿੱਚ ਅਭਿਵਿਅਕਤ ਹੁੰਦੀ ਹੈ। ਬੈਂਜਾਮਿਨ ਲਿਖਦੇ ਹਨ, "ਇਕ ਸ਼ਹਿਰ ਨੂੰ ਆਪਣੇ ਅਸੰਖ ਚਿਹਰਿਆਂ 'ਚ ਪੜ੍ਹਿਆ ਜਾਣਾ ਚਾਹੀਦਾ ਹੈ। ਸ਼ਹਿਰ ਇਕ ਇਕਾਈ ਹੈ, ਜਿਸਦੇ ਅੰਦਰ ਹੋਰ ਛੋਟੀਆਂ-ਛੋਟੀਆਂ ਇਕਾਈਆਂ ਹਨ। ਹਜ਼ਾਰਾਂ ਅੱਖਾਂ 'ਤੇ ਹਜ਼ਾਰਾਂ ਵਸਤਾਂ 'ਚ ਸ਼ਹਿਰ ਵਿਖਾਈ ਦਿੰਦਾ ਹੈ। ਇਹ ਦ੍ਰਿਸ਼-ਪਰਪੰਚ ਹੈ। ਸ਼ਹਿਰਾਂ ਦੀਆਂ ਭੌਤਿਕ ਆਕ੍ਰਿਤੀਆਂ ਦੇ ਅੰਦਰ ਮਾਨਸਿਕ ਅਵਸਥਾਵਾਂ ਅਬੁੱਝ ਪਹੇਲੀਆਂ ਹਨ, ਰੋਜ਼ਮਰਾ ਦਾ ਘਸਿਆ ਪਿਟਿਆ ਜੀਵਨ ਇਕ ਸਮੁੱਚੇ ਯੁੱਗ ਦੀ ਮਾਈਕ੍ਰੋ-ਸ਼ੋਸ਼ਾਇਲੋਜ਼ੀ ਨੂੰ ਘੜਦਾ ਹੈ।"

ਕੁਝ, ਉਪਰੋਕਤ ਵਿਚਾਰਾਂ ਵਿਚੋਂ ਹੀ ਤੁਸੀਂ ਮੇਰੀ ਕਹਾਣੀ ਦੀ ਜੜ੍ਹ ਲੱਭ ਸਕਦੇ ਹੋ ਤੇ ਇਸਦੇ ਅਮੂਰਤ ਰੂਪ ਨੂੰ ਪਛਾਣ ਸਕਦੇ ਹੋ। ਮੈਂ ਸ਼ਹਿਰ ਦਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਸਮੇਂ ਦੀ ਨਬਜ਼ ਪਹਿਚਾਨਣ 'ਚ ਪਹਿਲ ਕਰ ਸਕਦਾ ਹਾਂ, ਕਿਉਂਕਿ ਮੈਂ ਪੱਤਰਕਾਰ ਹਾਂ। ਹਰ ਨਵਾਂ ਚਿੰਤਨ, ਨਵਾਂ ਵਰਤਾਰਾ ਮੇਰੇ ਨਾਲ ਖਹਿ ਕੇ ਲੰਘਦਾ ਹੈ। ਅੱਜਕੱਲ੍ਹ ਮੈਂ ਮਲਟੀ ਨੈਸ਼ਨਲ ਸੰਸਕ੍ਰਿਤੀ 'ਚ ਵਿਚਰ ਰਿਹਾ ਹਾਂ। ਮੇਰੇ ਤੋਂ ਨੇੜਿਓਂ ਇਸ ਯਥਾਰਥ ਨੂੰ ਕੌਣ ਸਮਝ ਸਕਦਾ ਹੈ, ਮੈਂ ਇਸ ਬਾਰੇ ਨਾਵਲ 'ਅੰਤਹੀਣ' ਲਿਖਿਆ ਹੈ। ਕੁਝ ਟੁਕੜੇ ਉਸਦੇ ਪ੍ਰਕਾਸ਼ਿਤ ਹੋਏ ਹਨ। ਸਮੁੱਚਾ ਨਾਵਲ ਵੀ ਜਲਦੀ ਹੀ ਛਪ ਜਾਵੇਗਾ।

ਪੰਜਾਬੀ ਕਹਾਣੀ ਦੇ ਨਵੇਂ ਚਿਹਰੇ ਨਵੇਂ ਵਾਪਰ ਰਹੇ ਨੂੰ, ਨਵੇਂ ਚਿੰਤਨ ਨੂੰ ਪਕੜ ਰਹੇ ਹਨ!



ਇਹਨਾਂ ਦਾ ਭਲਾ ਹੋਵੇ!

? ਕਾਲੀ! ਕਥਾਕਾਰੀ ਦੌਰਾਨ ਕਥਾਕਾਰ ਕਦੀ ਸਥਿਰ ਨਹੀਂ ਰਹਿੰਦਾ। ਸ਼ਾਇਦ ਇਸੇ ਲਈ ਲਿਖਦੇ-ਲਿਖਦੇ ਰਚਨਾ ਦਾ ਸਰੂਪ ਹੋਰ-ਹੋਰ ਹੁੰਦਾ ਰਹਿੰਦਾ ਹੈ। ਬਦਲਦਾ ਰਹਿੰਦਾ ਹੈ। ਪੂਰੀ, ਸੰਪਨ ਹੋਣ ਤੱਕ ਰਚਨਾ ਲੇਖਕ ਦੇ ਮਨੋ-ਚਿਤਵੀ ਹੂਬਹੂ ਉਹੀ ਰਚਨਾ ਨਹੀਂ ਰਹਿੰਦੀ। ਇਸ ਮਾਨਸਿਕ ਮਾਇਆ ਜਾਲ ਨੂੰ 'ਲੇਖਕ ਕਾਲੀ' ਕਿਵੇਂ ਲੈਂਦਾ ਹੈ?

– ਮੈਂ ਤਾਂ ਅਕਸਰ ਇਹ ਗੱਲ ਕਹਿੰਦਾ ਹਾਂ ਕਿ ਜਦੋਂ ਲੇਖਕ ਪਾਤਰਾਂ ਨੂੰ ਨੱਥ ਪਾ ਕੇ ਚੱਲਦਾ ਹੈ ਤਾਂ ਕਹਾਣੀ ਆਪਣੇ ਅਰਥ ਗੁਆ ਬੈਠਦੀ ਹੈ। ਉਹ ਸਾਹਿਤ, ਸਾਹਿਤ ਨਾ ਹੋ ਕੇ, ਤੁਹਾਡੇ ਆਸ਼ੇ ਮੁਤਾਬਿਕ ਢਲੀ ਹੋਈ ਕੋਈ ਹੋਰ ਹੀ ਵਸਤ ਹੁੰਦਾ ਹੈ। ਕਈ ਲਹਿਰਾਂ ਨੇ ਇਉਂ ਸਾਹਿਤ ਦਾ ਗਲਾ ਵੀ ਘੁੱਟਿਆ। ਵੈਸੇ ਵੀ ਪਾਤਰ ਕਦੇ ਸਾਹਿਤਕਾਰ ਦੇ ਕਹਿਣੇ 'ਚ ਨਹੀਂ ਹੁੰਦੇ। ਹਾਂ, ਇਹ ਬਹੁਤ ਹੀ ਸੂਖ਼ਮ ਗੱਲ ਹੈ ਕਿ ਪਾਤਰਾਂ ਦੇ ਵਿਹਾਰ 'ਚੋਂ ਸਾਹਿਤਕਤਾ ਵਰਗਾ ਚੁਗਣਾ ਵੀ ਲੇਖਕ ਦੇ ਹੱਥ 'ਚ ਹੀ ਹੁੰਦਾ ਹੈ।

ਤੁਹਾਡਾ ਇਹ ਸਵਾਲ ਬਹੁਤ ਸੂਖ਼ਮ ਹੈ, ਕਿਉਂਕਿ ਇਕ ਸਿਰਜਣਹਾਰ ਦੇ ਰੂਪ 'ਚ ਤੁਸੀਂ ਇਹ ਮਹਿਸੂਸ ਕੀਤਾ ਹੈ। ਇਥੇ ਇਕ ਗੱਲ ਮੈਂ ਕਰਨੀ ਚਾਹੁੰਦਾ ਹਾਂ ਕਿ ਪਾਤਰਾਂ ਦਾ ਜਾਂ ਰਚਨਾ ਦਾ ਆਪਮੁਹਾਰਾਪਨ ਜੇਕਰ ਤਾਂ ਸਹਿਜ ਪ੍ਰਕ੍ਰਿਆ ਹੈ ਤਾਂ ਕਮਾਲ ਦੀ ਗੱਲ ਹੈ। ਪਰੰਤੂ ਜੇਕਰ ਕਿਸੇ ਬਾਹਰੀ ਡਰ, ਕਿਸੇ ਅਦਿੱਖ ਭੈਅ ਜਾਂ ਦਬਾਅ ਕਾਰਨ ਹੈ ਤਾਂ ਇਹ ਰਚਨਾ ਵਧੀਆ ਨਹੀਂ ਹੋ ਸਕੇਗੀ।

ਆਪਣੇ ਬਾਰੇ ਮੈਂ ਕਹਿੰਦਾ ਹਾਂ ਕਿ ਮੇਰੇ ਪਾਤਰ ਮੇਰਾ ਕਹਿਣਾ ਬਿਲਕੁਲ ਨਹੀਂ ਮੰਨਦੇ। ਠੀਕ ਉਸੇ ਤਰ੍ਹਾਂ, ਜਿਵੇਂ ਮੈਂ ਅੱਜ ਤੱਕ ਆਪਣੇ ਘਰਦਿਆਂ ਦਾ ਕਹਿਣਾ ਨਹੀਂ ਮੰਨਿਆ।

ਤੁਸੀਂ ਵੀ ਨਹੀਂ ਮੰਨਿਆ ਕਦੇ, ਲੱਗਦੈ?

? ਤੇਰੀ ਕਹਾਣੀ ਵਿਚ ਬਾਰ-ਬਾਰ ਇਕ ਕਾਮ ਦਾ ਭੁੱਖਾ ਬੁੱਢਾ, ਇਕ ਪਤਨੀ ਤੇ ਇਕ ਮਾਂ, ਇਕ ਸੱਸ ਆਉਂਦੇ ਹਨ? ਕੀ ਤੈਨੂੰ ਇਹਨਾਂ ਪਾਤਰਾਂ ਨਾਲ ਮੋਹ ਹੈ?

– ਜਿਹਨਾਂ ਪਾਤਰਾਂ ਦੀ ਤੁਸੀਂ ਗੱਲ ਕੀਤੀ ਹੈ, ਇਹ ਪਾਤਰ ਮੇਰੇ ਬਹੁਤ ਨੇੜਲੇ ਹਨ। ਪਰੰਤੂ ਜਿੰਨੇ ਇਹ ਮੇਰੇ ਨੇੜੇ ਹਨ, ਓਨੀ ਹੀ ਦੂਰ ਹਨ। ਇਹ ਬਹੁਤ ਹੀ ਭੇਦ-ਭਰੇ ਨੇ। ਮੈਂ ਇਹਨਾਂ ਦਾ ਬਹੁਤ ਬਰੀਕੀ ਨਾਲ ਅਧਿਐਨ ਕੀਤਾ ਹੈ। ਇਹਨਾਂ ਦੀ ਮਾਨਸਿਕਤਾ ਨੂੰ, ਸਮਾਜਿਕਤਾ ਨੂੰ ਸਮਝਣ ਦਾ ਯਤਨ ਕੀਤਾ ਹੈ। ਪਰੰਤੂ ਹਰ ਸਾਹ ਨਾਲ ਇਹ ਅਜਿਹਾ ਅਨੁਭਵ ਦੇ ਜਾਣਗੇ ਕਿ ਇਕ ਹੋਰ ਨਵੀਂ ਰਚਨਾ ਜਨਮ ਲੈ ਲਵੇਗੀ।

ਬੁੱਢਾ ਪਾਤਰ ਜੋ ਹੈ, ਉਹ ਸਿਰਫ਼ ਕਾਮ ਦਾ ਹੀ ਭੁੱਖਾ ਨਹੀਂ ਹੈ। ਉਹ ਬਹੁਤ ਰਹੱਸਮਈ ਹੈ। ਉਹ ਆਪਣੀਆਂ ਨੂੰਹਾਂ ਵੱਲ ਮੂੰਹ ਕਰਕੇ ਮੂਤਦਾ ਹੈ। ਕਾਮ ਦੀ ਭੁੱਖ ਕਰਕੇ ਨਹੀਂ, ਨੂੰਹਾਂ ਨੂੰ ਕਸ਼ਟ ਦੇਣ ਕਰਕੇ। ਅਜੀਬ ਮਾਨਸਿਕਤਾ ਹੈ। ਫਿਰ ਉਸ ਬੁੱਢੇ ਨੇ ਕਬੂਤਰ ਰੱਖੇ ਹੋਏ ਨੇ, ਉਸਦੇ ਕਬੂਤਰ ਦਾ ਬੱਚਾ ਮਰ ਜਾਂਦਾ ਹੈ। ਉਹ ਕਹਿੰਦਾ ਹੈ ਕਿ ਮੇਰਾ ਪੁੱਤ ਮਰ ਜਾਂਦਾ, ਪਰ ਕਬੂਤਰ ਦਾ ਬੱਚਾ ਨਾ ਮਰਦਾ। ਹੁਣ ਤੁਸੀਂ ਉਸਨੂੰ ਕਿਵੇਂ ਸਮਝ ਸਕਦੇ ਹੋ?

ਸੱਸ ਤੇ ਮਾਂ ਦਾ ਪਾਤਰ ਸ਼ਾਇਦ ਮੇਰੀ ਆਪਣੀ ਮਾਂ ਹੀ ਹੈ। ਮੇਰੀ ਮਾਂ ਮੇਰੇ ਵਾਸਤੇ ਅੱਜ ਤੱਕ ਰਹੱਸ ਬਣੀ ਹੋਈ ਹੈ। ਉਸਦੀ ਕੋਈ ਗੱਲ ਮੈਨੂੰ ਗਹਿਰਾਈ ਤੱਕ ਸਮਝ ਨਹੀਂ ਆਈ। ਹਰ ਗੱਲ 'ਚ ਕੋਈ ਨਾ ਕੋਈ ਭੇਤ ਬਣਿਆ ਹੀ ਰਿਹਾ ਹੈ। ਇਹੀ ਭੇਤ/ਰਹੱਸ ਉਸ ਪਾਤਰ ਤੋਂ ਮੈਨੂੰ ਮੁਕਤ ਨਹੀਂ ਹੋਣ ਦਿੰਦਾ। ਉਸਦੀ ਮੌਤ ਵੀ ਮੇਰੇ ਲਈ ਬਹੁਤ ਵੱਡਾ ਰਹੱਸ ਸੀ। ਮੌਤ ਤੋਂ ਪੰਜ ਦਿਨ ਪਹਿਲਾਂ ਉਸਨੇ ਸਭ ਕੁਝ ਖਾਣਾ-ਪੀਣਾ ਛੱਡ ਦਿੱਤਾ ਸੀ। ਫਿਰ ਆਖ਼ਰੀ ਬਾਰ ਜਦੋਂ ਮੈਂ ਉਸਨੂੰ ਬਾਹਾਂ 'ਚ ਉਲਾਰ ਕੇ ਐਬੂਲੈਂਸ 'ਚੋਂ ਲਾਹਿਆ ਸੀ, ਅੱਧਮਰੀ ਨੇ ਉਸਨੇ ਮੈਨੂੰ ਕਿਹਾ ਸੀ, "ਪੁੱਤ ਮੈਨੂੰ ਬਚਾ ਲੈ.....!" ਬਹੁਤ ਸਾਰੇ ਰਹੱਸ ਨੇ। ਲੱਗਦੈ ਸਾਰੀ ਉਮਰ ਇਹਨਾਂ ਪਾਤਰਾਂ ਨੇ ਮੇਰਾ ਪਿੱਛਾ ਨਹੀਂ ਛੱਡਣਾ। ਸੁਪਨਿਆਂ 'ਚ ਵੀ ਮੇਰੇ ਨਾਲ ਹੀ ਰਹਿੰਦੇ ਨੇ।

ਇਕ ਪਤਨੀ, ਜੋ ਪਾਤਰ ਲਗਾਤਾਰ ਮੇਰੇ ਨਾਲ ਹੈ, ਉਹ ਵੀ ਭੇਤ ਭਰਿਆ ਪਾਤਰ ਹੈ। ਪਤਾ ਨਹੀਂ ਕਿਉਂ ਮੈਨੂੰ ਅਜਿਹੇ ਰਹੱਸਮਈ ਪਾਤਰ ਕਿਥੋਂ ਮਿਲ ਜਾਂਦੇ ਹਨ। ਅਜੀਬ ਹਰਕਤਾਂ ਕਰਦੇ ਹਨ। ਅਜੀਬ ਵਿਹਾਰ ਹੈ, ਉਹਨਾਂ ਦਾ। ਇਹਨਾਂ ਦਾ ਅਜਨਬੀਪਨ ਹੀ ਮੇਰੀ ਕਹਾਣੀ ਨੂੰ ਰੂਪ ਦਿੰਦਾ ਹੈ। ਇਸੇ ਕਰਕੇ ਮੇਰੀ ਕਹਾਣੀ ਕਈ ਵਾਰ ਭੇਤਭਰੀ ਜਿਹੀ ਨਜ਼ਰ ਆਉਂਦੀ ਹੈ। ਹੁਣ ਚੰਗਾ ਭਲਾ ਜਰਸੀਆਂ ਵੇਚਣ ਵਾਲਾ ਕਵਿਤਾ ਵਰਗਾ ਹੋਕਾ ਦੇਵੇਗਾ। ਤਰਾਂ ਵੇਚਣ ਵਾਲਾ ਗਾਏਗਾ—

ਲੈਲਾ ਕੀ ਉਂਗਲੀਆਂ ਲੇ ਲੋ,
ਮਜਨੂੰ ਕੀ ਪਸਲੀਆਂ ਲੇ ਲੋ!

ਪਰ, ਇਹਨਾਂ ਭੇਤ ਭਰੇ ਪਾਤਰਾਂ ਕਰਕੇ ਹੀ ਮੇਰਾ ਸਾਹਿਤ ਨਿਵੇਕਲਾ ਹੋਵੇਗਾ। ਤੇ ਇਸ ਵਿਚੋਂ ਬਹੁਤ ਕੁਝ ਅਣਕਿਹਾ ਵੀ ਹੋਵੇਗਾ, ਜੋ ਕਿਸੇ ਸਾਹਿਤ ਦੀ ਸਦੀਵਤਾ ਦੀ ਗਵਾਹੀ ਹੁੰਦਾ ਹੈ।

? ਕਾਲੀ! ਤੇਰੀ ਕਥਾਕਾਰੀ ਅਕਸਰ ਦ੍ਰਿਸ਼-ਚਿੱਤਰਨ ਤੇ ਫੇਰ ਭਰਮ ਪੈਦਾ ਕਰਨ ਦੀ ਆਤਮ-ਮਾਇਆ ਵਿਚ ਵੀ ਲੀਨ ਦਿੱਸਦੀ ਹੈ। ਮਸਲਨ ਕਹਾਣੀਆਂ—ਬੇੜੀਆਂ, ਟੁਕੜੇ-ਟੁਕੜੇ ਕਹਾਣੀ, ਇਸੇ ਸੰਦਰਭ ਵਿਚ ਆਤਮ-ਮਾਇਆ ਨੂੰ ਰੂਪਮਾਨ ਕਰਦੀ 'ਭੈਰਵੀ' ਕਹਾਣੀ ਹੈ? ਕੀ ਤੈਨੂੰ ਲਗਦਾ ਹੈ ਕਿ ਅਜਿਹੀ ਕਹਾਣੀ ਨਾਲ ਤੂੰ ਪੰਜਾਬੀ-ਪਾਠਕਾਂ ਨਾਲ ਇਕਸੁਰ ਹੋਇਆ ਹੈਂ? ਕਿਉਂਕਿ ਮੇਰੀ ਜਾਚੇ ਬਹੁਤੇ ਪੰਜਾਬੀ ਪਾਠਕ ਅਜੇ ਵੀ ਭਾਈ ਵੀਰ ਸਿੰਘ, ਨਾਨਕ ਸਿੰਘ ਜਾਂ ਸੁਜਾਨ ਸਿੰਘ ਦੇ ਆਦਰਸ਼ਕ ਖਾਸੇ ਤੋਂ ਉਪਰ ਨਹੀਂ ਉੱਠੇ।

– ਜਿਹਨਾਂ ਕਹਾਣੀਆਂ ਦੇ ਤੁਸੀਂ ਹਵਾਲੇ ਦਿੱਤੇ ਹਨ, ਇਸਤੋਂ ਪਹਿਲੇ ਸਵਾਲ ਵਿੱਚ ਉਹੀ ਕਹਾਣੀਆਂ ਪਿਛੋਕੜ 'ਚ ਕਾਰਜਸ਼ੀਲ ਹਨ। ਇਹ ਸਾਰੇ ਪਾਤਰ ਉਹਨਾਂ ਕਹਾਣੀਆਂ 'ਚ ਕਾਫ਼ੀ ਗੂੜ੍ਹੇ ਹਨ। ਮੈਂ ਸਮਝਦਾ ਹਾਂ ਕਿ ਤੁਹਾਡੇ ਇਸ ਸਵਾਲ ਦੇ ਅੱਧ ਦਾ ਜਵਾਬ ਤਾਂ ਉਪਰਲੇ ਜਵਾਬ ਵਿੱਚੋਂ ਹੀ ਮਿਲ ਜਾਵੇਗਾ। ਦੂਸਰੇ ਅੱਧ ਦੀ ਗੱਲ ਕਰ ਲੈਂਦੇ ਹਾਂ।

ਤੁਹਾਡੀ ਗੱਲ ਬਿਲਕੁਲ ਦਰੁਸਤ ਹੈ ਕਿ ਪਾਠਕ ਨੂੰ ਲਕੀਰੀ ਬਿਰਤਾਂਤ ਜ਼ਿਆਦਾ ਭਾਉਂਦਾ ਹੈ। ਪਾਠਕ ਨੂੰ ਹੀ ਨਹੀਂ, ਆਲੋਚਕ ਨੂੰ ਵੀ ਤੇ ਮੇਰੀ ਜਾਚੇ ਲੇਖਕ ਨੂੰ ਵੀ। ਜਦੋਂ ਤੁਸੀਂ ਲੀਹ ਪਾੜ ਕੇ ਤੁਰਦੇ ਹੋ, ਤਾਂ ਖ਼ਤਰਾ ਜ਼ਿਆਦਾ ਹੁੰਦਾ ਹੈ। ਇਸ ਵਿੱਚ ਦੋ ਗੱਲਾਂ ਹੋ ਸਕਦੀਆਂ ਹਨ। ਜਾਂ ਤਾਂ ਤੁਸੀਂ ਹਿੱਟ ਹੋ ਸਕਦੇ ਹੋ ਤੇ ਜਾਂ ਫਿਰ ਮੂੰਹ ਭਾਰ ਡਿੱਗ ਸਕਦੇ ਹੋ। ਮੈਂ ਇਹ ਰਿਸਕ ਲਿਆ ਹੈ। ਹਿੱਟ ਅਜੇ ਨਹੀਂ ਹੋਇਆ, ਪਰ ਮੂੰਹ ਭਾਰ ਮੈਂ ਡਿੱਗਦਾ ਨਹੀਂ, ਕਿਉਂਕਿ ਮੇਰੇ ਪੈਰਾਂ ਦੀ ਜ਼ਮੀਨ ਨਾਲ ਬੜੀ ਪੀਡੀ ਪਕੜ ਹੈ।

ਫਿਰ ਵੀ ਪਾਠਕ ਦੀ ਗੇੜ ਹੌਲ਼ੀ-ਹੌਲ਼ੀ ਜ਼ਰੂਰ ਟੁੱਟੇਗੀ ਅਤੇ ਉਹ ਨਵੇਂ ਨੂੰ ਪਸੰਦ ਕਰੇਗਾ/ਸਮਝੇਗਾ। ਮੈਨੂੰ ਪੁਰਾਣੇ ਪਾਠਕਾਂ ਦੇ ਮੁਕਾਬਲੇ ਨਵੇਂ ਪਾਠਕ ਵੱਧ ਪਸੰਦ ਕਰ ਰਹੇ ਹਨ। ਮੇਰੇ ਪਾਤਰਾਂ ਦੇ ਭੇਤ ਉਹਨਾਂ ਦੀ ਪਕੜ 'ਚ ਆ ਜਾਂਦੇ ਹਨ। ਹੌਲ਼ੀ-ਹੌਲ਼ੀ ਪਾਠਕ ਪੁਰਾਣੇ ਤੋਂ ਉੱਪਰ ਉੱਠ ਰਿਹਾ ਹੈ। ਹਰ ਥਾਂ ਨਵੇਂਪਨ ਨੂੰ ਖ਼ੁਸ਼ਆਮਦੀਦ ਕਿਹਾ ਜਾ ਰਿਹਾ ਹੈ।

? ਕਾਲੀ! ਤੂੰ ਦਲਿਤ-ਲਹਿਰ ਦੇ ਨਾਲ ਐਲਾਨੀਆ ਜੁੜਿਆ ਹੈਂ। ਪਰ ਤੇਰੀ ਕਥਾਕਾਰੀ ਦਲਿਤ ਨਹੀਂ ਹੈ। ਵਧੇਰੇ ਕਰਕੇ ਤੂੰ ਆਤਮਕ ਤੇ ਮਿੱਥਕ ਪ੍ਰਤੀਮਾਨ ਚਿੱਤਰ ਰਿਹਾ ਹੈਂ? ਇਸ ਪ੍ਰਤੀਧੁਨੀ ਦੀ ਗੂੰਜ ਮੈਨੂੰ ਤੇਰੀ ਕਥਾਕਾਰੀ ਵਿਚੋਂ ਬੜੀ ਵਾਰ ਸੁਣਾਈ ਦਿੱਤੀ ਹੈ। ਇਸਦੇ ਵਿਸਥਾਰ ਵਿਚ ਜਾ ਕੇ ਕੁਝ ਦੱਸ?

– ਤੁਹਾਡਾ ਇਹ ਸਵਾਲ ਬਹੁਤ ਹੀ ਮੁੱਲਵਾਨ ਹੈ। ਇਹਦੇ ਵੀ ਦੋ ਪਹਿਲੂ ਹਨ। ਪਹਿਲੇ ਬਾਰੇ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੇਰੀ ਇਕ ਕਹਾਣੀ 'ਜ਼ਖ਼ਮਾਂ ਦੇ ਰਸਤਿਓਂ' ਤੇ ਦੂਜੀ 'ਭੈਰਵੀ' ਵਿੱਚ ਦਲਿਤ ਸਵਾਲ ਬਾਰੇ ਗੱਲ ਹੋਈ ਹੈ। ਇਹਨਾਂ ਦੋਵੇਂ ਕਹਾਣੀਆਂ ਵਿੱਚ ਦਲਿਤ-ਹੋਂਦ, ਦਲਿਤ-ਪਛਾਣ, ਦਲਿਤ-ਦਮਨ, ਦਲਿਤ-ਚਿੰਤਨ, ਨਾਲ ਜੁੜੇ ਬਹੁਤ ਸਾਰੇ ਸਵਾਲ ਖੰਗਾਲੇ ਗਏ



ਹਨ। ਬਾਕੀ ਕਥਾਕਾਰੀ ਆਤਮਕ ਤੇ ਮਿੱਥਕ ਪ੍ਰਤੀਮਾਨ ਚਿਤਰਦੀ ਹੈ।

ਦਲਿਤ-ਲਹਿਰ ਨਾਲ ਐਲਾਨੀਆਂ ਜੁੜਨ ਦਾ ਕਾਰਨ ਮੇਰਾ ਸਮਾਜਿਕ ਬਰਾਬਰੀ ਲਈ ਲੜਾਈ ਹੈ। ਮੈਂ ਇਸ ਨਾ-ਬਰਾਬਰੀ ਦਾ ਦੁੱਖ ਜਰਿਆ ਹੈ। ਮੈਂ ਆਪਣੇ ਲੋਕਾਂ ਨੂੰ ਉਹਨਾਂ ਦੀ ਹੋਂਦ ਦਾ ਅਹਿਸਾਸ ਕਰਵਾਉਣਾ ਚਾਹੁੰਦਾ ਹਾਂ। ਮੈਂ ਬਹੁਤ ਆਰਥਿਤ ਤੰਗੀ ਝੱਲਦਿਆਂ ਵੀ 'ਪੰਚਮ' ਵਰਗੀ ਦਲਿਤ-ਚਿੰਤਨ ਨੂੰ ਸਮਰਪਿਤ ਮੈਗਜ਼ੀਨ ਕੱਢੀ। ਮੈਂ ਫਿਲਾਸਫ਼ੀ ਤੇ ਸਮਾਜ ਸ਼ਾਸਤਰ ਦੇ ਵਿਸ਼ਿਆਂ ਦਾ ਗਹਿਰਾਈ ਨਾਲ ਅਧਿਐਨ ਕੀਤਾ। ਇਸਨੇ ਮੇਰੀ ਪ੍ਰਤਿਭਾ ਨੂੰ ਵੀ ਨਿਖਾਰਿਆ ਤੇ ਮੇਰੀਆਂ ਸਾਹਿਤਕ ਕਿਰਤ ਨੂੰ ਵੀ ਅਮੀਰ ਬਣਾਇਆ।

ਹੁਣ ਮੇਰਾ ਨਾਵਲ 'ਪਰਨੇਸ਼ਵਰੀ' ਜੋ 'ਸ਼ਬਦ' ਨੇ ਆਪਣੇ 'ਦਲਿਤ-ਸਾਹਿਤ ਵਿਸ਼ੇਸ਼ ਅੰਕ' ਵਿਚ ਪ੍ਰਕਾਸ਼ਿਤ ਕੀਤਾ ਹੈ, ਉਹ ਦਲਿਤ ਜੀਵਨ ਨਾਲ ਹੀ ਜੁੜਿਆ ਹੋਇਆ ਹੈ। ਇਸ ਨਾਵਲ ਰਾਹੀਂ ਮੈਂ ਉਹਨਾਂ ਬਹੁਤ ਸਾਰੇ ਸਵਾਲਾਂ ਨੂੰ ਉਠਾਇਆ ਹੈ, ਜਿਨ੍ਹਾਂ ਬਾਰੇ ਮੈਂ ਪੰਚਮ 'ਚ ਗੱਲ ਛੇੜਦਾ ਸੀ। ਪੰਜਾਬੀ ਪਾਠਕਾਂ/ਆਲੋਚਕਾਂ ਵੱਲੋਂ ਇਸ ਨਾਵਲ ਨੂੰ ਬਹੁਤ ਭਰਪੂਰ ਹੁੰਗਾਰਾ ਮਿਲਿਆ ਹੈ।

ਰਹੀ ਗੱਲ ਮੇਰੀਆਂ ਕਹਾਣੀਆਂ ਵਿੱਚ ਆਤਮਕ ਤੇ ਮਿੱਥਕ ਰੂਪਮਾਨਾਂ ਦੀ, ਮੈਂ ਭਾਰਤੀ ਦਰਸ਼ਨ ਨੂੰ ਬਹੁਤ ਗਹਿਰਾਈ ਨਾਲ ਪੜ੍ਹਿਆ/ਜਾਣਿਆ ਹੈ, ਮੈਂ ਸਮਝਦਾ ਹਾਂ ਕਿ ਭਾਰਤੀ ਸਮਾਜ ਨੂੰ ਤੁਸੀਂ ਉਦੋਂ ਤੱਕ ਨਹੀਂ ਸਮਝ ਸਕਦੇ ਜਦੋਂ ਤੱਕ ਇਥੋਂ ਦੇ ਦਰਸ਼ਨ ਦੀਆਂ ਪਰੰਪਰਾਵਾਂ ਤੁਹਾਡੀ ਪਕੜ 'ਚ ਨਹੀਂ ਆਉਂਦੀਆਂ। ਮਿੱਥ ਭਾਰਤੀ ਮਾਨਸਿਕਤਾ ਨੂੰ ਸਮਝਣ/ਪਕੜਨ ਲਈ ਬਹੁਤ ਕਾਰਗਰ ਹਥਿਆਰ ਹੈ। ਮੈਂ ਇਸਦੇ ਹਵਾਲੇ ਨਾਲ ਕਹਾਣੀ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਇਸਨੇ ਮੇਰੇ ਸਾਹਿਤ ਨੂੰ ਸ਼ਕਤੀ ਦਿੱਤੀ ਹੈ ਤੇ ਪਾਤਰਾਂ ਦੀ ਮਾਨਸਿਕ ਗਹਿਰਾਈ 'ਚ ਉਤਰਨ ਦਾ ਰਸਤਾ ਵੀ ਦਿੱਤਾ ਹੈ। ਮੇਰੇ ਪਾਤਰ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹੀ ਲੱਭਣਗੇ। ਖੋਖਲੀਆਂ ਜੜ੍ਹਾਂ ਵਾਲੇ ਪਾਤਰ ਮੇਰੀਆਂ ਕਹਾਣੀਆਂ 'ਚ ਦਾਖਲਾ ਨਹੀਂ ਲੈ ਸਕਦੇ। ਤੁਸੀਂ ਸ਼ਾਇਦ ਖ਼ੁਦ ਵੀ ਮਹਿਸੂਸ ਕੀਤਾ ਹੋਵੇ।

ਤਾਂ ਹੀ ਤਾਂ ਅੱਜ ਕੱਲ੍ਹ ਮੇਰੇ ਅੰਦਰ ਅਸ਼ਵਥਾਮਾ ਹਿਣਕਦਾ ਹੈ!